# Indian Freedom Struggle I/ Indian Freedom Struggle II

DHIS204/DHIS205

LOVELY PROFESSIONAL UNIVERSITY

# ਭਾਰਤੀ ਸੁਤੰਤਰਤਾ ਸੰਗਰਾਮ

## INDIAN FREEDOM STRUGGLE-I

## INDIAN FREEDOM STRUGGLE-II

Copyright © 2012
All rights reserved with publishers

Produced & Printed by
**USI PUBLICATIONS**
2/31, Nehru Enclave, Kalkaji Extn.,
New Delhi-110019
for
Lovely Professional University
Phagwara

# ਪਾਠਕ੍ਰਮ (SYLLABUS)

# ਭਾਰਤੀ ਸੁਤੰਤਰਤਾ ਸੰਗਰਾਮ

## INDIAN STRUGGLE FOR FREEDOM

**ਉਦੇਸ਼:**

ਵਿਦਿਆਰਥੀਆਂ ਨੂੰ ਇਸ ਦੇ ਯੋਗ ਕਰਣ ਲਈ

1. ਵਿਦਿਆਰਥੀਆਂ ਨੂੰ ਸੁਤੰਤਰਤਾ ਸੰਗਰਾਮ ਦੇ ਵਿਭਿੰਨ ਚਰਣਾਂ ਨਾਲ ਜਾਣੂ ਕਰਵਾਓਣਾ
2. ਓਨਾਂ ਨੂੰ ਬ੍ਰਿਟਿਸ਼ ਸਰਕਾਰ ਦੀਆਂ ਵਿਭਿੰਨ ਨੀਤੀਆਂ ਅਤੇ ਰਣਨੀਤੀਆਂ ਬਾਰੇ ਸਮਝਾਓਣਾ
3. ਵਿਦਿਆਰਥੀਆਂ ਨੂੰ ਆਜ਼ਾਦੀ ਦੇ ਸ਼ਹੀਦਾਂ ਦੇ ਬਲਿਦਾਨਾਂ ਬਾਰੇ ਜਾਣੂ ਕਰਵਾਓਣਾ

**Objectives:**

To enable the learners to

1. To introduce students with different phases of freedom struggle
2. To make them understand the policies and strategies of British Government
3. To acquaint students with the sacrifices of our freedom martyrs

### INDIAN FREEDOM STRUGGLE -I

| Sr. No. | Topics |
|---|---|
| **1.** | British Expansion: Carnatic wars, Anglo Mysore wars, Anglo Maratha wars |
| **2.** | Political Establishment: Battle of Plassey, Battle of Buxar, Reforms of Lord Clive |
| **3.** | Consolidation of the British Raj: Development of Central structure, Changes in Economic Policy and Educational Policy |
| **4.** | Constitutional Development: Regulating Act 1773 and Pitt's India Act 1784 |
| **5.** | Implementation of Imperial Policies: Reforms of Cornwallis, Reforms of William Bentinck |
| **6.** | Age of Reforms: Reforms of Lord Dalhousie |
| **7.** | Reformist Movements: Brahmo Samaj and Singh Sabha Movement |
| **8.** | Revivalist Movements: Arya Samaj |
| **9.** | The First Major Challenge 1857: Causes of revolt, Events, Causes for the failure, Aftermath |
| **10.** | Maps: Important Centers of the Revolt of 1857 & India before independence |

## INDIAN FREEDOM STRUGGLE -II

| Sr. No. | Topics |
|---|---|
| 1. | Establishment of Indian National Congress: Factors responsible for its foundation, Theories of its origin, Moderates and Extremists |
| 2. | Home Rule League: Role of Lokmanya Tilak and Annie Besant, its fallout |
| 3. | Non Cooperation Movement: Circumstances leading to the movement, Events, Impact |
| 4. | Civil Disobedience Movement: Circumstances leading to the movement, Events |
| 5. | Peasant Movements: Peasant Movements' in first half of $20^{th}$ Century, Peasant Movement in 30s and 40s |
| 6. | Quit India Movement: Circumstances leading to the movement, Important Events |
| 7. | Indian independence and partition: Loyalists' Crisis, Congress and Partition |
| 8. | Nehru's vision of society: Socialist society, State controlled industrialization, Agrarian reforms |
| 9. | Border conflict with China: Chinese aggression, 1962 Chinese attack |
| 10. | Maps:  India in 1947 & States and capitals |

# ਵਿਸ਼ਾ-ਵਸਤੂ (Contents)


1. ਬ੍ਰਿਟਿਸ਼ ਵਿਸਤਾਰ (British Expansion) ........................................ 1-24
2. ਬ੍ਰਿਟਿਸ਼ ਰਾਜ ਦਾ ਸੁਦ੍ਰਿੜੀਕਰਣ (1818-1843) ਅਤੇ ਕੇਂਦਰੀ ਸੰਰਚਨਾ ਦਾ ਵਿਕਾਸ (1773-1863): Consolidation of British Raj (1818-1843) and Development of Central Structure (1773-1863) ........................................ 25-37
3. ਸਮਾਜਿਕ-ਧਾਰਮਿਕ ਸੁਧਾਰ ਅੰਦੋਲਨ (Socio-Religious Reforms Movement) ........................................ 38-49
4. ਕਾਰਨਵਾਲਿਸ ਦੇ ਸੁਧਾਰ (Reforms of Cornwallis) ........................................ 50-56
5. ਵਿਲੀਅਮ ਬੈਂਟਿੰਕ ਦੇ ਸੁਧਾਰ (Reforms of William Bentick) ........................................ 57-62
6. ਲਾਰਡ ਡਲਹੌਜ਼ੀ ਦੇ ਸੁਧਾਰ (Reforms of Lord Dalhousie) ........................................ 63-73
7. ਪਹਿਲੀ ਮਹੱਤਵਪੂਰਣ ਚੁਨੌਤੀ (The First Major Challenge) ........................................ 74-88
8. ਕਿਸਾਨੀ ਅੰਦੋਲਨ (Peasant Movement) ........................................ 89-111
9. ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ, ਹੋਮਰੂਲ ਆਂਦੋਲਨ, ਨਰਮਪੰਥੀ ਅਤੇ ਗਰਮਪੰਥੀ (Establishment of the Indian National Congress, Home Rule Movement, Moderate and Extremists) ........................................ 112-132
10. ਰਾਸ਼ਟਰੀ ਅੰਦੋਲਨ ਅਤੇ ਭਾਰਤੀ ਸੁਤੰਤਰਤਾ (National Movement and Indian Independence) ........................................ 133-169
11. ਸੁਤੰਤਰਤਾ ਪ੍ਰਾਪਤੀ ਤੋਂ 1964 ਤੱਕ ਦਾ ਭਾਰਤ (India Independent to 1964) ........................................ 170-195
12. ਚੀਨ ਦੇ ਨਾਲ ਸੀਮਾ ਵਿਵਾਦ ਅਤੇ ਚੀਨੀ ਆਕਰਾਮਕਤਾ (Border conflict with China and Chinese Agression) ........................................ 196-203
13. ਮਾਨਚਿੱਤਰ-I (Maps) ........................................ 204-210
14. ਮਾਨਚਿੱਤਰ-II (Maps) ........................................ 211-216

ਨੋਟ

# ਇਕਾਈ-1: ਬ੍ਰਿਟਿਸ਼ ਵਿਸਤਾਰ (British Expansion)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

1.1 ਕਰਨਾਟਕ ਯੁੱਧ (Carnatic War)

1.2 ਬੰਗਾਲ ਵਿੱਚ ਬ੍ਰਿਟਿਸ਼ ਰਾਜ ਦੀ ਜਿੱਤ ਅਤੇ ਪਲਾਸੀ ਦਾ ਯੁੱਧ (Conquest of British Raj in Bengal and Battle of Plassy)

1.3 ਮੀਰ ਜਾਫ਼ਰ ਅਤੇ ਮੀਰ ਕਾਸਿਮ (Mir Jaffer and Mir Qasim)

1.4 ਕਲਾਈਵ ਦਾ ਦੂਜਾ ਸ਼ਾਸਨ ਅਤੇ 1757 ਤੋਂ 1772 ਦੇ ਦੌਰਾਨ ਬੰਗਾਲ ਵਿੱਚ ਅੰਗਰੇਜ਼ (Clive's 2nd Governorship and English in Bengal from 1757-1772)

1.5 ਮੈਸੂਰ ਅਤੇ ਬ੍ਰਿਟਿਸ਼ ਵਿਸਤਾਰ ਦਾ ਇਸ ਵੱਲੋਂ ਵਿਰੋਧ (Mysore and its resistance to the British Expansion)

1.6 ਆਂਗਲ-ਮਰਾਠਾ ਤਿੰਨ ਯੁੱਧ (The three Anglo-Maratha Wars)

1.7 ਸਾਰ ਅੰਸ਼ (Summary)

1.8 ਸ਼ਬਦਕੋਸ਼ (Keywords)

1.9 ਅਭਿਆਸ-ਪ੍ਰਸ਼ਨ (Review Questions)

1.10 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਬ੍ਰਿਟਿਸ਼ ਵਿਸਤਾਰ, ਕਰਨਾਟਕ ਯੁੱਧ ਅਤੇ ਬੰਗਾਲ ਦੀ ਜਿੱਤ ਨੂੰ ਸਮਝਣ ਵਿੱਚ,
- ਪਲਾਸੀ ਦੀ ਲੜਾਈ, ਮੀਰ ਜਾਫ਼ਰ, ਮੀਰ ਕਾਸਿਮ ਅਤੇ ਕਲਾਈਵ ਦੇ ਦੂਜੇ ਸ਼ਾਸਨ ਦੀ ਵਿਆਖਿਆ ਕਰਨ ਵਿੱਚ,
- ਆਂਗਲ-ਮੈਸੂਰ ਅਤੇ ਆਂਗਲ-ਮਰਾਠਾ ਯੁੱਧਾਂ ਦੀ ਵਿਵੇਚਨਾ ਕਰਨ ਵਿੱਚ,

## ਜਾਣਕਾਰੀ (Introduction)

17ਵੀਂ ਅਤੇ 18ਵੀਂ ਸ਼ਤਾਬਦੀਆਂ ਵਿੱਚ ਆਂਗਲ-ਫ੍ਰਾਂਸੀਸੀ ਜਨਮਜਾਤ ਦੁਸ਼ਮਣ ਸਨ ਅਤੇ ਜਿਵੇਂ ਹੀ ਯੂਰੋਪ ਵਿੱਚ ਓਹਨਾਂ ਦਾ ਆਪਸੀ ਯੁੱਧ ਸ਼ੁਰੂ ਹੁੰਦਾ ਹੈ, ਸੰਸਾਰ ਦੇ ਕੋਨੇ ਵਿੱਚ ਜਿੱਥੇ ਇਹ ਦੋ ਕੰਪਨੀਆਂ ਕੰਮ ਕਰਦੀਆਂ ਸਨ, ਆਪਸੀ ਯੁੱਧ ਸ਼ੁਰੂ ਹੋ ਜਾਂਦੇ ਸਨ। ਭਾਰਤ ਵਿੱਚ ਐਂਗਲੋ-ਫ੍ਰੈਂਚ ਯੁੱਧ, ਆਸਟਰੀਆ ਦੇ ਉੱਤਰਾਧਿਕਾਰ ਦੇ ਯੁੱਧ ਨਾਲ਼ ਸ਼ੁਰੂ ਹੋਇਆ। ਉਦੋਂ ਫ੍ਰਾਂਸੀਸੀਆਂ ਦਾ ਮੁੱਖ ਦਫ਼ਤਰ ਪਾਂਡੀਚੇਰੀ ਵਿੱਚ ਸੀ। ਅਤੇ ਮਸੌਲੀਪੱਟਮ, ਕਾਰੀਕਲ, ਮਾਹੀ, ਸੂਰਤ ਅਤੇ ਚੰਦਰਨਗਰ ਵਿੱਚ ਓਹਨਾਂ ਦੇ ਉਪ-ਦਫ਼ਤਰ ਸਨ। ਦੂਜੇ ਪਾਸੇ ਅੰਗਰੇਜਾਂ ਦੀਆਂ ਮੁੱਖ ਬਸਤੀਆਂ ਮਦਰਾਸ, ਬੰਬਈ ਅਤੇ ਕਲਕੱਤਾ ਵਿੱਚ ਸਨ ਅਤੇ ਕਈ ਉਪ-ਦਫ਼ਤਰ ਸਨ।

ਨੋਟ

## 1.1 ਕਰਨਾਟਕ ਯੁੱਧ (Carnatic War)

**ਕਰਨਾਟਕ ਦਾ ਪਹਿਲਾ ਯੁੱਧ (1746-48):** ਇਹ ਯੁੱਧ ਆਸਟਰੀਆ ਦੇ ਉੱਤਰਾਧਿਕਾਰ ਦੇ ਯੁੱਧ ਦਾ ਜੋ 1740 ਵਿੱਚ ਸ਼ੁਰੂ ਹੋਇਆ ਸੀ, ਵਿਸਤਾਰ ਮਾਤਰ ਹੀ ਸੀ। ਗ੍ਰਹਿ ਸਰਕਾਰ ਦੀ ਆਗਿਆ ਦੇ ਵਿਰੁੱਧ ਹੀ ਦੋਨਾਂ ਦਲਾਂ ਵਿੱਚ 1746 ਵਿੱਚ ਯੁੱਧ ਹੋ ਗਿਆ। ਬਾਰਨੈਟ ਦੀ ਅਗਵਾਈ ਵਿੱਚ ਅੰਗਰੇਜੀ ਨੌਸੈਨਾ ਨੇ ਕੁਝ ਫ਼੍ਰਾਂਸੀਸੀ ਜਲ ਪੋਤ ਪਕੜ ਲਏ। ਡੁਪਲੇ ਨੇ ਜੋ 1741 ਵਿੱਚ ਪਾਂਡੀਚੇਰੀ ਦਾ ਫ਼੍ਰੈਂਚ ਗਵਰਨਰ-ਜਨਰਲ ਸੀ, ਮਾਰੀਸ਼ਸ ਸਥਿਤ ਫ਼੍ਰਾਂਸੀਸੀ ਗਵਰਨਰ ਲਾ ਬੂਰਡੋਨੇ (La Bourdonnals) ਤੋਂ ਸਹਾਇਤਾ ਮੰਗੀ।ਲਾ ਬੂਰਡੋਨੇ 3000 ਸੈਨਿਕ ਲੈ ਕੇ ਕੋਰੋਮੰਡਲ ਤਟ (ਮਦਰਾਸ ਦੇ ਪਾਸ ਦਾ ਤਟ) ਵੱਲ ਚੱਲ ਪਿਆ।ਰਸਤੇ ਵਿੱਚ ਉਸਨੇ ਅੰਗਰੇਜੀ ਨੌਸੈਨਾ ਨੂੰ ਹਰਾਇਆ। ਮਦਰਾਸ ਨੂੰ ਜਲ ਅਤੇ ਥਲ ਦੋਹਾਂ ਪਾਸਿਆਂ ਤੋਂ ਫ਼੍ਰਾਂਸੀਸੀਆਂ ਨੇ ਘੇਰ ਲਿਆ। 21 ਸਤੰਬਰ ਨੂੰ ਮਦਰਾਸ ਨੇ ਆਤਮ-ਸਮਰਪਣ ਕਰ ਦਿੱਤਾ। ਯੁੱਧਬੰਦੀਆਂ ਵਿੱਚ ਕਲਾਈਵ ਵੀ ਸੀ। ਲਾ ਬੂਰਡੋਨੇ ਦਾ ਵਿਚਾਰ ਇਸ ਨਗਰ ਤੋਂ ਫ਼ਿਰੋਤੀ ਲੈਣ ਦਾ ਸੀ ਪਰ ਡੁਪਲੇ ਨਹੀਂ ਮੰਨਿਆ। ਲਾ ਬੂਰਡੋਨੇ ਨੇ ਇੱਕ ਚੰਗੀ ਰਾਸ਼ੀ ਦੇ ਬਦਲੇ ਨਗਰ ਵਾਪਿਸ ਕਰ ਦਿੱਤਾ। ਪ੍ਰੰਤੂ ਡੁਪਲੇ ਨੇ ਇਸ ਨੂੰ ਸਵੀਕਾਰ ਨਾ ਕੀਤਾ ਅਤੇ ਨਗਰ ਦੁਬਾਰਾ ਜਿੱਤ ਲਿਆ। ਪ੍ਰੰਤੂ ਉਹ ਫ਼ੋਰਟ ਸੇਂਟ ਡੇਵਿਡ ਜੋ ਪਾਂਡੀਚੇਰੀ ਤੋਂ ਸਿਰਫ਼ 18 ਮੀਲ ਦੱਖਣ ਵਿੱਚ ਸਥਿਤ ਸੀ, ਉਸ ਨੂੰ ਜਿੱਤਣ ਵਿੱਚ ਅਸਫ਼ਲ ਰਿਹਾ। ਦੂਜੇ ਪਾਸੇ ਇੱਕ ਅੰਗਰੇਜੀ ਸਕਵਾਰਡਨ ਨੇ ਰੀਅਰ ਐਡਮਿਰਲ ਬੋਸਕਾਵੇ ਦੀ ਅਗਵਾਈ ਵਿੱਚ ਪਾਂਡੀਚੇਰੀ ਨੂੰ ਘੇਰਣ ਦੀ ਅਸਫ਼ਲ ਕੋਸ਼ਿਸ਼ ਕੀਤੀ।

ਕਰਨਾਟਕ ਦਾ ਪਹਿਲਾ ਯੁੱਧ ਸੇਂਟ ਟੋਮੇ ਦੇ ਯੁੱਧ ਦੇ ਕਾਰਣ ਯਾਦਗਾਰ ਹੈ। ਇਹ ਯੁੱਧ ਫ਼੍ਰਾਂਸੀਸੀ ਸੈਨਾ ਅਤੇ ਕਰਨਾਟਕ ਦੇ ਨਵਾਬ ਅਨਵਰਉੱਦੀਨ (1744-49) ਦੀ ਅਗਵਾਈ ਵਿੱਚ ਭਾਰਤੀ ਸੈਨਾ ਵਿਚਕਾਰ ਹੋਇਆ। ਝਗੜਾ ਫ਼੍ਰਾਂਸੀਸੀਆਂ ਦੁਆਰਾ ਮਦਰਾਸ ਦੀ ਜਿੱਤ ਤੇ ਹੋਇਆ। ਨਵਾਬ ਨੇ ਦੋਹਾਂ ਕੰਪਨੀਆਂ ਨੂੰ ਲੜਦੇ ਹੋਏ ਵੇਖ ਕੇ ਓਹਨਾਂ ਨੂੰ ਆਗਿਆ ਦਿੱਤੀ ਕਿ ਉਹ ਯੁੱਧ ਬੰਦ ਕਰਣ ਅਤੇ ਦੇਸ਼ ਦੀ ਸ਼ਾਂਤੀ ਨੂੰ ਭੰਗ ਨਾ ਕਰਣ। ਡੁਪਲੇ ਨੇ ਮਦਰਾਸ ਨੂੰ ਜਿੱਤ ਕੇ ਨਵਾਬ ਨੂੰ ਦੇਣ ਦਾ ਪ੍ਰਸਤਾਵ ਕੀਤਾ ਸੀ। ਪ੍ਰੰਤੂ ਜਦੋਂ ਡੁਪਲੇ ਨੇ ਆਪਣਾ ਵਚਨ ਪੂਰਾ ਨਹੀਂ ਕੀਤਾ ਤਾਂ ਨਵਾਬ ਨੇ ਆਪਣੀ ਮੰਗ ਸਵੀਕਾਰ ਕਰਾਣ ਦੇ ਉਦੇਸ਼ ਨਾਲ਼ ਆਪਣੀ ਸੈਨਾ ਭੇਜੀ।ਕੈਪਟਨ ਪੈਰਾਡਾਈਜ਼ (Paradise) ਦੇ ਅਧੀਨ ਇੱਕ ਛੋਟੀ ਜਿਹੀ ਫ਼੍ਰਾਂਸੀਸੀ ਸੈਨਾ ਨੇ ਜਿਸ ਵਿੱਚ 230 ਫ਼੍ਰਾਂਸੀਸੀ ਅਤੇ 700 ਭਾਰਤੀ ਸੈਨਿਕ ਸਨ, ਮਹਿਫ਼ੂਜ਼ ਖਾਨ ਦੀ ਅਗਵਾਈ ਵਿੱਚ 10,000 ਭਾਰਤੀ ਸੈਨਾ ਨੂੰ ਅਦਿਆਰ ਨਦੀ ਉੱਤੇ ਸਥਿਤ ਸੇਂਟ ਟੋਮੇ ਦੇ ਸਥਾਨ ਤੇ ਹਰਾ ਦਿੱਤਾ। ਕੈਪਟਨ ਪੈਰਾਡਾਈਜ਼ ਦੀ ਇਸ ਜਿੱਤ ਨੇ ਵਿਦੇਸ਼ੀ ਯੂਰਪੀ ਅਨੁਸ਼ਾਸਿਤ ਸੈਨਾ ਦੀ ਢਿੱਲੀ ਅਤੇ ਅਸੰਗਠਿਤ ਭਾਰਤੀ ਸੈਨਾ ਉੱਤੇ ਸ਼ਰੇਸ਼ਠਤਾ ਨੂੰ ਸਪਸ਼ਟ ਕਰ ਦਿੱਤਾ।

ਯੂਰਪ ਵਿੱਚ ਯੁੱਧ ਬੰਦ ਹੁੰਦੇ ਹੀ ਕਰਨਾਟਕ ਦਾ ਪਹਿਲਾ ਯੁੱਧ ਖ਼ਤਮ ਹੋ ਗਿਆ। ਏ ਲਾ ਸ਼ਾਪਲ ਦੀ ਸੰਧੀ (1748) ਨਾਲ਼ ਆਸਟਰੀਆ ਦੇ ਉੱਤਰਾਧਿਕਾਰ ਦਾ ਯੁੱਧ ਖ਼ਤਮ ਹੋ ਗਿਆ ਅਤੇ ਮਦਰਾਸ ਅੰਗਰੇਜਾਂ ਨੂੰ ਦੁਬਾਰਾ ਮਿਲ ਗਿਆ।

ਯੁੱਧ ਦੇ ਪਹਿਲੇ ਦੌਰ ਵਿੱਚ ਦੋਵੇਂ ਦਲ ਬਰਾਬਰ ਰਹੇ।ਭੂਤਲ ਉੱਤੇ ਫ਼੍ਰਾਂਸੀਸੀ ਸ਼ਰੇਸ਼ਠ ਰਹੇ। ਡੁਪਲੇ ਨੇ ਆਪਣੀ ਅਸਧਾਰਣ ਨਿਪੁੰਨਤਾ ਅਤੇ ਰਾਜਨੀਤੀ ਦਾ ਪ੍ਰਦਰਸ਼ਨ ਕੀਤਾ। ਜਦੋਂ ਕਿ ਅੰਗਰੇਜ ਪਾਂਡੀਚੇਰੀ ਨੂੰ ਨਹੀਂ ਜਿੱਤ ਸਕੇ, ਤਾਂ ਵੀ ਇਸ ਯੁੱਧ ਵਿੱਚ ਨੌਸੈਨਾ ਦਾ ਮਹੱਤਵ ਸਪਸ਼ਟ ਹੋ ਗਿਆ ।

**ਕਰਨਾਟਕ ਦਾ ਦੂਜਾ ਯੁੱਧ (1749-54):** ਕਰਨਾਟਕ ਦੇ ਪਹਿਲੇ ਯੁੱਧ ਨਾਲ਼ ਡੁਪਲੇ ਦੀ ਰਾਜਨੀਤਿਕ ਪਿਆਸ ਜਾਗ ਉੱਠੀ ਅਤੇ ਉਸਨੇ ਫ਼੍ਰਾਂਸੀਸੀ ਰਾਜਨੀਤਿਕ ਪ੍ਰਭਾਵ ਦੇ ਪ੍ਰਸਾਰ ਦੇ ਉਦੇਸ਼ ਨਾਲ਼ ਭਾਰਤੀ ਰਾਜਵੰਸ਼ਾਂ ਦੇ ਆਪਸੀ ਝਗੜਿਆਂ ਵਿੱਚ ਭਾਗ ਲੈਣ ਦੀ ਸੋਚੀ। ਮਾਲੇਸਨ (Malleson) ਨੇ ਇਸ ਸਥਿਤੀ ਦਾ ਵਰਣਨ ਇਸ ਤਰਾਂ ਕੀਤਾ ਹੈ, "ਇੱਛਾਂਵਾਂ ਜਾਗ ਉੱਠੀਆਂ, ਆਪਸੀ ਨਫ਼ਰਤ ਵਧ ਗਈ। ਜਦੋਂ ਵਧਦੇ ਹੋਏ ਪ੍ਰਭਾਵ ਦੀਆਂ ਇੱਛਾਂਵਾਂ ਦਰਵਾਜਾ ਖ਼ੜਕਾ ਰਹੀਆਂ ਸਨ ਤਾਂ ਓਹਨਾਂ ਨੂੰ ਯੂਰਪੀ ਸ਼ਾਂਤੀ ਨਾਲ਼ ਕੀ ਲੈਣਾ-ਦੇਣਾ। ਇਹ ਚੰਗਾ ਮੌਕਾ ਹੈਦਰਾਬਾਦ ਅਤੇ ਕਰਨਾਟਕ ਦੇ ਸਿੰਘਾਸਣਾਂ ਦੇ ਵਿਵਾਦ ਭਰੇ ਉੱਤਰਾਧਿਕਾਰ ਦੇ ਕਾਰਣ ਪ੍ਰਾਪਤ ਹੋਇਆ। "

ਆਸਫ਼ਜਾਹ ਜਿਸਨੇ ਦੱਕਣ ਵਿੱਚ ਲਗਭਗ ਸਵੱਤਾਪੂਰਣ ਰਾਜ ਬਣਾ ਲਿਆ ਸੀ, 21 ਮਈ, 1748 ਨੂੰ ਸਵਰਗ ਸਿਧਾਰ ਗਿਆ। ਉਸਦਾ ਪੁੱਤਰ ਨਾਸਿਰਜੰਗ (1748-50) ਉਸਦਾ ਉੱਤਰਾਧਿਕਾਰੀ ਬਣਿਆ। ਪ੍ਰੰਤੂ ਉਸਦੇ ਭਤੀਜੇ (ਆਸਫ਼ਜਾਹ ਦੇ ਪੋਤੇ) ਮੁਜੱਫ਼ਰਜੰਗ ਨੇ ਦਾਵੇ ਨੂੰ ਚੁਨੌਤੀ ਦਿੱਤੀ। ਦੂਜੇ ਪਾਸੇ ਕਰਨਾਟਕ ਦੇ ਨਵਾਬ ਅਨਵਰੂਦੀਨ ਅਤੇ ਉਸਦੇ ਭਣੋਈਏ ਚੰਦਾ ਸਾਹਿਬ ਦੇ ਵਿੱਚ ਵਿਵਾਦ ਸੀ।ਜਲਦੀ ਹੀ ਇਹ ਦੋਵੇਂ ਵਿਵਾਦ ਇੱਕ ਵੱਡੇ ਵਿਵਾਦ ਵਿੱਚ ਬਦਲ ਗਏ ਅਤੇ ਸਾਨੂੰ ਦਲਾਂ ਦੇ ਬਣਨ ਅਤੇ ਟੁੱਟਣ ਦੀ ਕਿਰਿਆ ਦਾ ਪ੍ਰਦਰਸ਼ਨ ਮਿਲਿਆ।

ਡੁਪਲੇ ਨੇ ਇਸ ਅਨਿਸ਼ਚਿਤ ਹਾਲਤ ਤੋਂ ਰਾਜਨੀਤਿਕ ਲਾਭ ਉਠਾਣ ਦੀ ਸੋਚੀ ਅਤੇ ਮੁਜੱਫ਼ਰਜੰਗ ਨੂੰ ਦੱਕਣ ਦੀ ਸੂਬੇਦਾਰੀ ਅਤੇ ਚੰਦਾ ਸਾਹਿਬ ਨੂੰ ਕਰਨਾਟਕ ਦੀ ਸੂਬੇਦਾਰੀ ਦੇ ਲਈ ਸਮਰਥਨ ਦੇਣ ਦੀ ਗੱਲ ਸੋਚੀ। ਨਤੀਜੇ ਵੱਲੋਂ ਅੰਗਰੇਜਾਂ ਨੂੰ ਨਾਸਿਰਜੰਗ ਅਤੇ ਅਨਵਰੂਦੀਨ ਦਾ ਸਾਥ ਦੇਣਾ ਪਿਆ। ਡੁਪਲੇ ਨੂੰ ਅਦੁੱਤੀ ਸਫ਼ਲਤਾ ਮਿਲੀ। ਮੁਜੱਫ਼ਰਜੰਗ ਚੰਦਾ ਸਾਹਿਬ ਅਤੇ ਫ਼੍ਰਾਂਸੀਸੀ ਸੈਨਾਵਾਂ ਨੇ 1749 ਦੇ ਅਗਸਤ ਮਹੀਨੇ ਵਿੱਚ ਵੇਲੋਰ ਦੇ ਕੋਲ ਅੰਬੂਰ ਦੇ ਸਥਾਨ ਤੇ ਅਨਵਰੂਦੀਨ ਨੂੰ ਹਰਾ ਕੇ ਮਾਰ ਦਿੱਤਾ। ਦਿਸੰਬਰ 1750 ਵਿੱਚ ਨਾਸਿਰਜੰਗ ਵੀ ਇੱਕ ਮੁਕਾਬਲੇ ਵਿੱਚ ਮਾਰਿਆ ਗਿਆ। ਮੁਜੱਫ਼ਰਜੰਗ ਦੱਕਣ ਦਾ ਸੂਬੇਦਾਰ ਬਣ ਗਿਆ ਅਤੇ ਉਸਨੇ ਹਿਤਕਾਰੀਆਂ ਨੂੰ ਬਹੁਤ ਸਾਰੇ ਉਪਹਾਰ ਦਿੱਤੇ। ਡੁਪਲੇ ਨੂੰ ਕ੍ਰਿਸ਼ਨਾ ਨਦੀ ਦੇ ਦੱਖਣੀ ਭਾਗ ਵਿੱਚ ਮੁਗਲ ਪ੍ਰਦੇਸ਼ਾਂ ਦਾ ਗਵਰਨਰ ਨਿਯੁਕਤ ਕੀਤਾ ਗਿਆ।ਉੱਤਰੀ

ਨੋਟ

ਸਰਕਾਰਾਂ ਦੇ ਕੁਝ ਜਿਲੇ ਵੀ ਫ਼੍ਰਾਂਸੀਸੀਆਂ ਨੂੰ ਦੇ ਦਿੱਤੇ ਗਏ। ਇਸ ਤੋਂ ਇਲਾਵਾ ਮੁਜ਼ੱਫ਼ਰਜੰਗ ਦੀ ਬੇਨਤੀ ਉੱਤੇ ਫ਼੍ਰਾਂਸੀਸੀ ਸੈਨਾ ਦੀ ਇੱਕ ਟੁਕੜੀ ਬੁੱਸੀ ਦੀ ਅਗਵਾਈ ਵਿੱਚ ਹੈਦਰਾਬਾਦ ਵਿੱਚ ਤੈਨਾਤ ਕਰ ਦਿੱਤੀ ਗਈ। 1751 ਵਿੱਚ ਚੰਦਾ ਸਾਹਿਬ ਕਰਨਾਟਕ ਦੇ ਨਵਾਬ ਬਣ ਗਏ। ਡੁਪਲੇ ਇਸ ਸਮੇਂ ਆਪਣੀ ਰਾਜਨੀਤਿਕ ਤਾਕਤ ਦੀ ਚਰਮ ਸੀਮਾ ਤੇ ਪਹੁੰਚ ਗਿਆ ਸੀ।

ਫ਼੍ਰਾਂਸੀਸੀਆਂ ਦੇ ਲਈ ਪ੍ਰਤੀਕਰਸ਼ (anti-climax) ਆਓਣ ਵਿੱਚ ਦੇਰ ਨਹੀਂ ਲੱਗੀ। ਮਰਹੂਮ ਅਨਵਰੂਦੀਨ ਦੇ ਪੁੱਤਰ ਮੁਹੰਮਦ ਅਲੀ ਨੇ ਤ੍ਰਿਚਨਾਪੱਲੀ ਵਿੱਚ ਸ਼ਰਣ ਲਈ। ਫ਼੍ਰਾਂਸੀਸੀ ਅਤੇ ਚੰਦਾ ਸਾਹਿਬ ਮਿਲ ਕੇ ਵੀ ਤ੍ਰਿਚਨਾਪੱਲੀ ਦੇ ਦੁਰਗ ਨੂੰ ਨਹੀਂ ਜਿੱਤ ਪਾਏ। ਅੰਗਰੇਜਾਂ ਦੀ ਸਥਿਤੀ ਇਸ ਫ਼੍ਰੈਂਚ ਜਿੱਤ ਨਾਲ ਡਾਂਵਾ-ਡੋਲ ਹੋ ਗਈ ਸੀ। ਕਲਾਈਵ ਨੇ ਜੋ ਤ੍ਰਿਚਨਾਪੱਲੀ ਦੇ ਫ਼੍ਰਾਂਸੀਸੀ ਘੇਰੇ ਨੂੰ ਤੋੜਣ ਵਿੱਚ ਅਸਫ਼ਲ ਰਿਹਾ ਸੀ, ਤ੍ਰਿਚਨਾਪੱਲੀ ਉੱਤੇ ਦਬਾਅ ਘੱਟ ਕਰਣ ਲਈ ਕਰਨਾਟਕ ਦੀ ਰਾਜਧਾਨੀ ਅਰਕਾਟ ਨੂੰ ਸਿਰਫ਼ 210 ਸੈਨਿਕਾਂ ਦੀ ਸਹਾਇਤਾ ਨਾਲ ਜਿੱਤ ਲਿਆ।ਚੰਦਾ ਸਾਹਿਬ ਨੇ 4,000 ਸੈਨਿਕ ਭੇਜੇ ਪ੍ਰੰਤੂ ਅਰਕਾਟ ਨੂੰ ਦੁਬਾਰਾ ਨਹੀਂ ਜਿੱਤ ਸਕੇ ਅਤੇ ਕਲਾਈਵ ਨੇ 53 ਦਿਨਾਂ ਤੱਕ (23 ਸਿਤੰਬਰ ਤੋਂ 14 ਨਵੰਬਰ ਤੱਕ) ਇਸ ਸੈਨਾ ਦਾ ਪ੍ਰਤੀਰੋਧ ਕੀਤਾ। ਫ਼੍ਰਾਂਸੀਸੀਆਂ ਦੀ ਪ੍ਰਤਿਭਾ ਨੂੰ ਇਸ ਨਾਲ਼ ਅਨੰਤ ਹਾਨੀ ਪਹੁੰਚੀ। 1752 ਵਿੱਚ ਸਟ੍ਰਿੰਗਰ ਲਾਰੇਂਸ ਦੀ ਅਗਵਾਈ ਵਿੱਚ ਇੱਕ ਅੰਗਰੇਜੀ ਸੈਨਾ ਨੇ ਤ੍ਰਿਚਨਾਪੱਲੀ ਨੂੰ ਬਚਾ ਲਿਆ ਅਤੇ ਜੂਨ 1752 ਵਿੱਚ ਘੇਰਾ ਪਾਓਣ ਵਾਲੀ ਫ਼੍ਰਾਂਸੀਸੀ ਸੈਨਾ ਨੇ ਅੰਗਰੇਜਾਂ ਦੇ ਅੱਗੇ ਹਥਿਆਰ ਸੁੱਟ ਦਿੱਤੇ।ਚੰਦਾ ਸਾਹਿਬ ਦੀ ਵੀ ਧੋਖੇ ਨਾਲ਼ ਤੰਜੌਰ ਦੇ ਰਾਜਾ ਨੇ ਹੱਤਿਆ ਕਰ ਦਿੱਤੀ।

ਕੀ ਤੁਸੀਂ ਜਾਣਦੇ ਹੋ ਤ੍ਰਿਚਨਾਪੱਲੀ ਵਿੱਚ ਫ਼੍ਰਾਂਸੀਸੀ ਹਾਰ ਨਾਲ਼ ਡੁਪਲੇ ਦੇ ਭਾਗ ਦਾ ਸਰਵਨਾਸ਼ ਹੋ ਗਿਆ।

ਫ਼੍ਰਾਂਸੀਸੀ ਕੰਪਨੀ ਦੇ ਡਾਇਰੈਕਟਰਾਂ ਨੇ ਇਸ ਯੁੱਧ ਵਿੱਚ ਹੋਈ ਧਨ ਦੀ ਹਾਨੀ ਦੇ ਲਈ ਡੁਪਲੇ ਨੂੰ ਵਾਪਿਸ ਬੁਲਾ ਲਿਆ। 1754 ਵਿੱਚ ਗੋਡੇਹੂ (Godeheu) ਨੂੰ ਭਾਰਤ ਵਿੱਚ ਫ਼੍ਰਾਂਸੀਸੀ ਪ੍ਰਦੇਸ਼ਾਂ ਦਾ ਗਵਰਨਰ ਜਨਰਲ ਅਤੇ ਡੁਪਲੇ ਦਾ ਉੱਤਰਾਧਿਕਾਰੀ ਨਿਯੁਕਤ ਕੀਤਾ ਗਿਆ ਅਤੇ 1755 ਵਿੱਚ ਦੋਹਾਂ ਕੰਪਨੀਆਂ ਵਿਚਕਾਰ ਇੱਕ ਅਸਥਾਈ ਸੰਧੀ ਹੋ ਗਈ।

ਇਸ ਪ੍ਰਕਾਰ ਇਸ ਝਗੜੇ ਦਾ ਦੂਜਾ ਦੌਰ ਵੀ ਅਨਿਸ਼ਚਿਤ ਰਿਹਾ। ਭੂ-ਤਲ ਉੱਤੇ ਅੰਗਰੇਜੀ ਸੈਨਾ ਦੀ ਪ੍ਰਧਾਨਤਾ ਸਿੱਧ ਹੋ ਗਈ ਸੀ ਅਤੇ ਓਹਨਾਂ ਦਾ ਉਮੀਦਵਾਰ ਮੁੰਹਮਦ ਅਲੀ ਕਰਨਾਟਕ ਦਾ ਨਵਾਬ ਬਣ ਗਿਆ ਸੀ। ਪ੍ਰੰਤੂ ਹੈਦਰਾਬਾਦ ਵਿੱਚ ਹੁਣ ਵੀ ਫ਼੍ਰਾਂਸੀਸੀ ਸੁਦ੍ਰਿੜ ਅਵਸਥਾ ਵਿੱਚ ਸਨ ਅਤੇ ਓਹਨਾਂ ਨੇ ਸੂਬੇਦਾਰ ਸਾਲਾਰਜੰਗ ਤੋਂ ਹੋਰ ਵੀ ਜ਼ਿਆਦਾ ਜਾਗੀਰ ਪ੍ਰਾਪਤ ਕਰ ਲਈ ਸੀ। (ਅਸਲ ਵਿੱਚ ਮੁਜ਼ੱਫ਼ਰਜੰਗ ਇੱਕ ਛੋਟੀ ਜਿਹੀ ਝੜਪ ਵਿੱਚ ਫ਼ਰਵਰੀ 1751 ਵਿੱਚ ਮਾਰਿਆ ਗਿਆ ਸੀ।) ਉੱਤਰੀ ਸਰਕਾਰਾਂ ਦੇ ਮਹੱਤਵਪੂਰਣ ਜਿਲੇ ਜਿਨ੍ਹਾਂ ਦੀ ਸਾਲਾਨਾ ਤਨਖ਼ਾਹ 30 ਲੱਖ ਰੁ ਸੀ, ਫ਼੍ਰਾਂਸੀਸੀ ਕੰਪਨੀ ਨੂੰ ਅਰਪਣ ਕਰ ਦਿੱਤੇ ਗਏ ਸਨ। ਇਸ ਦੂਜੇ ਯੁੱਧ ਨਾਲ਼ ਫ਼੍ਰਾਂਸੀਸੀਆਂ ਦੀ ਪ੍ਰਾਥਮਿਕਤਾ ਨੂੰ ਕੁਝ ਠੇਸ ਪਹੁੰਚੀ ਅਤੇ ਅੰਗਰੇਜਾਂ ਦੀ ਸਥਿਤੀ ਮਜ਼ਬੂਤ ਹੋ ਗਈ।

**ਕਰਨਾਟਕ ਦਾ ਤੀਜਾ ਯੁੱਧ (1758-63):** ਇਹ ਯੁੱਧ ਵੀ ਯੂਰਪੀ ਸੰਘਰਸ਼ ਦਾ ਹੀ ਹਿੱਸਾ ਸੀ। 1756 ਵਿੱਚ ਸੱਤਸਾਲਾ ਯੁੱਧ ਦੇ ਸ਼ੁਰੂ ਹੁੰਦੇ ਹੀ ਭਾਰਤ ਵਿੱਚ ਦੋਹਾਂ ਕੰਪਨੀਆਂ ਵਿੱਚ ਸ਼ਾਂਤੀ ਖਤਮ ਹੋ ਗਈ। ਫ਼੍ਰਾਂਸੀਸੀ ਸਰਕਾਰ ਨੇ ਅਪ੍ਰੈਲ 1757 ਵਿੱਚ ਕਾਂਊਂਟ ਲਾਲੀ ਨੂੰ ਭਾਰਤ ਭੇਜਿਆ। ਲਗਭਗ 12 ਮਹੀਨੇ ਦੀ ਯਾਤਰਾ ਤੋਂ ਬਾਅਦ ਅਪ੍ਰੈਲ 1758 ਵਿੱਚ ਉਹ ਭਾਰਤ ਪਹੁੰਚਿਆ। ਏਧਰ ਅੰਗਰੇਜ ਸਿਰਾਜੁਦੌਲਾ ਨੂੰ ਹਰਾ ਕੇ ਬੰਗਾਲ ਵਿੱਚ ਆਪਣਾ ਅਧਿਕਾਰ ਸਥਾਪਿਤ ਕਰ ਚੁਕੇ ਸਨ।ਇਸ ਕਾਰਣ ਅੰਗਰੇਜਾਂ ਨੂੰ ਅਪਾਰ ਧਨ ਮਿਲਿਆ ਜਿਸ ਨਾਲ਼ ਉਹ ਫ਼੍ਰਾਂਸੀਸੀਆਂ ਨੂੰ ਦੱਕਣ ਵਿੱਚ ਹਰਾਓਣ ਵਿੱਚ ਸਫ਼ਲ ਹੋ ਗਏ।

ਕਾਊਂਟ ਲਾਲੀ ਨੇ 1758 ਵਿੱਚ ਹੀ ਫ਼ੋਰਟ ਸੇਂਟ ਡੇਵਿਡ ਜਿੱਤ ਲਿਆ। ਇਸ ਤੋਂ ਬਾਅਦ ਉਸ ਨੇ ਤੰਜੌਰ ਉੱਤੇ ਹਮਲਾ ਕਰਣ ਦੀ ਆਗਿਆ ਦੇ ਦਿੱਤੀ ਕਿਓਂਕਿ ਓਸ ਉੱਤੇ 56 ਲੱਖ ਰੁ ਬਕਾਇਆ ਸੀ।ਇਹ ਅਭਿਆਨ ਅਸਫ਼ਲ ਰਿਹਾ ਜਿਸ ਨਾਲ ਫ਼੍ਰਾਂਸੀਸੀ ਪ੍ਰਸਿੱਧੀ ਨੂੰ ਹਾਨੀ ਪਹੁੰਚੀ। ਇਸ ਤੋਂ ਬਾਅਦ ਲਾਲੀ ਨੇ ਮਦਰਾਸ ਨੂੰ ਘੇਰ ਲਿਆ ਪ੍ਰੰਤੂ ਇੱਕ ਸ਼ਕਤੀਸ਼ਾਲੀ ਨੌਸੈਨਾ ਦੇ ਆਓਣ ਤੇ ਉਸਨੂੰ ਇਹ ਘੇਰਾ ਚੁੱਕਣਾ ਪਿਆ।ਫ਼ਿਰ ਲਾਲੀ ਨੇ ਬੁੱਸੀ ਨੂੰ ਹੈਦਰਾਬਾਦ ਤੋਂ ਵਾਪਿਸ ਬੁਲਾ ਲਿਆ। ਇਹ ਉਸਦੀ ਸਭ ਤੋਂ ਵੱਡੀ ਭੁੱਲ ਸੀ। ਇਸ ਕਾਰਣ ਓੱਥੇ ਫ਼੍ਰਾਂਸੀਸੀਆਂ ਦੀ ਸਥਿਤੀ ਕਮਜ਼ੋਰ ਹੋ ਗਈ। ਦੂਜੇ ਪਾਸੇ ਪੋਕਾਕ ਦੀ ਅਗਵਾਈ ਵਿੱਚ ਅੰਗਰੇਜੀ ਬੇੜਿਆਂ ਨੇ ਡਆਸ਼ਾ ਦੀ ਅਗਵਾਈ ਵਿੱਚ ਫ਼੍ਰਾਂਸੀਸੀ ਬੇੜਿਆਂ ਨੂੰ ਤਿੰਨ ਵਾਰ ਹਰਾਇਆ ਅਤੇ ਉਸਨੂੰ ਭਾਰਤੀ ਸਾਗਰ ਤੋਂ ਵਾਪਿਸ ਜਾਣ ਲਈ ਮਜਬੂਰ ਕਰ ਦਿੱਤਾ। ਇਸ ਨਾਲ਼ ਅੰਗਰੇਜੀ ਜਿੱਤ ਸਪਸ਼ਟ ਹੋ ਗਈ ਅਤੇ 1760 ਵਿੱਚ ਸਰ ਆਇਰਕੂਟ ਨੇ ਵੰਦੀਵਾਸ਼ ਦੇ ਸਥਾਨ ਤੇ ਫ਼੍ਰਾਂਸੀਸੀਆਂ ਨੂੰ ਬੁਰੀ ਤਰਾਂ ਹਰਾਇਆ। ਬੁੱਸੀ ਯੁੱਧਬੰਦੀ ਬਣਾ ਲਿਆ ਗਿਆ। ਜਨਵਰੀ 1761 ਵਿੱਚ ਫ਼੍ਰਾਂਸੀਸੀ ਪੂਰੀ ਤਰਾਂ ਹਾਰਣ ਤੋਂ ਬਾਅਦ ਪਾਂਡੀਚੇਰੀ ਵਾਪਿਸ ਆ ਗਏ। ਅੰਗਰੇ ਜਾਂ ਨੇ ਇਸ ਨੂੰ ਵੀ ਘੇਰ ਲਿਆ ਅਤੇ 8 ਮਹੀਨੇ ਬਾਅਦ ਫ਼੍ਰਾਂਸੀਸੀਆਂ ਨੇ ਇਸ ਨਗਰ ਨੂੰ ਵੀ ਦੁਸ਼ਮਣ ਦੇ ਹਵਾਲੇ ਕਰ ਦਿੱਤਾ। ਜਲਦੀ ਹੀ ਮਾਹੀ ਅਤੇ ਜਿੰਜੀ ਵੀ ਇਨ੍ਹਾਂ ਦੇ ਹੱਥੋਂ ਨਿਕਲ ਗਏ।ਇਸ ਤਰਾਂ ਆਂਗਲ-ਫ਼੍ਰਾਂਸੀਸੀ ਦੁਸ਼ਮਣੀ ਦਾ ਨਾਟਕ ਖਤਮ ਹੋ ਗਿਆ ਅਤੇ ਫ਼੍ਰਾਂਸੀਸੀ ਹਾਰ ਗਏ।

ਨੋਟ

ਇਸ ਤਰਾਂ ਯੁੱਧ ਦਾ ਤੀਜਾ ਦੌਰ ਪੂਰੀ ਤਰਾਂ ਨਿਰਣਾਯਕ ਸਿੱਧ ਹੋਇਆ। ਹਾਂਲਾਕਿ ਯੁੱਧ ਦੇ ਅੰਤ ਵਿੱਚ (1763 ਵਿੱਚ) ਪਾਂਡੀਚੇਰੀ ਅਤੇ ਕੁਝ ਹੋਰ ਫ਼੍ਰਾਂਸੀਸੀ ਪ੍ਰਦੇਸ਼ ਓਨ੍ਹਾਂ ਨੂੰ ਵਾਪਿਸ ਕਰ ਦਿੱਤੇ ਗਏ ਪ੍ਰੰਤੂ ਓਨ੍ਹਾਂ ਦੀ ਕਿਲਾਬੰਦੀ (fortification) ਨਹੀਂ ਹੋ ਸਕਦੀ ਸੀ ਅਤੇ ਭਾਰਤ ਤੋਂ ਓਨ੍ਹਾਂ ਦਾ ਪੱਤਾ ਕਟ ਗਿਆ।

### ਫ਼੍ਰਾਂਸੀਸੀਆਂ ਦੀ ਹਾਰ ਦੇ ਕਾਰਣ

ਫ਼੍ਰਾਂਸੀਸੀਆਂ ਨੇ ਇੱਕ ਸਮੇਂ ਵਿੱਚ ਆਪਣੀ ਰਾਜਨੀਤਿਕ ਜਿੱਤਾਂ ਨਾਲ਼ ਭਾਰਤੀ ਸੰਸਾਰ ਨੂੰ ਹੈਰਾਨ ਕਰ ਦਿੱਤਾ ਸੀ। ਪ੍ਰੰਤੂ ਆਖਰ ਵਿੱਚ ਉਹ ਹਾਰ ਗਏ। ਇਸ ਹਾਰ ਦੇ ਕਾਰਣ ਹੇਠਾਂ ਲਿਖੇ ਸਨ:

**ਫ਼੍ਰਾਂਸੀਸੀਆਂ ਦਾ ਯੂਰਪ ਵਿੱਚ ਉਲਝਣਾ:** ਅਠ੍ਹਾਰਵੀਂ ਸ਼ਤਾਬਦੀ ਵਿੱਚ ਫ਼੍ਰਾਂਸੀਸੀ ਸਮਰਾਟਾਂ ਦੀ ਯੂਰਪੀ ਇੱਛਾਵਾਂ ਦੇ ਕਾਰਣ ਓਨ੍ਹਾਂ ਦੇ ਸਾਧਨਾਂ ਤੇ ਬਹੁਤ ਦਬਾਅ ਪੈ ਗਿਆ। ਇਹ ਸਮਰਾਟ ਫ਼ਰਾਂਸ ਦੀ ਕੁਦਰਤੀ ਸੀਮਾਵਾਂ ਨੂੰ ਸਥਾਪਿਤ ਕਰਣ ਲਈ ਇਟਲੀ, ਬੈਲਜਿਅਮ ਅਤੇ ਜਰਮਨੀ ਵਿੱਚ ਵਧਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਉਹ ਉਨ੍ਹਾਂ ਦੇਸ਼ਾਂ ਨਾਲ਼ ਯੁੱਧਾਂ ਵਿੱਚ ਉਲਝ ਗਏ। ਅਸਲ ਵਿੱਚ ਉਨ੍ਹਾਂ ਨੂੰ ਇਸ ਖੇਤਰ ਵਿੱਚ ਕੁਝ ਸੌ ਵਰਗ ਮੀਲ ਦੇ ਖੇਤਰ ਦੀ ਜ਼ਿਆਦਾ ਚਿੰਤਾ ਸੀ ਅਤੇ ਭਾਰਤ ਅਤੇ ਉੱਤਰੀ ਅਮਰੀਕਾ ਦੇ ਕਈ ਗੁਣਾ ਜ਼ਿਆਦਾ ਵੱਡੇ ਖੇਤਰ ਦੀ ਘੱਟ। ਨਤੀਜੇ ਵਜੋਂ ਇਹ ਉਪਨਿਵੇਸ਼ ਤਾਂ ਪੂਰੀ ਤਰਾਂ ਹੱਥੋਂ ਨਿਕਲ ਗਏ ਅਤੇ ਯੂਰਪ ਵਿੱਚ ਨਹੀਂ ਦੇ ਬਰਾਬਰ ਦਾ ਹੀ ਖੇਤਰ ਉਨ੍ਹਾਂ ਨੂੰ ਮਿਲ ਸਕਿਆ।ਇੰਗਲੈਂਡ ਆਪਣੇ ਆਪ ਨੂੰ ਯੂਰਪ ਤੋਂ ਅਲੱਗ ਮੰਨਦਾ ਸੀ ਅਤੇ ਓਸ ਦੀ ਉਸ ਪ੍ਰਦੇਸ਼ ਵਿੱਚ ਪ੍ਰਸਾਰ ਦੀ ਕੋਈ ਇੱਛਾ ਨਹੀਂ ਸੀ। ਯੂਰਪ ਵਿੱਚ ਉਸ ਦੀ ਭੂਮਿਕਾ ਕੇਵਲ ਸ਼ਕਤੀ-ਸੰਤੁਲਨ ਬਣਾ ਕੇ ਰੱਖਣ ਦੀ ਹੀ ਸੀ। ਉਹ ਇੱਕਮਨ ਨਾਲ਼ ਆਪਣੇ ਉਪਨਿਵੇਸ਼ਾਂ ਦੇ ਪ੍ਰਸਾਰ ਵਿੱਚ ਲੱਗਿਆ ਹੋਇਆ ਸੀ। ਉਸਨੂੰ ਜ਼ਰੂਰ ਸਫ਼ਲਤਾ ਮਿਲੀ ਅਤੇ ਉਸਨੇ ਭਾਰਤ ਅਤੇ ਉੱਤਰੀ ਅਮਰੀਕਾ ਵਿੱਚ ਫ਼੍ਰਾਂਸ ਨੂੰ ਪਛਾੜ ਦਿੱਤਾ।

**ਦੋਹਾਂ ਦੇਸ਼ਾਂ ਦੀਆਂ ਪ੍ਰਸ਼ਾਸਨਿਕ ਵਿਖਮਤਾਵਾਂ**-ਅਸਲ ਵਿੱਚ ਫ਼੍ਰਾਂਸੀਸੀ ਇਤਿਹਾਸਕਾਰਾਂ ਨੇ ਆਪਣੇ ਦੇਸ਼ ਦੀ ਅਸਫ਼ਲਤਾ ਲਈ ਆਪਣੀ ਘਟੀਆ ਸ਼ਾਸਨ ਪ੍ਰਣਾਲੀ ਨੂੰ ਦੋਸ਼ੀ ਠਹਿਰਾਇਆ ਹੈ। ਫ਼੍ਰਾਂਸੀਸੀ ਸਰਕਾਰ ਸਵੇਛਾਚਾਰੀ ਸੀ ਅਤੇ ਸਮਰਾਟ ਦੇ ਵਿਅਕਤੀਤਵ ਤੇ ਹੀ ਨਿਰਭਰ ਕਰਦੀ ਸੀ। ਮਹਾਨ ਸਮਰਾਟ ਲੂਈ ਚੌਦਵੇਂ (1648-1715) ਦੇ ਕਾਲ ਤੋਂ ਹੀ ਇਸ ਪ੍ਰਸ਼ਾਸਨ ਦੀਆਂ ਕਮਜ਼ੋਰੀਆਂ ਸਪੱਸ਼ਟ ਹੋ ਰਹੀਆਂ ਸਨ। ਉਸ ਕਾਲ ਦੇ ਅਨੇਕ ਯੁੱਧਾਂ ਦੇ ਕਾਰਣ ਵਿੱਤੀ ਹਾਲਾਤ ਵਿਗੜ ਗਏ ਸਨ। ਉਸਦੀ ਮੌਤ ਤੋਂ ਬਾਅਦ ਇਹ ਹਾਲਾਤ ਹੋਰ ਵੀ ਵਿਗੜ ਗਏ। ਉਸਦੇ ਉੱਤਰਾਧਿਕਾਰੀ ਲੂਈ ਪੰਦਰਵੇਂ ਨੇ ਆਂਪਣੀਆਂ ਰਖੈਲਾਂ, ਕ੍ਰਿਪਾਪਾਤਰਾਂ ਅਤੇ ਐਸ਼ ਸਾਧਨਾਂ ਉੱਤੇ ਹੋਰ ਵੀ ਧਨ ਲੁਟਾਇਆ। ਦੂਜੇ ਪਾਸੇ ਇੰਗਲੈਂਡ ਵਿੱਚ ਇੱਕ ਜਾਗਰੂਕ ਅਲਪਤੰਤਰ ਰਾਜ ਕਰ ਰਿਹਾ ਸੀ।ਹ੍ਵਿਗ ਦਲ ਦੇ ਅਧੀਨ ਉਨ੍ਹਾਂ ਨੇ ਸੰਵਿਧਾਨਿਕ ਵਿਵਸਥਾ ਵੱਲ ਕਦਮ ਵਧਾਏ ਅਤੇ ਦੇਸ਼ 'ਇੱਕ ਤਰਾਂ ਅਭਿਸ਼ਿਕਤ ਗਣਤੰਤਰ' ਬਣ ਗਿਆ ਸੀ। ਇਹ ਵਿਵਸਥਾ ਉੱਤਮ ਸੀ ਅਤੇ ਇਸ ਨੇ ਦੇਸ਼ ਨੂੰ ਦਿਨ-ਪ੍ਰਤੀਦਿਨ ਸ਼ਕਤੀਸ਼ਾਲੀ ਬਣਾ ਦਿੱਤਾ। ਆਲਫ਼ਰੇਡ ਲਾਇਲ ਨੇ ਫ਼੍ਰਾਂਸੀਸੀ ਵਿਵਸਥਾ ਦੇ ਖੋਖਲੇਪਣ ਨੂੰ ਹੀ ਦੋਸ਼ੀ ਠਹਿਰਾਇਆ ਹੈ। ਉਸਦੇ ਅਨੁਸਾਰ, ਡੂਪਲੇ ਦੀ ਵਾਪਸੀ, ਲਾ ਬੋਰਡੋਨੇ ਅਤੇ ਡਆਸ਼ ਦੀਆਂ ਭੁੱਲਾਂ, ਲਾਲੀ ਦੀ ਅਦਮਿਅਤਾ ਆਦਿ ਤੋਂ ਕਿਤੇ ਜ਼ਿਆਦਾ ਲੂਈ ਪੰਦਰਵੇਂ ਦੀ ਭ੍ਰਾਂਤਿਪੂਰਣ ਨੀਤੀ ਅਤੇ ਉਸਦੇ ਅਸਮਰਥ ਮੰਤਰੀ ਫ਼ਰਾਂਸ ਦੀ ਅਸਫ਼ਲਤਾ ਲਈ ਜ਼ਿੰਮੇਵਾਰ ਸਨ।

**ਦੋਹਾਂ ਕੰਪਨੀਆਂ ਦੇ ਗਠਨ ਵਿੱਚ ਭਿੰਨਤਾ** - ਫ਼੍ਰਾਂਸੀਸੀ ਕੰਪਨੀ ਸਰਕਾਰ ਦਾ ਇੱਕ ਵਿਭਾਗ ਸੀ।ਕੰਪਨੀ 55 ਲੱਖ ਲੀਵ੍ਰ (ਫ਼੍ਰੇਂਕ) ਦੀ ਪੂੰਜੀ ਨਾਲ਼ ਬਣਾਈ ਗਈ ਸੀ ਜਿਸ ਵਿੱਚੋਂ 35 ਲੱਖ ਲੀਵ੍ਰ ਸਮਰਾਟ ਨੇ ਲਗਾਏ ਸੀ। ਇਸ ਕੰਪਨੀ ਦੇ ਡਾਇਰੈਕਟਰ ਸਰਕਾਰ ਦੁਆਰਾ ਮਨੋਨੀਤ ਕੀਤੇ ਜਾਂਦੇ ਸਨ ਅਤੇ ਲਾਭਾਂਸ਼ ਸਰਕਾਰ ਦੁਆਰਾ ਪ੍ਰਤਿਆਭੂਤ ਸੀ। ਇਸ ਲਈ ਓਨ੍ਹਾਂ ਨੂੰ ਕੰਪਨੀ ਦੀ ਤਰੱਕੀ ਵਿੱਚ ਕੋਈ ਰੁਚੀ ਨਹੀਂ ਸੀ। ਉਦਾਸੀਨਤਾ ਏਨੀ ਸੀ ਕਿ 1715 ਅਤੇ 1765 ਦੇ ਵਿੱਚ ਕੰਪਨੀ ਦੇ ਭਾਗੀਦਾਰਾਂ ਵਿੱਚ ਕੋਈ ਬੈਠਕ ਨਹੀਂ ਹੋਈ ਅਤੇ ਕੰਪਨੀ ਦਾ ਪ੍ਰਬੰਧ ਸਰਕਾਰ ਹੀ ਚਲਾਂਦੀ ਰਹੀ।ਨਤੀਜੇ ਵਜੋਂ ਕੰਪਨੀ ਦੀ ਮਾਲੀ ਹਾਲਤ ਵਿਗੜਦੀ ਚਲੀ ਗਈ। ਇੱਕ ਸਮੇਂ ਵਿੱਚ ਉਨ੍ਹਾਂ ਦੀ ਇਹ ਦੁਰਦਸ਼ਾ ਹੋ ਗਈ ਕਿ ਉਨ੍ਹਾਂ ਨੂੰ ਆਪਣੇ ਅਧਿਕਾਰ ਤੋਂ ਮਾਲੋ ਦੇ ਵਪਾਰੀਆਂ ਨੂੰ ਸਾਲਾਨਾ ਧਨ ਦੇ ਬਦਲੇ ਦੇਣੇ ਪਏ। 1721 ਤੋਂ 1740 ਤੱਕ ਕੰਪਨੀ ਉਧਾਰ ਲਏ ਧਨ ਨਾਲ਼ ਹੀ ਵਪਾਰ ਕਰਦੀ ਰਹੀ।ਕੰਪਨੀ ਨੂੰ ਸਮੇਂ ਸਮੇਂ ਤੇ ਸਰਕਾਰ ਵੱਲੋਂ ਮਦਦ ਮਿਲਦੀ ਰਹੀ ਅਤੇ ਉਹ ਤੰਬਾਕੂ ਦੇ ਇਕਾਧਿਕਾਰ ਅਤੇ ਲਾਟਰੀਆਂ ਦੇ ਸਹਾਰੇ ਹੀ ਚਲਦੀ ਰਹੀ।ਅਜਿਹੀ ਕੰਪਨੀ ਡੂਪਲੇ ਦੀ ਮਹਿੰਗੀ ਇਛਾਵਾਂ ਅਤੇ ਯੁੱਧਾਂ ਦੀ ਪੂਰਤੀ ਨਹੀਂ ਕਰ ਸਕਦੀ ਸੀ।

**ਨੌਸੈਨਾ ਦੀ ਭੂਮਿਕਾ** - ਕਰਨਾਟਕ ਦੇ ਯੁੱਧਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਕੰਪਨੀ ਦੇ ਭਾਗ ਦਾ ਉਦੈ ਜਾਂ ਅਸਤ ਨੌਸੈਨਾ ਦੀ ਤਾਕਤ ਤੇ ਨਿਰਭਰ ਸੀ।1746 ਵਿੱਚ ਫ਼੍ਰਾਂਸੀਸੀ ਕੰਪਨੀ ਨੂੰ ਪਹਿਲਾਂ ਸਾਗਰ ਵਿੱਚ ਅਤੇ ਫਿਰ ਥਲ ਉੱਤੇ ਵਿਸ਼ਿਸ਼ਟਤਾ ਪ੍ਰਾਪਤ ਹੋਈ। ਇਸੇ ਤਰਾਂ 1748-51 ਤੱਕ ਵੀ ਜੋ ਸਫ਼ਲਤਾ ਡੂਪਲੇ ਨੂੰ ਮਿਲੀ ਉਹ ਉਸ ਸਮੇਂ ਸੀ ਜਦੋਂ ਅੰਗਰੇਜੀ ਨੌਸੈਨਾ ਨਿਸ਼ਕ੍ਰਿਅ ਸੀ। ਸੱਤ ਸਾਲਾ ਯੁੱਧ ਦੇ ਦਿਨਾਂ ਵਿੱਚ ਇਹ ਫਿਰ ਸਕ੍ਰਿਅ ਹੋ ਗਈ। ਉਸਦੀ ਵਰਿਸ਼ਠਤਾ ਦੇ ਕਾਰਣ ਕਾਂਊਟ ਲਾਲੀ, ਡੂਪਲੇ ਜਿੰਨੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਿਆ ਅਤੇ ਜਦੋਂ ਡਆਸ਼ ਭਾਰਤੀ ਸਾਗਰ ਤੋਂ ਚਲਾ ਗਿਆ ਤਾਂ ਅੰਗਰੇਜਾਂ ਲਈ ਰਸਤਾ ਬਿਲਕੁਲ ਸਾਫ਼ ਸੀ ਅਤੇ ਅੰਗਰੇਜਾਂ ਦੀ ਜਿੱਤ ਵਿੱਚ ਕੋਈ ਸ਼ੱਕ ਨਹੀਂ ਰਿਹਾ ਸੀ। ਵਾਲਟੇਅਰ ਦੇ ਅਨੁਸਾਰ ਆਸਟਰੀਆ ਦੇ ਉੱਤਰਾਧਿਕਾਰ ਦੇ ਯੁੱਧ ਵਿੱਚ ਫ਼੍ਰਾਂਸ ਦੀ ਜਲ ਸ਼ਕਤੀ ਦਾ ਏਨਾ ਹਾਸਾ ਹੋਇਆ ਕਿ ਸੱਤ ਸਾਲਾ ਯੁੱਧ ਦੇ ਸਮੇਂ ਉਸ ਕੋਲ ਇੱਕ ਵੀ ਜਲ ਪੋਤ ਨਹੀਂ ਸੀ।ਵੱਡੇ ਪਿਟ ਨੇ ਇਸ ਵਰਿਸ਼ਠਤਾ ਦਾ ਪੂਰਾ ਲਾਭ ਉਠਾਇਆ।ਨਾ ਕੇਵਲ ਭਾਰਤੀ ਵਪਾਰ ਰਸਤੇ ਖੁੱਲੇ ਰਹੇ ਬਲਕਿ ਬੰਬਈ ਤੋਂ ਕਲਕੱਤਾ ਤੱਕ

ਨੋਟ

ਜਲ ਮਾਰਗਾਂ ਰਾਹੀਂ ਸੈਨਾ ਦਾ ਲਿਆਣਾ ਲੈ ਜਾਣਾ ਅਬਾਧ ਰੂਪ ਨਾਲ਼ ਚਲਦਾ ਰਿਹਾ।ਫ਼੍ਰੈਂਚ ਸੈਨਾ ਦਾ ਪ੍ਰਥਕਰਣ ਪੂਰਾ ਹੋਇਆ। ਜੇਕਰ ਬਾਕੀ ਕਾਰਣ ਬਰਾਬਰ ਵੀ ਹੁੰਦੇ ਤਾਂ ਵੀ ਇਹ ਜਲ ਸੈਨਾ ਦੀ ਵਰਿਸ਼ਠਤਾ ਨੂੰ ਹਰਾਓਣ ਲਈ ਕਾਫ਼ੀ ਸੀ।

**ਬੰਗਾਲ ਵਿੱਚ ਅੰਗਰੇਜੀ ਸਫ਼ਲਤਾਵਾਂ ਦਾ ਪ੍ਰਭਾਵ –** ਅੰਗਰੇਜਾਂ ਦੀ ਬੰਗਾਲ ਵਿੱਚ ਜਿੱਤ ਇੱਕ ਮਹੱਤਵਪੂਰਣ ਕਾਰਣ ਸੀ।ਨਾ ਕੇਵਲ ਇਸ ਨਾਲ਼ ਇਨ੍ਹਾਂ ਦੀ ਇੱਜ਼ਤ ਵਧੀ, ਬਲਕਿ ਇਸ ਨਾਲ਼ ਬੰਗਾਲ ਦਾ ਅਪਾਰ ਧਨ ਅਤੇ ਜਨ ਸ਼ਕਤੀ ਓਨ੍ਹਾਂ ਨੂੰ ਮਿਲ ਗਈ। ਜਿਸ ਸਮੇਂ ਕਾਂਊਂਟ ਲਾਲੀ ਨੂੰ ਆਪਣੀ ਸੈਨਾ ਨੂੰ ਤਨਖ਼ਾਹ ਦੇਣ ਦੀ ਚਿੰਤਾ ਸੀ, ਬੰਗਾਲ-ਕਰਨਾਟਕ ਵਿੱਚ ਧਨ ਅਤੇ ਜਨ ਦੋਵੇਂ ਭੇਜ ਰਿਹਾ ਸੀ। ਦੱਕਣ ਏਨਾ ਧਨੀ ਨਹੀਂ ਸੀ ਕਿ ਡੂਪਲੇ ਅਤੇ ਲਾਲੀ ਦੀ ਇਛਾਵਾਂ ਨੂੰ ਸਾਕਾਰ ਕਰ ਸਕਦਾ। ਹਾਲਾਕਿ ਉੱਤਰੀ ਸਰਕਾਰ ਬੁੱਸੀ ਕੋਲ਼ ਸੀ, ਪ੍ਰੰਤੂ ਉਹ ਕੇਵਲ ਡੇੜ ਲੱਖ ਰੁਪਏ ਹੀ ਭੇਜ ਸਕਿਆ ਜ਼ਿਆਦਾ ਨਹੀਂ।

ਅਸਲ ਵਿੱਚ ਅੰਗਰੇਜਾਂ ਦੀ ਮਾਲੀ ਵਰਿਸ਼ਠਤਾ ਦਾ ਬਹੁਤ ਮਹੱਤਵ ਸੀ। ਜਿਵੇਂ ਕਿ ਸਮਿਥ ਨੇ ਕਿਹਾ ਹੈ ਕਿ "ਨਾ ਇੱਕਲੇ ਅਤੇ ਨਾ ਮਿਲ ਕੇ ਹੀ ਡੂਪਲੇ ਜਾਂ ਬੁੱਸੀ ਜਲ ਵਿੱਚ ਵਰਿਸ਼ਠ ਅਤੇ ਧਨ ਵਿੱਚ ਗੰਗਾ ਦੀ ਘਾਟੀ ਦੇ ਮਾਲੀ ਸਰੋਤਾਂ ਦੇ ਮਾਲਕ ਅੰਗਰੇਜਾਂ ਨੂੰ ਹਰਾ ਸਕਦੇ ਸਨ। ਪਾਂਡੀਚੇਰੀ ਤੋਂ ਸ਼ੁਰੂ ਕਰ ਕੇ ਸਿਕੰਦਰ ਮਹਾਨ ਅਤੇ ਨੇਪੋਲਿਅਨ ਵੀ ਬੰਗਾਲ ਅਤੇ ਸਮੁੰਦਰੀ ਵਰਿਸ਼ਠਤਾ ਪ੍ਰਾਪਤ ਤਾਕਤ ਨੂੰ ਹਰਾ ਨਹੀਂ ਸਕਦੇ ਸਨ। ਮੇਰਿਅਟ ਨੇ ਠੀਕ ਹੀ ਕਿਹਾ ਹੈ ਕਿ ਡੂਪਲੇ ਨੇ ਮਦਰਾਸ ਵਿੱਚ ਭਾਰਤ ਦੀ ਚਾਬੀ ਲੱਭਣ ਦੀ ਨਿਸ਼ਫ਼ਲ ਕੋਸ਼ਿਸ਼ ਕੀਤੀ। ਕਲਾਈਵ ਨੇ ਇਹ ਚਾਬੀ ਬੰਗਾਲ ਵਿੱਚ ਲੱਭੀ ਅਤੇ ਪ੍ਰਾਪਤ ਕਰ ਲਈ।"

## 1.2 ਬੰਗਾਲ ਵਿੱਚ ਬ੍ਰਿਟਿਸ਼ ਰਾਜ ਦੀ ਜਿੱਤ ਅਤੇ ਪਲਾਸੀ ਦਾ ਯੁੱਧ (Conquest of British Raj in Bengal and Battle of Plassy)

ਅੰਗਰੇਜਾਂ ਨੇ ਬੰਗਾਲ ਵਿੱਚ ਆਪਣੀ ਪਹਿਲੀ ਕੋਠੀ (ਗੋਦਾਮ) 1651 ਵਿੱਚ ਹੁਗਲੀ ਵਿੱਚ ਤਤਕਾਲੀਨ ਬੰਗਾਲ ਦੇ ਸੂਬੇਦਾਰ ਸ਼ਾਹ ਜਹਾਨ ਦੇ ਦੂਜੇ ਪੁੱਤਰ ਸ਼ਾਹਸ਼ੁਜਾ ਦੀ ਆਗਿਆ ਨਾਲ਼ ਬਣਾਈ। ਓਸੇ ਸਾਲ ਇੱਕ ਰਾਜਵੰਸ਼ ਦੀ ਇਸਤਰੀ ਦੀ ਡਾਕਟਰ ਬੌਟਨ (Dr. Boughton) ਦੁਆਰਾ ਇਲਾਜ ਕਰਣ ਤੇ ਉਸਨੇ ਅੰਗਰੇਜਾਂ ਨੂੰ 3000 ਰੁ. ਸਾਲਾਨਾ ਵਿੱਚ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਮੁਕਤ ਵਪਾਰ ਕਰਣ ਦੀ ਆਗਿਆ ਦੇ ਦਿੱਤੀ।ਜਲਦੀ ਹੀ ਅੰਗਰੇਜਾਂ ਨੇ ਕਾਸਿਮ ਬਜ਼ਾਰ, ਪਟਨਾ ਅਤੇ ਹੋਰ ਸਥਾਨਾਂ ਤੇ ਕੋਠੀਆਂ ਬਣਾ ਲਈਆਂ। 1698 ਵਿੱਚ ਸੂਬੇਦਾਰ ਅਜੀਮੁਸ਼ਾਨ ਨੇ ਉਨ੍ਹਾਂ ਨੂੰ ਸੂਤਾਨਤੀ, ਕਾਲੀਘਾਟ ਅਤੇ ਗੋਬਿੰਦਪੁਰ (ਜਿੱਥੇ ਅੱਜਕਲ ਕਲਕੱਤਾ ਵਸਿਆ ਹੈ) ਦੀ ਜ਼ਿਮੀਂਦਾਰੀ ਦੇ ਦਿੱਤੀ ਜਿਸਦੇ ਬਦਲੇ ਓਨ੍ਹਾਂ ਨੂੰ ਕੇਵਲ 1200 ਰੁ. ਪੁਰਾਣੇ ਮਾਲਕਾਂ ਨੂੰ ਦੇਣੇ ਪਏ। 1717 ਵਿੱਚ ਸਮਰਾਟ ਫ਼ਰੂੱਖ਼ਸੀਅਰ ਨੇ ਪੁਰਾਣੇ ਸੂਬੇਦਾਰਾਂ ਦੁਆਰਾ ਦਿੱਤੀ ਗਈ ਵਪਾਰਕ ਰਿਆਇਤਾਂ ਦੀ ਦੁਬਾਰਾ ਪੁਸ਼ਟੀ ਕਰ ਦਿੱਤੀ ਅਤੇ ਓਨ੍ਹਾਂ ਨੂੰ ਕਲਕੱਤਾ ਦੇ ਆਸ ਪਾਸ ਦੇ ਹੋਰ ਖੇਤਰਾਂ ਨੂੰ ਵੀ ਕਿਰਾਏ ਤੇ ਲੈਣ ਦੀ ਆਗਿਆ ਦੇ ਦਿੱਤੀ।

1714 ਵਿੱਚ ਬਿਹਾਰ ਦਾ ਨਾਇਬ ਸੂਬੇਦਾਰ ਅਲੀਵਰਦੀ ਖ਼ਾਨ ਬੰਗਾਲ, ਬਿਹਾਰ ਅਤੇ ਉੜੀਸਾ ਦੇ ਨਾਇਬ ਸਰਫ਼ਰਾਜ਼ ਖ਼ਾਨ ਨਾਲ਼ ਵਿਰੋਧ ਕਰ, ਉਸ ਨੂੰ ਯੁੱਧ ਵਿੱਚ ਮਾਰ ਕੇ ਆਪ ਇਸ ਸਾਰੇ ਪ੍ਰਦੇਸ਼ ਦਾ ਨਵਾਬ ਬਣ ਗਿਆ। ਆਪਣੀ ਸਥਿਤੀ ਨੂੰ ਹੋਰ ਵੀ ਮਜ਼ਬੂਤ ਕਰਣ ਲਈ ਉਸਨੇ ਸਮਰਾਟ ਮੁਹੰਮਦ ਸ਼ਾਹ ਤੋਂ ਬਹੁਤ ਸਾਰੇ ਧਨ ਬਦਲੇ ਇੱਕ ਪੁਸ਼ਟੀ ਪੱਤਰ (confirmation) ਪ੍ਰਾਪਤ ਕਰ ਲਿਆ।ਪ੍ਰੰਤੂ ਓਸੇ ਸਮੇਂ ਮਰਾਠਾ ਹਮਲਿਆਂ ਨੇ ਵਿਕਟ ਰੂਪ ਧਾਰਣ ਕਰ ਲਿਆ ਅਤੇ ਅਲੀਵਰਦੀ ਖਾਨ ਦੇ ਬਾਕੀ 15 ਸਾਲ ਉਨ੍ਹਾਂ ਨਾਲ਼ ਭਿੜਨ ਵਿੱਚ ਬਤੀਤ ਹੋ ਗਏ। ਮਰਾਠਾ ਹਮਲਿਆਂ ਤੋਂ ਬਚਣ ਲਈ ਅੰਗਰੇਜਾਂ ਨੇ ਨਵਾਬ ਦੀ ਆਗਿਆ ਨਾਲ਼ ਆਪਣੀ ਕੋਠੀ ਜਿਸ ਨੂੰ ਹੁਣ ਫ਼ੋਰਟਵਿਲੀਅਮ ਦਾ ਨਾਮ ਦਿੱਤਾ ਗਿਆ ਸੀ, ਦੇ ਚਾਰੇ ਪਾਸੇ ਇੱਕ ਗਹਰੀ ਖਾਈ (moat) ਬਣਾ ਲਈ। ਅਲੀਵਰਦੀ ਖਾਨ ਦਾ ਧਿਆਨ ਕਰਨਾਟਕ ਦੀ ਘਟਨਾਵਾਂ ਵੱਲ ਖਿੱਚਿਆ ਗਿਆ ਜਿੱਥੇ ਵਿਦੇਸ਼ੀ ਕੰਪਨੀਆਂ ਨੇ ਸਾਰੀ ਸੱਤਾ ਹਥਿਆ ਲਈ ਸੀ।ਅੰਗਰੇਜ ਬੰਗਾਲ ਵਿੱਚ ਜੜ ਨਾ ਪਕੜ ਲੈਣ, ਇਸ ਡਰ ਨਾਲ਼ ਉਸ ਨੂੰ ਕਿਹਾ ਗਿਆ ਕਿ ਉਹ ਅੰਗਰੇਜਾਂ ਨੂੰ ਬੰਗਾਲ ਵਿੱਚੋਂ ਪੂਰੀ ਤਰਾਂ ਨਿਸ਼ਕਾਸਿਤ ਕਰ ਦੇਵੇ।

> ਨੋਟਸ ਨਵਾਬ ਨੇ ਯੂਰਪੀਆਂ ਨੂੰ ਮਧੂਮੱਖੀਆਂ ਦੀ ਉਪਮਾ ਦਿੱਤੀ ਸੀ ਕਿ ਜੇਕਰ ਓਹਨਾਂ ਨੂੰ ਨਾ ਛੇੜਿਆ ਜਾਵੇ ਤਾਂ ਓਹ ਸ਼ਹਿਦ ਦੇਣਗੀਆਂ ਅਤੇ ਜੇਕਰ ਛੇੜਿਆ ਜਾਵੇ ਤਾਂ ਓਹ ਵੱਢ-ਵੱਢ ਕੇ ਮਾਰ ਦੇਣਗੀਆਂ।

ਅਲੀਵਰਦੀ ਖਾਨ ਦੀ ਮੌਤ (9/4/1756) ਤੋਂ ਬਾਅਦ ਉਸਦਾ ਦੋਹਤਰਾ ਸਿਰਾਜੁਦੌਲਾ ਉਸਦਾ ਉੱਤਰਾਧਿਕਾਰੀ ਬਣਿਆ।ਨਵੇਂ ਨਵਾਬ ਨੂੰ ਆਪਣੇ ਵਿਰੋਧੀ ਪੂਰਨੀਆ ਦੇ ਨਵਾਬ ਸ਼ੌਕਤਗੰਜ ਅਤੇ ਆਪਣੀ ਮਾਸੀ ਘਸੀਟੀ ਬੇਗਮ ਤੋਂ ਇਲਾਵਾ ਅੰਗਰੇਜਾਂ ਨਾਲ਼ ਵੀ ਨਿਬਟਣਾ ਸੀ। ਦੂਜੇ ਪਾਸੇ ਅੰਗਰੇਜਾਂ ਨੂੰ ਆਂਗਲ-ਫ਼੍ਰਾਂਸੀਸੀ ਯੁੱਧ ਦੀ ਵੀ ਸ਼ੰਕਾ ਸੀ। ਇਸ ਲਈ ਓਹਨਾਂ ਨੇ ਕਲਕੱਤਾ ਵਿੱਚ ਫ਼ੋਰਟ ਵਿਲੀਅਮ ਦੀ ਕਿਲਾਬੰਦੀ (fortifications) ਕਰ ਲਈ ਅਤੇ ਉਸਦੇ ਪਰਕੋਟੇ (ramparts) ਉੱਤੇ ਤੋਪਾਂ ਚੜਾ ਦਿੱਤੀਆਂ। ਓਧਰ ਅੰਗਰੇਜਾਂ ਨੂੰ ਇਹਨਾਂ ਬੁਰੇ ਕੰਮਾਂ ਤੋਂ ਰੋਕਿਆ ਤਾਂ ਓਨ੍ਹਾਂ ਨੇ ਟਾਲ਼ਮਟੋਲ ਕੀਤੀ। ਸਿਰਾਜ ਨੇ ਵੇਖਿਆ ਕਿ ਉਸਦੀ ਆਗਿਆ ਦਾ ਓਸੇ ਦੇ ਰਾਜ ਵਿੱਚ ਉਲੰਘਣ

ਨੋਟ

ਹੋ ਰਿਹਾ ਹੈ ਤਾਂ ਓਸ ਨੇ ਅੰਗਰੇਜਾਂ ਦੇ ਵਿਰੁੱਧ ਅਭਿਆਨ ਕੀਤਾ। ਫ਼ਿਲਿਪ ਬੁਡਰਫ਼ ਦਾ ਇਹ ਕਥਨ ਕਿ ਨਵਾਬ ਦਾ ਫ਼ੋਰਟ ਵਿਲੀਅਮ ਉੱਤੇ ਹਮਲੇ ਦਾ ਮੁੱਖ ਉਦੇਸ਼ ਲੁੱਟਮਾਰ ਕਰਨਾ ਸੀ, ਪੂਰੀ ਤਰਾਂ ਝੂਠਾ ਹੈ। 15 ਜੂਨ, 1756 ਨੂੰ ਫ਼ੋਰਟ ਵਿਲੀਅਮ ਘੇਰ ਲਿਆ ਗਿਆ ਅਤੇ 5 ਦਿਨਾਂ ਬਾਅਦ ਉਸਨੇ ਆਤਮਸਮਰਪਣ ਕਰ ਦਿੱਤਾ। ਗਵਰਨਰ ਰੌਜਰ ਡ੍ਰੇਕ ਅਤੇ ਹੋਰ ਪ੍ਰਮੁੱਖ ਨਾਗਰਿਕ ਪ੍ਰਸ਼ਠ ਦਰਵਾਜੇ ਤੋਂ ਭੱਜ ਨਿੱਕਲੇ। ਨਵਾਬ ਕਲਕੱਤਾ ਨੂੰ ਮਾਨਿਕਚੰਦ ਦੇ ਹੱਥਾਂ ਵਿੱਚ ਦੇ ਕੇ ਆਪ ਮੁਰਸ਼ਿਦਾਬਾਦ ਵਾਪਿਸ ਚਲਾ ਗਿਆ।

**ਬਲੈਕ ਹੋਲ (Black Hole):** ਇੱਥੇ ਬਹੁਚਰਚਿਤ ਬਲੈਕ ਹੋਲ ਘਟਨਾ ਦਾ ਉਲੇਖ ਕਰਨਾ ਜ਼ਰੂਰੀ ਹੈ। ਯੁੱਧ ਦੀ ਆਮ ਪ੍ਰਣਾਲੀ ਦੇ ਅਨੁਸਾਰ ਅੰਗਰੇਜੀ ਬੰਦੀਆਂ ਨੂੰ ਜਿਨ੍ਹਾਂ ਵਿੱਚ ਇਸਤਰੀਆਂ ਅਤੇ ਬੱਚੇ ਵੀ ਸ਼ਾਮਿਲ ਸਨ, ਇੱਕ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ 14 ਫੁੱਟ 10 ਇੰਚ ਚੌੜੇ ਕਮਰੇ ਵਿੱਚ 146 ਬੰਦੀ ਬੰਦ ਕਰ ਦਿੱਤੇ ਗਏ। 20 ਜੂਨ ਦੀ ਰਾਤ ਨੂੰ ਇਹ ਬੰਦ ਕੀਤੇ ਗਏ ਅਤੇ ਅਗਲੀ ਸਵੇਰ ਓਨ੍ਹਾਂ ਵਿੱਚੋਂ ਕੇਵਲ 23 ਬੰਦੇ ਹੀ ਬਚ ਪਾਏ। ਬਾਕੀ ਉਸ ਜੂਨ ਦੀ ਗਰਮੀ ਅਤੇ ਘੁਟਨ ਜਾਂ ਫਿਰ ਇੱਕ ਦੂਜੇ ਤੋਂ ਕੁਚਲੇ ਜਾਣ ਕਾਰਣ ਮਰ ਗਏ ਸੀ।

ਸਿਰਾਜੁਦੌਲਾ ਨੂੰ ਇਸ ਘਟਨਾ ਦੇ ਲਈ ਜ਼ਿੰਮੇਦਾਰ ਮੰਨਿਆ ਜਾਂਦਾ ਹੈ। ਜੇ.ਜ਼ੈਡ. ਹਾਲਵੈਲ ਜੋ ਬਾਕੀ ਜੀਵਿਤ ਰਹਿਣ ਵਾਲਿਆਂ ਵਿੱਚੋਂ ਇੱਕ ਸੀ ਅਤੇ ਇਸ ਕਥਾ ਦੇ ਰਚਇਤਾ ਮੰਨੇ ਜਾਂਦੇ ਹਨ, ਨੇ ਇਸ ਘਟਨਾ ਵਿੱਚ ਮਰਣ ਵਾਲਿਆਂ ਦੇ ਨਾਮ ਨਹੀਂ ਦਿੱਤੇ। ਸ਼ਾਇਦ ਓਨ੍ਹਾਂ ਨੂੰ ਰੱਖਿਅਕ ਕਮਰੇ ਜਾਂ ਕਿਲੇ ਦੀ ਜੇਲ ਵਿੱਚ ਹੀ ਬੰਦ ਕੀਤਾ ਗਿਆ ਸੀ। ਦੂਜੇ ਇਨ੍ਹਾਂ ਬੰਦੀਆਂ ਨੂੰ ਇੱਕ ਨੀਵੇਂ ਸਤਰ ਦੇ ਅਧਿਕਾਰੀ ਨੇ ਹੀ ਬੰਦ ਕੀਤਾ ਹੋਵੇਗਾ। ਇਸ ਲਈ ਨਵਾਬ ਇਸ ਵਾਸਤੇ ਜ਼ਿੰਮੇਵਾਰ ਕਿਸ ਤਰਾਂ ਹੋ ਸਕਦਾ ਹੈ। ਨਵਾਬ ਦਾ ਇੰਨਾ ਕਸੂਰ ਜ਼ਰੂਰ ਸੀ ਕਿ ਓਸ ਨੇ ਦੋਸ਼ੀ ਵਿਅਕਤੀਆਂ ਨੂੰ ਸਜ਼ਾ ਨਹੀਂ ਦਿੱਤੀ। ਓਸ ਨੇ ਜੀਵਿਤ ਵਿਅਕਤੀਆਂ ਪ੍ਰਤੀ ਵੀ ਕੋਈ ਤਰਸ ਨਹੀਂ ਦਿਖਾਇਆ। ਇਸ ਘਟਨਾ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ ਅਤੇ ਸਮਕਾਲੀਨ ਮੁਸਲਿਮ ਇਤਿਹਾਸਕਾਰ ਗੁਲਾਮ ਹੁਸੈਨ ਨੇ ਆਪਣੀ ਪੁਸਤਕ ਸਿਆਰ-ਉਲ-ਮੁਤਖੈਰੀਨ ਵਿੱਚ ਇਸ ਦਾ ਕੋਈ ਉਲੇਖ ਨਹੀਂ ਕੀਤਾ। ਪ੍ਰੰਤੂ ਈਸਟ ਇੰਡੀਆ ਕੰਪਨੀ ਨੇ ਇਸ ਘਟਨਾ ਨੂੰ ਨਵਾਬ ਦੇ ਵਿਰੁੱਧ ਲਗਭਗ 7 ਸਾਲ ਤੱਕ ਚਲਦੇ ਰਹਿਣ ਵਾਲੇ ਹਮਲਾਵਰੀ ਯੁੱਧ ਦੇ ਪ੍ਰਚਾਰ ਲਈ ਕਾਰਣ ਬਣਾ ਕੇ ਰੱਖਿਆ ਅਤੇ ਅੰਗਰੇਜੀ ਜਨਤਾ ਦਾ ਸਮਰਥਨ ਪ੍ਰਾਪਤ ਕਰ ਲਿਆ। ਇਹ ਘਟਨਾ ਇਸ ਤੋਂ ਬਾਅਦ ਹੋਣ ਵਾਲ਼ੇ ਬਦਲੇ ਦੇ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ।

**ਪਲਾਸੀ ਦਾ ਯੁੱਧ (Battle of Plassy):** ਜਿਵੇਂ ਹੀ ਕਲਕੱਤਾ ਦੇ ਪਤਨ ਦੀ ਖਬਰ ਮਦਰਾਸ ਪਹੁੰਚੀ, ਉੱਥੇ ਦੇ ਅਧਿਕਾਰੀਆਂ ਨੇ ਇੱਕ ਸੈਨਾ ਜਿਹੜੀ ਓਨ੍ਹਾਂ ਨੇ ਫ਼੍ਰਾਂਸੀਸੀਆਂ ਦੇ ਵਿਰੁੱਧ ਯੁੱਧ ਲਈ ਗਠਿਤ ਕੀਤੀ ਸੀ, ਕਲਾਈਵ ਦੀ ਅਗਵਾਈ ਵਿੱਚ ਕਲਕੱਤੇ ਭੇਜ ਦਿੱਤੀ। ਕਲਾਈਵ ਨੂੰ ਆਪਣਾ ਕੰਮ ਜਲਦੀ ਤੋਂ ਜਲਦੀ ਪੂਰਾ ਕਰਣ ਲਈ ਕਿਹਾ ਗਿਆ ਕਿਓਂਕਿ ਇਹ ਸੈਨਾ ਫ਼੍ਰਾਂਸੀਸੀਆਂ ਦੇ ਵਿਰੁੱਧ ਯੁੱਧ ਲਈ ਮਦਰਾਸ ਵਿੱਚ ਚਾਹੀਦੀ ਸੀ। ਇਹ ਸੈਨਾ 16 ਅਕਤੂਬਰ ਨੂੰ ਮਦਰਾਸ ਤੋਂ ਚੱਲੀ ਅਤੇ 14 ਦਿਸੰਬਰ ਨੂੰ ਬੰਗਾਲ ਪਹੁੰਚੀ। ਨਵਾਬ ਦੇ ਪ੍ਰਭਾਰੀ ਅਧਿਕਾਰੀ ਮਾਣਿਕਚੰਦ ਨੇ ਰਿਸ਼ਵਤ ਲੈ ਕੇ, ਕਲਕੱਤਾ ਅੰਗਰੇਜਾਂ ਨੂੰ ਸੌਂਪ ਦਿੱਤਾ। ਫ਼ਰਵਰੀ 1757 ਵਿੱਚ ਨਵਾਬ ਨੇ ਕਲਾਈਵ ਤੋਂ ਅਲੀਨਗਰ (ਨਵਾਬ ਦੁਆਰਾ ਦਿੱਤਾ ਕਲਕੱਤਾ ਦਾ ਨਵਾਂ ਨਾਮ) ਦੀ ਸੰਧੀ ਤੇ ਹਸਤਾਖਰ ਕੀਤੇ। ਇਸਦੇ ਅਨੁਸਾਰ, ਅੰਗਰੇਜਾਂ ਨੂੰ ਵਪਾਰ ਦੇ ਪੁਰਾਣੇ ਅਧਿਕਾਰ ਮਿਲ ਗਏ ਜਿਸ ਵਿੱਚ ਕਲਕੱਤਾ ਦੀ ਕਿਲਾਬੰਦੀ ਕਰਣ ਦੀ ਵੀ ਆਗਿਆ ਪ੍ਰਾਪਤ ਹੋ ਗਈ। ਉਨ੍ਹਾਂ ਦੀ ਹਾਨੀ-ਪੂਰਤੀ ਦਾ ਵੀ ਪ੍ਰਣ ਕੀਤਾ ਗਿਆ। ਹੁਣ ਅੰਗਰੇਜ਼ ਹਮਲਾਵਰ ਦੀ ਭੂਮਿਕਾ ਵਿੱਚ ਸਨ। ਨਵਾਬ ਦੇ ਪ੍ਰਮੁੱਖ ਅਧਿਕਾਰੀ ਉਸ ਨਾਲ਼ ਅਸੰਤੁਸ਼ਟ ਸਨ। ਕਲਾਈਵ ਨੇ ਇਸ ਦਾ ਲਾਭ ਉਠਾ ਕੇ ਇੱਕ ਸ਼ਡਯੰਤਰ ਰਚਿਆ ਜਿਸ ਵਿੱਚ ਨਵਾਬ ਦਾ ਪ੍ਰਧਾਨ ਸੈਨਾਪਤੀ ਮੀਰ ਜਾਫਰ, ਬੰਗਾਲ ਦਾ ਇੱਕ ਪ੍ਰਭਾਵਸ਼ਾਲੀ ਸਾਹੂਕਾਰ ਜਗਤ ਸੇਠ, ਰਾਇਦੁਰਲਭ ਅਤੇ ਅਮੀਰਚੰਦ ਇੱਕ ਵਿਚੋਲੀਏ ਦੇ ਰੂਪ ਵਿੱਚ ਸ਼ਾਮਿਲ ਹੋਏ। ਤੈਅ ਹੋਇਆ ਕਿ ਮੀਰ ਜਾਫਰ ਨੂੰ ਨਵਾਬ ਬਣਾ ਦਿੱਤਾ ਜਾਵੇ ਅਤੇ ਉਹ ਇਸ ਲਈ ਕੰਪਨੀ ਨੂੰ ਕ੍ਰਿਤਾਰਥ ਕਰੇਗਾ ਅਤੇ ਉਸਦੇ ਨੁਕਸਾਨ ਦੀ ਪੂਰਤੀ ਵੀ ਕਰੇਗਾ।

ਅੰਗਰੇਜਾਂ ਨੇ ਮਾਰਚ 1757 ਵਿੱਚ ਫ਼੍ਰਾਂਸੀਸੀ ਬਸਤੀ ਚੰਦਰਨਗਰ ਨੂੰ ਜਿੱਤ ਲਿਆ। ਨਵਾਬ ਇਸ ਨਾਲ਼ ਬਹੁਤ ਗੁੱਸਾ ਹੋਇਆ। ਇੱਕ ਅਜਿਹੇ ਸਮੇਂ ਜਦੋਂ ਨਵਾਬ ਨੂੰ ਉੱਤਰ-ਪੱਛਮ ਤੋਂ ਅਫ਼ਗਾਨਾਂ ਅਤੇ ਪੱਛਮ ਵੱਲੋਂ ਮਰਾਠਿਆਂ ਦਾ ਡਰ ਸੀ, ਠੀਕ ਉਸੇ ਸਮੇਂ ਕਲਾਈਵ ਨੇ ਸੈਨਾ ਸਹਿਤ ਨਵਾਬ ਦੇ ਵਿਰੁੱਧ ਮੁਰਸ਼ਿਦਾਬਾਦ ਵੱਲ ਪ੍ਰਸਥਾਨ ਕੀਤਾ। 23 ਜੂਨ, 1757 ਨੂੰ ਵਿਰੋਧੀ ਸੈਨਾਵਾਂ ਮੁਰਸ਼ਿਦਾਬਾਦ ਦੇ ਦੱਖਣ ਵਿੱਚ 22 ਮੀਲ ਦੀ ਦੂਰੀ ਤੇ ਸਥਿਤ ਪਲਾਸੀ ਪਿੰਡ ਵਿੱਚ ਅੰਬਾਂ ਦੇ ਨਿਕੁੰਜ ਵਿੱਚ ਟਕਰਾਈਆਂ। ਅੰਗਰੇਜੀ ਸੈਨਾ ਵਿੱਚ 950 ਯੂਰਪੀ ਪੈਦਲ, 100 ਯੂਰਪੀ ਤੋਪਚੀ, 50 ਨਾਵਿਕ ਅਤੇ 2100 ਭਾਰਤੀ ਸੈਨਿਕ ਸਨ। ਨਵਾਬ ਦੀ 50,000 ਸੈਨਾ ਦੀ ਅਗਵਾਈ ਵਿਸ਼ਵਾਸਘਾਤੀ ਮੀਰ ਜਾਫ਼ਰ ਕਰ ਰਿਹਾ ਸੀ। ਨਵਾਬ ਦੀ ਇੱਕ ਅਗੇਤੀ ਟੁਕੜੀ, ਜਿਸਦੇ ਨੇਤਾ ਮੀਰ ਮਦਾਨ ਅਤੇ ਮੋਹਨ ਲਾਲ ਸਨ, ਅੰਗਰੇਜਾਂ ਤੋਂ ਬਾਜ਼ੀ ਲੈ ਗਈ ਅਤੇ ਉਸਨੇ ਕਲਾਈਵ ਨੂੰ ਰੁੱਖਾਂ ਪਿੱਛੇ ਸ਼ਰਣ ਲੈਣ ਲਈ ਮਜਬੂਰ ਕਰ ਦਿੱਤਾ। ਅਚਾਨਕ ਇੱਕ ਗੋਲ਼ੀ ਨਾਲ ਮੀਰ ਮਦਾਨ ਮਾਰਿਆ ਗਿਆ। ਨਵਾਬ ਸਿਰਾਜੁਦੌਲਾ ਨੇ ਆਪਣੇ ਪ੍ਰਮੁੱਖ ਅਧਿਕਾਰੀਆਂ ਨਾਲ਼ ਮਸ਼ਵਰਾ ਕੀਤਾ। ਮੀਰ ਜਾਫਰ ਨੇ ਉਸਨੂੰ ਪਿੱਛੇ ਹਟਣ ਲਈ ਕਿਹਾ ਅਤੇ ਇਹ ਵੀ ਕਿਹਾ ਗਿਆ ਕਿ ਸਿਰਾਜ ਨੂੰ ਸੈਨਾ ਦੀ ਅਗਵਾਈ ਜਰਨੈਲਾਂ ਦੇ ਹੱਥਾਂ ਵਿੱਚ ਛੱਡ ਕੇ ਰਣਖੇਤਰ ਤੋਂ ਚਲਾ ਜਾਣਾ ਚਾਹੀਦਾ ਹੈ। ਚਾਲ ਚੱਲ ਗਈ। ਸਿਰਾਜ 2000 ਘੁੜਸਵਾਰਾਂ ਸਹਿਤ ਮੁਰਸ਼ਿਦਾਬਾਦ ਚਲਾ ਗਿਆ। ਫ਼੍ਰਾਂਸੀਸੀ ਟੁਕੜੀ ਜਿਹੜੀ ਹੁਣ ਤੱਕ ਜਮੀ ਹੋਈ ਸੀ, ਜਲਦੀ ਹੀ ਹਾਰ ਗਈ। ਮੀਰ ਜਾਫਰ 25 ਜੂਨ ਨੂੰ ਮੁਰਸ਼ਿਦਾਬਾਦ ਚਲਾ ਗਿਆ ਅਤੇ ਉਸਨੇ ਆਪਣੇ ਆਪ ਨੂੰ ਨਵਾਬ ਘੋਸ਼ਿਤ ਕਰ ਦਿੱਤਾ। ਸਿਰਾਜ ਨੂੰ ਬੰਦੀ ਬਣਾ ਲਿਆ ਗਿਆ ਅਤੇ ਉਸਦੀ ਹੱਤਿਆ ਕਰ ਦਿੱਤੀ ਗਈ। ਮੀਰ ਜਾਫਰ ਨੇ ਅੰਗਰੇਜਾਂ ਨੂੰ ਓਨ੍ਹਾਂ ਦੀਆਂ

ਸੇਵਾਵਾਂ ਵਾਸਤੇ 24 ਪਰਗਨਾਂ ਦੀ ਜ਼ਮੀਂਦਾਰੀ ਨਾਲ਼ ਪੁਰਸਕ੍ਰਿਤ ਕੀਤਾ ਅਤੇ ਕਲਾਈਵ ਨੂੰ 2,34,000 ਪੌਂਡ ਦੀ ਨਿਜੀ ਭੇਂਟ ਦਿੱਤੀ। 50 ਲੱਖ ਰੁਪਏ ਸੈਨਾ ਅਤੇ ਨਾਵਿਕਾਂ ਨੂੰ ਇਨਾਮ ਦੇ ਰੂਪ ਵਿੱਚ ਦਿੱਤੇ। ਬੰਗਾਲ ਦੀਆਂ ਸਾਰੀਆਂ ਫ਼੍ਰਾਂਸੀਸੀ ਬਸਤੀਆਂ ਅੰਗਰੇਜਾਂ ਨੂੰ ਦੇ ਦਿੱਤੀਆਂ। ਇਹ ਵੀ ਨਿਸ਼ਚਿਤ ਹੋਇਆ ਕਿ ਭਵਿੱਖ ਵਿੱਚ ਅੰਗਰੇਜ਼ ਪਦਾਧਿਕਾਰੀਆਂ ਅਤੇ ਵਪਾਰੀਆਂ ਨੂੰ ਨਿਜੀ ਵਪਾਰ ਤੇ ਕੋਈ ਚੁੰਗੀ ਨਹੀਂ ਦੇਣੀ ਹੋਵੇਗੀ। ਇਸ ਤਰਾਂ 1756 ਵਿੱਚ ਹੋਈ ਹਾਨੀ ਲਈ ਅੰਗਰੇਜਾਂ ਦੀ ਪੂਰੀ ਹਾਨੀਪੂਰਤੀ ਕੀਤੀ ਗਈ।

**ਪਲਾਸੀ ਦੇ ਯੁੱਧ ਦਾ ਮਹੱਤਵ:** ਪਲਾਸੀ ਦੇ ਯੁੱਧ ਦਾ ਸਾਮਰਿਕ ਮਹੱਤਵ ਕੁਝ ਨਹੀਂ ਸੀ। ਇਹ ਇੱਕ ਛੋਟੀ ਜਿਹੀ ਝੜਪ ਸੀ ਜਿਸ ਵਿੱਚ ਕੰਪਨੀ ਦੇ ਕੁੱਲ 65 ਵਿਅਕਤੀ ਅਤੇ ਨਵਾਬ ਦੇ 500 ਵਿਅਕਤੀ ਕੰਮ ਆਏ। ਅੰਗਰੇਜਾਂ ਨੇ ਕਿਸੇ ਵਿਸ਼ੇਸ਼ ਸਾਮਰਿਕ ਯੋਗਤਾ ਅਤੇ ਚਤੁਰਾਈ ਦਾ ਪ੍ਰਦਰਸ਼ਨ ਨਹੀਂ ਕੀਤਾ। ਨਵਾਬ ਦੇ ਸਾਥੀਆਂ ਨੇ ਵਿਸ਼ਵਾਸਘਾਤ ਕੀਤਾ। ਮੀਰ ਮਦਾਨ ਦੇ ਵੀਰਗਤੀ ਨੂੰ ਪ੍ਰਾਪਤ ਹੋਣ ਤੋਂ ਬਾਅਦ ਵਿਸ਼ਵਾਸਘਾਤੀਆਂ ਦਾ ਹੀ ਬੋਲਬਾਲਾ ਸੀ। ਜੇਕਰ ਮੀਰ ਜਾਫਰ ਅਤੇ ਰਾਏ ਦੁਰਲਭ ਰਾਜਭਗਤ ਰਹਿੰਦੇ ਤਾਂ ਯੁੱਧ ਦਾ ਨਤੀਜਾ ਅਲੱਗ ਹੁੰਦਾ। ਸ਼ਾਇਦ ਕੂਟਨੀਤੀ ਵਿੱਚ ਕਲਾਈਵ ਦਕਸ਼ ਸੀ। ਉਸਨੇ ਜਗਤ ਸੇਠ ਨੂੰ ਡਰ ਦਿਖਾਇਆ, ਮੀਰ ਜਾਫਰ ਦੀ ਇੱਛਾਵਾਂ ਨੂੰ ਜਗਾਇਆ ਅਤੇ ਬਿਨਾਂ ਲੜੇ ਹੀ ਯੁੱਧ ਜਿੱਤ ਲਿਆ। ਕੇ.ਐੱਮ. ਪੰਨੀਕਰ ਦੇ ਅਨੁਸਾਰ ਇਹ ਇੱਕ ਸੌਦਾ ਸੀ ਜਿਸ ਵਿੱਚ ਬੰਗਾਲ ਦੇ ਧਨੀ ਸੇਠਾਂ ਅਤੇ ਮੀਰ ਜਾਫਰ ਨੇ ਨਵਾਬ ਨੂੰ ਅੰਗਰੇਜਾਂ ਦੇ ਹੱਥ ਵੇਚ ਦਿੱਤਾ।

ਪਲਾਸੀ ਦਾ ਯੁੱਧ ਉਸ ਤੋਂ ਬਾਅਦ ਹੋਣ ਵਾਲੀਆਂ ਘਟਨਾਵਾਂ ਦੇ ਕਾਰਣ ਹੀ ਮਹੱਤਵਪੂਰਣ ਹੈ। ਬੰਗਾਲ ਅੰਗਰੇਜਾਂ ਦੇ ਅਧੀਨ ਹੋ ਗਿਆ ਅਤੇ ਫਿਰ ਸੁਤੰਤਰ ਨਹੀਂ ਹੋ ਸਕਿਆ। ਨਵਾਂ ਨਵਾਬ ਮੀਰ ਜਾਫਰ ਆਪਣੀ ਰੱਖਿਆ ਅਤੇ ਪਦ ਦੇ ਲਈ ਅੰਗਰੇਜਾਂ ਤੇ ਨਿਰਭਰ ਸੀ। ਉਨ੍ਹਾਂ ਦੀ 6000 ਸੈਨਾ ਉਸਦੀ ਰੱਖਿਆ ਲਈ ਬੰਗਾਲ ਵਿੱਚ ਸਥਿਤ ਸੀ। ਹੌਲ਼ੀ-ਹੌਲ਼ੀ ਸਾਰੀ ਤਾਕਤ ਕੰਪਨੀ ਦੇ ਹੱਥਾਂ ਵਿੱਚ ਚਲੀ ਗਈ। ਉਸਦੀ ਅਸਮਰਥਤਾ ਦਾ ਅਨੁਮਾਨ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਉਹ ਦੀਵਾਨ ਰਾਏ ਦੁਰਲਭ ਅਤੇ ਰਾਮ ਨਾਰਾਯਣ ਨੂੰ ਉਨ੍ਹਾਂ ਦੇ ਵਿਸ਼ਵਾਸਘਾਤ ਲਈ ਸਜ਼ਾ ਦੇਣਾ ਚਾਹੁੰਦਾ ਸੀ ਪ੍ਰੰਤੂ ਕੰਪਨੀ ਨੇ ਉਸਨੂੰ ਰੋਕ ਦਿੱਤਾ। ਅੰਗਰੇਜ ਰੇਜ਼ੀਡੈਂਟ ਵਾਟਸ ਦਾ ਵਿਸ਼ੇਸ਼ ਪ੍ਰਭਾਵ ਸੀ। ਮੁਸਲਿਮ ਇਤਿਹਾਸਕਾਰ ਗੁਲਾਮ ਹੁਸੈਨ ਲਿਖਦਾ ਹੈ ਕਿ ਪਦ ਦੀ ਉੱਨਤੀ ਲਈ ਸਿਰਫ ਅੰਗਰੇਜ਼ ਦਾ ਸਮਰਥਨ ਜ਼ਰੂਰੀ ਸੀ। ਜਲਦੀ ਹੀ ਮੀਰ ਜਾਫਰ ਅੰਗਰੇਜਾਂ ਦੇ ਜੂਏ ਤੋਂ ਦੁਖੀ ਹੋ ਗਿਆ। ਉਹ ਡੱਚ ਲੋਕਾਂ ਨਾਲ਼ ਮਿਲ ਕੇ ਅੰਗਰੇਜਾਂ ਨੂੰ ਬਾਹਰ ਕੱਢ ਦੀ ਸਾਜ਼ਿਸ਼ ਰਚਣ ਲੱਗਾ। ਕਲਾਈਵ ਨੇ ਇਸ ਸਾਜ਼ਿਸ਼ ਨੂੰ ਨਵੰਬਰ 1759 ਵਿੱਚ, ਬੇਦਾਰਾ ਦੇ ਯੁੱਧ ਵਿੱਚ ਡੱਚ ਲੋਕਾਂ ਨੂੰ ਹਰਾ ਕੇ ਵਿਫ਼ਲ ਕਰ ਦਿੱਤਾ। ਜਦੋਂ ਮੀਰ ਜਾਫਰ ਨੇ ਭਾਵੀ ਘਟਨਾਵਾਂ ਨੂੰ ਸਮਝਣ ਤੋਂ ਇਨਕਾਰ ਕਰ ਦਿੱਤਾ ਤਾਂ 1760 ਵਿੱਚ ਉਸਨੂੰ ਕੰਪਨੀ ਦੇ ਮਨੋਨੀਤ ਵਿਅਕਤੀ ਮੀਰ ਕਾਸਿਮ ਲਈ ਪਦ ਛੱਡਣਾ ਪਿਆ।

ਪਲਾਸੀ ਦੇ ਯੁੱਧ ਅਤੇ ਉਸ ਤੋਂ ਬਾਅਦ ਹੋਣ ਵਾਲੀ ਲੁੱਟ ਨੇ (ਕਿਓਂਕਿ ਉਸ ਤੋਂ ਬਾਅਦ ਹੋਣ ਵਾਲੇ ਵਪਾਰ ਨੂੰ ਅਸੀਂ ਕੇਵਲ ਲੁੱਟ ਦਾ ਨਾਂ ਹੀ ਦੇ ਸਕਦੇ ਹਾਂ) ਅੰਗਰੇਜਾਂ ਨੂੰ ਅਨੰਤ ਸਾਧਨਾਂ ਦਾ ਸਵਾਮੀ ਬਣਾ ਦਿੱਤਾ। ਪਹਿਲੀ ਕਿਸ਼ਤ ਜੋ ਅੰਗਰੇਜਾਂ ਨੂੰ ਮਿਲੀ ਉਹ 8 ਲੱਖ ਪੌਂਡ ਦੀ ਸੀ ਜੋ ਚਾਂਦੀ ਦੇ ਸਿੱਕਿਆਂ ਦੇ ਰੂਪ ਵਿੱਚ ਸੀ। ਮੈਕਾਲੇ ਦੇ ਅਨੁਸਾਰ ਇਹ ਧਨ ਕਲਕੱਤਾ ਵਿੱਚ 100 ਤੋਂ ਜ਼ਿਆਦਾ ਕਿਸ਼ਤੀਆਂ ਵਿੱਚ ਭਰ ਕੇ ਲਿਆਂਦਾ ਗਿਆ। ਬੰਗਾਲ ਉਸ ਸਮੇਂ ਭਾਰਤ ਦਾ ਸਭ ਤੋਂ ਅਮੀਰ ਪ੍ਰਾਂਤ ਸੀ ਅਤੇ ਉਦਯੋਗ ਅਤੇ ਵਪਾਰ ਵਿੱਚ ਸਭ ਤੋਂ ਅੱਗੇ ਸੀ। 1767 ਵਿੱਚ ਵੇਰੇਲਸਟ ਲਿਖਦਾ ਹੈ ਕਿ ਬੰਗਾਲ ਸਾਰੇ ਭਾਰਤ ਦਾ ਵਪਾਰ ਕੇਂਦਰ ਹੈ ਜਿੱਥੇ ਸਾਰਾ ਧਨ ਖਿੱਚਿਆ ਆਓਂਦਾ ਹੈ। ਇੱਥੇ ਦੀਆਂ ਬਣੀਆਂ ਚੀਜ਼ਾਂ ਭਾਰਤ ਦੇ ਦੂਰ ਪ੍ਰਦੇਸ਼ਾਂ ਵਿੱਚ ਵਿਕਦੀਆਂ ਹਨ। ਬੰਗਾਲ ਦੇ ਇਸ ਅਨੰਤ ਧਨ ਦੀ ਮਦਦ ਨਾਲ਼ ਹੀ ਅੰਗਰੇਜਾਂ ਨੇ ਦੱਕਣ ਜਿੱਤ ਲਿਆ ਅਤੇ ਉੱਤਰੀ ਭਾਰਤ ਨੂੰ ਵੀ ਪ੍ਰਭਾਵ ਵਿੱਚ ਲੈ ਆਏ।

ਕੰਪਨੀ ਦੀ ਸਥਿਤੀ ਦਾ ਵੀ ਕਾਇਆਕਲਪ ਹੋ ਗਿਆ। ਪਹਿਲਾਂ ਉਹ ਬਹੁਤ ਸਾਰੀਆਂ ਵਿਦੇਸ਼ੀ ਕੰਪਨੀਆਂ ਵਿੱਚੋਂ ਇੱਕ ਸੀ ਜਿਸ ਨੂੰ ਨਵਾਬ ਦੇ ਅਧਿਕਾਰੀਆਂ ਨੂੰ ਧਨ ਦੇਣਾ ਪੈਂਦਾ ਸੀ। ਹੁਣ ਉਸਦਾ ਬੰਗਾਲ ਦੇ ਵਪਾਰ ਤੇ ਏਕਾਧਿਕਾਰ ਹੋ ਗਿਆ। ਫ਼੍ਰਾਂਸ ਨੂੰ ਦੁਬਾਰਾ ਆਪਣੀ ਖੋਈ ਹੋਈ ਸਥਿਤੀ ਪਾਓਣ ਦਾ ਮੌਕਾ ਨਹੀਂ ਮਿਲਿਆ। ਡੱਚਾਂ ਨੇ 1759 ਵਿੱਚ ਇੱਕ ਕੋਸ਼ਿਸ਼ ਕੀਤੀ ਅਤੇ ਮੂੰਹ ਦੀ ਖਾਈ। ਅੰਗਰੇਜ਼ ਵਪਾਰ ਦੇ ਏਕਾਧਿਕਾਰ ਤੋਂ ਰਾਜਨੀਤਿਕ ਏਕਾਧਿਕਾਰ ਵੱਲ ਵਧੇ।

ਭਾਰਤ ਦੇ ਭਾਗ ਵਿੱਚ ਪਲਾਸੀ ਦੇ ਯੁੱਧ ਦਾ ਬਹੁਤ ਪ੍ਰਭਾਵ ਪਿਆ। ਮਾਲੇਸਨ ਦੇ ਅਨੁਸਾਰ ਸ਼ਾਇਦ ਇਤਿਹਾਸ ਵਿੱਚ ਏਨਾ ਪ੍ਰਭਾਵਿਤ ਕਰਣ ਵਾਲ਼ਾ ਯੁੱਧ ਨਹੀਂ ਲੜਿਆ ਗਿਆ। ਇਹ ਅਤਿਸ਼ੋਕਤੀ ਹੈ ਜਦੋਂ ਉਹ ਅੱਗੇ ਚੱਲ ਕੇ ਕਹਿੰਦੇ ਹਨ ਕਿ ਇਸ ਯੁੱਧ ਦੇ ਕਾਰਣ ਇੰਗਲੈਂਡ ਮੁਸਲਿਮ ਸੰਸਾਰ ਦੀ ਸਭ ਤੋਂ ਵੱਡੀ ਤਾਕਤ ਬਣ ਗਿਆ। ਪਲਾਸੀ ਦੇ ਯੁੱਧ ਦੇ ਕਾਰਣ ਹੀ ਇੰਗਲੈਂਡ ਪੂਰਬੀ ਸਮੱਸਿਆ ਵਿੱਚ ਖਾਸ ਭੂਮਿਕਾ ਨਿਭਾਓਣ ਲੱਗਾ। ਇਸੇ ਕਾਰਣ ਹੀ ਉਸਨੂੰ ਮਾਰੀਸ਼ਸ ਅਤੇ ਆਸ਼ਾ ਅੰਤਰੀਪ ਨੂੰ ਜਿੱਤਣ ਅਤੇ ਆਪਣੀ ਬਸਤੀ ਬਣਾਓਣ ਲਈ ਬੰਧਿਤ ਹੋਣਾ ਪਿਆ ਅਤੇ ਮਿਸਰ ਨੂੰ ਆਪਣੀ ਰੱਖਿਆ ਵਿੱਚ ਲੈਣਾ ਪਿਆ। ਪ੍ਰੰਤੂ ਨਿਸ਼ਚੇ ਹੀ ਭਾਰਤ ਤੇ ਅਧਿਕਾਰ ਪ੍ਰਾਪਤ ਕਰਣ ਦੀ ਲੜੀ ਵਿੱਚ ਇਹ ਇੱਕ ਬਹੁਤ ਮਹੱਤਵਪੂਰਣ ਕੜੀ ਸੀ।

**ਸਵ-ਮੁੱਲਾਂਕਣ (Self Assessment)**

1. **ਸਹੀ ਵਿਕਲਪ ਚੁਣੋ- (Choose the correct option)**

   1. ਅੰਗਰੇਜਾਂ ਨੇ ਆਪਣੀ ਪਹਿਲੀ ਕੋਠੀ (ਗੁਦਾਮ) ਸਥਾਪਿਤ ਕੀਤੀ-

      (ਕ) ਸੰਨ 1651 ਵਿੱਚ (ਖ) 1653 ਵਿੱਚ (ਗ) 1654 ਵਿੱਚ (ਘ) 1660 ਵਿੱਚ

ਨੋਟ

2. 1717 ਵਿੱਚ ਕਿਸਨੇ ਪੁਰਾਣੇ ਸੂਬੇਦਾਰਾਂ ਦੁਆਰਾ ਦਿੱਤੀ ਗਈ ਪੁਰਾਣੀ ਰਿਆਇਤਾਂ ਨੂੰ ਦੁਬਾਰਾ ਸਵੀਕ੍ਰਿਤੀ ਦੇ ਦਿੱਤੀ-
   (ਕ) ਸਿਰਾਜੁਦੌਲਾ (ਖ) ਅਲੀਵਰਦੀ ਖਾਨ (ਗ) ਫਰੂੱਖਸੀਅਰ (ਘ) ਮੀਰ ਜਾਫਰ
3. ਕਿਸ ਨਵਾਬ ਨੇ ਅੰਗਰੇਜਾਂ ਦੀ ਤੁਲਨਾ ਮਧੂਮੱਖੀਆਂ ਨਾਲ਼ ਕੀਤੀ-
   (ਕ) ਮੀਰ ਜਾਫਰ (ਖ) ਅਲੀਵਰਦੀ ਖਾਨ (ਗ) ਸਿਰਾਜੂਦੌਲਾ (ਘ) ਮੀਰ ਕਾਸਿਮ
4. ਮੀਰ ਜਾਫਰ ਨੇ ਆਪਣੇ ਆਪ ਨੂੰ ਨਵਾਬ ਘੋਸ਼ਿਤ ਕੀਤਾ-
   (ਕ) 26 ਜੂਨ (ਖ) 28 ਜੂਨ (ਗ) 25 ਜੂਨ (ਘ) 24 ਜੂਨ
5. ਪਲਾਸੀ ਦਾ ਯੁੱਧ ਕਦੋਂ ਲੜਿਆ ਗਿਆ?
   (ਕ) 20 ਜੂਨ, 1757 (ਖ) 22 ਜੂਨ,1757 (ਗ) 23 ਜੂਨ 1757 (ਘ) 24 ਜੂਨ 1757

## 1.3 ਮੀਰ ਜਾਫਰ ਅਤੇ ਮੀਰ ਕਾਸਿਮ (Mir Jaffer and Mir Qasim)

**ਮੀਰ ਜਾਫਰ (1757-1760):**30 ਜੂਨ 1757 ਈ. ਨੂੰ ਕਲਾਈਵ ਨੇ ਮੁਰਸ਼ਿਦਾਬਾਦ ਵਿੱਚ ਮੀਰ ਜਾਫਰ ਨੂੰ ਬੰਗਾਲ ਦੇ ਨਵਾਬ ਦੇ ਪਦ ਤੇ ਆਸੀਨ ਕਰਵਾਇਆ।ਇਸੇ ਸਮੇਂ ਤੋਂ ਬੰਗਾਲ ਵਿੱਚ ਕੰਪਨੀ ਨੇ **ਨ੍ਰਪ ਨਿਰਮਾਤਾ** ਦੀ ਸ਼ੁਰੂਆਤ ਕੀਤੀ।ਬੰਗਾਲ ਦੀ ਨਵਾਬੀ ਪ੍ਰਾਪਤ ਕਰਨ ਕਾਰਣ ਮੀਰ ਜਾਫਰ ਨੇ ਕੰਪਨੀ ਨੂੰ '**24 ਪਰਗਨਾਂ**' ਦੀ ਜ਼ਿਮੀਂਦਾਰੀ ਪੁਰਸਕਾਰ ਦੇ ਰੂਪ ਵਿੱਚ ਦੇ ਦਿੱਤੀ। ਮੀਰ ਜਾਫਰ ਨੇ ਅੰਗਰੇਜਾਂ ਨੂੰ ਓਨ੍ਹਾਂ ਦੀ ਸੇਵਾ ਬਦਲੇ ਢੇਰ ਸਾਰਾ ਪੁਰਸਕਾਰ ਦਿੱਤਾ।ਕਲਾਈਵ ਨੂੰ ਉਸਨੇ 2 ਲੱਖ 34 ਹਜ਼ਾਰ ਪੌਂਡ ਦੀ ਵਿਅਕਤੀਗਤ ਭੇਂਟ, 50 ਲੱਖ ਰੁਪਿਆ ਸੈਨਾ ਅਤੇ ਨਾਵਿਕਾਂ ਨੂੰ ਪੁਰਸਕਾਰ ਦੇ ਰੂਪ ਵਿੱਚ ਅਤੇ ਬੰਗਾਲ ਦੀਆਂ ਸਾਰੀ ਫ਼੍ਰਾਂਸੀਸੀ ਬਸਤੀਆਂ ਨੂੰ ਜਾਫਰ ਨੇ ਅੰਗਰੇਜਾਂ ਨੂੰ ਸੌਂਪ ਦਿੱਤਾ।ਮੀਰ ਜਾਫਰ ਇੱਕ ਦੁਰਬਲ, ਦੁਵਿਧਾਗ੍ਰਸਤ ਅਤੇ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਅਖਮਤਾਵਾਂ ਨਾਲ ਯੁਕਤ ਵਿਅਕਤੀ ਸੀ ਜਿਸਦੇ ਕਾਰਣ ਜਲਦੀ ਹੀ ਉਸਦੇ ਹਿੰਦੂ ਸ਼ਕਤੀਸ਼ਾਲੀ ਸਹਿਯੋਗੀ ਰਾਜਾ ਰਾਮਨਾਰਾਇਣ (ਬਿਹਾਰ) ਅਤੇ ਦੀਵਾਨ ਦੁਰਲਭਰਾਏ ਉਸਦੇ ਵਿਰੋਧੀ ਬਣ ਗਏ। ਮੀਰ ਜਾਫਰ ਦੇ ਬਾਰੇ ਵਿੱਚ ਕਿਹਾ ਜਾਂਦਾ ਹੈ ਕਿ ਉਸਨੇ ਅੰਗਰੇਜਾਂ ਨੂੰ ਇੰਨਾ ਜ਼ਿਆਦਾ ਧਨ ਦਿੱਤਾ ਕਿ ਉਸਨੂੰ ਆਪਣੇ ਮਹਲ ਦੇ ਸੋਨੇ-ਚਾਂਦੀ ਦੇ ਬਰਤਨ ਵੀ ਵੇਚਣੇ ਪਏ। **ਕਰਨਲ ਮੇਲਸੇਨ** ਦੇ ਅਨੁਸਾਰ "ਕੰਪਨੀ ਦੇ ਅਧਿਕਾਰੀਆਂ ਦਾ ਇਹ ਉਦੇਸ਼ ਸੀ ਕਿ ਜਿੰਨਾ ਹੋ ਸਕੇ ਓਨਾ ਹੜੱਪ ਲਓ, ਮੀਰ ਜਾਫਰੂ ਇੱਕ ਸੋਨੇ ਦੀ ਬੋਰੀ ਦੇ ਰੂਪ ਵਿੱਚ ਇਸਤੇਮਾਲ ਕਰੋ ਅਤੇ ਜਦੋਂ ਇੱਛਾ ਹੋਵੇ ਓਸ ਵਿੱਚ ਹੱਥ ਪਾਓ।" ਕਾਲਾਂਤਰ ਵਿੱਚ ਮੀਰ ਜਾਫਰ ਦੇ ਸੰਬੰਧ ਅੰਗਰੇਜਾਂ ਨਾਲ਼ ਚੰਗੇ ਨਹੀਂ ਰਹੇ ਕਿਓਂਕਿ ਨਵਾਬ ਦੇ ਪ੍ਰਸ਼ਾਸਨਿਕ ਕੰਮਾਂ ਵਿੱਚ ਅੰਗਰੇਜਾਂ ਦਾ ਹਸਤਖੇਪ ਜ਼ਿਆਦਾ ਵਧ ਗਿਆ, ਨਾਲ਼ ਹੀ ਮੀਰ ਜਾਫਰ ਡੱਚਾਂ ਦੇ ਨਾਲ਼ ਅੰਗਰੇਜਾਂ ਵਿਰੁੱਧ ਸਾਜ਼ਿਸ਼ ਰਚਣ ਲੱਗਾ।ਅੰਗਰੇਜੀ ਸਰਕਾਰ ਦੇ ਖਰਚ ਵਿੱਚ ਹੋ ਰਹੇ ਦਿਨ-ਪ੍ਰਤੀਦਿਨ ਦੇ ਬੇਤਹਾਸ਼ਾ ਵਾਧੇ ਅਤੇ ਉਸ ਨੂੰ ਵਹਨ ਨਾ ਕਰ ਪਾਓਣ ਦੇ ਕਾਰਣ ਮੀਰ ਜਾਫਰ ਨੇ ਅਕਤੂਬਰ 1760 ਈ. ਵਿੱਚ ਆਪਣੇ ਦਾਮਾਦ **ਮੀਰ ਕਾਸਿਮ** ਦੇ ਪੱਖ ਵਿੱਚ ਸਿੰਘਾਸਨ ਤਿਆਗ ਦਿੱਤਾ।ਮੁਰਸ਼ਿਦਾਬਾਦ ਵਿੱਚ ਮੀਰ ਜਾਫਰ ਨੂੰ 'ਕਰਨਲ ਕਲਾਈਵ ਦਾ ਗਿੱਦੜ' ਕਿਹਾ ਜਾਂਦਾ ਸੀ। ਮੀਰ ਜਾਫਰ ਦੇ ਸ਼ਾਸਨ ਕਾਲ ਵਿੱਚ ਹੀ ਅੰਗਰੇਜਾਂ ਨੇ 'ਵੰਡੋ ਅਤੇ ਰਾਜ ਕਰੋ' ਦੀ ਨੀਤੀ ਨੂੰ ਜਨਮ ਦਿੰਦੇ ਹੋਏ ਇੱਕ ਗੁੱਟ ਨੂੰ ਦੂਜੇ ਗੁੱਟ ਨਾਲ਼ ਲੜਾਓਣ ਦੀ ਸ਼ੁਰੂਆਤ ਕੀਤੀ।ਕਲਾਈਵ ਦੇ ਪ੍ਰਤੀ ਕ੍ਰਿਤੱਗਤਾ ਜ਼ਾਹਿਰ ਕਰਣ ਲਈ ਮੀਰ ਜਾਫਰ ਨੇ ਤਤਕਾਲੀਨ ਮੁਗਲ ਬਾਦਸ਼ਾਹ ਆਲਮਗੀਰ ਦੂਜੇ ਤੋਂ ਕਲਾਈਵ ਨੂੰ ਉਮਰਾ ਦੀ ਉਪਾਧੀ ਅਤੇ 24 ਪਰਗਨਾਂ ਦੀ ਜ਼ਿਮੀਂਦਾਰੀ ਪ੍ਰਦਾਨ ਕਰਵਾਈ।24 ਪਰਗਨਾਂ ਦੀ ਜਗੀਰ ਨੂੰ 'ਕਲਾਈਵ ਦੀ ਜਗੀਰ' ਦੇ ਨਾਂ ਨਾਲ਼ ਜਾਣਿਆ ਜਾਂਦਾ ਸੀ।

**ਮੀਰਕਾਸਿਮ (1760-1765):** ਮੀਰਕਾਸਿਮ ਅਲੀਵਰਦੀ ਦੇ ਉੱਤਰਾਧਕਾਰੀਆਂ ਵਿੱਚ ਸਰਵਾਧਿਕ ਯੋਗ ਸੀ। ਰਾਜ ਮਿਲਣ ਦੇ ਬਾਅਦ ਉਸਨੂੰ ਮੁਗਲ ਸਮਰਾਟ ਸ਼ਾਹ ਆਲਮ ਦੁਆਰਾ ਬਿਹਾਰ ਉੱਤੇ(1760-61) ਹਮਲੇ ਦਾ ਸਾਮਣਾ ਕਰਨਾ ਪਿਆ, ਕੰਪਨੀ ਦੀ ਸੈਨਾ ਨੇ ਸਮਰਾਟ ਨੂੰ ਹਰਾ ਕੇ ਉਸਦੀ ਹਾਲਤ ਨੂੰ ਤਰਸਯੋਗ ਬਣਾ ਦਿੱਤਾ।ਨਵਾਬੀ ਪਾਓਣ ਤੋਂ ਬਾਅਦ ਮੀਰਕਾਸਿਮ ਨੇ ਬੇਸੀਟਾਰਟ ਨੂੰ 5 ਲੱਖ, ਹਾਲਵੈਲ ਨੂੰ 2 ਲੱਖ, 70 ਹਜ਼ਾਰ ਅਤੇ ਕਰਨਲ ਕੇ. ਲਾਰਡ ਨੂੰ 4 ਲੱਖ ਰੁਪਏ ਉਪਹਾਰ ਵਜੋਂ ਦਿੱਤੇ। ਕੰਪਨੀ ਅਤੇ ਉਸਦੇ ਅਧਿਕਾਰੀਆਂ ਨੂੰ ਭਰਪੂਰ ਮਾਤਰਾ ਵਿੱਚ ਧਨ ਦੇ ਕੇ ਮੀਰਕਾਸਿਮ ਨੇ ਅੰਗਰੇਜਾਂ ਦੇ ਹਸਤਖੇਪ ਤੋਂ ਬਚਣ ਲਈ ਜਲਦੀ ਹੀ ਆਪਣੀ ਰਾਜਧਾਨੀ ਨੂੰ ਮੁਰਸ਼ਿਦਾਬਾਦ ਤੋਂ ਮੁੰਗੇਰ ਹਸਤਾਂਤਰਿਤ ਕਰ ਲਿਆ। ਮੀਰਕਾਸਿਮ ਨੇ ਰਾਜਸਵ ਪ੍ਰਸ਼ਾਸਨ ਵਿੱਚ ਵਿਆਪਤ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਣ ਅਤੇ ਆਮਦਨੀ ਵਧਾਓਣ ਲਈ ਕਈ ਉਪਾਅ ਅਪਣਾਏ ਜਿਸ ਵਿੱਚ ਪ੍ਰਮੁੱਖ ਹਨ- ਜ਼ਿਆਦਾ ਧਨ ਵਾਲ਼ਿਆਂ ਦੇ ਧਨ ਜ਼ਬਤ ਕਰਨਾ,ਸਰਕਾਰੀ ਖ਼ਰਚ ਵਿੱਚ ਕਟੌਤੀ, ਕਰਮਚਾਰੀਆਂ ਦੀ ਛੰਟਣੀ, ਨਵੇਂ ਜ਼ਿਮੀਂਦਾਰਾਂ ਤੋਂ ਬਕਾਇਆ ਧਨ ਦੀ ਵਸੂਲੀ ਆਦਿ। ਮੀਰਕਾਸਿਮ ਨੇ ਬਿਹਾਰ ਦੇ ਨਾਇਬ ਸੂਬੇਦਾਰ ਰਾਮਨਾਰਾਇਣ ਨੂੰ ਉਸਦੇ ਪਦ ਤੋਂ ਬਰਖ਼ਾਸਤ ਕਰ ਕੇ ਉਸਦੀ ਹੱਤਿਆ ਕਰਵਾ ਦਿੱਤੀ ਕਿਓਂਕਿ ਓਹ ਬਿਹਾਰ ਦੀ ਆਮਦਨੀ ਅਤੇ ਖ਼ਰਚ ਦਾ ਬਿਓਰਾ ਦੇਣ ਨੂੰ ਤਿਆਰ ਨਹੀਂ ਸੀ।ਸੈਨਿਕ ਵਿਵਸਥਾ ਵਿੱਚ ਸੁਧਾਰ ਕਰਣ ਦੇ ਉਦੇਸ਼ ਨਾਲ਼ ਮੀਰਕਾਸਿਮ ਨੇ ਆਪਣੇ ਸੈਨਿਕਾਂ ਦੀ ਗਿਣਤੀ ਵਿੱਚ ਵਾਧਾ ਕੀਤਾ, ਨਾਲ਼ ਹੀ ਓਨ੍ਹਾਂ ਨੂੰ ਯੂਰਪੀ

ਢੰਗ ਨਾਲ਼ ਸਿੱਖਿਆ ਦਿਲਵਾਈ। ਇਸਨੇ ਆਪਣੀ ਸੈਨਾ ਨੂੰ ਗੁਰਗਿਨ ਖ਼ਾਨ ਨਾਮਕ ਆਰਮੇਨਿਆਈ ਦੇ ਨਿਯੰਤਰਣ ਵਿੱਚ ਰੱਖਿਆ। ਮੁੰਗੇਰ ਵਿੱਚ ਮੀਰ ਕਾਸਿਮ ਨੇ ਤੋਪਾਂ ਅਤੇ ਤੋੜੇਦਾਰ ਬੰਦੂਕਾਂ ਦੇ ਨਿਰਮਾਣ ਹੇਤੂ ਕਾਰਖ਼ਾਨੇ ਦੀ ਸਥਾਪਨਾ ਕੀਤੀ।

1717 ਵਿੱਚ ਮੁਗਲ ਬਾਦਸ਼ਾਹ ਦੁਆਰਾ ਪ੍ਰਦੱਤ ਵਪਾਰਕ ਫ਼ਰਮਾਨ ਦਾ ਇਸ ਸਮੇਂ ਬੰਗਾਲ ਵਿੱਚ ਦੁਰਉਪਯੋਗ ਹੁੰਦਾ ਵੇਖ ਕੇ ਨਵਾਬ ਮੀਰਕਾਸਿਮ ਨੇ ਅੰਦਰੂਨੀ ਵਪਾਰ ਉੱਤੇ ਹਰ ਤਰਾਂ ਦੀ ਵਸੂਲੀ ਬੰਦ ਕਰਵਾ ਦਿੱਤੀ।

1762 ਵਿੱਚ ਮੀਰਕਾਸਿਮ ਦੁਆਰਾ ਖ਼ਤਮ ਕੀਤੀ ਗਈ ਵਪਾਰਕ ਚੁੰਗੀ ਅਤੇ ਕਰ ਦਾ ਲਾਭ ਹੁਣ ਭਾਰਤੀਆਂ ਨੂੰ ਵੀ ਮਿਲਣ ਲੱਗਾ। ਪਹਿਲਾਂ ਇਹ ਲਾਭ 1717 ਦੇ ਫ਼ਰਮਾਨ ਦੁਆਰਾ ਸਿਰਫ਼ ਕੰਪਨੀ ਨੂੰ ਮਿਲਦਾ ਸੀ, ਕੰਪਨੀ ਨੇ ਚੁਣਾਵ ਦੇ ਇਸ ਨਿਰਣੇ ਨੂੰ ਆਪਣੇ ਵਿਸ਼ੇਸ਼ਾਧਿਕਾਰ ਦੀ ਅਵਹੇਲਣਾ ਦੇ ਰੂਪ ਵਿੱਚ ਲਿਆ। ਫ਼ਲਸਰੂਪ ਸੰਘਰਸ਼ ਦੀ ਸ਼ੁਰੂਆਤ ਹੋਈ। ਜ਼ੁਲਾਈ 1763 ਵਿੱਚ ਮੀਰਕਾਸਿਮ ਨੂੰ ਕੰਪਨੀ ਨੇ ਬਰਖ਼ਾਸਤ ਕਰ ਕੇ ਮੀਰ ਜਾਫਰ ਨੂੰ ਫ਼ਿਰ ਬੰਗਾਲ ਦਾ ਨਵਾਬ ਬਣਾਇਆ। 19 ਜੁਲਾਈ, 1763 ਨੂੰ ਮੀਰਕਾਸਿਮ ਅਤੇ ਐਡਮਸ ਦੀ ਅਗਵਾਈ ਵਿੱਚ ਕਰਵਾ ਨਾਮਕ ਸਥਾਨ ਤੇ **'ਕਰਵਾ ਦਾ ਯੁੱਧ'** ਹੋਇਆ ਜਿਸ ਵਿੱਚ ਨਵਾਬ (ਅਪਦਸਥ) ਹਾਰ ਗਿਆ। ਕਰਵਾ ਦੇ ਯੁੱਧ ਤੋਂ ਬਾਅਦ ਅਤੇ ਬਕਸਰ ਦੇ ਯੁੱਧ ਤੋਂ ਪਹਿਲਾਂ ਮੀਰਕਾਸਿਮ ਨੂੰ ਅੰਗਰੇਜਾਂ ਨੇ ਤਿੰਨ ਵਾਰ ਹਰਾਇਆ, ਫ਼ਲਸਰੂਪ ਮੀਰਕਾਸਿਮ ਨੇ ਮੁੰਗੇਰ ਛੱਡ ਕੇ ਪਟਨਾ ਵਿੱਚ ਸ਼ਰਣ ਲਈ। 1763 ਵਿੱਚ ਹੋਏ ਪਟਨਾ ਹੱਤਿਆਕਾਂਡ, ਜਿਸ ਵਿੱਚ ਕਈ ਅੰਗਰੇਜ਼ ਮਾਰੇ ਗਏ, ਨਾਲ਼ ਮੀਰਕਾਸਿਮ ਪ੍ਰਤੱਖ ਰੂਪ ਨਾਲ਼ ਜੁੜਿਆ ਹੋਇਆ ਸੀ। ਅੰਗਰੇਜਾਂ ਤੋਂ ਬਾਰ-ਬਾਰ ਹਾਰਣ ਦੇ ਕਾਰਣ ਮੀਰਕਾਸਿਮ ਨੇ ਇੱਕ ਸੈਨਿਕ ਗਠਬੰਧਨ ਬਣਾਓਣ ਦੀ ਕੋਸ਼ਿਸ਼ ਕੀਤੀ। ਕਾਲਾਂਤਰ ਵਿੱਚ ਮੁਗਲ ਸਮਰਾਟ ਸ਼ਾਹਆਲਮ ਦੂਜੇ, ਅਵਧ ਦੇ ਨਵਾਬ ਸ਼ੁਜਾਊਦੌਲਾ ਅਤੇ ਮੀਰਕਾਸਿਮ ਨੇ ਮਿਲ ਕੇ ਅੰਗਰੇਜਾਂ ਦੇ ਵਿਰੁੱਧ ਇੱਕ ਸੈਨਿਕ ਗਠਬੰਧਨ ਦਾ ਨਿਰਮਾਣ ਕੀਤਾ।

## 1.4 ਕਲਾਈਵ ਦਾ ਦੂਜਾ ਸ਼ਾਸਨ ਅਤੇ 1757 ਤੋਂ 1772 ਵਿਚਕਾਰ ਬੰਗਾਲ ਵਿੱਚ ਅੰਗਰੇਜ਼ (Clive's 2nd Governorship and English in Bengal from 1757-1772)

**ਬੰਗਾਲ ਦੀ ਵਿਵਸਥਾ: ਦੋਹਰੀ ਪ੍ਰਣਾਲੀ** (Settlment of Bengal: The Dual System): ਕਲਾਈਵ ਨੇ ਬੰਗਾਲ ਦੀ ਉਲਝਣ ਨੂੰ ਕੁਖਿਆਤ ਦੋਹਰੀ ਪ੍ਰਣਾਲੀ ਨਾਲ਼ ਸੁਲਝਾਓਣ ਦੀ ਕੋਸ਼ਿਸ਼ ਕੀਤੀ। ਇਸ ਵਿੱਚ ਅਸਲ ਸ਼ਕਤੀ ਤਾਂ ਕੰਪਨੀ ਕੋਲ਼ ਸੀ ਪੰਤੂ ਪ੍ਰਸ਼ਾਸਨ ਦਾ ਭਾਰ ਨਵਾਬ ਦੇ ਮੋਢਿਆਂ ਤੇ ਸੀ।

ਮੁਗਲ ਸਾਮਰਾਜ ਦੇ ਸਵਰਣ ਕਾਲ ਤੋਂ ਹੀ ਪ੍ਰਾਂਤਾਂ ਵਿੱਚ ਦੋ ਮੁੱਖ ਅਧਿਕਾਰੀ ਹੁੰਦੇ ਸਨ, ਸੂਬੇਦਾਰ ਅਤੇ ਦੀਵਾਨ। ਸੂਬੇਦਾਰ ਦਾ ਕੰਮ ਨਿਜਾਮਤ ਅਰਥਾਤ ਸੈਨਿਕ ਸੰਰਕਸ਼ਣ, ਪੁਲਿਸ ਅਤੇ ਫੌਜਦਾਰੀ ਕਾਨੂੰਨ ਲਾਗੂ ਕਰਨਾ, ਅਤੇ ਦੀਵਾਨ ਦਾ ਕੰਮ ਕਰ ਵਿਵਸਥਾ ਅਤੇ ਦੀਵਾਨੀ ਕਾਨੰਨ ਲਾਗੂ ਕਰਨਾ ਸੀ। ਇਹ ਦੋਵੇਂ ਅਧਿਕਾਰੀ ਇੱਕ ਦੂਜੇ ਤੇ ਨਿਯੰਤਰਣ ਦਾ ਕੰਮ ਵੀ ਕਰਦੇ ਸਨ ਅਤੇ ਸਿੱਧੇ ਕੇਂਦਰੀ ਸਰਕਾਰ ਦੇ ਪ੍ਰਤੀ ਉੱਤਰਦਾਈ ਸਨ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਮੁਗਲ ਸੱਤਾ ਕਮਜ਼ੋਰ ਹੋ ਗਈ ਅਤੇ ਬੰਗਾਲ ਦਾ ਨਵਾਬ ਮੁਰਸ਼ੀਦ ਕੁਲੀ ਖ਼ਾਨ ਦੀਵਾਨੀ ਅਤੇ ਨਿਜਾਮਤ ਦੋਵੇਂ ਕੰਮ ਕਰਦਾ ਸੀ।

12 ਅਗਸਤ, 1756 ਦੇ ਫ਼ਰਮਾਨ ਅਨੁਸਾਰ ਆਲਮ ਨੇ 26 ਲੱਖ ਰੁਪਏ ਸਾਲਾਨਾ ਦੇ ਬਦਲੇ ਦੀਵਾਨੀ ਦਾ ਭਾਰ ਕੰਪਨੀ ਨੂੰ ਸੌਂਪ ਦਿੱਤਾ। ਕੰਪਨੀ ਨੂੰ 53 ਲੱਖ ਰੁਪਏ ਨਿਜਾਮਤ ਦੇ ਕੰਮ ਵਾਸਤੇ ਵੀ ਦੇਣੇ ਸਨ। ਫ਼ਰਵਰੀ 1756 ਵਿੱਚ ਆਪਣੇ ਪਿਤਾ ਮੀਰ ਜਾਫਰ ਦੀ ਮੌਤ ਤੇ ਨਿਜਮੁਦੌਲਾ ਨੂੰ ਨਵਾਬ ਬਣਾਓਣ ਦੀ ਆਗਿਆ ਦੇ ਦਿੱਤੀ ਗਈ ਪ੍ਰੰਤੂ ਸ਼ਰਤ ਇਹ ਸੀ ਕਿ ਨਿਜਾਮਤ ਦੇ ਲਗਭਗ ਸਾਰੇ ਕੰਮ ਦਾ ਭਾਰ, ਅਰਥਾਤ ਸੈਨਿਕ ਸੰਰਕਸ਼ਣ ਅਤੇ ਵਿਦੇਸ਼ੀ ਮਾਮਲੇ ਪੂਰੀ ਤਰ੍ਹਾਂ ਕੰਪਨੀ ਦੇ ਹੱਥਾਂ ਵਿੱਚ ਅਤੇ ਦੀਵਾਨੀ ਮਾਮਲੇ ਡਿਪਟੀ ਸੂਬੇਦਾਰ, ਜਿਨ੍ਹਾਂ ਨੂੰ ਕੰਪਨੀ ਮਨੋਨੀਤ ਕਰੇਗੀ ਅਤੇ ਜਿਸ ਨੂੰ ਕੰਪਨੀ ਦੀ ਆਗਿਆ ਤੋਂ ਬਿਨਾਂ ਹਟਾਇਆ ਨਹੀਂ ਜਾਵੇਗਾ, ਸੌਂਪ ਦੇਵੇ। ਇਸ ਤਰਾਂ ਕੰਪਨੀ ਨੂੰ ਮੁਗਲ ਸਮਰਾਟ ਤੋਂ ਦੀਵਾਨੀ ਅਤੇ ਬੰਗਾਲ ਦੇ ਸੂਬੇਦਾਰ ਤੋਂ ਨਿਜਾਮਤ ਦੇ ਕੰਮ ਦਾ ਭਾਰ ਮਿਲ ਗਿਆ।

ਇਸ ਸਮੇਂ ਕੰਪਨੀ ਸਿੱਧੇ ਕਰ ਇੱਕਠੇ ਕਰਣ ਦਾ ਭਾਰ ਨਾ ਤਾਂ ਲੈਣਾ ਚਾਹੁੰਦੀ ਸੀ ਅਤੇ ਨਾ ਹੀ ਉਸ ਕੋਲ਼ ਏਨੀ ਖਮਤਾ ਸੀ। ਕੰਪਨੀ ਨੇ ਦੀਵਾਨੀ ਕੰਮਾਂ ਦੇ ਲਈ ਦੋ ਉਪਦੀਵਾਨ, ਬੰਗਾਲ ਦੇ ਲਈ ਮੁਹੰਮਦ ਰਜ਼ਾ ਖ਼ਾਂ ਅਤੇ ਬਿਹਾਰ ਲਈ ਰਾਜਾ ਸ਼ਿਰਾਜ਼ ਖ਼ਾਂ ਨਿਯੁਕਤ ਕਰ ਦਿੱਤੇ । ਮੁਹੰਮਦ ਰਜ਼ਾ ਖ਼ਾਂ ਉਪਦੀਵਾਨ ਦੇ ਰੂਪ ਵਿੱਚ ਵੀ ਕੰਮ ਕਰਦਾ ਸੀ। ਇਸ ਤਰਾਂ ਸਾਰੀ ਦੀਵਾਨੀ ਅਤੇ ਨਿਜਾਮਤ ਦਾ ਭਾਰ ਭਾਰਤੀਆਂ ਦੁਆਰਾ ਹੀ ਚਲਦਾ ਸੀ ਜਦੋਂ ਕਿ ਜ਼ਿੰਮੇਵਾਰੀ ਕੰਪਨੀ ਦੀ ਸੀ। ਇਸ ਵਿਵਸਥਾ ਨੂੰ ਦੋਹਰੀ ਪ੍ਰਣਾਲੀ ਦਾ ਨਾਂ ਦਿੱਤਾ ਗਿਆ ਅਰਥਾਤ ਦੋ ਰਾਜੇ, ਕੰਪਨੀ ਅਤੇ ਨਵਾਬ। ਵਿਵਹਾਰਿਕ ਰੂਪ ਵਿੱਚ ਇਹ ਵਿਵਸਥਾ ਖੋਖਲੀ ਸਿੱਧ ਹੋਈ ਕਿਓਂਕਿ ਸਾਰੀ ਸ਼ਕਤੀ ਤਾਂ ਕੰਪਨੀ ਕੋਲ਼ ਸੀ ਅਤੇ ਭਾਰਤੀ ਅਧਿਕਾਰੀ ਕੇਵਲ ਬਾਹਰੀ ਮੁਖੌਟਾ ਮਾਤਰ ਹੀ ਸਨ।

**ਕਲਾਈਵ ਦੀ ਦੋਹਰੀ ਪ੍ਰਦਾਲੀ ਦਾ ਮਤਲਬ:** ਕਲਾਈਵ ਸਮਝਦਾ ਸੀ ਕਿ ਸਾਰੀ ਸ਼ਕਤੀ ਕੰਪਨੀ ਕੋਲ਼ ਹੈ ਅਤੇ ਨਵਾਬ ਦੇ ਕੋਲ਼ ਸੱਤਾ ਦੀ ਕੇਵਲ ਛਾਂ ਹੀ ਹੈ। ਉਸਨੇ ਚੁਣਾਵ ਸਮਿਤੀ ਨੂੰ ਲਿਖਿਆ ਸੀ: "ਇਹ ਨਾਮ, ਇਹ ਛਾਂ ਜ਼ਰੂਰੀ ਹੈ ਅਤੇ ਸਾਨੂੰ ਇਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ।" ਇਸ ਦੇ ਪੱਖ ਵਿੱਚ ਉਸਨੇ ਨਿਮਨਲਿਖਿਤ ਕਾਰਣ ਦਿੱਤੇ:-

1. ਜੇਕਰ ਕੰਪਨੀ ਸੱਪਸ਼ਟ ਰੂਪ ਨਾਲ਼ ਰਾਜਨੀਤਿਕ ਸੱਤਾ ਹੱਥ ਵਿੱਚ ਲੈ ਲੈਂਦੀ ਹੈ ਤਾਂ ਉਸਦਾ ਅਸਲੀ ਰੂਪ ਲੋਕਾਂ ਸਾਹਮਣੇ ਆ ਜਾਵੇਗਾ ਅਤੇ ਸ਼ਾਇਦ ਸਾਰੇ ਭਾਰਤੀ ਇਸ ਦੇ ਵਿਰੋਧ ਵਿੱਚ ਇੱਕਠੇ ਹੋ ਜਾਣ।

ਨੋਟ

2. ਸ਼ਾਇਦ ਫ਼੍ਰਾਂਸੀਸੀ, ਡੱਚ ਅਤੇ ਡੇਨ, ਵਿਦੇਸ਼ੀ ਕੰਪਨੀਆਂ ਸੁਗਮਤਾ ਨਾਲ਼ ਕੰਪਨੀ ਦੀ ਸੂਬੇਦਾਰੀ ਨੂੰ ਸਵੀਕਾਰ ਨਹੀਂ ਕਰਣਗੀਆਂ ਅਤੇ ਕੰਪਨੀ ਨੂੰ ਓਹ ਕਰ ਆਦਿ ਨਹੀਂ ਦੇਣਗੀਆਂ ਜੋ ਨਵਾਬ ਦੇ ਫ਼ਰਮਾਨਾਂ ਅਨੁਸਾਰ ਓਨ੍ਹਾਂ ਨੇ ਦੇਣੇ ਹੁੰਦੇ ਸਨ।
3. ਸਪੱਸ਼ਟ ਰਾਜਨੀਤਿਕ ਸੱਤਾ ਹੱਥ ਵਿੱਚ ਲੈਣ ਨਾਲ਼, ਇੰਗਲੈਂਡ ਅਤੇ ਵਿਦੇਸ਼ੀ ਕੰਪਨੀਆਂ ਵਿੱਚ ਕੜਵਾਹਟ ਆ ਜਾਂਦੀ ਅਤੇ ਸ਼ਾਇਦ ਇਹ ਸਾਰੀਆਂ ਤਾਕਤਾਂ ਇੰਗਲੈਂਡ ਦੇ ਵਿਰੁੱਧ ਇੱਕ ਮੋਰਚਾ ਖੜਾ ਕਰ ਲੈਂਦੀਆਂ ਜਿਵੇਂ ਕਿ 1778–80 ਵਿੱਚ ਅਮਰੀਕੀ ਸੁਤੰਤਰਤਾ ਸੰਗਰਾਮ ਦੇ ਸਮੇਂ ਹੋਇਆ।
4. ਇੰਗਲੈਂਡ ਕੋਲ਼ ਅਜਿਹੇ ਪ੍ਰਸਿਖਿੱਅਤ ਅਧਿਕਾਰੀ ਵੀ ਨਹੀਂ ਸਨ ਜੋ ਸ਼ਾਸਨ ਦਾ ਭਾਰ ਸੰਭਾਲ ਲੈਂਦੇ। ਕਲਾਈਵ ਨੇ ਇੰਗਲੈਂਡ ਵਿੱਚ ਅਧਿਕਾਰੀਆਂ ਨੂੰ ਇਹ ਲਿਖਿਆ ਸੀ ਕਿ ਜੇਕਰ ਸਾਡੇ ਕੋਲ਼ ਤਿੰਨ ਗੁਣਾ ਵੀ ਪ੍ਰਸ਼ਾਸਨਿਕ ਸੇਵਾ ਕਰਣ ਵਾਲ਼ੇ ਲੋਕ ਹੋਣ ਤਾਂ ਵੀ ਉਹ ਇਸ ਕੰਮ ਲਈ ਕਾਫ਼ੀ ਨਹੀਂ ਹੋਣਗੇ। ਜੋ ਕੁਝ ਲੋਕ ਕੰਪਨੀ ਕੋਲ਼ ਸਨ, ਉਹ ਭਾਰਤੀ ਰੀਤੀ–ਰਿਵਾਜ਼ਾਂ ਅਤੇ ਭਾਸ਼ਾ ਤੋਂ ਅਣਜਾਣ ਸਨ।
5. ਕੋਰਟ ਓਫ਼ ਡਾਇਰੈਕਟਰਜ਼ ਓਸ ਸਮੇਂ ਸਾਰੇ ਪ੍ਰਦੇਸ਼ ਨੂੰ ਲੈ ਲੈਣ ਦੇ ਪੱਖ ਵਿੱਚ ਨਹੀਂ ਸਨ। ਕਿਓਂਕਿ ਇਸ ਲਾਲ਼ ਕੰਪਨੀ ਦੇ ਵਪਾਰ ਵਿੱਚ ਰੁਕਾਵਟ ਪੈਣ ਦੀ ਸੰਭਾਵਨਾ ਸੀ। ਉਹ ਲੋਕ ਪ੍ਰਦੇਸ਼ ਦੇ ਸਥਾਨ ਤੇ ਧਨ ਵਿੱਚ ਜ਼ਿਆਦਾ ਰੂਚੀ ਰੱਖਦੇ ਸਨ।
6. ਕਲਾਈਵ ਇਹ ਵੀ ਸਮਝਦਾ ਸੀ ਕਿ ਜੇਕਰ ਉਹ ਬੰਗਾਲ ਦੀ ਰਾਜਨੀਤਿਕ ਸੱਤਾ ਹੱਥ ਵਿੱਚ ਲੈ ਲੈਂਦਾ ਤਾਂ ਸ਼ਾਇਦ ਅੰਗਰੇਜੀ ਸੰਸਦ ਕੰਪਨੀ ਦੇ ਕੰਮ ਵਿੱਚ ਹਸਤਖੇਪ ਕਰਨਾ ਸ਼ੁਰੂ ਕਰ ਦਿੰਦੀ।

**ਦੋਹਰੀ ਪ੍ਰਣਾਲੀ ਦੇ ਦੁਸ਼ਪਰਿਣਾਮ:** ਪ੍ਰਸ਼ਾਸਨ ਦੀ ਜੋ ਵਿਵਸਥਾ ਕਲਾਈਵ ਨੇ ਸਥਾਪਿਤ ਕੀਤੀ ਉਹ ਅਪਮ੍ਰਾਵੀ ਅਤੇ ਅਵਿਵਹਾਰਿਕ ਸੀ ਅਤੇ ਇਸ ਨੇ ਬੰਗਾਲ ਵਿੱਚ ਅਪਰਾਜਕਤਾ ਅਤੇ ਭਿੰਨਤਾ ਫੈਲਾ ਦਿੱਤੀ। ਸ਼ੁਰੂ ਤੋਂ ਹੀ ਇਹ ਅਸਫ਼ਲ ਰਹੀ।

**(ਕ) ਪ੍ਰਸ਼ਾਸਨਿਕ ਰੁਕਾਵਟਾਂ (Administrative Breakdown):** ਨਿਜਾਮਤ ਦੀ ਸ਼ਿਥਿਲਤਾ ਦੇ ਕਾਰਣ ਦੇਸ਼ ਦੀ ਕਾਨੂੰਨ ਅਤੇ ਵਿਵਸਥਾ ਠੱਪ ਹੋ ਗਈ। ਨਿਆਅ ਤਾਂ ਕੇਵਲ ਵਿਡੰਬਨਾ ਮਾਤਰ ਰਹ ਗਿਆ। ਨਵਾਬ ਵਿੱਚ ਕਾਨੂੰਨ ਲਾਗੂ ਕਰਣ ਅਤੇ ਨਿਆਅ ਦੇਣ ਦੀ ਸਮਰੱਥਾ ਨਹੀਂ ਸੀ। ਕੰਪਨੀ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਨਹੀਂ ਕਰਦੀ ਸੀ। ਪੇਂਡੂ ਪ੍ਰਦੇਸ਼ਾਂ ਵਿੱਚ ਡਾਕੂ ਸੱਪਸ਼ਟ ਰੂਪ ਵਿੱਚ ਘੁੰਮਦੇ ਸਨ ਅਤੇ ਸੰਨਿਆਸੀ ਛਾਪਾਮਾਰਾਂ (raiders) ਦੇ ਕਾਰਣ ਸਰਕਾਰ ਕੇਵਲ ਨਾਂ–ਮਾਤਰ ਹੀ ਰਹ ਗਈ ਸੀ। 1858 ਵਿੱਚ ਬ੍ਰਿਟਿਸ਼ ਹਾਊਸ ਆਫ ਕੋਮਨਜ਼ ਵਿੱਚ ਸਰ ਜਾਰਜ ਨੇ ਕਿਹਾ “ਮੈਂ ਨਿਸ਼ਚੇਪੂਰਵਕ ਇਹ ਕਹਿ ਸਕਦਾ ਹਾਂ ਕਿ 1765–84 ਤੱਕ ਈਸਟ ਇੰਡੀਆ ਕੰਪਨੀ ਤੋਂ ਜ਼ਿਆਦਾ ਭ੍ਰਿਸ਼ਟ, ਝੂਠੀ ਅਤੇ ਬੁਰੀ ਸਰਕਾਰ ਸੰਸਾਰ ਦੇ ਕਿਸੇ ਵੀ ਸਭਯ ਦੇਸ਼ ਵਿੱਚ ਨਹੀਂ ਸੀ।”

**(ਖ) ਖੇਤੀ ਦੀ ਬਰਬਾਦੀ:** ਭਾਰਤ ਦਾ ਅੰਨ ਭੰਡਾਰ ਬੰਗਾਲ ਹੁਣ ਉਜਾੜ ਬਣ ਚੁੱਕਿਆ ਸੀ। ਭੂਮੀ ਕਰ ਇੱਕਠਾ ਕਰਣ ਦਾ ਭਾਰ ਹਰ ਸਾਲ ਜ਼ਿਆਦਾ ਤੋਂ ਜ਼ਿਆਦਾ ਬੋਲੀ ਦੇਣ ਵਾਲ਼ੇ ਨੂੰ ਦੇ ਦਿੱਤਾ ਜਾਂਦਾ ਸੀ ਜਿਸਦੀ ਭੂਮੀ ਵਿੱਚ ਸਥਾਈ ਰੂਪ ਨਾਲ਼ ਕੋਈ ਰੂਚੀ ਨਹੀਂ ਸੀ। ਉਹ ਜ਼ਿਆਦਾ ਤੋਂ ਜ਼ਿਆਦਾ ਲਗਾਨ ਪ੍ਰਾਪਤ ਕਰਦੇ ਸਨ। ਬੰਗਾਲ ਵਿੱਚ ਕਿਸਾਨਾਂ ਤੇ ਭੂਮੀ ਕਰ ਜ਼ਿਆਦਾ ਹੁੰਦਾ ਸੀ ਅਤੇ ਉਸਦਾ ਸੰਗ੍ਰਹਿ ਕਰਣ ਵਿੱਚ ਵੀ ਸਖ਼ਤੀ ਹੁੰਦੀ ਸੀ। 1770 ਵਿੱਚ ਇੱਕ ਅਕਾਲ ਪਿਆ ਜਿਸ ਨਾਲ਼ ਬਹੁਤ ਜ਼ਿਆਦਾ ਜਾਨ ਅਤੇ ਮਾਲ ਦੀ ਹਾਨੀ ਹੋਈ। ਉਸ ਨੂੰ ਵੇਖ ਕੇ ਕੰਪਨੀ ਦੇ ਇੱਕ ਪਦਾਧਿਕਾਰੀ ਨੇ ਇਸ ਤਰਾਂ ਲਿਖਿਆ ਸੀ, ਅੱਜ ਜੋ ਕਰੁਣਾਮਈ ਦ੍ਰਿਸ਼ ਦੇਖਣ ਨੂੰ ਮਿਲਦਾ ਹੈ ਉਸਦਾ ਵਰਣਨ ਕਰਨਾ ਮਾਨਵੀ ਸ਼ਕਤੀ ਤੋਂ ਪਰੇ ਹੈ। ਇਹ ਨਿਸ਼ਚਿਤ ਹੈ ਕਿ ਕੁਝ ਪ੍ਰਦੇਸ਼ਾਂ ਵਿੱਚ ਲੋਕਾਂ ਨੇ ਮ੍ਰਿਤਕਾਂ ਨੂੰ ਖਾਇਆ ਹੈ।”

(ਗ) **ਵਪਾਰ ਅਤੇ ਵਾਨਿਜ ਦਾ ਵਿਘਟਨ (Disruption of Trade and Commerce)**: ਖੇਤੀ ਦੀ ਉਪਜ ਵਿੱਚ ਕਮੀ ਨਾਲ਼ ਵਪਾਰ ਅਤੇ ਵਾਨਿਜ ਤੇ ਵੀ ਕੁਪ੍ਰਭਾਵ ਪਿਆ। 1717 ਵਿੱਚ ਬੰਗਾਲ ਵਿੱਚ ਅੰਗਰੇਜਾਂ ਨੂੰ ਕਰ ਤੋਂ ਬਿਨਾਂ ਵਪਾਰ ਕਰਣ ਦੀ ਆਗਿਆ ਸੀ। ਇਸ ਦੇ ਅਨੁਸਾਰ ਕੰਪਨੀ ਦੇ ਕਲਕੱਤਾ ਸਥਿਤ ਗਵਰਨਰ ਦੀ ਆਗਿਆ ਨਾਲ਼ ਕੋਈ ਵੀ ਮਾਲ ਬਿਨਾਂ ਨਿਰੀਖਣ ਅਤੇ ਬੇਰੋਕਟੋਕ ਇੱਧਰ ਓਧਰ ਜਾ ਸਕਦਾ ਸੀ। ਕਰ ਸੰਬੰਧੀ ਆਗਿਆ ਨਾਲ਼ ਸਰਕਾਰ ਨੂੰ ਹਾਨੀ ਹੋਈ ਅਤੇ ਭਾਰਤੀ ਵਪਾਰ ਵੀ ਨਸ਼ਟ ਹੋ ਗਿਆ।

**(ਘ) ਉਦਯੋਗ ਅਤੇ ਨਿਪੂੰਨਤਾ ਦੀ ਬਰਬਾਦੀ (Ruination of Industry and Skill):** ਬੰਗਾਲ ਦੇ ਕੱਪੜਾ ਉਦਯੋਗ ਦੀ ਬਹੁਤ ਹਾਨੀ ਹੋਈ। ਕੰਪਨੀ ਨੇ ਬੰਗਾਲ ਦੇ ਰੇਸ਼ਮ ਉਦਯੋਗ ਨੂੰ ਨਿਰਉਤਸਾਹਿਤ ਕਰਣ ਦੀ ਕੋਸ਼ਿਸ਼ ਕੀਤੀ ਕਿਓਂਕਿ ਇਸ ਨਾਲ਼ ਇੰਗਲੈਂਡ ਦੇ ਰੇਸ਼ਮ ਉਦਯੋਗ ਨੂੰ ਹਾਨੀ ਪਹੁੰਚਦੀ ਸੀ। 1769 ਵਿੱਚ ਕੰਪਨੀ ਦੇ ਡਾਇਰੈਕਟਰਾਂ ਨੇ ਆਦੇਸ਼ ਦਿੱਤੇ ਕਿ ਕੱਚੇ ਸਿਲਕ ਦੇ ਉਤਪਾਦਨ ਨੂੰ ਉਤਸਾਹਿਤ ਕਰੋ ਅਤੇ ਰੇਸ਼ਮੀ ਕੱਪੜਾ ਬੁਣਨ ਨੂੰ ਨਿਰਉਤਸਾਹਿਤ ਕਰੋ। ਰੇਸ਼ਮ ਦਾ ਧਾਗਾ ਲਪੇਟਣ ਵਾਲ਼ਿਆਂ ਨੂੰ ਕੰਪਨੀ ਲਈ ਕੰਮ ਕਰਣ ਲਈ ਮਜਬੂਰ ਕੀਤਾ ਜਾਂਦਾ ਸੀ।

**(ਙ) ਨੈਤਿਕ ਪਤਨ:** ਬੰਗਾਲੀ ਸਮਾਜ ਦਾ ਨੈਤਿਕ ਪਤਨ ਵੀ ਸ਼ੁਰੂ ਹੋ ਗਿਆ ਸੀ। ਕਿਸਾਨ ਨੇ ਮਹਿਸੂਸ ਕੀਤਾ ਕਿ ਜੇਕਰ ਉਹ ਜ਼ਿਆਦਾ ਉਤਪਾਦਨ ਕਰਦਾ ਹੈ ਤਾਂ ਉਸਨੂੰ ਜ਼ਿਆਦਾ ਕਰ ਦੇਣਾ ਪੈਂਦਾ ਹੈ। ਇਸ ਲਈ ਕੇਵਲ ਇੰਨਾ ਹੀ ਉਤਪਾਦਨ ਕਰੋ ਜਿਸ ਨਾਲ਼ ਕੇਵਲ ਗੁਜ਼ਾਰਾ ਹੋ ਸਕੇ। ਇਸ ਤਰਾਂ ਉਹ ਜੁਲਾਹਾ ਜੋ ਆਪਣੀ ਮਿਹਨਤ ਦਾ ਲਾਭ ਆਪ ਨਹੀਂ ਭੋਗ ਸਕਦਾ ਸੀ,ਹੁਣ ਉੱਤਮ ਕੋਟੀ ਦਾ

ਉਤਪਾਦਨ ਨਹੀਂ ਕਰਦਾ ਸੀ। ਕੰਮ ਦੀ ਪ੍ਰੇਰਣਾ ਖਤਮ ਹੋ ਗਈ ਅਤੇ ਸਮਾਜ ਨਿਰਜੀਵ ਹੋ ਗਿਆ ਅਤੇ ਉਸ ਵਿੱਚ ਸੜਨ ਦੇ ਲੱਛਣ ਦਿਖਣ ਲੱਗੇ।

**1757 ਤੋਂ 1772 ਦੇ ਦੌਰਾਨ ਬੰਗਾਲ ਵਿੱਚ ਅੰਗਰੇਜ:** ਕਲਾਈਵ ਇੱਕ ਕ੍ਰਿਤ ਸੰਕਲਪ ਅਤੇ ਸਾਹਸੀ ਵਿਅਕਤੀ ਸੀ। ਉਸਦੇ ਦ੍ਰਿੜ ਸੰਕਲਪ ਵਿੱਚ ਉਸਦੇ ਸੈਨਿਕ ਗੁਣਾਂ ਦੀ ਝਲਕ ਵੀ ਮਿਲਦੀ ਹੈ।

**(ਅ) ਅਸੈਨਿਕ ਸੁਧਾਰ:** ਕੰਪਨੀ ਹੁਣ ਇੱਕ ਰਾਜਨੀਤਿਕ ਸੰਸਥਾ ਬਣ ਚੁੱਕੀ ਸੀ। ਇਸਲਈ ਪ੍ਰਸ਼ਾਸਨਿਕ ਸੁਧਾਰਾਂ ਦੀ ਲੋੜ ਸੀ। ਬੰਗਾਲ ਦੀ ਤਿੰਨ ਕ੍ਰਾਂਤੀਆਂ(1757,1760 ਅਤੇ 1764) ਦੇ ਕਾਰਣ ਗਵਰਨਰ, ਪਾਰਸ਼ਦ ਅਤੇ ਹੋਰ ਕਾਰਕਰਤਾ ਪੂਰੀ ਤਰਾਂ ਭ੍ਰਿਸ਼ਟ ਬਣ ਚੁੱਕੇ ਸਨ। ਹਰ ਵਿਅਕਤੀ ਨੂੰ ਕੇਵਲ ਧਨ ਇੱਕਠਾ ਕਰਣ ਦੀ ਪਈ ਹੋਈ ਸੀ। ਰਿਸ਼ਵਤ, ਬੇਈਮਾਨੀ ਅਤੇ ਹੋਰ ਉਪਹਾਰ ਲੈਣ ਦੀ ਪੰਰਪਰਾ ਬਣ ਚੁਕੀ ਸੀ। ਕੰਪਨੀ ਦੇ ਕਾਰਕਰਤਾ ਨਿਜੀ ਵਪਾਰ ਕਰਦੇ ਸਨ ਅਤੇ ਅੰਦਰੂਨੀ ਕਰਾਂ ਤੋਂ ਬਚਣ ਲਈ ਦਸਤਕ ਦਾ ਪ੍ਰਯੋਗ ਕਰਦੇ ਸਨ। ਉਹ ਕੰਪਨੀ ਦੇ ਹਿਤਾਂ ਦੀ ਨਹੀਂ ਸੋਚਦੇ ਸਨ। ਕੰਪਨੀ ਨੇ ਉਪਹਾਰ ਲੈਣੇ ਬੰਦ ਕਰ ਦਿੱਤੇ, ਨਿਜੀ ਵਪਾਰ ਬੰਦ ਕਰ ਦਿੱਤਾ। ਅੰਦਰੂਨੀ ਕਰ ਦੇਣਾ ਜ਼ਰੂਰੀ ਬਣਾ ਦਿੱਤਾ। ਇਨ੍ਹਾਂ ਰੋਕਾਂ ਨਾਲ ਜੋ ਹਾਨੀ ਹੋਈ ਉਸਦੀ ਪੂਰਤੀ ਲਈ ਅਗਸਤ 1765 ਵਿੱਚ ਕੰਪਨੀ ਦੇ ਕਾਰਕਰਤਾਂ ਦੀ ਇੱਕ ਵਪਾਰ ਸਮਿਤੀ ਬਣਾਈ ਗਈ ਜਿਸਨੂੰ ਨਮਕ, ਸੁਪਾਰੀ ਅਤੇ ਤੰਬਾਕੂ ਦੇ ਵਪਾਰ ਦਾ ਏਕਾਧਿਕਾਰ ਦੇ ਦਿੱਤਾ ਗਿਆ। ਇਹ ਨਿਕਾਯ ਉਤਪਾਦਕਾਂ ਤੋਂ ਸਾਰਾ ਮਾਲ ਮੁੱਲ ਲੈ ਕੇ ਨਿਸ਼ਚਿਤ ਕੇਂਦਰਾਂ ਉੱਤੇ ਇਹ ਮਾਲ ਖੁਦਰਾ ਵਪਾਰੀਆਂ ਨੂੰ ਵੇਚ ਦਿੰਦਾ ਸੀ। ਇਸ ਵਪਾਰ ਦਾ ਲਾਭ ਕੰਪਨੀ ਦੇ ਅਧਿਕਾਰੀਆਂ ਵਿੱਚ ਓਹਨਾਂ ਦੇ ਪਦਾਂ ਦੇ ਅਨੁਸਾਰ ਵੰਡ ਦਿੱਤਾ ਜਾਂਦਾ ਸੀ। ਵੁਦਾਹਰਣ ਲਈ ਗਵਰਨਰ ਨੂੰ 17,500 ਪੌਂਡ, ਸੈਨਾ ਦੇ ਕਰਨਲ ਨੂੰ 7,000 ਪੌਂਡ, ਮੇਜਰ ਨੂੰ 2,000 ਪੌਂਡ ਅਤੇ ਹੋਰ ਕਰਮਚਾਰੀਆਂ ਨੂੰ ਘੱਟ ਧਨ ਮਿਲ ਜਾਂਦਾ ਸੀ।

ਇਸ ਵਿਵਸਥਾ ਦੇ ਕਾਰਣ ਸਾਰੀਆਂ ਦੈਨਿਕ ਚੀਜ਼ਾਂ ਦੇ ਮੁੱਲ ਵਧ ਗਏ ਅਤੇ ਬੰਗਾਲ ਦੇ ਲੋਕਾਂ ਨੂੰ ਬਹੁਤ ਮੁਸ਼ਕਿਲ ਹੋਣ ਲੱਗੀ। ਇਹ ਇੱਕ ਸੰਗਠਿਤ ਲੁੱਟ ਸੀ। ਇਸ ਵਪਾਰ ਸਮਿਤੀ ਦੇ ਕਾਰਣ ਲੋਕਾਂ ਦੀਆਂ ਮੁਸ਼ਕਿਲਾਂ ਬਹੁਤ ਵਧ ਗਈਆਂ। ਪ੍ਰੰਤੂ ਕੋਰਟ ਆਫ਼ ਡਾਇਰੈਕਟਰਜ਼ ਨੇ 1766 ਵਿੱਚ ਇਸ ਯੋਜਨਾ ਨੂੰ ਅਸਵੀਕਾਰ ਕਰ ਦਿੱਤਾ। 1767 ਵਿੱਚਕਲਾਈਵ ਨੇ ਇਸ ਅਮਲੇ ਦੇ ਆਦੇਸ਼ ਦਿੱਤੇ ਅਤੇ ਸਿਤੰਬਰ 1768 ਵਿੱਚ ਇਹ ਯੋਜਨਾ ਖ਼ਤਮ ਹੋ ਗਈ।

**(ਬ) ਸੈਨਿਕ ਸੁਧਾਰ:**1763 ਵਿੱਚ ਕੋਰਟ ਆਫ਼ ਡਾਇਰੈਕਟਰਜ਼ ਨੇ ਸੈਨਿਕਾਂ ਦਾ ਦੂਹਰਾ ਭੱਤਾ ਬੰਦ ਕਰ ਦਿੱਤਾ ਸੀ। ਕਿਸੀ ਕਾਰਣ ਵਜੋਂ ਕਲਾਈਵ ਦੇ ਆਓਣ ਤੱਕ ਇਸ ਉੱਤੇ ਅਮਲ ਨਹੀਂ ਹੋਇਆ ਸੀ। ਚਾਹੇ ਸ਼ੁਰੂ ਵਿਚ ਇਹ ਦੂਹਰਾ ਭੱਤਾ ਸਿਰਫ਼ ਯੁੱਧ ਦੇ ਦਿਨਾਂ ਵਿੱਚ ਹੀ ਦਿੱਤਾ ਜਾਂਦਾ ਸੀ, ਪ੍ਰੰਤੂ ਮੀਰ ਜਾਫ਼ਰ ਦੇ ਦਿਨਾਂ ਤੋਂ ਇਹ ਸ਼ਾਂਤੀ ਕਾਲ ਵਿੱਚ ਵੀ ਮਿਲਣ ਲੱਗਾ ਸੀ। ਹੁਣ ਇਹ ਸੈਨਿਕਾਂ ਦੇ ਵੇਤਨ ਦਾ ਭਾਗ ਬਣ ਗਿਆ ਸੀ। ਇਸ ਪ੍ਰਕਾਰ ਬੰਗਾਲ ਵਿੱਚ ਸੈਨਿਕਾਂ ਨੂੰ ਮਦਰਾਸ ਦੇ ਸੈਨਿਕਾਂ ਦੇ ਮੁਕਾਬਲੇ ਦੁੱਗਣਾ ਭੱਤਾ ਮਿਲਦਾ ਸੀ। ਕਲਾਈਵ ਨੇ ਆਗਿਆ ਦਿੱਤੀ ਕਿ ਇਹ ਦੂਹਰਾ ਭੱਤਾ ਬੰਦ ਕਰ ਦਿੱਤਾ ਜਾਵੇ ਅਤੇ ਜਨਵਰੀ 1766 ਤੋਂ ਇਹ ਭੱਤਾ ਸਿਰਫ ਓਨ੍ਹਾਂ ਸੈਨਿਕਾਂ ਨੂੰ ਹੀ ਮਿਲਦਾ ਸੀ ਜਿਹੜੇ ਬੰਗਾਲ ਅਤੇ ਬਿਹਾਰ ਦੀ ਸੀਮਾ ਤੋਂ ਬਾਹਰ ਕੰਮ ਕਰਦੇ ਸਨ।

1772 ਵਿੱਚ ਕੋਰਟ ਆਫ਼ ਡਾਇਰੈਕਟਰਜ਼ ਨੇ ਦੂਹਰੀ ਪ੍ਰਣਾਲੀ ਨੂੰ ਖਤਮ ਕਰਣ ਦਾ ਨਿਸ਼ਚਾ ਕੀਤਾ ਅਤੇ ਕਲਕੱਤਾ ਪਰਿਸ਼ਦ ਅਤੇ ਉਸਦੇ ਪ੍ਰਧਾਨ ਨੂੰ ਆਗਿਆ ਦਿੱਤੀ ਕਿ ਉਹ ਆਪ ਦੀਵਾਨ ਬਣੇ ਅਤੇ ਬੰਗਾਲ, ਬਿਹਾਰ ਅਤੇ ਉੜੀਸਾ ਦੇ ਪ੍ਰਬੰਧ ਨੂੰ ਆਪਣੇ ਹੱਥ ਵਿੱਚ ਲੈ ਲਵੇ। ਵਾਰੇਨ ਹੇਸਟਿੰਗਜ਼ ਨੇ ਦੋਹਾਂ ਉਪਦੀਵਾਨਾਂ ਮੁਹੰਮਦ ਰਜ਼ਾ ਖ਼ਾਂ ਅਤੇ ਰਾਜਾ ਸ਼ਿਤਾਬ ਰਾਏ ਨੂੰ ਪਦ ਤੋਂ ਹਟਾ ਦਿੱਤਾ। ਪਰਿਸ਼ਦ ਅਤੇ ਪ੍ਰਧਾਨ ਮਿਲ ਕੇ ਹੁਣ ਰਾਜਸਵ ਬੋਰਡ (Board of Revenue) ਬਣ ਗਏ ਅਤੇ ਬੋਰਡ ਨੇ ਆਪਣੇ ਕਰ ਸੰਗ੍ਰਹਿਕ ਨਿਯੁਕਤ ਕਰ ਦਿੱਤੇ ਜਿਨ੍ਹਾਂ ਦਾ ਕੰਮ ਕਰ ਵਿਵਸਥਾ ਕਰਨਾ ਸੀ। ਖ਼ਜਾਨਾ ਮੁਰਸ਼ਿਦਾਬਾਦ ਤੋਂ ਕਲਕੱਤਾ ਲਿਆਂਦਾ ਗਿਆ। ਸਾਰੇ ਪ੍ਰਸ਼ਾਸਨ ਦਾ ਬੋਝ ਕੰਪਨੀ ਦੇ ਕਰਮਚਾਰੀਆਂ ਤੇ ਪਾ ਦਿੱਤਾ ਗਿਆ ਅਤੇ ਨਵਾਬ ਨੂੰ ਇਸ ਕੰਮ ਦਾ ਜ਼ਰਾ ਵੀ ਅਧਿਕਾਰ ਨਾ ਰਿਹਾ। ਨਵਾਬ ਦੀ ਆਪਣੀ ਸਵਾਯੱਤਤਾ ਸੀ ਪ੍ਰੰਤੂ ਉਸ ਦੇ ਨਿਜੀ ਗ੍ਰਹਿ-ਪ੍ਰਬੰਧ ਦਾ ਪੁਨਰਗਠਨ ਕੀਤਾ ਗਿਆ ਅਤੇ ਮੀਰ ਜਾਫਰ ਦੀ ਵਿਧਵਾ ਮੁੰਨੀ ਬੇਗਮ ਨਾਬਾਲਿਗ ਨਵਾਬ ਮੁਬਾਰਿਕੁਦੌਲਾ ਦੀ ਸੰਰਕਸ਼ਕ ਨਿਯੁਕਤ ਕੀਤੀ ਗਈ। ਉਸਦਾ ਭੱਤਾ 32 ਲੱਖ ਤੋਂ ਘਟਾ ਕੇ 16 ਲੱਖ ਰੁਪਏ ਕਰ ਦਿੱਤਾ ਗਿਆ। ਫਿਰ ਹੇਸਟਿੰਗਜ਼ ਨੇ ਮੁਗਲ ਸਮਰਾਟ ਨਾਲ਼ ਆਪਣੇ ਸੰਬੰਧਾਂ ਨੂੰ ਦੁਬਾਰਾ ਸਪੱਸ਼ਟ ਕੀਤਾ। 1765 ਤੋਂ ਦਿੱਤਾ ਜਾਣ ਵਾਲਾ 26 ਲੱਖ ਰੁਪਏ ਸਾਲਾਨਾ ਬੰਦ ਕਰ ਦਿੱਤਾ ਗਿਆ। ਸਮਰਾਟ ਨੂੰ ਦਿੱਤੇ ਗਏ ਇਲਾਹਾਬਾਦ ਅਤੇ ਕਾਰਾ ਦੇ ਜਿਲੇ ਦੁਬਾਰਾ ਲੈ ਲਏ ਗਏ ਅਤੇ 50 ਲੱਖ ਰੁਪਏ ਵਿੱਚ ਅਵਧ ਦੇ ਨਵਾਬ ਨੂੰ ਵੇਚ ਦਿੱਤੇ ਗਏ। ਚਾਹੇ ਬਾਹਰੀ ਰੂਪ ਤੋਂ ਇਹ ਕਿਹਾ ਗਿਆ ਕਿ ਸਮਰਾਟ ਨੇ ਮਰਾਠਿਆਂ ਦਾ ਸੰਰਕਸ਼ਣ ਸਵੀਕਾਰ ਕਰ ਲਿਆ ਹੈ ਪ੍ਰਤੂੰ ਅਸਲ ਕਾਰਣ ਸਿਰਫ ਧਨ ਇੱਕਠਾ ਕਰਨਾ ਸੀ। ਸਮਰਾਟ ਦੇ ਨਾਲ਼ ਇਹ ਸਾਰੇ ਨਿਰਣੇ ਇੱਕ ਪੱਖੀ ਅਤੇ ਅਨਿਯਾਯਪੂਰਣ ਸਨ। ਉਸ ਨੂੰ ਕਦੇ ਵੀ ਇਹ ਚੇਤਾਵਨੀ ਨਹੀਂ ਦਿੱਤੀ ਗਈ ਸੀ ਕਿ ਜੇਕਰ ਉਹ ਮਰਾਠਿਆਂ ਦਾ ਸੰਰਕਸ਼ਣ ਲਵੇਗਾ ਤਾਂ ਇਹ ਸਭ ਕੁਝ ਹੋਵੇਗਾ। ਵਾਰੇਨ ਹੇਸਟਿੰਗਜ਼ ਦਾ ਇਹ ਕੰਮ ਪੂਰੀ ਤਰਾਂ ਅਨਿਯਾਯਪੂਰਣ ਸੀ।

**ਭੂਮੀ ਕਰ ਸੁਧਾਰ:** 18ਵੀਂ ਸ਼ਤਾਬਦੀ ਦੇ ਸ਼ੁਰੂ ਦੇ ਸਾਲਾਂ ਵਿੱਚ ਅਕਬਰ ਅਤੇ ਹੋਰ ਮੁਗਲ ਸਮਰਾਟਾਂ ਦੀ ਸਥਾਪਿਤ ਕੀਤੀ ਹੋਈ ਕਰ ਵਿਵਸਥਾ ਛਿੰਨ-ਭਿੰਨ ਹੋ ਚੁੱਕੀ ਸੀ। ਹੁਣ ਸਭ ਪਾਸੇ ਅਵਿਵਸਥਾ ਸੀ।

ਨੋਟ

ਵਾਰੇਨ ਹੇਸਟਿੰਗਜ਼ ਦਾ ਵਿਸ਼ਵਾਸ ਸੀ ਕਿ ਸਾਰੀ ਭੂਮੀ ਸ਼ਾਸਕ ਦੀ ਹੈ। ਉਸਨੇ ਅਨਿਸ਼ਚਿਤ ਸੰਯੁਕਤ ਅਤੇ ਪੁਸ਼ਤੈਨੀ ਅਧਿਕਾਰਾਂ ਦੀ ਅਵਹੇਲਨਾ ਕੀਤੀ। ਜ਼ਿਮੀਂਦਾਰਾਂ ਨੂੰ ਕੇਵਲ ਕਰ ਸੰਗ੍ਰਹਿਕਰਤਾ ਮੰਨਿਆ ਜਿਨ੍ਹਾਂ ਨੂੰ ਕਿਸਾਨਾਂ ਤੋਂ ਕਰ ਇੱਕਠਾ ਕਰਣ ਲਈ ਸਿਰਫ ਆਪਣੀ ਆੜਤ (commission) ਦਾ ਹੀ ਅਧਿਕਾਰ ਸੀ।

ਸੰਤੋਸ਼ਜਨਕ ਰਾਜਸਵ ਵਿਵਸਥਾ ਸਥਾਪਿਤ ਕਰਣ ਲਈ ਉਸਨੇ ਪ੍ਰਸਿੱਧ ਪਰੀਖਣ ਅਤੇ ਅਸ਼ੁੱਧੀ (trial and error) ਦਾ ਨਿਯਮ ਅਪਣਾਇਆ।

1772 ਵਿੱਚ ਵਾਰੇਨ ਹੇਸਟਿੰਗਜ਼ ਨੇ ਕਰ ਸੰਗ੍ਰਹਣ ਦੇ ਅਧਿਕਾਰ ਉੱਚੀ ਬੋਲੀ ਵਾਲੇ ਨੂੰ ਪੰਜ ਸਾਲਾਂ ਲਈ ਨੀਲਾਮ ਕਰ ਦਿੱਤੇ। ਇਸ ਤਰਕ ਤੇ ਕਿ ਜ਼ਿਮੀਂਦਾਰ ਭੂਮੀ ਦਾ ਸਵਾਮੀ ਨਹੀਂ ਹੈ,ਉਸ ਨੂੰ ਨੀਲਾਮੀ ਵਿੱਚ ਕੋਈ ਸ਼ਰੇਸ਼ਠਤਾ ਨਹੀਂ ਦਿੱਤੀ ਗਈ ਬਲਕਿ ਉਸਦੇ ਰਸਤੇ ਵਿੱਚ ਰੁਕਾਵਟ ਪਾਈ ਗਈ।

**ਕਾਨੂੰਨੀ ਸੁਧਾਰ–** ਵਾਰੇਨ ਹੇਸਟਿੰਗਜ਼ ਨੇ ਮੁਗਲ ਰੂਪਰੇਖਾ ਤੇ ਆਧਾਰਿਤ ਨਿਆਅ ਪ੍ਰਣਾਲੀ ਨੂੰ ਅਪਨਾਓਣ ਦੀ ਕੋਸ਼ਿਸ਼ ਕੀਤੀ। 1772 ਵਿੱਚ ਹਰ ਜ਼ਿਲੇ ਵਿੱਚ ਇੱਕ ਦੀਵਾਨੀ ਅਤੇ ਇੱਕ ਫੌਜਦਾਰੀ ਅਦਾਲਤ ਸਥਾਪਿਤ ਕੀਤੀ ਗਈ। ਦੀਵਾਨੀ ਨਿਆਅ ਕਲਕਟਰਾਂ ਦੇ ਅਧੀਨ ਹੁੰਦਾ ਸੀ। ਓਹ ਹਰ ਤਰਾਂ ਦੇ ਮਾਮਲੇ ਸੁਣਦੇ ਸਨ। ਹਿੰਦੂਆਂ ਉੱਤੇ ਹਿੰਦੂ ਵਿਧੀ ਅਤੇ ਮੁਸਲਮਾਨਾਂ ਉੱਤੇ ਮੁਸਲਿਮ ਵਿਧੀ ਲਾਗੂ ਹੁੰਦੀ ਸੀ। 500 ਰੁਪਏ ਤੱਕ ਦੇ ਮਾਮਲੇ ਸੁਣੇ ਜਾ ਸਕਦੇ ਸਨ। ਉਸ ਤੋਂ ਉੱਪਰ ਸਦਰ ਦੀਵਾਨੀ ਅਦਾਲਤ ਵਿੱਚ ਅਪੀਲ ਹੋ ਸਕਦੀ ਸੀ ਜਿਸਦੇ ਅਧਿਅਕਸ਼ ਸਰਵੋਚ ਪਰਿਸ਼ਦ ਦੇ ਪ੍ਰਧਾਨ ਅਤੇ ਦੋ ਹੋਰ ਮੈਂਬਰ ਹੁੰਦੇ ਸਨ। ਓਨ੍ਹਾਂ ਦੀ ਮਦਦ ਲਈ ਭਾਰਤੀ ਅਧਿਕਾਰੀ ਹੁੰਦੇ ਸਨ।

ਜਿਲਾ ਫੌਜਦਾਰੀ ਅਦਾਲਤ ਇੱਕ ਭਾਰਤੀ ਅਧਿਕਾਰੀ ਦੇ ਅਧੀਨ ਹੁੰਦੀ ਸੀ ਜਿਸਦੀ ਮਦਦ ਲਈ ਮੁਫਤੀ ਅਤੇ ਇੱਕ ਕਾਜ਼ੀ ਹੁੰਦਾ ਸੀ। ਕਲੈਕਟਰ ਨੂੰ ਇਹ ਦੇਖਣਾ ਹੁੰਦਾ ਸੀ ਕਿ ਗਵਾਹੀ ਠੀਕ ਤਰਾਂ ਲਈ ਗਈ ਅਤੇ ਉਸ ਉੱਤੇ ਠੀਕ ਠੀਕ ਵਿਚਾਰ ਕੀਤਾ ਗਿਆ ਹੈ। ਨਿਆਅ ਖੁੱਲੀ ਅਦਾਲਤ ਵਿੱਚ ਹੁੰਦਾ ਸੀ। ਇੱਥੇ ਮੁਸਲਿਮ ਕਾਨੂੰਨ ਲਾਗੂ ਹੁੰਦਾ ਸੀ। ਮੌਤ ਦਾ ਦੰਡ ਅਤੇ ਸੰਪਤੀ ਦੀ ਜ਼ਬਤੀ ਲਈ ਸਦਰ ਨਿਜ਼ਾਮਤ ਅਦਾਲਤ ਨੂੰ ਪ੍ਰਮਾਣਿਤ ਕਰਨਾ (confirmation) ਜ਼ਰੂਰੀ ਸੀ। ਜ਼ਿਲਾ ਨਿਜ਼ਾਮਤ ਅਦਾਲਤ ਤੋਂ ਅਪੀਲ ਸਦਰ ਨਿਜ਼ਾਮਤ ਅਦਾਲਤ ਵਿੱਚ ਹੁੰਦੀ ਸੀ,ਜਿਸਦਾ ਮੁਖੀ ਉਪਨਿਜ਼ਾਮ ਹੁੰਦਾ ਸੀ। ਇੱਕ ਮੁੱਖ ਕਾਜ਼ੀ, ਇੱਕ ਮੁੱਖ ਮੁਫ਼ਤੀ ਅਤੇ ਤਿੰਨ ਮੌਲਵੀ ਉਸਦੀ ਮਦਦ ਕਰਦੇ ਸਨ। ਇਸ ਸਦਰ ਨਿਜ਼ਾਮਤ ਅਦਾਲਤ ਦਾ ਨਿਰੀਖਣ ਪਰਿਸ਼ਦ ਅਤੇ ਉਸਦੇ ਮੁਖੀ ਕਰਦੇ ਸਨ।

**ਕਲਾਈਵ ਦਾ ਮੁੱਲਾਂਕਣ:** ਭਾਰਤ ਵਿੱਚ ਅੰਗਰੇਜੀ ਸਾਮਰਾਜ ਦਾ ਅਸਲੀ ਸੰਸਥਾਪਕ ਕਲਾਈਵ ਹੀ ਸੀ। ਉਸਨੇ ਸਮੇਂ ਦੀ ਗਤੀ ਨੂੰ ਸਮਝਿਆ ਅਤੇ ਓਹ ਠੀਕ ਦਿਸ਼ਾ ਵਿੱਚ ਵਧਿਆ। ਉਸਨੇ ਆਪਣੇ ਵਿਰੋਧੀ ਡੁਪਲੇ ਨੂੰ ਮਾਤ ਦਿੱਤੀ ਅਤੇ ਸਥਾਈ ਨਤੀਜੇ ਪ੍ਰਾਪਤ ਕੀਤੇ। ਉਸਦਾ ਅਰਕਾਟ ਨੂੰ ਘੇਰਨਾ (1751) ਇੱਕ ਬਹੁਤ ਹੀ ਕੁਸ਼ਲਤਾਪੂਰਣ ਚਾਲ ਸੀ ਜਿਸ ਨਾਲ਼ ਕਰਨਾਟਕ ਵਿੱਚ ਫ਼੍ਰਾਸੀਸੀਆਂ ਵਿਰੁੱਧ ਪਾਸਾ ਪਲਟ ਗਿਆ।(1757) ਦੇ ਪਲਾਸੀ ਦੇ ਯੁੱਧ ਵਿੱਚ ਜਿੱਤ ਤੋਂ ਬਾਅਦ ਨਵਾਬ ਉਸਦੀ ਕਠਪੁਤਲੀ ਬਣ ਗਿਆ। ਬੰਗਾਲ ਵਿੱਚ ਸਾਧਨਾਂ ਦਾ ਉਪਯੋਗ ਕਰਕੇ ਉਸਨੇ ਦੱਖਣ ਭਾਰਤ ਨੂੰ ਜਿੱਤ ਲਿਆ ਅਤੇ ਫ਼੍ਰਾਸੀਸੀਆਂ ਨੂੰ ਬਾਹਰ ਕਰ ਦਿੱਤਾ। ਸਭ ਤੋਂ ਵੱਡੀ ਗੱਲ ਇਹ ਸੀ ਕਿ ਉਸਨੇ ਵਪਾਰਕ ਸੰਸਥਾ ਨੂੰ ਪ੍ਰਦੇਸ਼ਿਕ ਸੰਸਥਾ ਬਣਾ ਦਿੱਤਾ। ਬੰਗਾਲ ਵਿੱਚ ਇਸ ਦੀ ਭੂਮਿਕਾ ਸਮਰਾਟ-ਨਿਰਮਾਤਾ ਦੀ ਸੀ। ਜਦੋਂ 1765 ਵਿੱਚ ਉਹ ਦੁਬਾਰਾ ਬੰਗਾਲ ਆਇਆ ਤਾਂ ਉਸਨੇ ਕੰਪਨੀ ਦੀ ਨੀਂਹ ਨੂੰ ਪੱਕਾ ਕਰ ਦਿੱਤਾ। ਸੱਚ ਹੀ ਬਰਕ ਨੇ ਉਸਨੂੰ "ਵੱਡੀ-ਵੱਡੀ ਨੀਹਾਂ ਰੱਖਣ ਵਾਲ਼ਾ" ਦਾ ਨਾਂ ਦਿੱਤਾ ਹੈ।

ਇੱਕ ਆਧੁਨਿਕ ਅਧਿਯਯਨ ਵਿੱਚ ਪਰਸੀਵਲ ਸਪੀਅਰ ਨੇ ਕਲਾਈਵ ਦੇ ਬਾਰੇ ਵਿੱਚ ਕਿਹਾ ਹੈ ਕਿ "ਭਾਰਤ ਵਿੱਚ ਅੰਗਰੇਜੀ ਸਾਮਰਾਜ ਤਾਂ ਬਣ ਹੀ ਜਾਂਦਾ, ਪ੍ਰੰਤੂ ਉਸਦਾ ਸਰੂਪ ਅੱਲਗ ਹੁੰਦਾ ਅਤੇ ਉਸ ਵਿੱਚ ਸਮਾਂ ਵੀ ਜ਼ਿਆਦਾ ਲਗਦਾ।" ਉਸਦੇ ਅਨੁਸਾਰ, ਕਲਾਈਵ ਭਾਰਤ ਵਿੱਚ ਅੰਗਰੇਜੀ ਸਾਮਰਾਜ ਦਾ ਨਿਰਮਾਤਾ ਹੀ ਨਹੀਂ ਬਲਕਿ ਭਵਿੱਖ ਦਾ ਅਗ੍ਰਦੂਤ ਵੀ ਸੀ। ਉਹ ਸਾਮਰਾਜ ਦਾ ਸੰਯੋਜਕ ਹੀ ਨਹੀਂ ਬਲਕਿ ਉਸ ਵਿੱਚ ਨਵੇਂ-ਨਵੇਂ ਪ੍ਰਯੋਗ ਕਰਣ ਵਾਲਾ ਸੀ ਜਿਸਨੇ ਨਵੀਂ ਸੰਭਾਵਨਾਵਾਂ ਦਾ ਪਤਾ ਲਗਾਇਆ। ਕਲਾਈਵ ਭਾਰਤ ਵਿੱਚ ਅੰਗਰੇਜੀ ਸਾਮਰਾਜ ਦਾ ਅਗ੍ਰਗਾਮੀ ਸੀ।

ਕਲਾਈਵ ਦੇ ਧਨ-ਲਾਲਚ ਅਤੇ ਕੁਟਿਲਤਾ ਦੇ ਆਲੋਚਕ ਵੀ ਸਨ। ਅੰਗਰੇਜੀ ਸੰਸਦ ਵਿੱਚ ਉਸ ਉੱਤੇ ਬਹੁਤ ਦੋਸ਼ ਲਗਾਏ ਗਏ ਕਿ ਉਸਨੇ ਅਵੈਧ ਢੰਗ ਨਾਲ਼ ਉਪਹਾਰ ਪ੍ਰਾਪਤ ਕੀਤੇ, ਇੱਕ ਅਸ਼ੁੱਧ ਪਰੰਪਰਾ ਸਥਾਪਿਤ ਕੀਤੀ ਜਿਸ ਨਾਲ਼ ਬੰਗਾਲ ਵਿੱਚ 1760 ਅਤੇ 1764 ਦੀਆਂ ਕ੍ਰਾਂਤੀਆਂ ਹੋਈਆਂ। ਉਸਨੇ ਸੋਸਾਇਟੀ ਫਾਰ ਟ੍ਰੇਡ ਬਣਾ ਕੇ ਬੰਗਾਲ ਨੂੰ ਲੁੱਟਣ ਦੀ ਯੋਜਨਾ ਬਣਾਈ। ਦੁਹਰੀ ਪ੍ਰਣਾਲੀ ਦਾ ਉਦੇਸ਼ ਅੰਗ੍ਰੇਜ਼ੀ ਸ਼ਕਤੀ ਦੀ ਸਥਾਪਨਾ ਸੀ ਨਾ ਕਿ ਜਨਤਾ ਦਾ ਹਿਤ। ਬੰਗਾਲ ਨੂੰ ਈਸਟ ਇੰਡੀਆ ਕੰਪਨੀ ਦੀ ਜਾਗੀਰ ਬਣਾ ਦਿੱਤਾ ਗਿਆ। ਸਰਦਾਰ ਕੇ.ਐਮ. ਪੰਨੀਕਰ ਨੇ ਸੱਚ ਹੀ ਕਿਹਾ ਹੈ ਕਿ 1765 ਤੋਂ 1772 ਤੱਕ ਕੰਪਨੀ ਨੇ ਬੰਗਾਲ ਵਿੱਚ "ਡਾਕੂਆਂ ਦਾ ਰਾਜ ਸਥਾਪਿਤ ਕਰ ਦਿੱਤਾ ਅਤੇ ਬੰਗਾਲ ਨੂੰ ਅਵਿਵੇਕ ਰੂਪ ਨਾਲ਼ ਲੁੱਟਿਆ। ਇਸ ਸਮੇਂ ਵਿੱਚ ਅੰਗ੍ਰੇਜ਼ੀ ਸਾਮਰਾਜ ਦਾ ਸਭ ਤੋਂ ਭੌਂਡਾ ਰੂਪ ਦੇਖਣ ਨੂੰ ਮਿਲਿਆ ਅਤੇ ਬੰਗਾਲ ਦੀ ਜਨਤਾ ਨੇ ਬਹੁਤ ਦੁੱਖ ਉਠਾਇਆ।

ਕਲਾਈਵ ਇੱਕ ਰਾਜਨੀਤਿਕ ਸਿੱਧ ਨਹੀਂ ਹੋਇਆ। ਉਹ ਅੰਤਰਦਰਸ਼ੀ ਤਾਂ ਸੀ ਪਰ ਦੂਰਦਰਸ਼ੀ ਨਹੀਂ। ਉਸਦੇ ਪ੍ਰਸ਼ਾਸਨਿਕ ਸੁਧਾਰਾਂ ਦੇ ਕਾਰਣ ਉਸਦੇ ਉੱਤਰਾਧਿਕਾਰੀਆਂ ਲਈ ਬਹੁਤ ਸਾਰੀਆਂ ਮੁਸ਼ਕਿਲਾਂ ਖੜੀਆਂ ਹੋ ਗਈਆਂ। ਆਮ ਤੌਰ ਤੇ ਇਹ ਕਿਹਾ ਜਾਂਦਾ

ਨੋਟ

ਹੈ ਕਿ ਭਾਰਤ ਵਿੱਚ ਅੰਗਰੇਜੀ ਸਾਮਰਾਜ ਦੀ ਸਥਾਪਨਾ ਦਾ ਮੁੱਖ ਉਦੇਸ਼ ਸ਼ਾਂਤੀ ਅਤੇ ਵਿਵਸਥਾ ਬਣਾਓਣਾ ਸੀ।ਇਸ ਕੰਮ ਵਿੱਚ ਕਲਾਈਵ ਨੇ ਕੋਈ ਯੋਗਦਾਨ ਨਹੀਂ ਦਿੱਤਾ।ਉਸਦੇ ਕੰਮ ਨਾਲ਼ ਅਵਿਵਸਥਾ ਹੀ ਫੈਲੀ, ਵਿਵਸਥਾ ਨਹੀਂ।

ਟਾਸਕ ਬੰਗਾਲ ਵਿੱਚ ਸਥਾਪਿਤ ਦੂਸਰੇ ਸ਼ਾਸਨ ਤੋਂ ਤੁਸੀਂ ਕੀ ਸਮਝਦੇ ਹੋ?

## 1.5 ਮੈਸੂਰ ਅਤੇ ਬ੍ਰਿਟਿਸ਼ ਪ੍ਰਸਾਰ ਦਾ ਇਸ ਨਾਲ਼ ਪ੍ਰਤੀਰੋਧ (Mysore and its Resistance to British Expansion)

18ਵੀਂ ਸ਼ਤਾਬਦੀ ਵਿੱਚ ਸਾਰੇ ਭਾਰਤ ਵਿੱਚ ਸਾਹਸੀ ਵੀਰ ਸੈਨਿਕਾਂ ਲਈ ਉੱਥਾਨ ਦੇ ਕਾਫ਼ੀ ਮੌਕੇ ਸਨ।ਇਸੇ ਤਰਾਂ ਦਾ ਇੱਕ ਵੀਰ ਯੋਧਾ ਹੈਦਰ ਅਲੀ (ਜਨਮ 1727) ਸੀ।ਉਸਨੇ ਆਪਣਾ ਜੀਵਨ ਇੱਕ ਘੁੜਸਵਾਰ ਦੇ ਰੂਪ ਵਿੱਚ ਸ਼ੁਰੂ ਕੀਤਾ ਅਤੇ ਫ਼ਿਰ ਮੈਸੂਰ ਦਾ ਵਾਸਤਵਿਕ ਸ਼ਾਸਕ ਬਣ ਗਿਆ।ਸ਼ਕਤੀ ਦੀ ਇਸ ਅਦਲਾ-ਬਦਲੀ ਦੀ ਕ੍ਰਿਆ ਮੈਸੂਰ ਦੇ ਰਾਜਾ ਵਡਿਆਰ ਚਿਕ ਕ੍ਰਿਸ਼ਨਰਾਜ ਦੇ ਕਾਲ ਵਿੱਚ ਸ਼ੁਰੂ ਹੋਈ। 1731-34 ਵਿੱਚ ਦੋ ਭਾਈਆਂ, ਦੇਵਰਾਜ (ਮੁੱਖ ਸੈਨਾਪਤੀ) ਅਤੇ ਨੰਜਾਰਾਜ (ਰਾਜਸਵ ਅਤੇ ਵਿੱਤ ਦੇ ਅਧੀਕਸ਼ਕ) ਨੇ ਰਾਜ ਦੀ ਸਾਰੀ ਤਾਕਤ ਆਪਣੇ ਹੱਥ ਵਿੱਚ ਕਰ ਲਈ।ਦੱਖਣ ਵਿੱਚ ਨਿਜਾਮ, ਮਰਾਠਿਆਂ, ਅੰਗਰੇਜਾਂ ਅਤੇ ਫ਼੍ਰਾਂਸੀਸੀਆਂ ਵਿਚਕਾਰ ਹੋਏ ਚਾਰਕੋਣੀ ਸੰਘਰਸ਼ ਨੇ ਮੈਸੂਰ ਨੂੰ ਵੀ ਆਪਣੇ ਅਖਾੜੇ ਵਿੱਚ ਖੜਾ ਕਰ ਦਿੱਤਾ। ਮਰਾਠਿਆਂ ਨੇ 1753, 1754, 1757 ਅਤੇ 1759 ਵਿੱਚ ਮੈਸੂਰ ਪ੍ਰਦੇਸ਼ ਉੱਤੇ ਹਮਲੇ ਕੀਤੇ।ਇਨ੍ਹਾਂ ਹਮਲਾਵਰਾਂ ਦੀ ਅਮਿਟ ਧਨ-ਪਿਪਾਸਾ ਨੇ ਮੈਸੂਰ ਨੂੰ ਸੰਕਟ ਵਿੱਚ ਪਾ ਦਿੱਤਾ।ਦੇਵਰਾਜ ਵੀ ਇਨ੍ਹਾਂ ਹਮਲਿਆਂ ਦਾ ਪ੍ਰਤੀਰੋਧ ਕਰਣ ਵਿੱਚ ਅਸਫ਼ਲ ਰਿਹਾ।ਅਜਿਹੇ ਸਮੇਂ ਵਿੱਚ ਹੈਦਰਅਲੀ ਸਾਹਮਣੇ ਆਇਆ ਅਤੇ 1761 ਤੱਕ ਉਹ ਮੈਸੂਰ ਦਾ ਵਾਸਤਵਿਕ ਸ਼ਾਸਕ ਬਣ ਬੈਠਿਆ।

ਉਸਨੇ ਮਹਿਸੂਸ ਕੀਤਾ ਕਿ ਇਕ ਸੰਗਠਿਤ ਸੈਨਾ ਹੀ ਸਮੇਂ ਦੀ ਮੰਗ ਹੈ। ਮਰਾਠਿਆਂ ਦਾ ਪ੍ਰਤੀਰੋਧ ਕਰਣ ਲਈ ਉਸਨੂੰ ਇੱਕ ਤੇਜ਼ ਅਤੇ ਸ਼ਕਤੀਸ਼ਾਲੀ ਘੁੜਸਵਾਰ ਸੈਨਾ ਚਾਹੀਦੀ ਹੈ, ਅਤੇ ਫ਼੍ਰਾਂਸੀਸੀਆਂ ਦੁਆਰਾ ਪ੍ਰਸ਼ਿਕਸ਼ਿਤ ਨਿਜਾਮ ਦੀ ਸੈਨਾ ਲਈ ਇੱਕ ਚੰਗਾ ਤੋਪਖਾਨਾ ਚਾਹੀਦਾ ਹੈ।ਉਹ ਜਾਣਦਾ ਸੀ ਕਿ ਸ਼ਸਤਰ ਨਿਰਮਾਣ ਕੰਮ ਵਿੱਚ ਯੂਰਪੀ ਲੋਕ ਬਹੁਤ ਅੱਗੇ ਹਨ।ਇਸ ਲਈ ਉਸ ਨੇ ਫ਼੍ਰਾਂਸੀਸੀਆਂ ਦੀ ਮਦਦ ਨਾਲ਼ ਡਿੰਡੀਗੁਲ ਵਿੱਚ ਸ਼ਸ਼ਤਰਾਗਾਰ ਸਥਾਪਿਤ ਕੀਤਾ ਅਤੇ ਆਪਣੀ ਸੈਨਾ ਨੂੰ ਪ੍ਰਸ਼ਿਕਸ਼ਣ ਦੁਆਇਆ।ਜਲਦੀ ਹੀ ਉਹ ਕੂਟਨੀਤੀ ਵਿੱਚ ਵੀ ਜੋੜਤੋੜ ਕਰਨ ਵਿੱਚ ਸਿੱਧਹਸਤ ਹੋ ਗਿਆ। 1761 ਅਤੇ 1763 ਦੇ ਵਿੱਚ ਉਸਨੇ ਹੋਜਕੋਟ, ਦੋੜਬੇਲਾਪੁਰ, ਸੇਰਾ, ਬੇਦਨੂਰ ਆਦਿ ਪ੍ਰਮੁਖ ਸਥਾਨਾਂ ਅਤੇ ਦੱਖਣ ਦੇ ਪੋਲੀਗਾਰਾਂ ਨੂੰ ਜਿੱਤ ਲਿਆ।

ਮਰਾਠਿਆਂ ਨੇ ਪਾਣੀਪਤ ਦੇ ਤੀਜੇ ਯੁੱਧ ਦੀ ਹਾਰ ਨੂੰ ਜਲਦੀ ਹੀ ਭੁਲਾ ਦਿੱਤਾ ਅਤੇ ਮਾਧਵਰਾਓ ਦੀ ਅਗਵਾਈ ਵਿੱਚ ਦੁਬਾਰਾ ਉੱਠ ਖੜੇ ਹੋਏ।1764, 1766 ਅਤੇ 1771 ਵਿੱਚ ਓਨ੍ਹਾਂ ਨੇ ਮੈਸੂਰ ਪ੍ਰਦੇਸ਼ ਤੇ ਹਮਲਾ ਕਰ ਕੇ ਹੈਦਰਅਲੀ ਨੂੰ ਹਰਾਇਆ ਅਤੇ ਉਸਨੂੰ ਕੁਝ ਧਨ ਅਤੇ ਕੁਝ ਖੇਤਰ ਦੇਣ ਲਈ ਮਜਬੂਰ ਕੀਤਾ। ਪ੍ਰੰਤੂ 1772 ਵਿੱਚ ਮਾਧਵਰਾਂਓ ਪੇਸ਼ਵਾ ਦੀ ਮੌਤ ਤੋਂ ਬਾਅਦ ਗੜਬੜੀ ਦੇ ਕਾਲ ਵਿੱਚ ਹੈਦਰਅਲੀ ਨੇ 1774 ਅਤੇ 1776 ਵਿਚਕਾਰ ਨਾ ਸਿਰਫ ਖੋਏ ਹੋਏ ਪ੍ਰਦੇਸ਼ ਦੁਬਾਰਾ ਜਿੱਤ ਲਏ ਬਲਕਿ ਕ੍ਰਿਸ਼ਨਾ-ਤੁੰਗਭੱਦਰਾ ਘਾਟੀ ਦੇ ਪ੍ਰਮੁੱਖ ਪ੍ਰਦੇਸ਼, ਬੇਲਾਰੀ, ਕੁਡੱਪਾ, ਗੂਟੀ ਅਤੇ ਕਰਨੂਲ ਆਦਿ ਪ੍ਰਦੇਸ਼ਾਂ ਨੂੰ ਵੀ ਪ੍ਰਾਪਤ ਕਰ ਲਿਆ।

**ਪਹਿਲਾ ਆਂਗਲ-ਮੈਸੂਰ ਯੁੱਧ (1767-69):** ਬੰਗਾਲ ਵਿੱਚ ਆਸਾਨ ਜਿੱਤ ਨਾਲ਼ ਉਨਮੁਕਤ ਹੋਏ ਅੰਗਰੇਜਾਂ ਨੇ 1776 ਵਿੱਚ ਹੈਦਰਾਬਾਦ ਦੇ ਨਿਜਾਮ ਨਿਜਾਮਅਲੀ ਨਾਲ ਸੰਧੀ ਕਰ ਲਈ ਜਿਸ ਤੋਂ ਕੰਪਨੀ ਨੇ ਉੱਤਰੀ ਸਰਕਾਰਾਂ ਦੇ ਬਦਲੇ ਨਿਜਾਮ ਨੂੰ ਹੈਦਰਅਲੀ ਦੇ ਵਿਰੁੱਧ ਮਦਦ ਦੇਣ ਦਾ ਵਚਨ ਦਿੱਤਾ।ਹੈਦਰਅਲੀ ਦਾ ਪਹਿਲਾਂ ਹੀ ਅਰਕਾਟ ਅਤੇ ਮਰਾਠਿਆਂ ਨਾਲ਼ ਪ੍ਰਦੇਸ਼ ਦੇ ਮਾਮਲਿਆਂ ਤੇ ਝਗੜਾ ਸੀ।ਜਲਦੀ ਹੀ ਹੈਦਰਅਲੀ ਨੇ ਵੇਖਿਆ ਕਿ ਉਸਦੇ ਵਿਰੁੱਧ ਨਿਜਾਮ, ਮਰਾਠਿਆਂ ਅਤੇ ਕਰਨਾਟਕ ਦੇ ਨਵਾਬ ਦਾ ਇੱਕਠਾ ਮੋਰਚਾ ਬਣ ਗਿਆ ਹੈ।ਹੈਦਰਅਲੀ ਘਬਰਾਇਆ ਨਹੀਂ ਅਤੇ ਉਸਨੇ ਕੂਟਨੀਤੀ ਨਾਲ਼ ਕੰਮ ਲਿਆ।ਉਸਨੇ ਮਰਾਠਿਆਂ ਨੂੰ ਧਨ ਦੇ ਕੇ ਅਤੇ ਨਿਜਾਮ ਨੂੰ ਪ੍ਰਦੇਸ਼ ਦਾ ਲਾਲਚ ਦੇ ਕੇ ਆਪਣੇ ਵੱਲ ਮਿਲਾ ਲਿਆ ਅਤੇ ਫਿਰ ਕਰਨਾਟਕ ਉੱਤੇ ਹਮਲਾ ਕੀਤਾ। ਡੇੜ ਸਾਲ ਦੇ ਅਨਿਰਣਾਯਕ ਯੁੱਧ ਤੋਂ ਬਾਅਦ ਹੈਦਰਅਲੀ ਨੇ ਅੰਗਰੇਜਾਂ ਵਿਰੁੱਧ ਬਾਜ਼ੀ ਪਲਟ ਦਿੱਤੀ ਅਤੇ ਮਦਰਾਸ ਨੂੰ ਘੇਰ ਲਿਆ।ਡਰੇ ਹੋਏ ਅੰਗਰੇਜਾਂ ਨੇ ਉਸ ਨਾਲ ਇੱਕ ਨਿਰਾਦਰਭਰੀ ਸੰਧੀ ਕਰ ਲਈ (4 ਅਪ੍ਰੈਲ, 1769), ਜਿਸ ਵਿੱਚ ਦੋਹਾਂ ਪੱਖਾਂ ਨੇ ਵਿਜਿਤ ਪ੍ਰਦੇਸ਼ ਵਾਪਿਸ ਕਰ ਦਿੱਤੇ ਅਤੇ ਦੋਵੇਂ ਦਲਾਂ ਨੇ ਇੱਕ ਦੂਜੇ ਨੂੰ ਆਰਕਸ਼ਣ ਲਈ ਮਦਦ ਕਰਣ ਦਾ ਵਚਨ ਦਿੱਤਾ।

**ਦੂਜਾ ਆਂਗਲ-ਮੈਸੂਰ ਯੁੱਧ (1780-84):** 1769 ਦੀ ਸੰਧੀ, ਸੰਧੀ ਨਾ ਰਹਿ ਕੇ ਸਿਰਫ਼ ਯੁੱਧ ਵਿਰਾਮ ਹੀ ਰਹਿ ਗਿਆ ਸੀ।ਹੈਦਰਅਲੀ ਓੱਤੇ ਹਮਲਾ ਕੀਤਾ ਤਾਂ ਅੰਗਰੇਜਾਂ ਨੇ, 1769 ਦੀ ਸੰਧੀ ਦੇ ਅਨੁਕੂਲ ਮਦਦ ਨਹੀਂ ਕੀਤੀ ਸੀ।ਦੂਜੇ ਹੈਦਰਅਲੀ ਨੇ ਵੇਖਿਆ ਕਿ ਉਸਦੀ ਬੰਦੂਕਾਂ, ਤੋਪਾਂ, ਸ਼ੋਰੇ ਅਤੇ ਬਾਰੂਦ ਦੀਆਂ ਜ਼ਰੂਰਤਾਂ ਲਈ ਅੰਗਰੇਜਾਂ ਤੋਂ ਫ਼੍ਰਾਂਸੀਸੀ ਜ਼ਿਆਦਾ ਮਦਦਗਾਰ ਸਨ।ਕੁਝ ਸੈਨਿਕ ਸਾਮਾਨ, ਮਾਲਾਬਾਰ ਤਟ ਉੱਤੇ ਸਥਿਤ ਫ਼੍ਰਾਂਸੀਸੀ ਬੰਦਰਗਾਹ ਮਾਹੀ ਰਾਹੀਂ ਵੀ ਮੈਸੂਰ ਪਹੁੰਚਦਾ ਸੀ।ਦੂਜੇ ਪਾਸੇ

ਨੋਟ

ਪੱਛਮ ਵਿੱਚ ਅਮਰੀਕਾ ਦਾ ਸੁਤੰਤਰਤਾ ਸੰਗਰਾਮ ਸ਼ੁਰੂ ਹੋ ਗਿਆ ਸੀ।ਕਿਓਂਕਿ ਫ਼੍ਰਾਂਸੀਸੀ ਅਮਰੀਕਾ ਵੱਲੋਂ ਇਸ ਯੁੱਧ ਵਿੱਚ ਸ਼ਾਮਿਲ ਹੋਏ ਸਨ ਇਸ ਲਈ ਵਾਰੇਨ ਹੇਸਟਿੰਗਜ਼ ਨੂੰ ਹੈਦਰਅਲੀ- ਫ਼੍ਰਾਂਸੀਸੀ ਸੰਬੰਧਾਂ ਉੱਤੇ ਬਹੁਤ ਸ਼ੱਕ ਸੀ।ਇਨ੍ਹਾਂ ਹਾਲਾਤਾਂ ਵਿੱਚ ਜਦੋਂ ਅੰਗਰੇਜਾਂ ਨੇ ਮਾਹੀ- ਜਿਸ ਨੂੰ ਹੈਦਰਅਲੀ ਆਪਣੇ ਸੰਰਕਸ਼ਣ ਵਿੱਚ ਸਮਝਦਾ ਸੀ- ਨੂੰ ਜਿੱਤਣ ਦੀ ਕੋਸ਼ਿਸ਼ ਕੀਤੀ ਤਾਂ ਇਹ ਹੈਦਰਅਲੀ ਨੂੰ ਸਪੱਸ਼ਟ ਚੁਨੌਤੀ ਸੀ।

ਹੈਦਰਅਲੀ ਨੇ ਨਿਜਾਮ ਅਤੇ ਮਰਾਠਿਆਂ ਨਾਲ਼ ਮਿਲ ਕੇ-ਸਭ ਦੇ ਦੁਸ਼ਮਣ- ਈਸਟ ਇੰਡੀਆ ਕੰਪਨੀ ਦੇ ਵਿਰੁੱਧ ਇੱਕ ਸੰਯੁਕਤ ਮੋਰਚਾ ਬਣਾ ਲਿਆ।ਜੁਲਾਈ 1780 ਵਿੱਚ ਹੈਦਰਅਲੀ ਨੇ ਕਰਨਾਟਕ ਉੱਤੇ ਹਮਲਾ ਕਰ ਦਿੱਤਾ ਅਤੇ ਕਰਨਲ ਬੇਲੀ ਦੇ ਅਧੀਨ ਅੰਗਰੇਜੀ ਸੈਨਾ ਨੂੰ ਹਰਾ ਕੇ ਅਰਕਾਟ ਜਿੱਤ ਲਿਆ।ਓਧਰ ਅੰਗਰੇਜਾਂ ਨੇ ਨਿਜਾਮ ਅਤੇ ਮਰਾਠਿਆਂ ਨੂੰ ਹੈਦਰਅਲੀ ਤੋਂ ਅਲੱਗ ਕਰ ਦਿੱਤਾ। ਹੈਦਰਅਲੀ ਨੇ ਦ੍ਰਿੜਤਾਪੂਰਵਕ ਇਸ ਸਥਿਤੀ ਦਾ ਸਾਹਮਣਾ ਕੀਤਾ ਪ੍ਰੰਤੂ ਪੋਰਟੋ ਨੋਵੋ ਦੇ ਸਥਾਨ ਤੇ ਹਾਰ ਗਿਆ (ਨਵੰਬਰ 1781)।ਪ੍ਰੰਤੂ ਅਗਲੇ ਸਾਲ ਹੀ ਹੈਦਰਅਲੀ ਨੇ ਕਰਨਲ ਬ੍ਰੇਥਵੇਟ ਦੇ ਅਧੀਨ ਅੰਗਰੇਜਾਂ ਨੂੰ ਬੁਰੀ ਤਰਾਂ ਹਰਾਇਆ।ਬ੍ਰੇਥਵੇਟ ਨੂੰ ਸੁੱਧਬੰਦੀ ਬਣਾ ਲਿਆ ਗਿਆ।ਪ੍ਰੰਤੂ 7 ਦਿਸੰਬਰ, 1782 ਨੂੰ ਹੈਦਰਅਲੀ ਦੀ ਮੌਤ ਹੋ ਗਈ ਅਤੇ ਕੰਮ-ਭਾਰ ਉਸਦੇ ਪੁੱਤਰ ਟੀਪੂ ਸੁਲਤਾਨ ਤੇ ਆ ਪਿਆ।ਟੀਪੂ ਨੇ ਇੱਕ ਸਾਲ ਤੱਕ ਸੁੱਧ ਜਾਰੀ ਰੱਖਿਆ ਪ੍ਰੰਤੂ ਦੋਵੇਂ ਪੱਖ ਹੀ ਨਿਸ਼ਚਿਤ ਜਿੱਤ ਪ੍ਰਾਪਤ ਨਹੀਂ ਕਰ ਸਕੇ।ਅੰਤ ਵਿੱਚ ਦੋਹਾਂ ਪੱਖਾਂ ਨੇ ਸੰਧੀ ਕਰਨਾ ਉਚਿਤ ਸਮਝਿਆ ਅਤੇ ਮਾਰਚ 1784 ਵਿੱਚ ਮੰਗਲੌਰ ਦੀ ਸੰਧੀ ਨਾਲ਼ ਦੋਹਾਂ ਪੱਖਾਂ ਨੇ ਵਿਜਿਤ ਪ੍ਰਾਂਤ ਵਾਪਿਸ ਕਰ ਦਿੱਤੇ।ਸੁੱਧ ਦਾ ਇਹ ਦੂਜਾ ਦੌਰ ਅਨਿਸ਼ਚਿਤ ਰਿਹਾ।

**ਤੀਜਾ ਆਂਗਲ-ਮੈਸੂਰ ਯੁੱਧ (1790-92):** ਅੰਗਰੇਜੀ ਸਾਮਰਾਜਵਾਦ ਦੀ ਪਰੰਪਰਾ ਦੇ ਅਨੁਕੂਲ, ਅੰਗਰੇਜਾਂ ਨੇ ਇਸ ਸੰਧੀ ਨੂੰ ਆਓਣ ਵਾਲ਼ੇ ਹਮਲੇ ਦੇ ਲਈ ਸਿਰਫ ਸਾਹ ਲੈਣ ਦਾ ਸਮਾਂ ਮੰਨਿਆ।ਹਾਲਾਕਿ 1784 ਦੇ ਪਿਟਸ ਇੰਡੀਆ ਅਧਿਨਿਯਮ ਵਿੱਚ ਇਹ ਸਪਸ਼ਟ ਕੀਤਾ ਗਿਆ ਸੀ ਕਿ ਕੰਪਨੀ ਕੋਈ ਨਵਾਂ ਪ੍ਰਦੇਸ਼ ਜਿੱਤਣ ਦੀ ਕੋਸ਼ਿਸ਼ ਨਹੀਂ ਕਰੇਗੀ, ਤਾਂ ਵੀ ਲੋਰਡ ਕਾਰਨਵਾਲਿਸ ਨੇ ਨਿਜਾਮ ਅਤੇ ਮਰਾਠਿਆਂ ਦੀ ਟੀਪੂ ਵਿਰੋਧੀ ਭਾਵਨਾਵਾਂ ਤੋਂ ਪ੍ਰੇਰਿਤ ਹੋ ਕੇ 1790 ਅਵਿੱਚ ਟੀਪੂ ਦੇ ਵਿਰੁੱਧ ਤ੍ਰਿਦਲੀ ਸੰਗਠਨ ਰਚਿਆ। ਟੀਪੂ ਨੂੰ ਵੀ ਅੰਗਰੇਜਾਂ ਦੇ ਵਿਰੁੱਧ ਯੁੱਧ ਸੰਭਵ ਲਗ ਰਿਹਾ ਸੀ।ਇਸ ਲਈ ਉਸਨੇ ਤੁਰਕਾਂ ਦੀ ਮਦਦ ਪ੍ਰਾਪਤ ਕਰਣ ਦੀ ਕੋਸ਼ਿਸ਼ ਕੀਤੀ।1784 ਅਤੇ 1785 ਵਿੱਚ ਕੁਸਤੁਨਤੁਨੀਆ (ਆਧੁਨਿਕ) ਨੂੰ ਇੱਕ ਰਾਜਦੂਤ ਭੇਜਿਆ।1787 ਵਿੱਚ ਉਸਨੇ ਇੱਕ ਦੂਤਮੰਡਲ ਫ਼੍ਰਾਂਸ ਵੀ ਭੇਜਿਆ।

ਟੀਪੂ ਦਾ ਟ੍ਰਾਵਨਕੋਰ ਦੇ ਮਹਾਰਾਜਾ ਨਾਲ ਝਗੜਾ ਉਸ ਸਮੇਂ ਹੋਇਆ ਜਦੋਂ ਮਹਾਰਾਜਾ ਨੇ ਡੱਚ ਲੋਕਾਂ ਤੋਂ ਕੋਚੀਨ ਰਿਆਸਤ ਵਿੱਚ ਸਥਿਤ ਜੈਕੋਟੇ ਅਤੇ ਕ੍ਰਗਾਨੂਰ ਮੁੱਲ ਲੈਣ ਦੀ ਕੋਸ਼ਿਸ਼ ਕੀਤੀ। ਟੀਪੂ ਕੋਚੀਨ ਰਿਆਸਤ ਨੂੰ ਆਪਣੇ ਅਧੀਨ ਮੰਨਦਾ ਸੀ ਅਤੇ ਉਸਨੇ ਟ੍ਰਾਵਨਕੌਰ ਦੀ ਇਸ ਕੋਸ਼ਿਸ਼ ਨੂੰ ਆਪਣੀ ਸੱਤਾ ਵਿੱਚ ਹਸਤਖੇਪ ਮੰਨਿਆ।ਵੁਸਨੇ ਅਪ੍ਰੈਲ 1790 ਵਿੱਚ ਟ੍ਰਾਵਨਕੋਰ ਤੇ ਹਮਲਾ ਕਰਣ ਦਾ ਨਿਸ਼ਚਾ ਕੀਤਾ। ਅੰਗਰੇਜਾਂ ਨੇ ਜੋ ਪਹਿਲਾਂ ਹੀ ਯੁੱਧ ਲਈ ਤਿਆਰ ਬੈਠੇ ਸਨ, ਟ੍ਰਾਵਨਕੋਰ ਦੇ ਰਾਜਾ ਦਾ ਪੱਖ ਲਿਆ, ਕਿਓਂਕਿ 1784 ਵਿੱਚ ਦੋਹਾਂ ਪੱਖਾਂ ਵਿੱਚ ਇਸ ਵਿਚਾਰ ਦੀ ਸੰਧੀ ਹੋਈ ਸੀ।ਕਾਰਨਵਾਲਿਸ ਨੇ ਇੱਕ ਵੱਡੀ ਸੈਨਾ ਦੀ ਮਦਦ ਨਾਲ਼ ਟੀਪੂ ਤੇ ਹਮਲਾ ਕਰ ਦਿੱਤਾ ਅਤੇ ਵੈਲਲੌਰ ਅਤੇ ਅੰਬੂਰ ਤੋਂ ਹੁੰਦਾ ਹੋਇਆ ਉਹ ਬੰਗਲੌਰ ਤੇ ਚੜ੍ਹ ਆਇਆ ਜੋ ਉਸਨੇ ਮਾਰਚ 1791 ਵਿੱਚ ਜਿੱਤ ਲਿਆ ਅਤੇ ਸ਼੍ਰੀਰੰਗਾਪੱਟਮ ਤੱਕ ਪਹੁੰਚ ਗਿਆ।ਅੰਗਰੇਜਾਂ ਨੇ ਕੋਇੰਬਟੂਰ ਵੀ ਜਿੱਤ ਲਿਆ ਪ੍ਰੰਤੂ ਜਲਦੀ ਹੀ ਉਸਨੂੰ ਦੁਬਾਰਾ ਹੱਥੋਂ ਖੋ ਬੈਠੇ।ਮਰਾਠਾ ਅਤੇ ਨਿਜਾਮ ਦੀ ਮਦਦ ਨਾਲ਼ ਓਹਨਾਂ ਨੇ ਦੁਬਾਰਾ ਸ਼੍ਰੀਰੰਗਾਪੱਟਮ ਵੱਲ ਚੜ੍ਹਾਈ ਕੀਤੀ।ਟੀਪੂ ਨੇ ਸਖ਼ਤ ਪ੍ਰਤੀਰੋਧ ਕੀਤਾ ਪ੍ਰੰਤੂ ਜਦੋਂ ਉਸਨੇ ਵੇਖਿਆ ਕਿ ਯੁੱਧ ਜਾਰੀ ਰੱਖਣਾ ਅਸੰਭਵ ਹੈ ਤਾਂ ਉਸਨੇ ਸ਼੍ਰੀਰੰਗਾਪੱਟਮ ਦੀ ਸੰਧੀ ਕਰ ਲਈ (ਮਾਰਚ 1792)।ਇਸ ਦੇ ਅਨੁਸਾਰ ਉਸਨੂੰ ਆਪਣੇ ਦੇਸ਼ ਦਾ ਲਗਭਗ ਅੱਧਾ ਭਾਗ ਅੰਗਰੇਜਾਂ ਅਤੇ ਓਹਨਾਂ ਦੇ ਸਾਥੀਆਂ ਨੂੰ ਦੇਣਾ ਪਿਆ।ਯੁੱਧ ਦੇ ਇਸ ਦੌਰ ਵਿੱਚ ਟੀਪੂ ਨੂੰ ਬਹੁਤ ਹਾਨੀ ਹੋਈ ਅਤੇ ਉਹ ਆਪਣੇ ਰਾਜ ਨੂੰ ਪੂਰੀ ਤਰਾਂ ਖਤਮ ਹੋਣ ਤੋਂ ਕਠਿਨਾਈ ਨਾਲ਼ ਹੀ ਬਚਾ ਪਾਇਆ।ਕਾਰਨਵਾਲਿਸ ਨੇ ਇਸ ਸਥਿਤੀ ਨੂੰ ਨਿਮਨਲਿਖਿਤ ਸ਼ਬਦਾਂ ਵਿੱਚ ਵਰਣਿਤ ਕੀਤਾ ਹੈ: "ਅਸੀਂ ਆਪਣੇ ਦੁਸ਼ਮਣ ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਪੰਗੂ ਬਣਾ ਦਿੱਤਾ ਹੈ ਅਤੇ ਆਪਣੇ ਸਾਥੀਆਂ ਨੂੰ ਵੀ ਤਾਕਤਵਰ ਨਹੀਂ ਬਣਨ ਦਿੱਤਾ।

**ਚੌਥਾ ਆਂਗਲ-ਮੈਸੂਰ ਯੁੱਧ (1799):** ਪਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਨੀਤੀ ਦਾ ਮੁੱਖ ਅੰਗ ਇਹ ਸੀ ਕਿ ਯੁੱਧ ਕਰੋ।ਫਿਰ ਆਪਣੇ ਆਪ ਨੂੰ ਆਓਣ ਵਾਲ਼ੇ ਯੁੱਧ ਵਾਸਤੇ ਤਿਆਰ ਕਰਣ ਵਾਸਤੇ ਸ਼ਾਂਤੀ ਦੀ ਨੀਤੀ ਅਪਣਾਓ। 1798 ਵਿੱਚ ਲਾਰਡ ਵੈਲੇਜਲੀ ਆਇਆ ਜੋ ਇੱਕ ਸਾਮਰਾਜਵਾਦੀ ਗਵਰਨਰ ਜਨਰਲ ਸੀ। ਦੂਜੇ ਉਸ ਸਮੇਂ ਨੇਪੋਲਿਅਨ ਦਾ ਡਰ ਸਾਰੇ ਯੂਰਪ ਤੇ ਛਾਇਆ ਹੋਇਆ ਸੀ।ਇਸ ਤਰਾਂ ਹੋਣਾ ਸ਼ਾਂਤੀ ਬਣਾਏ ਰੱਖਣ ਲਈ ਠੀਕ ਨਹੀਂ ਸੀ। ਉਸਨੇ ਦ੍ਰਿੜ ਨਿਸ਼ਚਾ ਕੀਤਾ ਹੋਇਆ ਸੀ ਕਿ ਜਾਂ ਤਾਂ ਟੀਪੂ ਨੂੰ ਪੂਰੀ ਤਰਾਂ ਖਤਮ ਕਰ ਦਿਓ ਜਾਂ ਉਸ ਨੂੰ ਪੂਰੀ ਤਰਾਂ ਆਪਣੇ ਅਧੀਨ ਕਰ ਲਓ।ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਸਹਾਇਕ ਸੰਧੀ ਦਾ ਰਸਤਾ ਅਪਣਾਇਆ।ਉਸਨੇ ਟੀਪੂ ਸੁਲਤਾਨ ਉੱਤੇ ਇਹ ਦੋਸ਼ ਲਗਾਇਆ ਕਿ ਓਹ ਨਿਜਾਮ ਅਤੇ ਮਰਾਠਿਆਂ ਨਾਲ਼ ਮਿਲ ਕੇ ਅੰਗਰੇਜਾਂ ਵਿਰੁੱਧ ਸਾਜ਼ਿਸ਼ ਰਚ ਰਿਹਾ ਹੈ, ਜਾਂ ਅਰਬ, ਅਫਗਾਨੀਸਤਾਨ ਦੇ ਜਮਾਨਸ਼ਾਹ, ਕੁਸਤੁਨਤੁਨੀਆ, ਮਾਰੀਸ਼ਸ ਵਿੱਚ ਫ਼੍ਰਾਂਸੀਸੀ ਅਧਿਕਾਰੀਆਂ ਜਾਂ ਵਰਸਾਈ ਵਿੱਚ ਡਾਇਰੈਕਟਰੀ ਆਦਿ ਦੇ ਨਾਲ਼ ਅੰਗਰੇਜਾਂ ਵਿਰੁੱਧ ਮੋਰਚਾ ਬਣਾਓਣ ਲਹੀ ਪੱਤਰ-ਵਿਵਹਾਰ ਕਰ ਰਿਹਾ ਹੈ।ਇਹ ਸਾਰੇ ਬਹਾਨੇ ਉਸ ਦੀ ਉਦੇਸ਼ ਪੂਰਤੀ ਦੇ ਲਈ ਕਾਫੀ ਸਨ।ਟੀਪੂ ਨੇ ਉੱਤਰ ਵਿੱਚ ਕਿਹਾ ਕਿ ਕੇਵਲ 40 ਕਾਲੇ ਰੰਗ ਦੇ ਫ਼੍ਰਾਂਸੀਸੀ, ਜਿਨ੍ਹਾਂ ਵਿੱਚੋਂ 10 ਜਾਂ 12 ਸ਼ਿਲਪੀ ਅਤੇ ਨੌਕਰ ਸਨ, ਜਿਨ੍ਹਾਂ ਨੇ ਜਹਾਜ਼ ਦਾ ਕਿਰਾਇਆ ਵੀ ਆਪ ਦਿੱਤਾ ਹੈ, ਇੱਥੇ ਕੰਮ ਦੀ ਖੋਜ ਵਿੱਚ ਆਏ ਸਨ।ਇਸ ਉੱਤਰ ਨੂੰ ਸਵੀਕਾਰ ਨਹੀਂ ਕੀਤਾ ਗਿਆ ਅਤੇ ਅਪ੍ਰੈਲ 1799 ਵਿੱਚ ਟੀਪੂ

ਨੋਟ

ਦੇ ਵਿਰੁੱਧ ਅਭਿਆਨ ਸ਼ੁਰੂ ਕਰ ਦਿੱਤਾ ਗਿਆ। 4 ਮਈ 1799 ਨੂੰ ਸ਼੍ਰੀਰੰਗਾਪੱਟਮ ਦਾ ਕਿਲਾ ਜਿੱਤ ਲਿਆ ਗਿਆ ਅਤੇ ਮੈਸੂਰ ਦੀ ਸੁਤੰਤਰਤਾ ਖਤਮ ਹੋ ਗਈ। ਟੀਪੂ ਨੇ ਲੜਦੇ-ਲੜਦੇ ਵੀਰ ਗਤੀ ਪਾਈ।ਉਸਦੇ ਕੁਲ ਦੇ ਮੈਂਬਰਾਂ ਨੂੰ ਵੈਲੌਰ ਦੇ ਕਿਲੇ ਵਿੱਚ ਕੈਦ ਕਰ ਦਿੱਤਾ ਗਿਆ।ਅੰਗਰੇਜਾਂ ਨੇ ਕੰਨੜ, ਕੋਇੰਬਟੂਰ, ਵੇਨਾੜ, ਧਾਰਪੁਰਮ ਅਤੇ ਮੈਸੂਰ ਦਾ ਸਾਰਾ ਸਮੁੰਦਰੀ ਤਟ ਆਪਣੇ ਪ੍ਰਦੇਸ਼ ਵਿੱਚ ਮਿਲਾ ਲਿਆ।ਕੁਝ ਪ੍ਰਦੇਸ਼ ਨਿਜਾਮ ਨੂੰ ਵੀ ਦਿੱਤੇ ਗਏ।ਵਡਿਆਰ ਵੰਸ਼ ਦਾ ਇੱਕ ਬਾਲਕ ਮੈਸੂਰ ਦਾ ਰਾਜਾ ਬਣਾ ਦਿੱਤਾ ਗਿਆ ਅਤੇ ਸਹਾਇਕ ਸੰਧੀ ਦੇਸ਼ ਉੱਤੇ ਲੱਦ ਦਿੱਤੀ ਗਈ।

### ਟੀਪੂ ਦੀ ਸ਼ਾਸਨ ਪ੍ਰਣਾਲੀ (Tipu's Administration)

ਓਸ ਸਮੇਂ ਭਾਰਤ ਵਿੱਚ ਕੇਵਲ ਨਿਰੰਕੁਸ਼ਵਾਦ ਦਾ ਹੀ ਬੋਲਬਾਲਾ ਸੀ ਅਤੇ ਇਸੇ ਕਾਰਣ ਟੀਪੂ ਦਾ ਪ੍ਰਸ਼ਾਸਨ ਵੀ ਅਲੱਗ ਨਹੀਂ ਹੋ ਸਕਦਾ ਸੀ।ਸੁਲਤਾਨ ਹੀ ਦੇਸ਼ ਵਿੱਚ ਸਾਰੀ ਸੈਨਿਕ, ਅਸੈਨਿਕ ਅਤੇ ਰਾਜਨੀਤਿਕ ਸ਼ਕਤੀ ਦਾ ਕੇਂਦਰ ਸੀ।ਉਹ ਆਪ ਹੀ ਆਪਣਾ ਵਿਦੇਸ਼ ਮੰਤਰੀ ਅਤੇ ਮੁੱਖ ਸੈਨਾਪਤੀ ਜਾਂ ਨਿਆਅਧੀਸ਼ ਸੀ।

ਚਾਹੇ ਟੀਪੂ ਤੇ ਕੋਈ ਨਿਯੰਤਰਣ ਨਹੀਂ ਸੀ, ਤਾਂ ਵੀ ਓਹ ਅਸੰਯਮੀ, ਦਯਾਰਹਿਤ ਰਾਜਾ ਨਹੀਂ ਸੀ।ਓਹ ਕਰਮਸ਼ੀਲ ਅਤੇ ਕਰਤੱਵਪਰਾਇਣ ਰਾਜੇ ਦੀ ਤਰਾਂ ਕੰਮ ਕਰਦਾ ਸੀ।ਓਹ ਸਮਝਦਾ ਸੀ ਕਿ ਆਪਣੀ ਪ੍ਰਜਾ ਦੇ ਪ੍ਰਤੀ ਵਿਵਹਾਰ ਦੇ ਲਈ ਇੱਕ ਦਿਨ ਓਸ ਨੂੰ ਈਸ਼ਵਰ ਨੂੰ ਉੱਤਰ ਦੇਣਾ ਪਵੇਗਾ ਅਤੇ ਹਮੇਸ਼ਾ ਪ੍ਰਜਾ ਦੇ ਹਿਤ ਲਈ ਕੰਮ ਕਰਦਾ ਸੀ।

**ਕੇਂਦਰੀ ਪ੍ਰਸ਼ਾਸਨ–**ਟੀਪੂ ਨੂੰ ਸੁਧਾਰਾਂ ਅਤੇ ਨਵੇਂ ਪ੍ਰਯੋਗਾਂ ਨਾਲ਼ ਪਿਆਰ ਸੀ।ਇਸ ਲਈ ਜਲਦ ਹੀ ਉਸ ਨੇ ਆਪਣੇ ਪਿਤਾ ਹੈਦਰਅਲੀ ਤੋਂ ਪ੍ਰਾਪਤ ਕੀਤੀ ਹੋਈ ਸ਼ਾਸਨ ਪ੍ਰਣਾਲੀ ਵਿੱਚ ਸੁਧਾਰ ਕੀਤੇ।ਡਾਡਵੈਲ ਦੇ ਅਨੁਸਾਰ ਉਹ ਪਹਿਲਾ ਭਾਰਤੀ ਰਾਜਾ ਸੀ ਜਿਸਨੇ ਪੱਛਮੀ ਪਰੰਪਰਾਵਾਂ ਨੂੰ ਭਾਰਤੀ ਪ੍ਰਜਾ ਤੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ।ਹਰ ਵਿਭਾਗ ਦਾ ਇੱਕ ਅਲੱਗ ਅਧਿਕਾਰੀ ਹੁੰਦਾ ਸੀ ਅਤੇ ਅਨੇਕ ਨਿਮਨ ਸਤਰ ਦੇ ਅਧਿਕਾਰੀ ਉਸਦੀ ਮਦਦ ਕਰਦੇ ਸਨ।ਇਹ ਸਾਰੇ ਮਿਲ ਕੇ ਇਕ ਬੋਰਡ ਦੇ ਰੂਪ ਵਿੱਚ ਕੰਮ ਕਰਦੇ ਸਨ। ਪੂਰੇ ਵਾਦ-ਵਿਵਾਦ ਤੋਂ ਬਾਅਦ ਹੀ ਫ਼ੈਸਲੇ ਲਏ ਜਾਂਦੇ ਸਨ।ਇਸ ਵਾਦ-ਵਿਵਾਦ ਵਿੱਚ ਮੈਂਬਰਾਂ ਨੂੰ ਮਤਭੇਦ ਪ੍ਰਕਟ ਕਰਣ ਦਾ ਪੂਰਾ ਅਧਿਕਾਰ ਸੀ।ਫ਼ੈਸਲੇ ਬਹੁਮਤ ਨਾਲ਼ ਕੀਤੇ ਜਾਂਦੇ ਸਨ।ਬੈਠਕਾਂ ਦੀ ਕਾਰਵਾਈ ਦਾ ਬਿਓਰਾ ਰੱਖਿਆ ਜਾਂਦਾ ਸੀ।ਪ੍ਰੰਤੂ ਇਨ੍ਹਾਂ ਮਾਮਲਿਆਂ ਵਿੱਚ ਆਖਰੀ ਫ਼ੈਸਲਾ ਸੁਲਤਾਨ ਦਾ ਹੀ ਹੁੰਦਾ ਸੀ।

ਟੀਪੂ ਸੁਲਤਾਨ ਦੇ ਪ੍ਰਸ਼ਾਸਨ ਵਿੱਚ ਪ੍ਰਧਾਨ ਮੰਤਰੀ ਜਾਂ ਵਜੀਰ ਦਾ ਪਦ ਨਹੀਂ ਹੁੰਦਾ ਸੀ। ਸੱਤ ਮੁੱਖ ਵਿਭਾਗ ਸਨ ਜੋ ਮੀਰ ਆਸਿਫ ਦੇ ਅਧੀਨ ਹੁੰਦੇ ਸਨ ਜੋ ਆਪ ਸੁਲਤਾਨ ਦੇ ਪ੍ਰਤੀ ਉੱਤਰਦਾਈ ਸੀ।ਇਹ ਵਿਭਾਗ ਇਸ ਤਰਾਂ ਸਨ- (1) ਰਾਜਸਵ ਅਤੇ ਵਿੱਤ ਮੀਰ ਆਸਿਫ ਕਚਿਹਰੀ ਦੇ ਅਧੀਨ, (2) ਸੈਨਾ ਵਿਭਾਗ ਮੀਰ ਮਰਾਂ ਕਚਿਹਰੀ ਦੇ ਅਧੀਨ, (3) ਜ਼ੁਮਰਾ ਵਿਭਾਗ ਇੱਕ ਹੋਰ ਮੀਰ ਮਰਾਂ ਕਚਿਹਰੀ ਦੇ ਅਧੀਨ, (4) ਤੋਪਖਾਨਾ ਅਤੇ ਦੁਰਗ ਰੱਖਿਆ ਵਿਭਾਗ ਮੀਰ ਸਦਰ ਕਚਿਹਰੀ ਦੇ ਅਧੀਨ, (5) ਵਾਣਿਜ ਵਿਭਾਗ ਮਲਿਕ ਉੱਤੁਜਾਰ ਦੇ ਅਧੀਨ, (6) ਨਾਵਿਕ ਵਿਭਾਗ ਮੀਰ ਯਾਮ ਕਚਿਹਰੀ ਦੇ ਅਧੀਨ ਅਤੇ (7) ਕੋਸ਼ ਅਤੇ ਟੰਕਣ ਵਿਭਾਗ ਮੀਰ ਖਜਾਨਾ ਕਚਿਹਰੀ ਦੇ ਅਧੀਨ।ਇਨ੍ਹਾਂ 7 ਤੋਂ ਇਲਾਵਾ ਹੋਰ ਛੋਟੇ ਵਿਭਾਗ ਵੀ ਸਨ ਅਰਥਾਤ ਡਾਕ ਅਤੇ ਗੁਪਤਚਰ ਵਿਭਾਗ, ਲੋਕ ਨਿਰਮਾਣ ਅਤੇ ਪਸ਼ੂ ਵਿਭਾਗ।

**ਪ੍ਰਾਂਤੀਯ ਅਤੇ ਸਥਾਨੀਯ ਪ੍ਰਸ਼ਾਸਨ–**1784 ਤੋਂ ਬਾਅਦ ਟੀਪੂ ਨੇ ਆਪਣੇ ਸਾਮਰਾਜ ਨੂੰ 7 ਪ੍ਰਾਂਤਾਂ ਵਿੱਚ ਵੰਡ ਦਿੱਤਾ ਜਿਨ੍ਹਾਂ ਨੂੰ ਆਸਫ਼ੀ ਟੁਕੜੀ ਕਹਿੰਦੇ ਸਨ। ਕਾਲਾਂਤਰ ਵਿੱਚ ਇਨ੍ਹਾਂ ਪ੍ਰਾਂਤਾਂ ਦੀ ਸੰਖਿਆ 17 ਹੋ ਗਈ।ਪ੍ਰਾਂਤਾਂ ਵਿੱਚ ਮੁੱਖ ਅਧਿਕਾਰੀ ਆਸਿਫ਼ (ਅਸੈਨਿਕ ਗਵਰਨਰ) ਅਤੇ ਫ਼ੌਜਦਾਰ (ਸੈਨਿਕ ਗਵਰਨਰ) ਹੁੰਦੇ ਸਨ।ਇਹ ਦੋਵੇਂ ਇੱਕ ਦੂਜੇ ਉੱਤੇ ਨਿਯੰਤਰਣ ਰੱਖਦੇ ਸਨ।ਪ੍ਰਾਂਤਾਂ ਨੂੰ ਜਿਲਿਆਂ ਅਤੇ ਜਿਲਿਆਂ ਨੂੰ ਗ੍ਰਾਮਾਂ ਵਿੱਚ ਵੰਡਿਆ ਹੁੰਦਾ ਸੀ।ਸਥਾਨੀਯ ਪ੍ਰਸ਼ਾਸਨ ਦਾ ਪ੍ਰਬੰਧ ਪੰਚਾਇਤਾਂ ਕਰਦੀਆਂ ਸਨ।

**ਭੂਮੀ ਕਰ ਵਿਵਸਥਾ–**ਮੁੱਖ ਰੂਪ ਵਿੱਚ ਟੀਪੂ ਨੇ ਆਪਣੇ ਪਿਤਾ ਦੇ ਕਾਲ ਤੋਂ ਚਲੀ ਆ ਰਹੀ ਭੂਮੀ ਕਰ ਪ੍ਰਣਾਲੀ ਨੂੰ ਬਣਾ ਕੇ ਰੱਖਿਆ ਪ੍ਰੰਤੂ ਉਸ ਵਿਚ ਅਧਿਕ ਕਸ਼ਮਤਾ ਲਿਆਓਣ ਦੀ ਕੋਸ਼ਿਸ਼ ਕੀਤੀ।ਉਸਨੇ ਜਾਗੀਰਦਾਰੀ ਪ੍ਰਦਾਲੀ ਨੂੰ ਤਿਆਗ ਕੇ ਕਿਸਾਨ ਅਤੇ ਸਰਕਾਰ ਵਿਚ ਸਿੱਧਾ ਸੰਪਰਕ ਸਥਾਪਿਤ ਕੀਤਾ।ਉਸਨੇ ਕਰਮੁਕਤ ਇਨਾਮ ਭੂਮੀ ਤੇ ਫਿਰ ਅਧਿਕਾਰ ਕਰ ਲਿਆ ਅਤੇ ਪਾਲੀਗਾਰਾਂ (ਜ਼ਿਮੀਦਾਰਾਂ) ਦੇ ਪੈਤ੍ਰਿਕ ਅਧਿਕਾਰ ਜ਼ਬਤ ਕਰ ਲਏ।

ਸਰਕਾਰ ਨੇ ਪ੍ਰੇਰਣਾ ਸੰਲਗਨ ਅਨੁਰੋਧ ਦੀ ਪ੍ਰਣਾਲੀ ਦੁਆਰਾ ਜ਼ਿਅਦਾ ਤੋਂ ਜ਼ਿਆਦਾ ਪੂਮੀ ਨੂੰ ਜੋਤ ਵਿੱਚ ਲਿਆਓਣ ਦੀ ਕੋਸ਼ਿਸ਼ ਕੀਤੀ।ਜ਼ਿਲੇ ਦਾ ਕਰਮਚਾਰੀ ਜ਼ਿਲੇ ਦਾ ਦੋਰਾ ਕਰਦਾ ਸੀ।ਅਤੇ ਕਿਸਾਨਾਂ ਨੂੰ ਹੋਰ ਭੂਮੀ ਜੋਤ ਵਿੱਚ ਲਿਆਓਣ ਲਈ ਹਲ ਅਤੇ ਪਸ਼ੂਆਂ ਦੇ ਲਈ ਤਕਾਵੀ (ਸਰਕਾਰ ਵੱਲੋਂ ਦਿੱਤਾ ਗਿਆ ਧਨ) ਕਰਜ਼ਾ ਦਿੱਤਾ ਜਾਂਦਾ ਸੀ। ਦੂਜੇ, ਆਮਿਲ ਇਹ ਵੀ ਦੇਖਦਾ ਸੀ ਕਿ ਜੇਕਰ ਕਿਸੇ ਪਰਿਵਾਰ ਵਿੱਚ ਕੰਮ ਕਰਣ ਵਾਲ਼ੇ ਜ਼ਿਆਦਾ ਹਨ ਹਲ ਘੱਟ ਹਨ ਤਾਂ ਓਹ ਪਰਿਵਾਰ ਦੇ ਮੁਖੀਆ ਨੂੰ ਹੋਰ ਹਲ ਪ੍ਰਾਪਤ ਕਰਣ ਦੀ ਪ੍ਰੇਰਣਾ ਦਿੰਦਾ ਸੀ।ਦੂਜੇ ਪਾਸੇ ਆਮਿਲ ਇਹ ਵੀ ਦੇਖਦਾ ਸੀ ਕਿ ਜੇਕਰ ਕਿਸੇ ਪਿੰਡ ਵਿੱਚ ਕਿਸੇ ਖਾਸ ਫ਼ਸਲ ਲਈ ਭੂਮੀ ਤਾਂ ਹੈ ਪ੍ਰੰਤੂ ਓਥੋਂ ਦੇ ਵਾਸੀ ਓਸ ਫ਼ਸਲ ਨੂੰ ਕਰਣ ਲਈ ਉਤਸਾਹਿਤ ਨਹੀਂ ਹਨ ਤਾਂ ਓਹ ਉਸ ਪਿੰਡ ਵਿੱਚ ਉਸ ਵਿਸ਼ੇਸ਼ ਫ਼ਸਲ ਦੀ ਦਰ ਤੇ ਭੂਮੀ ਕਰ ਲਗਾ ਦਿੰਦਾ ਸੀ ਨਾ ਕਿ ਵਾਸਤਵਿਕ ਜੁਤੀ ਹੋਈ ਭੂਮੀ ਉੱਤੇ।

ਭੂਮੀ ਕਰ ਆਮ ਤੌਰ ਤੇ 1/3 ਤੋਂ 1/2 ਲਿਆ ਜਾਂਦਾ ਸੀ ਜੋ ਕਿ ਭੂਮੀ ਦੀ ਉਰਵਰਤਾ ਅਤੇ ਸਿੰਚਾਈ ਤੇ ਨਿਰਭਰ ਹੁੰਦਾ ਸੀ। 1792 ਵਿੱਚ ਭੂਮੀ ਕਰ ਦੀ ਆਮਦਨੀ 1 ਕਰੋੜ ਰੁਪਏ ਤੋਂ ਜ਼ਿਆਦਾ ਸੀ ਜੋ ਕਿ ਸ਼੍ਰੀਰੰਗਾਪੱਟਮ ਦੀ ਸੰਧੀ ਤੋਂ ਬਾਅਦ ਅੱਧੀ

ਨੋਟ

ਰਹਿ ਗਈ ਸੀ ਕਿਓਂਕਿ ਓਸ ਨੂੰ ਆਪਣੇ ਰਾਜ ਦਾ ਅੱਧਾ ਭਾਗ ਦੁਸ਼ਮਣਾਂ ਨੂੰ ਦੇਣਾ ਪਿਆ ਸੀ। ਇਸ ਹਾਨੀ ਦੀ ਪੂਰਤੀ ਲਈ ਟੀਪੂ ਨੂੰ 1795 ਵਿੱਚ, 1791 ਦੇ ਭੂਮੀ ਕਰ ਦੀ ਦਰਾਂ ਵਿੱਚ 37.5% ਦਾ ਵਾਧਾ ਕਰਨਾ ਪਿਆ।

**ਵਾਣਿਜ ਅਤੇ ਵਪਾਰ** - ਯੂਰਪੀ ਤਾਕਤਾਂ ਦੀ ਨਾਈਂ ਟੀਪੂ ਨੇ ਵੀ ਇਸ ਤੱਥ ਨੂੰ ਸਮਝਿਆ ਕਿ ਦੇਸ਼ ਆਪਣੇ ਵਾਣਿਜ ਅਤੇ ਵਪਾਰ ਦਾ ਪ੍ਰਯੋਗ ਕਰਕੇ ਉੱਚਾ ਉੱਠ ਸਕਦਾ ਹੈ।ਇਸ ਲਈ ਉਸਨੇ ਦੇਸ਼ੀ ਅਤੇ ਅੰਤਰਦੇਸ਼ੀ ਵਪਾਰ ਦਾ ਵਿਕਾਸ ਕੀਤਾ ਅਤੇ ਆਪਣੇ ਗੁਮਾਸ਼ਤੇ ਮਸਕਟ, ਮੁਰਜ, ਜੱਦਾਹ ਅਤੇ ਅਦਨ ਆਦਿ ਨਗਰਾਂ ਵਿੱਚ ਨਿਯੁਕਤ ਕੀਤੇ। ਉਸਨੇ ਪੀਗੂ (ਬਰਮਾ) ਅਤੇ ਚੀਨ ਨਾਲ਼ ਵੀ ਸੰਬੰਧ ਸਥਾਪਿਤ ਕਰਣ ਦੀ ਸੋਚੀ।ਇਸ ਵਿਚਾਰ ਨਾਲ਼ ਉਸਨੇ ਇੱਕ ਵਾਣਿਜ ਬੋਰਡ ਸਥਾਪਿਤ ਕੀਤਾ ਅਤੇ 1793-94 ਦੇ ਨਿਯਮਾਂ ਦੇ ਅਨੁਸਾਰ ਇਸ ਵਿਭਾਗ ਦੇ ਅਧਿਕਾਰੀਆਂ ਦੇ ਕਰਤੱਵ ਨਿਸ਼ਚਿਤ ਕੀਤੇ।ਟੀਪੂ ਨੇ ਚੰਦਨ, ਸੁਪਾਰੀ, ਮੋਟੀ ਇਲਾਇਚੀ, ਕਾਲੀ ਮਿਰਚ, ਸੋਨੇ ਅਤੇ ਚਾਂਦੀ ਦਾ ਵਪਾਰ ਅਤੇ ਹਾਥੀਆਂ ਦੇ ਨਿਰਯਾਤ ਆਦਿ ਦਾ ਕੰਮ ਸਿਰਫ਼ ਸਰਕਾਰ ਦੇ ਏਕਾਧਿਕਾਰ ਵਿੱਚ ਲੈ ਲਿਆ। ਇਸੇ ਤਰਾਂ ਅੰਦਰੂਨੀ ਵਪਾਰ ਦੇ ਮਾਮਲੇ ਵਿੱਚ ਵੀ ਕੀਤਾ।ਕਾਲੀ ਮਿਰਚ ਅਤੇ ਚੰਦਨ ਸਿਰਫ਼ ਸਰਕਾਰ ਹੀ ਮੁੱਲ ਲੈ ਸਕਦੀ ਸੀ।ਇਸ ਤੋਂ ਇਲਾਵਾ ਉਸ ਨੇ ਰਾਜ ਵਿੱਚ ਕੁਝ ਕਾਰਖਾਨੇ ਵੀ ਲਗਾਏ ਜਿੱਥੇ ਯੁੱਧ ਲਈ ਗੋਲ਼ਾ, ਬਾਰੂਦ, ਕਾਗਜ਼, ਚੀਨੀ, ਰੇਸ਼ਮੀ ਕੱਪੜਾ, ਛੋਟੇ ਛੋਟੇ ਉਪਕਰਣ ਅਤੇ ਸੁੰਦਰ ਵਸਤੂਆਂ ਵੀ ਬਣਾਈਆਂ ਜਾਂਦੀਆਂ ਸਨ।

ਅਸ਼ੋਕ ਸੇਨ ਵਰਗੇ ਪ੍ਰਸਿੱਧ ਲੇਖਕ ਦਾ ਵਿਚਾਰ ਹੈ ਕਿ ਟੀਪੂ ਦੀ ਵਪਾਰਕ ਨੀਤੀ ਦਾ ਮੁੱਖ ਉਦੇਸ਼ ਸਰਕਾਰ ਨੂੰ ਦੇਸ਼ ਦੀ ਪ੍ਰਮੁੱਖ ਵਪਾਰਕ ਸੰਸਥਾ ਬਣਾਓਣਾ ਅਤੇ ਖਜ਼ਾਨੇ ਨੂੰ ਭਰਨਾ ਅਤੇ ਆਰਥਿਕ ਗਤੀਵਿਧੀਆਂ ਨੂੰ ਸੈਨਿਕ ਅਤੇ ਰਾਜਨੀਤਿਕ ਹਿਤਾਂ ਦੇ ਅਧੀਨ ਲਿਆਓਣਾ ਸੀ ਜੋ ਕਿ ਵਾਣਿਜ ਅਤੇ ਵਪਾਰ ਦੇ ਦੀਰਘਕਾਲੀਨ ਹਿਤਾਂ ਵਿੱਚ ਨਹੀਂ ਹੁੰਦਾ ਸੀ ਅਤੇ ਨਾ ਹੀ ਇਸ ਨਾਲ਼ ਪੂੰਜੀਵਾਦ ਦੇ ਅਧੀਨ ਉਦਯੋਗਿਕ ਕ੍ਰਾਂਤੀ ਲਿਆਓਣ ਲਈ ਸਮਾਜ ਅਤੇ ਅਰਥਵਿਵਸਥਾ ਨੂੰ ਤਿਆਰ ਕੀਤਾ ਜਾ ਸਕਦਾ ਸੀ।

**ਸੈਨਿਕ ਪ੍ਰਸ਼ਾਸਨ-** ਸਮਕਾਲੀਨ ਮਜਬੂਰੀਆਂ ਦੇ ਕਾਰਣ ਸੁਲਤਾਨ ਨੂੰ ਆਪਣੇ ਸਮੇਂ ਦਾ ਜ਼ਿਆਦਾ ਭਾਗ ਸੈਨਿਕ ਤਿਆਰੀ ਵਿੱਚ ਲਗਾਓਣਾ ਪੈਂਦਾ ਸੀ। ਟੀਪੂ ਨੇ ਆਪਣੀ ਪੈਦਲ ਸੈਨਾ ਦਾ ਅਨੁਸ਼ਾਸਨ ਯੂਰਪੀ ਨਮੂਨੇ ਤੇ ਗਠਿਤ ਕੀਤਾ ਅਤੇ ਇਸ ਵਿੱਚ ਫ਼ਾਰਸੀ ਦੇ ਆਦੇਸ਼ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ।ਉਸਨੇ ਵੀ ਫ਼੍ਰਾਂਸੀਸੀ ਸੈਨਾ ਦੇ ਕਮਾਂਡਰਾਂ ਦੁਆਰਾ ਆਪਣੀ ਸੈਨਾ ਦੇ ਪ੍ਰਸ਼ਿਕਸ਼ਣ ਦਾ ਪ੍ਰਬੰਧ ਕੀਤਾ ਅਤੇ ਇੱਕ ਫ਼੍ਰਾਂਸੀਸੀ ਸੈਨਿਕ ਟੁਕੜੀ ਤਿਆਰ ਕੀਤੀ ਪ੍ਰੰਤੂ ਉਸਨੇ ਇਨ੍ਹਾਂ ਨੂੰ ਪ੍ਰਭਾਵਸ਼ਾਲੀ ਬਣਨ ਦੀ ਆਗਿਆ ਨਹੀਂ ਦਿੱਤੀ ਜਿਵੇਂ ਕਿ ਨਿਜਾਮ ਅਤੇ ਸਿੰਧੀਆ ਦੇ ਰਾਜਾਂ ਵਿੱਚ ਹੋਇਆ।ਅਸਲ ਵਿੱਚ ਉਸਦੀ ਸੈਨਾ ਫ਼੍ਰਾਂਸੀਸੀ ਸੈਨਿਕਾਂ ਦੀ ਸੰਖਿਆ ਘੱਟ ਹੁੰਦੀ ਚਲੀ ਗਈ। 1794 ਵਿੱਚ ਇਹ ਕੇਵਲ 20 ਆਯੁਕਤ ਅਧਿਕਾਰੀ ਅਤੇ ਸ਼੍ਰੀਰੰਗਾਪੱਟਮ ਦੀ ਹਾਰ ਦੇ ਸਮੇਂ ਕੇਵਲ 4 ਆਯੁਕਤ ਅਤੇ 45 ਅਨਾਯੁਕਤ ਅਧਿਕਾਰੀ ਅਤੇ ਸੈਨਿਕਾਂ ਤੱਕ ਹੀ ਸੀਮਿਤ ਸੀ। ਟੀਪੂ ਦੀ ਸੈਨਾ ਦੀ ਸੰਖਿਆ ਉਸਦੀ ਸੈਨਿਕ ਜ਼ਰੂਰਤਾਂ ਅਤੇ ਸਾਧਨਾਂ ਦੇ ਅਨੁਸਾਰ ਬਦਲਦੀ ਰਹੀ।ਤੀਜੇ ਆਂਗਲ ਮੈਸੂਰ ਯੁੱਧ ਦੇ ਸਮੇਂ ਉਸ ਕੋਲ਼ 45,000 ਨਿਯਮਿਤ ਪੈਦਲ, 2,000 ਘੋੜੇ ਅਤੇ ਕੁਝ ਅਨਿਯਮਿਤ ਸੈਨਾ ਸੀ। 1793 ਵਿੱਚ ਅੰਗਰੇਜਾਂ ਅਤੇ ਓਹਨਾਂ ਦੇ ਮਿੱਤਰਾਂ ਨੂੰ ਅੱਧਾ ਰਾਜ ਦੇਣ ਤੋਂ ਬਾਅਦ ਉਸ ਕੋਲ਼ 30,000 ਨਿਯਮਿਤ ਪੈਦਲ, 7,000 ਘੁੜਸਵਾਰ, 2,000 ਤੋਪਚੀ ਅਤੇ 6,000 ਅਨਿਯਮਿਤ ਘੁੜਸਵਾਰ ਸਨ।

ਹੈਦਰਅਲੀ ਅਤੇ ਟੀਪੂ ਦੋਹਾਂ ਨੇ ਨੌਸੈਨਾ ਦੇ ਮਹੱਤਵ ਨੂੰ ਸਮਝਿਆ, ਪ੍ਰੰਤੂ ਆਪਣੇ ਪ੍ਰਮੁੱਖ ਵਿਰੋਧੀ ਈਸਟ ਇੰਡੀਆ ਕੰਪਨੀ ਦੇ ਸਤਰ ਨੂੰ ਕਦੇ ਪ੍ਰਾਪਤ ਨਹੀਂ ਕਰ ਸਕੇ।ਜੋ ਵੀ ਜਲਪੋਤ ਹੈਦਰਅਲੀ ਨੇ ਬਣਾਏ ਸਨ ਓਹ ਸਾਰੇ ਐਡਵਰਡ ਹਿਊਜ਼ ਨੇ 1780 ਵਿੱਚ ਮੰਗਲੌਰ ਤੇ ਹਮਲੇ ਦੇ ਸਮੇਂ ਨਸ਼ਟ ਕਰ ਦਿੱਤੇ।

ਜਦੋਂ ਤੀਜੇ ਆਂਗਲ-ਮੈਸੂਰ ਯੁੱਧ ਵਿੱਚ ਅੰਗਰੇਜਾਂ ਨੇ ਟੀਪੂ ਦੇ ਅਧੀਨ ਮਾਲਾਬਾਰ ਤਟ ਦੇ ਪ੍ਰਦੇਸ਼ਾਂ ਤੇ ਅਧਿਕਾਰ ਕਰ ਲਿਆ ਤਾਂ ਸੁਲਤਾਨ ਲਈ ਜਲ ਸੈਨਾ ਦਾ ਮਹੱਤਵ ਹੋਰ ਵੀ ਵਧ ਗਿਆ। 1796 ਵਿੱਚ ਟੀਪੂ ਨੇ ਨੌਸੈਨਾ ਬੋਰਡ ਦਾ ਗਠਨ ਕੀਤਾ ਅਤੇ 22 ਯੁੱਧਪੋਤ ਅਤੇ 20 ਵੱਡੇ ਫ਼੍ਰਿਗੇਟ ਬਣਾਓਣ ਦੀ ਯੋਜਨਾ ਬਣਾਈ।ਉਸਨੇ ਗੰਗਲੌਰ, ਵਾਜਿਦਾਬਾਦ ਅਤੇ ਮੋਲੀਦਾਬਾਦ ਵਿੱਚ ਪੋਤ ਬਣਾਓਣ ਦੇ ਘਾਟ ਬਣਾਏ।ਪ੍ਰੰਤੂ ਇਹ ਯੋਜਨਾ ਸਿਰੇ ਨਹੀਂ ਚੜੀ।ਉਸ ਦੇ ਸਾਧਨ ਅੰਗਰੇਜਾਂ ਦੇ ਸਾਧਨਾਂ ਤੋਂ ਬਹੁਤ ਘੱਟ ਸਨ।ਇਸ ਤੱਥ ਨੂੰ ਸਵੀਕਾਰ ਕਰਦੇ ਹੋਏ ਉਸਨੇ ਕਿਹਾ ਸੀ ਕਿ ਮੈਂ ਅੰਗਰੇਜਾਂ ਦੇ ਸਥਲ ਸਾਧਨਾਂ ਨੂੰ ਤਾਂ ਖ਼ਤਮ ਕਰ ਸਕਦਾ ਹਾਂ ਪ੍ਰੰਤੂ ਮੈਂ ਸਮੁੰਦਰ ਨੂੰ ਤਾਂ ਨਹੀਂ ਸੁਕਾ ਸਕਦਾ ।

**ਟੀਪੂ ਦਾ ਮੁੱਲਾਂਕਣ** - ਹੈਦਰਅਲੀ ਅਤੇ ਉਸਦੀ ਪਤਨੀ ਫ਼ਾਤਿਮਾ ਦੇ ਘਰ ਬਹੁਤ ਪ੍ਰਾਥਨਾ ਤੋਂ ਬਾਅਦ 20 ਨਵੰਬਰ 1750 ਨੂੰ ਇੱਕ ਪੁੱਤਰ ਦਾ ਜਨਮ ਹੋਇਆ ਅਤੇ ਉਸਨੂੰ ਟੀਪੂ ਸੁਲਤਾਨ ਦਾ ਨਾਂ ਦਿੱਤਾ ਗਿਆ।ਇਸ ਤਰ੍ਹਾਂ ਸੁਲਤਾਨ ਉਸਦੇ ਨਾਂ ਦਾ ਅੰਗ ਸੀ।ਅਤੇ ਰਾਜਕੁਮਾਰ ਅਤੇ ਸ਼ਾਸਨ ਕਾਲ ਵਿੱਚ ਉਹ ਇਸੇ ਨਾਂ ਨਾਲ਼ ਜਾਣਿਆ ਜਾਂਦਾ ਸੀ।ਉਸਨੂੰ ਇੱਕ ਮੁਸਲਿਮ ਰਾਜਕੁਮਾਰ ਦੇ ਯੋਗ ਪੂਰਣ ਸਿਖਿੱਆ ਮਿਲੀ।ਅਤੇ ਓਹ ਅਰਬੀ, ਫ਼ਾਰਸੀ, ਕੰਨੜ ਅਤੇ ਉਰਦੂ ਵਿੱਚ ਸੁਗਮਤਾ ਨਾਲ਼ ਗੱਲਬਾਤ ਕਰ ਸਕਦਾ ਸੀ।ਉਹ ਇੱਕ ਹੁਸ਼ਟ-ਪੁਸ਼ਟ ਵਿਅਕਤੀ ਸੀ।ਘੁੜਸਵਾਰੀ, ਬੰਦੂਕ, ਤੀਰ-ਤਲਵਾਰ ਚਲਾਓਣ ਵਿੱਚ ਵੀ ਸਿੱਧਹਸਤ ਸੀ।ਓਹ ਪਾਲਕੀ ਵਿੱਚ ਚੜ੍ਹਨਾ ਪਸੰਦ ਨਹੀਂ ਕਰਦਾ ਸੀ ਕਿਓਂਕਿ ਉਸਨੂੰ ਓਹ ਕੇਵਲ ਔਰਤਾਂ ਅਤੇ ਰੋਗੀਆਂ ਲਈ ਮੰਨਦਾ ਸੀ। ਟੀਪੂ ਸੁਲਤਾਨ ਵਿੱਚ ਪੂਰਬੀ ਉਦਾਸੀਨਤਾ ਜਾਂ ਰੂੜੀਵਾਦ ਦਾ ਕਣ ਮਾਤਰ ਵੀ ਨਹੀਂ ਸੀ।ਅਤੇ ਓਹ ਨਵੀਨ ਪ੍ਰਯੋਗ ਕਰਣ ਲਈ ਸਦਾ ਉਤਸੁਕ ਰਹਿੰਦਾ ਸੀ।ਅਤੇ ਪੱਛਮੀ ਵਿਗਿਆਨ ਅਤੇ ਰਾਜਨੀਤਿਕ ਦਰਸ਼ਨ ਦਾ ਯਥੋਚਿਤ ਗੁਣਗ੍ਰਾਹੀ ਸੀ।ਜਦੋਂ ਫ਼੍ਰਾਂਸੀਸੀ ਕ੍ਰਾਂਤੀ ਦੇ ਫ਼ਲਸਰੂਪ ਕੁਝ ਫ਼੍ਰਾਂਸੀਸੀ ਸੈਨਿਕਾਂ ਨੇ ਸ਼੍ਰੀਰੰਗਾਪੱਟਮ ਵਿੱਚ ਜੈਕੋਬਿਨ ਕਲੱਬ ਬਣਾਓਣ ਦਾ ਪ੍ਰਸਤਾਵ ਕੀਤਾ ਤਾਂ ਉਸਨੇ ਸਵੀਕਾਰ ਕਰ

ਲਿਆ ਅਤੇ ਇਸ ਮੋਕੇ ਨੂੰ ਮਨਾਓਣ ਲਈ 2300 ਤੋਪ ਦੇ ਗੋਲ਼ੇ ਅਤੇ 500 ਹਵਾਈ ਰਾਕੇਟ ਚਲਾਏ। ਇਹ ਕਿਹਾ ਜਾਂਦਾ ਹੈ ਕਿ ਉਸਨੇ ਸ਼੍ਰੀਰੰਗਾਪੱਟਮ ਵਿੱਚ "ਸੁਤੰਤਰਤਾ ਦਾ ਰੁੱਖ" ਵੀ ਲਗਾਇਆ, ਆਪ ਜੈਕੋਬਿਨ ਕਲੱਬ ਦਾ ਮੈਂਬਰ ਬਣਿਆ ਅਤੇ ਆਪਣੇ ਆਪ ਨੂੰ "ਨਾਗਰਿਕ" ਟੀਪੂ ਕਹਲਾਓਣ ਲੱਗਾ।

ਪ੍ਰਸ਼ਾਸਕ ਅਤੇ ਸ਼ਾਸਕ ਦੇ ਰੂਪ ਵਿੱਚ ਟੀਪੂ ਸਫ਼ਲ ਰਿਹਾ ਅਤੇ ਵਿਰੋਧੀਆਂ ਨੇ ਵੀ ਉਸਦੀ ਸਰਾਹਨਾ ਕੀਤੀ ਹੈ। ਲੇਫ਼ਟੀਨੈਂਟ ਮੂਰ ਨੇ ਉਸਦੇ ਬਾਰੇ ਕਿਹਾ ਹੈ: "ਜਦੋਂ ਇੱਕ ਵਿਅਕਤੀ ਇੱਕ ਅਣਜਾਣੇ ਦੇਸ਼ ਤੋਂ ਗੁਜ਼ਰਦਾ ਹੋਇਆ ਇਹ ਵੇਖੇ ਕਿ ਉੱਥੇ ਫ਼ਸਲਾਂ ਉੱਤਮ ਹਨ, ਦੇਸ਼ ਵਿੱਚ ਜਨਸੰਖਿਆ ਅਤੇ ਉਦਯੋਗ ਬਹੁਤ ਹੈ; ਵਾਣਿਜ ਵਿਕਸਿਤ ਹੋ ਰਿਹਾ ਹੈ ਅਤੇ ਹਰ ਵਸਤੂ ਖੁਸ਼ੀ ਅਤੇ ਸਫ਼ਲਤਦਾ ਦਾ ਦੂਜਾ ਨਾਂ ਹੈ, ਤਾਂ ਓਹ ਕੁਦਰਤੀ ਤੌਰ ਤੇ ਇਹ ਕਹੇਗਾ ਕਿ ਜਨਤਾ ਇੱਕ ਕੁਸ਼ਲ ਪ੍ਰਸ਼ੀਸਕ ਦੇ ਅਧੀਨ ਹੈ। ਜਿਸ ਵਿੱਚ ਉਸਨੂੰ ਵਿਕਸਿਤ ਹੋਣ ਦਾ ਮੌਕਾ ਮਿਲ ਰਿਹਾ ਹੈ। ਅਜਿਹਾ ਹੈ ਟੀਪੂ ਦੇ ਪ੍ਰਦੇਸ਼ ਦਾ ਚਿੱਤਰ।" ਸਰ ਜੋਨ ਸ਼ੋਰ ਨੇ ਵੀ ਇਸੇ ਤਰਾਂ ਲਿਖਿਆ ਹੈ, ਟੀਪੂ ਦੇ ਕਿਸਾਨ ਸੁਰੱਖਿਅਤ ਹਨ ਅਤੇ ਓਹਨਾਂ ਨੂੰ ਮਿਹਨਤ ਲਈ ਪ੍ਰੋਤਸਾਹਨ ਅਤੇ ਉਸਦਾ ਫ਼ਲ ਵੀ ਮਿਲਦਾ ਹੈ। ਟੀਪੂ ਨੂੰ ਆਪਣੇ ਸੈਨਿਕਾਂ ਦੀ ਰਾਜਭਗਤੀ ਅਤੇ ਵਿਸ਼ਵਾਸ ਵੀ ਪ੍ਰਾਪਤ ਹੈ।" ਅਜਿਹੇ ਸਮੇ ਵਿੱਚ ਜਦੋਂ ਸੈਨਿਕ ਕਮਾਂਡਰਾਂ ਦੁਆਰਾ ਦਲ ਬਦਲਣਾ ਆਮ ਗੱਲ ਸੀ, ਟੀਪੂ ਦੇ ਸੈਨਿਕਾਂ ਨੇ ਉਸ ਅਨੁਸ਼ਾਸਨ ਅਤੇ ਰਾਜਭਗਤੀ ਦਾ ਪਰਿਚੇ ਦਿੱਤਾ ਜਿਸਨੂੰ ਯੂਰਪੀ ਪਰੇਕਸ਼ਕਾਂ ਨੇ ਵੀ ਸਰਾਹਿਆ ਹੈ।

ਵਿਲਕਸ ਦਾ ਇਹ ਕਹਿਣਾ ਹੈ ਕਿ ਹੈਦਰ ਰਾਜ ਬਣਾਓਣ ਲਈ ਜੰਮਿਆ ਅਤੇ ਟੀਪੂ ਉਸਨੂੰ ਖੋਣ ਲਈ। ਇਹ ਇਤਿਹਾਸਿਕ ਸੱਚ ਤਾਂ ਹੈ ਪ੍ਰੰਤੂ ਇਸ ਨਾਲ ਟੀਪੂ ਦੀ ਕਾਜਕੁਸ਼ਲਤਾ ਅਤੇ ਉਸਦੀ ਕਠਿਨਾਈਆਂ ਦਾ ਪੂਰਾ ਪਰਿਚੈ ਨਹੀਂ ਮਿਲਦਾ ਜਿਨਾਂ ਨਾਲ਼ ਉਸਦਾ ਸਾਕਸ਼ਾਤਕਾਰ ਹੋਇਆ। ਟੀਪੂ ਦੀ ਵੀਰਤਾ ਅਤੇ ਨਵੀਨ ਪ੍ਰਯੋਗਾਂ ਦੀ ਭਾਵਨਾ ਆਮ ਤੌਰ ਤੇ ਉਸਦੇ ਅਵਗੁਣ ਮੰਨੇ ਜਾਂਦੇ ਹਨ। ਹੈਦਰਅਲੀ ਨੇ ਤਾਂ ਪ੍ਰਾਚੀਨ ਵਡਿਆਰ ਵੰਸ਼ ਦੇ ਝੂਠੇ ਢੋਂਗਾਂ ਨੂੰ ਜੀਵਿਤ ਰੱਖਿਆ, ਪ੍ਰੰਤੂ ਟੀਪੂ ਨੇ 1787 ਵਿੱਚ ਧਾਰਣ ਕੀਤੀ, ਆਪਣੇ ਨਾਂ ਦੇ ਸਿੱਕੇ ਚਲਾਏ, ਸਾਲਾਂ ਅਤੇ ਮਹੀਨਿਆਂ ਦੇ ਨਾਂ ਹਿੰਦੂ ਨਾਂਵਾਂ ਦੀ ਜਗ੍ਹਾ ਅਰਬੀ ਵਿੱਚ ਰੱਖੇ ਅਤੇ ਨਵੇਂ ਪੰਚਾਂਗ ਦਾ ਆਰੰਭ ਕੀਤਾ। ਟੀਪੂ ਦਾ ਨਵੀਨ ਪਰਿਵਰਤਨ ਲਿਆਓਣਾ ਕੇਵਲ ਪਰਿਵਰਤਨ ਨਹੀਂ ਸੀ ਬਲਕਿ ਉਹ ਇੱਕ ਇਕਾਗ੍ਰਤ ਸ਼ਾਸਕ ਦੁਆਰਾ ਆਰੰਭ ਕੀਤੇ ਗਏ ਸੁਧਾਰ ਸਨ।

ਸਾਮਰਾਜਵਾਦੀ ਲੇਖਕਾਂ ਦਾ ਟੀਪੂ ਨੂੰ "ਇੱਕ ਸੀਧਾ ਸਾਧਾ ਦੈਤ" ਅਤੇ ਧਰਮਾਤਮਾ ਸ਼ਾਸਕ ਦੱਸਣਾ, ਨਿਸ਼ਚੇ ਹੀ ਸੱਚ ਨਹੀਂ। ਟੀਪੂ ਦੀ ਧਰਮਪਰਾਯਣਤਾ ਨੂੰ ਜ਼ਰੂਰਤ ਤੋਂ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ। ਇਹ ਸੱਚ ਹੈ ਕਿ ਉਸਨੇ ਕੁਰਗਾਂ ਅਤੇ ਨਾਇਰਾਂ ਦਾ ਦਮਨ ਕੀਤਾ ਪ੍ਰੰਤੂ ਜਿਨਾਂ ਮੁਸਲਿਮ ਮੋਪਲਾਵਾਂ ਨੇ ਉਸਦੀ ਆਗਿਆ ਦਾ ਉਲੰਘਣ ਕੀਤਾ ਓਹਨਾਂ ਨੂੰ ਵੀ ਉਸਨੇ ਮੁਆਫ਼ ਨਹੀਂ ਕੀਤਾ। ਕੁਝ ਸਾਲ ਪਹਿਲਾਂ ਮਿਲੇ ਸ਼ੰਗੇਰੀ ਪੱਤਰਾਂ ਤੋਂ ਪਤਾ ਚਲਦਾ ਹੈ ਕਿ ਜਦੋਂ 1791 ਵਿੱਚ ਹੋਏ ਮਰਾਠਾ ਹਮਲਿਆਂ ਤੋਂ ਸ਼ੰਗੇਰੀ ਮੰਦਿਰ ਦਾ ਭਾਗ ਟੁੱਟ ਗਿਆ ਤਾਂ ਸ਼ੰਗੇਰੀ ਦੇ ਮੁੱਖ ਪੁਰੋਹਿਤ ਦੀ ਪ੍ਰਾਰਥਨਾ ਉੱਤੇ ਟੀਪੂ ਨੇ ਮੰਦਿਰ ਦੀ ਮੁਰੰਮਤ ਲਈ ਅਤੇ ਸ਼ਾਰਦਾ ਦੇਵੀ ਦੀ ਮੂਰਤੀ ਦੀ ਸਥਾਪਨਾ ਲਈ ਧਨ ਦਿੱਤਾ। ਸੁਲਤਾਨ ਨੇ ਸ਼੍ਰੀਰੰਗਾਪੱਟਮ ਦੇ ਕਿਲੇ ਵਿ!ਚ ਸਥਿਤ ਸ਼੍ਰੀ ਰੰਗਨਾਥ ਨਰਸਿੰਹ ਜਾਂ ਗੰਗਾਧਾਰੇਸ਼ਵਰ ਦੇ ਮੰਦਿਰਾਂ ਦੀ ਪੂਜਾ ਵਿੱਚ ਕੋਈ ਹਸਤਖੇਪ ਨਹੀਂ ਕੀਤਾ।

ਨਿਸ਼ਚੇ ਹੀ ਦੱਖਣੀ ਭਾਰਤ ਦੇ ਇਤਿਹਾਸ ਵਿੱਚ ਟੀਪੂ ਦਾ ਇੱਕ ਆਕਰਸ਼ਕ ਵਿਅਕਤੀਤਵ ਸੀ। ਉਸ ਵੀਰ ਅਤੇ ਸਾਹਸੀ ਵਿਅਕਤੀ ਨੇ ਆਤਮਭਿਮਾਨ ਕਦੇ ਨਹੀਂ ਛੱਡਿਆ ਅਤੇ ਵੈਲਜਲੀ ਦੀ ਸੰਧੀ ਦਾ ਨਿਮੰਤਰਣ ਅਸਵੀਕਾਰ ਕਰ ਦਿੱਤਾ। ਉਸਨੇ ਪੱਛਮੀ ਸਾਮਰਾਜਵਾਦ ਦੀ ਗੱਡੀ ਵਿੱਚ ਬੈਠ ਕੇ ਨਿਰਜੀਵ ਜੀਵਨ ਬਤੀਤ ਕਰਣ ਦੀ ਥਾਂ ਮੌਤ ਨੂੰ ਆਲਿੰਗਨ ਕਰਨਾ ਚੰਗਾ ਸਮਝਿਆ। ਦੁਰਭਾਗ ਇਹ ਸੀ ਕਿ ਉਸਦਾ ਇੱਕ ਵਿਰੋਧੀ ਨਾਲ਼ ਸਾਕਸ਼ਾਤਕਾਰ ਸੀ ਜਿਸ ਵਿੱਚ ਪੂਰਬੀ ਭਾਰਤ ਨੂੰ ਰੌਂਦ ਦੇਣ ਦੀ ਤਾਕਤ ਸੀ। ਜੀਵਿਤ ਰਹਿਣ ਵਾਲ਼ੇ ਸੈਂਕੜੇ ਮਹਾਰਾਜਾ ਅਤੇ ਨਿਜਾਮਾਂ ਦੀ ਥਾਂ ਉਸਦੇ ਜੀਵਨ ਤੋਂ ਭਾਰਤੀਆਂ ਨੂੰ ਜ਼ਿਆਦਾ ਪ੍ਰੇਰਣਾ ਮਿਲਦੀ ਹੈ।

**ਸਵ-ਮੁੱਲਾਂਕਣ (Self-Assessment)**

2. **ਖਾਲੀ ਸਥਾਨ ਭਰੋ (Fill in the Blanks)**
   1. ਦੱਖਣ ਵਿੱਚ ਚਾਰਕੋਣੀ ਸੰਘਰਸ਼ (ਨਿਜਾਮ, ਮਰਾਠਿਆਂ, ਅੰਗਰੇਜਾਂ ਅਤੇ ......................... ਦੇ ਵਿੱਚ) ਨੇ ਮੈਸੂਰ ਨੂੰ ਵੀ ਆਪਣੇ ਅਖਾੜੇ ਵਿੱਚ ਲਿਆ ਖੜਾ ਕੀਤਾ।
   2. ਹੈਦਰਅਲੀ ...................................... ਤਕ ਮੈਸੂਰ ਦਾ ਵਾਸਤਵਿਕ ਸ਼ਾਸਕ ਬਣ ਬੈਠਾ।
   3. ਹੈਦਰਅਲੀ ਨੇ ਫ਼ਾਂਸੀਸੀਆਂ ਦੀ ਮਦਦ ਨਾਲ਼ ......................................... ਵਿੱਚ ਸ਼ਸਤਰਾਗਾਰ ਸਥਾਪਿਤ ਕੀਤਾ।
   4. ਪਹਿਲੇ ਆਂਗਲ-ਮੈਸੂਰ ਯੁੱਧ (1767-69) ਵਿੱਚ ਹੈਦਰਅਲੀ ਨੇ ਮਰਾਠਿਆਂ ਨੂੰ ਧਨ ਦੇ ਕੇ ਅਤੇ ................... ਨੂੰ ਪ੍ਰਲੋਭਨ ਦੇ ਕੇ ਆਪਣੇ ਵੱਲ ਮਿਲਾ ਲਿਆ।
   5. ਦੂਜਾ ਆਂਗਲ-ਮੈਸੂਰ ਯੁੱਧ (1780-84) ................................ (1784) ਦੁਆਰਾ ਸਮਾਪਤ ਹੋਇਆ।

ਨੋਟ

## 1.6 ਆਂਗਲ-ਮਰਾਠਾ ਤਿੰਨ ਯੁੱਧ (The Three Anglo-Maratha Wars)

**ਪਹਿਲਾ ਆਂਗਲ-ਮਰਾਠਾ ਯੁੱਧ (1775-82):** ਆਂਗਲ-ਮਰਾਠਾ ਯੁੱਧ ਦੇ ਪਹਿਲੇ ਦੌਰ ਦੇ ਕਾਰਣ ਮਰਾਠਿਆਂ ਦੇ ਆਪਸੀ ਝਗੜੇ ਅਤੇ ਅੰਗਰੇਜਾਂ ਦੀਆਂ ਇੱਛਾਵਾਂ ਸਨ। ਜਿਵੇਂ ਕਲਾਈਵ ਨੇ ਦੁਹਰੀ ਪ੍ਰਣਾਲੀ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਸਥਾਪਿਤ ਕੀਤੀ ਸੀ, ਓਸੇ ਤਰਾਂ ਦੀ ਦੁਹਰੀ ਪ੍ਰਣਾਲੀ ਬੰਬਈ ਕੰਪਨੀ ਮਹਾਰਾਸ਼ਟਰ ਵਿੱਚ ਵੀ ਸਥਾਪਿਤ ਕਰਨਾ ਚਾਹੁੰਦੀ ਸੀ। 1772 ਵਿੱਚ ਮਾਧਵਰਾਏ ਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਨਾਰਾਯਣਰਾਓ ਆਪਣੂ ਚਾਚਾ ਰਘੂਨਾਥਰਾਓ, ਜੋ ਪੇਸ਼ਵਾ ਬਣਾਓਣਾ ਚਾਹੁੰਦਾ ਸੀ, ਦੀ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਗਿਆ। ਜਦੋਂ ਨਾਰਾਯਣਰਾਓ ਦੇ ਮਰਣ ਤੋਂ ਬਾਅਦ ਪੁੱਤਰ ਪੈਦਾ ਹੋਇਆ ਤਾਂ ਰਘੂਨਾਥਰਾਓ ਹਤਾਸ਼ ਹੋ ਗਿਆ। ਉਸਨੇ ਅੰਗਰੇਜਾਂ ਨਾਲ਼ ਸੂਰਤ ਦੀ ਸੰਧੀ (1775) ਕਰ ਲਈ ਤਾਕਿ ਓਹ ਅੰਗਰੇਜਾਂ ਦੀ ਮਦਦ ਨਾਲ਼ ਪੇਸ਼ਵਾ ਬਣ ਜਾਵੇ। ਕੋਸ਼ਿਸ਼ਾਂ ਬੇਕਾਰ ਸਿੱਧ ਹੋਈਆਂ। ਯੁੱਧ 7 ਸਾਲਾਂ ਤੱਕ ਚਲਦਾ ਰਿਹਾ। ਅਤੇ ਅੰਤ ਵਿੱਚ ਦੋਹਾਂ ਨੇ ਇਸ ਦੀ ਨਿਸ਼ਫਲਤਾ ਨੂੰ ਅਨੁਭਵ ਕੀਤਾ। ਅੰਤ ਵਿੱਚ ਸਾਲਬਈ ਦੀ ਸੰਧੀ (1782) ਨਾਲ਼ ਯੁੱਧ ਖ਼ਤਮ ਹੋਇਆ। ਵਿਜਿਤ ਖੇਤਰ ਵਾਪਿਸ ਕਰ ਦਿੱਤੇ ਗਏ। ਇਹ ਸ਼ਕਤੀ ਪਰੀਖਣ ਅਨਿਰਣਾਯਕ ਰਿਹਾ। ਅਗਲੇ 20 ਸਾਲ ਤੱਕ ਸ਼ਾਂਤੀ ਰਹੀ।

**ਦੂਜਾ ਆਂਗਲ-ਮਰਾਠਾ ਯੁੱਧ (1803-1806):** ਇਸ ਸੰਘਰਸ਼ ਦਾ ਦੂਜਾ ਦੋਰ ਫ਼੍ਰਾਂਸੀਸੀ ਡਰ ਨਾਲ਼ ਸੰਬੰਧਿਤ ਸੀ। ਵੈਲਜਲੀ, ਜੋ ਸਾਮਰਾਜਵਾਦੀ ਸੀ, 1798 ਵਿੱਚ ਭਾਰਤ ਆਇਆ। ਉਸਨੇ ਇਹ ਮਹਿਸੂਸ ਕੀਤਾ ਕਿ ਫ਼੍ਰਾਂਸੀਸੀ ਡਰ ਦਾ ਤੋਂ ਬਚਣ ਦਾ ਕੇਵਲ ਇੱਕ ਤਰੀਕਾ ਹੈ ਕਿ ਸਾਰੇ ਭਾਰਤ ਰਾਜ ਕੰਪਨੀ ਤੇ ਹੀ ਨਿਰਭਰ ਹੋਣ ਦੀ ਸਥਿਤੀ ਵਿੱਚ ਪਹੁੰਚ ਜਾਣ। ਉਸਨੇ ਸਹਾਇਕ ਸੰਧੀ ਦੀ ਪ੍ਰਣਾਲੀ ਦਾ ਵਿਕਾਸ ਕੀਤਾ। ਮਰਾਠਿਆਂ ਨੇ ਇਸ ਜਾਲ ਤੋਂ ਬਚਣ ਦੀ ਕੋਸ਼ਿਸ਼ ਕੀਤੀ ਪਰ ਆਪਸੀ ਝਗੜਿਆਂ ਕਾਰਣ ਅਸਫ਼ਲ ਰਹੇ।

ਪੂਨਾ ਵਿੱਚ ਮੁੱਖਮੰਤਰੀ ਨਾਨਾ ਫੜਨਵੀਸ ਦੀ ਮਾਰਚ 1800 ਵਿੱਚ ਮੌਤ ਹੋ ਗਈ। ਕਰਨਲ ਪਾਮਰ, ਜੋ ਪੂਨਾ ਵਿੱਚ ਬ੍ਰਿਟਿਸ਼ ਰੈਜੀਡੈਂਟ ਸੀ, ਉਸ ਦੇ ਕਥਨਨੁਸਾਰ ਉਨਾਂ ਦੀ ਮੌਤ ਨਾਲ਼ ਹੀ ਮਰਾਠਿਆਂ ਦੀ ਸੂਝਬੂਝ ਵੀ ਖਤਮ ਹੋ ਗਈ। ਨਾਨਾ ਅੰਗਰੇਜੀ ਹਸਤਖੇਪ ਦਾ ਨਤੀਜਾ ਜਾਣਦੇ ਸਨ। ਇਸੇ ਲਈ ਓਹਨਾਂ ਨੇ ਸਹਾਇਕ ਸੰਧੀ ਨੂੰ ਦੂਰ ਰੱਖਿਆ। ਨਾਨਾ ਦੇ ਨਿਯੰਤਰਣ ਤੋਂ ਮੁਕਤ ਹੋਏ ਪੇਸ਼ਵਾ ਬਾਜੀਰਾਓ ਨੇ ਆਪਣਾ ਘਿਣੌਣਾ ਰੂਪ ਦਿਖਾਇਆ। ਓਸ ਨੇ ਆਪਣੀ ਸਥਿਤੀ ਨੂੰ ਬਣਾਈ ਰੱਖਣ ਲਈ ਮਰਾਠਾ ਸਰਦਾਰਾਂ ਵਿੱਚ ਝਗੜੇ ਕਰਵਾਏ ਅਤੇ ਸਾਜ਼ਿਸ਼ਾਂ ਰਚੀਆਂ। ਪ੍ਰੰਤੂ ਓਹ ਆਪ ਹੀ ਇਨਾਂ ਵਿੱਚ ਉਲਝ ਗਿਆ। ਦੌਲਤਰਾਓ ਸਿੰਧੀਆ ਅਤੇ ਜ਼ਸਵੰਤਰਾਓ ਹੋਲਕਰ ਦੋਵੇਂ ਹੀ ਪੂਨਾ ਵਿੱਚ ਆਪਣੀ ਸ਼ਰੇਸ਼ਠਤਾ ਜਮਾਓਣਾ ਚਾਹੁੰਦੇ ਸੀ। ਸਿੰਧੀਆ ਸਫ਼ਲ ਰਿਹਾ ਅਤੇ ਬਾਜੀਰਾਓ ਉੱਤੇ ਸਿੰਧੀਆ ਦਾ ਪ੍ਰਭੁਤਵ ਜਮ ਗਿਆ। 12 ਅਪ੍ਰੈਲ, 1800 ਨੂੰ ਗਵਰਨਰ ਜਨਰਲ ਨੇ ਪੂਨਾ ਰੈਜ਼ੀਡੈਂਟ ਨੂੰ ਲਿਖਿਆ ਕਿ ਸਹਾਇਕ ਸੰਧੀ ਦੇ ਬਦਲੇ ਦੱਕਣ ਤੋਂ ਸਿੰਧੀਆ ਦੇ ਪ੍ਰਭੁਤਵ ਨੂੰ ਖਤਮ ਕਰਣ ਦਾ ਪ੍ਰਸਤਾਵ ਕਰੇ ਪ੍ਰੰਤੂ ਬਾਜੀਰਾਓ ਨੇ ਅਸਵੀਕਾਰ ਕਰ ਦਿੱਤਾ।

ਦੂਜੇ ਪਾਸੇ ਪੂਨਾ ਵਿੱਚ ਹਾਲਾਤਾਂ ਨੇ ਗੰਭੀਰ ਰੂਪ ਧਾਰਣ ਕਰ ਲਿਆ। ਅਪ੍ਰੈਲ 1801 ਵਿੱਚ ਪੇਸ਼ਵਾ ਨੇ ਜਸਵੰਤਰਾਓ ਹੋਲਕਰ ਦੇ ਭਾਈ ਵਿੱਠੂਜੀ ਦੀ ਨਿਰਮਮ ਹੱਤਿਆ ਕਰ ਦਿੱਤੀ । ਹੋਲਕਰ ਨੇ ਪੂਨਾ ਤੇ ਹਮਲਾ ਕਰ ਕੇ ਪੇਸ਼ਵਾ ਅਤੇ ਸਿੰਧੀਆਂ ਦੀ ਸੈਨਾਵਾਂ ਨੂੰ ਹਦਪਸਰ ਦੇ ਸਥਾਨ ਤੇ ਪਰਾਜਿਤ ਕਰ ਦਿੱਤਾ (25-10-1802) ਅਤੇ ਪੂਨਾ ਤੇ ਅਧਿਕਾਰ ਕਰ ਲਿਆ। ਓਸ ਨੇ ਅਮ੍ਰਿਤਰਾਓ ਦੇ ਪੁੱਤਰ ਵਿਨਾਯਕਰਾਓ ਨੂੰ ਪੂਨਾ ਦੀ ਗੱਦੀ ਤੇ ਬਿਠਾ ਦਿੱਤਾ। ਬਾਜੀਰਾਓ ਦੂਜੇ ਨੇ ਭੱਜ ਕੇ ਬਸੀਨ ਵਿੱਚ ਸ਼ਰਣ ਲਈ ਅਤੇ 31.12.1802 ਨੂੰ ਅੰਗਰੇਜਾਂ ਨਾਲ਼ ਇੱਕ ਸੰਧੀ ਕੀਤੀ ਜਿਸਦੇ ਅਨੁਸਾਰ:-

1. ਪੇਸ਼ਵਾ ਨੇ ਅੰਗਰੇਜੀ ਸੰਰਖਣ ਸਵੀਕਾਰ ਕਰ ਕੇ ਭਾਰਤੀ ਅਤੇ ਅੰਗਰੇਜ਼ ਪੈਦਲਸਵਰਾਂ ਦੀ ਸੈਨਾ ਨੂੰ ਪੂਨਾ ਵਿੱਚ ਰੱਖਣਾ ਸਵੀਕਾਰ ਕਰ ਲਿਆ।
2. ਪੇਸ਼ਵਾ ਨੇ ਗੁਜਰਾਤ, ਤਾਪਤੀ ਅਤੇ ਨਰਮਦਾ ਦੇ ਵਿਚਕਾਰ ਦੇ ਪ੍ਰਦੇਸ਼ ਅਤੇ ਤੁੰਗਭੱਦਰਾ ਨਦੀ ਦੇ ਸਾਰੇ ਸੀਮਾਵਰਤੀ ਪ੍ਰਦੇਸ਼, ਜਿਨਾਂ ਆਮਦਨੀ 25 ਲੱਖ ਰੁਪਏ ਤੋਂ ਜ਼ਿਆਦਾ ਸੀ ਕੰਪਨੀ ਨੂੰ ਦੇ ਦਿੱਤੇ।
3. ਪੇਸ਼ਵਾ ਨੇ ਸੂਰਤ ਨਗਰ ਕੰਪਨੀ ਨੂੰ ਦੇ ਦਿੱਤਾ।
4. ਪੇਸ਼ਵਾ ਨੇ ਨਿਜਾਮ ਤੋਂ ਚ0ਥ ਪ੍ਰਾਪਤ ਕਰਣ ਦਾ ਅਧਿਕਾਰ ਛੱਡ ਦਿੱਤਾ ਅਤੇ ਗਾਇਕਵਾੜ ਦੇ ਵਿਰੁੱਧ ਯੁੱਧ ਨਾ ਕਰਣ ਦਾ ਵਚਨ ਦਿੱਤਾ।
5. ਪੇਸ਼ਵਾ ਨੇ ਨਿਜਾਮ ਅਤੇ ਗਾਇਕਵਾੜ ਦੇ ਨਾਲ਼ ਝਗੜੇ ਵਿੱਚ ਕੰਪਨੀ ਦੀ ਮੱਧਸਥਾ ਸਵੀਕਾਰ ਕਰ ਲਈ।
6. ਪੇਸ਼ਵਾ ਨੇ ਅੰਗਰੇਜੀ ਵਿਰ0ਧੀ ਸਾਰੇ ਯੂਰਪੀ ਲੋਕ ਸੈਨਾ-ਨਿਵ੍ਰਤ ਕਰ ਦਿੱਤੇ।
7. ਆਪਣੇ ਵਿਦੇਸ਼ੀ ਮਾਮਲੇ ਕੰਪਨੀ ਦੇ ਅਧੀਨ ਕਰ ਦਿੱਤੇ।

**ਸੰਧੀ ਦਾ ਮਹੱਤਵ:** ਇਸ ਸੰਧੀ ਤੇ ਵੱਖ-ਵੱਖ ਵਿਚਾਰ ਪ੍ਰਗਟ ਕੀਤੇ ਗਏ ਹਨ। ਬੋਰਡ ਓਫ਼ ਕੰਟਰੋਲ ਦੇ ਪ੍ਰਧਾਨ ਲੋਰਡ ਕੈਸਲਰੇ ਨੇ ਇਸ ਸੰਧੀ ਦੀ ਰਾਜਨੈਤਿਕ ਬੁੱਧੀਮੱਤਾ ਉੱਤੇ ਸ਼ੰਕਾ ਪ੍ਰਗਟ ਕੀਤੀ। ਇਸ ਦੇ ਅਨੁਸਾਰ ਵੈਲਜਲੀ ਨੇ ਆਪਣੀ ਵੈਧਾਨਿਕ ਤਾਕਤਾਂ ਦਾ ਉਲੰਘਣ ਕੀਤਾ ਅਤੇ ਇੱਕ ਨਿਰਬਲ ਪੇਸ਼ਵਾ ਰਾਹੀਂ ਮਰਾਠਿਆਂ ਤੇ ਰਾਜ ਕਰਣ ਦੀ ਕੋਸ਼ਿਸ਼ ਕੀਤੀ।

ਇਸ ਟਿੱਪਣੀ ਦਾ ਉੱਤਰ ਵੈਲਜਲੀ ਨੇ 1804 ਵਿੱਚ ਇਵੇਂ ਲਿਖਿਆ: "ਕੰਪਨੀ ਨੇ ਭਾਰਤ ਵਿੱਚ ਪਹਿਲੀ ਵਾਰ ਸ਼ਾਂਤੀ ਵਿੱਚ ਸੁਧਾਰ

ਨੋਟ

ਅਤੇ ਸਥਿਰਤਾ ਪ੍ਰਾਪਤ ਕੀਤੀ ਹੈ। ਜਦੋਂ ਕਦੇ ਪੇਸ਼ਵਾ ਦੇ ਪ੍ਰਭੁਤਵ ਨੂੰ ਚੁਨੌਤੀ ਦਿੱਤੀ ਜਾਵੇਗੀ ਤਾਂ ਉਸਦੀ ਰੱਖਿਆ ਲਈ ਸਾਨੂੰ ਇੱਕ ਨੈਤਿਕ ਆਧਾਰ ਮਿਲ ਗਿਆ ਹੈ। ਵਿਦੇਸ਼ੀ ਸਾਜ਼ਿਸ਼ਕਰਤਾ ਰਾਜਧਾਨੀ ਤੋ ਕੱਢ ਦਿੱਤੇ ਗਏ ਹਨ। ਕੰਪਨੀ ਦਾ ਬਿਨਾਂ ਵਿੱਤੀ ਭਾਰ ਪਾਏ ਸੇਨਿਕ ਸ਼ਕਤੀ ਦਾ ਵਿਸਤਾਰ ਹੋ ਗਿਆ ਹੈ ਅਤੇ ਪੇਸ਼ਵਾ ਦੀ ਸੈਨਾ ਜ਼ਰੂਰਤ ਪੈਣ ਤੇ ਸਾਨੂੰ ਉਪਲਭਧ ਹੋ ਸਕਦੀ ਹੈ।"

ਇਹ ਸੱਚ ਹੈ ਕਿ ਪੇਸ਼ਵਾ ਦੀ ਤਾਕਤ ਜ਼ੀਰੋ ਬਰਾਬਰ ਸੀ ਪ੍ਰੰਤੂ ਇਸ ਨਾਲ਼ ਅੰਗਰੇਜਾਂ ਨੂੰ ਬਹੁਤ ਰਾਜਨੀਤਿਕ ਲਾਭ ਹੋਏ। ਪੂਨਾ ਵਿੱਚ ਪ੍ਰਭੁਤਵ ਬਣਿਆ ਅਤੇ ਮਰਾਠਾ ਸੰਘ ਦਾ ਪ੍ਰਮੁੱਖ ਨੇਤਾ ਸਹਾਇਕ ਸੰਧੀ ਦੇ ਬੰਧਨ ਵਿੱਚ ਬੰਧ ਗਿਆ ਜਿਸ ਨਾਲ਼ ਉਸਦੇ ਅਧੀਨ ਨੇ ਤਾਵਾਂ ਦੀ ਵਾਸਤਵਿਕ ਸਥਿਤੀ ਵਿੱਚ ਕਮੀ ਆਈ।

ਆਪਣੀ ਵਿਦੇਸ਼ ਨੀਤੀ ਅੰਗਰੇਜਾਂ ਦੇ ਅਧੀਨ ਕਰਕੇ ਪੇਸ਼ਵਾ ਉਨਾਂ ਯੁੱਧਾਂ ਦੇ ਭਾਰ ਤੋਂ ਮੁਕਤ ਹੋ ਗਿਆ ਜਿਨਾਂ ਵਿੱਚ ਓਹ ਉਲਝਦਾ ਰਹਿੰਦਾ ਸੀ। ਉਸਨੇ ਨਿਜਾਮ ਹੈਦਰਾਬਾਦ ਤੇ ਆਪਣੇ ਅਧਿਕਾਰ ਛੱਡ ਦਿੱਤੇ ਅਤੇ ਨਿਜਾਮ ਹੁਣ ਕੰਪਨੀ ਦੇ ਅਧੀਨ ਹੋ ਗਿਆ।

ਬਸੀਨ ਦੀ ਸੰਧੀ ਦਾ ਇੱਕ ਹੋਰ ਲਾਭ ਇਹ ਹੋਇਆ ਕਿ ਸਹਾਯਕ ਸੈਨਾ ਮੈਸੂਰ, ਹੈਦਰਾਬਾਦ, ਲਖਨਊ ਅਤੇ ਪੂਨਾ ਜੋ ਭਾਰਤ ਦੇ ਮੁੱਖ ਕੇਂਦਰੀ ਸਥਾਨ ਸਨ, ਉੱਥੇ ਤੈਨਾਤ ਕਰ ਦਿੱਤੀ ਗਈ, ਜਿੱਥੋਂ ਉਹ ਪੂਰੇ ਭਾਰਤ ਵਿੱਚ ਜਲਦੀ ਤੋਂ ਜਲਦੀ ਪਹੁੰਚ ਸਕਦੀ ਸੀ।

ਹਾਲਾਂਕਿ ਇਸ ਸੰਧੀ ਨਾਲ਼ ਅੰਗਰੇਜਾਂ ਦੀ ਸਰਵਸ਼ਰੇਸ਼ਠਤਾ ਸਥਾਪਿਤ ਹੋਈ ਪ੍ਰੰਤੂ ਇਹ ਓਸੇ ਦਿਸ਼ਾ ਵਿੱਚ ਇੱਕ ਕਦਮ ਸੀ। ਸਿਡਨੀ ਓਵਨ ਦੇ ਇਸ ਕਥਨ ਵਿੱਚ ਇਸ ਸੰਧੀ ਦੇ ਫਲਸਰੂਪ ਕੰਪਨੀ ਨੂੰ ਪ੍ਰਤੱਖ ਅਤੇ ਅਪ੍ਰਤੱਖ ਰੂਪ ਨਾਲ਼ ਭਾਰਤ ਦਾ ਸਾਮਰਾਜ ਮਿਲ ਗਿਆ, ਕੁਝ ਅਤਿਕਥਨੀ ਤਾਂ ਹੈ ਪ੍ਰੰਤੂ ਹੈ ਸੱਚ ਹੀ।

ਮਰਾਠਿਆਂ ਲਈ ਇਹ ਰਾਸ਼ਟਰੀ ਅਪਮਾਨ ਸਹਿਣਾ ਕਠਿਨ ਸੀ ਅਤੇ ਭੌਂਸਲੇ ਨੇ ਅੰਗਰੇਜਾਂ ਨੂੰ ਲਲਕਾਰਿਆ। ਗਾਇਕਵਾੜ ਅਤੇ ਹੋਲਕਰ ਅਲੱਗ ਰਹੇ। ਵੇਲਜਲੀ ਅਤੇ ਲੇਕ ਨੇ ਦੱਖਣ ਅਤੇ ਉੱਤਰੀ ਭਾਰਤ ਵਿੱਚ ਮਰਾਠਿਆਂ ਨੂੰ ਜਲਦ ਹੀ ਹਰਾ ਕੇ ਅਪਮਾਨਜਨਕ ਸੰਧੀਆਂ ਲਈ ਵਿਵਸ਼ ਕੀਤਾ। ਦੇਵਗਾਂਵ ਦੀ ਸੰਧੀ ਨਾਲ਼ (17-12-1803) ਭੌਂਸਲੇ ਨੇ ਕਟਕ ਅਤੇ ਵਰਧਾ ਨਦੀ ਦੇ ਪੱਛਮੀ ਭਾਗ, ਅੰਗਰੇਜਾਂ ਨੂੰ ਦੇ ਦਿੱਤੇ, ਸਿੰਧੀਆ ਨੇ ਸੂਰਜੀ-ਅਰਜਨ ਪਿੰਡ ਦੀ ਸੰਧੀ (30-12-1803) ਨਾਲ ਗੰਗਾ ਅਤੇ ਜਮਨਾ ਦੇ ਮੱਧ ਦੇ ਖੇਤਰ ਕੰਪਨੀ ਨੂੰ ਦੇ ਦਿੱਤੇ ਅਤੇ ਜੈਪੁਰ, ਜੋਧਪੁਰ ਅਤੇ ਗੋਹਦ ਦੀ ਰਿਆਸਤਾਂ ਉੱਤੇ ਆਪਣਾ ਪ੍ਰਭੁੱਤਵ ਛਡ ਦਿੱਤਾ। ਅਹਮਦ ਨਗਰ ਦਾ ਕਿਲਾ, ਭੇੜੋਚ, ਗੋਦਾਵਰੀ ਅਤੇ ਅਜੰਤਾ ਘਾਟ ਵੀ ਕੰਪਨੀ ਨੂੰ ਦੇ ਦਿੱਤੇ। ਦੋਹਾਂ ਰਾਜਿਆਂ ਨੇ ਰੇਜੀਡੇਂਟ ਰੱਖਣੇ ਵੀ ਸਵੀਕਾਰ ਕਰ ਲਏ।

ਅਪ੍ਰੈਲ 1804 ਵਿੱਚ ਹੋਲਕਰ ਅਤੇ ਕੰਪਨੀ ਦੇ ਵਿੱਚ ਯੁੱਧ ਛਿੜ ਗਿਆ। ਚਾਹੇ ਬੁਰੂ ਵਿੱਚ ਹੋਲਕਰ ਨੂੰ ਕੁਝ ਸਫ਼ਲਤਾ ਮਿਲੀ ਪ੍ਰੰਤੂ ਆਖਰ ਵਿੱਚ ਉਸਦੀ ਹਾਰ ਨਿਸ਼ਚਿਤ ਸੀ। ਓਧਰ ਵੈਲਜਲੀ ਵਾਪਿਸ ਚਲਾ ਗਿਆ ਅਤੇ ਸਰ ਜਾਰਜ ਬਾਰਲੋ ਨੇ ਰਾਜਪੁਰ ਘਾਟ ਦੀ ਸੰਧੀ (25-12-1805) ਕਰ ਲਈ ਜਿਸ ਨਾਲ ਮਰਾਠਾ ਸਰਦਾਰ ਨੇ ਚੰਬਲ ਨਦੀ ਦੇ ਉੱਤਰੀ ਪ੍ਰਦੇਸ਼, ਬੁੰਦੇਲਖੰਡ ਛੱਡ ਦਿੱਤੇ ਅਤੇ ਪੇਸ਼ਵਾ ਅਤੇ ਕੰਪਨੀ ਦੇ ਹੋਰ ਮਿੱਤਰਾਂ ਤੇ ਵੀ ਅਧਿਕਾਰ ਛੱਡ ਦਿੱਤਾ।

**ਤੀਜਾ ਆਂਗਲ-ਮਰਾਠਾ ਯੁੱਧ (1817-18):** ਇਸ ਯੁੱਧ ਦਾ ਤੀਜਾ ਅਤੇ ਆਖਰੀ ਚਰਣ ਹੇਸਟਿੰਗਜ਼ ਦੇ ਆਓਣ ਨਾਲ਼ ਸ਼ੁਰੂ ਹੋਇਆ। ਉਸਨੇ ਫ਼ਿਰ ਆਕਰਮਕ ਦਾ ਰੂਪ ਅਪਣਾਇਆ ਅਤੇ ਭਾਰਤ ਵਿੱਚ ਅੰਗਰੇਜਾਂ ਦੀ ਸਰਵ-ਸ਼ਰੇਸ਼ਠਤਾ ਬਣਾਓਣ ਦੀ ਕੋਸ਼ਿਸ਼ ਕੀਤੀ। 1805 ਤੋਂ ਬਾਅਦ ਦੇ ਜੋ ਸ਼ਾਂਤੀ ਦੇ ਸਾਲ ਮਰਾਠਿਆਂ ਨੂੰ ਮਿਲੇ ਸਨ, ਓਹਨਾਂ ਦਾ ਉਪਯੋਗ ਓਹਨਾਂ ਨੇ ਆਪਣੇ ਆਪ ਨੂੰ ਸੁਦ੍ਰਿੜ ਬਦਾਓਣ ਲਈ ਨਾ ਕਰ ਕੇ ਆਪਸੀ ਕਲੇਸ਼ ਵਿੱਚ ਖੋ ਦਿੱਤੇ। ਹੇਸਟਿੰਗਜ਼ ਦੇ ਪਿੰਡਾਰਿਆਂ ਦੇ ਵਿਰੁੱਧ ਅਭਿਆਨ ਨਾਲ਼ ਮਰਾਠਿਆਂ ਦੇ ਪ੍ਰਭੁਤਵ ਨੂੰ ਚੁਨੌਤੀ ਮਿਲੀ ਇਸ ਲਈ ਦੋਵੇਂ ਦਲ ਯੁੱਧ ਵਿੱਚ ਖਿੱਚ ਗਏ। ਇਸ ਸੁਵਿਅਸਥਿਤ ਅਭਿਆਨ ਦੇ ਕਾਰਣ ਹੇਸਟਿੰਗਜ਼ ਨੇ ਨਾਗਪੁਰ ਦੇ ਰਾਜਾ ਨੂੰ 27-5-1816 ਨੂੰ, ਪੇਸ਼ਵਾ ਨੂੰ 13-6-1814 ਨੂੰ ਅਤੇ ਸਿੰਧੀਆ ਨੂੰ 5-11-1817 ਨੂੰ ਅਪਮਾਨਜਨਕ ਸੰਧੀਆਂ ਕਰਣ ਲਈ ਵਿਵਸ਼ ਕੀਤਾ। ਵਿਵਸ਼ ਹੋ ਕੇ ਪੇਸ਼ਵਾ ਨੇ ਦਾਸੀਵਾਦ ਦਾ ਬੰਧਨ ਤੋੜਨ ਦੀ ਇੱਕ ਹੋਰ ਕੋਸ਼ਿਸ਼ ਕੀਤੀ। ਦੌਲਤਰਾਓ ਸਿੰਧੀਆ, ਨਾਗਪੁਰ ਦੇ ਅੱਪਾ ਸਾਹਿਬ, ਮਲਹਾਰ ਰਾਓ ਹੋਲਕਰ ਦੂਜੇ ਨੇ ਯੁੱਧ ਦੀ ਠਾਣ ਲਈ। ਪੇਸ਼ਵਾ ਦੀ ਕਿਰਕੀ ਦੇ ਸਥਾਨ ਤੇ, ਭੌਂਸਲੇ ਦੀ ਸੀਤਾਬਰਡੀ ਦੇ ਸਥਾਨ ਤੇ ਅਤੇ ਹੋਲਕਰ ਦੀ ਮਹੀਦਪੁਰ ਦੇ ਸਥਾਨ ਤੇ ਹਾਰ ਹੋਈ। ਮਰਾਠਿਆਂ ਦੀ ਸਾਰੀ ਸੈਨਾ ਟੰਗਰੇਜੀ ਸੈਨਾ ਤੋਂ ਹਾਰ ਗਈ। ਬਾਜੀਰਾਓ ਦੂਜੇ ਦਾ ਪੂਨਾ ਦਾ ਪ੍ਰਦੇਸ਼ ਵਿਲਯ ਕਰ ਲਿਆ ਗਿਆ। ਬਾਕੀ ਛੋਟੇ ਛੋਟੇ ਰਾਜ ਹੀ ਰਹਿ ਗਏ ਅਤੇ ਓਹ ਕੰਪਨੀ ਦੇ ਅਧੀਨ ਹੋ ਗਏ।

### ਮਰਾਠਿਆਂ ਦੀ ਹਾਰ ਦੇ ਕਾਰਨ (Causes for the defeat of Marathas)

ਚਾਹੇ ਮਰਾਠੇ ਮੁਗਲਾ ਤੋਂ ਜ਼ਿਆਦਾ ਸ਼ਕਤੀਸ਼ਾਲੀ ਸਨ ਪ੍ਰੰਤੂ ਇਹ ਅੰਗਰੇਜਾਂ ਤੋਂ ਸੈਨਿਕ ਵਿਵਸਥਾ, ਅਗਵਾਈ, ਕੂਟਨੀਤੀ ਅਤੇ ਸਾਧਨਾਂ ਵਿੱਚ ਬਹੁਤ ਪਿੱਛੇ ਸਨ। ਅਸਲ ਵਿੱਚ ਮੱਧਯੁਗ ਸੱਭਿਅਤਾ ਦੇ ਪੂਰਬੀ ਲੋਕ ਪੁਨਰਜਾਗਰਣ, ਵਿਗਿਆਨ ਅਤੇ ਆਧੁਨਿਕ ਅਸਤਰਾਂ ਨਾਲ਼ ਲੈਸ ਅੰਗਰੇਜਾਂ ਦੇ ਸਾਹਮਣੇ ਠਹਿਰ ਨਹੀਂ ਪਾਏ। ਇਨ੍ਹਾਂ ਦੀ ਹਾਰ ਦੇ ਮੁੱਖ ਕਾਰਣ ਸਨ-

**(1) ਅਯੋਗ ਅਗਵਾਈ:** ਉੱਤਮ ਅਗਵਾਈ ਦਾ ਪੂਰੀ ਤਰਾਂ ਅਭਾਵ ਸੀ। ਚੰਗੇ ਨੇਤਾ ਤਾਂ 18ਵੀਂ ਸ਼ਤਾਬਦੀ ਦੇ ਅੰਤ ਤੱਕ ਹੀ ਸਮਾਪਤ ਹੋ ਸਨ। ਮਹਾਦਜੀ ਸਿੰਧੀਆ, ਹਰੀਪੰਤ ਫੜਕੇ, ਅਹਿਲਯਾਬਾਈ ਹੋਲਕਰ, ਪੇਸ਼ਵਾ ਮਾਧਵਰਾਓ, ਤੁਕੋਜੀ ਹੋਲਕਰ ਅਤੇ ਨਾਨਾ ਫੜਨਵੀਸ ਸਾਰੇ 1790 ਅਤੇ 1800 ਦੇ ਵਿੱਚ ਇਸ ਸੰਸਾਰ ਤੋਂ ਚੱਲ ਵਸੇ। ਦੂਜੇ ਪਾਸੇ ਕੰਪਨੀ ਨੂੰ ਬਹੁਤ ਉੱਤਮ

ਨੋਟ

ਪ੍ਰਕਾਰ ਦੇ ਨੇਤਾ ਐਲੀਫਸਟਨ, ਜਾਨ ਮੈਲਕਮ, ਕਰਨਲ ਕਾਲਿੰਸ, ਜੋਨੇਥਨ ਡਕਨ ਆਰਥਰ ਵੈਲਜਲੀ (ਜਿਸਨੇ ਕਾਲਾਂਤਰ ਵਿੱਚ ਨੇਪੋਲਿਅਨ ਨੂੰ ਹਰਾਇਆ), ਲੋਰਡ ਲੇਕ ਅਤੇ ਵੈਲਜਲੀ ਦੇ ਰੂਪ ਵਿੱਚ ਮਿਲੇ।

(2) **ਮਰਾਠਾ ਰਾਜ ਦੇ ਸੁਭਾਵਿਕ ਦੋਸ਼:** ਸਰ ਜਾਦੂਨਾਥ ਸਰਕਾਰ ਦੇ ਅਨੁਸਾਰ ਮਰਾਠਾ ਰਾਜ ਵਿਚ ਕੁਝ ਸੁਭਾਵਿਕ ਦੋਸ਼ ਸਨ।ਓਹਨਾ ਨੇ ਕਦੀ ਵੀ ਕਿਸੇ ਸਮੁਦਾਇਕ ਵਿਕਾਸ, ਵਿਦਿਆ ਪ੍ਰਸਾਰ, ਜਾਂ ਜਨਤਾ ਦੇ ਏਕੀਕਰਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ।

(3) **ਇੱਕ ਸਥਿਰ ਆਰਥਿਕ ਨੀਤੀ ਦਾ ਅਭਾਵ:** ਮਰਾਠਿਆਂ ਦੀ ਆਰਥਿਕ ਨੀਤੀ ਸਥਿਰ ਰਾਜਨੀਤਿਕ ਅਵਸਥਾ ਵਿੱਚ ਸਹਾਇਕ ਨਹੀਂ ਸੀ।ਔਰੰਗਜ਼ੇਬ ਦੇ ਵਿਰੁੱਧ ਯੁੱਧ ਕਾਲ ਵਿੱਚ ਕਿਸਾਨ ਉਜੜ ਗਏ ਸਨ।ਉਹ ਖੇਤੀ ਛੱਡ ਕੇ ਸੈਨਿਕ ਬਣ ਗਏ ਸਨ।ਮੁਗਲਾਂ ਦੇ ਮਰਾਠਾ ਪ੍ਰਦੇਸ਼ ਤੋਂ ਚਲੇ ਜਾਣ ਤੋਂ ਬਾਅਦ ਵੀ ਉਹ ਓਸੇ ਲੁੱਟਮਾਰ ਤੇ ਨਿਰਭਰ ਸਨ।ਪੇਸ਼ਵਾ ਦੇ ਅਧੀਨ ਇਨਾਂ ਸੈਨਿਕਾਂ ਨੇ ਭਰਣ-ਪੋਸ਼ਣ ਲਈ ਚੌਥ ਅਤੇ ਸਰਦੇਸ਼ਮੁਖੀ ਪ੍ਰਾਪਤ ਕੀਤੀ।ਇਸ ਤਰਾਂ ਮਰਾਠਾ ਸਾਮਰਾਜ ਮਹਾਰਾਸ਼ਟਰ ਦੇ ਸਾਧਨਾਂ ਤੇ ਨਹੀਂ ਅਪਿਤੂ ਬਲਪੂਰਵਕ ਇੱਕਠੀ ਕੀਤੀ ਗਈ ਧਨਰਾਸ਼ੀ ਤੇ ਨਿਰਭਰ ਸੀ।

(4) **ਮਰਾਠਾ ਰਾਜਨੀਤਿਕ ਵਿਵਸਥਾ ਦੀਆਂ ਕਮਜ਼ੋਰੀਆਂ:** ਆਪਣੇ ਪਰਾਕਾਸ਼ਠਾ ਕਾਲ ਵਿੱਚ ਵੀ ਮਰਾਠਾ ਸਾਮਰਾਜ ਇੱਕ ਢਿੱਲਾ ਜਿਹਾ ਸੰਘ ਸੀ ਜਿਸ ਦਾ ਨੇਤਾ ਛਤਰਪਤੀ ਜਾਂ ਪੇਸ਼ਵਾ ਸੀ। ਪੇਸ਼ਵਾ ਨੇ ਜਦੋਂ ਛਤਰਪਤੀ ਦੀਆਂ ਸ਼ਕਤੀਆਂ ਸੰਭਾਲ਼ੀਆਂ ਤਾਂ ਅਧੀਨ ਸਰਦਾਰਾਂ ਨੇ ਪੇਸ਼ਵਾ ਦੀ ਗਾਇਕਵਾੜ, ਹੋਲਕਰ, ਸਿੱਧੀਆ ਅਤੇ ਭੌਂਸਲੇ ਜਿਹੇ ਸ਼ਕਤੀਸ਼ਾਲੀ ਸਰਦਾਰਾਂ ਨੇ ਅੱਧਸੁਤੰਤਰ ਰਾਜ ਸਥਾਪਿਤ ਕਰ ਲਏ ਅਤੇ ਪੇਸ਼ਵਾ ਦੇ ਪ੍ਰਤੀ ਰਾਜਭਗਤੀ ਕੇਵਲ ਮੌਖਿਕ ਰਹਿ ਗਈ।ਪਾਨੀਪਤ ਦੇ ਤੀਜੇ ਯੁੱਧ ਤੋਂ ਬਾਅਦ ਇਹ ਸਾਮੰਤਸ਼ਾਹੀ ਇਕਾਈਆਂ ਛਿੰਨ ਭਿੰਨ ਹੋ ਗਈਆਂ ਅਤੇ ਆਪਸੀ ਝਗੜਿਆਂ ਕਾਰਣ ਹੋਰ ਵੀ ਨਿਸ਼ਕਤ ਹੋ ਗਏ।

(5) **ਮਰਾਠਿਆਂ ਦੀ ਘਟੀਆ ਸੈਨਿਕ ਪ੍ਰਣਾਲੀ:** ਚਾਹੇ ਵਿਅਕਤੀਗਤ ਵੀਰਤਾ ਵਿੱਚ ਮਰਾਠੇ ਘੱਟ ਨਹੀਂ ਸਨ ਪ੍ਰੰਤੂ ਇਹ ਲੋਕ ਅੰਗਰੇਜੀ ਸੇਨਿਕ ਸੰਗਠਨ, ਅਸਤਰ-ਸ਼ਸਤਰ, ਅਨੁਸ਼ਾਸਨ ਅਤੇ ਅਗਵਾਈ ਵਿੱਚ ਬਹੁਤ ਪਿੱਛੇ ਸਨ।

ਸ਼ਾਇਦ ਓਹਨਾਂ ਨੇ ਯੁੱਧ ਦੀਵਿਗਿਆਨਿਕ ਅਤੇ ਆਧੁਨਿਕ ਪ੍ਰਣਾਲੀ ਨਹੀਂ ਅਪਣਾਈ।ਤੋਪਖਾਨਾ ਉੱਤਮ ਅਤੇ ਅਚੂਕ ਨਹੀਂ ਬਣਾਇਆ।ਮਹਾਦਜੀ ਸਿੰਧੀਆ ਨੇ ਸੈਨਾ ਦਾ ਗਠਨ ਯੂਰਪੀ ਢੰਗ ਨਾਲ ਕੀਤਾ।ਤੋਪਾਂ ਅਤੇ ਬਾਰੂਦ ਦੇ ਕਾਰਖਾਨੇ ਲਗਾਏ ਪ੍ਰੰਤੂ ਇਹ ਸਭ ਵਿਦੇਸ਼ੀਆਂ ਦੇ ਹੱਥਾਂ ਵਿੱਚ ਸਨ ਜੋ ਸਮਾਂ ਆਓਣ ਤੇ ਧੋਖਾ ਦੇ ਜਾਂਦੇ ਸਨ।

(6) **ਅੰਗਰੇਜਾਂ ਦੀ ਉੱਤਮ ਕੂਟਨੀਤੀ:** ਕੂਟਲੀਤੀ ਵਿੱਚ ਅੰਗਰੇਜ਼ ਬਹੁਤ ਅੱਗੇ ਸਨ।ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੰਪਨੀ ਭਿੰਨ ਭਿੰਨ ਮਿੱਤਰ ਬਣਾ ਕੇ ਦੁਸ਼ਮਣ ਨੂੰ ਇੱਕਲਾ ਕਰ ਦਿੰਦੀ ਸੀ। ਦੂਜੇ ਮਰਾਠਾ ਯੁੱਧ ਵਿੱਚ ਗਾਇਕਵਾੜ ਅਤੇ ਦੱਖਣੀ ਮਰਾਠਠਾ ਜਾਗੀਰਦਾਰਾਂ ਨੂੰ ਓਹਨਾਂ ਨੇ ਆਪਣੇ ਵੱਲ ਮਿਲਾ ਲਿਆ। ਪੇਸ਼ਵਾ ਬਸੀਨ ਦੀ ਸੰਧੀ ਤੋਂ ਪਹਿਲਾਂ ਹੀ ਓਹਨਾਂ ਵੱਲ ਸੀ। ਇਸ ਕੂਟਨੀਤੀ ਨਾਲ਼ ਓਹਨਾਂ ਲਈ ਸਿੰਧੀਆ ਨੂੰ ਜਿੱਤਣਾ ਆਸਾਨ ਹੋ ਗਿਆ।

(7) **ਜ਼ਿਆਦਾ ਉੱਤਮ ਅੰਗਰੇਜੀ ਗੁਪਤਚਰ ਵਿਵਸਥਾ:**ਜਦੋਂ ਮਰਾਠਾ ਯੁੱਧ ਹੋਏ ਤਾਂ ਕੰਪਨੀ ਕੋਲ਼ ਇਨਾਂ ਵਿਸਤਰਿਤ ਕਾਰਣਾਂ ਤੋਂ ਇਲਾਵਾ ਮਰਾਠਿਆਂ ਦੇ ਆਪਸੀ ਮਤਭੇਦਾਂ ਬਾਰੇ ਵੀ ਖ਼ਬਰ ਹੁੰਦੀ ਸੀ। ਮੇਲੇਟ ਨੇ ਸੂਰਤ ਵਿੱਚ ਰਹਿੰਦੇ ਹੋਏ ਸਿੰਧੀਆ ਅਤੇ ਹੋਲਕਰ ਪਰਿਵਾਰਾਂ ਬਾਰੇ ਪੂਰੀ ਜਾਣਕਾਰੀ ਕੰਪਨੀ ਨੂੰ ਭੇਜੀ।

(8) **ਅੰਗਰੇਜਾਂ ਦਾ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ:** ਯੂਰਪੀ ਲੋਕ ਉਸ ਸਮੇਂ ਤੱਕ ਧਰਮ ਅਤੇ ਦੈਵੀ ਬੰਧਨਾਂ ਤੋਂ ਬਾਹਰ ਆ ਚੁਕੇ ਸਨ।ਅਤੇ ਆਪਣੀ ਤਾਕਤ ਦਾ ਪ੍ਰਯੋਗ ਵਿਗਿਆਨਿਕ ਖੋਜਾਂ, ਦੂਰ ਸਮੁੰਦਰੀ ਯਾਤਰਾਂਵਾਂ ਅਤੇ ਉਪਨਿਵੇਸ਼ ਪ੍ਰਾਪਤ ਕਰਣ ਵਿੱਚ ਲਗਾ ਰਹੇ ਸਨ।ਅਸੀਂ ਭਾਰਤੀ ਲੋਕ ਮੱਧਯੁਗੀ ਅਤੇ ਪ੍ਰਾਚੀਨ ਵਿਚਾਰਾਂ ਵਿੱਚ ਜਕੜੇ ਹੋਏ ਸਨ।ਕਰਮਕਾਂਡ ਅਤੇ ਭਗਤੀ ਦਾ ਬੋਲਬਾਲਾ ਸੀ।

## 1.7 ਸਾਰ ਅੰਸ਼ (Summary)

- ਇਹ ਯੁੱਧ ਆਸਟਰੀਆ ਦੇ ਉੱਤਰਾਧਿਕਾਰ ਦੇ ਯੁੱਧ ਦਾ ਜੋ 1740 ਵਿਚ ਸ਼ੁਰੂ ਹੋਇਆ ਸੀ, ਵਿਸਤਾਰ ਮਾਤਰ ਹੀ ਸੀ।ਗ੍ਰਹਿ ਸਰਕਾਰਾਂ ਦੀ ਆਗਿਆ ਦੇ ਵਿਰੁੱਧ ਹੀ ਦੋਹਾਂ ਦਲਾਂ ਵਿੱਚ 1746 ਵਿੱਚ ਯੁੱਧ ਹੋ ਗਿਆ। ਬਾਰਨੈਟ ਦੀ ਅਗਵਾਈ ਵਿੱਚ ਅੰਗਰੇਜੀ ਨੌਸੈਨਾ ਨੇ ਕੁਝ ਫ਼੍ਰਾਂਸੀਸੀ ਜਲਪੋਤ ਪਕੜ ਲਏ।ਡੁਪਲੇ ਨੇ ਜੋ 1741 ਵਿੱਚ ਪਾਂਡੀਚੇਰੀ ਦਾ ਫ਼੍ਰੈਂਚ ਗਵਰਨਰ ਜਨਰਲ ਸੀ, ਮਾਰੀਸ਼ਸ ਸਥਿਤ ਫ਼੍ਰਾਂਸੀਸੀ ਗਵਰਨਰ ਲਾ ਬੂਰਡੌਨੇ (La Bourdonnais) ਦੀ ਸਹਾਇਤਾ ਮੰਗੀ। ਲਾ ਬੂਰਡੌਨੇ 3000 ਸੈਨਿਕ ਲੈ ਕੇ ਕੋਰੋਮੰਡਲ ਤਟ (ਮਦਰਾਸ ਦੇ ਕੋਲ ਦਾ ਤਟ) ਵੱਲ ਚਲ ਪਿਆ। ਰਸਤੇ ਵਿੱਚ ਉਸਨੇ ਅੰਗਰੇਜੀ ਨੌਸੈਨਾ ਨੂੰ ਹਰਾਇਆ।
- ਕਰਨਾਟਕ ਦਾ ਪਹਿਲਾ ਯੁੱਧ ਸੇਂਟ ਟੋਮੇ ਦੇ ਯੁੱਧ ਲਈ ਯਾਦਗਾਰ ਹੈ। ਇਹ ਯੁੱਧ ਫ਼੍ਰਾਂਸੀਸੀ ਸੈਨਾ ਅਤੇ ਕਰਨਾਟਕ ਦੇ ਨਵਾਬ ਅਨਵਰੂਦੀਨ (1744-49) ਦੀ ਅਗਵਾਈ ਵਿੱਚ ਭਾਰਤੀ ਸੇਨਾ ਵਿੱਚ ਲੜਿਆ ਗਿਆ। ਝਗੜਾ ਫ਼੍ਰਾਂਸੀਸੀਆਂ ਦੁਆਰਾ ਮਦਰਾਸ ਦੀ ਜਿੱਤ ਤੇ ਹੋਇਆ।
- ਡੁਪਲੇ ਨੂੰ ਕ੍ਰਿਸ਼ਨਾ ਨਦੀ ਦੇ ਦੱਖਣੀ ਭਾਗ ਵਿੱਚ ਮੁਗਲ ਪ੍ਰਦੇਸ਼ਾਂ ਦਾ ਗਵਰਨਰ ਨਿਯੁਕਤ ਕੀਤਾ ਗਿਆ।ਵੁੱਤਰੀ ਸਰਕਾਰਾਂ ਦੇ ਕੁਝ ਜਿਲੇ ਵੀ ਫ਼੍ਰਾਂਸੀਸੀਆਂ ਨੂੰ ਦੇ ਦਿੱਤੇ ਗਏ। ਇਸ ਤੋਂ ਇਲਾਵਾ ਮੁੱਜਫ਼ਰਜੰਗ ਦੀ ਪ੍ਰਾਥਨਾ ਉੱਤੇ ਇੱਕ ਫ਼੍ਰੇਂਚ ਸੈਨਾ ਦੀ

ਟੁਕੜੀ ਬੁੱਸੀ ਦੀ ਅਗਵਚਾਈ ਵਿੱਚ ਹੈਦਰਾਬਾਦ ਵਿੱਚ ਤੈਨਾਤ ਕੀਤੀ ਗਈ। 1751 ਵਿੱਚ ਚੰਦਾ ਸਾਹਿਬ ਕਰਨਾਟਕ ਦੇ ਨਵਾਬ ਬਣੇ। ਡੁਪਲੇ ਇਸ ਸਮੇਂ ਆਪਣੀ ਰਾਜਨੀਤਿਕ ਤਾਕਤ ਦੀ ਚਰਮ ਸੀਮਾ ਤੇ ਪਹੁੰਚ ਗਿਆ ਸੀ।

- ਕਲਾਈਵ ਨੇ ਜੋ ਤ੍ਰਿਚਨਾਪੱਲੀ ਦੇ ਘੇਰੇਰ ਨੂੰ ਤੋੜਨ ਵਿੱਚ ਅਸਫ਼ਲ ਰਿਹਾ ਸੀ, ਤ੍ਰਿਚਨਾਪੱਲੀ ਵੁੱਤੇ ਦਬਾਵ ਘੱਟ ਕਰਣ ਲਈ ਕਰਨਾਅਕ ਦੀ ਰਾਜਧਾਨੀ ਅਰਕਾਅ ਨੂੰ ਕੇਵਨ 210 ਸੈਨਿਕਾਂ ਦੀ ਮਦਦ ਨਾਲ਼ ਜਿੱਤ ਲਿਆ। ਚੰਦਾ ਸਾਹਿਬ ਨੇ 4000 ਸੈਨਿਕ ਭੇਜੇ, ਪ੍ਰੰਤੂ ਅਰਕਾਟ ਨੂੰ ਦੁਬਾਰਾ ਨਹੀਂ ਜਿੱਤ ਸਕੇ। ਅਤੇ ਕਲਾਈਵ ਨੇ 53 ਦਿਨਾਂ ਤੱਕ (23 ਸਿਤੰਬਰ ਤੋਂ 14 ਨਵੰਬਰ ਤੱਕ) ਇਸ ਸੈਨਾ ਦਾ ਪ੍ਰਤੀਰੋਧ ਕੀਤਾ। ਫ਼੍ਰਾਂਸੀਸੀਆਂ ਦੀ ਪ੍ਰਤਿਭਾ ਨੂੰ ਇਸ ਨਾਲ਼ ਹਾਨੀ ਪਹੁੰਚੀ।
- ਇਸ ਪ੍ਰਕਾਰ ਇਸ ਝਗੜੇ ਦਾ ਦੂਜਾ ਦੌਰ ਵੀ ਅਨਿਸ਼ਚਿਤ ਰਿਹਾ। ਸਥਲ ਉੱਤੇ ਅੰਗਰੇਜੀ ਸੈਨਾ ਦੀ ਪ੍ਰਧਾਨਤਾ ਸਿਧ ਹੋ ਗਈ ਅਤੇ ਓਹਨਾਂ ਦਾ ਉਮੀਦਵਾਰ ਮੁਹੰਮਦ ਅਲੀ ਕਰਨਾਟਕ ਦਾ ਨਵਾਬ ਬਣ ਗਿਆ।
- ਫ਼੍ਰਾਂਸੀਸੀ ਸਰਕਾਰ ਨੇ ਅਪ੍ਰੈਲ 1757 ਵਿੱਚ ਲਾਲੀ ਨੂੰ ਭਾਰਤ ਭੇਜਿਆ। ਲਗਭਗ 12 ਮਹੀਨੇ ਦੀ ਯਾਤਰਾ ਤੋਂ ਬਾਅਦ ਅਪ੍ਰੈਲ 1758 ਵਿੱਚ ਉਹ ਭਾਰਤ ਪਹੁੰਚਿਆ। ਇਸੇ ਵਿਚਕਾਰ ਅੰਗਰੇਜ਼ ਸਿਰਾਜੂਦੌਲਾ ਨੂੰ ਹਰਾ ਕੇ ਬੰਗਾਲ ਵਿੱਚ ਆਪਣਾ ਅਧਿਕਾਰ ਸਥਾਪਿਤ ਕਰ ਚੁਕੇ ਸਨ। ਇਸ ਕਾਰਣ ਅੰਗਰੇਜਾਂ ਨੂੰ ਅਪਾਰ ਧਨ ਮਿਲਿਆ ਜਿਸ ਨਾਲ ਉਹ ਫ਼੍ਰਾਂਸੀਸੀਆਂ ਨੂੰ ਦੱਕਣ ਵਿੱਚ ਹਰਾਓਣ ਵਿੱਚ ਸਫ਼ਲ ਹੋ ਗਏ।
- 1760 ਵਿੱਚ ਸਰ ਆਇਰਕੂਟ ਨੇ ਵੰਦੀਵਾਸ਼ ਦੇ ਸਥਾਨ ਤੇ ਫ਼੍ਰਾਂਸੀਸੀਆਂ ਨੂੰ ਬੁਰੀ ਤਰਾਂ ਹਰਾਇਆ। ਬੁੱਸੀ ਯੁੱਧਬੰਦੀ ਬਣਾ ਲਿਆ ਗਿਆ। ਜਨਵਰੀ 1761 ਵਿੱਚ ਫ਼੍ਰਾਂਸੀਸੀ ਪੂਰਣ ਹਾਰ ਤੋਂ ਬਾਅਦ ਪਾਂਡੀਚੇਰੀ ਵਾਪਿਸ ਚਲੇ ਗਏ। ਅੰਗਰੇਜਾਂ ਨੇ ਇਸ ਨੂੰ ਵੀ ਘੇਰ ਲਿਆ ਅਤੇ 8 ਮਹੀਨੇ ਬਾਅਦ ਫ਼੍ਰਾਂਸੀਸੀਆਂ ਨੇ ਇਸ ਨਗਰ ਨੂੰ ਵੀ ਦੁਸ਼ਮਣ ਦੇ ਹਵਾਲੇ ਕਰ ਦਿੱਤਾ। ਜਿਨਾ ਹੀ ਮਾਹੀ ਅਤੇ ਜਿੰਜੀ ਵੀ ਇਨਾਂ ਦੇ ਹੱਥਾਂ ਤੋਂ ਨਿੱਕਲ ਗਏ। ਇਸ ਤਰਾਂ ਆਂਗਲ-ਫ਼੍ਰਾਂਸੀਸੀ ਦੁਸ਼ਮਣੀ ਦਾ ਨਾਟਕ ਖ਼ਤਮ ਹੋ ਗਿਆ ਅਤੇ ਫ਼੍ਰਾਂਸੀਸੀ ਹਾਰ ਗਏ।
- ਅੰਗਰੇਜਾਂ ਨੇ ਬੰਗਾਲ ਵਿੱਚ ਆਪਣੀ ਪਹਿਲੀ ਕੋਠੀ (ਗੁਦਾਮ) 1651 ਵਿੱਚ ਹੁਗਲੀ ਵਿੱਚ ਤਤਕਾਲੀਨ ਬੰਗਾਲ ਦੇ ਸੂਬੇਦਾਰ ਸ਼ਾਹ ਜਹਾਨ ਦੇ ਦੂਜੇ ਪੁੱਤਰ ਸ਼ਾਸ਼ੁਹਜ਼ਾ ਦੀ ਆਗਿਆ ਨਾਲ਼ ਬਣਾਈ।
- ਜਲਦ ਹੀ ਅੰਗਰੇਜਾਂ ਨੇ ਕਾਸਿਮ ਬਾਜ਼ਾਰ, ਪਟਨਾ ਅਤੇ ਹੋਰ ਸਥਾਨਾਂ ਤੇ ਕੋਠੀਆਂ ਬਣਾ ਲਈਆਂ। 1698 ਵਿੱਚ ਸੂਬੇਦਾਰ ਅਜੀਮੁਸ਼ਾਨ ਨੇ ਓਹਨਾਂ ਨੂੰ ਸੂਤਾਨਤੀ, ਕਾਲੀਘਾਟ ਅਤੇ ਗੋਬਿੰਦਪੁਰ (ਕਲਕੱਤਾ) ਦੀ ਜ਼ਿਮੀਂਦਾਰੀ ਦੇ ਦਿੱਤੀ ਜਿਸਦੇ ਬਦਲੇ ਓਹਨਾਂ ਨੂੰ ਕੇਵਲ 1200 ਰੁਪਏ ਪੁਰਾਣੇ ਮਾਲਕਾਂ ਨੂੰ ਦੇਣੇ ਪਏ। 1717 ਵਿੱਚ ਸਮਰਾਟ ਫਰੂਖਸੀਅਰ ਨੇ ਪੁਰਾਣੇ ਸੂਬੇਦਾਰਾਂ ਦੁਆਰਾ ਦਿੱਤੀ ਗਈ ਵਪਾਰਕ ਰਿਅਇਤਾਂ ਦੀ ਪੁਸ਼ਟੀ ਕਰ ਦਿੱਤੀ ਅਤੇ ਓਹਨਾਂ ਨੂੰ ਕਲਕੱਤਾ ਦੇ ਆਸ ਪਾਸ ਦੇ ਹੋਰ ਖੇਤਰ ਵੀ ਕਿਰਾਏ ਤੇ ਲੈਣ ਦੀ ਆਗਿਆ ਦੇ ਦਿੱਤੀ।
- ਸਿਰਾਜ ਨੇ ਦੇਖਿਆ ਕਿ ਉਸਦੀ ਆਗਿਆ ਦਾ ਓਸੇ ਦੇ ਰਾਜ ਵਿੱਚ ਉਲੰਘਣ ਹੋ ਰਿਹਾ ਹੈ ਤਾਂ ਓਸ ਨੇ ਅੰਗਰੇਜਾਂ ਵਿਰੁੱਧ ਅਭਿਆਨ ਕੀਤਾ। ਫ਼ਿਲਿਪ ਬੁਡਰਫ਼ ਦਾ ਇਹ ਕਥਨ ਕਿ ਨਵਾਬ ਦਾ ਫ਼ੋਰਟ ਵਿਲੀਅਮ ਉੱਤੇ ਹਮਲੇ ਦਾ ਮੁੱਖ ਉਦੇਸ਼ ਲੁੱਟਮਾਰ ਕਰਨਾ ਸੀ, ਪੂਰੀ ਤਰਾਂ ਝੂਠਾ ਹੈ। 15 ਜੂਨ,1756 ਨੂੰ ਫ਼ੋਰਟ ਵਿਲੀਅਮ ਘੇਰ ਲਿਆ ਗਿਆ ਅਤੇ 5 ਦਿਨਾਂ ਬਾਅਦ ਉਸਨੇ ਆਤਮਸਮਰਪਣ ਕਰ ਦਿੱਤਾ। ਗਵਰਨਰ ਰੌਜਰ ਡ੍ਰੇਕ ਅਤੇ ਹੋਰ ਪ੍ਰਮੁੱਖ ਨਾਗਰਿਕ ਪੁਸ਼ਠ ਦਰਵਾਜੇ ਤੋਂ ਭੱਜ ਨਿੱਕਲੇ। ਨਵਾਬ ਕਲਕੱਤਾ ਨੂੰ ਮਾਨਿਕਚੰਦ ਦੇ ਹੱਥਾਂ ਵਿੱਚ ਦੇ ਕੇ ਆਪ ਮੁਰਸ਼ਿਦਾਬਾਦ ਵਾਪਿਸ ਚਲਾ ਗਿਆ।
- ਫ਼ਰਵਰੀ 1757 ਵਿੱਚ ਨਵਾਬ ਨੇ ਕਲਾਈਵ ਤੋਂ ਅਲੀਨਗਰ (ਨਵਾਬ ਦੁਆਰਾ ਦਿੱਤਾ ਕਲਕੱਤਾ ਦਾ ਨਵਾਂ ਨਾਮ) ਦੀ ਸੰਧੀ ਤੇ ਹਸਤਾਖਰ ਕੀਤੇ। ਇਸਦੇ ਅਨੁਸਾਰ, ਅੰਗਰੇਜਾਂ ਨੂੰ ਵਪਾਰ ਦੇ ਪੁਰਾਣੇ ਅਧਿਕਾਰ ਮਿਲ ਗਏ ਜਿਸ ਵਿੱਚ ਕਲਕੱਤਾ ਦੀ ਕਿਲਾਬੰਦੀ ਕਰਣ ਦੀ ਵੀ ਆਗਿਆ ਪ੍ਰਾਪਤ ਹੋ ਗਈ। ਉਨ੍ਹਾਂ ਦੀ ਹਾਨੀ-ਪੂਰਤੀ ਦਾ ਵੀ ਪ੍ਰਣ ਕੀਤਾ ਗਿਆ। ਹੁਣ ਅੰਗਰੇਜ਼ ਹਮਲਾਵਰ ਦੀ ਭੂਮਿਕਾ ਵਿੱਚ ਸਨ। ਨਵਾਬ ਦੇ ਪ੍ਰਮੁੱਖ ਅਧਿਕਾਰੀ ਉਸ ਨਾਲ਼ ਅਸੰਤੁਸ਼ਟ ਸਨ। ਕਲਾਈਵ ਨੇ ਇਸ ਦਾ ਲਾਭ ਉਠਾ ਕੇ ਇੱਕ ਸ਼ੜਯੰਤਰ ਰਚਿਆ ਜਿਸ ਵਿੱਚ ਨਵਾਬ ਦਾ ਪ੍ਰਧਾਨ ਸੈਨਾਪਤੀ ਮੀਰ ਜਾਫਰ, ਬੰਗਾਲ ਦਾ ਇੱਕ ਪ੍ਰਭਾਵਸ਼ਾਲੀ ਸਾਹੂਕਾਰ ਜਗਤ ਸੇਠ, ਰਾਇਦੁਰਲਭ ਅਤੇ ਅਮੀਰਚੰਦ ਇੱਕ ਵਿਚੋਲੀਏ ਦੇ ਰੂਪ ਵਿੱਚ ਸ਼ਾਮਿਲ ਹੋਏ। ਤੈਅ ਹੋਇਆ ਕਿ ਮੀਰ ਜਾਫਰ ਨੂੰ ਨਵਾਬ ਬਣਾ ਦਿੱਤਾ ਜਾਵੇ ਅਤੇ ਉਹ ਇਸ ਲਈ ਕੰਪਨੀ ਨੂੰ ਕ੍ਰਿਤਾਰਥ ਕਰੇਗਾ ਅਤੇ ਉਸਦੇ ਨੁਕਸਾਨ ਦੀ ਪੂਰਤੀ ਵੀ ਕਰੇਗਾ।
- ਇੱਕ ਅਜਿਹੇ ਸਮੇਂ ਜਦੋਂ ਨਵਾਬ ਨੂੰ ਉੱਤਰ-ਪੱਛਮ ਤੋਂ ਅਫ਼ਗਾਨਾਂ ਅਤੇ ਪੱਛਮ ਵੱਲੋਂ ਮਰਾਠਿਆਂ ਦਾ ਡਰ ਸੀ, ਠੀਕ ਉਸੇ ਸਮੇਂ ਕਲਾਈਵ ਨੇ ਸੈਨਾ ਸਹਿਤ ਨਵਾਬ ਦੇ ਵਿਰੁੱਧ ਮੁਰਸ਼ਿਦਾਬਾਦ ਵੱਲ ਪ੍ਰਸਥਾਨ ਕੀਤਾ। 23 ਜੂਨ, 1757 ਨੂੰ ਵਿਰੋਧੀ ਸੈਨਾਵਾਂ ਮੁਰਸ਼ਿਦਾਬਾਦ ਦੇ ਦੱਖਣ ਵਿੱਚ 22 ਮੀਲ ਦੀ ਦੂਰੀ ਤੇ ਸਥਿਤ ਪਲਾਸੀ ਪਿੰਡ ਵਿੱਚ ਅੰਬਾਂ ਦੇ ਨਿਕੁੰਜ ਵਿੱਚ ਟਕਰਾਈਆਂ।
- ਨਵਾਬ ਦੀ ਇੱਕ ਅਗੇਤੀ ਟੁਕੜੀ, ਜਿਸਦੇ ਨੇਤਾ ਮੀਰ ਮਦਾਨ ਅਤੇ ਮੋਹਨ ਲਾਲ ਸਨ, ਅੰਗਰੇਜਾਂ ਤੋਂ ਬਾਜ਼ੀ ਲੈ ਗਈ ਅਤੇ ਉਸਨੇ ਕਲਾਈਵ ਨੂੰ ਰੁੱਖਾਂ ਪਿੱਛੇ ਸ਼ਰਣ ਲੈਣ ਲਈ ਮਜਬੂਰ ਕਰ ਦਿੱਤਾ। ਅਚਾਨਕ ਇੱਕ ਗੋਲ਼ੀ ਨਾਲ ਮੀਰ ਮਦਾਨ ਮਾਰਿਆ ਗਿਆ। ਨਵਾਬ ਸਿਰਾਜੁਦੌਲਾ ਨੇ ਆਪਣੇ ਪ੍ਰਮੁੱਖ ਅਧਿਕਾਰੀਆਂ ਨਾਲ ਮਸ਼ਵਰਾ ਕੀਤਾ। ਮੀਰ ਜਾਫਰ ਨੇ ਉਸਨੂੰ ਪਿੱਛੇ ਹਟਣ ਲਈ ਕਿਹਾ ਅਤੇ ਇਹ ਵੀ ਕਿਹਾ ਗਿਆ ਕਿ ਸਿਰਾਜ ਨੂੰ ਸੈਨਾ ਦੀ ਅਗਵਾਈ ਜਰਨੈਲਾਂ ਦੇ ਹੱਥਾਂ ਵਿੱਚ ਛੱਡ ਕੇ ਰਣਖੇਤਰ

ਨੋਟ

ਤੋਂ ਚਲਾ ਜਾਣਾ ਚਾਹੀਦਾ ਹੈ। ਚਾਲ ਚੱਲ ਗਈ। ਸਿਰਾਜ 2000 ਘੁੜਸਵਾਰਾਂ ਸਹਿਤ ਮੁਰਸ਼ਿਦਾਬਾਦ ਚਲਾ ਗਿਆ। ਫ਼੍ਰਾਂਸੀਸੀ ਟੁਕੜੀ ਜਿਹੜੀ ਹੁਣ ਤੱਕ ਜਮੀ ਹੋਈ ਸੀ, ਜਲਦੀ ਹੀ ਹਾਰ ਗਈ।

- ਮੀਰ ਜਾਫਰ ਨੇ ਅੰਗਰੇਜਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਵਾਸਤੇ 24 ਪਰਗਨਾਂ ਦੀ ਜ਼ਮੀਂਦਾਰੀ ਨਾਲ਼ ਪੁਰਸਕ੍ਰਿਤ ਕੀਤਾ ਅਤੇ ਕਲਾਈਵ ਨੂੰ 2,34,000 ਪੌਂਡ ਦੀ ਨਿਜੀ ਭੇਂਟ ਦਿੱਤੀ। 50 ਲੱਖ ਰੁਪਏ ਸੈਨਾ ਅਤੇ ਨਾਵਿਕਾਂ ਨੂੰ ਇਨਾਮ ਦੇ ਰੂਪ ਵਿੱਚ ਦਿੱਤੇ। ਬੰਗਾਲ ਦੀਆਂ ਸਾਰੀਆਂ ਫ਼੍ਰਾਂਸੀਸੀ ਬਸਤੀਆਂ ਅੰਗਰੇਜਾਂ ਨੂੰ ਦੇ ਦਿੱਤੀਆਂ।
- ਪਲਾਸੀ ਦਾ ਯੁੱਧ ਉਸ ਤੋਂ ਬਾਅਦ ਹੋਣ ਵਾਲੀਆਂ ਘਟਨਾਵਾਂ ਦੇ ਕਾਰਣ ਹੀ ਮਹੱਤਵਪੂਰਣ ਹੈ। ਬੰਗਾਲ ਅੰਗਰੇਜਾਂ ਦੇ ਅਧੀਨ ਹੋ ਗਿਆ ਅਤੇ ਫਿਰ ਸੁਤੰਤਰ ਨਹੀਂ ਹੋ ਸਕਿਆ। ਨਵਾਂ ਨਵਾਬ ਮੀਰ ਜਾਫਰ ਆਪਣੀ ਰੱਖਿਆ ਅਤੇ ਪਦ ਦੇ ਲਈ ਅੰਗਰੇ ਜਾਂ ਤੇ ਨਿਰਭਰ ਸੀ। ਉਨ੍ਹਾਂ ਦੀ 6000 ਸੈਨਾ ਉਸਦੀ ਰੱਖਿਆ ਲਈ ਬੰਗਾਲ ਵਿੱਚ ਸਥਿਤ ਸੀ।
- 30 ਜੂਨ 1757 ਈ. ਨੂੰ ਕਲਾਈਵ ਨੇ ਮੁਰਸ਼ਿਦਾਬਾਦ ਵਿੱਚ ਮੀਰ ਜਾਫਰ ਨੂੰ ਬੰਗਾਲ ਦੇ ਨਵਾਬ ਦੇ ਪਦ ਤੇ ਆਸੀਨ ਕਰਵਾਇਆ। ਇਸੇ ਸਮੇਂ ਤੋਂ ਬੰਗਾਲ ਵਿੱਚ ਕੰਪਨੀ ਨੇ ਨ੍ਰਪ ਨਿਰਮਾਤਾ ਦੀ ਸ਼ੁਰੂਆਤ ਕੀਤੀ। ਬੰਗਾਲ ਦੀ ਨਵਾਬੀ ਪ੍ਰਾਪਤ ਕਰਨ ਕਾਰਣ ਮੀਰ ਜਾਫਰ ਨੇ ਕੰਪਨੀ ਨੂੰ '24 ਪਰਗਨਾਂ' ਦੀ ਜ਼ਿਮੀਂਦਾਰੀ ਪੁਰਸਕਾਰ ਦੇ ਰੂਪ ਵਿੱਚ ਦੇ ਦਿੱਤੀ।
- ਮੀਰ ਜਾਫਰ ਦੇ ਸ਼ਾਸਨ ਕਾਲ ਵਿੱਚ ਹੀ ਅੰਗਰੇਜਾਂ ਨੇ 'ਵੰਡੋ ਅਤੇ ਰਾਜ ਕਰੋ' ਦੀ ਨੀਤੀ ਨੂੰ ਜਨਮ ਦਿੰਦੇ ਹੋਏ ਇੱਕ ਗੁੱਟ ਨੂੰ ਦੂਜੇ ਗੁੱਟ ਨਾਲ਼ ਲੜਾਓਣ ਦੀ ਸ਼ੁਰੂਆਤ ਕੀਤੀ। ਕਲਾਈਵ ਦੇ ਪ੍ਰਤੀ ਕ੍ਰਿਤੱਗਤਾ ਜ਼ਾਹਿਰ ਕਰਣ ਲਈ ਮੀਰ ਜਾਫਰ ਨੇ ਤਤਕਾਲੀਨ ਮੁਗਲ ਬਾਦਸ਼ਾਹ ਆਲਮਗੀਰ ਦੂਜੇ ਤੋਂ ਕਲਾਈਵ ਨੂੰ ਉਮਰਾ ਦੀ ਉਪਾਧੀ ਅਤੇ 24 ਪਰਗਨਾਂ ਦੀ ਜ਼ਿਮੀਂਦਾਰੀ ਪ੍ਰਦਾਨ ਕਰਵਾਈ। 24 ਪਰਗਨਾਂ ਦੀ ਜਗੀਰ ਨੂੰ 'ਕਲਾਈਵ ਦੀ ਜਗੀਰ ' ਦੇ ਨਾਂ ਨਾਲ਼ ਜਾਣਿਆ ਜ਼ਾਂਦਾ ਸੀ।
- ਮੀਰਕਾਸਿਮ ਅਲੀਵਰਦੀ ਦੇ ਉੱਤਰਾਧਕਾਰੀਆਂ ਵਿੱਚ ਸਰਵਾਧਿਕ ਯੋਗ ਸੀ। ਰਾਜ ਮਿਲਣ ਦੇ ਬਾਅਦ ਉਸਨੂੰ ਮੁਗਲ ਸਮਰਾਟ ਸ਼ਾਹ ਆਲਮ ਦੁਆਰਾ ਬਿਹਾਰ ਉੱਤੇ(1760-61) ਹਮਲੇ ਦਾ ਸ੍ਹਾਮਣਾ ਕਰਨਾ ਪਿਆ, ਕੰਪਨੀ ਦੀ ਸੈਨਾ ਨੇ ਸਮਰਾਟ ਨੂੰ ਹਰਾ ਕੇ ਉਸਦੀ ਹਾਲਤ ਨੂੰ ਤਰਸਯੋਗ ਬਣਾ ਦਿੱਤਾ।
- 1717 ਵਿੱਚ ਮੁਗਲ ਬਾਦਸ਼ਾਹ ਦੁਆਰਾ ਪ੍ਰਦੱਤ ਵਪਾਰਕ ਫ਼ਰਮਾਨ ਦਾ ਇਸ ਸਮੇਂ ਬੰਗਾਲ ਵਿੱਚ ਦੁਰਉਪਯੋਗ ਹੁੰਦਾ ਵੇਖ ਕੇ ਨਵਾਬ ਮੀਰਕਾਸਿਮ ਨੇ ਅੰਦਰੂਨੀ ਵਪਾਰ ਉੱਤੇ ਹਰ ਤਰਾਂ ਦੀ ਵਸੂਲੀ ਬੰਦ ਕਰਵਾ ਦਿੱਤੀ।
- 1762 ਵਿੱਚ ਮੀਰਕਾਸਿਮ ਦੁਆਰਾ ਖ਼ਤਮ ਕੀਤੀ ਗਈ ਵਪਾਰਕ ਚੁੰਗੀ ਅਤੇ ਕਰ ਦਾ ਲਾਭ ਹੁਣ ਭਾਰਤੀਆਂ ਨੂੰ ਵੀ ਮਿਲਣ ਲੱਗਾ। ਪਹਿਲਾਂ ਇਹ ਲਾਭ 1717 ਦੇ ਫ਼ਰਮਾਨ ਦੁਆਰਾ ਸਿਰਫ਼ ਕੰਪਨੀ ਨੂੰ ਮਿਲਦਾ ਸੀ, ਕੰਪਨੀ ਨੇ ਚੁਣਾਵ ਦੇ ਇਸ ਨਿਰਣੇ ਨੂੰ ਆਪਣੇ ਵਿਸ਼ੇਸ਼ਾਧਿਕਾਰ ਦੀ ਅਵਹੇਲਣਾ ਦੇ ਰੂਪ ਵਿੱਚ ਲਿਆ। ਫ਼ਲਸਰੂਪ ਸੰਘਰਸ਼ ਦੀ ਸ਼ੁਰੂਆਤ ਹੋਈ।
- 19 ਜੁਲਾਈ, 1763 ਨੂੰ ਮੀਰਕਾਸਿਮ ਅਤੇ ਐਡਮਸ ਦੀ ਅਗਵਾਈ ਵਿੱਚ ਕਰਵਾ ਨਾਮਕ ਸਥਾਨ ਤੇ 'ਕਰਵਾ ਦਾ ਯੁੱਧ' ਹੋਇਆ ਜਿਸ ਵਿੱਚ ਨਵਾਬ (ਅਪਦਸਥ) ਹਾਰ ਗਿਆ। ਕਰਵਾ ਦੇ ਯੁੱਧ ਤੋਂ ਬਾਅਦ ਅਤੇ ਬਕਸਰ ਦੇ ਯੁੱਧ ਤੋਂ ਪਹਿਲਾਂ ਮੀਰਕਾਸਿਮ ਨੂੰ ਅੰਗਰੇਜਾਂ ਨੇ ਤਿੰਨ ਵਾਰ ਹਰਾਇਆ, ਫ਼ਲਸਰੂਪ ਮੀਰਕਾਸਿਮ ਨੇ ਮੁੰਗੇਰ ਛੱਡ ਕੇ ਪਟਨਾ ਵਿੱਚ ਸ਼ਰਣ ਲਈ। 1763 ਵਿੱਚ ਹੋਏ ਪਟਨਾ ਹੱਤਿਆਕਾਂਡ, ਜਿਸ ਵਿੱਚ ਕਈ ਅੰਗਰੇਜ਼ ਮਾਰੇ ਗਏ, ਨਾਲ਼ ਮੀਰਕਾਸਿਮ ਪ੍ਰਤੱਖ ਰੂਪ ਨਾਲ਼ ਜੁੜਿਆ ਹੋਇਆ ਸੀ।
- ਕਲਾਈਵ ਨੇ ਬੰਗਾਲ ਦੀ ਉਲਝਣ ਨੂੰ ਕੁਖਿਆਤ ਦੋਹਰੀ ਪ੍ਰਣਾਲੀ ਨਾਲ਼ ਸੁਲਝਾਓਣ ਦੀ ਕੋਸ਼ਿਸ਼ ਕੀਤੀ। ਇਸ ਵਿੱਚ ਅਸਲ ਸ਼ਕਤੀ ਤਾਂ ਕੰਪਨੀ ਕੋਲ਼ ਸੀ ਪੰਤੂ ਪ੍ਰਸ਼ਾਸਨ ਦਾ ਭਾਰ ਨਵਾਬ ਦੇ ਮੋਢਿਆਂ ਤੇ ਸੀ।
- ਮੁਗਲ ਸਾਮਰਾਜ ਦੇ ਸਵਰਣ ਕਾਲ ਤੋਂ ਹੀ ਪ੍ਰਾਂਤਾਂ ਵਿੱਚ ਦੋ ਮੁੱਖ ਅਧਿਕਾਰੀ ਹੁੰਦੇ ਸਨ, ਸੂਬੇਦਾਰ ਅਤੇ ਦੀਵਾਨ। ਸੂਬੇਦਾਰ ਦਾ ਕੰਮ ਨਿਜਾਮਤ ਅਰਥਾਤ ਸੈਨਿਕ ਸੰਰਕਸ਼ਣ, ਪੁਲਿਸ ਅਤੇ ਫੌਜਦਾਰੀ ਕਾਨੂੰਨ ਲਾਗੂ ਕਰਨਾ, ਅਤੇ ਦੀਵਾਨ ਦਾ ਕੰਮ ਕਰ ਵਿਵਸਥਾ ਅਤੇ ਦੀਵਾਨੀ ਕਾਨੰਨ ਲਾਗੂ ਕਰਨਾ ਸੀ। ਇਹ ਦੋਵੇਂ ਅਧਿਕਾਰੀ ਇੱਕ ਦੂਜੇ ਤੇ ਨਿਯੰਤਰਣ ਦਾ ਕੰਮ ਵੀ ਕਰਦੇ ਸਨ ਅਤੇ ਸਿੱਧੇ ਕੇਂਦਰੀ ਸਰਕਾਰ ਦੇ ਪ੍ਰਤੀ ਉੱਤਰਦਾਈ ਸਨ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਮੁਗਲ ਸੱਤਾ ਕਮਜ਼ੋਰ ਹੋ ਗਈ ਅਤੇ ਬੰਗਾਲ ਦਾ ਨਵਾਬ ਮੁਰਸ਼ੀਦ ਕੁਲੀ ਖ਼ਾਨ ਦੀਵਾਨੀ ਅਤੇ ਨਿਜਾਮਤ ਦੋਵੇਂ ਕੰਮ ਕਰਦਾ ਸੀ।
- 12 ਅਗਸਤ, 1756 ਦੇ ਫ਼ਰਮਾਨ ਅਨੁਸਾਰ ਆਲਮ ਨੇ 26 ਲੱਖ ਰੁਪਏ ਸਾਲਾਨਾ ਦੇ ਬਦਲੇ ਦੀਵਾਨੀ ਦਾ ਭਾਰ ਕੰਪਨੀ ਨੂੰ ਸੌਂਪ ਦਿੱਤਾ। ਕੰਪਨੀ ਨੂੰ 53 ਲੱਖ ਰੁਪਏ ਨਿਜਾਮਤ ਦੇ ਕੰਮ ਵਾਸਤੇ ਵੀ ਦੇਣੇ ਸਨ। ਫ਼ਰਵਰੀ 1756 ਵਿੱਚ ਆਪਣੇ ਪਿਤਾ ਮੀਰ ਜਾਫਰ ਦੀ ਮੌਤ ਤੇ ਨਿਜਮੁਦੌਲਾ ਨੂੰ ਨਵਾਬ ਬਣਾਓਣ ਦੀ ਆਗਿਆ ਦੇ ਦਿੱਤੀ ਗਈ ਪ੍ਰੰਤੂ ਸ਼ਰਤ ਇਹ ਸੀ ਕਿ ਨਿਜਾਮਤ ਦੇ ਲਗਭਗ ਸਾਰੇ ਕੰਮ ਦਾ ਭਾਰ, ਅਰਥਾਤ ਸੈਨਿਕ ਸੰਰਕਸ਼ਣ ਅਤੇ ਵਿਦੇਸ਼ੀ ਮਾਮਲੇ ਪੂਰੀ ਤਰ੍ਹਾਂ ਕੰਪਨੀ ਦੇ ਹੱਥਾਂ ਵਿੱਚ ਅਤੇ ਦੀਵਾਨੀ ਮਾਮਲੇ ਡਿਪਟੀ ਸੂਬੇਦਾਰ, ਜਿਨ੍ਹਾਂ ਨੂੰ ਕੰਪਨੀ ਮਨੋਨੀਤ ਕਰੇਗੀ ਅਤੇ ਜਿਸ ਨੂੰ ਕੰਪਨੀ ਦੀ ਆਗਿਆ ਤੋਂ ਬਿਨਾਂ ਹਟਾਇਆ ਨਹੀਂ ਜਾਵੇਗਾ, ਸੌਂਪ ਦੇਵੇ। ਇਸ ਤਰਾਂ ਕੰਪਨੀ ਨੂੰ ਮੁਗਲ ਸਮਰਾਟ ਤੋਂ ਦੀਵਾਨੀ ਅਤੇ ਬੰਗਾਲ ਦੇ ਸੂਬੇ ਦਾਰ ਤੋਂ ਨਿਜਾਮਤ ਦੇ ਕੰਮ ਦਾ ਭਾਰ ਮਿਲ ਗਿਆ।

ਨੋਟ

- ਭਾਰਤ ਵਿੱਚ ਅੰਗਰੇਜੀ ਸਾਮਰਾਜ ਦਾ ਅਸਲੀ ਸੰਸਥਾਪਕ ਕਲਾਈਵ ਹੀ ਸੀ। ਉਸਨੇ ਸਮੇਂ ਦੀ ਗਤੀ ਨੂੰ ਸਮਝਿਆ ਅਤੇ ਓਹ ਠੀਕ ਦਿਸ਼ਾ ਵਿੱਚ ਵਧਿਆ। ਉਸਨੇ ਆਪਣੇ ਵਿਰੌਧੀ ਡੁਪਲੇ ਨੂੰ ਮਾਤ ਦਿੱਤੀ ਅਤੇ ਸਥਾਈ ਨਤੀਜੇ ਪ੍ਰਾਪਤ ਕੀਤੇ। ਉਸਦਾ ਅਰਕਾਟ ਨੂੰ ਘੇਰਨਾ (1751) ਇੱਕ ਬਹੁਤ ਹੀ ਕੁਸ਼ਲਤਾਪੂਰਣ ਚਾਲ ਸੀ ਜਿਸ ਨਾਲ਼ ਕਰਨਾਟਕ ਵਿੱਚ ਫ਼੍ਰਾਸੀਸੀਆਂ ਵਿਰੁੱਧ ਪਾਸਾ ਪਲਟ ਗਿਆ।(1757) ਦੇ ਪਲਾਸੀ ਦੇ ਯੁੱਧ ਵਿੱਚ ਜਿੱਤ ਤੋਂ ਬਾਅਦ ਨਵਾਬ ਉਸਦੀ ਕਠਪੁਤਲੀ ਬਣ ਗਿਆ।
- 18ਵੀਂ ਸ਼ਤਾਬਦੀ ਵਿੱਚ ਸਾਰੇ ਭਾਰਤ ਵਿੱਚ ਸਾਹਸੀ ਵੀਰ ਸੈਨਿਕਾਂ ਲਈ ਉੱਥਾਨ ਦੇ ਕਾਫ਼ੀ ਮੌਕੇ ਸਨ। ਇਸੇ ਤਰਾਂ ਦਾ ਇੱਕ ਵੀਰ ਯੋਧਾ ਹੈਦਰ ਅਲੀ (ਜਨਮ 1727) ਸੀ। ਉਸਨੇ ਆਪਣਾ ਜੀਵਨ ਇੱਕ ਘੁੜਸਵਾਰ ਦੇ ਰੂਪ ਵਿੱਚ ਸ਼ੁਰੂ ਕੀਤਾ ਅਤੇ ਫ਼ਿਰ ਮੈਸੂਰ ਦਾ ਵਾਸਤਵਿਕ ਸ਼ਾਸਕ ਬਣ ਗਿਆ।
- ਦੱਖਣ ਵਿੱਚ ਨਿਜਾਮ, ਮਰਾਠਿਆਂ, ਅੰਗਰੇਜਾਂ ਅਤੇ ਫ਼੍ਰਾਂਸੀਸੀਆਂ ਵਿਚਕਾਰ ਹੋਏ ਚਾਰਕੋਣੀ ਸੰਘਰਸ਼ ਨੇ ਮੈਸੂਰ ਨੂੰ ਵੀ ਆਪਣੇ ਅਖਾੜੇ ਵਿੱਚ ਖੜਾ ਕਰ ਦਿੱਤਾ। ਮਰਾਠਿਆਂ ਨੇ 1753, 1754, 1757 ਅਤੇ 1759 ਵਿੱਚ ਮੈਸੂਰ ਪ੍ਰਦੇਸ਼ ਉੱਤੇ ਹਮਲੇ ਕੀਤੇ। ਇਨ੍ਹਾਂ ਹਮਲਾਵਰਾਂ ਦੀ ਅਮਿਟ ਧਨ-ਪਿਪਾਸਾ ਨੇ ਮੈਸੂਰ ਨੂੰ ਸੰਕਟ ਵਿੱਚ ਪਾ ਦਿੱਤਾ।
- ਅਜਿਹੇ ਸਮੇਂ ਵਿੱਚ ਹੈਦਰਅਲੀ ਸਾਹਮਣੇ ਆਇਆ ਅਤੇ 1761 ਤੱਕ ਉਹ ਮੈਸੂਰ ਦਾ ਵਾਸਤਵਿਕ ਸ਼ਾਂਸਕ ਬਣ ਬੈਠਿਆ।
- ਉਹ ਜਾਣਦਾ ਸੀ ਕਿ ਸ਼ਸਤਰ ਨਿਰਮਾਣ ਕੰਮ ਵਿੱਚ ਯੂਰਪੀ ਲੋਕ ਬਹੁਤ ਅੱਗੇ ਹਨ। ਇਸ ਲਈ ਉਸ ਨੇ ਫ਼੍ਰਾਂਸੀਸੀਆਂ ਦੀ ਮਦਦ ਨਾਲ਼ ਡਿੰਡੀਗੁਲ ਵਿੱਚ ਸ਼ਸ਼ਤਰਾਗਾਰ ਸਥਾਪਿਤ ਕੀਤਾ ਅਤੇ ਆਪਣੀ ਸੈਨਾ ਨੂੰ ਪ੍ਰਸ਼ਿਕਸ਼ਣ ਦੁਆਇਆ। ਜਲਦੀ ਹੀ ਉਹ ਕੂਟਨੀਤੀ ਵਿੱਚ ਵੀ ਜੋੜਤੋੜ ਕਰਨ ਵਿੱਚ ਸਿੱਧਹਸਤ ਹੋ ਗਿਆ।
- ਜਲਦੀ ਹੀ ਹੈਦਰਅਲੀ ਨੇ ਵੇਖਿਆ ਕਿ ਉਸਦੇ ਵਿਰੁੱਧ ਨਿਜਾਮ, ਮਰਾਠਿਆਂ ਅਤੇ ਕਰਨਾਟਕ ਦੇ ਨਵਾਬ ਦਾ ਇੱਕਠਾ ਮੋਰਚਾ ਬਣ ਗਿਆ ਹੈ। ਹੈਦਰਅਲੀ ਘਬਰਾਇਆ ਨਹੀਂ ਅਤੇ ਉਸਨੇ ਕੂਟਨੀਤੀ ਨਾਲ਼ ਕੰਮ ਲਿਆ। ਉਸਨੇ ਮਰਾਠਿਆਂ ਨੂੰ ਧਨ ਦੇ ਕੇ ਅਤੇ ਨਿਜਾਮ ਨੂੰ ਪ੍ਰਦੇਸ਼ ਦਾ ਲਾਲਚ ਦੇ ਕੇ ਆਪਣੇ ਵੱਲ ਮਿਲਾ ਲਿਆ ਅਤੇ ਫਿਰ ਕਰਨਾਟਕ ਉੱਤੇ ਹਮਲਾ ਕੀਤਾ। ਡੇੜ ਸਾਲ ਦੇ ਅਨਿਰਣਾਯਕ ਯੁੱਧ ਤੋਂ ਬਾਅਦ ਹੈਦਰਅਲੀ ਨੇ ਅੰਗਰੇਜਾਂ ਵਿਰੁੱਧ ਬਾਜ਼ੀ ਪਲਟ ਦਿੱਤੀ ਅਤੇ ਮਦਰਾਸ ਨੂੰ ਘੇਰ ਲਿਆ। ਡਰੇ ਹੋਏ ਅੰਗਰੇਜਾਂ ਨੇ ਉਸ ਨਾਲ਼ ਇੱਕ ਨਿਰਾਦਰਭਰੀ ਸੰਧੀ ਕਰ ਲਈ (4 ਅਪ੍ਰੈਲ, 1769), ਜਿਸ ਵਿੱਚ ਦੋਹਾਂ ਪੱਖਾਂ ਨੇ ਵਿਜਿਤ ਪ੍ਰਦੇਸ਼ ਵਾਪਿਸ ਕਰ ਦਿੱਤੇ ਅਤੇ ਦੋਵੇਂ ਦਲਾਂ ਨੇ ਇੱਕ ਦੂਜੇ ਨੂੰ ਆਰਕਸ਼ਣ ਲਈ ਮਦਦ ਕਰਣ ਦਾ ਵਚਨ ਦਿੱਤਾ।
- 1769 ਦੀ ਸੰਧੀ, ਸੰਧੀ ਨਾ ਰਹਿ ਕੇ ਸਿਰਫ਼ ਯੁੱਧ ਵਿਰਾਮ ਹੀ ਰਹਿ ਗਿਆ ਸੀ। ਹੈਦਰਅਲੀ ਉੱਤੇ ਹਮਲਾ ਕੀਤਾ ਤਾਂ ਅੰਗਰੇਜਾਂ ਨੇ, 1769 ਦੀ ਸੰਧੀ ਦੇ ਅਨੁਕੂਲ ਮਦਦ ਨਹੀਂ ਕੀਤੀ ਸੀ। ਦੂਜੇ ਹੈਦਰਅਲੀ ਨੇ ਵੇਖਿਆ ਕਿ ਉਸਦੀ ਬੰਦੂਕਾਂ, ਤੋਪਾਂ, ਸ਼ੋਰੇ ਅਤੇ ਬਾਰੂਦ ਦੀਆਂ ਜ਼ਰੂਰਤਾਂ ਲਈ ਅੰਗਰੇਜਾਂ ਤੋਂ ਫ਼੍ਰਾਂਸੀਸੀ ਜ਼ਿਆਦਾ ਮਦਦਗਾਰ ਸਨ। ਕੁਝ ਸੈਨਿਕ ਸਾਮਾਨ, ਮਾਲਾਬਾਰ ਤਟ ਉੱਤੇ ਸਥਿਤ ਫ਼੍ਰਾਂਸੀਸੀ ਬੰਦਰਗਾਹ ਮਾਹੀ ਰਾਹੀਂ ਵੀ ਮੈਸੂਰ ਪਹੁੰਚਦਾ ਸੀ।
- ਹੈਦਰਅਲੀ ਨੇ ਨਿਜਾਮ ਅਤੇ ਮਰਾਠਿਆਂ ਨਾਲ਼ ਮਿਲ ਕੇ-ਸਭ ਦੇ ਦੁਸ਼ਮਣ-ਈਸਟ ਇੰਡੀਆ ਕੰਪਨੀ ਦੇ ਵਿਰੁੱਧ ਇੱਕ ਸੰਯੁਕਤ ਮੋਰਚਾ ਬਣਾ ਲਿਆ। ਜੁਲਾਈ 1780 ਵਿੱਚ ਹੈਦਰਅਲੀ ਨੇ ਕਰਨਾਟਕ ਉੱਤੇ ਹਮਲਾ ਕਰ ਦਿੱਤਾ ਅਤੇ ਕਰਨਲ ਬੇਲੀ ਦੇ ਅਧੀਨ ਅੰਗਰੇਜੀ ਸੈਨਾ ਨੂੰ ਹਰਾ ਕੇ ਅਰਕਾਟ ਜਿੱਤ ਲਿਆ।
- ਅੰਤ ਵਿੱਚ ਦੋਹਾਂ ਪੱਖਾਂ ਨੇ ਸੰਧੀ ਕਰਨਾ ਉਚਿਤ ਸਮਝਿਆ ਅਤੇ ਮਾਰਚ 1784 ਵਿੱਚ ਮੰਗਲੌਰ ਦੀ ਸੰਧੀ ਨਾਲ਼ ਦੋਹਾਂ ਪੱਖਾਂ ਨੇ ਵਿਜਿਤ ਪ੍ਰਾਂਤ ਵਾਪਿਸ ਕਰ ਦਿੱਤੇ। ਸੁੱਧ ਦਾ ਇਹ ਦੂਜਾ ਦੌਰ ਅਨਿਸ਼ਚਿਤ ਰਿਹਾ।
- ਹਾਲਾਕਿ 1784 ਦੇ ਪਿਟਸ ਇੰਡੀਆ ਅਧਿਨਿਯਮ ਵਿੱਚ ਇਹ ਸਪਸ਼ਟ ਕੀਤਾ ਗਿਆ ਸੀ ਕਿ ਕੰਪਨੀ ਕੋਈ ਨਵਾਂ ਪ੍ਰਦੇਸ਼ ਜਿੱਤਣ ਦੀ ਕੋਸ਼ਿਸ਼ ਨਹੀਂ ਕਰੇਗੀ, ਤਾਂ ਵੀ ਲੋਰਡ ਕਾਰਨਵਾਲਿਸ ਨੇ ਨਿਜਾਮ ਅਤੇ ਮਰਾਠਿਆਂ ਦੀ ਟੀਪੂ ਵਿਰੋਧੀ ਭਾਵਨਾਵਾਂ ਤੋਂ ਪ੍ਰੇਰਿਤ ਹੋ ਕੇ 1790 ਅਵਿੱਚ ਟੀਪੂ ਦੇ ਵਿਰੁੱਧ ਤ੍ਰਿਦਲੀ ਸੰਗਠਨ ਰਚਿਆ।
- ਕਾਰਨਵਾਲਿਸ ਨੇ ਇੱਕ ਵੱਡੀ ਸੈਨਾ ਦੀ ਮਦਦ ਨਾਲ਼ ਟੀਪੂ ਤੇ ਹਮਲਾ ਕਰ ਦਿੱਤਾ ਅਤੇ ਵੈਲੌਰ ਅਤੇ ਅੰਬੂਰ ਤੋਂ ਹੁੰਦਾ ਹੋਇਆ ਉਹ ਬੰਗਲੌਰ ਤੇ ਚੜ੍ਹ ਆਇਆ ਜੋ ਉਸਨੇ ਮਾਰਚ 1791 ਵਿੱਚ ਜਿੱਤ ਲਿਆ ਅਤੇ ਸ਼੍ਰੀਰੰਗਾਪੱਟਮ ਤੱਕ ਪਹੁੰਚ ਗਿਆ। ਅੰਗਰੇ ਜਾਂ ਨੇ ਕੋਇੰਬਟੂਰ ਵੀ ਜਿੱਤ ਲਿਆ ਪ੍ਰੰਤੂ ਜਲਦੀ ਹੀ ਉਸਨੂੰ ਦੁਬਾਰਾ ਹੱਥੋਂ ਖੋ ਬੈਠੇ। ਮਰਾਠਾ ਅਤੇ ਨਿਜਾਮ ਦੀ ਮਦਦ ਨਾਲ਼ ਓਹਨਾਂ ਨੇ ਦੁਬਾਰਾ ਸ਼੍ਰੀਰੰਗਾਪੱਟਮ ਵੱਲ ਚੜ੍ਹਾਈ ਕੀਤੀ। ਅੀਪੂ ਨੇ ਸਖ਼ਤ ਪ੍ਰਤੀਰੋਧ ਕੀਤਾ ਪ੍ਰੰਤੂ ਜਦੋਂ ਉਸਨੇ ਵੇਖਿਆ ਕਿ ਯੁੱਧ ਜਾਰੀ ਰੱਖਣਾ ਅਸੰਭਵ ਹੈ ਤਾਂ ਉਸਨੇ ਸ਼੍ਰੀਰੰਗਾਪੱਟਮ ਦੀ ਸੰਧੀ ਕਰ ਲਈ (ਮਾਰਚ 1792)।
- ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਨੀਤੀ ਦਾ ਮੁੱਖ ਅੰਗ ਇਹ ਸੀ ਕਿ ਯੁੱਧ ਕਰੋ। ਫਿਰ ਆਪਣੇ ਆਪ ਨੂੰ ਆਓਣ ਵਾਲ਼ੇ ਯੁੱਧ ਵਾਸਤੇ ਤਿਆਰ ਕਰਣ ਵਾਸਤੇ ਸ਼ਾਂਤੀ ਦੀ ਨੀਤੀ ਅਪਣਾਓ। 1798 ਵਿੱਚ ਲਾਰਡ ਵੈਲੇਜਲੀ ਆਇਆ ਜੋ ਇੱਕ ਸਾਮਰਾਜਵਾਦੀ ਗਵਰਨਰ ਜਨਰਲ ਸੀ।

ਨੋਟ

- ਆਂਗਲ-ਮਰਾਠਾ ਯੁੱਧ ਦੇ ਪਹਿਲੇ ਦੌਰ ਦੇ ਕਾਰਣ ਮਰਾਠਿਆਂ ਦੇ ਆਪਸੀ ਝਗੜੇ ਅਤੇ ਅੰਗਰੇਜਾਂ ਦੀਆਂ ਇੱਛਾਵਾਂ ਸਨ। ਜਿਵੇਂ ਕਲਾਈਵ ਨੇ ਦੂਹਰੀ ਪ੍ਰਣਾਲੀ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਸਥਾਪਿਤ ਕੀਤੀ ਸੀ, ਓਸੇ ਤਰਾਂ ਦੀ ਦੂਹਰੀ ਪ੍ਰਣਾਲੀ ਬੰਬਈ ਕੰਪਨੀ ਮਹਾਰਾਸ਼ਟਰ ਵਿੱਚ ਵੀ ਸਥਾਪਿਤ ਕਰਨਾ ਚਾਹੁੰਦੀ ਸੀ।
- ਇਸ ਸੰਘਰਸ਼ ਦਾ ਦੂਜਾ ਦੋਰ ਫ਼੍ਰਾਂਸੀਸੀ ਡਰ ਨਾਲ਼ ਸੰਬੰਧਿਤ ਸੀ। ਵੈਲਜਲੀ, ਜੋ ਸਾਮਰਾਜਵਾਦੀ ਸੀ, 1798 ਵਿੱਚ ਭਾਰਤ ਆਇਆ। ਉਸਨੇ ਇਹ ਮਹਿਸੂਸ ਕੀਤਾ ਕਿ ਫ਼੍ਰਾਂਸੀਸੀ ਡਰ ਦਾ ਤੋਂ ਬਚਣ ਦਾ ਕੇਵਲ ਇੱਕ ਤਰੀਕਾ ਹੈ ਕਿ ਸਾਰੇ ਭਾਰਤ ਰਾਜ ਕੰਪਨੀ ਤੇ ਹੀ ਨਿਰਭਰ ਹੋਣ ਦੀ ਸਥਿਤੀ ਵਿੱਚ ਪਹੁੰਚ ਜਾਣ। ਉਸਨੇ ਸਹਾਇਕ ਸੰਧੀ ਦੀ ਪ੍ਰਣਾਲੀ ਦਾ ਵਿਕਾਸ ਕੀਤਾ।
- ਇਸ ਯੁੱਧ ਦਾ ਤੀਜਾ ਅਤੇ ਆਖਰੀ ਚਰਣ ਹੇਸਟਿੰਗਜ਼ ਦੇ ਆਓਣ ਨਾਲ਼ ਸ਼ੁਰੂ ਹੋਇਆ। ਉਸਨੇ ਫ਼ਿਰ ਆਕਰਮਕ ਦਾ ਰੂਪ ਅਪਣਾਇਆ ਅਤੇ ਭਾਰਤ ਵਿੱਚ ਟੰਗਰੇਜਾਂ ਦੀ ਸਰਵ-ਸ਼ਰੇਸ਼ਠਤਾ ਬਣਾਓਣ ਦੀ ਕੋਸ਼ਿਸ਼ ਕੀਤੀ। 1805 ਤੋਂ ਬਾਅਦ ਦੇ ਜੋ ਸ਼ਾਂਤੀ ਦੇ ਸਾਲ ਮਰਾਠਿਆਂ ਨੂੰ ਮਿਲੇ ਸਨ, ਓਹਨਾਂ ਦਾ ਉਪਯੋਗ ਓਹਨਾਂ ਨੇ ਆਪਣੇ ਆਪ ਨੂੰ ਸੁਦ੍ਰਿੜ ਬਦਾਓਣ ਲਈ ਨਾ ਕਰ ਕੇ ਆਪਸੀ ਕਲੇਸ਼ ਵਿੱਚ ਖੋ ਦਿੱਤੇ। ਹੇਸਟਿੰਗਜ਼ ਦੇ ਪਿੰਡਾਰਿਆਂ ਦੇ ਵਿਰੁੱਧ ਅਭਿਆਨ ਨਾਲ਼ ਮਰਾਠਿਆਂ ਦੇ ਪ੍ਰਭੁਤਵ ਨੂੰ ਚੁਨੌਤੀ ਮਿਲੀ ਇਸ ਲਈ ਦੋਵੇਂ ਦਲ ਯੁੱਧ ਵਿੱਚ ਖਿੰਚ ਗਏ।

## 1.8 ਸ਼ਬਦਕੋਸ਼ (Keywords)

- ਪਦਾਤੀ : ਪੈਦਲ ਚਲਣ ਵਾਲੀ ਸੈਨਾ।
- ਚੌਥ : ਇੱਕ ਪ੍ਰਕਾਰ ਦਾ ਵਸੂਲਿਆ ਜਾਣ ਵਾਲਾ ਕਰ।
- ਆਕ੍ਰਾਂਤਾ : ਹਮਲਾਵਰੀ, ਅਸ਼ਾਂਤੀ ਫੈਲਾਓਣ ਵਾਲਾ।

## 1.9 ਅਭਿਆਸ ਪ੍ਰਸ਼ਨ (Review Questions)

- ਭਾਰਤ ਵਿੱਚ ਬ੍ਰਿਟਿਸ਼ ਵਿਸਤਾਰ ਦਾ ਵਰਣਨ ਕਰਦੇ ਹੋਏ ਕਰਨਾਟਕ ਯੁੱਧ ਦੀ ਸਮੀਖਿਆ ਕਰੋ।
- ਬੰਗਾਲ ਵਿੱਚ ਅੰਗਰੇਜੀ ਸ਼ਕਤੀ ਦੇ ਉਤਕਰਸ਼ ਤੇ ਪ੍ਰਕਾਸ਼ ਪਾਓ।
- ਪਲਾਸੀ ਦੇ ਯੁੱਧ ਦਾ ਵਰਣਨ ਕਰੋ।
- ਕਲਾਈਵ ਦੇ ਦੁਹਰੇ ਸ਼ਾਸਨ ਤੋਂ ਤੁਸੀਂ ਕੀ ਸਮਝਦੇ ਹੋ? ਵਰਣਨ ਕਰੋ।
- ਬ੍ਰਿਟਿਸ਼ ਵਿਸਤਾਰ ਦਾ ਮੈਸੂਰ ਨੇ ਕਿਸ ਤਰਾਂ ਪ੍ਰਤੀਰੋਧ ਕੀਤਾ? ਆਂਗਲ-ਮੈਸੂਰ ਯੁੱਧ ਦਾ ਵਰਣਨ ਕਰਦੇ ਹੋਏ ਸਮਝਾਓ।
- ਆਂਗਲ-ਮਰਾਠਾ ਯੁੱਧਾਂ ਦੀ ਵਿਵੇਚਨਾ ਕਰੋ ।

**ਉੱਤਰ : ਸਵ-ਮੁੱਲਾਂਕਣ (Answers: Self Assessment)**

**1.** (1) (ਕ) (2) (ਗ) (3) (ਖ) (4) (ਗ) (5) (ਗ)

**2.** (1) ਫ਼੍ਰਾਂਸੀਸੀ (2) 1716 (3) ਡਿੰਡੀਗੁਲ (4) ਨਿਜਾਮ ਨੂੰ ਪ੍ਰਦੇਸ਼ (5) ਮੰਗਲੌਰ ਦੀ ਸੰਧੀ

## 1.10 ਸੰਦਰਭ ਪੁਸਤਕਾਂ (Further Readings)

ਬੁਕਸ

1. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
2. ਆਧੁਨਿਕ ਭਾਰਤ, ਐਸ. ਕੇ. ਪਾਂਡੇ, ਪ੍ਰਯਾਗ ਅਕਾਦਮੀ ਇਲਾਹਾਬਾਦ
3. ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ

ਨੋਟ

# ਇਕਾਈ-2: ਬ੍ਰਿਟਿਸ਼ ਰਾਜ ਦਾ ਸੁਦ੍ਰਿੜੀਕਰਣ (1818–1843) ਅਤੇ ਕੇਂਦਰੀ ਸੰਰਚਨਾ ਦਾ ਵਿਕਾਸ (1773–1863): Consolidation of British Raj (1818-1843) and Development of Central Structure (1773-1863)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

2.1 ਬ੍ਰਿਟਿਸ਼ ਰਾਜ ਦਾ ਸੁਦ੍ਰਿੜੀਕਰਣ (1818-1843) (Consolidation of British Raj (1818-1843))

2.2 ਕੇਂਦਰੀ ਸੰਰਚਨਾ ਦਾ ਵਿਕਾਸ (1773–1863) (Development of the Central Structure (1773-1863)

2.3 ਰੈਗੂਲੇਟਿੰਗ ਐਕਟ ਅਤੇ ਪਿਟਸ ਇੰਡੀਆ ਐਕਟ (Regulating and Pitt's India Act)

2.4 ਸਾਰ ਅੰਸ਼ (Summary)

2.5 ਸ਼ਬਦਕੋਸ਼ (Keywords)

2.6 ਅਭਿਆਸ-ਪ੍ਰਸ਼ਨ (Review Questions)

2.7 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਬ੍ਰਿਟਿਸ਼ ਰਾਜ ਦਾ ਸੁਦ੍ਰਿੜੀਕਰਣ ਨੂੰ ਸਮਝਣ ਅਤੇ ਵਿਆਖਿਆ ਕਰਣ ਵਿੱਚ।
- ਕੇਂਦਰੀ ਸੰਰਚਨਾ ਦਾ ਵਿਕਾਸ ਨੂੰ ਸਮਝਣ ਅਤੇ ਵਿਆਖਿਆ ਕਰਣ ਵਿੱਚ।
- ਰੈਗੂਲੇਟਿੰਗ ਐਕਟ ਅਤੇ ਪਿਟਸ ਇੰਡੀਆ ਐਕਟ ਨੂੰ ਸਮਝਣ ਅਤੇ ਵਿਆਖਿਆ ਕਰਣ ਵਿੱਚ।

## ਜਾਣਕਾਰੀ (Introduction)

ਲਾਰਡ ਹੇਸਟਿੰਗਜ਼ (1813–23) ਦੇ ਯੁੱਧਾਂ ਨੇ ਕੰਪਨੀ ਦੇ ਅਤੇ ਭਾਰਤੀ ਰਿਆਸਤਾਂ ਦੇ ਸੰਬੰਧਾਂ ਨੂੰ ਇੱਕ ਨਵਾਂ ਮੋੜ ਦਿੱਤਾ। ਸਾਮਰਾਜ ਦੀ ਭਾਵਨਾ ਜਾਗ ਉੱਠੀ ਅਤੇ ਸਰਵਸ਼ਰੇਸ਼ਠਤਾ ਦੇ ਸਿਧਾਂਤ ਦਾ ਵਿਕਾਸ ਹੋਣਾ ਸ਼ੁਰੂ ਹੋਇਆ। ਫਰਵਰੀ 1814 ਦੀ ਉਸਦੀ ਆਪਣੀ ਡਾਇਰੀ ਵਿੱਚ ਇਸੇ ਭਾਵਨਾ ਦਾ ਵਰਣਨ ਹੈ। ਹੁਣ ਜੋ ਸੰਧੀਆਂ ਰਿਆਸਤਾਂ ਨਾਲ ਕੀਤੀਆਂ ਜਾਂਦੀਆਂ ਸਨ ਉਨਾਂ ਵਿੱਚ ਆਪਸੀ ਮੈਤਰੀ ਸੰਬੰਧਾਂ ਦੇ ਸਥਾਨ ਤੇ ਕੰਪਨੀ ਦੇ ਨਾਲ ਅਧੀਨਸਥ ਸਹਿਯੋਗ ਅਤੇ ਕੰਪਨੀ ਦੀ ਸਰਵ-ਸ਼ਰੇਸ਼ਠਤਾ ਨੂੰ ਸਵੀਕਾਰ ਕਰਨ ਦੀ ਗੱਲ ਸੀ ਅਰਥਾਤ ਹੁਣ ਰਿਆਸਤਾਂ ਨੇ ਆਪਣੀ ਸਾਰੀ ਬਾਹਰੀ ਪ੍ਰਭੁਸੱਤਾ ਕੰਪਨੀ ਦੇ ਅਧੀਨ ਕਰ ਦਿਤੀ ਸੀ ਜਦੋਂ ਕਿ ਅੰਦਰੂਨੀ ਮਾਮਲਿਆਂ ਵਿੱਚ ਉਹ ਪੂਰੀ ਤਰਾਂ ਆਜ਼ਾਦ ਸਨ।

## 2.1 ਬ੍ਰਿਟਿਸ਼ ਰਾਜ ਦਾ ਸੁਦ੍ਰਿੜੀਕਰਣ (1818–1843) (Consolidation of British Raj (1818-1843))

ਲਾਰਡ ਹੇਸਟਿੰਗਜ਼ ਤੋਂ ਬਾਅਦ ਕੰਪਨੀ ਦਾ ਰਿਆਸਤਾਂ ਦੇ ਅੰਦਰੂਨੀ ਪ੍ਰਸ਼ਾਸਨ ਵਿੱਚ ਪ੍ਰਭਾਵ ਵਧਣਾ ਸ਼ੁਰੂ ਹੋ ਗਿਆ। ਸ਼ੁਰੂ ਵਿੱਚ ਬ੍ਰਿਟਿਸ਼ ਰੈਜ਼ੀਡੈਂਟ ਕੰਪਨੀ ਅਤੇ ਰਿਆਸਤਾਂ ਵਿੱਚ ਸੰਪਰਕ ਦਾ ਸਾਧਨ ਸੀ ਪ੍ਰੰਤੂ ਹੋਲ਼ੀ ਹੋਲ਼ੀ ਉਸਦਾ ਪ੍ਰਭਾਵ ਅੰਦਰੂਨੀ ਪ੍ਰਸ਼ਾਸਨ ਵਿੱਚ ਵੀ ਵਧਣ ਲੱਗਾ। ਜਿਵੇਂ ਜਿਵੇਂ ਕੰਪਨੀ ਦੀ ਸਰਵਸ਼ਰੇਸ਼ਠਤਾ ਵਧਦੀ ਗਈ ਉਸਦੇ ਏਜੰਟਾਂ ਦੀ ਤਾਕਤ ਵੀ ਵਧਦੀ ਗਈ

ਨੋਟ

ਅਤੇ ਓਹ ਇੱਕ ਵਿਦੇਸ਼ੀ ਸ਼ਕਤੀ ਦੇ ਦੂਤ ਦੀ ਥਾਂ ਇੱਕ ਅਧਿਕ ਤਾਕਤਵਰ ਸਰਕਾਰ ਦੇ ਨਿਯੰਤਰਣ ਅਧਿਕਾਰੀ ਦੇ ਰੂਪ ਵਿੱਚ ਕੰਮ ਕਰਨ ਲੱਗੇ। ਲਾਰਡ ਹੇਸਟਿੰਗਜ਼ ਨੇ ਵੀ ਇਸੇ ਤੱਥ ਦਾ ਵਰਣਨ ਆਪਣੀ ਡਾਇਰੀ ਵਿੱਚ ਕੀਤਾ ਹੈ ਅਤੇ ਕਿਹਾ ਹੈ– "ਆਮ ਤੌਰ ਤੇ ਇਹ ਰੈਜ਼ੀਡੈਂਟ ਇੱਕ ਤਾਨਾਸ਼ਾਹ ਦਾ ਰੂਪ ਧਾਰਣ ਕਰ ਲੈਂਦੇ ਹਨ, ਨਿਜੀ ਮਾਮਲਿਆਂ ਵਿੱਚ ਹਸਤਖੇਪ ਕਰਦੇ ਹਨ, ਰਾਜ ਦੇ ਵਿਰੁੱਧ ਵਿਦਰੋਹੀ ਪ੍ਰਜਾ ਨੂੰ ਸਮਰਥਨ ਦਿੰਦੇ ਹਨ ਅਤੇ ਤਾਕਤ ਦੇ ਪ੍ਰਯੋਗ ਦਾ ਭੌਂਡਾ ਦਿਖਾਵਾ ਕਰਦੇ ਹਨ।" ਰਾਜਾ ਚੰਦੂਲਾਲ ਹੈਦਰਾਬਾਦ ਦੇ ਪ੍ਰਸ਼ਾਸਨ ਵਿੱਚ ਰੈਜ਼ੀਡੈਂਟ ਕਰਨਲ ਤੋਂ ਆਗਿਆ ਪ੍ਰਾਪਤ ਕਰਿਆ ਕਰਦੇ ਸਨ। ਇਸੇ ਤਰਾਂ ਕਰਨਲ ਵਾਕਰ ਇੱਕ ਪ੍ਰਸ਼ਾਸਕ–ਰੈਜ਼ੀਡੈਂਟ ਦੇ ਰੂਪ ਵਿੱਚ ਕੰਮ ਕਰਦੇ ਸਨ ਜਦੋਂ ਓਹ ਗਾਇਕਵਾੜ ਨੂੰ ਆਪਣੇ ਸਾਮੰਤ ਸਰਦਾਰਾ ਤੋਂ ਕਰ ਸੰਗ੍ਰਹਿ ਕਰਣ ਵਿੱਚ ਸਹਾਇਤਾ ਦਿੰਦੇ ਸਨ। ਇੱਕ ਪੱਤਰਕਾਰ ਹੈਨਰੀ ਮੀਡ ਨੇ 1857 ਤੋਂ ਪਹਿਲਾਂ ਲਿਖਿਆ ਸੀ, "ਜ਼ਿਆਦਾਤਰ ਸਾਰੇ ਪ੍ਰਸ਼ਾਸਨ ਦਾ ਕੰਮ ਰੈਜ਼ੀਡੈਂਟ ਸਾਹਿਬ ਤੇ ਹੀ ਹੈ ਜੇਕਰ ਬਾਹਰੀ ਰੂਪ ਤੋਂ ਨਹੀਂ ਤਾਂ ਵਾਸਤਵਿਕ ਰੂਪ ਵਿੱਚ। ਕਈ ਵਾਰ ਤਾਂ ਵਿਚਾਰਾ ਰਾਜਾ ਏਨੀ ਆਜ਼ਾਦੀ ਤੋਂ ਵੀ ਵੰਚਿਤ ਹੋ ਜਾਂਦਾ ਸੀ ਜਿੰਨੀ ਕਿ ਸਧਾਰਣ ਪ੍ਰਜਾ ਨੂੰ ਹੁੰਦੀ ਸੀ। ਮੈਸੂਰ ਦੇ ਰਾਜਾ ਨੂੰ ਅਭਿਜਨਕ ਘੋੜੇ ਅਤੇ ਘੁੜਦੌੜ ਦੇ ਘੋੜੇ ਰੱਖਣ ਤੇ ਵੱਡੀ ਵੱਡੀ ਥੈਲੀਆਂ ਭੇਂਟ ਕਰਨੀਆਂ ਪਈਆਂ ਕਿਓਂਕਿ ਰੈਜ਼ੀਡੈਂਟ ਨੂੰ ਘੁੜਦੋੜ ਨਾਲ ਪ੍ਰੇਮ ਸੀ।"

**ਕੀ ਤੁਸੀਂ ਜਾਣਦੇ ਹੋ** ਟ੍ਰਾਵਨਕੌਰ ਦਾ ਰੈਜ਼ੀਡੈਂਟ ਇੱਕ ਵਿਦਵਾਨ ਵਿਅਕਤੀ ਸੀ ਅਤੇ ਉਸਨੂੰ ਖੁਸ਼ ਰੱਖਣ ਲਈ ਮਹਾਰਾਜਾ ਨੇ ਇੱਕ ਵੇਦਸ਼ਾਲਾ ਬਣਾਈ ਅਤੇ ਵਿਗਿਆਨਿਕ ਨੌਕਰ ਰੱਖੇ।

1833 ਦੇ ਚਾਰਟਰ ਐਕਟ ਦੇ ਅਨੁਸਾਰ ਕੰਪਨੀ ਦਾ ਸਰੂਪ ਹੀ ਬਦਲ ਗਿਆ। ਕੰਪਨੀ ਨੂੰ ਆਪਣਾ ਵਪਾਰ ਬੰਦ ਕਰਣ ਦੀ ਆਗਿਆ ਹੋਈ ਅਤੇ ਹੁਣ ਉਸਨੂੰ ਕੇਵਲ ਰਾਜਨੀਤਿਕ ਕੰਮ ਹੀ ਕਰਨਾ ਸੀ। ਰਿਆਸਤਾਂ ਦੇ ਪ੍ਰਤੀ ਨੀਤੀ ਵਿੱਚ ਇੱਕ ਮਹੱਤਵਪੂਰਣ ਪਰਿਵਰਤਨ ਇਹ ਕੀਤਾ ਗਿਆ ਕਿ ਓਹਨਾਂ ਨੂੰ ਹੁਣ ਉੱਤਰਾਧਿਕਾਰ ਦੇ ਪ੍ਰਸ਼ਨਾਂ ਤੇ ਕੰਪਨੀ ਦੀ ਪੂਰਵ ਆਗਿਆ ਪ੍ਰਾਪਤ ਕਰਨੀ ਹੋਵੇਗੀ। ਉਸ ਤੋਂ ਬਾਅਦ ਕੰਪਨੀ ਨੇ ਓਹਨਾਂ ਦੇ ਮੰਤਰੀਆਂ ਦੀ ਨਿਯੁਕਤੀ ਵਿੱਚ ਵੀ ਹਸਤਖੇਪ ਕਰਨਾ ਸ਼ੁਰੂ ਕਰ ਦਿੱਤਾ।

1834 ਵਿੱਚ ਕੰਪਨੀ ਦੇ ਡਾਇਰੈਕਟਰਾਂ ਨੇ ਇਹ ਨਿਸ਼ਚਾ ਕੀਤਾ ਕਿ ਜਿੱਥੇ ਕਿਤੇ ਵੀ ਅਤੇ ਜਦੋਂ ਵੀ ਸੰਭਵ ਹੋ ਸਕੇ ਰਿਆਸਤਾਂ ਦਾ ਵਿਲਯ ਹੋਣਾ ਚਾਹੀਦਾ ਹੈ। ਡਾਇਰੈਕਟਰਾਂ ਨੇ ਇਸੇ ਨੀਤੀ ਦਾ 1841 ਵਿੱਚ ਦੁਬਾਰਾ ਉਲੇਖ ਕੀਤਾ ਅਤੇ ਗਵਰਨਰ ਜਨਰਲਾਂ ਨੂੰ ਆਗਿਆ ਹੋਈ ਕਿ ਕੰਪਨੀ ਨੂੰ ਆਪਣੇ ਰਾਜ ਦੇ ਖੇਤਰਾਂ ਦੇ ਮਾਣਪੂਰਵਕ ਵਿਸਤਾਰ ਦਾ ਕੋਈ ਮੌਕਾ ਨਹੀਂ ਖੋਣਾ ਚਾਹੀਦਾ ਅਤੇ ਵਿਸਤਾਰਵਾਦੀ ਗਵਰਨਰ ਜਲਰਲਾਂ ਨੇ ਕੁਪ੍ਰਸ਼ਾਸਨ ਅਤੇ ਵਾਸਤਵਿਕ ਉੱਤਰਾਧਿਕਾਰੀ ਨਾ ਹੋਣ ਤੇ ਨਵੇਂ ਖੇਤਰ ਪ੍ਰਾਪਤ ਕਰ ਲਏ। ਓਹਨਾਂ ਨੇ ਦੱਤਕ ਪੁੱਤਰ ਲੈਣ ਦੀ ਆਗਿਆ ਦੇਣ ਲਈ ਅਧਿਕਾਰ ਦਾ ਪ੍ਰਯੋਗ ਕੀਤਾ ਅਤੇ ਇਹ ਰਾਜ ਕੰਪਨੀ ਵਿੱਚ ਖਪਤ ਹੋ ਗਏ। ਕਿਹਾ ਗਿਆ ਕਿ ਜੋ ਪ੍ਰਾਧਿਕਰਣ ਦੇਣ ਦੀ ਸ਼ਕਤੀ ਰੱਖਦਾ ਹੈ ਓਹ ਲੈਣ ਦੀ ਵੀ ਸ਼ਕਤੀ ਰੱਖਦਾ ਹੈ। ਕੁਪ੍ਰਬੰਧ ਦੇ ਲਈ ਕੰਪਨੀ ਹੀ ਅਸਲ ਵਿੱਚ ਉੱਤਰਦਾਈ ਸੀ। ਸਹਾਇਕ ਸੰਧੀ ਪ੍ਰਣਾਲੀ ਹੀ ਭਾਰਤੀ ਰਿਆਸਤਾਂ ਲਈ ਅਸਲ ਵਿੱਚ ਹਾਨੀਕਾਰਕ ਸਿੱਧ ਹੋਈ। ਜਿਵੇਂ ਕਿ ਮਨਰੋ ਨੇ ਕਿਹਾ ਹੈ ਕਿ "ਜਿੱਥੇ ਜਿੱਥੇ ਸਹਾਇਕ ਸੰਧੀ ਪ੍ਰਣਾਲੀ ਲਾਗੂ ਕੀਤੀ ਗਈ ਹੈ ਓੱਥੇ ਜਲਦੀ ਹੀ ਇਸ ਦਾ ਨਤੀਜਾ ਉਜੜੇ ਹੋਏ ਪਿੰਡ ਅਤੇ ਘਟੀ ਹੋਈ ਜਨਸੰਖਿਆ ਦੇ ਰੂਪ ਵਿੱਚ ਦੇਖਣ ਨੂੰ ਮਿਲੇਗਾ।" 1848 ਵਿੱਚ ਸਰ ਹੈਨਰੀ ਲਾਰੇਂਸ ਨੇ ਕਿਹਾ ਸੀ, "ਜੇਕਰ ਕੋਈ ਕੁਸ਼ਾਸਨ ਲਿਆਓਣ ਦੀ ਯੌਜਨਾ ਸੀ ਤਾਂ ਓਹ ਇਹ ਸੀ ਕਿ ਮਹਾਰਾਜਾ ਅਤੇ ਉਸ ਦੇ ਮੰਤਰੀ ਵਿਦੇਸ਼ੀ ਤਲਵਾਰਾਂ ਤੇ ਨਿਰਭਰ ਰਹਿਣ ਅਤੇ ਰੈਜ਼ੀਡੈਂਟ ਦੁਆਰਾ ਨਿਰਦੇਸ਼ਨ ਪ੍ਰਾਪਤ ਕਰਣ। ਜੇਕਰ ਤਿੰਨੋਂ ਚੰਗੇ ਵੀ ਹੋਣ ਤਾਂ ਵੀ ਪ੍ਰਸ਼ਾਸਨ ਮੁਸ਼ਕਿਲ ਨਾਲ ਹੀ ਵਿਵਸਥਾ ਪੂਰਵਕ ਕੰਮ ਕਰ ਸਕਦਾ ਸੀ। ਤਿੰਨੋਂ ਹੀ ਅਣਗਿਣਤ ਹਾਨੀ ਪਹੁੰਚਾ ਸਕਦੇ ਹਨ ਪ੍ਰੰਤੂ ਜੇਕਰ ਬਾਕੀ ਨਾ ਚਾਹੁਣ ਤਾਂ ਕੋਈ ਵੀ ਇੱਕ ਚੰਗਾ ਕੰਮ ਨਹੀਂ ਕਰ ਸਕਦਾ ਸੀ।" 1853 ਵਿੱਚ ਕਾਰਲ ਮਾਰਕਸ ਨੇ ਕਿਹਾ ਸੀ, "ਸਥਾਨੀ ਰਾਜਾਂ ਦੇ ਵਿਸ਼ੇ ਵਿੱਚ ਤਾਂ ਇਹ ਹੋਇਆ ਕਿ ਜਿਸ ਦਿਨ ਤੋਂ ਓਹ ਕੰਪਨੀ ਦੁਆਰਾ ਰੱਖਿਅਤ ਹੋਏ ਜਾਂ ਉਸਦੇ ਸਹਾਹਿਕ ਬਣ ਗਏ ਓਸੇ ਦਿਨ ਤੋਂ ਓਹਨਾਂ ਦਾ ਅਸਤਿਤਵ ਖਤਮ ਹੋ ਗਿਆ। ਜੇਕਰ ਤੁਸੀਂ ਕਿਸੇ ਦੇਸ਼ ਦੇ ਪ੍ਰਸ਼ਾਸਨ ਨੂੰ ਦੋ ਸਰਕਾਰਾਂ ਵਿੱਚ ਵੰਡ ਦਿਓ ਤਾਂ ਨਿਸ਼ਚਿਤ ਹੀ ਤੁਸੀਂ ਇੱਕ ਦੇ ਸਾਧਨਾਂ ਅਤੇ ਦੋਹਾਂ ਦੇ ਪ੍ਰਸ਼ਾਸਨ ਨੂੰ ਪੰਗੂ ਕਰ ਦਿਓਗੇ ਅਤੇ ਜਿਨਾਂ ਪਰਿਸਥਿਤੀਆਂ ਵਿੱਚ ਤੁਸੀਂ ਓਹਨਾਂ ਦੀ ਬਾਹਰੀ ਸਵੈਯੱਤਾ ਨੂੰ ਬਣਾਏ ਰੱਖੋਗੇ ਓਹ ਨਿਸ਼ਚੇ ਹੀ ਉਸਦੇ ਸਥਾਈ ਰੂਪ ਵਿੱਚ ਕੋਹੜੀ ਹੋਣ ਵਿੱਚ ਸਹਾਇਕ ਹੋਣਗੀਆਂ ਅਤੇ ਓਹ ਕਦੇ ਵੀ ਆਪਣੇ ਆਪ ਨੂੰ ਸੁਧਾਰ ਨਹੀਂ ਸਕਦੀ।" ਬ੍ਰੈਟਿੰਕ ਨੇ 1831 ਵਿੱਚ ਮੈਸੂਰ, 1832 ਵਿੱਚ ਕਚਾਰ, 1834 ਵਿੱਚ ਕੁਰਗ ਅਤੇ 1835 ਵਿੱਚ ਜੈਂਤੀਆ ਰਿਆਸਤਾਂ, ਆਕਲੈਂਡ ਨੇ 1839 ਵਿੱਚ ਕਰਨੂਲ ਅਤੇ ਮਾਂਡਵੀ, 1840 ਵਿੱਚ ਕੋਲਾਬਾ ਅਤੇ ਜਾਲੌਨ, ਅਤੇ ਡਲਹੌਜ਼ੀ ਨੇ ਲਗਭਗ ਅੱਧੀ ਦਰਜਨ ਰਿਆਸਤਾਂ ਜਿਨਾਂ ਵਿੱਚ ਅਵਧ, ਸਤਾਰਾ ਅਤੇ ਨਾਗਪੁਰ ਜਿਹੀਆਂ ਵੱਡੀਆਂ ਵੱਡੀਆਂ ਰਿਆਸਤਾਂ ਵੀ ਸ਼ਾਮਿਲ ਸਨ, ਅੰਗਰੇਜੀ ਸਾਮਰਾਜ ਵਿਚ ਵਿਲਯ ਕਰ ਲਈਆਂ।

1818 ਵਿੱਚ ਕੰਪਨੀ ਦੀ ਨਿਰਵਿਵਾਦ ਰੂਪ ਨਾਲ ਸਰਵਸ਼੍ਰੇਸ਼ਠਤਾ ਸਥਾਪਿਤ ਹੋ ਜਾਣ ਤੇ ਵੀ ਕੰਪਨੀ ਦੀ ਰਿਆਸਤਾਂ ਦੇ ਪ੍ਰਤੀ ਨੀਤੀ, ਪੂਰੀ ਤਰਾਂ "ਅਵਿਵਸਥਿਤ, ਅਸਪਸ਼ਟ ਅਤੇ ਪਰਸਪਰ ਵਿਰੋਧੀ" ਹੀ ਸੀ। ਜਿਵੇਂ ਕਿ ਕੇ. ਐਮ. ਪੰਨੀਕਰ ਨੇ ਲਿਖਿਆ ਹੈ, "ਕੰਪਨੀ ਦੇ ਅਧਿਕਾਰੀ ਇਸ ਵਿਸ਼ੇ ਵਿੱਚ ਸ਼ਾਸਕਾਂ ਨੂੰ ਜ਼ਿਮੀਂਦਾਰ, ਸਾਮੰਤ, ਕਰ ਦੇਣ ਵਾਲੇ ਸਹਾਇਕ ਜਾਂ ਸੁਤੰਤਰ ਸ਼ਾਸਕ ਦੇ ਰੂਪ ਵਿੱਚ ਸਵੀਕਾਰ ਕਰਦੇ ਸਨ ਅਤੇ ਇਸ ਵਿਸ਼ੇ ਵਿੱਚ ਹਰ ਗਵਰਨਰ–ਜਨਰਲ ਅਤੇ ਰੈਜ਼ੀਡੈਂਟ ਭਿੰਨ ਭਿੰਨ ਵਿਚਾਰ ਰੱਖਦਾ ਸੀ।" ਕਦੇ ਪੂਰਵ–ਉਦਾਹਰਣ

ਦਾ ਅਨੁਸਰਣ ਕਰਦੇ ਸਨ, ਕਦੇ ਨਵੇਂ ਪੂਰਵ-ਉਦਾਹਰਣ ਬਣਾ ਦਿੰਦੇ ਸਨ। ਇੱਕ ਪਾਸੇ ਕਈ ਰਿਆਸਤਾਂ ਵਿਲਅ ਕਰ ਲਈਆਂ ਗਈਆਂ ਤਾਂ ਦੂਜੇ ਪਾਸੇ ਖੈਰਪੁਰ ਨੂੰ 1832 ਵਿੱਚ, ਬਹਾਵਲਪੁਰ ਨੂੰ 1833 ਵਿੱਚ ਅਤੇ ਕਸ਼ਮੀਰ ਨੂੰ 1846 ਵਿੱਚ ਇਹ ਵਿਸ਼ਵਾਸ ਦਿਲਾਇਆ ਗਿਆ ਕਿ ਚਹਨਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਹਸਤਖੇਪ ਨਹੀਂ ਕੀਤਾ ਜਾਵੇਗਾ। ਜਿਵੇਂ ਪ੍ਰੋਫੈਸਰ ਡਾਡਵੈਲ ਇਸ ਸਥਿਤੀ ਦੇ ਵਿਸ਼ੇ ਵਿੱਚ ਲਿਖਦੇ ਹਨ, "ਕੰਪਨੀ ਨੂੰ ਸੰਧੀ ਦੀ ਸ਼ਰਤਾਂ ਤੋਂ ਪ੍ਰਾਪਤ ਅਧਿਕਾਰਾਂ ਤੋਂ ਇਲਾਵਾ , ਇੱਕ ਪਾਸੇ ਜ਼ਿਆਦਾ ਤਾਕਤਵਰ ਅਤੇ ਦੂਜੇ ਪਾਸੇ ਅਦਮਣੇ ਢੰਗ ਨਾਲ ਚੁੱਪਚਾਪ ਸਵੀਕ੍ਰਿਤੀ ਦੇਣ ਵਾਲੀਆਂ ਵਿਨੀਤ ਸ਼ਕਤੀਆਂ ਉੱਭਰ ਰਹੀਆਂ ਸਨ ਅਤੇ ਉੱਤਰਾਧਿਕਾਰ ਅਤੇ ਅੰਦਰੂਨੀ ਪ੍ਰਸ਼ਾਸਨ ਦੇ ਮਾਮਲਿਆਂ ਵਿੱਚ ਹਸਤਖੇਪ ਕਰਣ ਦੇ ਅਨੇਕ ਪੂਰਵ ਉਦਾਹਰਣ ਆਰੰਭ ਕਰ ਦਿੱਤੇ। ਇਨਾਂ ਸਭ ਦਾ ਮਿਸ਼ਰਣ ਹੀ ਕੰਪਨੀ ਦੀ ਸਰਵਸ਼ਰੇਸ਼ਠਤਾ ਸੀ; ਓਹ ਸਰਵਸ਼ਰੇਸ਼ਠਤਾ ਜੋ ਕਿ ਅਨਿਸ਼ਚਿਤ ਅਤੇ ਅਪਰਿਭਾਸ਼ਿਕ ਸੀ ਅਤੇ ਜਿਸਦਾ ਰਾਜਨੀਤਿਕ ਪਰਿਸਥਿਤੀਆਂ ਦੇ ਸ਼ਕਤੀਸ਼ਾਲੀ ਦਬਾਵ ਦੇ ਕਾਰਣ ਸਦੈਵ ਪ੍ਰਸਾਰ ਹੁੰਦਾ ਰਹਿੰਦਾ ਸੀ। "

## 2.2 ਕੇਂਦਰੀ ਸੰਰਚਨਾ ਦਾ ਵਿਕਾਸ (1773-1863) (Development of the Central Structure (1773-1863))

ਰੈਗੂਲੇਟਿੰਗ ਐਕਟ ਦੇ ਤਹਤ ਵਾਰੇਨ ਹੇਸਟਿੰਗਜ਼ ਨੂੰ ਬੰਗਾਲ ਦਾ ਪਹਿਲਾ ਗਵਰਨਰ ਜਨਰਲ ਬਣਾਇਆ ਗਿਆ। ਇਸ ਨੂੰ ਭਾਰਤ ਦਾ ਪਹਿਲਾ ਗਵਰਨਰ ਜਨਰਲ ਵੀ ਕਿਹਾ ਜਾਂਦਾ ਹੈ।

**ਰਾਜਸਵ ਬੋਰਡ-** 1772 ਈ. ਵਿੱਚ ਵਾਰੇਨ ਹੇਸਟਿੰਗਜ਼ ਨੇ ਰਾਜਸਵ ਬੋਰਡ ਦਾ ਗਠਨ ਕੀਤਾ ਅਤੇ ਖ਼ਜ਼ਾਨਾ ਮੁਰਸ਼ਿਦਾਬਾਦ ਤੋਂ ਕਲਕੱਤਾ ਲਿਆਂਦਾ ਗਿਆ।

**ਭੂਮੀ ਸੁਧਾਰ-** ਵਾਰੇਨ ਹੇਸਟਿੰਗਜ਼ ਨੇ 1772 ਈ. ਵਿੱਚ ਪੰਜ ਸਾਲਾ ਅਤੇ 1777 ਵਿੱਚ ਇੱਕ ਸਾਲਾ ਭੂ- ਰਾਜਸਵ ਬੰਦੋਬਸਤ ਲਾਗੂ ਕੀਤਾ।

**ਨਿਆਇਕ ਸੁਧਾਰ-** 1773 ਈ. ਦੇ ਰੈਗੂਲੇਟਿੰਗ ਐਕਟ ਦੇ ਤਹਤ 1774 ਈ. ਵਿੱਚ ਕਲਕੱਤਾ ਵਿੱਚ ਇੱਕ ਸੁਪਰੀਮ ਕੋਰਟ ਦੀ ਸਥਾਪਨਾ ਕੀਤੀ ਗਈ। ਇਸ ਦਾ ਮੁੱਖ ਨਿਆਅਧੀਸ਼ ਇੰਪੇ ਸੀ। ਇਸ ਦੇ ਤਿੰਨ ਹੋਰ ਨਿਅਅਧੀਸ਼ ਚੈਂਬਰਜ਼, ਲਿਮੈਸਟਰ ਅਤੇ ਹਾਈਟ ਸਨ। ਇਸ ਤਰਾਂ ਭਾਰਤ ਵਿੱਚ ਨਿਆਇਕ ਸੇਵਾ ਦਾ ਜਨਮਦਾਤਾ ਵਾਰੇਨ ਹੇਸਟਿੰਗਜ਼ ਸੀ।

**ਏਸ਼ੀਆਟਿਕ ਸੁਸਾਇਟੀ ਓਫ ਬੰਗਾਲ-** 1784 ਈ. ਵਿੱਚ ਵਿਲੀਅਮ ਜੋਸ ਨੇ ਕਲਕੱਤਾ ਵਿੱਚ ਇਸ ਦੀ ਸਥਾਪਨਾ ਕੀਤੀ। ਇਸ ਦੁਆਰਾ ਅਨੁਵਾਦਿਤ ਪਹਿਲੀ ਪੁਸਤਕ ਭਗਵਦਗੀਤਾ ਅਤੇ ਦੂਜੀ ਹਿਤੋਪਦੇਸ਼ ਸੀ।

ਟਾਸਕ ਭਾਰਤ ਵਿੱਚ ਨਿਆਇਕ ਸੇਵਾ ਦਾ ਜਨਮਦਾਤਾ ਕਿਸ ਨੂੰ ਕਿਹਾ ਜਾਂਦਾ ਹੈ?

**ਦਾਸ ਵਪਾਰ ਤੇ ਰੋਕ-** ਕਾਰਨਵਾਲਿਸ ਨੇ 1789 ਈ. ਵਿੱਚ ਦਾਸਾਂ ਦੇ ਵਪਾਰ ਤੇ ਰੋਕ ਲਗਾ ਦਿੱਤੀ।

**ਸਿਵਿਲ ਸੇਵਾ-** ਕਾਰਨਵਾਲਿਸ ਭਾਰਤ ਵਿੱਚ ਸਿਵਿਲ ਸੇਵਾ ਦਾ ਜਨਮਦਾਤਾ ਸੀ। ਇਸ ਸੇਵਾ ਵਿੱਚ 1953 ਈ. ਤੋਂ ਪ੍ਰਤੀਯੋਗਤਾਤਮਕ ਪ੍ਰੀਖਿਆ ਹੋਣ ਲੱਗੀ। ਇਹ ਸ਼ੁਰੂ ਵਿੱਚ ਇੰਗਲੈਂਡ ਵਿੱਚ ਹੁੰਦੀ ਸੀ। ਪ੍ਰੰਤੂ 1923 ਈ. ਤੋਂ ਇਹ ਭਾਰਤ ਵਿੱਚ ਹੋਣ ਲੱਗੀ। 1863 ਈ. ਵਿੱਚ ਪਹਿਲੇ ਭਾਰਤੀ ਆਈ. ਸੀ. ਐਸ. ਸਤੇਂਦ੍ਰ ਨਾਥ ਟੈਗੋਰ ਸਨ। ਸੁਰੇਂਦ੍ਰ ਨਾਥ ਬੈਨਰਜੀ ਜਦੋਂ ਅਸਮ ਦੇ ਕਲਕਟਰ ਸਨ,ਉਦੋਂ ਓਹਨਾਂ ਨੂੰ ਨਿਲਬਿਤ ਕਰ ਦਿੱਤਾ ਗਿਆ। ਅਰਵਿੰਦ ਘੋਸ਼ ਘੁੜਸਵਾਰੀ ਦੀ ਪ੍ਰੀਖਿਆ ਪਾਸ ਨਹੀਂ ਕਰ ਸਕੇ ਸਨ ਜਦੋਂ ਕਿ ਸੁਭਾਸ਼ ਚੰਦਰ ਬੋਸ ਨੇ ਪ੍ਰੀਖਿਆ ਪਾਸ ਕਰਣ ਦੇ ਬਾਵਜੂਦ ਤਿਆਗਪੱਤਰ ਦੇ ਦਿੱਤਾ ਸੀ। ਸ਼ੁਰੂ ਵਿੱਚ ਇਸ ਪ੍ਰੀਖਿਆ ਦੀ ਅਧਿਕਤਮ ਉਮਰ 23 ਸਾਲ ਸੀ, ਜਿਸ ਨੂੰ ਲਿਟਨ ਨੇ ਘਟਾ ਕੇ 19 ਸਾਲ ਕਰ ਦਿੱਤਾ ਸੀ।

**ਪੁਲਿਸ ਸੇਵਾ-** ਭਾਰਤ ਵਿੱਚ ਪੁਲਿਸ ਸੇਵਾ ਜਨਮਦਾਤਾ ਵੀ ਕਾਰਨਵਾਲਿਸ ਨੂੰ ਕਿਹਾ ਜਾਂਦਾ ਹੈ।

**ਸਥਾਈ ਬੰਦੋਬਸਤ**-ਕਾਰਨਵਾਲਿਸ ਨੇ 1793 ਈ. ਵਿੱਚ ਬੰਗਾਲ ਵਿੱਚ ਸਥਾਈ ਬੰਦੋਬਸਤ ਵਿਵਸਥਾ ਲਾਗੂ ਕੀਤੀ। ਇਸ ਨਾਲ ਜ਼ਿਮੀਂਦਾਰਾਂ ਨੂੰ ਭੂਮੀ ਦਾ ਸਵਾਮੀ ਮੰਨ ਲਿਆ ਗਿਆ।ਆਰ. ਸੀ. ਦੱਤ ਨੇ ਸਥਾਈ ਬੰਦੋਬਸਤ ਦਾ ਸਮਰਥਨ ਕੀਤਾ ਸੀ।

**ਸਹਾਇਕ ਸੰਧੀ-** ਇਸ ਸੰਧੀ ਨੂੰ ਸਵੀਕਾਰ ਕਰਣ ਵਾਲੇ ਰਾਜਾਂ ਦੇ ਵਿਦੇਸ਼ੀ ਸੰਬੰਧ ਅੰਗਰੇਜਾਂ ਦੇ ਅਧੀਨ ਹੋ ਜਾਂਦੇ ਸਨ। ਪ੍ਰੰਤੂ ਓਹਨਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਹਸਤਖੇਪ ਨਹੀਂ ਕੀਤਾ ਜਾਂਦਾ ਸੀ। ਸਹਾਇਕ ਸੰਧੀ ਨੂੰ ਸਵੀਕਾਰ ਕਰਣ ਵਾਲੇ ਰਾਜਾਂ ਦਾ ਕ੍ਰਮ ਨਿਮਨਲਿਖਿਤ ਹੈ: ਹੈਦਰਾਬਾਦ (1798 ਈ.), ਤੰਜੌਰ (1799 ਈ.), (1798 ਈ.), ਅਵਧ (1801 ਈ.), ਪੇਸ਼ਵਾ (1802 ਈ.), ਭੌਂਸਲੇ (1803 ਈ.), ਸਿੰਧੀਆ (1804 ਈ.), ਜੋਧਪੁਰ, ਜੈਪੁਰ, ਮਛੇੜੀ, ਬੂੰਦੀ ਅਤੇ ਭਰਤਪੁਰ।

ਨੋਟ

**ਫੋਰਟ ਵਿਲੀਅਮ ਕਾਲੇਜ–** ਵੈਲਜਲੀ ਨੇ ਲਾਗਰਿਕ ਸੇਵਾ ਵਿੱਚ (ਆਈ. ਏ. ਐਸ.) ਭਰਤੀ ਕੀਤੇ ਗਏ ਯੁਵਕਾਂ ਦੇ ਪਰੀਖਣ ਲਈ 1800 ਈ. ਵਿੱਚ ਕਲਕੱਤਾ ਵਿੱਚ ਫੋਰਟ ਵਿਲੀਅਮ ਕਾਲੇਜ ਦੀ ਸਥਾਪਨਾ ਕੀਤੀ।

ਨੋਟਸ ਭਾਰਤ ਵਿੱਚ ਅੰਗਰੇਜੀ ਸੱਤਾ ਦੀ ਸ਼ਰੇਸ਼ਠਤਾ ਸਥਾਪਿਤ ਕਰਣ ਅਤੇ ਫ਼੍ਰਾਂਸੀਸੀਆਂ ਦੇ ਡਰ ਨੂੰ ਖਤਮ ਕਰਣ ਦੇ ਉਦੇਸ਼ ਨਾਲ ਵੈਲਜਲੀ ਨੇ ਸਹਾਇਕ ਸੰਧੀ ਪ੍ਰਣਾਲੀ ਨੂੰ ਪ੍ਰਚੱਲਿਤ ਕੀਤਾ।

ਭਾਰਤ ਵਿੱਚ ਬ੍ਰਿਟਿਸ਼ ਪ੍ਰਭੁਸੱਤਾ ਲਾਰਡ ਹੇਸਟਿੰਗਜ਼ ਦੇ ਸਮੇਂ ਸਥਾਪਿਤ ਹੋਈ।

ਇਸ ਕਾਲ ਦੀਆਂ ਹੋਰ ਪ੍ਰਮੁਖ ਘਟਨਾਵਾਂ ਹੇਠ ਲਿਖੀਆਂ ਹਨ–

**ਆਂਗਲ-ਨੇਪਾਲ ਯੁੱਧ (1814-16) ਈ.–** ਇਸ ਯੁੱਧ ਦੀ ਸਮਾਪਤੀ 1816 ਈ. ਦੀ ਸੰਘੌਲੀ ਦੀ ਸੰਧੀ ਨਾਲ ਹੋਈ। ਇਸ ਸੰਧੀ ਦੇ ਅਨੁਸਾਰ ਗੜਵਾਲ, ਕੁਮਾਂਯੂ, ਸ਼ਿਮਲਾ, ਰਾਣੀਖੇਤ ਅਤੇ ਨੈਨੀਤਾਲ ਅੰਗਰੇਜਾਂ ਦੇ ਅਧਿਕਾਰਾਂ ਵਿੱਚ ਆ ਗਏ ਅਤੇ ਗੋਰਖਿਆਂ ਨੇ ਕਾਠਮੰਡੂ ਵਿੱਚ ਬ੍ਰਿਟਿਸ਼ ਰੈਜ਼ੀਡੈਂਟ ਰੱਖਣਾ ਸਵੀਕਾਰ ਕਰ ਲਿਆ।

**ਪਿੰਡਾਰੀਆਂ ਦਾ ਦਮਨ–**'ਪਿੰਡਾਰੀ' ਮਰਾਠੀ ਭਾਸ਼ਾ ਦਾ ਸ਼ਬਦ ਹੈ। ਇਹ ਲੁਟੇਰਿਆਂ ਦਾ ਇੱਕ ਦਲ ਸੀ ਜਿਸ ਵਿੱਚ ਹਿੰਦੂ ਅਤੇ ਮੁਸਲਿਮ ਦੋਵੇਂ ਸ਼ਾਮਿਲ ਸਨ।ਇਨਾਂ ਨੂੰ ਮਰਾਠਿਆਂ ਦਾ ਸਮਰਥਨ ਵੀ ਪ੍ਰਾਪਤ ਸੀ। ਮਰਾਠਾ ਸਰਦਾਰ ਮਲਹਾਰ ਰਾਓ ਹੋਲਕਰ ਨੇ ਇਹਨਾਂ ਨੂੰ ਸੁਨਹਰਾ ਝੰਡਾ ਪ੍ਰਦਾਨ ਕੀਤਾ ਸੀ। ਮੈਲਕਮ ਨੇ ਇਨਾਂ ਨੂੰ "ਮਰਾਠਾ ਸ਼ਿਕਾਰੀਆਂ ਦੇ ਨਾਲ ਸ਼ਿਕਾਰੀ ਕੁੱਤਾ" ਦਾ ਨਾਂ ਦਿੱਤਾ ਸੀ।

ਪਿੰਡਾਰੀਆਂ ਦੇ ਦਮਨ ਲਈ ਉੱਤਰੀ ਸੈਨਾ ਦੀ ਕਮਾਨ ਹੇਸਟਿੰਗਜ਼ ਨੇ ਆਪ ਲਈ, ਜਦੋਂ ਕਿ ਦੱਖਣੀ ਸੈਨਾ ਦੀ ਕਮਾਨ ਟਾਮਜ਼ ਹਿਸਲੋਪ ਨੂੰ ਦਿੱਤੀ ਗਈ। ਮੈਲਕੋਮ ਹਿਸਲੋਪ ਦਾ ਸਹਾਇਕ ਸੀ।ਇਸ ਸਮੇਂ 4 ਪਿੰਡਾਰੀ ਸਰਦਾਰ ਅਤਿਅੰਤ ਪ੍ਰਮੁਖ ਸਨ- ਚੀਤੂ, ਵਾਸਿਲ ਮੁਹੰਮਦ, ਅਮੀਰ ਖਾਂ ਅਤੇ ਕਰੀਮ ਖਾਂ। ਚੀਤੂ ਨੂੰ ਅਸੀਰਗੜ ਦੇ ਜੰਗਲ ਵਿੱਚ ਚੀਤੇ ਨੇ ਖਾ ਲਿਆ।ਵਾਸਿਲ ਮੁਹੰਮਦ ਨੇ ਸਿੰਧੀਆ ਕੋਲ ਸ਼ਰਣ ਲਈ, ਇਸ ਨੂੰ ਸਿੰਧੀਆ ਨੇ ਅੰਗਰੇਜਾਂ ਨੂੰ ਸੌਂਪ ਦਿੱਤਾ।ਗਾਜ਼ੀਪੁਰ ਦੀ ਜੇਲ ਵਿੱਚ ਇਸ ਨੇ ਆਤਮਹੱਤਿਆ ਕਰ ਲਈ।ਕਰੀਮ ਖਾਂ ਨੇ ਮੈਲਕਮ ਦੇ ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਉਸ ਨੂੰ ਗੋਰਖਪੁਰ ਵਿੱਚ ਗੌਸ ਦੀ ਜਾਗੀਰ ਪ੍ਰਦਾਨ ਕੀਤੀ ਗਈ । ਅਮੀਰ ਖਾਂ ਨੂੰ ਭਰਤਪੁਰ ਵਿੱਚ ਟੌਂਕ ਦੀ ਜਾਗੀਰ ਦਿੱਤੀ ਗਈ।ਹੀਰੂ ਅਤੇ ਬੂਰਨ ਆਦਿ ਪਿੰਡਾਰੀ ਨੇਤਾ ਵੀ ਖਤਮ ਕਰ ਦਿੱਤੇ ਗਏ।1824 ਈ. ਤੱਕ ਪਿੰਡਾਰੀਆਂ ਦਾ ਸਫਾਇਆ ਹੋ ਗਿਆ।

**(3) ਮਰਾਠਾ ਸੰਘ ਦਾ ਅੰਤ–** ਹੇਸਟਿੰਗਜ਼ ਨੇ ਮਰਾਠਿਆ ਨੂੰ ਤੀਜੇ ਯੁੱਧ ਵਿੱਚ ਹਰਾ ਕੇ ਮਰਾਠਾ ਸੰਘ ਨੂੰ ਪੰਗੂ ਕਰ ਦਿੱਤਾ। ਬਾਜ਼ੀਰਾਓ ਨੂੰ ਗੱਦੀ ਤੋਂ ਉਤਾਰ ਕੇ 18 ਲੱਖ ਰੁਪਏ ਸਾਲਾਨਾ ਪੈਂਸ਼ਨ ਦੇ ਕੇ ਕਾਨਪੁਰ ਦੇ ਕੋਲ ਵਿਠੂਰ ਵਿੱਚ ਬਿਠਾ ਦਿੱਤਾ ਗਿਆ।ਸਤਾਰਾ ਦੀ ਗੱਦੀ ਸ਼ਿਵਾਜੀ ਦੇ ਵੰਸ਼ਜ ਪ੍ਰਤਾਪ ਸਿੰਘ ਨੂੰ ਦੇ ਦਿੱਤੀ ਗਈ।

ਲਾਰਡ ਵਿਲੀਅਮ ਬ੍ਰੈਟਿੰਕ ਭਾਰਤ ਦਾ ਗਵਰਨਰ ਜਨਰਲ ਬਣਨ ਤੋਂ ਪਹਿਲਾਂ 1803 ਈ. ਵਿੱਚ ਮਦਰਾਸ ਦਾ ਗਵਰਨਰ ਨਿਯੁਕਤ ਕੀਤਾ ਗਿਆ ਸੀ। 1806 ਈ. ਵਿੱਚ ਉਸਨੇ ਸੈਨਿਕਾਂ ਨੂੰ ਮੱਥੇ ਤੇ ਜਾਤੀ ਚਿੰਨ ਅਤੇ ਕੰਨਾ ਵਿੱਚ ਵਾਲੀਆਂ ਪਾਓਣ ਤੋਂ ਮਨਾ ਕਰ ਦਿੱਤਾ ਜਿਸ ਨਾਲ ਵੈਲੌਰ ਵਿੱਚ ਪਹਿਲਾ ਧਾਰਮਿਕ ਵਿਦਰੋਹ ਹੋਇਆ।ਬੈਂਟਿੰਕ ਇੱਕ ਕੱਟਰ ਉਦਾਰਵਾਦੀ ਸੀ। ਉਸਦਾ ਸਮਾਂ ਵਿਭਿੰਨ ਸਮਾਜਿਕ ਸੁਧਾਰਾਂ ਦੇ ਕਾਰਣ ਯਾਦ ਕੀਤਾ ਜਾਂਦਾ ਹੈ।

**ਸਤੀ-ਪ੍ਰਥਾ ਦਾ ਅੰਤ–** 1829 ਈ. ਦੇ ਨਿਯਮ XVII ਦੁਆਰਾ ਸਤੀ ਪ੍ਰਥਾ ਤੇ ਪ੍ਰਤੀਬੰਧ ਲਗਾ ਦਿੱਤਾ ਗਿਆ। ਸ਼ੁਰੂ ਵਿੱਚ ਇਹ ਕਾਨੂੰਨ ਬੰਗਾਲ ਪ੍ਰੈਜ਼ੀਡੈਂਸੀ ਵਿੱਚ ਲਾਗੂ ਕੀਤਾ ਗਿਆ, ਪ੍ਰੰਤੂ 1803 ਈ ਵਿੱਚ ਇਸ ਨੂੰ ਬੰਬਈ ਅਤੇ ਮਦਰਾਸ ਅਤੇ ਬੰਬਈ ਪ੍ਰੈਜ਼ੀਡੈਂਸੀਆਂ ਵਿੱਚ ਵੀ ਲਾਗੂ ਕੀਤਾ ਗਿਆ।

**ਠਗੀ-ਪ੍ਰਥਾ ਦਾ ਅੰਤ–** ਬੈਂਟਿੰਕ ਨੇ ਠਗੀ ਪ੍ਰਥਾ ਦੀ ਸਮਾਪਤੀ ਲਈ ਕਰਨਲ ਸਲੀਮਨ ਦੀ ਨਿਯੁਕਤੀ ਕੀਤੀ। 1803 ਈ. ਤਕ ਠਗੀ-ਪ੍ਰਥਾ ਦਾ ਅੰਤ ਹੋ ਗਿਆ।

**ਸਰਕਾਰੀ ਸੇਵਾਵਾਂ ਵਿੱਚ ਭੇਦਭਾਵ ਦਾ ਅੰਤ–** 1833 ਈ. ਦੇ ਚਾਰਟਰ ਐਕਟ ਦੀ ਧਾਰਾ 87 ਦੇ ਦੁਆਰਾ ਯੋਗਤਾ ਨੂੰ ਹੀ ਸੇਵਾ ਦਾ ਆਧਾਰ ਮੰਨਿਆ ਗਿਆ। ਇਹ ਮੰਨ ਲਿਆ ਗਿਆ ਕਿ ਕਿਸੇ ਵੀ ਭਾਰਤੀ ਨਾਗਰਿਕ ਨੂੰ ਉਸਦੇ ਧਰਮ, ਜਨਮ ਸਥਾਨ, ਜਾਤੀ ਜਾਂ ਰੰਗ ਦੇ ਆਧਾਰ ਤੇ ਕਿਸੇ ਵੀ ਪਦ ਤੋਂ ਵੰਚਿਤ ਨਹੀਂ ਰੱਖਿਆ ਜਾਵੇਗਾ।

**ਅੰਗਰੇਜੀ ਨੂੰ ਸਿੱਖਿਆ ਦਾ ਮਾਧਿਅਮ ਬਣਾਓਣਾ–** 7 ਮਾਰਚ, 1835 ਈ. ਦੇ ਇੱਕ ਪ੍ਰਸਤਾਵ ਦੁਆਰਾ ਅੰਗਰੇਜੀ ਨੂੰ ਭਾਰਤ ਵਿੱਚ ਉੱਚ ਸਿੱਖਿਆ ਦਾ ਮਾਧਿਅਮ ਮੰਨ ਲਿਆ ਗਿਆ।

**ਕਲਕੱਤਾ ਮੈਡੀਕਲ ਕਾਲੇਜ–** 1835 ਈ. ਵਿੱਚ ਬੈਂਟਿੰਕ ਨੇ ਕਲਕੱਤਾ ਮੈਡੀਕਲ ਕਾਲੇਜ਼ ਦੀ ਨੀਂਹ ਰੱਖੀ।

**ਭਾਰਤੀ ਰਿਆਸਤਾਂ ਦੇ ਪ੍ਰਤੀ ਨੀਤੀ–** ਬੈਂਟਿੰਕ ਨੇ ਅਵਿਵਸਥਾ ਦਾ ਆਰਪ ਲਗਾ ਕੇ 1831 ਹੀ. ਵਿੱਚ ਮੈਸੂਰ, 1834 ਈ. ਵਿੱਚ ਕੁਰਗ ਅਤੇ ਕਛਾਰ ਦੀ ਰਿਆਸਤਾਂ ਨੂੰ ਆਪਣੇ ਪ੍ਰਦੇਸ਼ ਵਿੱਚ ਮਿਲਾ ਲਿਆ।ਬੈਂਟਿੰਕ ਨੇ ਹੀ ਸਭ ਤੋਂ ਪਹਿਲਾਂ "ਸੰਭਾਗੀ ਆਯੁਕਤਾਂ ਦੀ ਨਿਯੁਕਤੀ ਕੀਤੀ। ਲਾਰਡ ਡਲਹੌਜ਼ੀ 36 ਸਾਲ ਦੀ ਉਮਰ ਵਿੱਚ ਭਾਰਤ ਦਾ ਗਵਰਨਰ ਜਨਰਲ ਬਣ ਗਿਆ।

**ਪੰਜਾਬ ਦਾ ਵਿਲਯ–** ਡਲਹੌਜ਼ੀ ਨੇ 1852 ਈ. ਵਿੱਚ ਪੰਜਾਬ ਤੇ ਅਧਿਕਾਰ ਕਰ ਲਿਆ।

**ਦੂਜਾ ਆਂਗਲ-ਬਰਮਾ ਯੁੱਧ–** ਡਲਹੌਜ਼ੀ ਲੇ 1852 ਈ. ਵਿੱਚ ਲੋਅਰ ਬਰਮਾ ਅਤੇ ਪੀਗੂ ਦਾ ਵਿਲਯ ਕਰ ਦਿੱਤਾ।

**ਸਿੱਕਿਮ–** ਡਲਹੌਜ਼ੀ ਨੇ 1850 ਹੀ. ਵਿੱਚ ਸਿੱਕਿਮ ਰਾਜ ਦੇ ਕੁਝ ਦੂਰਵਰਤੀ ਪ੍ਰਦੇਸ਼ ਜਿਨਾਂ ਵਿੱਚ ਦਾਰਜਲਿੰਗ ਆਦਿ ਸ਼ਾਮਿਲ ਸਨ, ਭਾਰਤ ਵਿੱਚ ਮਿਲਾ ਲਏ।

**ਵਿਅਪਗਤ ਦਾ ਸਿਧਾਂਤ ਜਾਂ ਰਾਜ ਹੱੜਪਣ ਦੀ ਨੀਤੀ–** ਡਲਹੌਜ਼ੀ ਜਿਸ ਕੰਮ ਲਈ ਸਭ ਤੋਂ ਜ਼ਿਆਦਾ ਚਰਚਿਤ ਰਿਹਾ, ਓਹ ਉਸਦੀ ਹੜੱਪ ਨੀਤੀ ਸੀ। ਇਸ ਨੇ ਤਤਕਾਲੀਨ ਭਾਰਤੀ ਰਜਵਾੜਿਆਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ-

(ਅ) ਓਹ ਰਜਵਾੜੇ ਜੋ ਕਿਸੇਦੇ ਨਿਯੰਤਰਣ ਵਿੱਚ ਨਹੀਂ ਸਨ, ਨਾ ਹੀ ਕਿਸੇ ਨੂੰ ਕਰ ਦਿੰਦੇ ਸਨ। ਓਹ ਬਿਨਾਂ ਕਿਸੇ ਅੰਗਰੇਜੀ ਹਸਤਖੇਪ ਦੇ ਗੋਦ ਲੈ ਸਕਦੇ ਸਨ।

(ਬ) ਓਹ ਰਜਵਾੜੇ ਜੋ ਮੁਗਲ ਸਮਰਾਟ ਜਾਂ ਪੇਸ਼ਵਾ ਦੇ ਨਿਯੰਤਰਣ ਵਿੱਚ ਸਨ, ਪ੍ਰੰਤੂ ਹਿਸ ਸਮੇਂ ਅੰਗਰੇਜਾਂ ਦੇ ਅਧੀਨ ਸਨ, ਚਹਨਾਂ ਨੂੰ ਗੋਦ ਲੈਣ ਤੋਂ ਪਹਿਲਾਂ ਅੰਗਰੇਜਾਂ ਦੀ ਆਗਿਆ ਲੈਣੀ ਜ਼ਰੂਰੀ ਸੀ।

(ਸ) ਓਹ ਰਿਆਸਤਾਂ ਜਿਨਾਂ ਦਾ ਨਿਰਮਾਣ ਅੰਗਰੇਜਾਂ ਨੇ ਆਪ ਕੀਤਾ ਸੀ, ਚਹਨਾਂ ਨੂੰ ਗੋਦ ਲੈਣ ਦਾ ਅਧਿਕਾਰ ਨਹੀਂ ਸੀ। ਆਪਣੇ ਇਸ ਨਿਯਮ ਦਾ ਪਾਲਣ ਕਰਦੇ ਹੋਏ ਉਸਨੇ ਨਿਮਨਲਿਖਿਤ ਰਾਜਾਂ ਨੂੰ ਅੰਗਰੇਜੀ ਰਾਜ ਵਿੱਚ ਮਿਲਾ ਲਿਆ।

ਡਲਹੌਜ਼ੀ ਨੇ ਗਵਰਨਰ ਜਨਰਲ ਉੱਤੇ ਕੰਮ ਦੇ ਬੋਝ ਨੂੰ ਘੱਟ ਕਰਣ ਦੇ ਉਦੇਸ਼ ਨਾਲ ਬੰਗਾਲ ਵਿੱਚ ਇੱਕ ਲੈਫਟੀਨੈਂਟ ਗਵਰਨਰ ਦੀ ਨਿਯੁਕਤੀ ਦੀ ਵਿਵਸਥਾ ਕੀਤੀ।

**ਸੈਨਿਕ ਸੁਧਾਰ–** ਇਸ ਦੇ ਅੰਤਰਗਤ ਕਲਕੱਤਾ ਵਿੱਚ ਸਥਿਤ ਤੋਪਖਾਨੇ ਦਾ ਦਫਤਰ ਮੇਰਠ ਅਤੇ ਸੈਨਾ ਦਾ ਮੁੱਖ ਦਫਤਰ ਸ਼ਿਮਲਾ ਵਿੱਚ ਸਥਾਪਿਤ ਕੀਤਾ ਗਿਆ।

**ਸਿੱਖਿਆ ਸੰਬੰਧੀ ਸੁਧਾਰ–** 1853 ਹੀ. ਵਿੱਚ ਆਮਸਲ ਦੀ ਵਿਵਸਥਾ ਦੇ ਅਨੁਸਾਰ ਸਾਰੇ ਉੱਤਰ ਪੱਛਮੀ ਪ੍ਰਾਂਤ (ਆਧੁਨਿਕ ਉ. ਪ੍ਰ.), ਲੋਅਰ ਬੰਗਾਲ ਅਤੇ ਪੰਜਾਬ ਵਿੱਚ ਸਥਾਨੀ ਪਰਿਸਥਿਤੀਆਂ ਦੇ ਅਨੁਸਾਰ ਭਾਰਤੀ ਭਾਸ਼ਾਵਾਂ ਦਾ ਪ੍ਰਸਤਾਵ ਸਵੀਕਾਰ ਕੀਤਾ ਗਿਆ। 1854 ਈ. ਦਾ ਚਾਰਲਜ਼ ਵੁੱਡ ਦਾ ਡਿਸਪੈਚ, ਜੋ ਵਿਸ਼ਵਵਿਦਿਆਲੀ ਸਿੱਖਿਆ ਨਾਲ ਸੰਬੰਧਿਤ ਸੀ, ਇਸੇ ਦੇ ਸਮੇਂ ਪਾਰਿਤ ਹੋਇਆ।

**ਰੇਲਵੇ ਲਾਈਨ–** ਡਲਹੌਜ਼ੀ ਦੇ ਕਾਲ ਵਿੱਚ ਭਾਰਤ ਵਿੱਚ 1853 ਈ. ਵਿੱਚ ਪਹਿਲੀ ਰੇਲਵੇ ਲਾਈਨ ਬੰਬਈ ਤੋਂ ਥਾਨਾ ਦੇ ਵਿੱਚ ਵਿਛਾਈ ਗਈ। ਦੂਜੀ ਰੇਲਵੇ ਲਾਈਨ 1854 ਈ. ਵਿੱਚ ਕਲਕੱਤਾ ਤੋਂ ਰਾਣੀਗੰਜ ਵਿਚਕਾਰ ਵਿਛਾਈ ਗਈ।

**ਵਿਦਯੁਤ ਤਾਰ–** ਡਲਹੌਜ਼ੀ ਦੇ ਸਮੇਂ ਵਿੱਚ ਪਹਿਲੀ ਵਿਦਯੁਤ ਤਾਰ ਸੇਵਾ ਕਲਕੱਤਾ ਤੋਂ ਆਗਰਾ ਦੇ ਵਿੱਚ ਆਰੰਭ ਹੋਈ। 1857 ਈ. ਦੇ ਸੰਘਰਸ਼ ਵਿੱਚ ਇੱਕ ਵਿਦਰੋਹੀ ਨੇ ਮਰਦੇ ਹੋਏ ਕਿਹਾ ਸੀ ਕਿ "ਇਸ ਤਾਰ ਨੇ ਸਾਡਾ ਗਲਾ ਘੋਟ ਦਿੱਤਾ।"

**ਡਾਕ ਸੁਧਾਰ–** ਇਸੇ ਦੇ ਸਮੇਂ ਵਿੱਚ 1854 ਈ. ਵਿੱਚ ਪਹਿਲੀ ਵਾਰ ਡਾਕ ਟਿਕਟਾਂ ਦਾ ਚਲਣ ਆਰੰਭ ਹੋਇਆ। ਹੁਣ 2 ਪੈਸੇ ਦੀ ਦਰ ਤੇ ਕਿਤੇ ਵੀ ਪੱਤਰ ਭੇਜਿਆ ਜਾ ਸਕਦਾ ਸੀ। 1854 ਈ. ਵਿੱਚ ਪਾਰਿਤ ਪੋਸਅ ਆਫਿਸ ਐਕਟ ਦੁਆਰਾ ਤਿੰਨਾਂ ਪ੍ਰੈਜ਼ੀਡੈਂਸੀਆਂ ਵਿੱਚ ਡਾਕਘਰਾਂ ਦੀ ਚੰਗੀ ਦੇਖਰੇਖ ਲਈ ਇੱਕ ਇੱਕ ਮਹਾਨਿਦੇਸ਼ਕਾਂ ਦੀ ਨਿਯੁਕਤੀ ਕੀਤੀ ਗਈ।

**ਸਾਰਵਜਨਿਕ ਨਿਰਮਾਣ ਵਿਭਾਗ–** ਡਲਹੌਜ਼ੀ ਤੋਂ ਪਹਿਲਾਂ ਸਾਰਵਜਨਿਕ ਨਿਰਮਾਣ ਦਾ ਕੰਮ ਇੱਕ ਸੈਨਿਕ ਬੋਰਡ ਤੇ ਸੀ। ਪਹਿਲੀ ਵਾਰ ਇੱਕ ਸਾਰਵਜਨਿਕ ਨਿਰਮਾਣ ਵਿਭਾਗ ਬਣਾਇਆ ਗਿਆ। ਗੰਗਾ ਨਹਿਰ ਦਾ ਕੰਮ ਵੀ ਪੂਰਾ ਕੀਤਾ ਗਿਆ।

**ਲੋਕ ਸਿੱਖਿਆ ਵਿਭਾਗ–** 1854 ਈ. ਵਿੱਚ ਡਲਹੌਜ਼ੀ ਨੇ ਲੋਕ ਸਿੱਖਿਆ ਵਿਭਾਗ ਦੀ ਸਥਾਪਨਾ ਕੀਤੀ।

### ਭਾਰਤ ਦੇ ਵਾਈਸਰਾਏ (1858 ਈ. ਦੇ ਅਧਿਨਿਯਮ ਦੁਆਰਾ)

1857 ਈ. ਦੇ ਵਿਦਰੋਹ ਤੋਂ ਬਾਅਦ 1858 ਈ. ਦਾ ਅਧਿਨਿਯਮ ਪਾਰਿਤ ਕੀਤਾ ਗਿਆ। ਇਸ ਅਧਿਨਿਯਮ ਦੇ ਦੁਆਰਾ ਹੀ ਗਵਰਨਰ ਜਨਰਲ ਨੂੰ ਵਾਈਸਰਾਏ ਕਿਹਾ ਜਾਣ ਲੱਗਾ। ਕੈਨਿੰਗ ਦੇ ਸਮੇਂ ਵਿੱਚ ਹੀ 1857 ਈ. ਦਾ ਵਿਦਰੋਹ ਹੋਇਆ।ਇਸ ਤੋਂ ਬਾਅਦ ਉਸਨੂੰ ਪਹਿਲਾ ਵਾਈਸਰਾਏ ਬਣਾਇਆ ਗਿਆ।

**ਲਾਰਡ ਕੈਨਿੰਗ (1856-62 ਈ)–** ਇਹ ਭਾਰਤ ਦਾ ਗਵਰਨਰ ਜਨਰਲ ਅਤੇ ਵਾਈਸਰਾਏ ਦੋਵੇਂ ਸੀ। ਇਸ ਦੇ ਕਾਲ ਦੀਆਂ ਪ੍ਰਮੁੱਖ ਘਟਨਾਵਾਂ ਨਿਮਨਲਿਖਿਤ ਹਨ-

1. 1857 ਈ. ਦਾ ਵਿਦਰੋਹ ਕੈਨਿੰਗ ਦੇ ਕਾਲ ਵਿੱਚ ਹਇਆ।

ਨੋਟ

2. 1857 ਵਿੱਚ ਕਲਕੱਤਾ, ਬੰਬਈ ਅਤੇ ਮਦਰਾਸ ਵਿੱਚ ਵਿਸ਼ਵਵਿਦਿਆਲਯਾਂ ਦੀ ਸਥਾਪਨਾ ਲੰਦਨ ਵਿਸ਼ਵਵਿਦਿਆਲੇ ਦੀ ਤਰਜ਼ ਤੇ ਹੋਈ।
3. 1858 ਈ. ਵਿੱਚ ਮਹਾਰਾਣੀ ਵਿਕਟੋਰੀਆ ਦੀ ਉਦਘੋਸ਼ਣਾ ਦੁਆਰਾ ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦਾ ਸ਼ਾਸਨ ਖਤਮ ਹੋ ਗਿਆ।ਹੁਣ ਪਾਰਤ ਦਾ ਸ਼ਾਸਨ ਸਿੱਧੇ ਬ੍ਰਿਟਿਸ਼ ਤਾਜ ਦੇ ਅੰਤਰਗਤ ਆ ਗਿਆ।
4. ਕੈਨਿੰਗ ਨੇ ਸੈਨਿਕ ਅਤੇ ਅਸੈਨਿਕ ਖਰਚ ਵਿੱਚ ਕਮੀ ਕਰ ਦਿੱਤੀ ਅਤੇ ਨੋਟ ਦਾ ਪ੍ਰਚਲਨ ਕੀਤਾ।
5. ਅਸਮ ਵਿੱਚ ਚਾਹ ਅਤੇ ਨੀਲਗਿਰੀ ਦੀ ਪਹਾੜੀਆਂ ਉੱਤੇ ਕਾਹਵਾ ਦੀ ਖੇਤੀ ਨੂੰ ਪ੍ਰੋਤਸਾਹਿਤ ਕੀਤਾ।
6. ਆਰਥਿਕ ਸੁਧਾਰਾਂ ਦੇ ਅੰਤਰਗਤ ਕੈਨਿੰਗ ਨੇ ਬ੍ਰਿਟਿਸ਼ ਅਰਥਸ਼ਾਸਤਰੀ ਵਿਲਸਨ ਨੂੰ ਭਾਰਤ ਬੁਲਾਇਆ ਅਤੇ 500 ਰੁਪਏ ਤੋਂ ਅਧਿਕ ਵੇਤਨ ਤੇ ਕਰ ਲਗਾ ਦਿੱਤਾ ਗਿਆ।ਆਯਾਤ ਤੇ 10 % ਅਤੇ ਨਿਰਯਾਤ ਤੇ 4% ਕਰ ਨਿਸ਼ਚਿਤ ਕੀਤਾ ਗਿਆ।
7. ਵਿਧਵਾ ਪੁਨਰਵਿਵਾਹ ਅਧਿਨਿਯਮ, 1856 ਈ. ਵਿੱਚ ਕੈਨਿੰਗ ਦੇ ਸਮੇਂ ਵਿੱਚ ਪਾਸ ਹੋਇਆ ।
8. ਭਾਰਤੀ ਦੰਡ ਸੰਹਿਤਾ ਦੀ ਸਥਾਪਨਾ 1861 ਈ. ਵਿੱਚ ਕੈਨਿੰਗ ਦੇ ਸਮੇਂ ਹੀ ਹੋਈ।
9. ਨਾਰਡ ਐਲੀਗਨ ਪ੍ਰਥਮ (1862-63 ਈ.) ਦੇ ਸਮੇਂ ਸਰਵਉੱਚ ਅਤੇ ਸਦਰ ਨਿਆਲਿਆਂ ਨੂੰ ਸਰਵਉੱਚ ਨਿਆਲੇ ਨਾਲ ਸ਼ਾਮਿਲ ਕਰ ਦਿੱਤਾ ਗਿਆ।

**ਸਵ-ਮੁੱਲਾਂਕਣ (Self Assessment)**

**ਸਹੀ ਵਿਕਲਪ ਚੁਣੋ- (Choose the correct option)**

1. ਭਾਰਤ ਦਾ ਪਹਿਲਾ ਗਵਰਨਰ ਜਨਰਲ ਕੌਣ ਸੀ?
   (ਕ) ਲਾਰਡ ਹੇਸਟਿੰਗਜ਼ (ਖ) ਵਾਰੇਨ ਹੇਸਟਿੰਗਜ਼ (ਗ) ਡਲਹੌਜ਼ੀ (ਘ) ਕਾਰਨਵਾਲਿਸ
2. ਕਲਕੱਤਾ ਵਿੱਚ ਸੁਪਰੀਮ ਕੋਰਟ ਦੀ ਸਥਾਪਨਾ ਕਿਸ ਦੇ ਸਮੇਂ ਹੋਈ?
   (ਕ) ਵਾਰੇਨ ਹੇਸਟਿੰਗਜ਼ (ਖ) ਡਲਹੌਜ਼ੀ (ਗ) ਕਾਰਨਵਾਲਿਸ (ਘ) ਲਾਰਡ ਹੇਸਟਿੰਗਜ਼
3. ਏਸ਼ਿਆਟਿਕ ਸੁਸਾਇਟੀ ਓਫ ਬੰਗਾਲ ਦੀ ਸਥਾਪਨਾ ਕਦੋਂ ਹੋਈ?
   (ਕ) 1781 (ਖ) 1783 (ਗ) 1784 (ਘ) 1785
4. ਸਿਵਿਲ ਅਤੇ ਪੁਲਿਸ ਸੇਵਾ ਦਾ ਜਨਮ ਦਾਤਾ ਕਿਸ ਨੂੰ ਕਿਹਾ ਜਾਂਦਾ ਹੈ?
   (ਕ) ਕੈਨਿੰਗ (ਖ) ਕਾਰਨਵਾਲਿਸ (ਗ) ਲਾਰਡ ਹੇਸਟਿੰਗਜ਼ (ਘ) ਡਲਹੌਜ਼ੀ
5. ਸਹਾਇਕ ਸੰਧੀ ਪ੍ਰਣਾਲੀ ਨੂੰ ਕਿਸ ਨੇ ਪ੍ਰਚੱਲਿਤ ਕੀਤਾ?
   (ਕ) ਡਲਹੌਜ਼ੀ (ਖ) ਵੈਲਜਲੀ (ਗ) ਕਾਰਨਵਾਲਿਸ (ਘ) ਕੈਨਿੰਗ
6. ਫੋਰਟ ਵਿਲੀਅਮ ਕਾਲੇਜ ਦੀ ਸਥਾਪਨਾ ਕਲਕੱਤਾ ਵਿੱਚ ਕਦੋਂ ਕੀਤੀ ਗਈ?
   (ਕ) 1800 (ਖ) 1805 (ਗ) 1808 (ਘ) 1809
7. ਭਾਰਤ ਵਿੱਚ ਬ੍ਰਿਟਿਸ਼ ਪ੍ਰਭੂਸੱਤਾ ਦੀ ਸਥਾਪਨਾ ਕਿਸ ਦੇ ਸਮੇਂ ਹੋਈ?
   (ਕ) ਵੈਲਜਲੀ (ਖ) ਡਲਹੌਜ਼ੀ (ਗ) ਲਾਰਡ ਹੇਸਟਿੰਗਜ਼ (ਘ) ਕੈਨਿੰਗ
8. ਸਤੀ ਪ੍ਰਥਾ ਅਤੇ ਠਗੀ ਪ੍ਰਥਾ ਦਾ ਅੰਤ ਕਿਸ ਨੇ ਕੀਤਾ?
   (ਕ) ਡਲਹੌਜ਼ੀ (ਖ) ਕੈਨਿੰਗ (ਗ) ਲਾਰਡ ਵਿਲੀਅਮ ਬੈਂਟਿੰਕ
   (ਘ) ਕਾਰਨਵਾਲਿਸ
9. ਕਲਕੱਤਾ ਵਿੱਚ ਮੇਡੀਕਲ ਦੀ ਸਥਾਪਨਾ ਕਦੋਂ ਕੀਤੀ ਗਈ?
   (ਕ) 1830 (ਖ) 1832 (ਗ) 1833 (ਘ) 1835
10. ਰੇਲਵੇ ਲਾਈਨ ਅਤੇ ਤਾਰ ਸੇਵਾ ਕਿਸ ਦੇ ਕਾਲ ਵਿੱਚ ਸ਼ੁਰੂ ਹੋਈ?
    (ਕ) ਡਲਹੌਜ਼ੀ (ਖ) ਐਲਿਗਨ (ਗ) ਕੈਨਿੰਗ (ਘ) ਕਾਰਨਵਾਲਿਸ

## 2.3 ਰੈਗੂਲੇਟਿੰਗ ਐਕਟ ਅਤੇ ਪਿਟਸ ਇੰਡੀਆ ਐਕਟ (Regulating and Pitt's India Act)

ਨੋਟ

**ਪਾਰਿਤ ਹੋਣ ਦੀਆਂ ਘਟਨਾਵਾਂ–** ਦੁਹਰੀ ਪ੍ਰਣਾਲੀ ਦੇ ਅਧੀਨ ਭਾਰਤੀ ਪ੍ਰਜਾ ਉੱਤੇ ਹੁੰਦੇ ਹੋਏ ਅੱਤਿਆਚਾਰ ਦੇ ਵਿਸ਼ੇ ਵਿੱਚ ਇੱਕ ਮੁਸਲਿਮ ਇਤਿਹਾਸਕਾਰ ਨੇ ਆਪਣੀ ਪੁਸਤਕ ਸਿਆਰ ਉਲ ਮੁਤਖੈਰੀਨ ਵਿੱਚ ਉਲੇਖ ਕੀਤਾ ਹੈ ਅਤੇ ਕਿਹਾ ਹੇ ਕਿ "ਜਨਤਾ ਦੇ ਹਿਤਾਂ ਦੀ ਪੂਰੀ ਤਰਾਂ ਅਣਦੇਖੀ ਕਰਦੇ ਹੋਏ ਕੰਪਨੀ ਨੇ ਆਪਣੇ ਅਧਿਕਾਰੀਆਂ ਨੂੰ ਪ੍ਰਜਾ ਉੱਤੇ ਅਨੰਤ ਅੱਤਿਆਚਾਰ ਕਰਣ ਦੀ ਆਗਿਆ ਦੇ ਦਿੱਤੀ ਸੀ।" ਇਸੇ ਵਿੱਚ 1770 ਵਿੱਚ ਇਕ ਭੀਸ਼ਣ ਅਕਾਲ ਪਿਆ ਜੋ ਸ਼ਾਇਦ ਭਾਰਤ ਦੇ ਲਿਖਿਤ ਇਤਿਹਾਸ ਵਿੱਚ ਸਭ ਤੋਂ ਭਿਆਨਕ ਸੀ। ਕੰਪਲੀ ਨੇ ਇਸ ਅਕਾਲ ਦੀ ਭੀਸ਼ਣਤਾ ਨੂੰ ਘੱਟ ਕਰਣ ਦਾ ਲੇਸ਼ਮਾਤਰ ਵੀ ਪ੍ਰਯਤਨ ਨਹੀਂ ਕੀਤਾ।ਬਲਕਿ ਅੰਗਰੇਜ਼ ਵਪਾਰੀਆਂ ਨੇ ਇਸ ਦਾ ਅਨੁਚਿਤ ਲਾਭ ਉਠਾ ਕੇ ਬਹੁਤ ਧਨ ਕਮਾਇਆ। ਇੱਕ ਅੰਗਰੇਜ਼ ਲੇਖਕ ਨੇ ਇੱਥੇ ਤੱਕ ਕਿਹਾ ਹੈ ਕਿ "ਭਾਰਤੀਆਂ ਨੇ ਅਜਿਹੀ ਕਠੋਰ ਅਤੇ ਤੀਖਣ ਗਰੀਬੀ ਸ਼ਾਇਦ ਪਹਿਲਾਂ ਕਦੇ ਅਨੁਭਵ ਨਹੀਂ ਕੀਤੀ ਸੀ।"

ਵਾਰੇਨ ਹੇਸਟਿੰਗਜ਼ ਦੇ 1772 ਵਿੱਚ ਆਓਣ ਤੋਂ ਪਹਿਲਾਂ 12 ਸਾਲ ਤੱਕ ਅੰਗਰੇਜ਼ ਵਪਾਰੀ ਬੰਗਾਲ ਵਿੱਚੋਂ ਲੁੱਟੇ ਹੋਏ ਸੋਨੇ ਨਾਲ ਭਰੇ ਥੈਲੇ ਇੰਗਲੈਂਡ ਲੈ ਜਾਂਦੇ ਰਹੇ।ਇਹਨਾਂ ਅੰਗਰੇਜ਼ ਨਵਾਬਾਂ ਨੂੰ ਸਮਕਾਲੀਨ ਅੰਗਰੇਜੀ ਅਭਿਜਾਤ ਵਰਗ ਜਿਸ ਤਿਰਸਕਾਰ, ਈਰਖਾ ਅਤੇ ਘ੍ਰਿਣਾ ਦੀ ਨਜ਼ਰਾਂ ਨਾਲ ਵੇਖਦਾ ਸੀ ਓਹ ਸਮਕਾਲੀਨ ਸੰਸਮਰਣਾਂ ਅਤੇ ਪੱਤਰ ਵਿਵਹਾਰਾਂ ਤੋਂ ਸਪਸ਼ਟ ਹੈ।

ਕੰਪਨੀ ਦੀ ਵਿਗੜਦੀ ਹੋਈ ਵਿੱਤੀ ਸਥਿਤੀ ਬਹੁਤ ਦਿਨਾਂ ਤੱਕ ਛਿਪੀ ਨਾ ਰਹਿ ਸਕੀ।ਕੰਪਨੀ ਨੇ ਪਹਿਲਾ ਕੰਮ ਇਹ ਕੀਤਾ ਕਿ 4,00,000 ਪੌਂਡ ਸਾਲਾਨਾ ਜੋ ਅੰਗਰੇਜੀ ਸਰਕਾਰ ਨੂੰ ਦੇਣਾ ਹੁੰਦਾ ਸੀ ਉਸ ਤੋਂ ਛੂਟ ਮੰਗੀ। ਕੰਪਨੀ ਉੱਤੇ ਕਰਜ਼ੇ ਦੀ ਮਾਤਰਾ ਵਧਣ ਲੱਗੀ।ਵਾਸਤਵਿਕ ਲੇਖੇ ਨੂੰ ਝੁਠਲਾ ਕੇ ਕੰਪਨੀ ਨੇ 1772 ਵਿੱਚ ਵੀ 12.5% ਲਾਭਾਂਸ਼ ਜਾਰੀ ਰੱਖਿਆ ਅਤੇ ਓਹ ਵੀ ਉਸ ਸਮੇਂ ਜਦੋਂ ਕੰਪਨੀ ਤੇ 60 ਲੱਖ ਪੌਂਡ ਦਾ ਕਰਜ਼ਾ ਸੀ।ਜਦੋਂ ਬੰਗਾਲ ਦੇ ਅਕਾਲ ਦੀ ਅਤੇ ਹੈਦਰਅਲੀ ਦੇ ਕਰਨਾਟਕ ਉੱਤੇ ਸਫਲ ਹਮਲਿਆਂ ਦੀ ਖਬਰ ਲੰਦਨ ਪਹੁੰਚੀ ਤਾਂ ਕੰਪਨੀ ਦੇ ਸ਼ੇਅਰਾਂ ਦਾ ਮੁੱਲ ਬਜ਼ਾਰ ਵਿੱਚ ਬਹੁਤ ਗਿਰ ਗਿਆ।ਜਲਦੀ ਹੀ ਲੋਕਾਂ ਨੂੰ ਕੰਪਨੀ ਦੀ ਅਸਲ ਸਥਿਤੀ ਦਾ ਪਤਾ ਲੱਗ ਗਿਆ।ਨਿਰਾਸ਼ ਹੋ ਕੇ ਡਾਇਰੈਕਟਰਾਂ ਨੇ ਬੈਂਕ ਓਫ ਇੰਗਲੈਂਡ ਤੋਂ 10 ਲੱਖ ਪੌਂਡ ਦਾ ਕਰਜ਼ਾ ਮੰਗਿਆ।ਇਹ ਸ਼ਾਇਦ ਕੰਪਨੀ ਦੀ ਆਜ਼ਾਦੀ ਦਾ ਅੰਤ ਸੀ। ਲਾਰਡ ਨਾਰਥ ਨੇ ਇਸ ਕਰਜ਼ੇ ਦੇ ਪ੍ਰਾਰਥਨਾ ਪੱਤਰ ਨੂੰ ਬ੍ਰਿਟਿਸ਼ ਸੰਸਦ ਦੀ ਸਵੀਕ੍ਰਿਤੀ ਲਈ ਭਿਜਵਾ ਦਿੱਤਾ, ਜਿੱਥੇ ਦੋਹਾਂ ਸਦਨਾਂ ਵਿੱਚ ਬਹੁਮਤ ਸੀ। ਸੰਸਦ ਦੀ ਇੱਕ ਪ੍ਰਵਰ ਸਮਿਤੀ ਇਸ ਪ੍ਰਾਰਥਨਾ ਪੱਤਰ ਦੀ ਜਾਂਚ ਲਈ ਨਿਯੁਕਤ ਕੀਤੀ ਗਈ। ਪ੍ਰਵਰ ਸਮਿਤੀ ਦਾ ਅਧਿਅਕਸ਼ ਜਨਰਲ ਬਰਗਾਯਨ ਸੀ ਜਿਸਨੇ ਵਿਵਾਦ ਵਿੱਚ ਬੋਲਦੇ ਹੋਏ ਕਿਹਾ, "ਮਹਾਨ ਅੱਤਿਆਚਾਰ ਅਤੇ ਕ੍ਰੂਰਤਾ ਜੋ ਕਿਸੇ ਅਸੈਨਿਕ ਸਰਕਾਰ ਦੇ ਨਾਂ ਨੂੰ ਧੱਬਾ ਲਗਾ ਸਕਦੀ ਹੈ, ਉਸ ਨੂੰ ਸੁਧਾਰਣ ਦੀ ਜ਼ਰੂਰਤ ਹੈ..... ਅਤੇ ਜੇਕਰ ਕਿਸੇ ਕਾਰਣ ਪ੍ਰਭੂਸੱਤਾ ਅਤੇ ਵਪਾਰ ਨੂੰ ਅਲੱਗ ਨਹੀਂ ਕੀਤਾ ਗਿਆ ਤਾਂ ਭਾਰਤ ਅਤੇ ਇੰਗਲੈਂਡ ਦੋਵੇਂ ਇੰਨੇ ਹੇਠਾਂ ਗਿਰ ਜਾਣਗੇ ਅਤੇ ਡੁੱਬ ਜਾਣਗੇ ਕਿ ਓਹਨਾਂ ਦਾ ਪੁਨਰ ਉੱਥਾਨ ਨਹੀਂ ਹੋ ਸਕੇਗਾ।"

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਡਾਇਰੈਕਟਰਾਂ ਦੇ ਵਿਵਹਾਰ ਤੇ ਲੋਕਾਂ ਨੂੰ ਬਹੁਤ ਸ਼ੱਕ ਸੀ। ਮਾਰਚ 1772 ਵਿੱਚ ਓਹਨਾਂ ਨੇ ਲਾਭਾਂਸ਼ ਦੀ ਘੋਸ਼ਣਾ ਫਿਰ 12.5% ਕੀਤੀ ਸੀ ਅਤੇ ਓਸੇ ਸਾਲ 10 ਲੱਖ ਪੌਂਡ ਦੇ ਕਰਜ਼ੇ ਦਾ ਪ੍ਰਾਰਥਨਾ ਪੱਤਰ ਸਰਕਾਰ ਨੂੰ ਦਿੱਤਾ ਸੀ। ਇਹ ਵਿਸੰਗਤੀ ਏਨੀ ਸਪਸ਼ਟ ਸੀ ਕਿ ਹਾਊਸ ਓਫ ਕਾਮਨਜ਼ ਦੀ ਇੱਕ ਦੂਜੀ ਸਮਿਤੀ (ਗੁਪਤ) ਨਿਯੁਕਤ ਕਰਨੀ ਪਈ ਤਾਕਿ ਇਸ ਦੇ ਕਾਰਣਾਂ ਦਾ ਪਤਾ ਲਗਾਇਆ ਜਾ ਸਕੇ। ਇੱਕ ਕੰਪਨੀ ਜਿਸ ਦੇ ਅਧਿਕਾਰੀ ਧਨ ਨਾਲ ਮਾਲਾਮਾਲ ਹੋ ਕੇ ਇੰਗਲੈਂਡ ਵਾਪਿਸ ਆਓਣ, ਕਿਵੇਂ ਦੀਵਾਲੀਆ ਹੋ ਜਾਵੇ। ਇਹ ਇੱਕ ਹੈਰਾਨੀ ਭਰਿਆ ਪ੍ਰਸ਼ਨ ਸੀ।

ਅਗਲੇ ਸਾਲ ਬਸੰਤ ਵਿੱਚ ਜਾਂਚ ਸਮਿਤੀ ਨੇ ਆਪਣੀ ਰਿਪੋਰਟ ਪੇਸ਼ ਕੀਤੀ। ਜਿਵੇਂ ਕਿ ਉਮੀਦ ਸੀ ਕਿ ਅਤਿਆਧਿਕ ਦੋਸ਼ਸੂਚਕ ਸੀ। ਇਸਲਈ ਸੰਸਦ ਨੇ ਦੋ ਅਧਿਨਿਯਮ ਪਾਰਿਤ ਕੀਤੇ। ਪਹਿਲੇ ਦੇ ਅਨੁਸਾਰ ਕੰਪਨੀ ਨੂੰ 4% ਵਿਆਜ ਦੀ ਦਰ ਤੇ 14 ਲੱਖ ਪੌਂਡ ਦਾ ਕਰਜ਼ਾ ਕੁਝ ਸ਼ਰਤਾਂ ਤੇ ਦਿੱਤਾ ਜਾਵੇਗਾ। ਦੂਜੇ ਅਧਿਨਿਯਮ ਦੁਆਰਾ ਰੈਗੂਲੇਟਿੰਗ ਐਕਟ ਪਾਰਿਤ ਕੀਤਾ ਗਿਆ। ਇਸ ਵਿਧੇਅਕ ਦਾ ਕੰਪਨੀ ਅਤੇ ਉਸਦੇ ਮਿੱਤਰਾਂ ਨੇ ਡਟਕੇ ਵਿਰੋਧ ਕੀਤਾ।

**ਰੈਗੂਲੇਟਿੰਗ ਐਕਟ ਦੇ ਪ੍ਰਾਵਧਾਨ–** ਇਸ ਅਧਿਨਿਯਮ ਦੁਆਰਾ ਕੰਪਨੀ ਦੇ ਸੰਵਿਧਾਨ ਵਿੱਚ ਇੰਗਲੈਂਡ ਅਤੇ ਭਾਰਤ ਦੋਹਾਂ ਵਿੱਚ ਹੀ ਪਰਿਵਰਤਨ ਲਿਆਦੇ ਗਏ। ਇੰਗਲੈਂਡ ਵਿੱਚ ਸਵਾਮੀਆਂ ਦੇ ਅਧਿਕਰਣ ਵਿੱਚ ਵੋਟ ਦੇਣ ਦਾ ਅਧਿਕਾਰ ਸਿਰਫ ਓਹਨਾਂ ਲੋਕਾਂ ਨੂੰ ਦਿੱਤਾ ਗਿਆ ਜਿਹੜੇ ਚੁਨਾਵ ਵਿੱਚ ਘੱਟ ਤੋਂ ਘੱਟ ਇੱਕ ਸਾਲ ਪਹਿਲਾਂ ਤੱਕ ਇੱਕ ਹਜ਼ਾਰ ਪੌਂਡ ਦੇ ਸ਼ੇਅਰ ਦੇ ਸਵਾਮੀ ਰਹੇ ਹੋਣ। ਅਤੇ ਇਹ ਨਿਸ਼ਚਾ ਹੋਇਆ ਕਿ ਕੋਰਟ ਓਫ ਡਾਇਰੈਕਟਰਜ਼ 4 ਸਾਲ ਲਈ ਚੁਣਿਆ ਜਾਵੇਗਾ ਅਤੇ ਡਾਇਰੈਕਟਰਾਂ ਦੀ ਸੰਖਿਆ 24 ਹੋਵੇਗੀ ਜਿਸ ਵਿੱਚੋਂ 25% ਪ੍ਰਤੀ ਸਾਲਾਨਾ ਛੁੱਟੀ ਪ੍ਰਾਪਤ ਕਰਣਗੇ। ਡਾਇਰੈਕਟਰਾਂ ਨੂੰ ਇਹ ਆਦੇਸ਼ ਹੋਇਆ ਕਿ "ਓਹ ਵਿੱਤ ਵਿਭਾਗ ਦੇ ਸਾਹਮਣੇ ਭਾਰਤ ਪ੍ਰਸ਼ਾਸਨ ਅਤੇ ਰਾਜਸਵ ਸੰਬੰਧੀ ਰਾਜਸਚਿਵ ਦੇ ਸਮੁੱਖ ਸੇਨਿਕ ਅਤੇ ਅਸੈਨਿਕ ਪ੍ਰਸ਼ਾਸਨ ਸੰਬੰਧੀ ਸਾਰੇ ਪੱਤਰ ਵਿਵਹਾਰ ਪ੍ਰਸਤੁਤ ਕਰਣ। ਇਸ ਪ੍ਰਕਾਰ ਪਹਿਲੀ ਵਾਰ ਬ੍ਰਿਟਿਸ਼ ਮੰਤ੍ਰੀਮੰਡਲ ਨੂੰ ਭਾਰਤੀ ਮਾਮਲਿਆਂ ਵਿੱਚ ਨਿਯੰਤਰਣ ਕਰਣ ਦਾ ਅਧਿਕਾਰ ਦਿੱਤਾ ਗਿਆ ਚਾਹੇ ਇਹ ਅਧਿਕਾਰ ਅਪੂਰਣ ਸੀ।"

ਬੰਗਾਲ ਵਿੱਚ ਇੱਕ ਪ੍ਰਸ਼ਾਸਨ ਮੰਡਲ ਬਣਾਇਆ ਗਿਆ ਜਿਸ ਵਿੱਚ ਗਵਰਨਰ ਜਨਰਲ (ਅਧਿਅਕਸ਼ ਦੇ ਰੂਪ ਵਿੱਚ) ਅਤੇ 4 ਪਾਰਸ਼ਦ ਨਿਯੁਕਤ ਕੀਤੇ ਗਏ।ਇਸ ਮੰਡਲ ਵਿੱਚ ਬਹੁਮਤ ਨਾਲ ਫੈਸਲੇ ਹੁੰਦੇ ਸਨ।ਅਤੇ ਅਧਿਅਕਸ਼ ਕੇਵਲ ਮਤ ਬਰਾਬਰ ਹੋਣ ਦੀ ਅਵਸਥਾ

ਨੋਟ

ਵਿੱਚ ਹੀ ਨਿਰਣਾਯਕ ਮਤ ਦਾ ਪ੍ਰਯੋਗ ਕਰ ਸਕਦਾ ਸੀ। ਕੋਰਮ ਜਾਂ ਗਣਪੂਰਤੀ ਤਿੰਨ ਦਾ ਸੀ। ਪਹਿਲਾ ਗਵਰਨਰ ਜਨਰਲ (ਵਾਰੇਨ ਹੇਸਟਿੰਗਜ਼) ਅਤੇ ਪਾਰਸ਼ਦ (ਫਿਲਿਪ ਫ੍ਰਾਂਸਿਸ, ਕਲੇਵਰਿੰਗ, ਮਾਨਸਨ ਅਤੇ ਬਰਵੈਲ) ਦਾ ਨਾਮ ਤਾਂ ਅਧਿਨਿਯਮ ਵਿੱਚ ਹੀ ਲਿਖ ਦਿੱਤਾ ਗਿਆ ਸੀ। ਇਹ ਲੋਕ 5 ਸਾਲ ਦੇ ਲਈ ਨਿਯੁਕਤ ਕੀਤੇ ਗਏ ਅਤੇ ਕੇਵਲ ਕੋਰਟ ਓਫ ਡਾਇਰੈਕਟਰਜ਼ ਦੀ ਸਿਫਾਰਿਸ਼ ਨਾਲ ਕੇਵਲ ਬ੍ਰਿਅਿਸ਼ ਸਮਰਾਟ ਦੁਆਰਾ ਹੀ ਹਟਾਏ ਜਾ ਸਕਦੇ ਸਨ।ਭਾਵੀ ਨਿਯੁਕਤੀਆਂ ਕੰਪਨੀ ਦੁਆਰਾ ਹੀ ਕੀਤੀਆਂ ਜਾਣੀਆਂ ਸਨ।ਸਪਰਿਸ਼ਦ ਗਵਰਨਰ ਜਨਰਲ ਨੂੰ ਬੰਗਾਲ ਵਿੱਚ ਫੋਰਟ ਵਿਲੀਅਮ ਦੀ ਪ੍ਰੈਜ਼ੀਡ੍ਰੈਸੀ ਦੇ ਸੈਨਿਕ ਅਤੇ ਅਸੈਨਿਕ ਸ਼ਾਸਨ ਦਾ ਅਧਿਕਾਰ ਦਿੱਤਾ ਗਿਆ ਅਤੇ ਉਸ ਨੂੰ "ਕੁਝ ਵਿਸ਼ੇਸ਼ ਮਾਮਲਿਆਂ ਵਿੱਚ ਮਦਰਾਸ ਅਤੇ ਬੰਬਈ ਦੀ ਪ੍ਰੈਜ਼ੀਡੈਂਸੀਆ ਦਾ ਅਧੀਕਸ਼ਣ ਵੀ ਕਰਨਾ ਸੀ।"

ਅਧਿਨਿਯਮ ਵਿੱਚ ਇਸ ਗੱਲ ਦੀ ਵੀ ਵਿਵਸਥਾ ਸੀ ਕਿ ਕ੍ਰਾਊਨ ਆਗਿਆ ਪੱਤਰ ਦੁਆਰਾ ਇੱਕ ਸਰਵਉੱਚ ਅਤੇ ਤਿੱਨ ਛੋਟੇ ਜੱਜਾਂ ਵਾਲੇ ਇੱਕ ਸਰਵਉੱਚ ਨਿਆਲੇ ਦੀ ਸਥਾਪਨਾ ਕਰੇ।ਇਸ ਸਰਵਉੱਚ ਨਿਆਲੇ ਨੂੰ ਸਾਮ ਨਿਆਅ ਅਤੇ ਦੇਸ਼ ਵਿਧੀ ਦੇ ਨਿਆਲੇ ਅਤੇ ਧਾਰਮਿਕ ਨਿਆਲੇ ਦੇ ਰੂਪ ਵਿੱਚ ਕੰਮ ਕਰਨਾ ਸੀ। ਕੰਪਨੀ ਦੇ ਕਾਜਕਰਤਾ ਇਸ ਦੇ ਨਿਆਂ ਖੇਤਰ ਵਿੱਚ ਕਰ ਦਿੱਤੇ ਗਏ।ਸਾਰੀ ਅੰਗਰੇਜ਼ ਪ੍ਰਜਾ; ਚਾਹੇ ਅੰਗਰੇਜ਼ ਹੋਵੇ ਜਾਂ ਭਾਰਤੀ, ਸੁਪਰੀਮ ਕੋਰਟ ਦਾ ਦਰਵਾਜਾ ਖੜਕਾ ਸਕਦੀ ਸੀ। ਇਸ ਨਿਆਲੇ ਨੂੰ ਇਹ ਵੀ ਅਧਿਕਾਰ ਸੀ ਕਿ ਇਹ ਕੰਪਨੀ ਦੀ ਸੇਵਾ ਅਤੇ ਸਮਰਾਟ ਦੀ ਸੇਵਾ ਵਿੱਚ ਲੱਗੇ ਲੋਕਾਂ ਦੇ ਵਿਰੁੱਧ ਮਾਮਲੇ, ਕਾਰਵਾਈ ਜਾਂ ਸ਼ਿਕਾਇਤ ਦੀ ਸੁਣਵਾਈ ਕਰ ਸਕੇ।ਇਸ ਨਿਆਲੇ ਨੂੰ ਇੰਗਲੈਂਡ ਵਿੱਚ ਪ੍ਰਚੱਲਿਤ ਸਾਰੀ ਨਿਆਅ ਵਿਧੀਆਂ ਦੇ ਅਨੁਸਾਰ ਨਿਆਅ ਕਰਣ ਦੇ ਅਧਿਕਾਰ ਦਿੱਤੇ ਗਏ।ਇਸ ਨਿਆਲੇ ਨੂੰ ਪ੍ਰਾਰਥਮਿਕ ਅਤੇ ਅਪੀਲ ਦੇ ਅਧਿਕਾਰ ਦੀ ਆਗਿਆ ਸੀ।ਇਸ ਨਿਆਲੇ ਨੂੰ ਅੰਗਰੇਜੀ ਪਰੰਪਰਾ ਦੇ ਅਨੁਸਾਰ ਪੰਚਾਂ ਦੀ ਸਹਾਇਤਾ ਨਾਲ ਮੁੱਕਦਮਿਆਂ ਦੀ ਸੁਣਵਾਈ ਕਰਨੀ ਸੀ। ਇਹ ਉੱਚਤਮ ਨਿਆਲਾ 1774 ਵਿੱਚ ਗਠਿਤ ਕੀਤਾ ਗਿਆ ਅਤੇ ਸਰ ਐਲੀਜਾਹ ਇੰਪੇ ਮੁੱਖ ਨਿਆਂਧੀਸ਼ ਅਤੇ ਚੈਬੰਰਜ਼; ਲਿਮੈਸਟਰ ਅਤੇ ਹਾਈਡ ਛੋਟੇ ਨਿਆਂਧੀਸ਼ ਨਿਯੁਕਤ ਹੋਏ।

ਰੈਗੂਲੇਟਿੰਗ ਐਕਟ ਨੇ ਇੱਕ ਇਮਾਨਦਾਰ ਸ਼ਾਸਕ ਦਾ ਆਧਾਰਭੂਤ ਸਿਧਾਂਤ ਨਿਸ਼ਚਿਤ ਕੀਤਾ ਕਿ "ਕੋਈ ਵਿਅਕਤੀ ਜੋ ਕੰਪਨੀ ਦੇ ਅਧੀਨ ਸੈਨਿਕ ਜਾਂ ਅਸੈਨਿਕ ਪਦਾਧਿਕਾਰੀ ਹੋਵੇ ਚਹੇ ਕਿਸੇ ਵੀ ਵਿਅਕਤੀ ਤੋਂ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਕੋਈ ਉਪਹਾਰ, ਦਾਨ ਜਾਂ ਇਨਾਮ ਆਦਿ ਨਹੀਂ ਲੈ ਸਕਦਾ।"

ਕੰਪਨੀ ਦੇ ਕਾਜਕਰਤਾਵਾਂ ਦੇ ਵੇਤਨ ਵਧਾ ਦਿੱਤੇ ਗਏ। ਗਵਰਨਰ ਜਨਰਲ ਨੂੰ 25,000 ਪੌਂਡ, ਪਾਰਸ਼ਦਾਂ ਨੂੰ 10,000 ਪੌਂਡ ਅਤੇ ਮੁੱਖ ਨਿਆਂਧੀਸ਼ ਨੂੰ 8,000 ਪੌਂਡ ਅਤੇ ਛੋਟੇ ਨਿਆਧੀਸ਼ਾਂ ਨੂੰ 6,000 ਪੌਂਡ ਸਾਲਾਨਾ ਦਿੱਤੇ ਗਏ ਜੋ ਸ਼ਾਇਦ ਸਮਕਾਲੀਨ ਸੰਸਾਰ ਵਿੱਚ ਸਪ ਤੋਂ ਉੱਚੇ ਵੇਤਨ ਸਨ।

**ਅਧਿਨਿਯਮ ਦੀ ਆਲੋਚਨਾ-** ਅਧਿਨਿਯਮ ਨੇ ਗਵਰਨਰ ਜਨਰਲ ਤਾਂ ਨਿਯੁਕਤ ਕਰ ਦਿੱਤਾ ਕਰ ਦਿੱਤਾ ਪ੍ਰੰਤੂ ਉਸ ਤੇ ਇੱਕ ਪਰਿਸ਼ਦ ਲੱਦ ਦਿੱਤੀ ਜਿਸ ਨਾਲ ਚਹ ਪੂਰੀ ਤਰਾਂ ਅਸਹਾਯ ਹੋ ਗਿਆ। ਜਿਵੇਂ ਕਿ ਵਾਰੇਨ ਹੇਸਟਿੰਗਜ਼ ਦੇ ਨਾਲ (1774-1776 ਤੱਕ) ਅਧਿਨਿਯਮ ਨੇ ਨਿਆਲਾ ਤਾਂ ਸਥਾਪਿਤ ਕਰ ਦਿੱਤਾ ਪ੍ਰੰਤੂ ਉਸ ਨੂੰ ਕਿਸ ਕਾਨੂੰਨ ਦੇ ਅਨੁਸਾਰ ਚਲਣਾ ਹੈ (ਭਾਰਤੀ ਜਾਂ ਬ੍ਰਿਟਿਸ਼) ਇਹ ਨਿਸ਼ਚਿਤ ਨਹੀਂ ਸੀ ਅਤੇ ਨਾ ਹੀ ਪਰਿਸ਼ਦ ਅਤੇ ਨਿਆਲੇ ਦਾ ਅਧਿਕਾਰ ਖੇਤਰ ਨਿਸ਼ਚਿਤ ਕੀਤਾ ਗਿਆ।ਅਧਿਨਿਯਮ ਕੁਝ ਮਾਮਲਿਆਂ ਵਿੱਚ ਜਾਣ ਬੁਝ ਕੇ ਚੁੱਪ ਸੀ ਅਤੇ ਇਹ ਇੱਕ ਪ੍ਰਕਾਰ ਦਾ ਸਮਝੋਤਾ ਸੀ। ਇਸ ਨੇ ਸਪਸ਼ਟ ਰੂਪ ਵਿੱਚ ਕ੍ਰਾਊਨ ਦੀ ਪ੍ਰਭੂਸੱਤਾ ਨੂੰ ਦ੍ਰਿੜਤਾਪੂਰਵਕ ਸਥਾਪਿਤ ਕਰਣ ਦੀ ਕਰਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਬੰਗਾਲ ਦੇ ਨਵਾਬ ਦੀ ਪ੍ਰਭੂਸੱਤਾ ਤੇ ਆਘਾਤ ਕੀਤਾ।ਅਧਿਨਿਯਮ ਨੇ "ਰਾਜ ਸਰਕਾਰ ਨੂੰ ਕੰਪਨੀ ਉੱਤੇ, ਡਾਇਰੈਕਟਰਾਂ ਨੂੰ ਆਪਣੇ ਸੇਵਕਾਂ ਉੱਤੇ, ਗਵਰਨਰ ਜਨਰਲ ਨੂੰ ਪਰਿਸ਼ਦ ਉੱਤੇ ਜਾਂ ਕਲਕੱਤਾ ਪ੍ਰੇਜ਼ੀਡੈਂਸੀ ਨੂੰ ਮਦਰਾਸ ਜਾਂ ਬੰਬਈ ਉੱਤੇ ਪੂਰਣ ਜਾਂ ਸਪਸ਼ਟ ਰੂਪ ਵਿੱਚ ਨਿਯੰਤਰਣ ਨਹੀਂ ਦਿੱਤਾ।" ਇਹ ਅਧਿਨਿਯਮ ਅਵਰੋਧ ਅਤੇ ਸੰਤੁਲਨ ਦੀ ਨੀਤੀ ਤੇ ਆਧਾਰਿਤ ਸੀ। ਵਾਸਤਵਿਕ ਸਥਿਤੀਆ ਦੇ ਦਬਾਵ ਦੇ ਅਧੀਨ ਅਤੇ ਅੰਦਰੂਨੀ ਤ੍ਰੁਟੀਆਂ ਦੇ ਕਾਰਣ ਇਹ ਛਿੰਨ ਭਿੰਨ ਹੋ ਗਿਆ।ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਸ ਅਧਿਨਿਯਮ ਦੇ ਮੁੱਖ ਦੋਸ਼ ਇਹ ਸਨ ਕਿ (ਕ) ਗਵਰਨਰ ਜਨਰਲ ਅਤੇ ਉਸਦੀ ਪਰਿਸ਼ਦ ਦਾ ਆਪਸ ਵਿੱਚ ਝਗੜਾ ਹੋਣਾ ਜ਼ਰੂਰੀ ਸੀ।(ਖ) ਉੱਚਤਮ ਨਿਆਲਾ, ਜਿਸ ਵਿੱਚ ਅੰਗਰੇਜੀ ਕਾਨੂੰਨ ਵੀ ਲਾਗੂ ਹੁੰਦਾ ਸੀ ਅਤੇ ਬੰਗਾਲ ਵਿੱਚ ਪੂਰਬ ਸਥਿਤ ਹੋਰ ਨਿਆਲਿਆਂ ਦੇ ਆਪਸੀ ਸੰਬੰਧਾਂ ਵਿੱਚ ਅਨਿਸਮਿਤਤਾ ਸੀ। ਇਸ ਤੋਂ ਇਲਾਵਾ ਪਰਿਸ਼ਦ ਅਤੇ ਉੱਚਤਮ ਨਿਆਲੇ ਦੇ ਆਪਸੀ ਸੰਬੰਧ ਵੀ ਠੀਕ ਨਹੀਂ ਸਨ।ਇਥੋਂ ਤੱਕ ਕੇ ਆਪਸ ਵਿੱਚ ਵਿਰੋਧ ਹੋ ਗਿਆ। ਗਵਰਨਰ ਜਨਰਲ ਅਤੇ ਉਸਦੀ ਪਰਿਸ਼ਦ ਦੁਆਰ ਬਣਾਏ ਗਹੇ ਕਾਨੂੰਨਾ ਨੂੰ ਨਿਆਲਿਆਂ ਵਿੱਚ ਲਾਗੂ ਕਰਲਾ ਉੱਚਤਮ ਨਿਆਲੇ ਦੀ ਆਪਣੀ ਇੱਛਾ ਤੇ ਨਿਰਭਰ ਸੀ। ਇਸੇ ਤਰਾਂ ਪ੍ਰਸ਼ਾਸਨਿਕ ਅਤੇ ਨਿਆਇਕ ਵਿਭਾਗ ਦੇ ਅਧਿਕਾਰ ਖੇਤਰਾਂ ਦੀ ਅਸਪਸ਼ਟਤਾ ਇਸ ਅਧਿਨਿਯਮ ਦਾ ਇੱਕ ਮਹਾਨ ਦੋਸ਼ ਸੀ। (ਗ) ਗਵਰਨਰ ਜਨਰਲ ਨੂੰ ਹੋਰ ਪ੍ਰੈਜ਼ੀਡੈਂਸੀਆਂ ਉੱਤੇ ਪੂਰਾ ਅਧਿਕਾਰ ਨਹੀਂ ਦਿੱਤਾ ਗਿਆ।ਇਸੇ ਕਾਰਣ ਕਾਰਵਾਈ ਸਮੇਂ ਇਹ ਵਿਵਸਥਾ ਛਿੰਨ ਭਿੰਨ ਹੋ ਗਈ।

**ਅਧਿਨਿਯਮ ਦਾ ਮਹੱਤਵ (Importance of the Act)-** ਰੈਗੂਲੇਟਿੰਗ ਐਕਟ ਦੇ ਵਿਸ਼ੇ ਵਿੱਚ ਇਹ ਸਵੀਕਾਰ ਕਰਨਾ ਪਏਗਾ ਕਿ ਕਿਸੇ ਵੀ ਯੂਰਪੀ ਸ਼ਕਤੀ ਦੁਆਰਾ ਸੁਦੂਰ ਸੱਭਿਅ ਲੋਕਾਂ ਦੇ ਦੇਸ਼ ਵਿੱਚ ਪ੍ਰਸ਼ਾਸਨ ਕਰਣ ਦੀ ਇਹ ਪਹਿਲੀ ਕੋਸ਼ਿਸ਼ ਸੀ। ਉੱਤਰੀ ਅਮਰੀਕਾ ਅਜਿਹਾ ਦੇਸ਼ ਨਹੀਂ ਸੀ। ਇੱਥੇ ਯੂਰਪੀ ਲੋਕ ਹੀ ਰਹਿੰਦੇ ਸਨ ਅਤੇ ਇੱਥੇ ਯੂਰਪੀ ਸੰਸਥਾਵਾਂ ਨੂੰ ਲਾਗੂ

ਨੋਟ

ਕਰਨਾ ਅਤੇ ਚਲਾਓਣਾ ਬਹੁਤ ਸਰਲ ਸੀ। ਇਸੇ ਪ੍ਰਕਾਰ ਈਸਟ ਇੰਡੀਆ ਕੰਪਨੀ ਦੇ ਭਾਰਤੀ ਪ੍ਰਦੇਸ਼ ਦੱਖਣੀ ਅਮਰੀਕਾ ਦੀ ਤਰਾਂ ਨਹੀਂ ਸਨ ਜੋ ਕਿ ਇੱਕ ਅਵਿਕਸਿਤ ਦੇਸ਼ ਹੋਵੇ।ਇਸ ਪ੍ਰਕਾਰ ਰੈਗੂਲੇਟਿੰਗ ਐਕਟ ਇੱਕ ਅਣਜਾਣ ਸਮੁੰਦਰ ਵਿੱਚ ਕਿਸ਼ਤੀ ਚਲਾਚਣ ਦੀ ਤਰਾਂ ਸੀ। ਇਸ ਵਿੱਚ ਭਾਰਤ ਦੇ ਪ੍ਰਸ਼ਾਸਨ ਦਾ ਬਿਓਰਾ ਕੰਪਨੀ ਦੀ ਆਪਣੀ ਯੁਕਤੀਆਂ ਤੇ ਛੱਡ ਦਿੱਤਾ ਗਿਆ। ਇਸ ਦੁਆਰਾ ਬੰਗਾਲ, ਮਦਰਾਸ ਅਤੇ ਬੰਬਈ ਵਿੱਚ ਇੱਕ ਇਮਾਨਦਾਰ ਅਤੇ ਕੁਸ਼ਲ ਪ੍ਰਭੂਸੱਤਾ ਸਕਾਪਿਤ ਕਰਣ ਦੀ ਕੋਸ਼ਿਸ਼ ਕੀਤੀ ਗਈ। ਕੰਪਨੀ ਦੇ ਅਧਿਕਾਰੀ ਆਪਣੀ ਸ਼ਕਤੀਆਂ ਦਾ ਦੁਰਉਪਯੋਗ ਨਾ ਕਰ ਸਕਣ, ਇਸ ਉਦੇਸ਼ ਨਾਲ ਕਲਕੱਤੇ ਵਿੱਚ ਇੱਕ ਉੱਚ ਨਿਆਲਾ ਵੀ ਸਥਾਪਿਤ ਕਰ ਦਿੱਤਾ ਗਿਆ। ਇੰਗਲੈਂਡ ਵਿੱਚ ਕੋਈ ਵੀ ਸਰਕਾਰੀ ਅਧਿਕਾਰੀ ਕਾਨੂੰਨ ਦੇ ਘੇਰੇ ਤੋਂ ਬਾਹਰ ਨਹੀਂ ਸੀ ਅਤੇ ਓਹ ਆਪਣੇ ਕੰਮਾਂ ਦੇ ਲਈ ਸਾਧਾਰਣ ਨਿਆਲੇ ਵਿੱਚ ਉੱਤਰਦਾਈ ਸੀ। ਇਸ ਲਈ ਥੋੜੇ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਹ ਅਧਿਨਿਯਮ ਅਧਿਕ ਚੰਗਾ ਪ੍ਰਸ਼ਾਸਨ ਸਥਾਪਿਤ ਕਰਣ ਲਈ ਇੱਕ ਕੋਸ਼ਿਸ਼ ਸੀ ਪ੍ਰੰਤੂ ਕਿਓਂਕਿ ਸਮੱਸਿਆ ਦਾ ਪੂਰਾ ਗਿਆਨ ਨਹੀਂ ਸੀ ਅਤੇ ਇਹ ਅਧਿਨਿਯਮ ਅਗਿਆਨ ਵਿੱਚ ਬਣਾਇਆ ਗਿਆ ਇਸ ਲਈ ਪੂਰੀ ਤਰਾਂ ਅਸਫਲ ਰਿਹਾ ਅਤੇ ਇਸ ਨਾਲ ਵਾਰੇਨ ਹੇਸਟਿੰਗਜ਼ ਦੀ ਸਥਿਤੀ ਦ੍ਰਿੜ ਨਹੀਂ ਹੋਈ ਬਲਕਿ ਉਸਦੀਆਂ ਕਠਿਨਾਈਆਂ ਵਧ ਗਈਆਂ।

ਰੈਗੂਲੇਟਿੰਗ ਐਕਟ 11 ਸਾਲ ਤੱਕ ਚਲਦਾ ਰਿਹਾ। ਫਿਰ 1784 ਵਿੱਚ ਇਸ ਦੇ ਸਥਾਨ ਤੇ ਪਿਟ ਦਾ ਇੰਡੀਆ ਐਕਟ ਪਾਰਿਤ ਕੀਤਾ ਗਿਆ।ਵਾਰੇਨ ਹੇਸਟਿੰਗਜ਼ ਹੀ ਇੱਕ ਅਜਿਹਾ ਗਵਰਨਰ ਜਨਰਲ ਸੀ ਜਿਸਨੇ ਇਸ ਅਧਿਨਿਯਮ ਦੇ ਅਨੁਸਾਰ ਭਾਰਤ ਵਿੱਚ ਪ੍ਰਸ਼ਾਸਨ ਕੀਤਾ।

### ਪਿਟਸ ਦਾ ਇੰਡੀਆ ਐਕਟ (1784) (Pitt's India Act 1784)

**ਪਾਰਿਤ ਹੋਣ ਦੀਆ ਘਟਨਾਵਾਂ-** 1772 ਅਤੇ 1781 ਵਿੱਚ ਕੰਪਨੀ ਦੇ ਮਾਮਲਿਆਂ ਦੀ ਛਾਣਬੀਣ ਕਰਨ ਲਈ ਦੋਵੇਂ, ਇੱਕ ਪ੍ਰਵਰ ਸਮਿਤੀ ਅਤੇ ਇੱਕ ਗੁਪਤ ਸਮਿਤੀ ਨਿਯੁਕਤ ਕੀਤੀ ਗਈ। ਪ੍ਰਵਰ ਸਮਿਤੀ ਨੇ ਉੱਚਤਮ ਨਿਆਲੇ ਅਤੇ ਬੰਗਾਲ ਪਰਿਸ਼ਦ ਦੇ ਆਪਸੀ ਸੰਬੰਧਾਂ ਦੇ ਵਿਸ਼ੇ ਵਿੱਚ ਅਤੇ ਗੁਪਤ ਸਮਿਤੀ ਨੇ ਮਰਾਠਾ ਯੁੱਧ ਦੇ ਕਰਣਾਂ ਦੀ ਜਾਂਚ ਕੀਤੀ। ਭਾਰੀ ਭਰਕਮ ਰਿਪੋਰਟਾਂ ਦਾ ਕੰਪਨੀ ਦੇ ਆਲੋਚਕਾਂ ਨੇ ਸੰਸਦ ਦੇ ਵਾਦ ਵਿਵਾਦ ਵਿੱਚ ਖੁੱਲ ਕੇ ਪ੍ਰਯੋਗ ਕੀਤਾ। ਸੰਸਦ ਦਾ ਕੰਪਨੀ ਦੇ ਮਾਮਲਿਆਂ ਵਿੱਚ ਹਸਤਖੇਪ ਕਰਨਾ ਉਸ ਸਮੇਂ ਹੋਰ ਵੀ ਜ਼ਰੂਰੀ ਹੋ ਗਿਆ ਜਦੋਂ ਮਰਾਠਾ ਯੁੱਧ ਦੇ ਕਾਰਣ ਕੰਪਨੀ ਦੀਆਂ ਵਿੱਤੀ ਕਠਿਨਾਈਆਂ ਵਧ ਗਈਆਂ ਅਤੇ ਉਸਨੇ 10 ਲੱਖ ਪੌਂਡ ਦਾ ਇੱਕ ਹੋਰ ਕਰਜ਼ਾ ਮੰਗਿਆ। ਗੁਪਤ ਸਮਿਤੀ ਦੇ ਅਧਿਅਕਸ਼ ਡੰਡਾਸ ਦੁਆਰਾ ਪ੍ਰਸਤੁਤ ਵਿਧੇਅਕ ਅਸਵੀਕਾਰ ਕਰ ਦਿੱਤਾ ਗਿਆ। ਇਸ ਤੇ ਫਾਕਸ ਨੇ ਇੰਡੀਆ ਬਿਲ India Bill ਪ੍ਰਸਤੁਤ ਕੀਤਾ। ਵਾਸਤਵ ਵਿੱਚ ਇਹ ਬਿਲ ਬਰਕ ਅਤੇ ਫਿਲਿਪ ਫ੍ਰਾਂਸਿਸ ਨੇ ਹੀ ਤਿਆਰ ਕੀਤਾ ਸੀ। ਇਸ ਦੇ ਅਨੁਸਾਰ ਕੰਪਨੀ ਦੀ ਰਾਜਨੀਤਿਕ ਅਤੇ ਸੈਨਿਕ ਸ਼ਕਤੀ ਸੱਤ ਆਯੁਕਤਾਂ ਦੇ ਬੋਰਡ ਨੂੰ ਸੌਂਪੀ ਜਾਣੀ ਸੀ ਅਤੇ ਵਪਾਰਕ ਕੰਮ ਓਹਨਾ ਦੇ ਅਧੀਨ 9 ਉਪਨਿਦੇਸ਼ਕਾਂ ਨੂੰ। ਜੇਕਰ ਇਹ ਬਿਲ ਪਾਰਿਤ ਹੋ ਜਾਂਦਾ ਤਾਂ ਕੰਪਨੀ ਇੱਕ ਰਾਜਨੀਤਿਕ ਸ਼ਕਤੀ ਦੇ ਰੂਪ ਵਿੱਚ ਖਤਮ ਹੋ ਜਾਂਦੀ। ਇਹ ਬਿਲ ਹਾਊਸ ਓਫ ਕਾਮਨਜ਼ ਵਿੱਚ ਪਾਰਿਤ ਹੋ ਗਿਆ ਪ੍ਰੰਤੂ ਹਾਊਸ ਓਫ ਲਾਰਡਜ਼ ਵਿੱਚ ਪਾਰਿਤ ਨਹੀਂ ਹੋ ਸਕਿਆ। ਨਾਰਡ ਲਾਰਥ ਅਤੇ ਫਾਕਸ ਦੀ ਮਿਲੀ ਜੁਲੀ ਸਰਕਾਰ ਨੂੰ ਤਿਆਗ ਪੱਤਰ ਦੇਣਾ ਪਿਆ।ਇਹ ਪਹਿਲਾ ਅਤੇ ਆਖਰੀ ਮੌਕਾ ਜਦੋਂ ਅੰਗਰੇਜੀ ਸਰਕਾਰ ਭਾਰਤੀ ਮਾਮਲੇ ਤੇ ਟੁੱਟ ਗਈ। ਜਨਵਰੀ 1784 ਵਿੱਚ ਪਿਟ ਪ੍ਰਧਾਨਮੰਤਰੀ ਬਣਿਆ।ਉਸਨੇ ਇੱਕ ਨਵਾਂ ਵਿਧੇਅਕ ਪ੍ਰਸਤੁਤ ਕੀਤਾ।ਦੂਜਾ ਪਠਨ ਵੀ ਹੋ ਗਿਆ ਪ੍ਰੰਤੂ ਜਲਦੀ ਹੀ ਮੰਤਰੀਮੰਡਲ ਟੁੱਟ ਗਿਆ।ਨਵੀਂ ਸੰਸਦ ਮਈ 1784 ਵਿੱਚ ਗਠਿਤ ਹੋਈ। ਇਹੀ ਪੁਰਾਣਾ ਜਨਵਰੀ ਦੀ ਸੰਸਦ ਵਾਲਾ ਵਿਧੇਅਕ ਕਾਮਨਜ਼ ਸਭਾ ਵਿੱਚ ਜੁਲਾਈ 1784 ਵਿੱਚ ਅਤੇ ਲਾਰਡਜ਼ ਵਿੱਚ ਅਗਸਤ ਮਹੀਨੇ ਵਿੱਚ ਪਾਰਿਤ ਹੋਇਆ। ਫਾਕਸ ਦਾ ਇਹ ਕਥਨ ਸੀ ਕਿ ਉਸਦਾ ਬਿਲ ਜ਼ਿਆਦਾ ਉੱਤਮ ਸੀ।ਪਿਟ ਨੇ ਇੱਕ ਹੋਰ ਸਾਵਧਾਨੀ ਪ੍ਰਯੋਗ ਕੀਤੀ ਸੀ ਕਿ ਇਸ ਵਿਧੇਅਕ ਲਈ ਕੰਪਨੀ ਦੀ ਸਵੀਕ੍ਰਿਤੀ ਪਹਿਲਾਂ ਹੀ ਲੈ ਲਈ ਸੀ ਅਤੇ ਇਸ ਤਰਾਂ ਵਿਧੇਅਕ ਦੇ ਵਿਰੋਧ ਨੂੰ ਪਹਿਲਾਂ ਹੀ ਖਤਮ ਕਰ ਦਿੱਤਾ ਗਿਆ ਸੀ। ਅਸਲ ਵਿੱਚ ਫਾਕਸ ਅਤੇ ਪਿਟ ਦੇ ਵਿਧੇਅਕ ਲਗਭਗ ਇੱਕ ਤਰਾਂ ਦੇ ਹੀ ਸਨ। ਭਿੰਨਤਾ ਕੇਵਲ ਇਹ ਸੀ ਕਿ ਫਾਕਸ ਦੇ ਬਿਲ ਵਿੱਚ ਕੰਪਨੀ ਸੰਰਕਸ਼ਣ ਨੂੰ ਖਤਮ ਕਰ ਦਿੱਤਾ ਗਿਆ ਸੀ ਜਦੋਂ ਕਿ ਇਸ ਵਿੱਚ ਜਾਰੀ ਰੱਖਿਆ ਗਿਆ ਸੀ।

ਨੋਟਸ ਪਿਟ ਨੇ ਆਪ ਵੀ ਇਸ ਵਿਸ਼ੇ ਵਿੱਚ ਕਿਹਾ ਸੀ ਕਿ "ਫਾਕਸ ਦੇ ਵਿਧੇਅਕ ਨਾਲ ਵਿਅਕਤੀਆਂ ਨੂੰ ਸਥਾਈਪਣ ਮਿਲਨਾ ਸੀ, ਮੇਰੇ ਵਿਧੇਅਕ ਨਾਲ ਇੱਕ ਪ੍ਰਣਾਲੀ ਨੂੰ ਸਥਾਈਪਣ ਮਿਲਿਆ।

**ਅਧਿਨਿਯਮ ਦੀਆਂ ਧਾਰਾਵਾਂ-** 1784 ਦੇ ਅਧਿਨਿਯਮ ਨਾਲ ਕੰਪਨੀ ਦੇ ਲੰਦਨ ਸਥਿਤ ਪ੍ਰਸ਼ਾਸਨ ਵਿੱਚ ਪਰਿਵਰਤਨ ਆਇਆ। ਇਸ ਨਾਲ ਸਰਕਾਰ ਦਾ ਕੰਪਨੀ ਦੇ ਮਾਮਲਿਆਂ ਵਿੱਚ ਨਿਯੰਤਰਣ ਵਧ ਗਿਆ, ਚਾਹੇ ਕੰਪਨੀ ਦੇ ਵਪਾਰ ਨੂੰ ਅਛੂਤਾ ਛੱਡ ਦਿੱਤਾ ਗਿਆ। ਪ੍ਰੰਤੂ ਸਾਰੇ ਸੈਨਿਕ, ਅਸੈਨਿਕ ਅਤੇ ਰਾਜਸਵ ਸੰਬੰਧੀ ਮਾਮਲਿਆਂ ਨੂੰ ਇੱਕ ਨਿਯੰਤਰਣ ਬੋਰਡ ਦੇ ਅਧੀਨ

ਨੋਟ

ਕਰ ਦਿੱਤਾ ਗਿਆ ਜਿਸ ਵਿੱਚ ਇੱਕ ਚਾਂਸਲਰ ਓਫ ਐਕਸਚੈਕਰ, ਇੱਕ ਰਾਜ ਸਚਿਵ ਅਤੇ ਉਸ ਦੇ ਦੁਆਰਾ ਨਿਯੁਕਤ ਕੀਤੇ ਹੋਏ 4 ਪ੍ਰੀਵੀ ਕੌਂਸਲ ਦੇ ਮੈਂਬਰ ਹੁੰਦੇ ਸਨ। ਤਿੰਨ ਡਾਇਰੈਕਟਰਾਂ ਦੀ ਇੱਕ ਗੁਪਤ ਸਮਿਤੀ ਦੁਆਰਾ ਬੋਰਡ ਦੇ ਸਾਰੇ ਮੁੱਖ ਆਦੇਸ਼ ਭਾਰਤ ਭੇਜੇ ਜਾਂਦੇ ਸਨ। ਸਵਾਮੀਆਂ ਦੇ ਅਧਿਕਰਣ ਨੂੰ ਇਹ ਅਧਿਕਾਰ ਨਹੀਂ ਰਿਹਾ ਕਿ ਡਾਇਰੈਕਟਰਾਂ ਦਾ ਜੋ ਆਦੇ ਸ਼ ਨਿਯੰਤਰਣ ਬੋਰਡ ਦੁਆਰਾ ਸਵੀਕਾਰ ਕਰ ਲਿਆ ਗਿਆ ਹੋਵੇ, ਉਸ ਨੂੰ ਓਹ ਰੱਦ, ਨਿਲੰਬਿਤ ਜਾਂ ਖਤਮ ਕਰ ਸਕੇ।

ਭਾਰਤ ਵਿੱਚ ਪ੍ਰਸ਼ਾਸਨ ਗਵਰਨਰ ਜਨਰਲ ਅਤੇ ਉਸਦੀ ਚਾਰ ਦੀ ਥਾਂ ਤਿੰਨ ਮੈਂਬਰਾਂ ਵਾਲੀ ਪਰਿਸ਼ਦ ਦੇ ਹੱਥਾਂ ਵਿੱਚ ਦੇ ਦਿੱਤਾ ਗਿਆ। ਗਵਰਨਰ ਜਨਰਲ ਨੂੰ ਹੁਣ ਵੀ ਬਹੁਮਤ ਦੇ ਆਦੇਸ਼ ਤੇ ਕੰਮ ਕਰਨਾ ਹੁੰਦਾ ਸੀ ਪ੍ਰੰਤੂ ਹੁਣ ਮੈਂਬਰ ਸੰਖਿਆ ਤਿੰਨ ਹੋਣ ਦੇ ਕਾਰਣ ਜੇ ਕਰ ਇੱਕ ਵੀ ਪਾਰਸ਼ਦ ਉਸ ਵੱਲ ਹੁੰਦਾ ਤਾਂ ਓਹ ਆਪਣੇ ਨਿਰਣਾਇਕ ਮਤ ਦਾ ਪ੍ਰਯੋਗ ਕਰਕੇ ਆਪਣੀ ਗੱਲ ਮੰਨਵਾ ਸਕਦਾ ਸੀ। ਇਸ ਤੋਂ ਜ਼ਿਆਦਾ ਇਸ ਅਧਿਨਿਯਮ ਵਿੱਚ ਕੁਝ ਨਹੀਂ ਕੀਤਾ ਗਿਆ। ਇਹ ਕਮੀ 1793 ਵਿੱਚ ਦੂਰ ਕੀਤੀ ਗਈ ਜਦੋਂ ਗਵਰਨਰ ਜਨਰਲ ਨੂੰ ਪਰਿਸ਼ਦ ਬਹੁਮਤ ਦੀ ਅਣਦੇਖੀ ਕਰਣ ਅਤੇ ਮਤ ਨੂੰ ਰੱਦ ਕਰਣ ਦਾ ਅਧਿਕਾਰ ਦਿੱਤਾ ਗਿਆ। ਇਸ ਅਧਿਨਿਯਮ ਦੇ ਅਨੁਸਾਰ ਬੰਬਈ ਅਤੇ ਮਦਰਾਸ ਪ੍ਰੇਜ਼ੀਡੈਂਸੀਆਂ ਵੀ ਗਵਰਨਰ ਜਨਰਲ ਅਤੇ ਉਸਦੀ ਪਰਿਸ਼ਦ ਦੇ ਅਧੀਨ ਕਰ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਇਹ ਵੀ ਨਿਸ਼ਚਾ ਕੀਤਾ ਗਿਆ ਕਿ ਭਵਿੱਖ ਵਿੱਚ ਕੇਵਲ ਸੰਸ਼ਰਾਵਿਤ ਸੇਵਕ ਹੀ ਗਵਰਨਰ ਜਨਰਲ ਦੀ ਪਰਿਸ਼ਦ ਦੇ ਮੈਂਬਰ ਨਿਯੁਕਤ ਕੀਤੇ ਜਾਣਗੇ। ਸ਼ਾਹਰ ਦੇ ਲੋਕਾਂ ਨੂੰ ਇਹਨਾਂ ਪਦਾਂ ਤੇ ਨਿਯੁਕਤ ਕਰਣ ਦੀ ਕੋਸ਼ਿਸ਼ ਸਫਲ ਨਹੀਂ ਹੋਈ।

**ਅਧਿਨਿਯਮ ਉੱਤੇ ਵਿਚਾਰ (Observations on the Act)-** ਇਸ ਅਧਿਨਿਯਮ ਦੁਆਰਾ ਕੰਪਨੀ ਦੇ ਸੰਵਿਧਾਨ ਵਿੱਚ ਦੋ ਮੁੱਖ ਪਰਿਵਰਤਨ ਆਏ । ਪਹਿਲਾ ਇਹ ਕਿ ਇੰਗਲੈਂਡ ਵਿੱਚ ਸਰਕਾਰ ਦਾ ਇੱਕ ਵਿਭਾਗ ਬਣਾਇਆ ਗਿਆ ਜਿਸ ਨੂੰ ਨਿਯੰਤਰਣ ਬੋਰਡ ਕਹਿੰਦੇ ਸਨ ਅਤੇ ਜਿਸ ਦਾ ਮੁੱਖ ਕੰਮ ਡਾਇਰੈਕਟਰਜ਼ ਦੀ ਨੀਤੀ ਨੂੰ ਨਿਯੰਤਰਿਤ ਕਰਨਾ ਸੀ ਅਤੇ ਇਸ ਪ੍ਰਕਾਰ ਸ਼ਾਸਨ ਦੀ ਹੀ ਦੁਹਰੀ ਪ੍ਰਣਾਲੀ, ਇੱਕ ਕੰਪਨੀ ਦੁਆਰਾ ਅਤੇ ਦੂਜੀ ਇੱਕ ਸੰਸਦੀ ਬੋਰਡ ਦੁਆਰਾ ਬਣਾ ਦਿੱਤੀ ਗਈ ਅਤੇ ਇਹ 1858 ਤੱਕ ਚਲਦੀ ਰਹੀ। ਨਿਯੰਤਰਣ ਬੋਰਡ ਨੂੰ ਪ੍ਰਸ਼ਾਸਨ ਦਾ ਸੁਤੰਤਰ ਅਧਿਕਾਰ ਨਹੀਂ ਸੀ। ਇਸ ਦੇ ਕੋਲ ਕੋਈ ਸੰਰਕਸ਼ਣ ਵੀ ਨਹੀਂ ਸੀ। ਇਸ ਦੀ ਸ਼ਕਤੀ ਆਵਰਣ ਵਿੱਚ ਸੀ। ਇਸ ਨੂੰ ਕੰਪਨੀ ਦੇ ਸਾਰੇ ਕਾਗ਼ਜ਼ਾਤ ਦੇਖਣ ਦਾ ਅਧਿਕਾਰ ਸੀ ਅਤੇ ਕੇ ਵਲ ਵਪਾਰਕ ਆਦੇਸ਼ਾਂ ਨੂੰ ਛੱਡ ਕੇ, ਬਾਕੀ ਸਾਰੇ ਆਦੇਸ਼ਾਂ ਉੱਤੇ ਇਸ ਦੀ ਸਵੀਕ੍ਰਿਤੀ ਜ਼ਰੂਰੀ ਸੀ। ਅਤੇ ਜ਼ਰੂਰਤ ਪੈਣ ਤੇ ਨਿਯੰਤਰਣ ਬੋਰਡ ਆਪਣਾ ਆਦੇਸ਼ ਡਾਇਰੈਕਟਰਾਂ ਦੀ ਗੁਪਤ ਸਮਿਤੀ ਨੂੰ ਭੇਜ ਸਕਦਾ ਸੀ ਅਤੇ ਉਸ ਨੂੰ ਡਾਇਰੈਕਟਰਾਂ ਨੂੰ ਹਸਤਾਖਰ ਕਰ ਕੇ ਭਾਰਤ ਭੇਜਣਾ ਹੁੰਦਾ ਸੀ। ਇਸ ਤਰਾਂ ਭਾਰਤ ਵਿੱਚ ਕੰਪਨੀ ਦਾ ਸਾਰਾ ਸੈਨਿਕ ਅਤੇ ਅਸੈਨਿਕ ਪ੍ਰਸ਼ਾਸਨ ਅੰਗਰੇ ਜੀ ਸਰਕਾਰ ਦੇ ਅਧੀਨ ਹੋ ਗਿਆ ਸੀ। ਡਾਇਰੈਕਟਰਾਂ ਦੇ ਬੋਰਡ ਨੂੰ ਆਪਣੇ ਸੰਰਕਸ਼ਣ ਦਾ ਪੂਰਾ ਅਧਿਕਾਰ ਸੀ। ਅਤੇ ਓਹਨਾਂ ਨੂੰ ਆਪਣੇ ਪਦ-ਅਧਿਕਾਰੀਆਂ ਦੀ ਪਦ-ਉੱਨਤੀ ਕਰਣ ਦਾ ਵੀ ਪੂਰਾ ਅਧਿਕਾਰ ਸੀ। ਇਸ ਬੋਰਡ ਦਾ ਅਧਿਅਕਸ਼ ਆਰੰਭਿਕ ਕਾਲ ਵਿੱਚ ਇੱਕ ਰਾਜ ਸਚਿਵ ਹੁੰਦਾ ਸੀ ਅਤੇ ਉਸ ਨੂੰ ਕੋਈ ਵਿਸ਼ੇਸ਼ ਵੇਤਨ ਨਹੀਂ ਮਿਲਦਾ ਸੀ। ਪ੍ਰੰਤੂ 1793 ਤੋਂ ਬਾਅਦ ਸਵੇਤਨ ਅਧਿਅਕਸ਼ ਨਿਯੁਕਤ ਹੋ ਗਿਆ ਅਤੇ ਇਹ ਅਧਿਕਾਰੀ ਭਾਰਤੀ ਸ਼ਾਸਨ ਲਈ 1856 ਤੱਕ ਉੱਤਰਦਾਈ ਰਿਹਾ ਜਦੋਂ ਇਸ ਦੇ ਸਥਾਪਨ ਤੇ ਭਾਰਤੀ ਰਾਜ ਸਚਿਵ ਦੀ ਨਿਯੁਕਤੀ ਹੋ ਗਈ। ਇਸ ਤਰਾਂ ਅਸੀਂ ਕਹਿ ਸਕਦੇ ਹਾਂ ਕਿ ਪਿਟਸ ਦੇ ਇੰਡੀਆ ਐਕਟ ਨੇ ਕੰਪਨੀ ਅਤੇ ਭਾਰਤੀ ਪ੍ਰਸ਼ਾਸਨ ਦਾ 1858 ਤੱਕ ਚੱਲਣ ਵਾਲਾ ਮੂਲਭੂਤ ਆਧਾਰ ਨਿਸ਼ਚਿਤ ਕੀਤਾ। ਦੂਜੇ ਇਸ ਅਧਿਨਿਯਮ ਦੇ ਕਾਰਜਕਾਰੀ ਪਾਰਸ਼ਦਾਂ ਦੀ ਸੰਖਿਆ ਤਿੰਨ ਹੀ ਰਹਿ ਗਈ ਜਿਸ ਵਿੱਚ ਮੁੱਖ ਸੈਨਾਪਤੀ ਇਕ ਸੀ। ਬੰਬਈ ਅਤੇ ਮਦਰਾਸ ਦੀ ਪਰਿਸ਼ਦਾਂ ਦਾ ਗਠਨ ਵੀ ਬੰਗਾਲ ਦੇ ਨਮੂਨੇ ਤੇ ਹੀ ਕੀਤਾ ਗਿਆ।

ਪ੍ਰੰਤੂ ਇਸ ਅਧਿਨਯਮ ਦੀ ਸਭ ਤੋਂ ਮਹੱਤਵਪੂਰਣ ਧਾਰਾ ਇਹ ਸੀ ਕਿ ਇਸ ਦੇ ਦੁਆਰਾ ਭਾਰਤ ਵਿੱਚ ਆਕਰਾਮਕ ਯੁੱਧਾਂ ਨੂੰ ਨਾ ਕੇਵਲ ਖਤਮ ਕਰ ਦਿੱਤਾ ਗਿਆ ਬਲਕਿ ਜੋ ਪ੍ਰਤਿਆਭੂਤੀ ਦੀਆਂ ਸੰਧੀਆਂ ਕਰਨਾਟਕ ਅਤੇ ਅਵਧ ਦੇ ਰਾਜਿਆਂ ਨਾਲ ਕੀਤੀਆਂ ਗਈਆਂ ਸਨ, ਓਹਨਾਂ ਨੂੰ ਵੀ ਖਤਮ ਕਰ ਦਿੱਤਾ ਗਿਆ ਅਤੇ ਕਿਹਾ ਗਿਆ ਕਿ "ਜਿੱਤ ਦੀਆਂ ਯੋਜਨਾਵਾਂ ਅਤੇ ਭਾਰਤ ਵਿੱਚ ਸਾਮਰਾਜ ਦਾ ਵਿਸਤਾਰ ਇਸ ਰਾਸ਼ਟਰ ਦੀ ਇੱਛਾ, ਇੱਜ਼ਤ ਅਤੇ ਨੀਤੀ ਦੇ ਵਿਰੁੱਧ ਹੈ।" ਪ੍ਰੰਤੂ ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਇਸ ਆਦੇਸ਼ ਦਾ ਅਨੁਸਰਣ ਵਿਪਰੀਤ ਦਿਸ਼ਾ ਜ਼ਿਆਦਾ ਕੀਤਾ ਗਿਆ। ਵਾਸਤਵ ਵਿੱਚ ਇਹ ਅਧਿਨਿਯਮ ਬਹੁਤ ਹੀ ਦਕਸ਼ ਉਪਾਅ ਸੀ, ਜਿਸ ਵਿੱਚ ਰਾਜਨੀਤਿਕ ਸਮਝੌਤੇ ਦੇ ਸਾਰੇ ਲੱਛਣ ਸਨ। ਬਰਕ ਨੇ ਇਸ ਵਿਸ਼ੇ ਵਿੱਚ ਕਿਹਾ ਸੀ ਕਿ "ਆਪਣੇ ਉਦੇਸ਼ ਦੀ ਪੂਰਤੀ ਲਈ ਇਹ ਇੱਕ ਅਜਿਹਾ ਚੰਗਾ ਅਤੇ ਦਕਸ਼ ਉਪਾਅ ਹੈ ਜਿਨਾਂ ਕਿ ਕੋਈ ਮਾਨਵ ਬਣਾ ਸਕਦਾ ਹੈ।"

## 2.4 ਸਾਰ ਅੰਸ਼ (Summary)

- ਲਾਰਡ ਹੇਸਟਿੰਗਜ਼ ਤੋਂ ਬਾਅਦ ਕੰਪਨੀ ਦਾ ਰਿਆਸਤਾਂ ਦੇ ਅੰਦਰੂਨੀ ਪ੍ਰਸ਼ਾਸਨ ਵਿੱਚ ਪ੍ਰਭਾਵ ਵਧਣਾ ਸ਼ੁਰੂ ਹੋ ਗਿਆ। ਸ਼ੁਰੂ ਵਿੱਚ ਬ੍ਰਿਟਿਸ਼ ਰੈਜ਼ੀਡੈਂਟ ਕੰਪਨੀ ਅਤੇ ਰਿਆਸਤਾਂ ਵਿੱਚ ਸੰਪਰਕ ਦਾ ਸਾਧਨ ਸੀ ਪ੍ਰੰਤੂ ਹੋਲ਼ੀ ਹੋਲ਼ੀ ਉਸਦਾ ਪ੍ਰਭਾਵ ਅੰਦਰੂਨੀ ਪ੍ਰਸ਼ਾਸਨ ਵਿੱਚ ਵੀ ਵਧਣ ਲੱਗਾ। ਜਿਵੇਂ ਜਿਵੇਂ ਕੰਪਨੀ ਦੀ ਸਰਵਸ਼ਰੇਸ਼ਠਤਾ ਵਧਦੀ ਗਈ ਉਸਦੇ ਏਜੰਟਾਂ ਦੀ ਤਾਕਤ ਵੀ ਵਧਦੀ ਗਈ ਅਤੇ ਓਹ ਇੱਕ ਵਿਦੇਸ਼ੀ ਸ਼ਕਤੀ ਦੇ ਦੂਤ ਦੀ ਥਾਂ ਇੱਕ ਅਧਿਕ ਤਾਕਤਵਰ ਸਰਕਾਰ ਦੇ ਨਿਯੰਤਰਣ ਅਧਿਕਾਰੀ ਦੇ ਰੂਪ ਵਿੱਚ ਕੰਮ ਕਰਨ ਲੱਗੇ।

ਨੋਟ

- 1833 ਦੇ ਚਾਰਟਰ ਐਕਟ ਦੇ ਅਨੁਸਾਰ ਕੰਪਨੀ ਦਾ ਸਰੂਪ ਹੀ ਬਦਲ ਗਿਆ। ਕੰਪਨੀ ਨੂੰ ਆਪਣਾ ਵਪਾਰ ਬੰਦ ਕਰਣ ਦੀ ਆਗਿਆ ਹੋਈ ਅਤੇ ਹੁਣ ਉਸਨੂੰ ਕੇਵਲ ਰਾਜਨੀਤਿਕ ਕੰਮ ਹੀ ਕਰਨਾ ਸੀ। ਰਿਆਸਤਾਂ ਦੇ ਪ੍ਰਤੀ ਨੀਤੀ ਵਿੱਚ ਇੱਕ ਮਹੱਤਵਪੂਰਣ ਪਰਿਵਰਤਨ ਇਹ ਕੀਤਾ ਗਿਆ ਕਿ ਓਹਨਾਂ ਨੂੰ ਹੁਣ ਉੱਤਰਾਧਿਕਾਰ ਦੇ ਪ੍ਰਸ਼ਨਾਂ ਤੇ ਕੰਪਨੀ ਦੀ ਪੂਰਵ ਆਗਿਆ ਪ੍ਰਾਪਤ ਕਰਨੀ ਹੋਵੇਗੀ। ਉਸ ਤੋਂ ਬਾਅਦ ਕੰਪਨੀ ਨੇ ਓਹਨਾਂ ਦੇ ਮੰਤਰੀਆਂ ਦੀ ਨਿਯੁਕਤੀ ਵਿੱਚ ਵੀ ਹਸਤਖੇਪ ਕਰਨਾ ਸ਼ੁਰੂ ਕਰ ਦਿੱਤਾ।
- 1818 ਵਿੱਚ ਕੰਪਨੀ ਦੀ ਨਿਰਵਿਵਾਦ ਰੂਪ ਨਾਲ ਸਰਵਸ਼ਰੇਸ਼ਠਤਾ ਸਥਾਪਿਤ ਹੋ ਜਾਣ ਤੇ ਵੀ ਕੰਪਨੀ ਦੀ ਰਿਆਸਤਾਂ ਦੇ ਪ੍ਰਤੀ ਨੀਤੀ, ਪੂਰੀ ਤਰਾਂ "ਅਵਿਵਸਥਿਤ, ਅਸਪਸ਼ਟ ਅਤੇ ਪਰਸਪਰ ਵਿਰੋਧੀ" ਹੀ ਸੀ।
- "ਕੰਪਨੀ ਨੂੰ ਸੰਧੀ ਦੀ ਸ਼ਰਤਾਂ ਤੋਂ ਪ੍ਰਾਪਤ ਅਧਿਕਾਰਾਂ ਤੋਂ ਇਲਾਵਾ, ਇੱਕ ਪਾਸੇ ਜ਼ਿਆਦਾ ਤਾਕਤਵਰ ਅਤੇ ਦੂਜੇ ਪਾਸੇ ਅਣਮਣੇ ਢੰਗ ਨਾਲ ਚੁੱਪਚਾਪ ਸਵੀਕ੍ਰਿਤੀ ਦੇਣ ਵਾਲੀਆਂ ਵਿਨੀਤ ਸ਼ਕਤੀਆਂ ਉੱਭਰ ਰਹੀਆਂ ਸਨ ਅਤੇ ਉੱਤਰਾਧਿਕਾਰ ਅਤੇ ਅੰਦਰੂਨੀ ਪ੍ਰਸ਼ਾਸਨ ਦੇ ਮਾਮਲਿਆਂ ਵਿੱਚ ਹਸਤਖੇਪ ਕਰਣ ਦੇ ਅਨੇਕ ਪੂਰਵ ਉਦਾਹਰਣ ਆਰੰਭ ਕਰ ਦਿੱਤੇ। ਇਨਾਂ ਸਭ ਦਾ ਮਿਸ਼ਰਣ ਹੀ ਕੰਪਨੀ ਦੀ ਸਰਵਸ਼ਰੇਸ਼ਠਤਾ ਸੀ; ਇਹ ਸਰਵਸ਼ਰੇਸ਼ਠਤਾ ਜੋ ਕਿ ਅਨਿਸ਼ਚਿਤ ਅਤੇ ਅਪਰਿਭਾਸ਼ਿਕ ਸੀ ਅਤੇ ਜਿਸਦਾ ਰਾਜਨੀਤਿਕ ਪਰਿਸਥਿਤੀਆਂ ਦੇ ਸ਼ਕਤੀਸ਼ਾਲੀ ਦਬਾਵ ਦੇ ਕਾਰਣ ਸਦੈਵ ਪ੍ਰਸਾਰ ਹੁੰਦਾ ਰਹਿੰਦਾ ਸੀ।"
- 1774 ਈ. ਵਿੱਚ ਕਲਕੱਤਾ ਵਿੱਚ ਇੱਕ ਸੁਪਰੀਮ ਕੋਰਟ ਦੀ ਸਥਾਪਨਾ ਕੀਤੀ ਗਈ। ਇਸ ਦਾ ਮੁੱਖ ਨਿਆਅਧੀਸ਼ ਇੰਪੇ ਸੀ। ਇਸ ਦੇ ਤਿੰਨ ਹੋਰ ਨਿਅਧੀਸ਼ ਚੈਂਬਰਜ਼, ਲਿਮੈਸਟਰ ਅਤੇ ਹਾਈਟ ਸਨ। ਇਸ ਤਰਾਂ ਭਾਰਤ ਵਿੱਚ ਨਿਆਇਕ ਸੇਵਾ ਦਾ ਜਨਮਦਾਤਾ ਵਾਰੇਨ ਹੇਸਟਿੰਗਜ਼ ਸੀ।
- ਕਾਰਨਵਾਲਿਸ ਭਾਰਤ ਵਿੱਚ ਸਿਵਿਲ ਸੇਵਾ ਦਾ ਜਨਮਦਾਤਾ ਸੀ। ਇਸ ਸੇਵਾ ਵਿੱਚ 1953 ਈ. ਤੋਂ ਪ੍ਰਤੀਯੋਗਤਾਤਮਕ ਪ੍ਰੀਖਿਆ ਹੋਣ ਲੱਗੀ। ਇਹ ਸ਼ੁਰੂ ਵਿੱਚ ਇੰਗਲੈਂਡ ਵਿੱਚ ਹੁੰਦੀ ਸੀ। ਪ੍ਰੰਤੂ 1923 ਈ. ਤੋਂ ਇਹ ਭਾਰਤ ਵਿੱਚ ਹੋਣ ਲੱਗੀ। 1863 ਈ. ਵਿੱਚ ਪਹਿਲੇ ਭਾਰਤੀ ਆਈ. ਸੀ. ਐਸ. ਸਤੇਂਦ੍ਰ ਨਾਥ ਟੈਗੋਰ ਸਨ।
- ਭਾਰਤ ਵਿੱਚ ਬ੍ਰਿਟਿਸ਼ ਪ੍ਰਭੁਸੱਤਾ ਲਾਰਡ ਹੇਸਟਿੰਗਜ਼ ਦੇ ਸਮੇਂ ਸਥਾਪਿਤ ਹ0ਈ।
- ਚੀਤੂ ਨੂੰ ਅਸੀਰਗੜ ਦੇ ਜੰਗਲ ਵਿੱਚ ਚੀਤੇ ਨੇ ਖਾ ਲਿਆ। ਵਾਸਿਲ ਮੁਹੰਮਦ ਨੇ ਸਿੰਧੀਆ ਕੋਲ ਸ਼ਰਣ ਲਈ, ਇਸ ਨੂੰ ਸਿੰਧੀਆ ਨੇ ਅੰਗਰੇਜਾਂ ਨੂੰ ਸੌਂਪ ਦਿੱਤਾ। ਗਾਜ਼ੀਪੁਰ ਦੀ ਜੇਲ ਵਿੱਚ ਇਸ ਨੇ ਆਤਮਹੱਤਿਆ ਕਰ ਲਈ। ਕਰੀਮ ਖਾਂ ਨੇ ਮੈਲਕਮ ਦੇ ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਉਸ ਨੂੰ ਗੋਰਖਪੁਰ ਵਿੱਚ ਗੋਸ ਦੀ ਜਾਗੀਰ ਪ੍ਰਦਾਨ ਕੀਤੀ ਗਈ। ਅਮੀਰ ਖਾਂ ਨੂੰ ਭਰਤਪੁਰ ਵਿੱਚ ਟੋਂਕ ਦੀ ਜਾਗੀਰ ਦਿੱਤੀ ਗਈ। ਹੀਰੂ ਅਤੇ ਬੂਰਨ ਆਦਿ ਪਿੰਡਾਰੀ ਨੇਤਾ ਵੀ ਖਤਮ ਕਰ ਦਿੱਤੇ ਗਏ। 1824 ਈ. ਤੱਕ ਪਿੰਡਾਰੀਆਂ ਦਾ ਸਫਾਇਆ ਹੋ ਗਿਆ।
- 1806 ਈ. ਵਿੱਚ ਉਸਨੇ ਸੈਨਿਕਾਂ ਨੂੰ ਮੱਥੇ ਤੇ ਜਾਤੀ ਚਿੰਨ ਅਤੇ ਕੰਨਾ ਵਿੱਚ ਵਾਲੀਆਂ ਪਾਓਣ ਤੋਂ ਮਨਾ ਕਰ ਦਿੱਤਾ ਜਿਸ ਨਾਲ ਵੈਲੋਰ ਵਿੱਚ ਪਹਿਲਾ ਧਾਰਮਿਕ ਵਿਦਰੋਹ ਹੋਇਆ।
- 1835 ਈ. ਵਿੱਚ ਬੈਂਟਿੰਕ ਨੇ ਕਲਕੱਤਾ ਮੈਡੀਕਲ ਕਾਲੇਜ਼ ਦੀ ਨੀਂਹ ਰੱਖੀ।
- ਇਸ ਅਧਿਨਿਯਮ ਦੁਆਰਾ ਕੰਪਨੀ ਦੇ ਸੰਵਿਧਾਨ ਵਿੱਚ ਇੰਗਲੈਂਡ ਅਤੇ ਭਾਰਤ ਦੋਹਾਂ ਵਿੱਚ ਹੀ ਪਰਿਵਰਤਨ ਲਿਆਦੇ ਗਏ। ਇੰਗਲੈਂਡ ਵਿੱਚ ਸਵਾਮੀਆਂ ਦੇ ਅਧਿਕਰਣ ਵਿੱਚ ਵੋਟ ਦੇਣ ਦਾ ਅਧਿਕਾਰ ਸਿਰਫ ਓਹਨਾਂ ਲੋਕਾਂ ਨੂੰ ਦਿੱਤਾ ਗਿਆ ਜਿਹੜੇ ਚੁਨਾਵ ਵਿੱਚ ਘੱਟ ਤੋਂ ਘੱਟ ਇੱਕ ਸਾਲ ਪਹਿਲਾਂ ਤੱਕ ਇੱਕ ਹਜ਼ਾਰ ਪੌਂਡ ਦੇ ਸ਼ੇਅਰ ਦੇ ਸਵਾਮੀ ਰਹੇ ਹੋਣ। ਅਤੇ ਇਹ ਨਿਸ਼ਚਾ ਹੋਇਆ ਕਿ ਕੋਰਟ ਓਫ ਡਾਇਰੈਕਟਰਜ਼ 4 ਸਾਲ ਲਈ ਚੁਣਿਆ ਜਾਵੇਗਾ ਅਤੇ ਡਾਇਰੈਕਟਰਾਂ ਦੀ ਸੰਖਿਆ 24 ਹੋਵੇਗੀ ਜਿਸ ਵਿੱਚੋਂ 25% ਪ੍ਰਤੀ ਸਾਲਾਨਾ ਛੁੱਟੀ ਪ੍ਰਾਪਤ ਕਰਣਗੇ।
- ਬੰਗਾਲ ਵਿੱਚ ਇੱਕ ਪ੍ਰਸ਼ਾਸਨ ਮੰਡਲ ਬਦਾਇਆ ਗਿਆ ਜਿਸ ਵਿੱਚ ਗਵਰਨਰ ਜਨਰਲ (ਅਧਿਅਕਸ਼ ਦੇ ਰੂਪ ਵਿੱਚ) ਅਤੇ 4 ਪਾਰਸ਼ਦ ਨਿਯੁਕਤ ਕੀਤੇ ਗਏ। ਇਸ ਮੰਡਲ ਵਿੱਚ ਬਹੁਮਤ ਨਾਲ ਫੈਸਲੇ ਹੁੰਦੇ ਸਨ। ਅਤੇ ਅਧਿਅਕਸ਼ ਕੇਵਲ ਮਤ ਬਰਾਬਰ ਹੋਣ ਦੀ ਅਵਸਥਾ ਵਿੱਚ ਹੀ ਨਿਰਣਾਯਕ ਮਤ ਦਾ ਪ੍ਰਯੋਗ ਕਰ ਸਕਦਾ ਸੀ। ਕੋਰਮ ਜਾਂ ਗਣਪੂਰਤੀ ਤਿੰਨ ਦਾ ਸੀ। ਪਹਿਲਾ ਗਵਰਨਰ ਜਨਰਲ (ਵਾਰੇਨ ਹੇਸਟਿੰਗਜ਼) ਅਤੇ ਪਾਰਸ਼ਦ (ਫਿਲਿਪ ਫ੍ਰਾਂਸਿਸ, ਕਲੇਵਰਿੰਗ, ਮਾਨਸਨ ਅਤੇ ਬਰਵੈਲ) ਦਾ ਨਾਮ ਤਾਂ ਅਧਿੱਨਿਯਮ ਵਿੱਚ ਹੀ ਲਿਖ ਦਿੱਤਾ ਗਿਆ ਸੀ। ਇਹ ਲੋਕ 5 ਸਾਲ ਦੇ ਲਈ ਨਿਯੁਕਤ ਕੀਤੇ ਗਏ ਅਤੇ ਕੇਵਲ ਕੋਰਟ ਚਫ ਡਾਇਰੈਕਟਰਜ਼ ਦੀ ਸਿਫਾਰਿਸ਼ ਨਾਲ ਕੇਵਲ ਬ੍ਰਿਅਿਸ਼ ਸਮਰਾਟ ਦੁਆਰਾ ਹੀ ਹਟਾਏ ਜਾ ਸਕਦੇ ਸਨ। ਭਾਵੀ ਨਿਯੁਕਤੀਆਂ ਕੰਪਨੀ ਦੁਆਰਾ ਹੀ ਕੀਤੀਆਂ ਜਾਣੀਆਂ ਸਨ।
- ਅਧਿਨਿਯਮ ਵਿੱਚ ਇਸ ਗੱਲ ਦੀ ਵੀ ਵਿਵਸਥਾ ਸੀ ਕਿ ਕ੍ਰਾਊਨ ਆਗਿਆ ਪੱਤਰ ਦੁਆਰਾ ਇੱਕ ਸਰਵਉੱਚ ਅਤੇ ਤਿੱਨ ਛੋਟੇ ਜੱਜਾਂ ਵਾਲੇ ਇੱਕ ਸਰਵਉੱਚ ਨਿਆਲੇ ਦੀ ਸਥਾਪਨਾ ਕਰੇ। ਇਸ ਸਰਵਉੱਚ ਨਿਆਲੇ ਨੂੰ ਸਾਮ ਨਿਆਅ ਅਤੇ ਦੇਸ਼ ਵਿਧੀ ਦੇ ਨਿਆਲੇ ਅਤੇ ਧਾਰਮਿਕ ਨਿਆਲੇ ਦੇ ਰੂਪ ਵਿੱਚ ਕੰਮ ਕਰਨਾ ਸੀ।

ਨੋਟ

- ਅਧਿਨਿਯਮ ਨੇ ਗਵਰਨਰ ਜਨਰਲ ਤਾਂ ਨਿਯੁਕਤ ਕਰ ਦਿੱਤਾ ਕਰ ਦਿੱਤਾ ਪ੍ਰੰਤੂ ਉਸ ਤੇ ਇੱਕ ਪਰਿਸ਼ਦ ਲੱਦ ਦਿੱਤੀ ਜਿਸ ਨਾਲ ਇਹ ਪੂਰੀ ਤਰਾਂ ਅਸਹਾਯ ਹੋ ਗਿਆ। ਜਿਵੇਂ ਕਿ ਵਾਰੇਨ ਹੇਸਟਿੰਗਜ਼ ਦੇ ਨਾਲ (1774–1776 ਤੱਕ) ਅਧਿਨਿਯਮ ਨੇ ਨਿਆਲਾ ਤਾਂ ਸਥਾਪਿਤ ਕਰ ਦਿੱਤਾ ਪ੍ਰੰਤੂ ਉਸ ਨੂੰ ਕਿਸ ਕਾਨੂੰਨ ਦੇ ਅਨੁਸਾਰ ਚਲਣਾ ਹੈ (ਭਾਰਤੀ ਜਾਂ ਬ੍ਰਿਟਿਸ਼) ਇਹ ਨਿਸ਼ਚਿਤ ਨਹੀਂ ਸੀ ਅਤੇ ਨਾ ਹੀ ਪਰਿਸ਼ਦ ਅਤੇ ਨਿਆਲੇ ਦਾ ਅਧਿਕਾਰ ਖੇਤਰ ਨਿਸ਼ਚਿਤ ਕੀਤਾ ਗਿਆ।
- 1772 ਅਤੇ 1781 ਵਿੱਚ ਕੰਪਨੀ ਦੇ ਮਾਮਲਿਆਂ ਦੀ ਛਾਣਬੀਣ ਕਰਣ ਲਈ ਦੋਵੇਂ, ਇੱਕ ਪ੍ਰਵਰ ਸਮਿਤੀ ਅਤੇ ਇੱਕ ਗੁਪਤ ਸਮਿਤੀ ਨਿਯੁਕਤ ਕੀਤੀ ਗਈ। ਪ੍ਰਵਰ ਸਮਿਤੀ ਨੇ ਉੱਚਤਮ ਨਿਆਲੇ ਅਤੇ ਬੰਗਾਲ ਪਰਿਸ਼ਦ ਦੇ ਆਪਸੀ ਸੰਬੰਧਾਂ ਦੇ ਵਿਸ਼ੇ ਵਿੱਚ ਅਤੇ ਗੁਪਤ ਸਮਿਤੀ ਨੇ ਮਰਾਠਾ ਯੁੱਧ ਦੇ ਕਾਰਣਾਂ ਦੀ ਜਾਂਚ ਕੀਤੀ।
- ਜਨਵਰੀ 1784 ਵਿੱਚ ਪਿਟ ਪ੍ਰਧਾਨਮੰਤਰੀ ਬਣਿਆ।ਉਸਨੇ ਇੱਕ ਨਵਾਂ ਵਿਧੇਅਕ ਪ੍ਰਸਤੁਤ ਕੀਤਾ।ਦੂਜਾ ਪਠਨ ਵੀ ਹੋ ਗਿਆ ਪ੍ਰੰਤੂ ਜਲਦੀ ਹੀ ਮੰਤਰੀਮੰਡਲ ਟੁੱਟ ਗਿਆ।ਨਵੀਂ ਸੰਸਦ ਮਈ 1784 ਵਿੱਚ ਗਠਿਤ ਹੋਈ। ਇਹੀ ਪੁਰਾਣਾ ਜਨਵਰੀ ਦੀ ਸੰਸਦ ਵਾਲਾ ਵਿਧੇਅਕ ਕਾਮਨਜ਼ ਸਭਾ ਵਿੱਚ ਜੁਲਾਈ 1784 ਵਿੱਚ ਅਤੇ ਲਾਰਡਜ਼ ਵਿੱਚ ਅਗਸਤ ਮਹੀਨੇ ਵਿੱਚ ਪਾਰਿਤ ਹੋਇਆ। ਫਾਕਸ ਦਾ ਇਹ ਕਥਨ ਸੀ ਕਿ ਉਸਦਾ ਬਿਲ ਜ਼ਿਆਦਾ ਉੱਤਮ ਸੀ।ਪਿਟ ਨੇ ਇੱਕ ਹੋਰ ਸਾਵਧਾਨੀ ਪ੍ਰਯੋਗ ਕੀਤੀ ਸੀ ਕਿ ਇਸ ਵਿਧੇਅਕ ਲਈ ਕੰਪਨੀ ਦੀ ਸਵੀਕ੍ਰਿਤੀ ਪਹਿਲਾਂ ਹੀ ਲੈ ਲਈ ਸੀ ਅਤੇ ਇਸ ਤਰਾਂ ਵਿਧੇਅਕ ਦੇ ਵਿਰੋਧ ਨੂੰ ਪਹਿਲਾਂ ਹੀ ਖਤਮ ਕਰ ਦਿੱਤਾ ਗਿਆ ਸੀ। ਅਸਲ ਵਿੱਚ ਫਾਕਸ ਅਤੇ ਪਿਟ ਦੇ ਵਿਧੇਅਕ ਲਗਭਗ ਇੱਕ ਤਰਾਂ ਦੇ ਹੀ ਸਨ। ਭਿੰਨਤਾ ਕੇਵਲ ਇਹ ਸੀ ਕਿ ਫਾਕਸ ਦੇ ਬਿਲ ਵਿੱਚ ਕੰਪਨੀ ਸੰਰਕਸ਼ਣ ਨੂੰ ਖਤਮ ਕਰ ਦਿੱਤਾ ਗਿਆ ਸੀ ਜਦੋਂ ਕਿ ਇਸ ਵਿੱਚ ਜਾਰੀ ਰੱਖਿਆ ਗਿਆ ਸੀ।
- 1784 ਦੇ ਅਧਿਨਿਯਮ ਨਾਲ ਕੰਪਨੀ ਦੇ ਲੰਦਨ ਸਥਿਤ ਪ੍ਰਸ਼ਾਸਨ ਵਿੱਚ ਪਰਿਵਰਤਨ ਆਇਆ। ਇਸ ਨਾਲ ਸਰਕਾਰ ਦਾ ਕੰਪਨੀ ਦੇ ਮਾਮਲਿਆਂ ਵਿੱਚ ਨਿਯੰਤਰਣ ਵਧ ਗਿਆ, ਚਾਹੇ ਕੰਪਨੀ ਦੇ ਵਪਾਰ ਨੂੰ ਅਛੂਤਾ ਛੱਡ ਦਿੱਤਾ ਗਿਆ। ਪ੍ਰੰਤੂ ਸਾਰੇ ਸੈਨਿਕ, ਅਸੈਨਿਕ ਅਤੇ ਰਾਜਸਵ ਸੰਬੰਧੀ ਮਾਮਲਿਆਂ ਨੂੰ ਇੱਕ ਨਿਯੰਤਰਣ ਬੋਰਡ ਦੇ ਅਧੀਨ ਕਰ ਦਿੱਤਾ ਗਿਆ ਜਿਸ ਵਿੱਚ ਇੱਕ ਚਾਂਸਲਰ ਓਫ ਐਕਸਚੈਕਰ, ਇੱਕ ਰਾਜ ਸਚਿਵ ਅਤੇ ਵ੍ਰਸ ਦੇ ਦੁਆਰਾ ਨਿਯੁਕਤ ਕੀਤੇ ਹੋਏ 4 ਪ੍ਰੀਵੀ ਕੌਂਸਲ ਦੇ ਮੈਂਬਰ ਹੁੰਦੇ ਸਨ।ਤਿੰਨ ਡਾਇਰੈਕਟਰਾਂ ਦੀ ਇੱਕ ਗੁਪਤ ਸਮਿਤੀ ਦੁਆਰਾ ਬੋਰਡ ਦੇ ਸਾਰੇ ਮੁੱਖ ਆਦੇਸ਼ ਭਾਰਤ ਭੇਜੇ ਜਾਂਦੇ ਸਨ।ਸਵਾਮੀਆਂ ਦੇ ਅਧਿਕਰਣ ਨੂੰ ਇਹ ਅਧਿਕਾਰ ਨਹੀਂ ਰਿਹਾ ਕਿ ਡਾਇਰੈਕਟਰਾਂ ਦਾ ਜੋ ਆਦੇਸ਼ ਨਿਯੰਤਰਣ ਬੋਰਡ ਦੁਆਰਾ ਸਵੀਕਾਰ ਕਰ ਲਿਆ ਗਿਆ ਹੋਵੇ , ਉਸ ਨੂੰ ਓਹ ਰੱਦ, ਨਿਲੰਬਿਤ ਜਾਂ ਖਤਮ ਕਰ ਸਕੇ।
- ਇਸ ਅਧਿਨਯਮ ਦੀ ਸਭ ਤੋਂ ਮਹੱਤਵਪੂਰਣ ਧਾਰਾ ਇਹ ਸੀ ਕਿ ਇਸ ਦੇ ਦੁਆਰਾ ਭਾਰਤ ਵਿੱਚ ਆਕਰਾਮਕ ਯੁੱਧਾਂ ਨੂੰ ਨਾ ਕੇਵਲ ਖਤਮ ਕਰ ਦਿੱਤਾ ਗਿਆ ਬਲਕਿ ਜੋ ਪ੍ਰਤਿਆਭੂਤੀ ਦੀਆਂ ਸੰਧੀਆਂ ਕਰਨਾਟਕ ਅਤੇ ਅਵਧ ਦੇ ਰਾਜਿਆਂ ਨਾਲ ਕੀਤੀਆਂ ਗਈਆਂ ਸਨ, ਓਹਨਾਂ ਨੂੰ ਵੀ ਖਤਮ ਕਰ ਦਿੱਤਾ ਗਿਆ ਅਤੇ ਕਿਹਾ ਗਿਆ ਕਿ "ਜਿੱਤ ਦੀਆਂ ਯੋਜਨਾਵਾਂ ਅਤੇ ਭਾਰਤ ਵਿੱਚ ਸਾਮਰਾਜ ਦਾ ਵਿਸਤਾਰ ਇਸ ਰਾਸ਼ਟਰ ਦੀ ਇੱਛਾ, ਇੱਜ਼ਤ ਅਤੇ ਨੀਤੀ ਦੇ ਵਿਰੁੱਧ ਹੈ।"

## 2.5 ਸ਼ਬਦਕੋਸ਼ (Keywords)

- ਤਾਨਾਸ਼ਾਹ – ਸਵੇਛਾਚਾਰੀ, ਨਿਰੰਕੁਸ਼ ਸ਼ਾਸਕ
- ਅਭਿਜਨਕ – ਕੁਲੀਨ, ਉੱਚਵੰਸ਼
- ਵੇਧਸ਼ਾਲਾ – ਜਿਥੇ ਨਕਸ਼ਤਰਾਂ ਦਾ ਅਧਿਅਯਨ ਕੀਤਾ ਜਾਂਦਾ ਹੈ।
- ਭੌਂਡਾ – ਕੁਰੂਪ, ਅਨਘੜ, ਬੇਡੌਲ

## 2.6 ਅਭਿਆਸ ਪ੍ਰਸ਼ਨ (Review Questions)

1. "1818 ਤੋਂ 1843 ਤਕ ਦਾ ਸਮਾਂ ਬ੍ਰਿਟਿਸ਼ ਰਾਜ ਦੇ ਸੁਦ੍ਰਿੜੀਕਰਣ ਦਾ ਦੋਰ ਸੀ।" ਇਸ ਕਥਨ ਦੀ ਵਿਵੇਚਨਾ ਕਰੋ।
2. 1773 ਤੋਂ 1863 ਦੇ ਵਿੱਚ ਬ੍ਰਿਟਿਸ਼ ਸ਼ਾਸਨ ਦੇ ਅੰਤਰਗਤ ਕੇਂਦਰੀ ਸੰਰਚਨਾ ਦੇ ਵਿਕਾਸ ਤੇ ਪ੍ਰਕਾਸ਼ ਪਾਓ।
3. 1773 ਦੇ ਰੈਗਯੂਲੇਟਿੰਗ ਐਕਟ ਦੇ ਪ੍ਰਾਵਧਾਨਾਂ ਦਾ ਸਮੀਖਿਆਤਮਕ ਵਰਣਨ ਕਰੋ।
4. ਪਿਟਸ ਇੰਡੀਆ ਐਕਟ (1784) ਦੇ ਪ੍ਰਾਵਧਾਨਾਂ ਦਾ ਵਰਣਨ ਕਰਦੇ ਹੋਏ ਸਪਸ਼ਟ ਕਰੋ ਕਿ ਇਹ ਰੈਗਯੂਲੇਟਿੰਗ ਐਕਟ ਤੋਂ ਕਿਸ ਤਰਾਂ ਭਿੰਨ ਹੈ?

ਨੋਟ

## ਉੱਤਰ-ਸਵ-ਮੁੱਲਾਂਕਣ (Answers: Self Assessment)

| | | | |
|---|---|---|---|
| (1) (ਖ) | (2) (ਕ) | (3) (ਗ) | (4) (ਖ) |
| (5) (ਖ) | (6) (ਕ) | (7) (ਗ) | (8) (ਗ) |
| (9) (ਘ) | (10) (ਕ) | | |

## 2.7 ਸੰਦਰਭ ਪੁਸਤਕਾਂ (Further Readings)

ਬੁਕਸ

1. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
2. ਆਧੁਨਿਕ ਭਾਰਤ: ਐਸ. ਕੇ. ਪਾਂਡੇ, ਪ੍ਰਯਾਗ ਅਕਾਦਮੀ ਇਲਾਹਾਬਾਦ

ਨੋਟ

# ਇਕਾਈ-3: ਸਮਾਜਿਕ-ਧਾਰਮਿਕ ਸੁਧਾਰ ਅੰਦੋਲਨ
# (Socio-Religious Reforms Movement)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
3.1 ਬ੍ਰਹਮ ਸਮਾਜ (Brahmo Samaj)
3.2 ਆਰਿਆ ਸਮਾਜ (Arya Samaj)
3.3 ਸਿੰਘ ਸਭਾ ਅੰਦੋਲਨ (Singh Sabha Movement)
3.4 ਸਾਰ ਅੰਸ਼ (Summary)
3.5 ਸ਼ਬਦਕੋਸ਼ (Keywords)
3.6 ਅਭਿਆਸ-ਪ੍ਰਸ਼ਨ (Review Questions)
3.7 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਬ੍ਰਹਮ ਸਮਾਜ ਦੁਆਰਾ ਕੀਤੇ ਗਏ ਸੁਧਾਰਾਂ ਦੀ ਵਿਆਖਿਆ ਕਰਣ ਵਿੱਚ,
- ਆਰਿਆ ਸਮਾਜ ਦੁਆਰਾ ਹਿੰਦੂ ਧਰਮ ਵਿੱਚ ਫੈਲੀ ਅੰਧਵਿਸ਼ਵਾਸਾਂ ਨੂੰ ਸੁਧਾਰਾਂ ਦੀ ਵਿਆਖਿਆ ਕਰਣ ਵਿੱਚ,
- ਸਿੰਘ ਸਭਾ ਅੰਦੋਲਨ ਦੀ ਵਿਆਖਿਆ ਕਰਣ ਵਿੱਚ,

## ਜਾਣਕਾਰੀ (Introduction)

ਬ੍ਰਹਮ ਸਮਾਜ, ਪ੍ਰਾਰਥਨਾ ਸਮਾਜ ਅਤੇ ਸਿੰਘ ਸਭਾ ਅੰਦੋਲਨ ਜਿਨਾਂ ਨੇ ਆਪਣੇ ਆਪਣੇ ਖੇਤਰ ਵਿੱਚ ਸੁਧਾਰ ਦਾ ਪ੍ਰਯਤਨ ਕੀਤਾ। ਓਹ ਪੁਨਰਨਵੀਂਕਰਣ ਅੰਦੋਲਨ ਜਿਵੇਂ ਕਿ ਆਰਿਆ ਸਮਾਜ, ਰਾਮਕ੍ਰਿਸ਼ਣ ਮਿਸ਼ਨ, ਅਤੇ ਦੇਵਬੰਦ ਅੰਦੋਲਨ ਜਿਨਾਂ ਦਾ ਮੁੱਖ ਉਦੇਸ਼ ਆਪਣੇ ਪੱਖ ਦਾ ਪੁਨਰਉਦਾਰ ਕਰਨਾ ਸੀ। ਦੋਵੇਂ ਪ੍ਰਕਾਰ ਦੇ ਅੰਦੋਲਨ ਭਿੰਨ ਭਿੰਨ ਸੀਮਾ ਤੱਕ ਆਪਣੇ ਧਰਮ ਨੂੰ ਸੁਧਾਰਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਆਪਣੇ ਪ੍ਰਾਚੀਨ ਪਵਿੱਤਰ ਧਰਮ ਦੀ ਦੁਹਾਈ ਦਿੰਦੇ ਸਨ। ਦੋਹਾਂ ਵਿੱਚ ਭੇਦ ਕੇਵਲ ਇੰਨੀ ਮਾਤਰਾ ਦਾ ਸੀ ਜੋ ਆਪਣੀ ਆਪਣੀ ਪਰੰਪਰਾ, ਤਰਕ ਅਤੇ ਅੰਤਰਆਤਮਾ ਤੇ ਨਿਰਭਰ ਸੀ।

ਇਨਾਂ ਸੁਧਾਰ ਅੰਦੋਲਨਾਂ ਦਾ ਇੱਕ ਹੋਰ ਪੱਖ ਇਹ ਵੀ ਸੀ ਕਿ ਓਹ ਅਜਿਹੇ ਧਾਰਮਿਕ ਅਤੇ ਸਮਾਜਿਕ ਸੁਧਾਰ ਚਾਹੁੰਦੇ ਸਨ, ਜਿਨਾਂ ਲਈ ਪ੍ਰਾਚੀਨ ਵਿਸ਼ਵਾਸਾਂ ਅਤੇ ਪਰੰਪਰਾਵਾਂ ਨੂੰ ਚੁਨੌਤੀ ਦੇਣੀ ਪੈਂਦੀ ਸੀ। ਭਾਰਤ ਵਿੱਚ ਲਗਭਗ ਸਾਰੀ ਸਮਾਜਿਕ ਕੁਰੀਤੀਆਂ ਧਾਰਮਿਕ ਮਾਨਤਾਂਵਾਂ ਤੇ ਆਧਾਰਿਤ ਸਨ ਅਤੇ ਇਸ ਲਈ ਧਰਮ ਨੂੰ ਸੁਧਾਰੇ ਬਿਨਾਂ ਸਮਾਜ ਸੁਧਾਰ ਸੰਭਵ ਨਹੀਂ ਸੀ। ਇੱਕ ਹੋਰ ਕਾਰਣ ਇਹ ਵੀ ਸੀ ਕਿ ਭਾਰਤੀ ਜੀਵਨ ਦੇ ਭਿੰਨ ਭਿੰਨ ਸੁਧਾਰ ਇੱਕ ਦੂਜੇ ਤੋਂ ਬਿਨਾਂ ਸੰਭਵ ਨਹੀਂ ਸਨ। ਅਤੇ ਓਹਨਾਂ ਨੇ ਇੱਕ ਦੂਜੇ ਨੂੰ ਪ੍ਰਭਾਵਿਤ ਵੀ ਕੀਤਾ। ਉਦਾਹਰਣ ਲਈ ਸਮਾਜ ਵਿੱਚ ਔਰਤ ਭਲਾਈ ਦੇ ਨਾਲ ਨਾਲ ਉਸਦਾ ਧਾਰਮਿਕ ਕਲਿਆਣ ਵੀ ਹੋਇਆ। ਸਤੀ, ਸ਼ਾਸ਼ਵਤ ਵਿਧਵਾਪਣ ਅਤੇ ਦੇਵਦਾਸੀ ਪ੍ਰਥਾ ਦੇ ਖਤਮ ਹੋਏ ਬਿਨਾਂ ਉਸਦਾ ਸਮਾਜਿਕ ਕਲਿਆਣ ਸੰਭਵ ਨਹੀਂ ਸੀ। ਅਤੇ ਇਸ ਪਰਿਵਰਤਨ ਦੇ ਫਲਸਰੂਪ ਹੀ ਉਸਨੂੰ ਮਤਾਧਿਕਾਰ ਮਿਲਿਆ ਅਤੇ ਓਹ ਦੇਸ਼ ਦੇ ਉੱਚਤਮ ਅਰਥਾਤ ਪ੍ਰਧਾਨਮੰਤਰੀ ਜਿਹੇ ਪਦ ਨੂੰ ਪ੍ਰਾਪਤ ਕਰਣ ਵਿੱਚ ਸਕਸ਼ਮ ਹੋਈ।

ਨੋਟ

## 3.1 ਬ੍ਰਹਮ ਸਮਾਜ (Brahmo Samaj)

ਹਿੰਦੂ ਧਰਮ ਵਿੱਚ ਪਹਿਲਾ ਸੁਧਾਰ ਅੰਦੋਲਨ ਬ੍ਰਹਮ ਸਮਾਜ ਸੀ ਜਿਸ ਤੇ ਆਧੁਨਿਕ ਪੱਛਮੀ ਵਿਚਾਰਧਾਰਾ ਦਾ ਬਹੁਤ ਪ੍ਰਭਾਵ ਪਿਆ ਸੀ। ਰਾਜਾ ਰਾਮ ਮੋਹਨ ਰਾਏ (1774-1833) ਇਸਦੇ ਪ੍ਰਵਰਤਕ ਸਨ। ਓਹ ਇੱਕ ਬਹੁਤ ਵੱਡੇ ਵਿਦਵਾਨ ਸਨ ਜੋ ਅਰਬੀ, ਫਾਰਸੀ, ਸੰਸਕ੍ਰਿਤ ਵਰਗੀਆਂ ਪ੍ਰਾਚੀਨ ਭਾਸ਼ਾਵਾਂ ਅਤੇ ਅੰਗਰੇਜੀ, ਫ਼੍ਰਾਂਸੀਸੀ, ਲਾਤੀਨੀ, ਯੂਨਾਨੀ ਅਤੇ ਅਰਬੀ ਭਾਸ਼ਾਵਾਂ ਜਾਣਦੇ ਸਨ।ਇਨਾਂ ਸਭ ਦੇ ਗਿਆਨ ਦੇ ਫਲਸਰੂਪ ਓਹਨਾਂ ਦਾ ਮਨ ਓਹਨਾਂ ਰੂੜੀਆਂ ਤੋਂ ਹਟ ਗਿਆ ਸੀ ਜੋ ਆਮ ਤੌਰ ਤੇ ਇੱਕ ਬੰਗਾਲੀ ਨੂੰ ਬੰਨਦੀਆਂ ਹਨ।

ਚਾਹੇ ਰਾਜਾ ਰਾਮ ਮੋਹਨ ਰਾਏ ਬਹੁਮੁਖੀ ਪ੍ਰਤਿਭਾ ਦੇ ਵਿਅਕਤੀ ਸਨ ਪ੍ਰੰਤੂ ਓਹਨਾਂ ਨੂੰ ਧਰਮ ਸੁਧਾਰ ਨਾਲ ਵਿਸ਼ੇਸ਼ ਪ੍ਰੇਮ ਸੀ। ਜਿਸ ਸਮੇਂ ਪੱਛਮੀ ਸਿਖਿੱਆ ਤੋਂ ਪ੍ਰਭਾਵਿਤ ਹੋ ਕੇ ਤਰੁਣ ਬੰਗਾਲੀ ਈਸਾਈ ਧਰਮ ਵੱਲ ਖਿੱਚੇ ਜਾ ਰਹੇ ਸਨ, ਉਸ ਸਮੇਂ ਰਾਜਾ ਰਾਮ ਮੋਹਨ ਰਾਏ ਹਿੰਦੂ ਧਰਮ ਦੇ ਰੱਖਿਅਕ ਦੇ ਰੂਪ ਵਿੱਚ ਸਾਹਮਣੇ ਆਏ।ਇੱਕ ਪਾਸੇ ਓਹਨਾਂ ਨੇ ਪ੍ਰਚਾਰਕਾਂ ਦੇ ਵਿਰੁੱਧ ਹਿੰਦੂ ਧਰਮ ਦੀ ਰੱਖਿਆ ਕੀਤੀ ਅਤੇ ਦੂਜੇ ਪਾਸੇ ਹਿੰਦੂ ਧਰਮ ਵਿੱਚ ਆਏ ਝੂਠ ਅਤੇ ਅੰਧਵਿਸ਼ਵਾਸਾਂ ਨੂੰ ਖਤਮ ਕਰਣ ਦੀ ਕੋਸ਼ਿਸ਼ ਕੀਤੀ। 15 ਸਾਲ ਦੀ ਉਮਰ ਵਿੱਚ ਹੀ ਓਹਨਾਂ ਨੇ ਮੂਰਤੀ ਪੂਜਾ ਦੀ ਆਲੋਚਨਾ ਕੀਤੀ ਅਤੇ ਆਪਣੇ ਪੱਖ ਨੂੰ ਵੇਦੋਕਤੀਆਂ ਨਾਲ ਸਿੱਧ ਕਰਣ ਦੀ ਕੋਸ਼ਿਸ਼ ਕੀਤੀ।ਓਹਨਾਂ ਨੇ ਹਿੰਦੂ ਧਰਮ ਦੇ ਸਿਧਾਂਤਾਂ ਦੀ ਪੁਨਰਵਿਆਖਿਆ ਕੀਤੀ ਅਤੇ ਆਪਣੀ ਮਾਨਵ ਸੇਵਾ ਲਈ ਉਪਨਿਸ਼ਦਾਂ ਤੋਂ ਕਾਫੀ ਮਾਤਰਾ ਵਿੱਚ ਆਧਾਰ ਖੋਜੇ।ਓਹਨਾਂ ਨੇ ਈਸਾਈ ਮੱਤ ਨੂੰ ਅਸਵੀਕਾਰ ਕਰ ਦਿੱਤਾ ਅਤੇ ਮਹਾਤਮਾ ਈਸ਼ੂ ਦੇ ਦੇਵਤਵ ਨੂੰ ਵੀ ਨਹੀਂ ਸਵੀਕਾਰਿਆ। ਪ੍ਰੰਤੂ ਯੂਰਪੀ ਮਾਨਵਵਾਦ ਨੂੰ ਜ਼ਰੂਰ ਸਵੀਕਾਰਿਆ। ਅੱਜ ਵੀ ਲੋਕ ਓਹਨਾਂ ਨੂੰ ਆਧੁਨਿਕ ਭਾਰਤ ਦਾ ਅਗ੍ਰਦੂਤ ਅਤੇ ਦੇਸ਼ ਦਾ ਪਥਪ੍ਰਦਰਸ਼ਕ ਮੰਨਦੇ ਹਨ।ਕਿਓਂਕਿ ਓਹ ਅਨਵੇਸ਼ਣਾ ਦੀ ਭਾਵਨਾ ਦੇ, ਗਿਆਨ ਪਿਪਸਾ ਦੇ ਅਤੇ ਮਾਨਵਵਾਦ ਦੇ ਪ੍ਰਤੀਕ ਸਨ ਜਿਨਾਂ ਨੂੰ ਭਾਰਤੀ ਪਰਿਸਥਿਤੀਆਂ ਵਿੱਚ ਹੀ ਪ੍ਰਾਪਤ ਕਰਨਾ ਚਾਹੁੰਦੇ ਸਨ। ਡਾ. ਮੈਕਿਨਕੋਲ ਦੇ ਅਨੁਸਾਰ ਓਹ ਇੱਕ ਨਵੀਨ ਯੁੱਗ ਦੇ ਅਗ੍ਰਦੂਤ ਸਨ ਅਤੇ ਓਹਨਾਂ ਦੀ ਜਲਾਈ ਹੋਈ ਜਵਾਲਾ ਅੱਜ਼ ਤੱਕ ਜਲ ਰਹੀ ਹੈ।

| | |
|---|---|
| ਕੀ ਤੁਸੀਂ ਜਾਣਦੇ ਹੋ | ਰਾਜਾ ਰਾਮ ਮੋਹਨ ਰਾਏ ਨੇ ਹਿੰਦੂ ਸਮਾਜ ਦੀਆਂ ਕੁਰੀਤੀਆਂ ਸਤੀ ਪ੍ਰਥਾ, ਬਹੁ ਪਤਨੀ ਪ੍ਰਥਾ, ਵੇਸ਼ਯਾਗਮਨ, ਜਾਤੀਵਾਦ ਆਦਿ ਦਾ ਵਿਰੋਧ ਕੀਤਾ। ਇਸ ਤਰਾਂ ਓਹਨਾਂ ਨੇ ਪੂਰਬ ਅਤੇ ਪੱਛਮ ਵਿੱਚ ਇੱਕ ਬਰਾਬਰੀ ਸਥਾਪਿਤ ਕਰਣ ਦੀ ਕੋਸ਼ਿਸ਼ ਕੀਤੀ। |

1828 ਵਿੱਚ ਓਹਨਾਂ ਨੇ ਬ੍ਰਹਮ ਸਮਾਜ ਦੀ ਨੀਂਹ ਪਾਈ। 1830 ਵਿੱਚ ਲਿਖੇ ਹੋਏ ਪ੍ਰਨਿਆਸਕਰਣ ਪੱਤਰ ਵਿੱਚ ਇਸ ਸਮਾਜ ਦਾ ਉਦੇਸ਼ ਸ਼ਾਸ਼ਵਤ, ਸਰਵਾਧਾਰ, ਅਪਰਿਵਰਤਕ ਈਸ਼ਵਰ ਦੀ ਪੂਜਾ ਹੈ ਜੋ ਸਾਰੇ ਸੰਸਾਰ ਦਾ ਕਰਤਾ ਅਤੇ ਰੱਖਿਅਕ ਹੈ। ਇੱਕ ਨਵਾ ਭਵਨ ਵੀ ਨਿਆਸ ਮੰਡਲ ਨੂੰ ਦੇ ਦਿੱਤਾ ਗਿਆ ਜਿਸ ਵਿੱਚ ਮੂਰਤੀ ਪੂਜਾ ਅਤੇ ਬਲੀ ਦੇਣ ਦੀ ਆਗਿਆ ਨਹੀਂ ਸੀ।ਓਹਨਾਂ ਦੇ ਉਪਦੇਸ਼ਾਂ ਦਾ ਮਤਲਬ ਵੀ ਸਾਰੇ ਧਰਮਾਂ ਵਿੱਚ ਆਪਸੀ ਏਕਤਾ ਨੂੰ ਦ੍ਰਿੜ ਕਰਨਾ ਸੀ। ਰਾਜਾ ਸਾਹਿਬ ਆਪ ਹਿੰਦੂ ਹੀ ਰਹੇ ਅਤੇ ਯੱਗਪਵੀਤ ਪਾਓਂਦੇ ਰਹੇ ਪ੍ਰੰਤੂ 1833 ਵਿੱਚ ਓਹਨਾਂ ਦੀ ਅਕਾਲ ਮੌਤ ਦੇ ਕਾਰਣ ਸਮਾਜ ਦਾ ਮਾਰਗਦਰਸ਼ਨ ਨਹੀਂ ਰਿਹਾ ਅਤੇ ਹੋਲੀ ਹੋਲੀ ਉਸ ਵਿੱਚ ਸ਼ਿਥਿਲਤਾ ਆ ਗਈ।

ਇਸ ਸੰਸਥਾ ਵਿੱਚ ਨਵਾਂ ਜੀਵਨ ਫੂਕਣ ਅਤੇ ਇਸ ਨੂੰ ਇੱਕ ਈਸ਼ਵਰਵਾਦੀ ਅੰਦੋਲਨ ਦੇ ਰੂਪ ਵਿੱਚ ਅੱਗੇ ਵਧਾਓਣ ਦਾ ਸ਼੍ਰੇਅ ਮਹਾਰਿਸ਼ੀ ਦੇਵੇਂਦਰ ਨਾਥ ਟੈਗੋਰ (1818-1905) ਨੂੰ ਹੈ।ਓਹ ਇਸ ਅੰਦੋਲਨ ਵਿੱਚ 1842 ਵਿੱਚ ਸ਼ਾਮਿਲ ਹੋਏ ਅਤੇ ਓਹਨਾਂ ਨੇ ਬ੍ਰਹਮ ਧਰਮ ਅਵਲੰਬੀਆਂ ਨੂੰ ਮੂਰਤੀ ਪੂਜਾ, ਤੀਰਥ ਯਾਤਰਾ, ਕਰਮਕਾਂਡ ਅਤੇ ਪ੍ਰਾਸ਼ਚਿਤ ਆਦਿ ਤੋਂ ਰੋਕਿਆ।ਓਹਨਾਂ ਦੇ ਵਿਚਾਰ ਵਿੱਚ ਲੱਕੜੀ ਅਤੇ ਪੱਥਰ ਦੀ ਮੂਰਤੀਆਂ ਨੂੰ ਈਸ਼ਵਰ ਕਿਸ ਤਰਾਂ ਮੰਨਿਆ ਜਾਵੇ।ਈਸ਼ਵਰ ਨੂੰ ਜਿਸ ਰੂਪ ਵਿੱਚ ਚਾਹੇ ਪੂਜੋ ਅਰਥਾਤ ਕੋਈ ਗਾਯਤ੍ਰੀ ਮੰਤਰ ਵਿੱਚ ਵੀ ਪੂਜਣਾ ਚਾਹੇ ਜਾਂ ਕਿਸੇ ਸਧਾਰਣ ਰੀਤੀ ਨਾਲ ਵੀ ਪੂਜਣਾ ਚਾਹੇ ਤਾਂ ਵੀ ਠੀਕ ਹੈ।ਓਹਨਾਂ ਨੇ ਕੇਸ਼ਵ ਚੰਦਰ ਸੇਨ ਨੂੰ ਬ੍ਰਹਮ ਸਮਾਜ ਦਾ ਆਚਾਰਯ ਨਿਯੁਕਤ ਕੀਤਾ।ਓਹਨਾਂ ਦੇ ਪ੍ਰਭਾਵ ਦੇ ਅਧੀਨ ਹਿੰਦੂ ਧਰਮ ਦੇ ਸਰਵੋਤਮ ਵਿਸ਼ਵਾਸ ਅਤੇ ਨੈਤਿਕ ਆਚਰਣਾਂ ਨੂੰ ਬਣਾਏ ਰੱਖਿਆ।

ਕੇਸ਼ਵ ਚੰਦਰ ਸੇਨ (1834-84) ਦੀ ਸ਼ਕਤੀ, ਵਾਕ ਪਟੁਤਾ ਅਤੇ ਉਦਾਰਵਾਦੀ ਵਿਚਾਰਾਂ ਨੇ ਇਸ ਅੰਦੋਲਨ ਨੂੰ ਲੋਕਪ੍ਰਿਯ ਬਣਾ ਦਿੱਤਾ। ਅਤੇ ਜਲਦੀ ਹੀ ਇਸ ਦੀਆਂ ਸ਼ਾਖਾਵਾ ਬੰਗਾਲ ਤੋਂ ਬਾਹਰ ਉੱਤਰ ਪ੍ਰਦੇਸ਼, ਪੰਜਾਬ ਅਤੇ ਮਦਰਾਸ ਵਿੱਚ ਖੋਲ ਦਿੱਤੀਆਂ ਗਈਆਂ।1865 ਵਿੱਚ ਬੰਗਾਲ ਵਿੱਚ ਹੀ 54 ਸ਼ਾਖਾਵਾਂ ਸਨ।ਪ੍ਰੰਤੂ ਓਹਨਾਂ ਦੇ ਉਦਾਰਵਾਦ ਦੇ ਕਾਰਣ ਜਲਦ ਹੀ ਬ੍ਰਹਮ ਸਮਾਜ ਵਿੱਚ ਫੁੱਟ ਪੈ ਗਈ।ਓਹਨਾਂ ਨੇ ਹਿੰਦੂ ਸਮਾਜਿਕ ਬੁਰਾਈਆਂ ਨੂੰ ਵੀ ਦੂਰ ਕਰਣ ਦੀ ਕੋਸ਼ਿਸ਼ ਕੀਤੀ।ਅਰਥਾਤ ਅਸੀਂ ਇਹ ਕਹਿ ਸਕਦੇ ਹਾਂ ਕਿ ਓਹ ਬ੍ਰਹਮ ਸਮਾਜ ਨੂੰ ਹਿੰਦੂ ਧਰਮ ਸੁਧਾਰ ਅੰਦੋਲਨ ਨਾ ਮੰਨ ਕੇ ਇੱਕ ਨਵਾਂ ਧਰਮ ਸੁਧਾਰ ਅੰਦੋਲਨ ਮੰਨਣ ਲੱਗੇ। ਦੇਵੇਂਦਰ ਨਾਥ ਟੈਗੋਰ ਨੇ ਬ੍ਰਹਮ ਸਮਾਜ ਦੇ ਇੱਕ ਮਾਤਰ ਪ੍ਰਨਿਆਸੀ ਦੇ ਰੂਪ ਵਿੱਚ ਕੇਸ਼ਵ ਚੰਦਰ ਸੇਨ ਨੂੰ ਆਚਾਰਯ

ਨੋਟ

ਦੀ ਪਦਵੀ ਤੋਂ ਕੱਢ ਦਿੱਤਾ। ਕੇਸ਼ਵ ਚੰਦਰ ਨੇ ਇੱਕ ਨਵੀਨ ਬ੍ਰਹਮ ਸਮਾਜ ਦਾ ਗਠਨ ਕਰ ਲਿਆ ਜਿਸ ਨੂੰ ਓਹ "ਆਦਿ ਬ੍ਰਹਮ ਸਮਾਜ" ਕਹਿਣ ਲੱਗੇ। ਇਸ ਵਿੱਚ ਹੋਰ ਸੁਧਾਰਾਂ ਤੋਂ ਇਲਾਵਾ ਇਸਤਰੀਆਂ ਦੀ ਮੁਕਤੀ, ਵਿਦਿਆ ਪ੍ਰਸਾਰ, ਸਸਤੇ ਸਾਹਿਤ ਦਾ ਵੰਡਣਾ, ਮਦਿਰਾ ਨਿਸ਼ੇਧ ਅਤੇ ਦਾਨ ਦੇਣ ਤੇ ਅਧਿਕ ਜ਼ੋਰ ਸੀ।

ਨੋਟਸ

ਕੇਸ਼ਵ ਚੰਦਰ ਸੇਨ ਹਿੰਦੂ ਧਰਮ ਨੂੰ ਸੰਕਰਾ ਮੰਨਦੇ ਸਨ ਅਤੇ ਸੰਸਕ੍ਰਿਤ ਦੇ ਮੂਲ ਪਾਠਾਂ ਦੇ ਪ੍ਰਯੋਗ ਨੂੰ ਠੀਕ ਨਹੀਂ ਸਮਝਦੇ ਸਨ। ਓਹਨਾਂ ਨੇ ਯਗੋਪਵੀਤ ਪਾਓਣ ਦੇ ਵਿਰੁੱਧ ਵੀ ਪ੍ਰਚਾਰ ਕੀਤਾ। ਇਸ ਤੋਂ ਬਾਅਦ ਸਾਰੇ ਧਰਮਾਂ (ਈਸਾਈ, ਮੁਸਲਮਾਨ, ਪਾਰਸੀ ਅਤੇ ਚੀਨੀ) ਦੀ ਧਰਮ ਪੁਸਤਕਾਂ ਦਾ ਪਾਠ ਓਹਨਾਂ ਦੀ ਸਭਾਵਾਂ ਵਿੱਚ ਹੋਣ ਲੱਗਾ।

1878 ਵਿੱਚ ਇਸ ਸਮਾਜ ਵਿੱਚ ਇੱਕ ਹੋਰ ਫੁੱਟ ਪਈ। ਕੇਸ਼ਵ ਚੰਦਰ ਸੇਨ ਆਦਿ , ਬ੍ਰਹਮ ਸਮਾਜੀਆਂ ਲਈ ਨਿਊਨਤਮ ਉਮਰ ਦਾ ਪ੍ਰਚਾਰ ਕਰਦੇ ਸਨ। ਪ੍ਰੰਤੂ 1878 ਵਿੱਚ ਕੇਸ਼ਵ ਚੰਦਰ ਸੇਨ ਆਪਣੀ 13 ਸਾਲਾ ਪੁੱਤਰੀ ਦਾ ਵਿਵਾਹ ਕੂਚ ਵਿਹਾਰ ਦੇ ਨਾਬਾਲਿਗ ਰਾਜਾ ਨਾਲ ਪੂਰਣ ਵੈਦਿਕ ਕਰਮ ਕਾਂਡ ਨਾਲ ਕਰ ਦਿੱਤਾ। ਕਿਹਾ ਇਹ ਗਿਆ ਕਿ ਇਹ ਸਭ "ਈਸ਼ਵਰ ਦੀ ਆਗਿਆ" ਹੈ। ਕੇਸ਼ਵ ਚੰਦਰ ਸੇਨ ਦੇ ਅਧਿਕਤਰ ਅਨੁਯਾਯੀਆਂ ਨੇ ਦੁਖੀ ਹੋ ਕੇ ਇੱਕ ਨਵਾਂ ਬ੍ਰਹਮ ਸਮਾਜ 'ਸਧਾਰਣ ਬ੍ਰਹਮ ਸਮਾਜ' ਬਣਾ ਲਿਆ। ਜਲਦੀ ਹੀ ਕੇਸ਼ਵ ਚੰਦਰ ਸੇਨ ਦਾ ਸਮਾਜ ਇਤਿਹਾਸ ਦੇ ਹਨੇਰਿਆਂ ਦੀ ਅਸਪਸ਼ਟਤਾ ਵਿੱਚ ਖੋ ਗਿਆ।

ਬ੍ਰਹਮ ਸਮਾਜ ਨੇ ਭਾਰਤੀ ਪੁਨਰ ਜਾਗਰਣ ਵਿੱਚ ਇੱਕ ਅਹਿਮ ਭੁਮਿਕਾ ਨਿਭਾਈ। ਜਿਵੇਂ ਐਚ. ਈ. ਸੀ. ਜਕਾਰਿਆਜ਼ ਨੇ ਕਿਹਾ ਹੈ ਕਿ ਰਾਜਾ ਰਾਮ ਮੋਹਨ ਰਾਏ ਅਤੇ ਓਹਨਾਂ ਦਾ ਬ੍ਰਹਮ ਸਮਾਜ, ਭਾਰਤ ਵਿੱਚ ਸਾਰੇ ਸੁਧਾਰ ਅੰਦੋਲਨਾਂ - ਚਾਹੇ ਓਹ ਹਿੰਦੂ ਧਰਮ, ਸਮਾਜ ਜਾਂ ਰਾਜਨੀਤੀ ਦੇ ਸੀ- ਸਾਰਿਆਂ ਦੇ ਆਰੰਭਿਕ ਬਿੰਦੂ ਸਨ। ਈਸਾਈ ਪ੍ਰਚਾਰ ਨਾਲ ਪ੍ਰਭਾਵਿਤ ਮਨ ਜੋ ਹਿੰਦੂ ਧਰਮ ਨਾਲ ਆਪਣਾ ਬੰਧਨ ਲਗਭਗ ਤੋੜ ਚੁੱਕਾ ਸੀ, ਉਸਨੇ ਬ੍ਰਹਮ ਸਮਾਜ ਵਿੱਚ ਸ਼ਰਣ ਲਈ।

ਧਰਮ ਦੇ ਖੇਤਰ ਵਿੱਚ ਬ੍ਰਹਮ ਸਮਾਜ ਦਾ ਮਹੱਤਵ ਇਸ ਗੱਲ ਵਿੱਚ ਨਹੀਂ ਸੀ ਕਿ ਉਸਨੇ ਕਿਨਾਂ ਪ੍ਰਾਚੀਨ ਪਰੰਪਰਾਵਾਂ ਨੂੰ ਬਣਾ ਕੇ ਰੱਖਿਆ ਬਲਕਿ ਇਸ ਗੱਲ ਵਿੱਚ ਸੀ ਕਿ ਉਸਨੇ ਕਿਨਾਂ ਪ੍ਰਾਚੀਨ ਪਰੰਪਰਾਵਾਂ ਅਤੇ ਵਿਸ਼ਵਾਸਾਂ ਨੂੰ ਛੱਡ ਦਿੱਤਾ। ਮੁੱਖ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਇਸਨੇ ਅਵਤਾਰਵਾਦ ਛੱਡ ਦਿੱਤਾ। ਉਸਨੇ ਇਹ ਵੀ ਕਿਹਾ ਕਿ ਧਰਮ ਗ੍ਰੰਥਾਂ ਨੂੰ ਮਾਨਵੀ ਅੰਤਰਾਤਮਾ ਅਤੇ ਤਰਕ ਦੇ ਉੱਪਰ ਨਹੀਂ ਮੰਨਿਆ ਜਾ ਸਕਦਾ; ਇਸਨੇ ਬਹੁਦੇਵਵਾਦ ਅਤੇ ਮੂਰਤੀਪੂਜਾ ਤਿਆਗ ਦਿੱਤੀ; ਵਰਣ ਵਿਵਸਥਾ ਦੀ ਆਲੋਚਨਾ ਕੀਤੀ; ਪ੍ਰੰਤੂ ਕਰਮ, ਸਿਧਾਂਤ ਅਤੇ ਪੁਨਰਜਨਮ ਦੇ ਵਿਸ਼ੇ ਵਿੱਚ ਆਪਣੇ ਨਿਸ਼ਚਿਤ ਵਿਚਾਰ ਪ੍ਰਗਟ ਨਾ ਕਰਕੇ ਹਰ ਬ੍ਰਹਮ ਸਮਾਜੀ ਨੂੰ ਮੰਨਣ ਅਤੇ ਨਾ ਮੰਨਣ ਦੀ ਆਗਿਆ ਦੇ ਦਿੱਤੀ।

ਸਮਾਜ ਸੁਧਾਰ ਦੇ ਮਾਮਲੇ ਵਿੱਚ ਵੀ ਇਸ ਦਾ ਹਿੰਦੂ ਧਰਮ ਉੱਤੇ ਪ੍ਰਭਾਵ ਹੋਇਆ। ਇਨਾਂ ਨੇ ਬਹੁਤ ਸਾਰੇ ਅੰਧਵਿਸ਼ਵਾਸਾਂ ਅਤੇ ਹਠਧਰਮ ਨੂੰ ਅਸਵੀਕਾਰ ਕਰ ਦਿੱਤਾ। ਵਿਦੇਸ਼ ਯਾਤਰਾ ਤੇ ਸਮਕਾਲੀਨ ਪ੍ਰਬੰਧਾਂ ਨੂੰ ਚੁਨੌਤੀ ਦਿੱਤੀ। ਇਸਤਰੀਆਂ ਦੀ ਪ੍ਰਤਿਸ਼ਠਾ ਨੂੰ ਬਣਾਓਣ ਲਈ ਕੋਸ਼ਿਸ਼ ਕੀਤੀ। ਬਹੁ-ਵਿਵਾਹ, ਸਤੀ ਪ੍ਰਥਾ, ਬਾਲ-ਵਿਵਾਹ ਅਤੇ ਪਰਦਾ ਪ੍ਰਥਾ ਲੂੰ ਖਤਮ ਕਰਣ ਲਈ ਅਤੇ ਵਿਧਵਾ ਵਿਵਾਹ ਅਤੇ ਇਸਤਰੀ ਸਿੱਖਿਆ ਲਈ ਕੋਸ਼ਿਸ਼ ਕੀਤੀਆਂ। ਇਨਾਂ ਨੇ ਜਾਤੀਵਾਦ ਅਤੇ ਛੂਤਛਾਤ ਨੂੰ ਹਟਾਓਣ ਲਈ ਕੋਸ਼ਿਸ਼ ਕੀਤੀ ਚਾਹੇ ਇਸ ਵਿੱਚ ਓਹ ਜ਼ਿਆਦਾ ਸਫਲ ਨਹੀਂ ਹੋਏ।

**ਮਹਾਰਾਸ਼ਟਰ ਵਿੱਚ ਬ੍ਰਹਮ ਵਿਚਾਰ ਅਤੇ ਪ੍ਰਾਰਥਨਾ ਸਮਾਜ:** ਬ੍ਰਹਮ ਵਿਚਾਰਧਾਰਾ ਮਹਾਰਾਸ਼ਟਰ ਵਿੱਚ ਵੀ ਫੈਲੀ। ਅਤੇ ਇੱਥੇ 1849 ਵਿੱਚ ਇੱਕ ਪਰਮਹੰਸ ਸਭਾ ਸ਼ੁਰੂ ਕੀਤੀ ਗਈ। 1867 ਵਿੱਚ ਕੇਸ਼ਵ ਚੰਦਰ ਦੀ ਪ੍ਰੇਰਣਾ ਨਾਲ ਬੰਬਈ ਵਿੱਚ ਇੱਕ ਪ੍ਰਾਰਥਨਾ ਸਮਾਜ ਸਥਾਪਿਤ ਕੀਤਾ ਗਿਆ। ਪ੍ਰੰਤੂ ਇਨਾਂ ਲੋਕਾਂ ਨੇ ਆਪਣੇ ਆਪ ਨੂੰ ਕਿਸੇ ਨਵੀਨ ਧਰਮ ਦਾ ਜਾਂ ਹਿੰਦੂ ਧਰਮ ਦੇ ਬਾਹਰ ਜਾਂ ਨਾਲ ਨਾਲ ਕਿਸੇ ਨਵੀਨ ਮਤ ਦੇ ਅਨੁਯਾਯੀ ਦੇ ਰੂਪ ਵਿੱਚ ਨਹੀਂ ਮੰਨਿਆ ਬਲਕਿ ਕੇਵਲ ਇਸ ਧਰਮ ਦੇ ਅੰਦਰ ਹੀ ਇੱਕ ਅੰਦੋਲਨ ਦੇ ਰੂਪ ਵਿੱਚ ਇਸ ਨੂੰ ਸਵੀਕਾਰ ਕੀਤਾ। ਇੱਕ ਈਸ਼ਵਰਵਾਦ ਤੋਂ ਇਲਾਵਾ ਮਹਾਰਾਸ਼ਟਰ ਵਿੱਚ ਸਮਾਜ ਸੁਧਾਰ, "ਕੰਮ ਨਾ ਕਿ ਵਿਸ਼ਵਾਸ" ਤੇ ਹੀ ਬਲ ਦਿੱਤਾ ਗਿਆ। ਓਹਨਾ ਦਾ ਵਿਸ਼ਵਾਸ ਸੀ ਕਿ ਈਸ਼ਵਰ ਦਾ ਸੱਚਾ ਪਿਆਰ ਉਸ ਦੇ ਮਨੁੱਖਾਂ ਦੀ ਸੇਵਾ ਵਿੱਚ ਹੈ। ਓਹ ਹਿੰਦੂ ਰੂੜੀਵਾਦੀਆਂ ਨਾਲ ਟੱਕਰ ਨਹੀਂ ਲੈਣਾ ਚਾਹੁੰਦੇ ਸਨ ਬਲਕਿ ਸਿੱਖਿਆ ਅਤੇ ਸਮਝਾਓਣ ਬੁਝਾਓਣ ਤੇ ਬਲ ਦਿੰਦੇ ਸਨ।

ਸਮਾਜ ਸੁਧਾਰ ਵਿੱਚ ਓਹਨਾਂ ਦੇ 4 ਪ੍ਰਮੁੱਖ ਉਦੇਸ਼- (1) ਜਾਤ-ਪਾਤ ਦਾ ਵਿਰੋਧ, (2) ਪੁਰਸ਼ਾਂ ਅਤੇ ਇਸਤਰੀਆਂ ਦੀ ਵਿਵਾਹ ਦੀ ਉਮਰ ਦਾ ਵਧਾਓਣਾ, (3) ਵਿਧਵਾ ਪੁਨਰ-ਵਿਵਾਹ, (4) ਇਸਤਰੀ ਸਿੱਖਿਆ ਸਨ। ਇਸ ਸਮਾਜ ਦੇ ਪ੍ਰਮੁੱਖ ਨੇਤਾ ਨਿਆਅਮੂਰਤੀ ਮਹਾਦੇਵ ਗੋਵਿੰਦ ਰਾਨਾਡੇ (1843-1902) ਅਤੇ ਐਨ. ਜੀ ਚੰਦਰਾਵਰਕਰ (1855-1923) ਸਨ। ਇਸੇ ਸਮਾਜ ਦੁਆਰਾ ਸਥਾਪਿਤ 'ਦਲਿਤ ਜਾਤ ਮੰਡਲ', ਸਮਾਜ ਸੇਵਾ ਸੰਘ ਅਤੇ ਦੱਕਣ ਸਿੱਖਿਆ ਸਭਾ ਨੇ ਪ੍ਰਸ਼ੰਸਾਯੋਗ ਕੰਮ ਕੀਤਾ ਹੈ। ਮਦਰਾਸ

ਨੋਟ

ਵਿੱਚ ਵੀ ਬ੍ਰਹਮ ਸਮਾਜ ਦੇ ਕਈ ਕੇਂਦਰ ਖੋਲੇ ਗਏ। ਪੰਜਾਬ ਵਿੱਚ ਦਿਆਲ ਸਿੰਘ ਪ੍ਰਨਿਆਸ ਨੇ ਇਸ ਸਮਾਜ ਦੇ ਵਿਚਾਰਾਂ ਦੇ ਪ੍ਰਸਾਰ ਲਈ 1910 ਵਿੱਚ ਦਿਆਲ ਸਿੰਘ ਕਾਲੇਜ ਖੋਲਿਆ।

## 3.2 ਆਰਿਆ ਸਮਾਜ (Arya Samaj)

ਆਰਿਆ ਸਮਾਜ ਅੰਦੋਲਨ ਦਾ ਪ੍ਰਸਾਰ ਆਮ ਤੋਰ ਤੇ ਪੱਛਮੀ ਪ੍ਰਭਾਵਾਂ ਦੀ ਪ੍ਰਤੀਕ੍ਰਿਆ ਦੇ ਰੂਪ ਵਿੱਚ ਹੋਇਆ। ਇਹ ਯਾਦ ਰਹੇ ਕਿ ਨਾ ਤਾਂ ਸਵਾਮੀ ਦਯਾਨੰਦ ਹੀ ਅਤੇ ਨਾ ਓਹਨਾਂ ਦੇ ਗੁਰੂ ਸਵਾਮੀ ਵਿਰਜਾਨੰਦ ਹੀ ਪੱਛਮੀ ਸਿੱਖਿਆ ਤੋਂ ਪ੍ਰਭਾਵਿਤ ਹੋਏ ਸੀ। ਇਹ ਦੋਵੇਂ ਹੀ ਸ਼ੁੱਧ ਵੈਦਿਕ ਪਰੰਪਰਾ ਵਿੱਚ ਵਿਸ਼ਵਾਸ ਰੱਖਦੇ ਸੀ ਅਤੇ ਓਹਨਾਂ ਨੇ "ਦੁਬਾਰਾ ਵੇਦ ਵੱਲ ਚੱਲੋ" ਦਾ ਨਾਰਾ ਲਗਾਇਆ। ਉਤਰ ਵੈਦਿਕ ਕਾਲ ਤੋਂ ਅੱਜ ਤੱਕ ਸਾਰੇ ਹੋਰ ਮਤ ਮਤਾਤਰਾਂ ਨੂੰ ਓਹਨਾਂ ਨੇ ਪਾਖੰਡ ਜਾਂ ਝੂਠ ਦਾ ਨਾਂ ਦਿੱਤਾ।

**ਮੂਲ ਸ਼ੰਕਰ (1824–83)** ਜੋ ਆਮ ਤੌਰ ਤੇ ਦਯਾਨੰਦ ਦੇ ਨਾਂ ਨਾਲ ਜਾਣੇ ਜਾਂਦੇ ਹਨ ਦਾ ਜਨਮ 1824 ਵਿੱਚ ਗੁਜਰਾਤ ਦੀ ਮੌਰਵੀ ਰਿਆਸਤ ਦੇ ਨਿਵਾਸੀ ਇੱਕ ਬ੍ਰਾਹਮਣ ਕੁਲ ਵਿੱਚ ਹੋਇਆ। ਓਹਨਾਂ ਦੇ ਪਿਤਾ ਜੋ ਆਪ ਵੇਦਾਂ ਦੇ ਮਹਾਨ ਵਿਦਵਾਨ ਸਨ, ਓਹਨਾਂ ਨੇ ਓਹਨਾਂ ਨੂੰ ਵੈਦਿਕ ਸਿੱਖਿਆ ਅਤੇ ਨਿਆਅ ਦਰਸ਼ਨ ਆਦਿ ਪੜਾਇਆ। ਦਯਾਨੰਦ ਦੀ ਜਿਗਿਆਸਾ ਨੇ ਓਹਨਾਂ ਨੂੰ ਯੋਗ ਅਭਿਆਸ ਆਦਿ ਕਰਨ ਤੇ ਮਜਬੂਰ ਕੀਤਾ ਅਤੇ ਓਹਨਾਂ ਨੇ ਘਰ ਤਿਆਗ ਦਿੱਤਾ। 15 ਸਾਲ ਤੱਕ ਥਾਂ-ਥਾਂ ਤੇ ਘੁੰਮੇ। 1860 ਵਿੱਚ ਓਹ ਮਥੁਰਾ ਪਹੁੰਚੇ ਅਤੇ ਸਵਾਮੀ ਵਿਰਜਾਨੰਦ ਜੀ ਤੋਂ ਵੇਦਾਂ ਦੇ ਸ਼ੁੱਧ ਅਰਥ ਅਤੇ ਵੈਦਿਕ ਧਰਮ ਦੇ ਲਈ ਅਪਾਰ ਸ਼ਰਧਾ ਪ੍ਰਾਪਤ ਕੀਤੀ। 1863 ਵਿੱਚ ਓਹਨਾਂ ਨੇ ਝੂਠੇ ਧਰਮਾਂ ਦਾ ਖੰਡਨ ਕਰਣ ਲਈ "ਪਖੰਡ ਖੰਡਿਨੀ ਪਤਾਕਾ" ਲਹਰਾਈ। 1875 ਵਿੱਚ ਓਹਨਾਂ ਨੇ ਬੰਬਈ ਵਿੱਚ ਆਰਿਆ ਸਮਾਜ ਦੀ ਸਥਾਪਨਾ ਕੀਤੀ। ਜਿਸਦਾ ਮੁੱਖ ਉਦੇਸ਼ ਪ੍ਰਾਚੀਨ ਵੈਦਿਕ ਧਰਮ ਦੀ ਸ਼ੁੱਧ ਰੂਪ ਵਿੱਚ ਪੁਨਰ ਸਥਾਪਨਾ ਸੀ। ਜੋ ਝੂਠੇ ਧਾਰਮਿਕ ਵਿਸ਼ਵਾਸ ਅਤੇ ਸਮਾਜਿਕ ਕੁਰੀਤੀਆਂ ਕਾਲਾਂਤਰ ਵਿੱਚ ਹਿੰਦੂ ਸਮਾਜ ਵਿੱਚ ਆ ਗਈਆਂ ਸਨ, ਓਹਨਾਂ ਨੂੰ ਜੜ੍ਹ ਤੋਂ ਕੱਢਣ ਦਾ ਨਿਸ਼ਚਾ ਕੀਤਾ। 1877 ਵਿੱਚ ਆਰਿਆ ਸਮਾਜ ਲਾਹੌਰ ਦੀ ਸਥਾਪਨਾ ਹੋਈ ਜਿਸ ਤੋਂ ਬਾਅਦ ਆਰਿਆ ਸਮਾਜ ਦਾ ਜ਼ਿਆਦਾ ਪ੍ਰਚਾਰ ਹੋਇਆ। ਸਵਾਮੀ ਦਯਾਨੰਦ ਦਾ ਉਦੇਸ਼ ਸੀ ਕਿ ਭਾਰਤ ਨੂੰ ਧਾਰਮਿਕ, ਸਮਾਜਿਕ ਅਤੇ ਰਾਸ਼ਟਰੀ ਰੂਪ ਵਿੱਚ ਇੱਕ ਕਰ ਦਿੱਤਾ ਜਾਵੇ। ਓਹਨਾਂ ਦੀ ਇੱਛਾ ਸੀ ਕਿ ਆਰਿਆ ਧਰਮ ਹੀ ਦੇਸ਼ ਦਾ ਸਮਾਨ ਧਰਮ ਹੋਵੇ। ਓਹਨਾਂ ਨੂੰ ਸਮਕਾਲੀਨ ਹਿੰਦੂ ਧਰਮ ਅਤੇ ਸਮਾਜ ਵਿੱਚ ਅਨੇਕ ਕਮੀਆਂ ਵੇਖਣ ਨੂੰ ਮਿਲੀਆਂ। ਓਹਨਾਂ ਨੇ ਇਨਾਂ ਦੋਹੇ ਖੇਤਰਾਂ ਵਿੱਚ ਜੀਵਨ ਭਰ ਅਣਥੱਕ ਕੰਮ ਕੀਤਾ।

ਧਾਰਮਿਕ ਖੇਤਰ ਵਿੱਚ ਓਹ ਮੂਰਤੀ ਪੂਜਾ, ਬਹੁਦੇਵਵਾਦ, ਅਵਤਾਰਵਾਦ, ਪਸ਼ੂਬਲੀ, ਸ਼ਰਾਧ, ਜੰਤਰ-ਮੰਤਰ ਅਤੇ ਤੰਤਰ ਅਤੇ ਝੂਠੇ ਕਰਮਕਾਂਡ ਨੂੰ ਸਵੀਕਾਰ ਨਹੀਂ ਕਰਦੇ ਸਨ। ਓਹ ਵੇਦ ਨੂੰ ਈਸ਼ਵਰੀ ਗਿਆਨ ਮੰਨਦੇ ਸਲ। ਅਤੇ ਉਪਨਿਸ਼ਦ ਕਾਲ ਤੱਕ ਦੇ ਸਾਹਿਤ ਨੂੰ ਸਵੀਕਾਰ ਕਰਦੇ ਸਨ। ਬਾਕੀਆਂ ਨੂੰ, ਵਿਸ਼ੇਸ਼ਕਰ ਪੁਰਾਣਾਂ ਨੂੰ ਜਿਨਾਂ ਵਿੱਚ ਉੱਪਰ ਲਿਖੇ ਵਿਚਾਰਾਂ ਦਾ ਵਰਣਨ ਮਿਲਦਾ ਹੈ ਓਹ ਮਨਘੜੰਤ ਕਥਾਵਾਂ ਦਾ ਸਮੂਹ ਮੰਨਦੇ ਸਨ। ਪ੍ਰੰਤੂ ਵੇਦ ਦੇ ਵਿਸ਼ੇ ਵਿੱਚ ਵੀ ਓਹਨਾਂ ਦਾ ਤਰਕ ਸੀ ਕਿ ਵੇਦ ਦੀ ਭਾਸ਼ਾ ਬਹੁਤ ਪ੍ਰਾਚੀਨ ਹੈ। ਇਸ ਲਈ ਇਸ ਦੇ ਭਾਸ਼ਯ ਜੋ ਸਮੇਂ ਸਮੇਂ ਤੇ ਲਿਖੇ ਗਏ, ਸਭ ਸੱਚ ਨਹੀਂ ਹਨ। ਆਪਣੀ ਬੁੱਧੀ ਦਾ ਪ੍ਰਯੋਗ ਕਰੋ ਅਤੇ ਵੈਦਿਕ ਮੰਤਰਾਂ ਦੇ ਅਰਥਾਂ ਨੂੰ ਤਰਕ ਦੀ ਕਸੌਟੀ ਤੇ ਪਰਖੋ ਅਤੇ ਤਾਂ ਅਪਣਾਓ। ਓਹ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਸਨ ਅਤੇ ਓਹਨਾਂ ਨੇ ਥਾਂ ਥਾਂ ਤੇ ਜਾ ਕੇ ਕੱਟਰਪੰਥੀਆਂ ਨਾਲ ਸ਼ਾਸਤਰਾਰਥ ਕੀਤੇ ਅਤੇ ਸਿੱਧ ਕੀਤਾ ਕਿ ਉੱਪਰ ਲਿਖੇ ਵਿਸ਼ਵਾਸਾਂ ਦਾ ਵੇਦ ਵਿੱਚ ਕੋਈ ਆਧਾਰ ਨਹੀਂ।

ਓਹਨਾਂ ਨੇ ਅਦਵੈਤਵਾਦ ਨੂੰ, ਕਿ ਸੰਸਾਰ ਇੱਕ ਮਾਯਾ ਹੈ, ਆਤਮਾ ਪਰਮਾਤਮਾ ਦਾ ਹੀ ਭਾਗ ਹੈ, ਇਸ ਤੋਂ ਇਲਾਵਾ ਸਭ ਝੂਠ ਹੈ, ਸੰਸਾਰ ਤੋਂ ਪਲਾਯਨ ਹੀ ਜੀਵਨ ਦਾ ਉਦੇਸ਼ ਹੈ, ਇਸ ਦਰਸ਼ਨ ਨੂੰ ਓਹਨਾਂ ਨੇ ਸ਼ੁੱਧ ਵੈਦਿਕ ਪਰੰਪਰਾ ਦੇ ਵਿਰੁੱਧ ਦੱਸਿਆ। ਓਹਨਾਂ ਦੇ ਅਨੁਸਾਰ ਕੁਦਰਤ ਸੱਤ ਹੈ, ਆਤਮਾ ਸੱਤ ਹੈ, ਅਤੇ ਚਿੱਤ ਹੈ ਅਤੇ ਪਰਮਾਤਮਾ ਸੱਤ ਚਿੱਤ ਅਤੇ ਆਨੰਦ ਹੈ। ਇਹ ਤਿੰਨੇ ਹੀ ਅਨਾਦਿ ਅਤੇ ਅਨੰਤ ਹਨ। ਓਹਨਾਂ ਦੇ ਅਨੁਸਾਰ ਹਰ ਵਿਅਕਤੀ ਨੂੰ ਸ਼ਾਸ਼ਵਤ ਮਾਨਵ ਧਰਮ ਦੇ ਅਨੁਸਾਰ ਆਚਰਣ ਕਰਕੇ ਮੋਕਸ਼ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਇਸ ਤਰਾਂ ਓਹਨਾਂ ਨੇ ਕਾਰਣਾਤਮਕ ਏਕਤੱਤਵਾਦ ਨੂੰ ਹੀ ਨਹੀਂ ਬਲਕਿ ਨਿਯਤੀ ਨੂੰ ਵੀ ਅਸਵੀਕਾਰ ਕਰ ਦਿੱਤਾ। ਬਲ ਦਿੱਤਾ ਮਾਨਵ ਦੇ ਕਰਮ ਕਰਨ ਤੇ। ਓਹਨਾਂ ਦੇ ਅਨੁਸਾਰ ਮਨੁੱਖ ਭਾਗ ਦਾ ਖਿਲੌਣਾ ਨਹੀ਼ ਬਲਕਿ ਆਪਣੇ ਭਾਗ ਦਾ ਨਿਰਮਾਤਾ ਹੈ। ਕੋਈ ਵੀ ਕਰਮਫਲ ਤੋਂ ਬਚ ਨਹੀਂ ਸਕਦਾ। ਹਰ ਵਿਅਕਤੀ ਨੂੰ ਸੰਸਾਰ ਦੀ ਕਰਮਭੂਮੀ ਵਿੱਚ ਕੰਮ ਕਰਦੇ ਹੋਏ ਮੋਕਸ਼ ਵੱਲ ਵਧਣਾ ਹੋਵੇਗਾ, ਅਰਥਾਤ ਹੱਥ ਤੇ ਹੱਥ ਰੱਖ ਕੇ ਨਾ ਬੈਠ, ਕਰਮਸ਼ੀਲ ਬਣ ਜੀਵਨ ਬਤੀਤ ਕਰਨਾ ਹੋਵੇਗਾ। ਸਵਾਮੀ ਜੀ ਦੀ ਇਸੇ ਸਿੱਖਿਆ ਨੂੰ ਓਹਨਾਂ ਦੀ ਮੌਤ ਤੋਂ ਬਾਅਦ ਸਾਲਾਂ ਉਪਰੰਤ ਸ਼੍ਰੀ ਅਰਵਿੰਦ ਘੋਸ਼ ਵਰਗੇ ਕ੍ਰਮਠ ਵਿਅਕਤੀਆਂ ਨੇ ਅਪਣਾਇਆ ਅਤੇ ਓਹਨਾਂ ਦੀ ਭੂਰਿ ਭੂਰਿ ਪ੍ਰਸ਼ੰਸਾ ਕੀਤੀ। ਓਹਨਾਂ ਦਾ ਨਾਰਾ ਸੀ 'ਦੁਬਾਰਾ ਵੇਦ ਵੱਲ ਚੱਲੋ' ਨਾ ਕਿ ਵੈਦਿਕ ਕਾਲ ਵੱਲ ਚੱਲੋ।

ਟਾਸਕ ਆਰਿਆ ਸਮਾਜ ਦੀ ਸਥਾਪਨਾ ਕਦੋਂ ਅਤੇ ਕਿੱਥੇ ਕੀਤੀ ਗਈ?

ਨੋਟ

ਦਯਾਨੰਦ ਨੇ ਬ੍ਰਾਹਮਣ ਪੁਰੋਹਿਤ ਵਰਗ ਦੇ ਧਾਰਮਿਕ ਅਤੇ ਸਮਾਜਿਕ ਪੱਖ ਵਿੱਚ ਸਰਵੋੱਚਤਾ ਦੇ ਦਾਵੇ ਨੂੰ ਵੀ ਚੁਨੌਤੀ ਦਿੱਤੀ। ਓਹਨਾਂ ਨੇ ਬ੍ਰਾਹਮਣਾਂ ਦੇ ਇਸ ਕਥਨ ਦੀ ਕਿ ਓਹ ਬਾਕੀ ਮਨੁੱਖਾਂ ਅਤੇ ਈਸ਼ਵਰ ਦੇ ਵਿੱਚ ਵਿਚੋਲੇ ਹਨ, ਖਿੱਲੀ ਉੜਾਈ। ਓਹਨਾਂ ਦੇ ਅਨੁਸਾਰ ਹਰ ਵਿਅਕਤੀ ਨੂੰ ਵੇਦ ਨੂੰ ਪੜਨ ਅਤੇ ਉਸਨੂੰ ਆਪਣੇ ਤਰਕ ਦੇ ਅਨੁਸਾਰ ਨਿਰਵਚਨ ਕਰਨ ਦਾ ਅਧਿਕਾਰ ਹੈ।ਸਮਾਜਿਕ ਖੇਤਰ ਵਿੱਚ ਓਹਨਾਂ ਨੇ ਛੂਆਛੂਤ, ਜਨਮਜਾਤ ਜਾਤੀ, ਬਾਲ ਵਿਵਾਹ ਅਤੇ ਹੋਰ ਬੁਰਾਈਆਂ ਤੇ ਕੁਠਾਰਘਾਤ ਕੀਤਾ। ਭਾਰਤ ਦੇ ਸਮਾਜਿਕ ਇਤਿਹਾਸ ਵਿਚ ਓਹ ਪਹਿਲੇ ਸੁਧਾਰਕ ਸਨ ਜਿਨਾਂ ਨੇ ਸ਼ੂਦਰ ਅਤੇ ਇਸਤਰੀ ਨੂੰ ਵੇਦ ਪੜਨ ਅਤੇ ਉੱਚੀ ਸਿੱਖਿਆ ਪ੍ਰਾਪਤ ਕਰਨ , ਯੱਗੋਪਵੀਤ ਧਾਰਣ ਕਰਨ ਅਤੇ ਹੋਰ ਸਾਰੇ ਪੱਖਾ ਤੋਂ ਉੱਚੀ ਜਾਤੀ ਅਤੇ ਪੁਰਸ਼ਾਂ ਦੇ ਬਰਾਬਰ ਅਧਿਕਾਰ ਪ੍ਰਾਪਤ ਕਰਨ ਦੇ ਲਈ ਅੰਦੋਲਨ ਕੀਤਾ।ਪ੍ਰੰਤੂ ਸ਼ਾਇਦ ਸਭ ਤੋਂ ਅਧਿਕ ਕੰਮ ਓਹਨਾਂ ਨੇ ਇਸਤਰੀਆਂ ਦੀ ਸਥਿਤੀ ਸੁਧਾਰਣ ਲਈ ਕੀਤਾ। ਓਹਨਾਂ ਦੇ ਅਨੁਸਾਰ ਪੁਰਸ਼ ਅਤੇ ਇਸਤਰੀਆਂ ਸਮਾਨ ਹਨ। ਇਸੇ ਤਰਾਂ ਬਾਲ-ਵਿਵਾਹ, ਸ਼ਾਸ਼ਵਤ ਵਿਧਵਾਪਨ, ਵਿਧਵਾ ਨੂੰ ਨੀਵੇਂ ਮੰਨਣਾ, ਪਰਦਾ, ਦਹੇਜ਼, ਬਹੁ-ਵਿਵਾਹ, ਵੇਸ਼ਯਾ ਗਮਨ, ਦੇਵਦਾਸੀਆਂ ਆਦਿ ਅਜਿਹੀ ਕੋਈ ਵੀ ਸਮਾਜਿਕ ਬੁਰਾਈ ਨਹੀਂ ਸੀ ਜਿਸ ਨੂੰ ਓਹਨਾਂ ਨੇ ਸਵੀਕਾਰ ਕੀਤਾ ਹੋਵੇ।ਓਹ ਵਰਣ-ਵਿਵਸਥਾ ਜਨਮ ਤੋਂ ਨਹੀਂ ਕਰਮ ਤੋਂ ਮੰਨਦੇ ਸਨ, ਅਰਥਾਤ ਸਿਰਫ ਕਾਰੋਬਾਰ ਦੇ ਅਨੁਸਾਰ ਹੀ ਕੋਈ ਵਿਅਕਤੀ ਬ੍ਰਾਹਮਣ, ਖੱਤਰੀ, ਵੈਸ਼ ਜਾਂ ਸ਼ੂਦਰ ਹੋ ਸਕਦਾ ਹੈ, ਪ੍ਰੰਤੂ ਇਹ ਚਾਰੇ ਵਰਣ ਸਮਾਨ ਹਨ।ਅਤੇ ਇਨਾਂ ਵਿੱਚ ਕੋਈ ਅਛੂਤ ਨਹੀਂ ਹੈ।ਇਸ ਪ੍ਰਕਾਰ ਸਵਾਮੀ ਦਯਾਨੰਦ ਨੇ ਹਿੰਦੂ ਸਮਾਜ ਵਿੱਚ ਸਮਾਨਤਾ ਦੀ ਉਸ ਭਾਵਨਾ ਨੂੰ ਜਾਗ੍ਰਿਤ ਕੀਤਾ ਜੋ ਅੱਜ ਸਾਨੂੰ ਆਪਣੇ ਸਮਾਜ ਵਿੱਚ ਦੇਖਣ ਨੂੰ ਮਿਲਦੀ ਹੈ।ਸ਼ਾਇਦ ਭਾਰਤ ਦੇ ਗਿਆਤ ਇਤਿਹਾਸ ਵਿੱਚ ਹਿੰਦੂ ਧਰਮ ਅਤੇ ਸਮਾਜ ਵਿੱਚ ਏਨਾ ਮੂਲਭੂਤ, ਦੂਰਗਾਮੀ, ਵਿਆਪਕ ਅਤੇ ਪ੍ਰਭਾਵਸ਼ਾਲੀ ਸੁਧਾਰਕ ਹੁਣ ਤੱਕ ਕੋਈ ਨਹੀਂ ਹੋਇਆ।ਸ਼ਾਇਦ ਅਸਪਰਸ਼ਤਾ ਦਾ ਤਿਆਗ ਅਤੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਅਧਿਕਾਰ ਜੋ ਸਾਡੇ ਸੰਵਿਧਾਨ ਦਾ ਅੰਗ ਹੈ, ਓਹਨਾਂ ਦੇ ਹੀ ਉਪਦੇਸ਼ਾਂ ਦਾ ਨਤੀਜਾ ਹੈ।

ਓਹਨਾਂ ਦੇ ਸਾਰੇ ਵਿਚਾਰ ਓਹਨਾਂ ਦੀ ਪ੍ਰਸਿੱਧ ਪੁਸਤਕ 'ਸਤਿਆਰਥ ਪ੍ਰਕਾਸ਼' ਵਿੱਚ ਵਰਣਿਤ ਹਨ। ਬ੍ਰਹਮ ਸਮਾਜ ਅਤੇ ਥਿਓਸੋਫੀਕਲ ਸਭਾ ਪੱਛਮੀ ਵਿੱਦਿਆ ਪੜੇ ਲੋਕਾਂ ਨੂੰ ਬਹੁਤ ਚੰਗੀ ਲਗਦੀ ਸੀ।ਸਵਾਮੀ ਦਯਾਨੰਦ ਦੀ ਸਿੱਖਿਆ ਦੀ ਮੁੱਖ ਵਿਸ਼ਸ਼ੇ ਤਾ ਇਹ ਸੀ ਕਿ ਉਸ ਵਿੱਚ ਓਹਨਾਂ ਨੇ ਪੱਛਮੀ ਦਰਸ਼ਨ, ਸਿੱਖਿਆ ਅਤੇ ਸਮਾਜ ਵਿੱਚੋਂ ਕੁਝ ਵੀ ਨਹੀਂ ਲਿਆ।ਓਹਨਾਂ ਨੇ ਤਾਂ ਕੇਵਲ ਇਹ ਕਿਹਾ ਕਿ ਵੇਦ ਅਤੇ ਉਪਨਿਸ਼ਦ ਤੋਂ ਪਰੇ ਕੁਝ ਨਹੀਂ ਅਤੇ ਜਿਨਾਂ ਜਿਨਾਂ ਰੀਤੀ ਰਿਵਾਜਾਂ, ਪਰੰਪਰਾ, ਕਰਮ ਕਾਂਡ ਜਾਂ ਸਮਾਜਿਕ ਬੁਰਾਈਆਂ ਦੀ ਵੇਦ ਵਿੱਚ ਅਨੁਮਤੀ ਨਹੀਂ, ਤਾਂ ਓਹ ਸਾਰੇ ਤਿਆਗਣਯੋਗ ਹਨ।

ਉਸ ਸਮੇਂ ਤੱਕ ਈਸਾਹੀ, ਮੁਸਲਿਮ, ਸਿੱਖ ਧਰਮ ਪ੍ਰਚਾਰਕ ਹਿੰਦੂ ਧਰਮ ਦੀਆਂ ਕੁਰੀਤੀਆਂ ਅਤੇ ਝੂਠੇ ਵਿਸ਼ਵਾਸਾਂ ਦੀ ਖਿੱਲੀ ਉੜਾਓਂਦੇ ਸਨ।ਸਵਾਮੀ ਦਯਾਨੰਦ ਨੇ ਓਹਨਾਂ ਦੇ ਧਰਮਾਂ ਵਿੱਚ ਵੀ ਕਮੀਆਂ ਕੱਢੀਆਂ ਅਤੇ ਥਾਂ-ਥਾਂ ਤੇ ਸ਼ਾਸਤਰਾਰਥ ਕਰਕੇ ਪ੍ਰਾਚੀਨ ਕੱਟਰਪੰਥੀਆਂ ਅਤੇ ਹੋਰ ਧਰਮ ਪ੍ਰਚਾਰਕਾਂ ਨੂੰ ਹਰਾਇਆ। ਫਲਸਰੂਪ ਹਿੰਦੂ ਧਰਮ ਦੇ ਅਨੁਯਾਈਆਂ ਵਿਚ ਇੱਕ ਨਵਾਂ ਆਤਮ-ਵਿਸ਼ਵਾਸ, ਆਤਮ ਪਰੀਖਣ ਅਤੇ ਆਤਮ-ਸ਼ੁੱਧੀ (ਅਰਥਾਤ ਹਿੰਦੂ ਧਰਮ ਤੋਂ ਝੂਠੀ ਪਰੰਪਰਵਾਂ ਨੂੰ ਕੱਢਣ) ਦੀ ਭਾਵਨਾ ਜਾਗੀ।ਕੁਝ ਲੋਕਾਂ ਨੇ ਓਹਨਾਂ ਦੇ ਵਿਚਾਰਾਂ ਨੂੰ ਅਸਹਿਸ਼ਣੂਤਾ ਅਤੇ ਤਤਸੀਮਿਤ ਭਾਵਨਾ ਦਾ ਪ੍ਰਤੀਕ ਦੱਸਿਆ ਹੈ।ਪ੍ਰੰਤੂ ਅਸਲ ਵਿੱਚ ਦਯਾਨੰਦ ਦੀ ਸਾਰਵਭੌਮਿਕਤਾ ਅਤੇ ਉਦਾਰਚਿਤ ਭਾਵਨਾ ਪ੍ਰਾਚੀਨ ਹਿੰਦੂ ਧਰਮ ਦੀ ਉਦਾਰਵਾਦੀ ਪਰੰਪਰਾਵਾਂ ਦੇ ਪੂਰੀ ਤਰਾਂ ਅਨੁਕੂਲ ਸੀ।ਚਾਹੇ ਇਸ ਅੰਦੋਲਨ ਦਾ ਬਾਹਰੀ ਰੂਪ ਵੈਦਿਕ ਪਰੰਪਰਾਵਾਂ ਦੀ ਦੁਬਾਰਾ ਸਥਾਪਨਾ ਕਰਨਾ ਸੀ ਪ੍ਰੰਤੂ ਆਰਿਆ ਸਮਾਜ ਨੇ ਆਧੁਨਿਕ ਗਿਆਨ ਅਤੇ ਤਰਕ ਨੂੰ ਅਪਣਾਇਆ।

ਆਰਿਆ ਸਮਾਜ ਦੇ ਕੰਮ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਵਿੱਦਿਆ ਅਤੇ ਸਮਾਜਿਕ ਸੁਧਾਰ ਅਤੇ ਸੇਵਾ ਦੇ ਖੇਤਰ ਵਿੱਚ ਦੇਖਣ ਨੂੰ ਮਿਲਿਆ। ਆਰਿਆ ਸਮਾਜ ਦੇ ਸਮਾਜਿਕ ਵਿਚਾਰਾਂ ਵਿੱਚ ਹੋਰ ਗੱਲਾਂ ਤੋਂ ਇਲਾਵਾ ਜਿਨਾਂ ਉੱਤੇ ਬਲ ਦਿੱਤਾ ਗਿਆ ਸਨ-ਇੱਕ ਈਸ਼ਵਰ ਦਾ ਪਿਤ੍ਰੱਤਵ, ਅਤੇ ਸਾਰੇ ਮਨੁੱਖਾਂ ਦਾ ਭ੍ਰਾਤਰਵਾਦ, ਇਸਤਰੀ ਅਤੇ ਪੁਰਸ਼ ਦੀ ਸਮਾਨਤਾ, ਮਨੁੱਖਾਂ ਅਤੇ ਜਾਤੀਆਂ ਦੇ ਵਿੱਚ ਪੂਰਾ ਨਿਆਅ ਅਤੇ ਨਿਰਪੱਖਤਾ, ਅਤੇ ਪ੍ਰੇਮ ਅਤੇ ਦਾਨ ਦੀ ਭਾਵਨਾ। ਆਰਿਆ ਸਮਾਜ ਨੇ ਸਿੱਖਿਆ ਅਤੇ ਗਿਆਨ ਦੇ ਪ੍ਰਸਾਰ ਦੇ ਬਹੁਤ ਬਲ ਦਿਤਾ।ਓਹਨਾਂ ਦੇ ਅਨੁਯਾਈਆ ਨੇ ਵਿੱਦਿਆ ਅਤੇ ਗਿਆਨ ਦੇ ਪ੍ਰਸਾਰ ਅਤੇ ਹਨੇਰੇ ਨੂੰ ਖਤਮ ਕਰਨ ਲਈ ਵਿਸ਼ੇਸ਼ ਕੰਮ ਕੀਤੇ।ਓਹਨਾਂ ਦੀ ਮੌਤ ਤੋਂ ਬਾਅਦ 1886 ਵਿੱਚ ਸ਼ੁਰੂ ਕੀਤੀਆਂ ਗਈਆਂ ਐਂਗਲੋ-ਵੈਦਿਕ ਸੰਸਥਾਵਾਂ ਜਲਦੀ ਹੀ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਗਈਆਂ।ਸਵਾਮੀ ਜੀ ਦੇ ਅਨੁਯਾਈ ਰੂੜੀਵਾਦੀ ਅਤੇ ਪ੍ਰਤੀਕ੍ਰਿਆਵਾਦੀ ਨਹੀਂ ਸਨ।ਓਹਨਾਂ ਨੇ ਅੰਗਰੇਜੀ ਭਾਸ਼ਾ ਅਤੇ ਗਿਆਨ ਨੂੰ ਵੀ ਅਪਣਾਇਆ।ਅਰਥਾਤ ਪ੍ਰਾਚੀਨ ਅਤੇ ਪੱਛਮੀ ਗਿਆਨ ਦਾ ਸਪ ਤੋਂ ਵਧੀਆ ਸਮਨਵਯ ਇਸ ਵਿੱਚ ਮਿਲਦਾ ਹੈ।ਇਹਨਾਂ ਸਿੱਖਿਆ ਨੂੰ ਵੀ ਆਰਿਆ ਸਮਾਜ ਨੇ ਦੋ ਦਲ ਅਤੇ ਝੂਠੇ ਵਿਸ਼ਵਾਸਾਂ ਤੋਂ ਨਿਕਲਣ ਦੇ ਇੱਕ ਸਾਧਨ ਦੇ ਰੂਪ ਵਿੱਚ ਪ੍ਰਯੋਗ ਕੀਤਾ।1892-93 ਵਿੱਚ ਆਰਿਆ ਸਮਾਜ ਦੇ ਦੋ ਦਲ ਹੋ ਗਏ। ਇੱਕ ਪੱਛਮੀ ਸਿੱਖਿਆ ਦਾ ਵਿਰੋਧੀ ਸੀ।ਓਹਨਾਂ ਨੇ 1902 ਵਿੱਚ ਹਰਿਦੁਆਰ ਵਿੱਚ ਇੱਕ ਗੁਰੂਕੁਲ ਸਥਾਪਿਤ ਕਰ ਲਿਆ ਜਿੱਥੇ ਪ੍ਰਾਚੀਨ ਵੈਦਿਕ ਸਿੱਖਿਆ ਪ੍ਰਾਚੀਨ ਪੱਧਤੀ ਨਾਲ ਦਿੱਤੀ ਜਾਂਦੀ ਸੀ।ਅਤੇ ਓਸੇ ਦੇ ਨਮੂਨੇ ਤੇ ਕਈ ਹੋਰ ਸਥਾਨਾਂ ਤੇ ਗੁਰੂਕੁਲ ਬਣਾਏ।

ਆਰਿਆ ਸਮਾਜ ਦੇ ਸਿਧਾਂਤ ਅਤੇ ਨਿਯਮ ਸਭ ਤੋਂ ਪਹਿਲਾਂ ਬੰਬਈ ਵਿੱਚ ਗਠਿਤ ਕੀਤੇ ਗਏ।ਦੁਬਾਰਾ ਓਹਨਾਂ ਨੂੰ ਲਾਹੌਰ ਵਿੱਚ 1877 ਵਿੱਚ ਸੰਪਾਦਿਤ ਕੀਤਾ ਗਿਆ ਅਤੇ ਨਿਸ਼ਚਿਤ ਰੂਪ ਦਿੱਤਾ ਗਿਆ ਅਤੇ ਓਹ ਅੱਜ਼ ਤੱਕ ਪਰਿਵਰਤਿਤ ਨਹੀਂ ਹੋਏ।ਨਿਯਮ ਇਹ ਹਨ -

1. ਸਭ ਸੱਚ ਵਿੱਦਿਆ ਅਤੇ ਜੋ ਪਦਾਰਥ ਵਿੱਦਿਆ ਨਾਲ ਵਿੱਦਿਆ ਨਾਲ ਜਾਣਿਆ ਜਾਂਦਾ ਹੈ, ਓਹਨਾਂ ਸਭ ਦਾ ਆਦਿ ਮੂਲ ਪਰਮੇਸ਼ਵਰ ਹੈ।
2. ਈਸ਼ਵਰ ਸੱਚਿਦਾਨੰਦ ਸਵਰੂਪ, ਨਿਰਾਕਾਰ ਸਰਵਸ਼ਕਤੀਮਾਨ, ਨਿਆਅਕਾਰੀ, ਦਿਆਲੂ, ਅਜੰਮਿਆ, ਅਨੰਤ, ਨਿਰਵਿਕਾਰ, ਅਨਾਦਿ, ਅਨੁਪਮ, ਸਰਵਾਧਾਰ, ਸਰਵੇਸ਼ਵਰ, ਸਰਵਵਿਆਪਕ, ਸਰਵਾਂਤਰਯਾਮੀ, ਅਜਰ, ਅਰਮ, ਨਿਰਭੈ, ਨਿਤਯ, ਪਵਿੱਤਰ ਠਅਤੇ ਸ੍ਰਿਸ਼ਟੀਕਰਤਾ ਹੈ।ਉਸੀ ਦੀ ਪੂਜਾ ਕਰਨੀ ਚਾਹੀਦੀ ਹੈ।
3. ਵੇਦ ਸਭ ਸੱਚ ਵਿੱਦਿਆਵਾਂ ਦੀ ਪੁਸਤਕ ਹੈ। ਵੇਦ ਦਾ ਪੜਨਾ ਪੜਾਣਾ ਅਤੇ ਸੁਣਨਾ ਸੁਣਾਣਾ ਸਭ ਆਰਿਆਂ ਦਾ ਧਰਮ ਹੈ।
4. ਸੱਚ ਨੂੰ ਗ੍ਰਹਣ ਕਰਨ ਅਤੇ ਝੂਠ ਨੂੰ ਤਿਆਗਣ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ।
5. ਸਾਰੇ ਕੰਮ ਧਰਮਨੁਸਾਰ ਅਰਥਾਤ ਸੱਚ ਅਤੇ ਝੂਠ ਨੂੰ ਵਿਚਾਰ ਕੇ ਕਰਨੇ ਚਾਹੀਦੇ ਹਨ।
6. ਸੰਸਾਰ ਦਾ ਉਪਕਾਰ ਕਰਨਾ ਆਰਿਆ ਸਮਾਜ ਦਾ ਮੁੱਢ ਉਦੇਸ਼ ਹੈ ਅਰਥਾਤ ਸਰੀਰਿਕ, ਆਤਮਕ ਅਤੇ ਸਮਾਜਿਕ ਉੱਨਤੀ ਕਰਨਾ।
7. ਸਭ ਨਾਲ ਪ੍ਰੀਤੀ ਪੂਰਵਕ, ਧਰਮਾਨੁਸਾਰ ਯਥਾਯੋਗ ਵਰਤਣਾ ਚਾਈਦਾ ਹੈ।
8. ਅਵਿੱਦਿਆ ਦਾ ਨਾਸ਼ ਅਤੇ ਵਿੱਦਿਆਂ ਨੂੰ ਵਧਾਣਾ ਚਾਹੀਦਾ ਹੈ।
9. ਹਰ ਇੱਕ ਨੂੰ ਆਪਣੀ ਹੀ ਉੱਨਤੀ ਵਿੱਚ ਸੰਤੁਸ਼ਟ ਨਹੀਂ ਰਹਿਣਾ ਚਾਹੀਦਾ।ਪ੍ਰੰਤੂ ਸਭ ਦੀ ਉੱਨਤੀ ਵਿੱਚ ਆਪਣੀ ਉੱਨਤੀ ਸਮਝਣੀ ਚਾਹੀਦੀ ਹੈ।
10. ਸਭ ਮਨੁੱਖਾਂ ਨੂੰ ਸਮਾਜਿਕ, ਸਰਵਕਾਰੀ ਨਿਯਮ ਪਾਲਣਾ ਵਿੱਚ ਪਰਤੰਤਰ ਰਹਿਣਾ ਚਾਹੀਦਾ ਹੈ, ਅਤੇ ਹਰ ਹਿਤਕਾਰੀ ਨਿਯਮ ਵਿਚ ਸਭ ਸੁਤੰਤਰ ਹਨ।

ਏਨਾ ਹੀ ਨਹੀਂ, ਆਰਿਆ ਸਮਾਜ ਨੇ ਸ਼ੁੱਧੀ ਅੰਦੋਲਨ ਵੀ ਸ਼ੁਰੂ ਕੀਤਾ।ਜਿਸਦੇ ਅੰਤਰਗਤ ਲੋਕਾਂ ਨੂੰ ਹੋਰ ਧਰਮਾਂ ਤੋਂ ਹਿੰਦੂ ਧਰਮ ਵਿੱਚ ਲਿਆਓਣ ਦੀ ਕੋਸ਼ਿਸ਼ ਕੀਤੀ ਗਈ।ਇਸ ਤੋਂ ਇਲਾਵਾ ਲਗਭਗ 60,000 ਮਲਕਾਣੇ ਰਾਜਪੂਤਾਂ ਨੂੰ ਅਤੇ ਹਿੰਦੂਆਂ ਨੂੰ ਜਿਨਾਂ ਨੂੰ ਮਾਪਿਲਾ ਵਿਦਰੋਹ (1923) ਦੇ ਦਿਨਾਂ ਜਾਂ 1947 ਵਿੱਚ ਭਾਰਤ ਵੰਡ ਦੇ ਸਮੇਂ ਬਲਪੂਰਵਕ ਮੁਸਲਮਾਨ ਬਣਾ ਦਿੱਤਾ ਗਿਆ ਸੀ, ਓਹਨਾਂ ਨੂੰ ਦੁਬਾਰਾ ਹਿੰਦੂ ਧਰਮ ਵਿੱਚ ਵਾਪਸਿ ਆਓਣ ਦਾ ਮੌਕਾ ਦਿੱਤਾ ਗਿਆ।ਸਵਾਮੀ ਦਯਾਨੰਦ ਦੇ ਆਰਥਿਕ ਵਿਚਰਾਂ ਵਿੱਚ ਸਵਦੇਸ਼ੀ ਦਾ ਬਹੁਤ ਮਹੱਤਵ ਸੀ। ਰਾਜਨੀਤਿਕ ਖੇਤਰ ਵਿੱਚ ਓਹ ਕਹਿੰਦੇ ਸਲ ਕਿ ਬੁਰਾ ਦੇਸੀ ਰਾਜ ਚੰਗੇ ਤੋਂ ਚੰਗੇ ਵਿਦੇ ਸ਼ੀ ਰਾਜ ਤੋਂ ਚੰਗਾ ਹੈ।ਅਰਥਾਤ ਓਹਨਾਂ ਦੀ ਸਿੱਖਿਆ ਦੇ ਫਲਸਰੂਪ ਜ਼ਹਨਾਂ ਦੇ ਅਨੁਯਾਈਆਂ ਵਿੱਚ ਸਵਦੇਸ਼ੀ ਅਤੇ ਦੇਸ਼ਪਗਤੀ ਦੀ ਭਾਵਨਾ ਕੁੱਟ ਕੁੱਟ ਕੇ ਭਰੀ ਸੀ ਅਤੇ ਭਾਰਤੀ ਰਾਸ਼ਟਰੀ ਅੰਦੋਲਨ ਵਿੱਚ ਇਹ ਲੋਕ ਅੱਗੇ ਰਹੇ।ਵੈਲੇਨਟਾਈਨ ਸ਼ਿਰੋਜ਼ ਨੇ ਆਰਿਆ ਸਮਾਜ ਨੂੰ ਸੱਚ ਹੀ "ਭਾਰਤੀ ਅਸ਼ਾਂਤੀ ਦਾ ਜਨਮਦਾਤਾ" ਕਿਹਾ ਹੈ। ਮਹਾਤਮਾ ਹੰਸਰਾਜ, ਪੰਡਿਤ ਗੁਰੂਦੱਤ, ਲਾਲਾ ਲਾਜਪੱਤ ਰਾਏ ਅਤੇ ਸਵਾਮੀ ਸ਼ਰਧਾਨੰਦ ਇਸ ਦੇ ਵਿਸ਼ਿਸ਼ਟ ਕਾਜਕਰਤਾ ਸਨ। ਆਰਿਆ ਸਮਾਜ ਦਾ ਪ੍ਰਚਾਰ ਪੰਜਾਬ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਬਿਹਾਰ ਵਿੱਚ ਵਿਸ਼ੇਸ਼ ਰੂਪ ਵਿੱਚ ਹੋਇਆ।

**ਸਵ-ਮੁੱਲਾਂਕਣ (Self Assessment)**

**ਸਹੀ ਵਿਕਲਪ ਚੁਣੋ – (Choose the correct option)**

1. ਸਵਾਮੀ ਦਯਾਨੰਦ ਸਰਸਵਤੀ ਦੇ ਗੁਰੂ ਕੌਣ ਸਨ?

   (ਕ) ਸਵਾਮੀ ਸਹਿਜਾਨੰਦ (ਖ) ਸਵਾਮੀ ਬ੍ਰਜਭੂਸ਼ਣ (ਗ) ਸਵਾਮੀ ਵਿਰਜਾਨੰਦ

   (ਘ) ਸਵਾਮੀ ਅੜਗੜਾਨੰਦ

2. ਦਯਾਨੰਦ ਦਾ ਜਨਮ ਕਿਸ ਪ੍ਰਦੇਸ਼ ਵਿੱਚ ਹੋਇਆ?

   (ਕ) ਮਹਾਰਾਸ਼ਟਰ (ਖ) ਉੜੀਸਾ (ਗ) ਗੁਜਰਾਤ

   (ਘ) ਬੰਗਾਲ

3. ਆਰਿਆ ਸਮਾਜ ਦੀ ਸਥਾਪਨਾ ਕਦੋਂ ਅਤੇ ਕਿੱਥੇ ਹੋਈ?

   (ਕ) 871 ਮਹਾਰਾਸ਼ਟਰ (ਖ) 1875 ਮੁੰਬਈ (ਗ) 1873 ਗੁਜਰਾਤ

   (ਘ) 1876 ਉੜੀਸਾ

ਨੋਟ

4. ਆਰਿਆ ਸਮਾਜ ਲਾਹੌਰ ਦੀ ਸਥਾਪਨਾ ਕਦੋਂ ਹੋਈ?

(ਕ) 1870 (ਖ) 1875 (ਗ) 1872

(ਘ) 1877

5. ਗੁਰੂਕੁਲ ਵਿਦਾਯਲਯ ਦੀ ਸਥਾਪਨਾ ਕਦੋਂ ਅਤੇ ਕਿੱਥੇ ਕੀਤੀ ਗਈ?

(ਕ) ਹਰਿਦੁਆਰ 1902 (ਖ) ਦੇਹਰਾਦੂਨ 1902 (ਗ) ਹਰਿਦੁਆਰ 1905

(ਘ) ਦੇਹਰਾਦੂਨ 1905

## 3.3 ਸਿੰਘ ਸਭਾ ਅੰਦੋਲਨ (Singh Sabha Movement)

ਨਿਰੰਕਾਰੀ, ਰਾਧਾਸਵਾਮੀ ਅਤੇ ਨਾਮਧਾਰੀ ਅੰਦੋਲਨਾਂ ਦਾ ਸਿੱਖ ਜਨ ਸਮੁਦਾਯ ਉੱਤੇ ਕੁਝ ਖਾਸ ਅਸਰ ਨਹੀਂ ਹੋਇਆ। ਨਿਰੰਕਾਰੀ ਅੰਦੋਲਨ ਉੱਤਰ ਪੱਛਮੀ ਪੰਜਾਬ ਦੇ ਸ਼ਹਿਰੀ ਸਮਾਜ ਤੱਕ ਸੀਮਿਤ ਰਿਹਾ। ਰਾਧਾ ਸਵਾਮੀ ਈਸ਼ਵਰੀ ਮੁੱਦਿਆਂ ਨਾਲ ਸੰਬੰਧਿਤ ਸੀ। ਨਾਮਧਾਰੀ ਅੰਦੋਲਨ ਦਾ ਤਾਂ ਅਸਤਿਤਵ ਹੀ ਮਲੇਰਕੋਟਲਾ ਦੇ ਮੈਦਾਨ ਵਿੱਚ ਅਸਥਾਈ ਤੌਰ ਤੇ ਮਿਟਾ ਦਿੱਤਾ ਗਿਆ। ਇਹ ਤਿੰਨੇ ਹੀ ਸਿੱਖਾਂ ਦੇ ਵਿੱਛੇਦ ਤੋਂ ਉੱਭਰੀਆਂ ਮੰਡਲੀਆ ਹਨ, ਜੋ ਕਿਸੇ ਵਿਸ਼ੇਸ਼ ਗੁਰੂ ਦੇ ਪ੍ਰਤੀ ਭਗਤੀਭਾਵ ਰੱਖਦੀਆਂ ਹਨ ਅਤੇ ਆਪਣੇ ਹੀ ਧਾਰਮਿਕ ਕਰਮਕਾਂਡਾਂ ਵਿੱਚ ਵਿਸ਼ਵਾਸ ਰੱਖਦੀਆਂ ਹਨ। ਇਹਨਾਂ ਸਭਨਾਂ ਨੇ ਸਮਾਜ ਦੀਆਂ ਜਿਹੜੀਆਂ ਬੁਰਾਈਆਂ ਨੂੰ ਖਤਮ ਕਰਣ ਦੀ ਠਾਣੀ ਸੀ । ਓਹ ਅੱਜ ਵੀ ਧੱੜਲੇ ਨਾਲ ਜਾਰੀ ਹਨ। ਨੀਵੀਂ ਜਾਤ ਦੇ ਸਿੱਖਾਂ ਨਾਲ ਅੱਜ ਵੀ ਭੇਦ-ਭਾਵ ਹੁੰਦਾ ਹੈ। ਅਮੀਰ ਸ਼ਰਾਬ ਅਤੇ ਵਿਅਭਿਚਾਰ ਦੇ ਆਗੋਸ਼ ਵਿੱਚ ਜਾ ਪਏ। ਦੂਜੇ ਪਾਸੇ ਹਿੰਦੂ ਧਰਮ ਦਾ ਕਾਰੋਬਾਰ ਪਹਿਲਾਂ ਤਰਾਂ ਹੀ ਚਲਦਾ ਰਿਹਾ। ਓਹੀ ਓਹਨਾਂ ਦਾ ਬ੍ਰਾਹਮਣਵਾਦ, ਦੇਵੀ ਦੇਵਤਾਵਾਂ ਦੇ ਓਹਨਾਂ ਦੇ ਮੰਦਿਰ ਅਤੇ ਦੇਵਾਲੇ, ਸੰਸਕ੍ਰਿਤ ਮੰਤਰਾਂ ਦੇ ਉੱਚਾਰਣ, ਜਯੋਤਿਸ਼ੀਆਂ ਅਤੇ ਭਵਿੱਖਵਕਤਾਵਾ ਵਿੱਚ ਆਸਥਾ, ਜਨਮਪੱਤਰੀਆਂ ਤੇ ਆਧਾਰਿਤ ਜੀਵਨ ਆਦਿ। ਸਿੱਖਾ ਵਿੱਚ ਵੀ ਜੋ ਲੋਕ ਇਹਨਾਂ ਪੰਥਾਂ ਦੀ, ਦਸ ਗੁਰੂਆਂ ਤੋਂ ਇਲਾਵਾ ਗੁਰੂਆਂ ਦੀ ਪੂਜਾ ਦੀ ਪਾਲਨਾ ਕਰਦੇ ਸਨ, ਓਹ ਵੀ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੇ ਬੇਦੀ ਅਤੇ ਸੋਢੀ ਵੰਸ਼ਜਾਂ ਦੇ ਅੱਗੇ ਦੰਡਵਤ ਕਰਨ ਵਿੱਚ ਗੁਰੇਜ਼ ਨਹੀਂ ਕਰਦੇ ਸਨ ਅਤੇ ਦੂਜੇ ਸਾਧੂ ਸੰਤਾਂ ਪ੍ਰਤੀ ਵੀ ਏਸੀ ਸ਼ਰਧਾ ਜਤਾਓਂਦੇ ਸਨ ਜਿਵੇਂ ਓਹ ਗੁਰੂ ਹੀ ਹੋਣ।

ਸਿੱਖਾਂ ਦੇ ਨੈਤਿਕ ਸਤਰ ਵਿੱਚ ਗਿਰਾਵਟ ਦੇ ਨਾਲ ਹੀ ਨਾਲ ਓਹਨਾਂ ਦੀ ਸੰਖਿਆ ਵੀ ਗਿਰ ਰਹੀ ਸੀ। ਜਦੋਂ ਖਾਲਸਾ ਚੜਤ ਵੱਲ ਸੀ, ਤਾਂ ਹਿੰਦੂਆਂ ਨੇ ਵੱਡੀ ਸੰਖਿਆ ਵਿਚ ਕੇਸ਼ ਦਾੜੀ ਵਧਾਓਣਾ, ਸਿੱਖ ਗੁਰੂਆਂ ਦਾ ਗੁਣਗਾਨ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਉੱਤੇ ਅੰਗਰੇਜਾਂ ਦੁਆਰਾ ਕਬਜ਼ੇ ਤੋਂ ਬਾਅਦ ਇਹ ਮੌਕਾਪ੍ਰਸਤ ਲੋਕ ਹਿੰਦੂ ਧਰਮ ਵਿੱਚ ਵਾਪਿਸ ਆ ਗਏ। ਸੱਚੇ ਸਿੱਖ ਪਰਿਵਾਰ ਵੀ ਜਿਹਨਾਂ ਦਾ ਅਜਿਹਾ ਹਿੰਦੂਆਂ ਨਾਲ ਕਰੀਬੀ ਨਾਤਾ ਸੀ, ਓਹ ਵੀ ਓਹਨਾਂ ਹਿੰਦੂਆਂ ਦੇ ਨਾਲ ਨਾਲ ਦਾੜੀ ਮੁੱਛਾਂ ਮੁੰਡਵਾ ਕੇ ਸਹਿਜਧਾਰੀ ਸਿੱਖ ਬਣ ਗਏ। ਇਨਾਂ ਸਿੱਖਾਂ ਵਿੱਚ ਜ਼ਿਆਦਾਤਰ ਲੋਕ ਅਜਿਹੇ ਸਨ ਜੋ ਦੋ ਇੱਕ ਪੀੜੀ ਪਹਿਲਾਂ ਹੀ ਸਿੱਖ ਬਣੇ ਸਨ ਅਤੇ ਓਹਨਾਂ ਨੇ ਹਿੰਦੂਆਂ ਦੇ ਨਾਲ ਸਮਾਜਿਕ ਸੰਵਾਦ ਤਾਂ ਛੱਡਿਆ ਹੀ ਨਹੀਂ ਸੀ। ਹੁਣ ਓਹਨਾਂ ਕੋਲ ਇੱਕ ਹੀ ਰਸਤਾ ਸੀ ਕਿ ਓਹ ਹਿੰਦੂ ਧਰਮ ਵਿੱਚ ਦੁਬਾਰਾ ਜਜ਼ਬ ਹੋ ਜਾਣ ਅਤੇ ਇੱਕ ਅੱਲਗ ਸਮੁਦਾਯ ਦੇ ਰੂਪ ਵਿੱਚ ਦਿਖਣ ਤੋਂ ਬਾਜ਼ ਆਓਣ।

ਸਿੱਖ ਰਾਜਨਿਕਾਅ ਦੀ ਅੰਤਨਿਰਹਿਤ ਦੁਰਬਲਤਾ ਤਾਂ ਸਿੱਖਾਂ ਦੇ ਵਿਘਟਨ ਦਾ ਇੱਕ ਕਾਰਣ ਸੀ ਹੀ, ਦਰਅਸਲ ਇਸ ਦੇ ਤਿੰਨ ਹੋਰ ਕਾਰਣ ਵੀ ਸਨ- ਈਸਾਈ ਮਿਸ਼ਨਰੀਆਂ ਦੀ ਗਤੀਵਿਧੀਆਂ, ਆਰਿਆ ਸਮਾਜ ਨਾਮਕ ਇੱਕ ਨਵੇਂ ਹਿੰਦੂ ਸੰਗਠਨ ਦੀ ਨਵਧਰਮਾਂਤਰਣ ਦੀ ਮੁਹਿੰਮ ਅਤੇ ਵਿਗਿਆਨਿਕ ਵਿਚਾਰਧਾਰਾਵਾਂ ਦੇ ਆਵਿਰਭਾਵ ਤੋਂ ਉਪਜਿਆ 'ਯੁਕਤੀਸੰਗਤਕਰਣੋ' (ਚੀਜ਼ਾਂ ਦਾ ਔਚਿਤਪੂਰਣ ਹੋਣਾ)।

1835 ਵਿੱਚ ਲੁਧਿਆਣਾ ਵਿੱਚ ਅਮਰੀਕੀ ਪ੍ਰੇਸੀਬਟੇਰਿਅਨ (ਇੱਕ ਈਸਾਈ ਧਰਮ ਵਿਵਸਥਾ) ਮਿਸ਼ਨ ਦੀ ਸਥਾਪਨਾ ਹੋ ਚੁਕੀ ਸੀ। ਅਘਿਗ੍ਰਹਣ ਤੋਂ ਤੁਰੰਤ ਬਾਅਦ ਇਸ ਮਿਸ਼ਨ ਨੇ ਆਪਣੀ ਗਤੀਵਿਧੀਆਂ ਮਾਲਵੇ ਤੋਂ ਮਾਝੇ ਤੱਕ ਫੈਲਾਣੀਆਂ ਸ਼ੁਰੂ ਕਰ ਦਿੱਤੀਆਂ। ਚਰਚ ਮਿਸ਼ਨਰੀ ਸੁਸਾਇਟੀ ਨੇ ਅੰਮ੍ਰਿਤਸਰ, ਲਾਹੌਰ ਅਤੇ ਪਹਾੜੀ ਜਿਲਿਆਂ ਵਿੱਚ ਆਪਣੇ ਕੇਂਦਰ ਖੋਲ ਲਏ। 'ਸੁਸਾਇਟੀ ਫੌਰ ਦਾ ਪ੍ਰੋਪੇਗੇਸ਼ਨ ਓਫ ਗੌਸਪੇਲੋ, 'ਸਾਲਵੇਸ਼ਨ ਆਰਮੀ', 'ਮੈਥਾਡਿਸਟੋ, 'ਐਪਿਸਕੋਪੋਲਿਅਨ', 'ਮੋਰੈਵਿਅਨੋ' ਅਤੇ ਅਨੇਕ 'ਰੋਮਨ ਕੈਥੋਲਿਕ ਮਿਸ਼ਨ' ਲੋਕਾਂ ਦਾ ਧਰਮਾਂਤਰਣ ਕਰਨ ਲਈ ਇੱਕ ਦੂਜੇ ਨਾਲ ਹੋੜ ਲਗਾਓਣ ਲੱਗੇ। ਇਨਾਂ ਈਸਾਈ ਮਿਸ਼ਨਰੀਆਂ ਨੂੰ ਅੰਗਰੇਜ਼ ਅਫਸਰਾਂ ਦੀ ਖੂਬ ਸ਼ੈਅ ਮਿਲਦੀ ਸੀ।

ਈਸਾਈ ਮਿਸ਼ਨਰੀਆਂ ਦੀ ਸਭ ਤੋਂ ਵੱਡੀ ਜਿੱਤ ਸੀ, ਸੰਨ 1853 ਵਿੱਚ ਮਹਾਰਾਜਾ ਦਲੀਪ ਸਿੰਘ ਦਾ ਧਰਮ ਪਰਿਵਰਤਨ ਕਰਕੇ ਓਸ ਨੂੰ ਈਸਾਈ ਬਣਾਓਣਾ, ਸਿੱਖਾਂ ਲਈ ਇਹ ਇੱਕ ਅਸਹਿਣਯੋਗ ਝਟਕਾ ਸੀ। ਉਸੀ ਸਾਲ ਅੰਮ੍ਰਿਤਸਰ ਵਿੱਚ ਇਥ ਕ੍ਰਿਸ਼ਚਿਅਨ ਸਕੂਲ ਖੋਲਿਆ ਗਿਆ। ਨਵ ਧਰਮਾਂਤਰਿਤ ਵਿਅਕਤੀ ਜਿਹੇ ਉਤਸਾਹ ਨਾਲ ਦੇਸ਼ਨਿਰਵਾਸਿਤ ਮਹਾਰਾਜਾ ਨੇ ਇਸ ਈਸਾਈ ਵਿਦਆਲੇ ਦੀ ਮਦਦ ਦਾ ਭਰੋਸਾ ਦਿੱਤਾ।

ਮਹਾਰਾਜਾ ਦਲੀਪ ਸਿੰਘ ਨੂੰ ਛੱਡ ਕੇ ਸ਼ੁਰੂ ਸ਼ੁਰੂ ਵਿੱਚ ਈਸਾਈ ਬਣਨ ਵਾਲੇ ਸਿੱਖਾ ਵਿੱਚ ਜ਼ਿਆਦਾਤਰ ਅਛੂਤ ਜਾਤੀ ਦੇ ਸਿੱਖ ਸਨ।ਕੁਝ ਹੀ ਸਮੇਂ ਬਾਅਦ ਈਸਾਈ ਅਰਥਾਤ ਕ੍ਰਿਸ਼ਚਿਅਨ ਨੂੰ ਨਿੰਦਾਤਮਕ ਰੂਪ ਵਿੱਚ ਲਿਆ ਜਾਣ ਲੱਗਾ।ਅਤੇ ਇਹ ਪੰਜਾਬੀ ਦੇ ਸ਼ਬਦ 'ਚੂਹੜਾ' ਦਾ ਪ੍ਰਯਾਯ ਬਣ ਗਿਆ।ਉਦੋਂ ਹੀ ਨਵਧਰਮਾਂਤਰਿਤ ਲੋਕਾਂ ਨੂੰ ਸਮਝ ਵਿੱਚ ਆਓਣ ਲੱਗਾ ਕਿ ਨਾ ਤਾਂ ਪਾਦਰੀ ਦਾ ਸੰਰਕਸ਼ਣ ਅਤੇ ਨਾ ਹੀ 'ਸਾਲੋ ਟੋਪੀ' ਜੁੜਿਆ ਗਰਿਮਾ ਦਾ ਅਹਿਸਾਸ ਓਹਨਾਂ ਨੂੰ ਅਸਪਰਸ਼ਤਾ ਦੇ ਕਲੰਕ ਤੋਂ ਛੁਟਕਾਰਾ ਦਿਲਵਾ ਸਕਦਾ ਹੈ।ਉਸ ਤੋਂ ਬਾਅਦ ਨੀਵੀਂ ਜਾਤੀਆਂ ਦੇ ਧਰਮ ਪਰਿਵਰਤਨ ਦੀ ਗਤੀ ਧੀਮੀ ਹੋਈ। ਈਸਾਈ ਮਿਸ਼ਨਰੀਆਂ ਨੇ ਹੁਣ ਆਪਣਾ ਰੁਖ ਖਾਂਦੇ ਪੀਂਦੇ ਜੱਟਾਂ ਅਤੇ ਖੱਤਰੀ ਜਾਤੀ ਦੇ ਲੋਕਾਂ ਵੱਲ ਮੋੜਿਆ।ਕਿੰਨੇ ਹੀ ਜਾਣੇ ਮਾਣੇ ਸਿੱਖ ਪਰਿਵਾਰਾਂ ਨੇ ਈਸਾਈ ਧਰਮ ਨੂੰ ਅਪਣਾ ਲਿਆ।ਪੜੇ ਲਿਖੇ ਅਮੀਰ ਪਰਿਵਾਰਾਂ ਦੇ ਸਿੱਖਾ ਦੁਆਰਾ ਈਸਾਈਤ ਨੂੰ ਅਪਨਾਓਣ ਨਾਲ ਸਿੱਖ ਨੇਤਾਵਾਂ ਨੂੰ ਧੱਕਾ ਲੱਗਾ, ਓਨਾਂ ਅਛੂਤ ਭਾਈਆਂ ਦੇ ਬਣਨ ਨਾਲ ਨਹੀਂ ਲੱਗਾ ਸੀ।ਬਹਰਹਾਲ ਈਸਾਈ ਮਿਸ਼ਨਰੀਆਂ ਦੇ ਕਾਜ ਕਲਾਂਪਾਂ ਤੋਂ ਜ਼ਿਆਦਾ ਗੰਭੀਰ ਤਾਂ ਸੁਧਾਰਵਾਦੀ ਹਿੰਦੂਤੱਵ ਦੀਆਂ ਚੁਨੌਤੀਆਂ ਸਨ, ਖਾਸਕਰ ਆਰਿਆ ਸਮਾਜ ਦੀ।

## ਆਰਿਆ ਸਮਾਜ (Arya Samaj)

ਆਰਿਆ ਸਮਾਜ ਦੇ ਪ੍ਰਵਰਤਕ ਸਨ- ਸਵਾਮੀ ਦਯਾਨੰਦ ਸਰਸਵਤੀ।ਜਿਨਾਂ ਦਾ ਆਦਰਸ਼ ਵਾਕ ਸੀ- "ਵੇਦਾਂ ਵੱਲ ਵਾਪਸੀ।ਓਹਨਾਂ ਅਨੁਸਾਰ ਵੇਦਾਂ ਤੋਂ ਇੱਕ ਸਰਵ ਵਿੱਦਿਆਮਾਨ, ਪ੍ਰੰਤੂ ਅਦ੍ਰਿਸ਼ ਪਰਮਾਤਮਾ ਅਤੇ ਮਾਨਵ ਮਾਤਰ ਦੀ ਸਮਾਨਤਾ ਵਿੱਚ ਵਿਸ਼ਵਾਸ ਪੈਦਾ ਹੁੰਦਾ ਹੈ।ਇਸਲਈ ਓਹ ਮੂਰਤੀ ਪੂਜਾ ਅਤੇ ਜਾਤੀ ਪ੍ਰਥਾ ਦੇ ਵਿਰੋਧੀ ਸਨ। ਦਯਾਨੰਦ ਸਰਸਵਤੀ ਇੱਕ ਔਜਸਵੀ ਵਿਅਕਤਾ ਸਨ।ਕੁਝ ਹੀ ਸਾਲਾਂ ਵਿੱਚ ਓਹਨਾਂ ਦੀ ਆਵਾਜ਼ ਪੂਰੇ ਹਿੰਦੁਸਤਾਨ ਵਿੱਚ ਗੂੰਜਣ ਲੱਗੀ।ਓਹਨਾਂ ਦਾ ਮੂਰਤੀਭੰਜਕ ਇੱਕੇਸ਼ਵਰਵਾਦ ਅਤੇ ਭੇ ਦਭਾਵਹੀਣਤਾ ਸਿੱਖਾਂ ਨੂੰ ਬੜੇ ਰਾਸ ਆਏ।

1877 ਦੀਆਂ ਗਰਮੀਆਂ ਵਿੱਚ ਸਵਾਮੀ ਦਯਾਨੰਦ ਸਰਸਵਤੀ ਪੰਜਾਬ ਆਏ, ਜਿੱਥੇ ਹਿੰਦੂਆਂ ਅਤੇ ਸਿੱਖਾਂ ਨੇ ਓਹਨਾਂ ਦਾ ਪੂਰਾ ਸਵਾਗਤ ਕੀਤਾ।ਓਹਨਾ ਨੇ ਲਾਹੌਰ ਵਿੱਚ ਆਰਿਆ ਸਮਾਜ ਦੀ ਇੱਕ ਸ਼ਾਖਾ ਖੋਲੀ।ਧਰਮਾਂਤਰਣ ਉਸਦੀ ਗਤੀਵਿਧੀਆਂ ਦਾ ਇੱਕ ਮਹੱਤਵਪੂਰਣ ਹਿੱਸਾ ਸੀ।ਓਹਨਾਂ ਦਿਨਾਂ ਵਿੱਚ ਬਹੁਤ ਸਾਰੇ ਹਿੰਦੂ ਅਤੇ ਸਿੱਖ 'ਆਰਿਆ ਸਮਾਜੀ' ਬਣੇ।

ਕੱਟਰ ਸਿੱਖਾਂ ਨੂੰ ਇਹ ਸਮਝਦੇ ਦੇਰ ਨਹੀਂ ਲੱਗੀ ਕਿ ਵੇਦਾਂ ਦੀ ਤਥਾਤਮਕਤਾ ਨੂੰ ਲੈ ਕੇ ਸਵਾਮੀ ਦਯਾਨੰਦ ਸਰਸਵਤੀ ਦੀਆਂ ਧਾਰਣਾਵਾਂ ਓਨੀਆਂ ਹੀ ਦੁਰਾਗ੍ਰਹੀ ਸਨ ਜਿੰਨੀਆਂ ਕੁਰਾਣ ਨੂੰ ਲੈ ਕੇ ਮੁਸਲਮਾਨਾਂ ਦੀਆਂ।

ਓਹਨਾਂ ਦੀ ਨਜਰ ਵਿੱਚ 'ਗੁਰੂ ਗ੍ਰੰਥ ਸਾਹਿਬ' ਇੱਕ ਗੌਣ ਮਹੱਤਵ ਦੀ ਰਚਨਾ ਸੀ ਅਤੇ ਸਿੱਖ ਗੁਰੂ ਅਲਪ ਗਿਆਨੀ ਸਨ। ਓਹਨਾਂ ਨੇ ਗੁਰੂ ਨਾਨਕ ਦੇਵ ਨੂੰ 'ਦੰਭੀ' ਕਹਿ ਕੇ ਨਿੰਦਿਆ ਕੀਤੀ। ਦਯਾਨੰਦ ਸਰਸਵਤੀ ਸਿੱਖ ਧਰਮਾਤਮਾਵਾਂ ਨੂੰ ਸੰਸਕ੍ਰਿਤ ਦਾ ਗਿਆਨ ਨਾ ਹੋਣ ਕਾਰਨ ਵੀ ਨਿੰਦਾਯੋਗ ਮੰਨਦੇ ਸਨ। ਜੋ ਕੋਈ ਵੀ ਓਹਨਾਂ ਦੇ 'ਮਾਣਕਾਂ' ਤੇ ਖਰਾ ਨਹੀਂ ਸੀ, ਉਸ ਨੂੰ ਓਹ ਮਹਾਮੂਰਖ ਕਹਿੰਦੇ ਸਨ। ਦਯਾਨੰਦ ਸਰਸਵਤੀ ਨੇ ਦਿਸ਼ਾ ਦਿੱਤੀ ਸੀ ਅਤੇ ਓਹਨਾਂ ਦੇ ਉਤਸਾਹੀ ਅਨੁਯਾਈਆਂ ਨੇ ਓਹਨਾਂ ਨੂੰ ਗਤੀ ਦਿੱਤੀ।ਨਤੀਜਾ ਇਹ ਹੋਇਆ ਕਿ ਸਿੱਖਾਂ ਨੇ ਦਯਾਨੰਦ ਸਰਸਵਤੀ ਤੋਂ ਮੂੰਹ ਮੋੜ ਲਿਆ।ਇੰਨਾ ਹੀ ਨਹੀਂ, ਮੁਸਲਮਾਨਾਂ ਅਤੇ ਈਸਾਈਆਂ ਨਾਲ ਮਿਲ ਕੇ ਓਹਨਾਂ ਦੀ ਪੁਸਤਕ 'ਸਤਿਆਰਥ ਪ੍ਰਕਾਸ਼' ਤੇ ਪ੍ਰਤੀਬੰਧ ਲਗਾਓਣ ਦੀ ਮੰਗ ਵੀ ਕੀਤੀ ਕਿਓੱਕਿ ਇਸ ਵਿੱਚ ਇਹਨਾਂ ਤਿੰਨਾਂ ਧਰਮਾਂ ਦੇ ਗੁਰੂਆਂ ਤੇ ਆਰੋਪ ਲਗਾਏ ਗਏ ਸਨ।

ਈਸਾਈ ਮਿਸ਼ਨਰੀਆਂ ਅਤੇ ਆਰਿਆ ਸਮਾਜ ਦੀ ਗਤੀਵਿਧੀਆਂ ਤੋਂ ਇਲਾਵਾ ਪ੍ਰਾਂਤ ਵਿੱਚ ਪਰਿਵਰਤਨ ਦੀਆਂ ਹੋਰ ਲਹਿਰਾਂ ਵੀ ਚਲ ਰਹੀਆਂ ਸਨ। ਪੰਜਾਬ ਵਿੱਚ ਬੰਗਾਲੀ ਬੁੱਧੀਜੀਵੀਆਂ ਦਾ ਆਓਣਾ ਵੀ ਸ਼ੁਰੂ ਹੋ ਗਿਆ ਸੀ, ਜੋ ਆਪਣੇ ਨਾਲ ਰਾਜਾ ਰਾਮ ਮੋਹਨ ਰਾਏ (1771-1833) ਅਤੇ ਬ੍ਰਹਮ ਸਮਾਜ ਜਿਹੇ ਉਦਾਰਵਾਦੀ ਹਿੰਦੁਤਵ ਦਾ ਸੰਦੇਸ਼ ਲੈ ਕੇ ਆਏ ਸਨ। ਓਹਨਾਂ ਨੇ 1864 ਵਿੱਚ ਲਾਹੌਰ ਵਿੱਚ ਇਸਦੀ ਇੱਕ ਸ਼ਾਖਾ ਖੋਲੀ ਅਤੇ ਦਿਆਲ ਸਿੰਘ ਮਜੀਠੀਆ ਜਿਹੇ ਜਾਣੇ ਮਾਣੇ ਵਿਅਕਤੀ ਨੇ ਬ੍ਰਹਮ ਸਮਾਜ ਵਿੱਚ ਦੀਕਸ਼ਾ ਲਈ।ਪੰਜਾਬ ਵਿੱਚ ਅਧਿਆਤਮਵਾਦੀਆਂ (ਥਿਓਸੋਫਿਸਟ) ਦਾ ਵੀ ਕਾਫੀ ਅਸਰ ਪਿਆ ਜਿਨਾਂ ਵਿੱਚੋਂ ਕਈਆਂ (ਡਾ. ਐਨੀ ਬੇਸੈਂਟ) ਨੇ ਇੱਥੇ ਭਾਸ਼ਣ ਵੀ ਦਿੱਤੇ।ਮੈਕਸਮੂਲਰ, ਸਰ ਐਡਵਿਨ ਅਰਨਾਲਡ ਅਤੇ ਡਾ. ਮੋਨਿਅਰ ਵਿਲੀਅਮਜ਼ ਦੀ ਪੁਸਤਕਾਂ ਦੇ ਪ੍ਰਕਾਸ਼ਨ ਨੇ ਹਿੰਦੂਤਵ ਅਤੇ ਹਿੰਦੂ ਧਰਮ ਦੇ ਬਾਰੇ ਲੋਕਾਂ ਵਿੱਚ ਰੁਚੀ ਜਗਾਈ।ਉਸ ਤੋਂ ਬਾਅਦ ਪੰਜਾਬ ਉੱਤੇ ਕਈ ਪੁਸਤਕਾਂ ਪ੍ਰਕਾਸ਼ਿਤ ਹੋਈਆਂ।ਸਿੱਖ ਆਪਣੇ ਗ੍ਰੰਥ ਦੇ ਯੂਰਪੀ ਰੂਪਾਂਤਰਣ ਨੂੰ ਲੈ ਕੇ ਵੀ ਖੁਸ਼ਕਿਸਮਤ ਨਹੀਂ ਸਨ। ਗੁਰੂ ਗ੍ਰੰਥ ਸਾਹਿਬੋ ਨੂੰ ਅੰਗਰੇਜ਼ੀ ਵਿੱਚ ਅਨੁਵਾਦਿਤ ਕਰਨ ਲਈ ਇੰਡੀਆ ਆਫਿਸ ਵਿੱਚ ਇੱਕ ਜਰਮਨ ਭਾਸ਼ਾ ਵਿਗਿਆਨੀ ਡਾ. ਅਰਨੈਸਟ ਟ੍ਰੰਪ ਨੂੰ ਤੈਨਾਤ ਕੀਤਾ ਗਿਆ।ਟ੍ਰੰਪ ਨੇ ਗ੍ਰੰਥ ਦੇ ਕੁਝ ਪੰਨਿਆਂ ਦਾ ਅਨੁਵਾਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਨੁਵਾਦ ਵਿੱਚੇ ਹੀ ਛੱਡ ਦਿੱਤਾ ਕਿਓਂਕਿ ਇਸਦੀ ਭਾਸ਼ਾ ਸੰਸਕ੍ਰਿਤ ਵਿਆਕਰਣ ਦੇ ਨਿਯਮਾਂ ਅਨੁਸਾਰ ਨਹੀਂ ਸੀ ਅਤੇ ਸਿੱਖ ਅਧਿਆਤਮਵਾਦੀਆ ਨੇ ਵੀ ਉਸਦੀ ਮਦਦ ਕਰਨ ਤੋਂ ਮਨਾ ਕਰ ਦਿੱਤਾ। ਜਦੋਂ ਟ੍ਰੰਪ ਦੀ ਇਹ ਮਹੱਤਵਹੀਣ ਜਿਹੀ ਰਚਨਾ ਪ੍ਰਕਾਸ਼ਿਤ ਹੋਈ, ਤਾਂ ਸਿੱਖਾਂ ਨੂੰ ਕਾਫੀ ਨਿਰਾਸ਼ਾ ਹੋਈ।ਉਸਦੀ ਭੂਮਿਕਾ ਵਿੱਚ ਹੀ 'ਗੁਰੂ ਗ੍ਰੰਥ ਸਾਹਿਬ' ਦੀ ਵਿਸ਼ੇ ਵਸਤੂ ਨੂੰ ਲੈ ਕੇ ਬਹੁਤ ਕੁਰੂਚੀਪੂਰਣ ਟਿੱਪਣੀਆਂ ਸਨ।ਉਸਦਾ ਅਨੁਵਾਦ ਵੀ ਗਲਤ, ਫਿੱਕਾ ਅਤੇ ਅਕਾਵਿਆਤਮਕ ਸੀ।ਪਰ ਸਿੱਖ ਲੋਕ ਆਪਣੇ ਸਿਵਾਏ ਹੋਰ ਕਿਸ ਨੂੰ ਦੋਸ਼ ਦਿੰਦੇ।

ਸਾਹਿਤਿਕ ਅਤੇ ਸ਼ੈਕਸ਼ਿਕ ਅੰਦੋਲਨਾਂ ਦੀ ਬਿਆਰ ਤੇਜੀ ਨਾਲ ਵਹਿਣ ਲੱਗੀ। 1870 ਅਤੇ 1880 ਦੇ ਦਸ਼ਕਾਂ ਵਿੱਚ ਪੰਜਾਬ ਵਿੱਚ ਇੱਕ ਓਰੀਐਂਟਲ ਕਾਲੇਜ, ਇੱਕ ਯੂਨੀਵਰਸਿਟੀ ਲਾਇਬ੍ਰੇਰੀ, ਸਕੂਲ ਓਫ ਆਰਟਜ਼, ਸਾਇੰਸ ਇੰਸਟੀਚਿਊਟ ਅਤੇ ਇੱਕ ਮੈਡੀਕਲ ਕਾਲੇਜ ਖੋਲੇ ਗਏ। ਹਿੰਦੂਆਂ ਅਤੇ ਮੁਸਲਮਾਨਾਂ ਨੇ ਪੰਜਾਬ ਵਿੱਚ ਆਪਣੇ ਆਪਣੇ ਸਕੂਲ ਅਤੇ ਕਾਲੇਜ ਖੋਲਣੇ ਸ਼ੁਰੂ ਕਰ ਦਿੱਤੇ, ਸਿਰਫ ਸਿੱਖ ਲੋਕ ਹੀ ਪਿੱਛੇ ਰਹਿ ਗਏ ਸਨ।

**ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਿੰਘ ਸਭਾਵਾਂ:** ਆਰਿਆ ਸਮਾਜ ਦੇ ਪ੍ਰਵਰਤਨ ਤੋਂ ਚਾਰ ਸਾਲ ਪਹਿਲਾਂ, ਇੱਕ ਹਿੰਦੂ ਵਕਤਾ ਦੇ ਸਿੱਖ ਗੁਰੂਆਂ ਲਈ ਕੀਤੀ ਗਈ ਨਿੰਦਾਤਮਕ ਟਿੱਪਣੀਆਂ ਨੂੰ ਲੈ ਕੇ, ਅੰਮ੍ਰਿਤਸਰ ਦੇ ਸਿੱਖਾ ਨੇ ਇੱਕ ਮੀਟਿੰਗ ਬੁਲਾਈ। ਇਹ ਵਿਰੋਧ ਪ੍ਰਦਰਸ਼ਨ ਕਰਣ ਵਾਲੀਆਂ ਸਭਾਵਾਂ, ਜਿਸ ਸੰਸਥਾ ਦੁਆਰਾ ਆਯੋਜਿਤ ਕੀਤੀਆਂ ਜਾਂਦੀਆਂ ਸਨ, ਓਹ ਆਪਣੇ ਆਪ ਨੂੰ 'ਸਿੰਘ ਸਭਾ' ਕਹਿ ਕੇ ਬੁਲਾਓਂਦੀ ਸੀ। ਸਿੰਘ ਸਭਾ ਨੂੰ ਪੰਜਾਬ ਦੇ ਅਮੀਰਾਂ, ਜ਼ਿਮੀਦਾਰਾਂ ਅਤੇ ਰੂੜੀਵਾਦੀ ਸਿੱਖਾਂ ਦਾ ਸਹਿਯੋਗ ਮਿਲ ਰਿਹਾ ਸੀ। ਇਸ ਸੁਸਾਇਟੀ ਦੇ ਉਦੇਸ਼ਾਂ ਵਿੱਚ ਸੀ- ਗੁਰੂਆਂ ਦੇ ਉਪਦੇਸ਼ਾਂ ਦੀ ਪੁਨਰਪ੍ਰਤਿਸ਼ਠਾ, ਪੰਜਾਬੀ ਵਿੱਚ ਧਾਰਮਿਕ ਸਾਹਿਤ ਦੀ ਰਚਨਾ ਅਤੇ ਅਨਪੜਤਾ ਦੇ ਵਿਰੁੱਧ ਅਭਿਆਨ। ਇਸਦੇ ਪ੍ਰਵਰਤਕ ਇਹ ਵੀ ਚਾਹੁੰਦੇ ਸਲ ਕਿ ਉੱਚ ਪਦਸਥ ਅੰਗਰੇਜਾਂ ਨੂੰ ਆਕਰਸ਼ਿਤ ਕੀਤਾ ਜਾਵੇ ਅਤੇ ਸਿੰਘ ਸਭਾ ਦੇ ਸ਼ੈਕਸ਼ਿਕ ਪ੍ਰੋਗਰਾਮਾਂ ਵਿੱਚ ਓਹਨਾਂ ਦਾ ਯੋਗਦਾਨ ਲਿਆ ਜਾਵੇ। ਸਰਕਾਰੀ ਸੰਰਕਸ਼ਣ ਸੁਨਿਸ਼ਚਿਤ ਕਰਨ ਵਾਸਤੇ ਸਿੰਘ ਸਭਾ ਨੇ ਤੈਅ ਕੀਤਾ ਕਿ ਬ੍ਰਿਟਿਸ਼ ਰਾਜਤੰਤਰ ਦੇ ਪ੍ਰਤੀ ਆਪਣੀ ਵਫਾਦਾਰੀ ਜਤਾਈ ਜਾਵੇ। ਠੱਕਰ ਸਿੰਘ ਸੰਧਾਵਾਲੀਆ ਇਸਦੇ ਅਧਿਅਕਸ਼ ਅਤੇ ਗਿਆਨੀ ਗਿਆਨ ਸਿੰਘ ਅਮ੍ਰਿਤਸਰ 'ਸ੍ਰੀ ਗੁਰੂ ਗੋਬਿੰਦ ਸਿੰਘ ਸਭਾ' ਦੇ ਸਚਿਵ ਸਨ। ਸਰਕਾਰ ਨੇ ਇਸ ਸੰਸਥਾ ਦੇ ਸ਼ੈਕਸ਼ਿਕ ਪ੍ਰੋਗਰਾਮ ਨੂੰ ਆਪਣੇ ਸੰਰਕਸ਼ਣ ਵਿੱਚ ਲੈ ਲਿਆ।

1879 ਵਿੱਚ ਲਾਹੌਰ ਵਿੱਚ ਇੱਕ ਹੋਰ ਸਿੰਘ ਸਭਾ ਦਾ ਗਠਨ ਹੋਇਆ। ਇਸ ਸਿੰਘ ਸਭਾ ਦੇ ਨੇਤਾ ਮੱਧ ਵਰਗ ਦੇ ਕੁਝ ਪੜੇ ਲਿਖੇ ਅਤੇ ਉਰਜਾਵਾਨ ਨੌਜਵਾਨ ਸਨ। ਪੰਜਾਬ ਦੇ ਗਵਰਨਰ ਸਰ ਰੋਬਰਟ ਇਗਰਟਨ ਨੇ ਇਸ ਦਾ ਸੰਰਕਸ਼ਕ ਬਣਨਾ ਸਵੀਕਾਰ ਕਰ ਲਿਆ। ਅਤੇ ਵਾਇਸਰਾਏ ਲੋਰਡ ਲੈਂਸਡਾਊਨ ਨੂੰ ਵੀ ਇਸ ਨੂੰ ਮਦਦ ਦੇਣ ਲਈ ਤਿਆਰ ਕਰ ਲਿਆ। ਲਾਹੌਰ ਸਿੰਘ ਸਭਾ ਨੇ ਕਈ ਸ਼ਹਿਰਾਂ ਵਿੱਚ ਆਪਣੀ ਸ਼ਾਖਾਵਾਂ ਖੋਲੀਆਂ, ਪਿੰਡਾਂ ਵਿੱਚ ਮਿਸ਼ਨਰੀ ਭੇਜੇ, ਸਿੱਖ ਗੁਟਾਂ ਨਾਲ ਤਾਲਮੇਲ ਬਣਾਇਆ ਅਤੇ ਪੰਜਾਬੀ ਵਿੱਚ ਪੱਤਰ ਪੱਤਰੀਕਾਵਾਂ ਛਾਪਣੀਆ ਸ਼ੁਰੂ ਕੀਤੀਆਂ।

1883 ਵਿੱਚ ਲਾਹੌਰ ਅਤੇ ਅਮ੍ਰਿਤਸਰ ਦੀ ਸਿੰਘ ਸਭਾਵਾਂ ਦਾ ਆਪਸ ਵਿੱਚ ਵਿਲਅ ਹੋ ਗਿਆ। ਪਰ ਓਹਨਾਂ ਦਾ ਇਹ ਸੰਗਠਲ ਅਸਫਲ ਰਿਹਾ। ਅੰਮ੍ਰਿਤਸਰ ਸਿੰਘ ਸਭਾ ਦਾ ਗਠਨ ਖੇਮ ਸਿੰਘ ਬੇਦੀ ਦੁਆਰਾ ਨਿਯੰਤਰਿਤ ਨਰਮ ਪ੍ਰਵ੍ਰਿੱਤੀ ਦੇ ਰੂੜੀਵਾਦੀ ਲੋਕਾਂ ਤੋਂ ਹੋਇਆ ਸੀ। ਗੁਰੂ ਨਾਂਨਕ ਦੇ ਵੰਸ਼ਜ ਹੋਣ ਦੇ ਨਾਤੇ ਖੇਮ ਸਿੰਘ ਬੇਦੀ ਗੁਰੂ ਨੂੰ ਮਿਲਣ ਵਾਲੇ ਚੜਾਵੇ ਨੂੰ ਲੈਣ ਦੇ ਅਭਿਅਸਤ ਸਨ। ਲਾਹੌਰ ਸਿੰਘ ਸਭਾ ਦੇ ਲੋਕ ਪ੍ਰਗਤੀਵਾਦੀ ਵਿਚਾਰਧਾਰਾ ਦੇ ਸਨ ਅਤੇ ਗੁਰੂ ਪ੍ਰਥਾ ਦੇ ਘੋਰ ਵਿਰੋਧੀ ਸਨ। ਦੋਵੇਂ ਦਲਾਂ ਵਿੱਚ ਅਛੂਤਾਂ ਦੇ ਗੁਰੂਦੁਆਰੇ ਵਿੱਚ ਆ ਕੇ ਪ੍ਰਾਰਥਨਾ ਕਰਨ ਦੇ ਮਾਮਲੇ ਵਿੱਚ ਖਟਪਟ ਹੋ ਗਈ। ਪ੍ਰਤੀਕ੍ਰਿਆਵਾਦੀ ਅਤੇ ਰੂੜੀਵਾਦੀ ਦਲ ਗੁਰੂ ਦੇ ਗ੍ਰੰਥੀਆਂ ਦੀ ਇਸ ਗੱਲ ਨਾਲ ਸਹਿਮਤ ਸੀ ਕਿ ਛੂਤ ਸਿੱਖਾਂ ਨੂੰ ਇੱਕ ਨਿਸ਼ਚਿਤ ਸਮੇਂ ਤੇ ਹੀ ਗੁਰਦੁਆਰੇ ਵਿੱਚ ਆਓਣ ਦੀ ਆਗਿਆ ਹੋਵੇਗੀ ਅਤੇ ਓਹਨਾਂ ਨੂੰ ਚੜਾਵੇ ਚੜਾਓਣ ਦਾ ਅਧਿਕਾਰ ਨਹੀਂ ਹੋਵੇਗਾ। ਦੋਹਾ ਸਿੰਘ ਸਭਾਵਾਂ ਦਾ ਆਪਸੀ ਤਰਕ ਵਿਤਰਕ ਕਲੇਸ਼ ਵਿੱਚ ਬਦਲ ਗਿਆ। ਰੂੜੀਵਾਦੀ ਦਲਾ ਨੇ ਆਪਣੇ ਆਪ ਨੂੰ ਇਸ ਅੰਦੋਲਨ ਤੋਂ ਅੱਲਗ ਕਰ ਲਿਆ ਅਤੇ ਖੁੱਲੇ ਤੌਰ ਤੇ ਆਪਣੀ ਦੁਸ਼ਮਣੀ ਪ੍ਰਗਟ ਕਰਨ ਲੱਗੇ।

ਆਰਿਆ ਸਮਾਜ ਦੇ ਤੇਜ਼ ਫੈਲਾਵ ਅਤੇ ਇਸ ਦੇ ਅਨੇਕ ਨੇਤਾਵਾਂ ਦੀ ਸਿੱਖ ਵਿਰੋਧੀ ਵਿਚਾਰਧਾਰਾ ਨੇ ਸਿੰਘ ਸਭਾ ਅੰਦੋਲਨ ਦੇ ਸਾਹਮਣੇ ਇੱਕ ਚੁਨੌਤੀ ਖੜੀ ਕਰ ਦਿੱਤੀ। ਇਸ ਨਾਲ ਆਰਿਆ ਸਮਾਜ ਅਤੇ ਇਸ ਦੇ ਕੁਝ ਸਿੱਖ ਸਮਰਥਕਾਂ ਦਾ ਅਲਗਾਵ ਵੀ ਅੰਤਿਮ ਚਰਣ ਵਿੱਚ ਪਹੁੰਚ ਗਿਆ।

ਦੋਵੇਂ ਸਿੰਘ ਸਭਾਵਾਂ ਵਿੱਚ ਦੁਬਾਰਾ ਸੁਲਾ ਹੋ ਗਈ। ਦੋਹਾਂ ਨੇ ਮਿਲ ਕੇ ਆਪਣਾ ਕਾਲੇਜ਼ ਖੋਲਣ ਦੀ ਠਾਣੀ। ਲਾਹੌਰ ਵਿੱਚ ਭਾਰੀ ਸੰਖਿਆ ਵਿੱਚ ਜੁਟੇ ਲੋਕਾਂ ਦੀ ਇੱਕ ਸਭਾ ਵਿੱਚ ਇੱਕ ਯੋਜਨਾ ਬਣਾਈ ਗਈ ਅਤੇ ਸਵਰਣਮੰਦਿਰ ਵੱਲੋਂ ਇੱਕ ਹੁਕਮਨਾਮਾ ਜਾਰੀ ਕੀਤਾ ਗਿਆ। ਇਸ ਵਿੱਚ ਸਿਖਾਂ ਨੂੰ ਕਿਹਾ ਗਿਆ ਕਿ ਓਹ ਸਭ ਇਸ ਕਾਲੇਜ ਨੂੰ ਬਣਾਓਣ ਲਈ ਆਪਣੀ ਆਮਦਨੀ ਦਾ ਦਸਵਾਂਸ਼ ਦਾਨ ਵਿੱਚ ਦੇਣ। ਅੰਗਰੇਜ਼ ਸ਼ੁਭਚਿੰਤਕਾਂ ਨੇ ਇੰਗਲੈਂਡ ਵਿੱਚ ਧਨ ਇੱਕਠਾ ਕਰਨ ਲਈ, ਲੰਦਨ ਵਿੱਚ ਇੱਕ ਸਮਿਤੀ ਦਾ ਗਠਨ ਕੀਤਾ। ਵਾਇਸਰਾਏ ਅਤੇ ਕਮਾਂਡਰ ਇਨ ਚੀਫ ਦੇ ਪ੍ਰੋਤਸਾਹਨ ਤੇ ਸਿੱਖ ਰਾਜ ਮਹਾਰਾਜਿਆਂ ਨੇ ਭਾਰੀ ਮਾਤਰਾ ਵਿੱਚ ਦਾਨ ਦਿੱਤੇ ਅਤੇ 'ਐਂਗਲੋ ਇੰਡੀਅਨ ਸਿਵਿਲ ਐਂਡ ਮਿਲਟਰੀ ਗਜ਼ਟ' ਨੇ ਬੜੇ ਉਤਸਾਹ ਨਾਲ ਇਸ ਮੁਹਿੰਮ ਦਾ ਸਮਰਥਨ ਕੀਤਾ। ਪ੍ਰਾਂਤ ਦੇ ਕੋਨੇ ਕੋਨੇ ਵਿੱਚ ਧਨ ਦੀ ਵਰਖਾ ਹੋਣ ਲੱਗੀ। 5 ਮਾਰਚ, 1892 ਨੂੰ ਇਸ ਮੁਹਿੰਮ ਵਿੱਚ ਨਿਜੀ ਰੂਪ ਨਾਲ ਰੂਚੀ ਲੈਣ ਵਾਲੇ ਲੈਫਟੀਨੈਂਟ ਗਵਰਨਰ ਸਰ ਜੇਮਸ ਲਿਆਲ ਨੇ ਅਮ੍ਰਿਤਸਰ ਵਿੱਚ 'ਖਾਲਸਾ ਕਾਲੇਜ' ਦੀ ਨੀਂਹ ਰੱਖੀ।

ਇਹ ਤਾਂ ਸੰਭਵ ਹੀ ਸੀ ਕਿ ਏਨੀ ਵਿਵਿਧ ਗਤੀਵਿਧੀਆ ਵਾਲੀ ਸੰਸਥਾ ਸਿੰਘ ਸਭਾ ਦੀ ਕਾਲਾਂਤਰ ਵਿੱਚ ਆਪਣੀ ਕੋਈ ਨਾ ਕੋਈ ਰਾਜਨੀਤੀ ਵਿਕਸਿਤ ਹੋਵੇਗੀ। ਸੰਨ 1902 ਵਿੱਚ ਚੀਫ ਖਾਲਸਾ ਦੀਵਾਨ' ਦੇ ਗਠਨ ਦੇ ਨਾਲ ਇਸ ਨੇ ਮੂਰਤ ਰੂਪ ਲੈ ਲਿਆ। 'ਚੀਫ ਖਾਲਸਾ ਦੀਵਾਨ' ਹੋਰ ਸਮੁਦਾਯਾਂ ਦੇ ਸਾਪੇਖ ਸਿੱਖਾਂ ਦੀ ਰੱਖਿਆ, ਬ੍ਰਿਟਿਸ਼ ਰਾਜਤੰਤਰ ਦੇ ਪ੍ਰਤੀ ਵਫਾਦਾਰੀ ਪੈਦਾ ਕਰਵਾਓਣ ਅਤੇ ਸਰਕਾਰੀ ਸੇਵਾਵਾਂ ਵਿਸ਼ੇਸ਼ਕਰ ਸੈਨਾ ਵਿੱਚ ਸਿੱਖਾਂ ਦੀ ਸਮੁਚਿਤ ਅਗਵਾਈ ਵਿੱਚ ਲੜਣ ਦੇ ਲਈ ਆਦਿ ਦੀ ਮੁਹਿੰਮਾਂ ਲਈ ਵਚਨਬੱਧ ਸੀ। ਲਗਭਗ ਇਸ ਦੇ ਪ੍ਰਵਰਤਨ ਤੋਂ ਹੀ, ਇਸ ਦੇ ਸਰਵਾਧਿਕ ਪ੍ਰਭਾਵੀ ਨੇਤਾ ਸਨ-ਸੁੰਦਰ ਸਿੰਘ ਮਜੀਠੀਆ।

ਸਿੰਘ ਸਭਾ ਅੰਦੋਲਨ ਦੇ ਸਭ ਤੋਂ ਮਹੱਤਵਪੂਰਣ ਪੱਖ ਸ਼ੈਕਸ਼ਿਕ ਅਤੇ ਸਾਖਰਤਾ ਸੰਬੰਧੀ ਹੀ ਸਨ। ਸੰਨ 1902 ਤੋਂ ਬਾਅਦ ਤੋਂ ਹਰ ਸਾਲ ਇੱਕ ਸਿੱਖਿਆ ਸੰਮੇਲਨ ਆਯੋਜਿਤ ਕੀਤਾ ਜਾਣ ਲੱਗਾ ਤਾਕਿ ਸਿੱਖ ਸਮੁਦਾਅ ਵਿੱਚ ਸਾਖਰਤਾ ਦੀ ਤੱਰਕੀ ਦਾ ਲੇਖਾ ਜੋਖਾ ਤਿਆਰ ਕੀਤਾ ਜਾ ਸਕੇ।ਅਤੇ ਸਕੂਲ ਬਣਾਓਣ ਲਈ ਧਨ ਇੱਕਠਾ ਕੀਤਾ ਜਾ ਸਕੇ। ਇਨਾਂ ਖਾਲਸਾ ਸਕੂਲਾਂ ਵਿੱਚ ਗੁਰਮੁਖੀ ਅਤੇ ਸਿੱਖ ਧਰਮਗ੍ਰੰਥਾਂ ਦੀ ਸਿੱਖਿਆ ਜ਼ਰੂਰੀ ਸੀ।

ਸਿੱਖਿਆ ਨੂੰ ਉਤਸਾਹਿਤ ਕਰਨ ਲਈ ਮੁਹਿੰਮ ਨੇ ਪੁਸਤਕਾਂ, ਪੱਤਰਿਕਾਵਾਂ ਅਤੇ ਅਖਬਾਰਾਂ ਦੇ ਪ੍ਰਕਾਸ਼ਨ ਨੂੰ ਵਧਾਵਾ ਦਿੱਤਾ।

ਪੰਜਾਬੀ ਪੱਤਰਕਾਰਿਤਾ ਵਿੱਚ ਪੂੰਜੀ ਨਿਵੇਸ਼ ਦਾ ਸਭ ਤੋਂ ਪਹਿਲਾ ਉੱਦਮ ਸੀ- 'ਖਾਲਸਾ ਅਖਬਾਰ' ਨਾਮਕ ਸਪਤਾਹਿਕ। 1899 ਵਿੱਚ 'ਖਾਲਸਾ ਸਮਾਚਾਰ' ਦੀ ਸ਼ੁਰੂਆਤ ਹੋਈ ਅਤੇ ਜਲਦੀ ਹੀ ਇਹ ਸਿੱਖ ਸਮੁਦਾਅ ਦਾ ਇੱਕ ਅਗੇਤਰਾ ਧਾਰਮਿਕ ਪੱਤਰ ਬਣ ਗਿਆ।ਭਾਈ ਵੀਰ ਸਿੰਘ ਦੇ ਸੰਪਾਦਨ ਕਾਲ ਵਿੱਚ ਇਸ ਦੀ ਪ੍ਰਸਾਰ ਸੰਖਿਆ ਕਾਫੀ ਵਧ ਗਈ।ਭਾਈ ਵੀਰ ਸਿੰਘ ਉਪੰਨਿਆਸਕਾਰ, ਕਵੀ ਅਤੇ ਧਾਰਮਿਕ ਗ੍ਰੰਥਾਂ ਦੇ ਟਿੱਪਣੀਕਾਰ ਦੇ ਰੂਪ ਵਿੱਚ ਮਸ਼ਹੂਰ ਹੋਏ।ਭਾਈ ਵੀਰ ਸਿੰਘ ਨੇ 'ਖਾਲਸਾ ਪੁਸਤਕ ਸੁਸਾਇਟੀ' ਦੀ ਸ਼ੁਰੂਆਤ ਕੀਤੀ ਅਤੇ ਸਿੱਖ ਇਤਿਹਾਸ ਅਤੇ ਧਰਮ ਦੇ ਵਿਭਿੰਨ ਪੱਖਾਂ ਨਾਲ ਜੁੜੇ ਸਾਹਿਤ ਦਾ ਪ੍ਰਕਾਸ਼ਨ ਕੀਤਾ।

ਸਿੱਖ ਧਰਮ ਤੇ ਅਚਾਨਕ ਹੀ ਗੁਰਮੁਖੀ ਅਤੇ ਅੰਗਰੇਜ਼ੀ ਵਿੱਚ ਅਨੇਕ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ।ਗੁਰਮੁਖੀ ਦੀ ਕਿਤਾਬਾਂ ਵਿੱਚ ਗਿਆਨੀ ਗਿਆਨ ਸਿੰਘ ਦੀ ਪੁਸਤਕਾਂ- 'ਪਥ ਪ੍ਰਕਾਸ਼' ਅਤੇ 'ਤਵਾਰੀਖ ਗੁਰੁ ਖਾਲਸਾ' ਅਤੇ ਕਾਹਨ ਸਿੰਘ ਕ੍ਰਿਤ ਸਿੱਖ ਸਾਹਿਤ ਦਾ ਭਾਰੀ ਭਰਕਮ ਗਿਆਨ ਕੋਸ਼ 'ਗੁਰੂਸ਼ਬਦ ਰਤਨਾਕਰ ਮਹਾਂਕੋਸ਼' ਚਿਰਸਥਾਈ ਮੱਹਤਵ ਦੀਆਂ ਰਚਨਾਵਾਂ ਸਨ।ਇਹਨਾਂ ਦਿਨਾਂ ਵਿੱਚ ਹੀ ਐਮ. ਏ. ਮੈਕਾਲਿਫ ਕ੍ਰਿਤ ਸਿੱਖ ਗੁਰੂਆਂ ਦੇ ਜੀਵਨ ਅਤੇ ਉਪਦੇਸ਼ਾਂ ਤੇ ਆਧਾਰਿਤ ਵ੍ਰਿਹਦ ਗ੍ਰੰਥ ਪ੍ਰਕਾਸ਼ਿਤ ਹਇਆ।

ਸਿੰਘ ਸਭਾ ਅੰਦੋਲਨ ਨੇ ਨਾ ਸਿਰਫ ਸਿੱਖਾਂ ਦੀ ਹਿੰਦੂ ਧਰਮ ਵਿੱਚ ਵਾਪਸੀ ਨੂੰ ਰੋਕਿਆ ਬਲਕਿ ਹਿੰਦੂ ਖੇਮਾਂ ਵਿੱਚ ਧਰਮਾਂਤਰਣ ਦੀਆਂ ਗਤੀਵਿਧੀਆਂ ਜਾਰੀ ਕਰ ਕੇ ਓਹਨਾਂ ਤੋਂ ਬਦਲਾ ਵੀ ਲਿਆ।ਪੱਛਮੀ ਪੰਜਾਬ ਅਤੇ ਸਿੰਧ ਦੇ ਹਿੰਦੂ ਵੱਡੀ ਸੰਖਿਆ ਵਿੱਚ 'ਸਹਿਜਧਾਰੀ ਸਿੱਖ' ਬਣ ਗਏ ਅਤੇ ਫਿਰ ਸਹਿਜਧਾਰੀਆਂ ਨੂੰ 'ਖਾਲਸਾ' ਬਣਾਇਆ ਗਿਆ।

ਪੰਜਾਬੀ ਵਿੱਚ ਆਰਿਆ ਸਮਾਜ ਦੇ ਉੱਥਾਨ ਅਤੇ ਵਿਸਤਾਰ ਦਾ ਹਿੰਦੂ-ਸਿੱਖ ਸੰਬੰਧਾਂ ਦੀ ਦਿਸ਼ਾ ਤੇ ਨਿਰਣਾਇਕ ਪ੍ਰਭਾਵ ਪਿਆ ਅਤੇ ਇਸੇ ਨੇ ਪ੍ਰਾਂਤ ਵਿੱਚ ਬ੍ਰਿਟਿਸ਼ ਵਿਰੋਧੀ ਰਾਜਨੀਤਿਕ ਅੰਦੋਲਨਾਂ ਦੀ ਰੂਪਰੇਖਾ ਤਿਆਰ ਕੀਤੀ।ਸਿੱਖਾਂ ਨੇ ਆਰਿਆ ਸਮਾਜ ਦੁਆਰਾ ਚਲਾਈ ਗਈ 'ਸ਼ੁੱਧੀ' ਦੀ ਮੁੰਹਿਮ ਦਾ ਡਟ ਕੇ ਵਿਰੋਧ ਕੀਤਾ। ਆਰਿਆ ਸਮਾਜੀ ਜਿੰਨਾਂ ਹੀ ਦਾਵਾ ਕਰਦੇ ਕਿ ਸਿੱਖ ਧਰਮ ਵੀ ਹਿੰਦੂ ਧਰਮ ਦਾ ਹੀ ਇੱਕ ਹਿੱਸਾ ਹੈ, ਓਨਾ ਹੀ ਸਿੱਖ ਲੋਕ ਆਗ੍ਰਹ ਕਰਦੇ ਕਿ ਓਹ ਇੱਕ ਅਲੱਗ ਅਤੇ ਵਿਸ਼ਿਸ਼ਟ ਸਮੁਦਾਅ ਸਨ।ਇਸ ਕ੍ਰਿਆ ਅਤੇ ਪ੍ਰਤੀਕ੍ਰਿਆ ਨੇ ਦੋ ਸਹਿ- ਸਮੁਦਾਯਾਂ ਦੇ ਵਿੱਚ ਦੇ ਕਰੀਬੀ ਰਿਸ਼ਤੇ ਨੂੰ ਚਕਨਾਚੂਰ ਕਰ ਦਿੱਤਾ।ਇਸ ਦੀ ਅਭਿਵਿਅਕਤੀ ਇੱਕ ਪੁਸਤਿਕਾ 'ਅਸੀਂ ਹਿੰਦੂ ਨਹੀਂ ਹਾਂ' ਦੇ ਪ੍ਰਕਾਸ਼ਨ ਵਿੱਚ ਹੋਈ।ਇਸ ਨੂੰ ਨਾਭਾ ਦੇ ਤਤਕਾਲੀਨ ਮੁੱਖਮੰਤਰੀ ਵਿਦਵਾਨ ਕਾਹਨ ਸਿੰਘ ਨੇ ਲਿਖਿਆ ਸੀ।ਚਾਹੇ 'ਸਿੰਘ ਸਭਾ' ਅੰਦੋਲਨ 1920 ਦੇ ਦਹਾਕੇ ਵਿੱਚ ਖਤਮ ਹੋ ਗਿਆ, ਇਸ ਨੇ ਸਿੱਖਾਂ ਵਿੱਚ ਹਿੰਦੁਤੱਵ ਦੇ ਖਿਲਾਫ ਇੱਕ ਚਿਰਸਥਾਈ ਰੱਖਿਆਤਮਕ ਰੱਵਈਆ ਭਰ ਦਿੱਤਾ।

ਸਵਾਮੀ ਦਯਾਨੰਦ ਦੇ ਉਪਦੇਸ਼ਾਂ ਵਿੱਚ ਇੱਕ ਤੇਜ਼ ਰਾਜਨੀਤਿਕ ਆਵਾਜ਼ ਸੀ।ਹਿੰਦੁਤੱਵ ਨੂੰ ਵੈਦਿਕ ਕਾਲ ਤੋਂ ਬਾਅਦ ਇਸ ਵਿੱਚ ਆ ਜੁੜੇ ਗੈਰਜ਼ਰੂਰੀ ਤੱਤਾਂ ਤੋਂ ਸ਼ੁੱਧ ਕਰਨ ਦੀ ਆਪਣੀ ਇੱਛਾ ਦੀ ਘੋਸ਼ਣਾਂ ਕਰਦੇ ਹੋਏ, ਸਵਾਮੀ ਦਯਾਨੰਦ, ਦਰਅਸਲ ਹਿੰਦੂ ਸਮਾਜ ਨੂੰ ਗੈਰ ਹਿੰਦੂ ਲੋਕਾਂ ਦੇ ਵਜੂਦ ਤੋਂ ਮੁਕਤ ਕਰਨਾ ਚਾਹੁੰਦੇ ਸਨ।ਇਸਲਾਮ ਅਤੇ ਈਸਾਈ ਧਰਮ ਦੀ ਆਲੋਚਨਾ ਕਰਦੇ ਹਏ, ਓਹ ਵਾਸਤਵ ਵਿੱਚ ਤਾਂ ਹਿੰਦੁਸਤਾਨੀ ਮੁਸਲਮਾਨਾਂ ਅਤੇ ਅੰਗਰੇਜਾਂ ਉੱਤੇ ਹੀ ਪ੍ਰਹਾਰ ਕਰ ਰਹੇ ਸਨ।ਨਤੀਜੇ ਵਜੋਂ ਆਰਿਆ ਸਮਾਜ ਦੁਆਰਾ ਲਿਆਂਦੇ ਗਏ ਹਿੰਦੁਤਵ ਦੇ ਪੁਨਰ-ਉੱਥਾਨ ਵਿਚ ਇੱਕ ਤੇਜ਼ ਮੁਸਲਿਮ ਵਿਰੋਧੀ ਅਤੇ ਬ੍ਰਿਟਿਸ਼ ਵਿਰੋਧੀ ਮਤਾਂਧਤ ਸੀ ਜੋ ਅਕਸਰ ਪੰਜਾਬੀ ਹਿੰਦੂ ਰਾਸ਼ਟਰਵਾਦੀਆਂ ਦੇ ਬਿਆਨਾਂ ਵਿੱਚ ਸਾਫ ਝਲਕਦੀ ਸੀ।ਇਨਾਂ ਪੰਜਾਬੀ ਹਿੰਦੂ ਰਾਸ਼ਟਰਵਾਦੀਆਂ ਵਿੱਚ ਵੱਡੀ ਸੰਖਿਆ ਵਿੱਚ ਆਰਿਆ ਸਮਾਜੀ ਸਨ, ਉਦਾਹਰਣ ਲਈ ਲਾਲਾ ਲਾਜਪਤ ਰਾਏ, ਅਜੀਤ ਸਿੰਘ, ਲਾਲਾ ਹੰਸਰਾਜ ਅਤੇ ਅਨੇਕ ਪੰਜਾਬੀ ਹਿੰਦੂ ਕ੍ਰਾਂਤੀਕਾਰੀ। 'ਭਾਰਤੀ ਰਾਸ਼ਟਰੀ ਕਾਂਗਰਸ' ਉੱਤੇ ਆਰਿਆ ਸਮਾਜੀਆਂ ਦੇ ਨਿਯੰਤਰਣ ਨੇ ਸੁਤੰਤਰਤਾ ਅੰਦੋਲਨ ਨੂੰ ਹਿੰਦੂ ਪੁਨਰਜਾਗਰਣ ਦੇ ਇੱਕ ਪੱਖ ਦਾ ਹੀ ਰੂਪ ਦੇ ਦਿੱਤਾ ਸੀ ਅਤੇ ਇਹੀ ਮੁੱਖ ਰੂਪ ਵਿੱਚ ਮੁਸਲਮਾਨਾਂ ਅਤੇ ਸਿੱਖਾਂ ਦੇ ਇਸ ਤੋਂ ਅਲੱਗ ਰਹਿਣ ਦਾ ਕਾਰਣ ਸੀ।

## 3.4 ਸਾਰ ਅੰਸ਼ (Summary)

- ਹਿੰਦੂ ਧਰਮ ਵਿੱਚ ਪਹਿਲਾ ਸੁਧਾਰ ਅੰਦੋਲਨ ਬ੍ਰਹਮ ਸਮਾਜ ਸੀ ਜਿਸ ਤੇ ਆਧੁਨਿਕ ਪੱਛਮੀ ਵਿਚਾਰਧਾਰਾ ਦਾ ਬਹੁਤ ਪ੍ਰਭਾਵ ਪਿਆ ਸੀ। ਰਾਜਾ ਰਾਮ ਮੋਹਨ ਰਾਏ (1774-1833) ਇਸਦੇ ਪ੍ਰਵਰਤਕ ਸਨ। ਓਹ ਇੱਕ ਬਹੁਤ ਵੱਡੇ ਵਿਦਵਾਨ ਸਨ ਜੋ ਅਰਬੀ, ਫਾਰਸੀ, ਸੰਸਕ੍ਰਿਤ ਵਰਗੀਆਂ ਪ੍ਰਾਚਅ ਭਾਸ਼ਾਵਾਂ ਅਤੇ ਅੰਗਰੇਜੀ, ਫ਼੍ਰਾਂਸੀਸੀ, ਲਾਤੀਨੀ, ਯੂਨਾਨੀ ਅਤੇ ਅਰਬੀ ਭਾਸ਼ਾਵਾਂ ਜਾਣਦੇ ਸਨ।
- ਜਿਸ ਸਮੇਂ ਪੱਛਮੀ ਸਿਖਿੱਆ ਤੋਂ ਪ੍ਰਭਾਵਿਤ ਹੋ ਕੇ ਤਰੁਣ ਬੰਗਾਲੀ ਈਸਾਈ ਧਰਮ ਵੱਲ ਖਿੱਚੇ ਜਾ ਰਹੇ ਸਨ, ਉਸ ਸਮੇਂ ਰਾਜਾ ਰਾਮ ਮੋਹਨ ਰਾਏ ਹਿੰਦੂ ਧਰਮ ਦੇ ਰੱਖਿਅਕ ਦੇ ਰੂਪ ਵਿੱਚ ਸਾਹਮਣੇ ਆਏ।ਇੱਕ ਪਾਸੇ ਓਹਨਾਂ ਨੇ ਪ੍ਰਚਾਰਕਾਂ ਦੇ ਵਿਰੁੱਧ ਹਿੰਦੂ

ਨੋਟ

ਧਰਮ ਦੀ ਰੱਖਿਆ ਕੀਤੀ ਅਤੇ ਦੂਜੇ ਪਾਸੇ ਹਿੰਦੂ ਧਰਮ ਵਿੱਚ ਆਏ ਝੂਠ ਅਤੇ ਅੰਧਵਿਸ਼ਵਾਸਾਂ ਨੂੰ ਖਤਮ ਕਰਣ ਦੀ ਕੋਸ਼ਿਸ਼ ਕੀਤੀ।

- ਇਸ ਸੰਸਥਾ ਵਿੱਚ ਨਵਾਂ ਜੀਵਨ ਫੂਕਣ ਅਤੇ ਇਸ ਨੂੰ ਇੱਕ ਈਸ਼ਵਰਵਾਦੀ ਅੰਦੋਲਨ ਦੇ ਰੂਪ ਵਿੱਚ ਅੱਗੇ ਵਧਾਓਣ ਦਾ ਸ਼੍ਰੇਅ ਮਹਾਰਿਸ਼ੀ ਦੇਵੇਂਦਰ ਨਾਥ ਟੈਗੋਰ (1818–1905) ਨੂੰ ਹੈ।ਓਹ ਇਸ ਅੰਦੋਲਨ ਵਿੱਚ 1842 ਵਿੱਚ ਸ਼ਾਮਿਲ ਹੋਏ ਅਤੇ ਓਹਨਾਂ ਨੇ ਬ੍ਰਹਮ ਧਰਮ ਅਵਲੰਬੀਆਂ ਨੂੰ ਮੂਰਤੀ ਪੂਜਾ, ਤੀਰਥ ਯਾਤਰਾ, ਕਰਮਕਾਂਡ ਅਤੇ ਪ੍ਰਾਸ਼ਚਿਤ ਆਦਿ ਤੋਂ ਰੋਕਿਆ।
- ਕੇਸ਼ਵ ਚੰਦਰ ਸੇਨ ਆਦਿ , ਬ੍ਰਹਮ ਸਮਾਜੀਆਂ ਲਈ ਨਿਊਨਤਮ ਉਮਰ ਦਾ ਪ੍ਰਚਾਰ ਕਰਦੇ ਸਨ।ਪ੍ਰੰਤੂ 1878 ਵਿੱਚ ਕੇਸ਼ਵ ਚੰਦਰ ਸੇਨ ਆਪਣੀ 13 ਸਾਲਾ ਪੁੱਤਰੀ ਦਾ ਵਿਵਾਹ ਕੂਚ ਵਿਹਾਰ ਦੇ ਨਾਬਾਲਿਗ ਰਾਜਾ ਨਾਲ ਪੂਰਣ ਵੈਦਿਕ ਕਰਮ ਕਾਂਡ ਨਾਲ ਕਰ ਦਿੱਤਾ। ਕਿਹਾ ਇਹ ਗਿਆ ਕਿ ਇਹ ਸਭ "ਈਸ਼ਵਰ ਦੀ ਆਗਿਆ" ਹੈ। ਕੇਸ਼ਵ ਚੰਦਰ ਸੇਨ ਦੇ ਅਧਿਕਤਰ ਅਨੁਯਾਈਆਂ ਨੇ ਦੁਖੀ ਹੋ ਕੇ ਇੱਕ ਨਵਾਂ ਬ੍ਰਹਮ ਸਮਾਜ 'ਸਧਾਰਣ ਬ੍ਰਹਮ ਸਮਾਜ' ਬਣਾ ਲਿਆ।ਜਲਦੀ ਹੀ ਕੇਸ਼ਵ ਚੰਦਰ ਸੇਨ ਦਾ ਸਮਾਜ ਇਤਿਹਾਸ ਦੇ ਹਨੇਰਿਆਂ ਦੀ ਅਸਪਸ਼ਟਟਾ ਵਿੱਚ ਖੋ ਗਿਆ।ਬ੍ਰਹਮ ਸਮਾਜ ਨੇ ਭਾਰਤੀ ਪੁਨਰ ਜਾਗਰਣ ਵਿੱਚ ਇੱਕ ਅਹਿਮ ਭੂਮਿਕਾ ਨਿਪਾਈ।
- 1867 ਵਿੱਚ ਕੇਸ਼ਵ ਚੰਦਰ ਦੀ ਪ੍ਰੇਰਣਾ ਨਾਲ ਬੰਬਈ ਵਿੱਚ ਇੱਕ ਪ੍ਰਾਰਥਨਾ ਸਮਾਜ ਸਥਾਪਿਤ ਕੀਤਾ ਗਿਆ।ਪ੍ਰੰਤੂ ਇਨਾਂ ਲੋਕਾਂ ਨੇ ਆਪਣੇ ਆਪ ਨੂੰ ਕਿਸੇ ਨਵੀਨ ਧਰਮ ਦਾ ਜਾ ਹਿੰਦੂ ਧਰਮ ਦੇ ਬਾਹਰ ਜਾਂ ਨਾਲ ਨਾਲ ਕਿਸੇ ਨਵੀਨ ਮਤ ਦੇ ਅਨੁਯਾਈ ਦੇ ਰੂਪ ਵਿੱਚ ਨਹੀਂ ਮੰਨਿਆ ਬਲਕਿ ਕੇਵਲ ਇਸ ਧਰਮ ਦੇ ਅੰਦਰ ਹੀ ਇੱਕ ਅੰਦੋਲਨ ਦੇ ਰੂਪ ਵਿੱਚ ਇਸ ਨੂੰ ਸਵੀਕਾਰ ਕੀਤਾ।ਇੱਕ ਈਸ਼ਵਰਵਾਦ ਤੋਂ ਇਲਾਵਾ ਮਹਾਰਾਸ਼ਟਰ ਵਿੱਚ ਸਮਾਜ ਸੁਧਾਰ, 'ਕੰਮ ਨਾ ਕਿ ਵਿਸ਼ਵਾਸ' ਤੇ ਹੀ ਬਲ ਦਿੱਤਾ ਗਿਆ।ਓਹਨਾ ਦਾ ਵਿਸ਼ਵਾਸ ਸੀ ਕਿ ਈਸ਼ਵਰ ਦਾ ਸੱਚਾ ਪਿਆਰ ਉਸ ਦੇ ਮਨੁੱਖਾਂ ਦੀ ਸੇਵਾ ਵਿੱਚ ਹੈ।
- ਮੂਲ ਸ਼ੰਕਰ (1824– 83) ਜੋ ਆਮ ਤੌਰ ਤੇ ਦਯਾਨੰਦ ਦੇ ਨਾਂ ਨਾਲ ਜਾਣੇ ਜਾਂਦੇ ਹਨ ਦਾ ਜਨਮ 1824 ਵਿੱਚ ਗੁਜਰਾਤ ਦੀ ਮੌਰਵੀ ਰਿਆਸਤ ਦੇ ਨਿਵਾਸੀ ਇੱਕ ਬ੍ਰਾਹਮਣ ਕੁਲ ਵਿੱਚ ਹੋਇਆ। ਓਹਨਾਂ ਦੇ ਪਿਤਾ ਜੋ ਆਪ ਵੇਦਾਂ ਦੇ ਮਹਾਨ ਵਿਦਵਾਨ ਸਨ, ਓਹਨਾਂ ਨੇ ਓਹਨਾਂ ਨੂੰ ਵੈਦਿਕ ਸਿੱਖਿਆ ਅਤੇ ਨਿਆਅ ਦਰਸ਼ਨ ਆਦਿ ਪੜਾਇਆ।ਦਯਾਨੰਦ ਦੀ ਜਿਗਿਆਸਾ ਨੇ ਓਹਨਾਂ ਨੂੰ ਯੋਗ ਅਭਿਆਸ ਆਦਿ ਕਰਣ ਤੇ ਮਜਬੂਰ ਕੀਤਾ ।
- 1875 ਵਿੱਚ ਓਹਨਾਂ ਨੇ ਬੰਬਈ ਵਿੱਚ ਆਰਿਆ ਸਮਾਜ ਦੀ ਸਥਾਪਨਾ ਕੀਤੀ। ਜਿਸਦਾ ਮੁੱਖ ਉਦੇਸ਼ ਪ੍ਰਾਚੀਨ ਵੈਦਿਕ ਧਰਮ ਦੀ ਸ਼ੁੱਧ ਰੂਪ ਵਿੱਚ ਪੁਨਰ ਸਥਾਪਨਾ ਸੀ।ਜੋ ਝੂਠੇ ਧਾਰਮਿਕ ਵਿਸ਼ਵਾਸ ਅਤਾ ਸਮਾਜਿਕ ਕੁਰੀਤੀਆਂ ਕਾਲਾਂਤਰ ਵਿੱਚ ਹਿੰਦੂ ਸਮਾਜ ਵਿੱਚ ਆ ਗਈਆਂ ਸਨ, ਓਹਨਾਂ ਨੂੰ ਜੜ੍ਹ ਤੋਂ ਕੱਢਣ ਦਾ ਨਿਸ਼ਚਾ ਕੀਤਾ। 1877 ਵਿੱਚ ਆਰਿਆ ਸਮਾਜ ਲਾਹੌਰ ਦੀ ਸਥਾਪਨਾ ਹੋਈ ਜਿਸ ਤੋਂ ਬਾਅਦ ਆਰਿਆ ਸਮਾਜ ਦਾ ਜ਼ਿਆਦਾ ਪ੍ਰਚਾਰ ਹੋਇਆ। ਸਵਾਮੀ ਦਯਾਨੰਦ ਦਾ ਉਦੇਸ਼ ਸੀ ਕਿ ਭਾਰਤ ਨੂੰ ਧਾਰਮਿਕ, ਸਮਾਜਿਕ ਅਤੇ ਰਾਸ਼ਟਰੀ ਰੂਪ ਵਿੱਚ ਇੱਕ ਕਰ ਦਿੱਤਾ ਜਾਵੇ।ਓਹਨਾਂ ਦੀ ਇੱਛਾ ਸੀ ਕਿ ਆਰਿਆ ਧਰਮ ਹੀ ਦੇਸ਼ ਦਾ ਸਮਾਨ ਧਰਮ ਹੋਵੇ। ਓਹਨਾਂ ਨੂੰ ਸਮਕਾਲੀਨ ਹਿੰਦੂ ਧਰਮ ਅਤੇ ਸਮਾਜ ਵਿੱਚ ਅਨੇਕ ਕਮੀਆਂ ਵੇਖਣ ਨੂੰ ਮਿਲੀਆਂ।ਓਹਨਾਂ ਨੇ ਇਨਾਂ ਦੋਹੇ ਖੇਤਰਾਂ ਵਿੱਚ ਜੀਵਨ ਭਰ ਅਣਥੱਕ ਕੰਮ ਕੀਤਾ।
- ਓਹਨਾਂ ਨੇ ਅਦਵੈਤਵਾਦ ਨੂੰ , ਕਿ ਸੰਸਾਰ ਇੱਕ ਮਾਯਾ ਹੈ, ਆਤਮਾ ਪਰਮਾਤਮਾ ਦਾ ਹੀ ਭਾਗ ਹੈ, ਇਸ ਤੋਂ ਇਲਾਵਾ ਸਭ ਝੂਠ ਹੈ, ਸੰਸਾਰ ਤੋਂ ਪਲਾਯਨ ਹੀ ਜੀਵਨ ਦਾ ਉਦੇਸ਼ ਹੈ, ਇਸ ਦਰਸ਼ਨ ਨੂੰ ਓਹਨਾਂ ਨੇ ਸ਼ੁੱਧ ਵੈਦਿਕ ਪਰੰਪਰਾ ਦੇ ਵਿਰੁੱਧ ਦੱਸਿਆ। ਓਹਨਾਂ ਦੇ ਅਨੁਸਾਰ ਕੁਦਰਤ ਸੱਤ ਹੈ, ਆਤਮਾ ਸੱਤ ਹੈ, ਅਤੇ ਚਿੱਤ ਹੈ ਅਤੇ ਪਰਮਾਤਮਾ ਸੱਤ ਚਿੱਤ ਅਤੇ ਆਨੰਦ ਹੈ।
- ਓਹਨਾਂ ਦਾ ਨਾਰਾ ਸੀ 'ਦੁਬਾਰਾ ਵੇਦ ਵੱਲ ਚੱਲੋ' ਨਾ ਕਿ ਵੈਦਿਕ ਕਾਲ ਵੱਲ ਚੱਲੋ ।
- ਓਹਨਾਂ ਦੇ ਸਾਰੇ ਵਿਚਾਰ ਓਹਨਾਂ ਦੀ ਪ੍ਰਸਿੱਧ ਪੁਸਤਕ 'ਸਤਿਆਰਥ ਪ੍ਰਕਾਸ਼' ਵਿੱਚ ਵਰਣਿਤ ਹਨ। ਬ੍ਰਹਮ ਸਮਾਜ ਅਤੇ ਥਿਓਸੋਫੀਕਲ ਸਭਾ ਪੱਛਮੀ ਵਿੱਦਿਆ ਪੜੇ ਲੋਕਾਂ ਨੂੰ ਬਹੁਤ ਚੰਗੀ ਲਗਦੀ ਸੀ।ਸਵਾਮੀ ਦਯਾਨੰਦ ਦੀ ਸਿੱਖਿਆ ਦੀ ਮੁੱਖ ਵਿਸ਼ਸ਼ੇਤਾ ਇਹ ਸੀ ਕਿ ਉਸ ਵਿੱਚ ਓਹਨਾਂ ਨੇ ਪੱਛਮੀ ਦਰਸ਼ਨ, ਸਿੱਖਿਆ ਅਤੇ ਸਮਾਜ ਵਿੱਚੋਂ ਕੁਝ ਵੀ ਨਹੀਂ ਲਿਆ।ਓਹਨਾਂ ਨੇ ਤਾਂ ਕੇਵਲ ਇਹ ਕਿਹਾ ਕਿ ਵੇਦ ਅਤੇ ਉਪਨਿਸ਼ਦ ਤੋਂ ਪਰੇ ਕੁਝ ਨਹੀਂ ਅਤੇ ਜਿਨਾਂ ਜਿਨਾਂ ਰੀਤੀ ਰਿਵਾਜਾਂ, ਪਰੰਪਰਾ, ਕਰਮ ਕਾਂਡ ਜਾਂ ਸਮਾਜਿਕ ਬੁਰਾਈਆਂ ਦੀ ਵੇਦ ਵਿੱਚ ਅਨੁਮਤੀ ਨਹੀਂ, ਤਾਂ ਓਹ ਸਾਰੇ ਤਿਆਗਣਯੋਗ ਹਨ।
- ਓਹਨਾਂ ਦੀ ਮੌਤ ਤੋਂ ਬਾਅਦ 1886 ਵਿੱਚ ਸ਼ੁਰੂ ਕੀਤੀਆਂ ਗਈਆਂ ਐਂਗਲੋ–ਵੈਦਿਕ ਸੰਸਥਾਵਾਂ ਜਲਦੀ ਹੀ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਗਈਆਂ।ਸਵਾਮੀ ਜੀ ਦੇ ਅਨੁਯਾਈ ਰੂੜੀਵਾਦੀ ਅਤੇ ਪ੍ਰਤੀਕ੍ਰਿਆਵਾਦੀ ਨਹੀਂ ਸਨ।ਓਹਨਾਂ ਨੇ ਅੰਗਰੇਜੀ ਭਾਸ਼ਾ ਅਤੇ ਗਿਆਨ ਨੂੰ ਵੀ ਅਪਣਾਇਆ।ਅਰਥਾਤ ਪ੍ਰਾਚੀਨ ਅਤੇ ਪੱਛਮੀ ਗਿਆਨ ਦਾ ਸਪ ਤੋਂ ਵਧੀਆ ਸਮਨਵਯ

ਇਸ ਵਿੱਚ ਮਿਲਦਾ ਹੈ। ਇਹਨਾਂ ਸਿੱਖਿਆ ਨੂੰ ਵੀ ਆਰਿਆ ਸਮਾਜ ਨੇ ਦੋ ਦਲ ਅਤੇ ਝੂਠੇ ਵਿਸ਼ਵਾਸਾਂ ਤੋਂ ਨਿਕਲਣ ਦੇ ਇੱਕ ਸਾਧਨ ਦੇ ਰੂਪ ਵਿੱਚ ਪ੍ਰਯੋਗ ਕੀਤਾ। 1892-93 ਵਿੱਚ ਆਰਿਆ ਸਮਾਜ ਦੇ ਦੋ ਦਲ ਹੋ ਗਏ। ਇੱਕ ਪੱਛਮੀ ਸਿੱਖਿਆ ਦਾ ਵਿਰੋਧੀ ਸੀ। ਓਹਨਾਂ ਨੇ 1902 ਵਿੱਚ ਹਰਿਦੁਆਰ ਵਿੱਚ ਇੱਕ ਗੁਰੂਕੁਲ ਸਥਾਪਿਤ ਕਰ ਲਿਆ ਜਿੱਥੇ ਪ੍ਰਾਚੀਨ ਵੈਦਿਕ ਸਿੱਖਿਆ ਪ੍ਰਾਚੀਨ ਪੱਧਤੀ ਨਾਲ ਦਿੱਤੀ ਜਾਂਦੀ ਸੀ। ਅਤੇ ਓਸੇ ਦੇ ਨਮੂਨੇ ਤੇ ਕਈ ਹੋਰ ਸਥਾਨਾਂ ਤੇ ਗੁਰੂਕੁਲ ਬਣਾਏ।

- ਅੰਮ੍ਰਿਤਸਰ ਵਿੱਚ ਸਿੰਘ ਸਭਾ ਅੰਦੋਲਨ ਸ਼ੁਰੂ ਹੋਇਆ। ਇਸ ਨਾਲ ਸੰਬੰਧਿਤ ਇੱਕ ਹੋਰ ਸੰਸਥਾ ਸੀ ਮੁੱਖ ਖਾਲਸਾ ਦੀਵਾਨ। ਇਨਾਂ ਸੰਸਥਾਵਾਂ ਨੇ ਪੰਜਾਬ ਵਿੱਚ ਬਹੁਤ ਸਾਰੇ ਗੁਰਦਵਾਰੇ ਸਕਾਪਿਤ ਕੀਤੇ ਅਤੇ ਸਕੂਲ ਅਤੇ ਕਾਲੇਜ਼ ਖੋਲੇ। ਸਿੰਘ ਸਭਾ ਦਾ ਹੀ ਇੱਕ ਛੋਟਾ ਅੰਦੋਲਨ "ਅਕਾਲੀ ਲਹਿਰ" ਸੀ।
- 1921 ਵਿੱਚ ਅਕਾਲੀਆਂ ਨੇ ਗੁਰਦੁਅਰਿਆਂ ਦੇ ਉੱਦਾਰ ਲਈ ਇਨਾ ਮਹੰਤਾਂ ਦੇ ਵਿਰੁੱਧ ਅਹਿੰਸਾਤਮਕ ਅਸਹਿਯੋਗ ਸੱਤਿਆਗ੍ਰਹਿ ਅੰਦੋਲਨ ਸ਼ੁਰੂ ਕੀਤਾ।

## 3.5 ਸ਼ਬਦਕੋਸ਼ (Keywords)

- ਆਤਮ-ਪਰੀਖਣ : ਸਵੈ-ਮੁੱਲਾਂਕਣ
- ਅਸਹਿਸ਼ਣੂਤਾ : ਅਨੁਦਾਰ, ਰੂੜ
- ਕੁਠਾਰਘਾਤ : ਤੇਜ਼ ਪ੍ਰਹਾਰ, ਕਠੋਰ ਵੈਚਾਰਿਕ ਪ੍ਰਹਾਰ

## 3.6 ਅਭਿਆਸ ਪ੍ਰਸ਼ਨ (Review Questions)

1. ਬ੍ਰਹਮ ਸਮਾਜ ਦੀ ਸਥਾਪਨਾ ਕਿਸ ਨੇ ਕੀਤੀ ਅਤੇ ਕਿਓਂਕੀ ਇਹ ਸੰਗਠਨ ਆਪਣੇ ਸਮਾਜਿਕ ਸੁਧਾਰਾਂ ਦੇ ਉਦੇਸ਼ਾਂ ਵਿੱਚ ਸਫ਼ਲ ਰਿਹਾ? ਮੁੱਲਾਂਕਣ ਕਰੋ।
2. ਆਰਿਆ ਸਮਾਜ ਦੇ ਉਦੇਸ਼ਾਂ ਨੂੰ ਸਪਸ਼ਟ ਕਰਦੇ ਹੋਏ ਸੁਤੰਤਰਤਾ ਅੰਦੋਲਨ ਵਿੱਚ ਇਸ ਸੰਗਠਨ ਦੀ ਭੂਮਿਕਾ ਨੂੰ ਰੇਖਾਂਕਿਤ ਕਰੋ।
3. ਸਿੰਘ ਸਭਾ ਅੰਦੋਲਨ ਦਾ ਸੰਖੇਪ ਵਰਣਨ ਦਿਓ।
4. ਆਰਿਆ ਸਮਾਜ ਦੇ ਸੰਸਥਾਪਕ ਸਵਾਮੀ ਦਯਾਨੰਦ ਸਰਸਵਤੀ ਨੂੰ ਪਾਰਤ ਦਾ ਮਾਰਟਿਨ ਲੂਥਰ ਕਿਹਾ ਜਾਂਦਾ ਹੈ, ਕਿਓਂ? ਸਪਸ਼ਟ ਕਰੋ।

### ਉੱਤਰ: ਸਵ-ਮੁੱਲਾਂਕਣ (Answers: Self Assessment)

(1) (ਖ) (2) (ਖ) (3) (ਗ) (4) (ਘ)

(5) (ਕ)

## 3.7 ਸੰਦਰਭ ਪੁਸਤਕਾਂ (Further Readings)

ਬੁਕਸ

1. *ਆਧੁਨਿਕ ਭਾਰਤ, ਐਸ. ਕੇ. ਪਾਂਡੇ, ਪ੍ਰਯਾਗ ਅਕਾਦਮੀ ਇਲਾਹਾਬਾਦ*
2. *ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ*
3. *ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ*

ਨੋਟ

# ਇਕਾਈ–4: ਕਾਰਨਵਾਲਿਸ ਦੇ ਸੁਧਾਰ (Reforms of Cornwallis)

**ਵਿਸ਼ੇ ਵਸਤੂ (Contents)**

ਉਦੇਸ਼ (Objectives)

ਜਾਣਕਾਰੀ (Introduction)

4.1 ਕਾਰਨਵਾਲਿਸ ਦੇ ਸੁਧਾਰ: ਲੋਕ ਸੇਵਾਵਾਂ, ਨਿਆਇਕ ਅਤੇ ਪੁਲਿਸ ਸੁਧਾਰ (Reforms of Cornwallis: Public Services, Judicial and Police Reforms)

4.2 ਸਾਰ ਅੰਸ਼ (Summary)

4.3 ਸ਼ਬਦਕੋਸ਼ (Keywords)

4.4 ਅਭਿਆਸ-ਪ੍ਰਸ਼ਨ (Review Questions)

4.5 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਕਾਰਨਵਾਲਿਸ ਦੁਆਰਾ ਕੀਤੇ ਗਏ ਸੁਧਾਰਾਂ ਨੂੰ ਸਮਝਣ ਵਿੱਚ,

## ਜਾਣਕਾਰੀ (Introduction)

1786 ਵਿੱਚ ਕੰਪਨੀ ਦੇ ਇੱਕ ਉੱਚ ਵੰਸ਼ ਅਤੇ ਕੁਲੀਨ ਵ੍ਰਿੱਤੀ ਦੇ ਵਿਅਕਤੀ ਨੂੰ ਪਿਟਸ ਇੰਡੀਆ ਐਕਟ ਦੇ ਅਧੀਨ ਰੇਖਾਂਕਿਤ ਸ਼ਾਂਤੀਸਥਾਪਨਾ ਅਤੇ ਪ੍ਰਸ਼ਾਸਨ ਦੇ ਪੁਨਰਗਠਨ ਹੇਤੂ ਗਵਰਨਰ ਜ਼ਨਰਲ ਯੁਿਕਤ ਕਰਕੇ ਪਾਰਤ ਭੇਜਿਆ ਗਿਆ। ਉਸਨੂੰ ਵਿਸ਼ੇਸ਼ਕਰ ਇੱਕ ਸੰਤੋਸ਼ਜਨਕ ਭੂਮੀਕਰ ਵਿਵਸਥਾ ਸਥਾਪਿਤ ਕਰਣਾ, ਇੱਕ ਈਮਾਨਦਾਰ ਅਤੇ ਕੁਸ਼ਲ ਨਿਆਅ ਵਿਵਸਥਾ ਬਣਾਓਣਾ ਅਤੇ ਕੰਪਨੀ ਦੇ ਵਪਾਰ ਵਿਭਾਗ ਦਾ ਪੁਨਰਗਠਨ ਕਰਨਾ ਸੀ। ਉਸਨੇ ਵਾਰੇਨ ਹੇਸਟਿੰਗਜ਼ ਦੇ ਸਥਾਪਿਤ ਕੀਤੇ ਹੇ ਢਾਂਚੇ ਉੱਤੇ ਹੀ ਅਤਿਰਿਕਤ ਸ਼ਾਸਨ ਵਿਵਸਥਾ ਦਾ ਗਠਨ ਕੀਤਾ ਜੋ 1858 ਤੱਕ ਚਲਦਾ ਰਿਹਾ।

## 4.1 ਕਾਰਨਵਾਲਿਸ ਦੇ ਸੁਧਾਰ: ਲੋਕ ਸੇਵਾਵਾਂ, ਨਿਆਇਕ ਅਤੇ ਪੁਲਿਸ ਸੁਧਾਰ (Reforms of Cornwallis: Public Services, Judicial and Police Reforms)

**ਸਿਵਿਲ ਸੇਵਾ ਜਾਂ ਲੋਕ ਸੇਵਾ:** ਕਾਰਨਵਾਲਿਸ ਭਾਰਬਤ ਵਿੱਚ ਸਿਵਿਲ ਸੇਵਾ ਦਾ ਜਨਮ ਦਾਤਾ ਸੀ। ਇਸ ਸੇਵਾ ਵਿੱਚ 1853 ਈ. ਤੋਂ ਪ੍ਰਤੀਯੋਗਤਾਮਕ ਪ੍ਰੀਖਿਆ ਹੋਣ ਲੱਗੀ। ਸ਼ੁਰੂ ਵਿੱਚ ਇਹ ਇੰਗਲੈਂਡ ਵਿੱਚ ਹੁੰਦੀ ਸੀ ਪਰ 1923 ਤੋਂ ਇਹ ਭਾਰਤ ਵਿੱਚ ਆਯੋਜਿਤ ਕਰੀ ਜਾਣ ਲੱਗੀ। ਸੁਰੇਂਦਰ ਨਾਥ ਬੈਨਰਜੀ ਜਦੋਂ ਅਸਮ ਦੇ ਕਲਕਟਰ ਸਨ, ਤਾਂ ਓਹਨਾਂ ਨੂੰ ਨਿਲੰਬਿਤ ਕਰ ਦਿੱਤਾ ਗਿਆ ਸੀ ਜਦੋਂ ਕਿ ਸੁਭਾਸ਼ ਚੰਦਰ ਬੋਸ ਨੇ ਪ੍ਰੀਖਿਆ ਪਾਸ ਕਰਣ ਦੇ ਬਾਵਜੂਦ ਤਿਆਗਪੱਤਰ ਦੇ ਦਿੱਤਾ ਸੀ। ਸ਼ੁਰੂ ਵਿੱਚ ਇਸ ਪ੍ਰੀਖਿਆ ਦੀ ਉਮਰ 23 ਸਾਲ ਸੀ, ਜਿਸਨੂੰ ਲਿਟਨ ਨੇ ਘਟਾ ਕੇ 19 ਸਾਲ ਕਰ ਦਿੱਤਾ।

### ਸਿਵਿਲ ਸਰਵਿਸ ਦਾ ਗਠਨ (Organkzation of the Civil Services)

ਇੱਕ ਕੁਸ਼ਲ ਪ੍ਰਸ਼ਾਸਨਿਕ ਸੇਵਾ ਦਾ ਗਠਨ, ਜੋ ਓਹ ਨਿਸ਼ਚਿਤ ਨਿਯਮਾਂ ਅਨੁਸਾਰ ਕੰਮ ਕਰਦੀ ਸੀ, ਅੰਗਰੇਜੀ ਈਸਟ ਇੰਡੀਆ ਕੰਪਨੀ ਦਾ ਇੱਕ ਹੋਰ ਮਹੱਤਵਪੂਰਣ ਕੰਮ ਸੀ। ਇਹ ਅੰਗਰੇਜਾਂ ਦੀ ਪੂਰਵ ਪਰਿਸਥਿਤੀ ਤੋਂ ਪੂਰੀ ਤਰਾਂ ਵੱਖ ਸੀ ਜਿਸ ਵਿੱਚ ਸਥਾਨੀਯ ਅਤੇ ਵਿਅਕਤੀ ਵਿਸ਼ੇਸ਼ ਦੀ ਵਿਅਕਤੀਗਤ ਅਭਿਰੂਚੀ ਦੇ ਅਨੁਸਾਰ ਪ੍ਰਸ਼ਾਸਕ ਕੰਮ ਕਰਦੇ ਸਨ।

ਕੰਪਨੀ ਦੇ ਆਰੰਭਿਕ ਦਿਨਾਂ ਵਿੱਚ ਕੰਪਨੀ ਦੇ ਅਧਿਕਾਰੀ ਜਾਂ ਲਿਪੀਕਾਰ ਜਿਨਾਂ ਨੂੰ ਪ੍ਰਵਰ ਜਾਂ ਕਨਿਸ਼ਠ ਵਪਾਰੀ ਅਭਿਕਰਤਾ ਅਤੇ ਲਿਪੀਕਾਰ ਕਹਿੰਦੇ ਸਨ, ਮਿਲ ਕੇ ਸਾਰੇ ਵਪਾਰਕ ਅਤੇ ਪ੍ਰਸ਼ਾਸਨਿਕ ਕੰਮ ਕਰਦੇ ਸਨ। ਨਿਦੇਸ਼ਕਾਂ ਦੇ ਅਧਿਕਰਣ ਆਪਣੇ ਪ੍ਰੈਸ਼ਰਯ ਦਾ ਪ੍ਰਯਗ ਕਰਦੇ ਸਨ ਅਤੇ ਆਪਣੇ ਮਿੱਤਰਾਂ, ਕਦੇ ਕਦੇ ਪੁੱਤਰਾਂ ਨੂੰ ਹੀ ਭਾਰਤ ਵਿੱਚ ਪ੍ਰਸ਼ਾਸਨਿਕ ਸੇਵਾ ਲਈ ਭਾਰਤ ਭੇਜ ਦਿੰਦੇ ਸਨ। ਕਦੇ ਕਦੇ ਇਹ ਨਿਯੁਕਤੀਆਂ ਮੁੱਲ ਵੀ ਵੇਚੀਆਂ ਜਾਂਦੀਆਂ ਸਨ। ਆਮਦਨ ਬਹੁਤ ਘੱਟ ਹੁੰਦੀ ਸੀ। ਇਸ ਲਈ ਇਹ ਲੋਕ ਰਿਸ਼ਵਤ ਲੈਂਦੇ ਸਨ। ਵਾਰੇਨ ਹੇਸਟਿੰਗਜ਼ ਨੇ ਪਦਾਂ ਦੇ ਵੇਤਨ ਬਹੁਤ ਜ਼ਿਆਦਾ ਵਧਾ ਦਿੱਤੇ ਤਾਂ ਕਿ ਮਿਥਿਆਚਾਰ ਘੱਟ ਹੋ ਸਕੇ। ਪ੍ਰਸ਼ਾਸਨ ਦਾ ਖਰਚ ਬਹੁਤ ਜ਼ਿਆਦਾ ਹੋ ਗਿਆ ਪ੍ਰੰਤੂ ਉਸ ਨਾਲ ਨਾ ਤਾਂ ਕੁਸ਼ਲਤਾ ਆਈ ਅਤੇ ਨਾ ਹੀ ਭ੍ਰਿਸ਼ਟਤਾ ਘੱਟ ਹੋਈ। ਕਾਰਨਵਾਲਿਸ ਨੇ ਵੱਡੇ ਵੱਡੇ ਪਦਾਂ ਦਾ ਯੂਰਪੀਕਰਣ ਕੀਤਾ ਅਤੇ ਪ੍ਰਸ਼ਾਸਨਿਕ ਸੇਵਾਵਾਂ ਵਿੱਚ ਵੇਤਨ ਹੋਰ ਵੀ ਜ਼ਿਆਦਾ ਕਰ ਦਿੱਤੇ ਪ੍ਰੰਤੂ ਉਸਨੇ ਨਾ ਤਾਂ ਇਨਾਂ ਨਿਯੁਕਤੀਆਂ ਲਈ ਚਯਨ ਕੀਤੇ ਅਤੇ ਨਾ ਹੀ ਉਨਾਂ ਦੇ ਪ੍ਰਸ਼ਿਕਸ਼ਣ ਦਾ ਠੀਕ ਠਾਕ ਪ੍ਰਬੰਧ ਕੀਤਾ। ਲਾਰਡ ਵੈਲਜਲੀ ਨੇ ਪਹਿਲੀ ਵਾਰ ਪ੍ਰਸ਼ਾਸਨਿਕ ਸੇਵਕਾਂ ਦੇ ਪ੍ਰਸ਼ਿਕਸ਼ਣ ਲਈ ਨਵੰਬਰ 1800 ਵਿੱਚ ਕਲਕੱਤਾ ਵਿੱਚ ਫੋਰਟ ਵਿਲੀਅਮ ਕਾਲੇਜ ਖੋਲਿਆ। ਇੱਥੇ ਕੰਪਨੀ ਦੇ ਪਦਾਧਿਕਾਰੀਆਂ ਨੂੰ ਸਾਹਿਤ, ਵਿਗਿਆਨ ਅਤੇ ਭਾਰਤੀ ਭਾਸ਼ਾਵਾਂ ਦਾ ਗਿਆਨ ਦਿੱਤਾ ਜਾਂਦਾ ਸੀ। ਨਿਦੇਸ਼ਕਾਂ ਦੇ ਪ੍ਰਾਧੀਕਰਣ ਨੂੰ ਇਹ ਨਹੀਂ ਜਚਿਆ ਜਦੋਂ ਕਿ ਕਾਲੇਜ ਪਦਾਧਿਕਾਰੀਆਂ ਨੂੰ ਭਾਰਤੀ ਭਾਸ਼ਾਵਾਂ ਦਾ ਗਿਆਨ ਦੇਣ ਲਈ 1854 ਤੱਕ ਕੰਮ ਕਰਦਾ ਰਿਹਾ। ਪ੍ਰੰਤੂ ਨਿਦੇਸ਼ਕਾਂ ਨੇ ਇਹ ਠੀਕ ਸਮਝਿਆ ਕਿ ਇੰਗਲੈਂਡ ਵਿੱਚ ਹੀ ਭਾਰਤੀ ਪ੍ਰਸ਼ਾਸਕਾਂ ਦੇ ਪ੍ਰਸ਼ਿਕਸ਼ਣ ਲਈ ਇੱਕ ਕਾਲੇਜ਼ ਖੋਲਿਆ ਜਾਵੇ ਅਤੇ ਹੇਲੀਬਰੀ ਦੇ ਸਥਾਨ ਤੇ ਇੱਕ ਈਸਟ ਇੰਡੀਆ ਕਾਲੇਜ਼ 1806 ਵਿੱਚ ਖੋਲਿਆ ਗਿਆ। ਇੱਥੇ ਭਾਰਤ ਵਿੱਚ ਨਿਯੁਕਤੀ ਤੋਂ ਪਹਿਲਾਂ ਇਨਾਂ ਤਰੁਣ ਪਦਾਧਿਕਾਰੀਆਂ ਨੂੰ 2 ਸਾਲ ਤੱਕ ਪ੍ਰਸ਼ਿਕਸ਼ਣ ਲੈਣਾ ਹੁਦਾ ਸੀ।

ਕੰਪਨੀ ਦੇ ਪਦਾਧਿਕਾਰੀਆਂ ਦੀ ਨਿਯੁਕਤੀ ਲਈ ਭਾਰਤੀਆਂ ਲਈ ਦਰਵਾਜੇ ਪੂਰੀ ਤਰਾਂ ਬੰਦ ਸਨ। ਇਹ ਠੀਕ ਹੈ ਕਿ 1833 ਦੇ ਚਾਰਟਰ ਐਕਟ ਦੀ ਧਾਰਾ 87 ਦੇ ਅਨੁਸਾਰ ਇਹ ਪ੍ਰਾਵਧਾਨ ਸੀ ਕਿ ਕੰਪਨੀ ਦੀ ਪ੍ਰਸ਼ਾਸਨਿਕ ਸੇਵਾ ਲਈ ਰੰਗ ਦਾ ਭੇਦਭਾਵ ਨਹੀਂ ਹੋਵੇਗਾ। ਪਰ ਇਹ ਕਹਿਣ ਦੀ ਗੱਲ ਹੀ ਸੀ। ਉੱਚ ਪ੍ਰਸ਼ਾਸਨਿਕ ਸੇਵਾ ਵਿੱਚ ਕਿਸੇ ਭਾਰਤੀ ਦੀ ਨਿਯੁਕਤੀ ਨਹੀਂ ਹੋਈ। ਇਥੋਂ ਤੱਕ ਕਿ ਕੁਈਨ ਵਿਕਟੋਰੀਆ ਦੀ 1858 ਦੀ ਘੋਸ਼ਣਾ ਵਿੱਚ ਵੀ ਇਹ ਆਸ਼ਵਾਸਨ ਦਿਤਾ ਗਿਆ ਸੀ ਕਿ "ਸਾਡੀ ਪ੍ਰਜਾ ਚਾਹੇ ਕਿਸੇ ਵੀ ਧਰਮ ਜਾਂ ਜਾਤੀ ਦੀ ਹੋਵੇ ਮੁਕਤ ਅਤੇ ਭੇਦਭਾਵ ਰਹਿਤ ਰੂਪ ਨਾਲ ਕਿਸੇ ਵੀ ਪਦ ਦੇ ਲਈ ਜਿਸ ਦੇ ਉਹ ਯੋਗ ਹੋਵੇ, ਚੁਣੀ ਜਾ ਸਕਦੀ ਹੈ।" ਪ੍ਰੰਤੂ ਇਸ ਕਥਨ ਦਾ ਕੋਈ ਵੀ ਪ੍ਰਭਾਵ ਨਹੀਂ ਹੋਇਆ ਅਤੇ ਉੱਚੇ ਪ੍ਰਸ਼ਾਸਨਿਕ ਪਦ ਕੇਵਲ ਗੋਰੇ ਲੋਕਾਂ ਲਈ ਹੀ ਸੁਰੱਖਿਅਤ ਰਹੇ। ਭਾਰਤੀ ਜਨਤਾ ਨੂੰ ਬਹਲਾਓਣ ਲਈ ਅਤੇ ਜਾਤੀ ਸਮਾਨਤਾ ਦਿਖਾਓਣ ਲਈ ਓਹਨਾਂ ਨੂੰ ਡਿਪਟੀ ਕਲਕਟਰ ਅਤੇ ਡਿਪਟੀ ਮੈਜਿਸਟ੍ਰੇਟ ਦੇ ਪਦ ਗਠਿਤ ਕੀਤੇ ਗਏ ਅਤੇ ਕੁਝ ਭਾਰਤੀਆਂ ਨੂੰ ਲੱਗਿਆ ਕਿ ਓਹ ਇਨਾਂ ਪਦਾਂ ਤੱਕ ਪਹੁੰਚ ਸਕਦੇ ਹਨ।

**ਨਿਆਇਕ ਸੁਧਾਰ:** ਕਾਰਨਵਾਲਿਸ ਦਾ ਪਹਿਲਾ ਕੰਮ ਜ਼ਿਲੇ ਦੀ ਸਾਰੀ ਸ਼ਕਤੀ ਨੂੰ ਕਲਕਟਰਾਂ ਦੇ ਹੱਥਾਂ ਵਿੱਚ ਕੇਂਦ੍ਰਿਤ ਕਰਨਾ ਸੀ। ਅਤੇ ਇਹ ਓਹਨਾਂ ਆਦੇਸ਼ਾਂ ਦੇ ਅਨੁਕੂਲ ਸੀ ਜੋ ਡਾਇਰੈਕਟਰਾਂ ਨੇ ਉਸ ਨੂੰ ਦਿੱਤੇ ਸਨ। ਅਤੇ ਜਿਸ ਦੇ ਮੁੱਖ ਤੱਤ ਮਿਤਵਿਯਯਤਾ ਅਤੇ ਸਰਲਤਾ ਸਨ। 1787 ਵਿੱਚ ਜਿਲਿਆਂ ਵਿੱਚ ਕਾਰਵਾਹ ਕਲਕਟਰਾਂ ਨੂੰ ਦੀਵਾਨੀ ਅਦਾਲਤਾਂ ਦੇ ਦੀਵਾਨੀ ਨਿਆਅਧੀਸ਼ ਵੀ ਨਿਯੁਕਤ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਓਹਨਾਂ ਨੂੰ ਫੌਜਦਾਰੀ ਸ਼ਕਤੀਆਂ ਅਤੇ ਸੀਮਿਤ ਮਾਮਲਿਆਂ ਵਿੱਚ ਫੌਜਦਾਰੀ ਨਿਆਅ ਕਰਣ ਦਾ ਵੀ ਅਧਿਕਾਰ ਦਿੱਤਾ ਗਿਆ।

1790 ਅਤੇ 1792 ਦੇ ਵਿੱਚ ਫੌਜਦਾਰੀ ਨਿਆਅ ਵਿੱਚ ਕੁਝ ਪਰਿਵਰਤਨ ਵੀ ਕੀਤੇ ਗਏ। ਭਾਰਤੀ ਨਿਆਅਧੀਸ਼ਾਂ ਵਾਲੀ ਫੌਜਦਾਰੀ ਅਦਾਲਤਾਂ ਖਤਮ ਕਰਕੇ ਓਹਨਾਂ ਦੇ ਸਥਾਨ ਤੇ 4 ਭ੍ਰਮਣ ਅਦਾਲਤਾਂ, 3 ਬੰਗਾਲ ਲਈ ਅਤੇ 1 ਬਿਹਾਰ ਲਈ ਨਿਯੁਕਤ ਕੀਤੀਆਂ ਗਈਆਂ। ਇਨਾਂ ਅਦਾਲਤਾਂ ਦੇ ਅਧਿਅਕਸ਼ ਅਨੁਬੱਧ ਯੂਰਪੀ ਹੁੰਦੇ ਸਨ ਅਤੇ ਕਾਜ਼ੀ ਅਤੇ ਮੁਫਤੀ ਓਹਨਾਂ ਦੀ ਮਦਦ ਕਰਦੇ ਸਨ। ਇਹ ਅਦਾਲਤਾਂ ਜ਼ਿਲੇ ਦਾ ਦੌਰਾ ਕਰਣ ਅਤੇ ਨਗਰ ਦੰਡਨਾਇਕਾਂ ਦੁਆਰਾ ਨਿਰਦੇਸ਼ਿਤ ਫੌਜਦਾਰੀ ਮਾਮਲਿਆਂ ਦਾ ਵੀ ਨਿਪਟਾਰਾ ਕਰਦੀਆਂ ਸਨ। ਇਸੇ ਪ੍ਰਕਾਰ ਮੁਰਸ਼ਿਦਾਬਾਦ ਵਿੱਚ ਸਥਿਤ ਸਦਰ ਨਿਜਾਮਤ ਅਦਾਲਤ ਦੇ ਸਥਾਨ ਤੇ ਇੱਕ ਅਜਿਹੀ ਅਦਾਲਤ ਕਲਕੱਤੇ ਵਿੱਚ ਸਥਾਪਿਤ ਕੀਤੀ ਗਈ ਜਿਸ ਵਿੱਚ ਗਵਰਨਰ ਜਨਰਲ ਅਤੇ ਉਸਦੀ ਪਰਿਸ਼ਦ ਦੇ ਮੈਂਬਰ ਸ਼ਾਮਿਲ ਸਨ ਅਤੇ ਜਿਸਦੀ ਮਦਦ ਲਈ ਮੁੱਖ ਕਾਜ਼ੀ ਅਤੇ ਮੁੱਖ ਮੁਫ਼ਤੀ ਹੁੰਦੇ ਸਨ।

**ਕਾਰਨਵਾਲਿਸ ਸੰਹਿਤਾ (Cornwallis code):** ਉਸਨੇ ਆਪਣੇ ਨਿਆਇਕ ਸੁਧਾਰਾਂ ਨੂੰ 1793 ਵਿੱਚ ਅੰਤਿਮ ਰੂਪ ਦੇ ਕੇ ਕਾਰਨਵਾਲਿਸ ਸੰਹਿਤਾ ਦੇ ਰੂਪ ਵਿੱਚ ਪ੍ਰਸਤੁਤ ਕੀਤਾ। ਇਹ ਸੁਧਾਰ ਪ੍ਰਸਿੱਧ "ਸ਼ਕਤੀਆਂ ਦਾ ਪ੍ਰਥਕੀਕਰਣ" ਤੇ ਆਧਾਰਿਤ ਸੀ। ਉਸਨੇ ਕਰ ਅਤੇ ਨਿਆਅ ਪ੍ਰਸ਼ਾਸਨਾਂ ਨੂੰ ਅਲੱਗ ਕਰ ਦਿੱਤਾ। ਉਸ ਸਮੇਂ ਤੱਕ ਜ਼ਿਲੇ ਵਿੱਚ ਕਲਕਟਰਾਂ ਦੇ ਕੋਲ਼ ਭੂਮੀ ਕਰ ਵਿਭਾਗ, ਅਤੇ ਵਿਸਤ੍ਰਿਤ ਨਿਆਇਕ ਅਤੇ ਦੰਡਨਾਇਕ ਸ਼ਕਤੀਆਂ ਹੁੰਦੀਆਂ ਸਨ। ਕਾਰਨਵਾਲਿਸ ਨੇ ਅਨੁਭਵ ਕੀਤਾ ਕਿ ਕਲਕਟਰ ਦੇ ਰੂਪ ਵਿੱਚ ਕੀਤੇ ਗਏ ਅਨਿਆਅ ਦਾ ਨਿਰਣਾ ਕੋਈ ਸਵੈ ਨਿਆਅਧੀਸ਼ ਦੇ ਰੂਪ ਵਿੱਚ ਕਿਵੇਂ ਕਰ ਸਕਦਾ ਹੈ। ਜ਼ਿਮੀਂਦਾਰ ਅਤੇ ਕਿਸਾਨ ਨੂੰ ਇਸ ਨਿਆਅ ਤੇ ਵਿਸ਼ਵਾਸ ਨਹੀਂ ਹੋਵੇਗਾ। ਇਸ ਲਈ ਕਾਰਨਵਾਲਿਸ ਸੰਹਿਤਾ ਦੁਆਰਾ ਕਲਕਟਰ ਦੀ ਨਿਆਇਕ ਅਤੇ ਫੌਜਦਾਰੀ ਸ਼ਕਤੀਆਂ ਲੈ ਲਈਆਂ ਗਈਆਂ ਅਤੇ ਉਸਦੇ ਕੋਲ਼ ਕੇਵਲ ਇੱਕ ਸੰਬੰਧੀ ਸ਼ਕਤੀਆਂ ਰਹਿ ਗਈਆਂ। ਜ਼ਿਲਾ ਦੀਵਾਨੀ ਅਦਾਲਤਾਂ ਵਿੱਚ ਕੰਮ ਦੇ ਲਈ ਨਵੇਂ ਅਧਿਕਾਰੀਆਂ ਦੀ ਸ਼੍ਰੇਣੀ ਜ਼ਿਲਾ ਨਿਆਅਧੀਸ਼ਾਂ ਦੀ ਗਠਿਤ ਕੀਤੀ ਗਈ। ਇਨਾਂ ਨੂੰ ਫੌਜਦਾਰੀ ਅਤੇ ਪੁਲਿਸ ਦੇ ਕੰਮ ਵੀ ਦਿੱਤੇ ਗਏ।

ਨੋਟ

ਦੀਵਾਨੀ ਅਦਾਲਤਾਂ ਦੀ ਇੱਕ ਕ੍ਰਮਿਕ ਲੜੀ ਸਥਾਪਿਤ ਕੀਤੀ ਗਈ। ਕਰ ਅਤੇ ਦੀਵਾਨੀ ਮਾਮਲਿਆਂ ਦਾ ਭੇਦ ਖਤਮ ਕਰਕੇ ਇਨਾਂ ਅਦਾਲਤਾਂ ਨੂੰ ਸਾਰੇ ਦੀਵਾਨੀ ਮਾਮਲਿਆਂ ਨੂੰ ਸੁਣਨ ਦਾ ਅਧਿਕਾਰ ਦਿੱਤਾ ਗਿਆ। ਇਸ ਤਰਾਂ ਮੁੰਸਿਫ ਦੀ ਅਦਾਲਤ ਨੂੰ 50 ਰੁਪਏ ਤੱਕ ਦੇ ਮਾਮਲੇ ਸੁਣਨ ਦਾ ਅਧਿਕਾਰ ਸੀ ਜਿਸਦਾ ਅਧਿਅਕਸ਼ ਇੱਕ ਭਾਰਤੀ ਅਧਿਕਾਰੀ ਹੁੰਦਾ ਸੀ।ਉਸਦੇ ਉੱਪਰ ਰਜਿਸਟ੍ਰਾਰ ਦੀ ਅਦਾਲਤ ਸੀ ਜਿਸ ਨੂੰ 200 ਰੁਪਏ ਤੱਕ ਦੇ ਮਾਮਲੇ ਸੁਣਨ ਦਾ ਅਧਿਕਾਰ ਸੀ। ਇਹ ਨਿਆਅਧੀਸ਼ ਯੂਰਪੀ ਹੁੰਦਾ ਸੀ।ਇਨਾਂ ਦੋਹਾਂ ਅਦਾਲਤਾਂ ਤੋਂ ਅਪੀਲ ਨਗਰ ਜਾਂ ਜਿਲਾ ਅਦਾਲਤ ਵਿੱਚ ਹੋ ਸਕਦੀ ਸੀ।ਜਿਲਾ ਅਦਾਲਤ ਦੇ ਉੱਪਰ 4 ਪ੍ਰਾਂਤੀਅ ਅਦਾਲਤਾਂ ਸਨ ਜਿੱਥੇ ਜਿਲਾ ਅਦਾਲਤ ਤੋਂ ਅਪੀਲ ਹੋ ਸਕਦੀ ਸੀ। ਇਹ ਅਦਾਲਤਾਂ ਕਲਕੱਤਾ, ਮੁਰਸ਼ਿਦਾਬਾਦ, ਢਾਕਾ ਅਤੇ ਪਟਨਾ ਵਿੱਚ ਸਥਿਤ ਸਨ।ਇਨਾਂ ਨੂੰ ਜਿਲਾ ਅਦਾਲਤਾਂ ਦੇ ਕੰਮਾ ਦਾ ਨਿਰੀਖਣ ਵੀ ਕਰਨਾ ਹੁੰਦਾ ਸੀ ਅਤੇ ਓਹਨਾਂ ਦੇ ਕਹਿਣ ਤੇ ਸਦਰ ਦੀਵਾਨੀ ਅਦਾਲਤ  ਕਿਸੇ ਜਿਲਾ ਨਿਆਅਧੀਸ਼ ਨੂੰ ਨਿਲੰਬਿਤ ਵੀ ਕਰ ਸਕਦੀ ਸੀ।ਕੁਝ ਮਾਮਲਿਆਂ ਵਿੱਚ ਇਹ ਅਦਾਲਤਾਂ ਪ੍ਰਥਮ ਅਧਿਕਾਰ-ਖੇਤਰ ਅਦਾਲਤ ਦੇ ਰੂਪ ਵਿੱਚ ਵੀ ਕੰਮ ਸੁਣ ਸਕਦੇ ਸਨ।ਇਸ ਤੋਂ ਉੱਪਰ ਕਲਕੱਤਾ ਵਿੱਚ ਸਥਿਤ ਸਦਰ ਦੀਵਾਨੀ ਅਦਾਲਤ ਸੀ।ਜਿਸਦੇ ਮੈਂਬਰ ਗਵਰਨਰ ਜਨਰਲ ਅਤੇ ਉਸਦੇ ਪਾਰਸ਼ਦ ਹੁੰਦੇ ਸਨ।ਇਹ ਅਦਾਲਤ 1000 ਰੁਪਏ ਤੋਂ ਅਧਿਕ ਦੇ ਮਾਮਲੇ ਸੁਣ ਸਕਦੀ ਸੀ। 5000 ਤੋਂ ਅਧਿਕ ਮੁੱਲ ਦੇ ਮਾਮਲੇ ਦੀ ਅਪੀਲ ਸਪਰਿਸ਼ਦ ਸਮਰਾਟ ਕੋਲ ਹੋ ਸਕਦੀ ਸੀ।ਇਨਾਂ ਅਦਾਲਤਾਂ ਵਿੱਚ ਕਾਜਵਿਧੀ ਦੇ ਨਿਯਮ ਬਣਾ ਦਿੱਤੇ ਵਹੇ ਅਤੇ ਜੋ ਭਾਰਤੀ ਅਧਿਕਾਰੀ ਇਨਾਂ ਅਦਾਲਤਾਂ ਨਾਲ ਸੰਬੰਧਿਤ ਹੁੰਦੇ ਸਨ ਓਹਨਾਂ ਦੀ ਯੋਗਤਾ ਵੀ ਨਿਰਧਾਰਿਤ ਕਰ ਦਿੱਤੀ ਗਈ।ਹਿੰਦੂਆਂ ਤੇ ਹਿੰਦੂ ਅਤੇ ਮੁਸਲਿਮਾਂ ਤੇ ਮੁਸਲਿਮ ਵਿਧੀ ਲਾਗੂ ਹੁੰਦੀ ਸੀ।

ਇਨਾਂ ਜਿਲਿਆਂ ਵਿੱਚ ਰਹਿਣ ਵਾਲੇ ਯੂਰਪੀ ਲੋਕ ਵੀ ਇਨਾਂ ਦੀਵਾਨੀ ਅਦਾਲਤਾਂ ਦੇ ਅਧੀਨ ਕਰ ਦਿੱਤੇ ਗਏ।ਕਲਕੱਤਾ ਤੋਂ ਦੂਰ ਰਹਿਣ ਵਾਲੇ ਯੂਰਪੀਆਂ ਨੂੰ ਉੱਥੇ ਰਹਿਣ ਦੀ ਆਗਿਆ ਤਾਂ ਹੀ ਮਿਲਦੀ ਜੇਕਰ ਉਹ ਇਹਨਾਂ ਅਦਾਲਤਾਂ ਦੀ ਅਧੀਨਤਾ ਸਵੀਕਾਰ ਕਰਦੇ। ਇਸੇ ਤਰਾ ਸਰਕਾਰੀ ਅਧਿਕਾਰੀਆਂ ਨੂੰ ਵੀ ਆਪਣੇ ਸਰਕਾਰੀ ਕੰਮਾਂ ਲਈ ਇਨਾਂ ਅਦਾਲਤਾਂ ਦੇ ਸਾਹਮਣੇ ਉੱਤਰਦਾਈ ਹੋਣਾ ਪੈਂਦਾ ਸੀ।ਇਸ ਤਰਾਂ ਕਾਰਨਵਾਲਿਸ ਨੇ ਕਾਨੂੰਨ ਦੀ ਵਿਬਿਸ਼ਟਤਾ ਦਾ ਨਿਯਮ, ਜੋ ਇਸ ਤੋਂ ਪਹਿਲਾਂ ਨਹੀਂ ਸੀ, ਭਾਰਤ ਵਿੱਚ ਲਾਗੂ ਕਰ ਦਿੱਤਾ।

ਫੌਜਦਾਰੀ ਨਿਆਅ ਵਿਵਸਥਾ ਵਿੱਚ ਵੀ ਅਨੇਕ ਪਰਿਵਰਤਨ ਕੀਤੇ ਗਏ। ਭਾਰਤੀ ਅਧਿਕਾਰੀਆਂ ਦੇ ਅਧੀਨ ਕੰਮ ਕਰਣ ਵਾਲ਼ੀਆਂ ਜਿਲਾ ਫੌਜਦਾਰੀ ਅਦਾਲਤਾਂ ਖਤਮ ਕਰ ਦਿੱਤੀਆਂ ਗਈਆਂ।ਜਿਲਾ ਨਿਆਅਧੀਸ਼ ਨੂੰ ਅਪਰਾਧੀਆਂ ਜਾਂ ਵਿਵਸਥਾ ਭੰਗ ਕਰਣ ਵਾਲਿਆਂ ਨੂੰ ਬੰਦੀ ਬਣਾਓਣ ਦੀ ਆਗਿਆ ਦਾ ਅਧਿਕਾਰ ਦਿੱਤਾ ਗਿਆ।ਛੋਟੇ ਛੋਟੇ ਮਾਮਲਿਆ ਦਾ ਓਹ ਆਪ ਫੈਸਲਾ ਕਰਦਾ ਸੀ ਅਤੇ ਅਧਿਕ ਗੰਭੀਰ ਮਾਮਲੇ ਉਸ ਨੂੰ ਭ੍ਰਮਣ ਅਦਾਲਤ ਦੇ ਸਾਹਮਣੇ ਪੇਸ਼ ਕਰਨੇ ਹੁੰਦੇ ਸਨ।

ਕੀ ਤੁਸੀਂ ਜਾਣਦੇ ਹੋ

ਪ੍ਰਾਂਤੀਅ ਭ੍ਰਮਣ ਅਦਾਲਤਾਂ ਜੋ ਦੀਵਾਨੀ ਅਪੀਲਾਂ ਵੀ ਸੁਣਦੀਆਂ ਸਨ, ਫੌਜਦਾਰੀ ਭ੍ਰਮਣ ਅਦਾਲਤਾਂ ਦੇ ਰੂਪ ਵਿੱਚ ਵੀ ਕੰਮ ਕਰਦੀਆਂ ਸਨ।ਇਨਾਂ ਵਿੱਚ ਕਾਜ਼ੀ ਅਤੇ ਮੁਫਤੀ ਹੁੰਦੇ ਸਨ।ਇਨਾਂ ਨੂੰ ਮੌਤ ਦੰਡ ਦੀ ਆਗਿਆ ਸੀ ਪ੍ਰੰਤੂ ਉਸਦੀ ਪੁਸ਼ਟੀ ਸਦਰ ਨਿਜ਼ਾਮਤ ਅਦਾਲਤ ਦੁਆਰਾ ਜ਼ਰੂਰੀ ਸੀ ਜੋ ਕਿ ਫੌਜਦਾਰੀ ਮਾਮਲਿਆਂ ਵਿੱਚ ਉੱਚਤਮ ਅਦਾਲਤ ਦਾ ਕੰਮ ਕਰਦੀ ਸੀ।ਗਵਰਨਰ ਜਨਰਲ ਨੂੰ ਮੁਆਫੀ-ਦਾਨ ਜਾਂ ਲਘੂਕਰਣ ਦੀ ਆਗਿਆ ਸੀ।

## ਨਿਆਇਕ ਸੰਗਠਨ (Judicial Organization)

ਅੰਗਰੇਜੀ ਈਸਟ ਇੰਡੀਆ ਕੰਪਨੀ ਨੇ ਭਾਰਤੀ ਪ੍ਰਦੇਸ਼ ਭਿੰਨ-ਭਿੰਨ ਪ੍ਰਕ੍ਰਿਆ ਨਾਲ ਪ੍ਰਾਪਤ ਕੀਤੇ।ਬੰਬਈ ਨੂੰ ਪੁਰਤਗਾਲ ਦੇ ਰਾਜਾ ਨੇ ਆਪਣੀ ਬੇਟੀ ਦੇ ਦਹੇਜ਼ ਵਿੱਚ ਚਾਰਲਜ਼ ਦੂਜੇ ਨੂੰ ਪੂਰਣ ਸੱਤਾ ਸਮੇਤ ਦੇ ਦਿੱਤਾ।ਅਤੇ ਉਸਨੇ ਕੰਪਨੀ ਨੂੰ 1668 ਵਿੱਚ ਥੋੜਾ ਜਿਹਾ ਕਿਰਾਇਆ ਲੈ ਕੇ ਦੇ ਦਿੱਤਾ।ਅਰਥਾਤ ਕੰਪਨੀ ਪੂਰਣ ਰੂਪ ਵਿੱਚ ਸਵਾਮੀ ਸੀ।ਚੋਲਮੰਡਲ ਤਟ ਉੱਤੇ ਮਦਰਾਸ ਅਤੇ ਉਸਦੇ ਆਸ-ਪਾਸ ਦਾ ਖੇਤਰ ਕਰਨਾਟਕ ਦੇ ਨਵਾਬ ਨੇ ਸਥਾਈ ਅਤੇ ਅਟਲ ਰੂਪ ਵਿੱਚ ਕੰਪਨੀ ਨੂੰ ਦੇ ਦਿੱਤਾ।ਬੰਗਾਲ ਵਿੱਚ ਸਥਿਤੀ ਅਨਿਸ਼ਚਿਤ ਸੀ।ਕਿਓਂਕਿ ਉੱਥੇ ਕੰਪਨੀ ਨੂੰ ਸੱਤਾ ਦੂਹਰੀ ਪ੍ਰਣਾਲੀ ਨਾਲ ਪ੍ਰਾਪਤ ਹੋਈ ਸੀ। 1765 ਵਿੱਚ ਮੁਗਲ ਸਮਰਾਟ ਸ਼ਾਹ ਆਲਮ ਦੂਜੇ ਨੇ ਆਪਣੀ ਹਾਰ ਤੋਂ ਬਾਅਦ ਕੰਪਨੀ ਨੂੰ ਬੰਗਾਲ, ਬਿਹਾਰ ਅਤੇ ਉੜੀਸਾ ਦੀ ਦੀਵਾਨੀ ਦੇ ਦਿੱਤੀ।ਇਸ ਲਈ ਹੁਣ ਕੰਪਨੀ ਬੰਗਾਲ ਦੇ ਸਾਰੇ ਦੀਵਾਨੀ ਕੰਮ ਲਈ ਉੱਤਰਦਾਈ ਸੀ ਜਿਸ ਵਿੱਚ ਦੀਵਾਨੀ ਨਿਆਅ ਵੀ ਸ਼ਾਮਿਲ ਸੀ। ਦੂਜੇ ਪਾਸੇ ਨਿਜਾਮਤ ਅਰਥਾਤ ਕਾਂਨੂੰਨ ਅਤੇ ਵਿਵਸਥਾ ਬੰਗਾਲ ਦੇ ਨਵਾਬ ਕੋਲ ਹੀ ਰਹੀ।ਇਹ ਕੰਮ ਮੁਹੰਮਦ ਰਜ਼ਾ ਖ਼ਾਂ ਨਾਯਬ ਨਵਾਬ ਨੇ ਸੰਭਾਲਣਾ ਸੀ ਕਿਓਂਕਿ ਮੁਗਲ ਪ੍ਰਸ਼ਾਸਨ ਵਿੱਚ ਪ੍ਰਾਂਤਾਂ ਦਾ ਭਾਰ ਦੋ ਵਿਅਕਤੀਆਂ ਦੇ ਮੋਢੇ ਤੇ ਹੁੰਦਾ ਸੀ, ਸੂਬੇਦਾਰ ਅਤੇ ਨਵਾਬ।ਕਾਨੂੰਨ ਅਤੇ ਵਿਵਸਥਾ ਅਤੇ ਫੌਜਦਾਰੀ ਨਿਆਅ ਆਦਿ ਦਾ ਕੰਮ ਨਵਾਬ ਦੇਖਦਾ ਸੀ ਅਤੇ ਭੂਮੀ ਅਤੇ ਹੋਰ ਕਰ ਜਿਸ ਵਿੱਚ ਦੀਵਾਨੀ ਮੁੱਕਦਮੇ ਵੀ ਸ਼ਾਮਿਲ ਹੁੰਦੇ ਸਨ, ਇਨਾਂ ਦਾ ਕੰਮ ਦੀਵਾਨ ਦੇਖਦਾ ਸੀ।

ਨੋਟ

ਬੰਬਈ ਵਿੱਚ 1668 ਵਿੱਚ ਸੱਤਾ ਪ੍ਰਾਪਤ ਕਰਣ ਤੋਂ ਬਾਅਦ ਕੰਪਨੀ ਉੱਥੇ ਦੀਵਾਨੀ ਅਤੇ ਫੌਜਦਾਰੀ ਨਿਆਅ ਵੀ ਦਿੰਦੀ ਸੀ। ਜਨਸੰਖਿਆ ਘੱਟ ਸੀ ਇਸ ਲਈ ਇਹ ਦੋਵੇਂ ਸਮੱਸਿਅਵਾਂ ਵੀ ਘੱਟ ਸਨ। ਕੰਪਨੀ ਨੇ ਫੌਜਦਾਰੀ ਨਿਆਅ ਵਿੱਚ ਧਾਰਮਿਕ ਸਹਿਸ਼ਣੂਤਾ ਅਤੇ ਜਿਊਰੀ ਦੁਆਰਾ ਫੈਸਲਾ ਕਰਨ ਦੀ ਪੱਧਤੀ ਅਪਨਾਈ ਜਿਵੇਂ ਕਿ ਇੰਗਲੈਂਡ ਵਿੱਚ ਪ੍ਰਥਾ ਸੀ। ਇੱਕ ਨਿਆਅ ਦਾ ਪ੍ਰਾਧੀਕਰਣ ਸਥਾਪਿਤ ਕੀਤਾ ਗਿਆ। 1781 ਵਿੱਚ ਜਿਊਰੀ ਪ੍ਰਥਾ ਖਤਮ ਕਰ ਦਿੱਤੀ ਗਈ ਅਤੇ ਅਦਾਲਤਾਂ ਨੂੰ ਅਪੀਲ ਦੀ ਵਿਵਸਥਾ ਸਥਾਪਿਤ ਕੀਤੀ ਗਈ। ਗਵਰਨਰ ਅਤੇ ਉਸਦੀ ਪਰਿਸ਼ਦ ਇਹ ਅਪੀਲ ਸੁਣਦੇ ਸਨ। ਇਸ ਵਿੱਚ ਇੱਕ ਹਿੰਦੂ, ਇੱਕ ਮੁਸਲਮਾਨ, ਇੱਕ ਪਾਰਸੀ ਨਿਆਅਧੀਸ਼, ਇੱਕ ਪੁਰਤਗਾਲੀ ਅਤੇ ਇੱਕ ਕੰਪਨੀ ਦਾ ਪ੍ਰਤੀਨਿਧੀ ਵੀ ਹੁੰਦਾ ਸੀ। 1726 ਵਿੱਚ ਕੰਪਨੀ ਦੇ ਨਿਦੇਸ਼ਕਾਂ ਨੇ ਅੰਗਰੇਜੀ ਸਮਰਾਟ ਤੋਂ ਆਗਿਆ ਮੰਗੀ ਕਿ ਨਗਰ ਵਿੱਚ ਇੱਕ ਮਹਾਪੌਰ ਦੀ ਅਦਾਲਤ ਬਣਾਓਣ ਦੀ ਆਗਿਆ ਦਿੱਤੀ ਜਾਵੇ। ਇਸਦੇ ਫਲਸਰੂਪ ਕਲਕੱਤਾ, ਮਦਰਾਸ ਅਤੇ ਬੰਬਈ ਵਿੱਚ 9 ਵ੍ਰਿਧਾਂ ਵਾਲੀ ਮਹਾਪੌਰ ਦੀ ਅਦਾਲਤਾਂ ਸਥਾਪਿਤ ਕੀਤੀਆਂ ਗਈਆਂ ਜਿਨਾਂ ਦਾ ਮੁੱਖ ਕੰਮ ਇਨਾਂ ਤਿੰਨਾਂ ਨਗਰਾਂ ਵਿੱਚ ਰਹਿਣ ਵਾਲੇ ਯੂਰਪੀ ਲੋਕਾਂ ਵਿੱਚ ਨਿਆਅ ਕਰਨਾ ਸੀ।

ਪ੍ਰਾਰੰਭਿਕ ਦਿਨਾਂ ਵਿੱਚ ਕੰਪਨੀ ਨੇ ਦੇਖਿਆ ਕਿ ਦੇਸ਼ ਦੇ ਭਿੰਨ-ਭਿੰਨ ਭਾਗਾਂ ਵਿੱਚ ਭਿੰਨ-ਭਿੰਨ ਨਿਆਅ ਪ੍ਰਣਾਲੀ ਪ੍ਰਚੱਲਿਤ ਹੈ। ਨਾ ਕੇਵਲ ਹਿੰਦੂ ਅਤੇ ਮੁਸਲਮਾਨ ਨਿਆਅ ਪ੍ਰਣਾਲੀਆਂ ਭਿੰਨ-ਭਿੰਨ ਨਿਆਅ ਦਿੰਦੀਆਂ ਹਨ ਬਲਕਿ ਹੋਰ ਪ੍ਰਦੇਸ਼ਾਂ ਵਿੱਚ ਹਿੰਦੂ ਅਤੇ ਮੁਸਲਿਮ ਨਿਆਅ ਵੀ ਭਿੰਨ-ਭਿੰਨ ਹੈ। ਮੋਟੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਅੰਗਰੇਜਾਂ ਤੋਂ ਪਹਿਲਾਂ ਦੇ ਦਿਨਾਂ ਵਿੱਚ ਨਿਆਇਕ ਪੱਧਤੀ ਹਿੰਦੂ, ਮੁਸਲਿਮ, ਸਥਾਨੀਅ ਰੀਤੀ-ਰਿਵਾਜਾਂ ਅਤੇ ਪ੍ਰਸ਼ਾਸਕਾਂ ਦੀ ਆਪਣੀ ਅਭਿਰੁਚੀ ਦਾ ਮਿਸ਼ਰਣ ਸੀ। ਯੂਰਪੀ ਵਪਾਰਕ ਕੰਪਨੀਆਂ ਜਿਨਾਂ ਨੇ ਇਹ ਬਸਤੀਆਂ ਵਸਾਈਆਂ ਸਨ, ਸਰਲਤਾ ਨਾਲ ਇਸ ਨਿਆਅ ਨੂੰ ਸਵੀਕਾਰ ਕਰਣ ਲਈ ਉਤਸੁਕ ਨਹੀਂ ਸਨ। ਵਿਸ਼ੇਸ਼ਕਰ ਮੁਸਲਿਮ ਕੁਰਾਣ ਦੇ ਕਾਨੂੰਨ ਨੂੰ ਜਿਸ ਵਿੱਚ ਅੰਗ ਵਿੱਛੇਦ ਕਰਨਾ, ਜਾਂ ਅਪਰਾਧੀ ਨੂੰ ਪੱਥਰਾਂ ਨਾਲ ਮਾਰਨ ਦਾ, ਜਾਂ ਇੱਕ ਕਾਫਿਰ ਦੀ ਗਵਾਹੀ ਨੂੰ ਮੁਸਲਮਾਨ ਦੀ ਗਵਾਹੀ ਤੋਂ ਗੌਣ ਸਮਝਿਆ ਜਾਦਾ ਸੀ। ਇਹ ਵੀ ਸਵੀਕਾਰ ਨਹੀਂ ਸੀ ਕਿ ਬ੍ਰਾਹਮਣ ਦੇ ਲਈ ਭਿੰਨ ਕਾਨੂੰਨ ਹੋਵੇ ਅਤੇ ਸ਼ੂਦਰ ਦੇ ਲਈ ਭਿੰਨ। ਯੂਰਪ ਵਿੱਚ ਰਾਸ਼ਟਰੀ ਰਾਜਾਂ ਦੇ ਉੱਥਾਨ ਨਾਲ ਰਾਸ਼ਟਰੀ ਕਾਨੂੰਨਾਂ ਦਾ ਵੀ ਉਦੈ ਹੋਇਆ। ਅਤੇ ਇਨਾਂ ਵਿਦੇਸ਼ੀ ਕੰਪਨੀਆਂ ਨੇ ਆਪਣੇ ਅਧੀਨ ਭਾਰਤੀਆਂ ਤੇ ਇੱਕੋ ਵਰਗਾ ਕਾਨੂੰਨ ਲਾਗੂ ਕਰਣ ਦੀ ਕੋਸ਼ਿਸ਼ ਕੀਤੀ।

ਇਹ ਵਾਰੇਨ ਹੇਸਟਿੰਗਜ਼ ਸੀ ਜਿਸਨੇ ਸਭ ਤੋਂ ਪਹਿਲਾਂ ਅਦਾਲਤਾਂ ਦਾ ਇੱਕ ਢਾਂਚਾ ਤਿਆਰ ਕੀਤਾ ਅਤੇ ਜਿਲਾ ਦੀਵਾਨੀ ਅਤੇ ਫੌਜਦਾਰੀ ਅਦਾਲਤਾਂ ਗਠਿਤ ਕੀਤੀਆਂ ਜਿਥੋਂ ਅਪੀਲ ਕਲਕੱਤਾ ਸਥਿਤ ਸਦਰ ਦੀਵਾਨੀ ਅਤੇ ਸਦਰ ਫੌਜਦਾਰੀ ਅਦਾਲਤ ਵਿੱਚ ਕੀਤੀ ਜਾ ਸਕਦੀ ਸੀ। ਪ੍ਰੰਤੂ ਅਸਲ ਵਿੱਚ ਇਹ ਲੋਰਡ ਕਾਰਨਵਾਲਿਸ ਹੀ ਸੀ ਜਿਸਨੇ ਵਿਧੀਓਤ ਦੀਵਾਨੀ ਅਤੇ ਫੌਜਦਾਰੀ ਅਦਾਲਤਾਂ ਦੀ ਲੜੀਬੱਧ ਰੂਪ ਵਿੱਚ ਸਥਾਪਨਾ ਕੀਤੀ। ਜਿਲਿਆਂ ਵਿੱਚ ਸਭ ਤੋਂ ਨੀਚੇ ਸਤਰ ਦੀ ਮੁਨਸਿਫ ਦੀ ਅਦਾਲਤ ਹੁੰਦੀ ਸੀ ਜਿਸ ਵਿੱਚ ਨਿਆਅਧੀਸ਼ ਭਾਰਤੀ ਹੁੰਦੇ ਸਨ ਅਤੇ ਜਿਨਾਂ ਨੂੰ 50 ਰੁਪਏ ਤੱਕ ਦੇ ਮਾਮਲੇ ਦੀ ਸੁਣਵਾਈ ਦਾ ਅਧਿਕਾਰ ਸੀ। ਇਸ ਤੋਂ ਉੱਪਰ ਰਜਿਸਟ੍ਰਾਰ ਦੀ ਅਦਾਲਤ ਹੁੰਦੀ ਸੀ ਜਿਸ ਵਿੱਚ ਯੂਰਪੀ ਨਿਆਅਧੀਸ਼ ਹੁੰਦੇ ਸਨ ਅਤੇ ਓਹਨਾਂ ਨੂੰ 200 ਰੁਪਏ ਤੱਕ ਦੇ ਮਾਮਲੇ ਸੁਣਨ ਦਾ ਅਧਿਕਾਰ ਸੀ। ਇਸ ਤੋਂ ਅਪੀਲ ਜਿਲਾ ਜਾਂ ਨਗਰ ਅਦਾਲਤ ਵਿੱਚ ਹੁੰਦੀ ਸੀ। ਜਿਲਾ ਅਦਾਲਤ ਤੋਂ ਅਪੀਲ 4 ਪ੍ਰਾਂਤੀਅ ਅਦਾਲਤ ਵਿੱਚ ਹੋ ਸਕਦੀ ਸੀ। ਇਸ ਸਭ ਤੋਂ ਉੱਪਰ ਸਦਰ ਦੀਵਾਨੀ ਅਤੇ ਸਦਰ ਨਿਜਾਮਤ ਅਦਾਲਤ ਹੁੰਦੀ ਸੀ ਜੋ ਕਲਕੱਤਾ ਵਿੱਚ ਸਥਿਤ ਸੀ। ਕੁਝ ਮਾਮਲਿਆਂ ਵਿੱਚ ਅਪੀਲ ਇੰਗਲੈਂਡ ਵਿੱਚ ਸਥਿਤ ਪ੍ਰਿਵੀ ਕਾਂਊਸਲ ਵਿੱਚ ਵੀ ਹੋ ਸਕਦੀ ਸੀ। 1793 ਦੀ ਕਾਰਨਵਾਲਿਸ ਸੰਸਥਾ ਨੇ ਇਸ ਸਾਰੀ ਨਿਆਇਕ ਵਿਵਸਥਾ ਨੂੰ ਸੁਚਾਰੂ ਰੂਪ ਦਿੱਤਾ ਅਤੇ ਇਹ ਵਿਵਸਥਾ ਅਪਰਿਵਰਤਿਤ ਰੂਪ ਵਿੱਚ ਬਹੁਤ ਦੇਰ ਤੱਕ ਚਲਦੀ ਰਹੀ।

ਨੋਟਸ — ਜਿਲਾ ਨਿਆਅਧੀਸ਼ ਸਾਰੇ ਦੀਵਾਨੀ ਮਾਮਲੇ ਸੁਣ ਸਕਦੇ ਸਨ ਅਤੇ ਓਹਨਾਂ ਦੀ ਮਦਦ ਲਈ ਭਾਰਤੀ ਵਿਧੀਵੇਤਾ ਹੁੰਦੇ ਸਨ।

**ਫੌਜਦਾਰੀ ਕਾਨੂੰਨ ਵਿੱਚ ਸੁਧਾਰ:** ਵਾਰੇਨ ਹੇਸਟਿੰਗਜ਼ ਨੇ ਤਾਂ ਸਿਰਫ ਸਰਕਾਰ ਦੇ ਕਾਨੂੰਨੀ ਮਾਮਲਿਆਂ ਵਿੱਚ ਹਸਤਖੇਪ ਕਰਣ ਦੇ ਅਧਿਕਾਰ ਤੇ ਹੀ ਜ਼ੋਰ ਦਿੱਤਾ ਸੀ ਪ੍ਰੰਤੂ ਕਾਰਨਵਾਲਿਸ ਨੇ ਇਹ ਵੀ ਕਿਹਾ ਕਿ ਸਰਕਾਰ ਨੂੰ ਫੌਜਦਾਰੀ ਕਾਨੂੰਨ ਵਿੱਚ ਸੁਧਾਰ ਕਰਣ ਦਾ ਅਧਿਕਾਰ ਹੈ। ਮੁਸਲਮਾਨਾਂ ਦਾ ਕਹਿਣਾ ਸੀ ਕਿ ਫੌਜਦਾਰੀ ਕਾਨੂੰਨ ਦੈਵ ਨਿਰਦਿਸ਼ਟ ਹੈ ।

1790-93 ਦੇ ਵਿੱਚ ਕਾਰਨਵਾਲਿਸ ਨੇ ਫੌਜਦਾਰੀ ਕਾਨੂੰਨ ਵਿੱਚ ਕੁਝ ਪਰਿਵਰਤਨ ਕੀਤੇ ਜਿਨਾਂ ਨੂੰ ਅੰਗਰੇਜੀ ਸੰਸਦ ਨੇ ਇੱਕ ਅਧਿਨਿਯਮ ਦੁਆਰਾ 1797 ਵਿੱਚ ਪ੍ਰਮਾਣਿਤ ਕਰ ਦਿੱਤਾ। ਦਿਸੰਬਰ 1790 ਵਿੱਚ ਮੁਸਲਮਾਨ ਨਿਆਅਧਿਕਾਰੀਆਂ ਦੇ ਮਾਰਗਦਰਸ਼ਨ ਦੇ ਲਈ ਇੱਕ ਨਿਯਮ ਬਣਾਇਆ ਗਿਆ ਜਿਸ ਦੇ ਅਨੁਸਾਰ ਹਤਿਆ ਦੇ ਮਾਮਲਿਆਂ ਵਿੱਚ ਹਤਿਆਰੇ ਦੀ ਭਾਵਨਾ ਤੇ ਅਧਿਕ ਬਲ ਦਿੱਤਾ ਗਿਆ ਨਾ ਕਿ ਹਤਿਆ ਦੇ ਅਸਤਰ ਜਾਂ ਢੰਗ ਤੇ। ਇਸੇ ਤਰਾਂ ਮਾਮਲੇ ਦੀ ਗੰਭੀਰਤਾ ਦੇ ਅਨੁਸਾਰ ਅੰਗ ਵਿਛੇਦਣ ਦੀ ਥਾਂ ਕੜੀ ਕੈਦ ਦੀ ਸਜ਼ਾ ਦੀ ਆਗਿਆ ਦਿੱਤੀ ਗਈ। ਇਸੇ ਤਰਾਂ 1793 ਵਿੱਚ ਇਹ ਨਿਸ਼ਚਿਤ ਕੀਤਾ ਗਿਆ ਕਿ ਗਵਾਹ ਦੇ

ਨੋਟ

"ਧਰਮ ਵਿਸ਼ੇਸ਼" ਦਾ ਮਾਮਲੇ ਤੇ ਕੋਈ ਪ੍ਰਭਾਵ ਨਹੀਂ ਹੋਵੇਗਾ। ਮੁਸਲਿਮ ਕਾਨੂੰਨ ਦੇ ਅਨੁਸਾਰ ਮੁਸਲਿਮਾਂ ਦੀ ਹੱਤਿਆ ਦੇ ਮਾਮਲੇ ਵਿੱਚ ਹੋਰ ਧਰਮ ਵਾਲੇ ਗਵਾਹੀ ਨਹੀਂ ਦੇ ਸਕਦੇ।

ਟਾਸਕ ਕਾਰਨਵਾਲਿਸ ਸੰਹਿਤਾ ਤੋਂ ਤੁਸੀਂ ਕੀ ਸਮਝਦੇ ਹੋ?

**ਨਿਆਇਕ ਸੁਧਾਰਾਂ ਉੱਤੇ ਸਿੰਹਾਵਲੋਕਣ:** ਕਾਰਨਵਾਲਿਸ ਦੀ ਨਿਆਅ ਪ੍ਰਣਾਲੀ ਪੱਛਮ ਦੇ ਨਿਆਇਕ ਧਾਰਨਾਵਾਂ ਅਤੇ ਨਿਰਪੱਖਤਾਤੇ ਆਧਾਰਿਤ ਸੀ। ਰਾਜਾ ਜਾਂ ਉਸਦੇ ਕਾਜਕਰਤਾ ਦੇ ਨਿਜੀ ਕਾਨੂੰਨ ਜਾਂ ਧਾਰਮਿਕ ਕਾਨੂੰਨ ਦੀ ਥਾਂ ਇੱਕ ਧਰਮਨਿਰਪੱਖ ਕਾਨੂੰਨ ਨੇ ਲੈ ਲਈ। ਵਿਧੀ ਦੀ ਵਿਸ਼ਿਸ਼ਟਤਾ ਸਥਾਪਿਤ ਹੋ ਗਈ। ਪ੍ਰੰਤੂ ਇਸ ਕਾਰਨਵਾਲਿਸ ਸੰਹਿਤਾ ਦੇ ਨਤੀਜੇ ਚੰਗੇ ਨਹੀਂ ਸਨ। ਇਹ ਨਵਾਂ ਕਾਨੂੰਨ ਇੰਨਾ ਜਟਿਲ, ਨਵੀਨ ਅਤੇ ਅਪਰਿਚਿਤ ਸੀ ਕਿ ਜਨਸਾਧਾਰਣ ਇਸ ਤੋਂ ਲਾਭ ਨਹੀਂ ਉਠਾ ਸਕਦਾ ਸੀ। ਇਹ ਨਿਆਅ ਇੰਨਾ ਮਹਿੰਗਾ ਅਤੇ ਧੀਮੀ ਗਤੀ ਨਾਲ ਚੱਲਣ ਵਾਲਾ ਸੀ ਕਿ ਇੱਕ ਅਮੀਰ ਵਿਅਕਤੀ ਇੱਕ ਅਸਿਖਿਅਤ ਅਤੇ ਗਰੀਬ ਵਿਅਕਤੀ ਨੂੰ ਆਸਾਨੀ ਨਾਲ ਹਰਾ ਅਤੇ ਥਕਾ ਸਕਦਾ ਸੀ। ਝੂਠੇ ਗਵਾਹ ਬਣਾ ਲਏ ਜਾਂਦੇ ਸਨ। ਝੂਠ ਅਤੇ ਬੇਈਮਾਨੀ ਦਾ ਬੋਲਬਾਲਾ ਸੀ। ਮੁੱਕਦਮੇਬਾਜ਼ੀ ਵਧ ਗਈ। ਅਦਾਲਤਾਂ ਵਿੱਚ ਕੰਮ ਜ਼ਿਆਦਾ ਹੋਣ ਦੇ ਕਾਰਣ ਫੈਸਲੇ ਵਿੱਚ ਦੇਰ ਹੋਣ ਲੱਗੀ। ਪ੍ਰੰਤੂ ਮੁੱਖ ਗੱਲ ਇਹ ਸੀ ਕਿ ਪਰੰਪਰਾਗਤ ਨਿਆਅ ਪ੍ਰਣਾਲੀ, ਪੰਚਾਇਤ, ਜ਼ਿਮੀਂਦਾਰ, ਕਾਜ਼ੀ, ਫੌਜਦਾਰ ਅਤੇ ਨਾਜਿਮ ਆਦਿ ਦੀ ਥਾਂ ਤੇ ਯੂਰਪੀ ਨਿਆਅਧੀਸ਼ ਆ ਗਏ ਜੋ ਭਾਰਤੀ ਰੀਤ ਰਿਵਾਜਾਂ ਅਤੇ ਪਰੰਪਰਾਵਾਂ ਤੋਂ ਅਣਜਾਣ ਸਨ। 1817 ਵਿੱਚ ਮਨਰੋ ਨੇ ਵੀ ਇਨਾਂ ਯੂਰਪੀ ਨਿਆਅਧੀਸ਼ਾਂ ਦੀ ਅਣਭਿੱਗਤਾ ਦੀ ਖਿੱਲੀ ਉੜਾਈ ਸੀ।

**ਪੁਲਿਸ ਸੁਧਾਰ:** ਨਿਆਇਕ ਸੁਧਾਰਾਂ ਨੂੰ ਲਾਗੂ ਕਰਣ ਅਤੇ ਅਨੁਪੂਰਣ ਕਰਣ ਵਿੱਚ ਪੁਲਿਸ ਪ੍ਰਸ਼ਾਸਨ ਵਿੱਚ ਮੱਹਤਵਪੂਰਣ ਪਰਿਵਰਤਨ ਕੀਤੇ ਗਏ। ਕਲਕੱਤਾ ਵਿੱਚ ਗੁੰਡਿਆਂ ਅਤੇ ਦੁਸ਼ਚਰਿੱਤਰ ਲੋਕਾਂ ਦਾ ਹੀ ਰਾਜ ਬਣ ਗਿਆ ਸੀ। ਕੁਝ ਬਜ਼ਾਰਾਂ ਤੋਂ ਤਾਂ ਲੋਕ ਸੂਰਜ ਛਿਪਣ ਤੋਂ ਬਾਅਦ ਗੁਜ਼ਰਦੇ ਹੀ ਨਹੀਂ ਸਨ। ਪੁਲਿਸ ਅਧੀਕਸ਼ਕ ਵੀ ਭ੍ਰਿਸ਼ਟ ਹੀ ਸਨ। ਪੁਲਿਸ ਦੇ ਕਰਮਚਾਰੀਆਂ ਵਿੱਚ ਤਤਪਰਤਾ ਅਤੇ ਈਮਾਨਦਾਰੀ ਲਿਆਓਣ ਲਈ ਕਾਰਨਵਾਲਿਸ ਨੇ ਓਹਨਾਂ ਦੇ ਵੇਤਨ ਵਧਾ ਦਿੱਤੇ ਅਤੇ ਚੋਰਾਂ ਅਤੇ ਹੱਤਿਅਰਿਆਂ ਨੂੰ ਪਕੜਣ ਨਹੀ ਪੁਰਸਕਾਰ ਦੇਣ ਪ੍ਰਸਤਾਵ ਕੀਤੇ।

ਗ੍ਰਾਮੀਣ ਖੇਤਰਾਂ ਵਿੱਚ ਜ਼ਿਮੀਂਦਾਰਾਂ ਦੇ ਪੁਲਿਸ ਅਧਿਕਾਰ ਖਤਮ ਕਰ ਦਿੱਤੇ ਗਏ। ਅਤੇ ਓਹ ਆਪਣੇ ਵਿੱਚ ਡਕੈਤੀ ਅਤੇ ਹੱਤਿਆ ਲਈ ਉੱਤਰਦਾਈ ਲਈਂ ਰਹੇ। ਅੰਗਰੇਜ਼ ਦੰਡਨਾਇਕਾਂ ਨੂੰ ਜ਼ਿਲੇ ਦੀ ਪੁਲਿਸ ਦਾ ਭਾਰ ਦਿਤਾ ਗਿਆ। ਜ਼ਿਲੇ ਨੂੰ 400 ਵਰਗ ਮੀਲ ਦੇ ਖੇਤਰਾਂ ਵਿੱਚ ਵੰਡ ਦਿੱਤਾ ਗਿਆ। ਅਤੇ ਹਰ ਖੇਤਰ ਵਿੱਚ ਇੱਕ ਦਰੋਗਾ ਅਤੇ ਉਸਦੀ ਮਦਦ ਲਈ ਪੁਲਿਸ ਕਰਮਚਾਰੀ ਨਿਯੁਕਤ ਕੀਤੇ ਗਏ।

## ਪੁਨਰਵੇਖਣ (Overview)

**ਵਿਧੀ ਦਾ ਸ਼ਾਸਨ:** ਅੰਗਰੇਜਾਂ ਦੀ ਇਸ ਗੱਲ ਲਈ ਪ੍ਰਸ਼ੰਸਾ ਕਰਨੀ ਹੋਵੇਗੀ ਕਿ ਓਹਨਾਂ ਨੇ ਭਾਰਤ ਵਿੱਚ ਪਹਿਲੀ ਵਾਰ ਵਿਧੀ ਦੇ ਸ਼ਾਸਨ ਵਰਗੀ ਆਧੁਨਿਕ ਪਰਿਕਲਪਨਾ ਸਥਾਪਿਤ ਕੀਤੀ। ਇਸ ਦਾ ਮਤਲਬ ਇਹ ਸੀ ਕਿ ਭਾਰਤ ਵਿੱਚ ਇਸ ਤੋਂ ਪਹਿਲਾਂ ਚਲ ਰਹੀ ਮਨਮਾਨੇ ਢੰਗ ਦੀ ਵਿਵਸਥਾ ਖਤਮ ਹੋ ਗਈ। ਹੁਣ ਹਰ ਵਿਅਕਤੀ ਨੂੰ ਆਪਣੇ ਅਧਿਕਾਰ ਅਤੇ ਵਿਸ਼ੇਸ਼ਾਧਿਕਾਰ ਦਾ ਗਿਆਨ ਮਿਲ ਸਕਦਾ ਸੀ। ਨਿਯਮ ਲਿਪੀਬੱਧ ਹੋ ਗਏ। ਚਾਹੇ ਇਹ ਠੀਕ ਹੈ ਕਿ ਵਿਅਕਤੀ ਦੇ ਅਧਿਕਾਰਾਂ ਦਾ ਅਤਿਕ੍ਰਮਣ ਹੋ ਜਾਂਦਾ ਸੀ ਅਤੇ ਉਸਨੂੰ ਨਿਆਅ ਨਹੀਂ ਮਿਲਦਾ ਸੀ ਪ੍ਰੰਤੂ ਫਿਰ ਵੀ ਇਹ ਮੰਨਣਾ ਹੋਵੇਗਾ ਕਿ ਘੱਟ ਤੋਂ ਘੱਟ ਅਜਿਹਾ ਮੌਕਾ ਤਾਂ ਮਿਲਦਾ ਸੀ ਕਿ ਦੋਸ਼ੀ ਪਦਾਧਿਕਾਰੀਆਂ ਨੂੰ ਅਦਾਲਤਾਂ ਵਿੱਚ ਲਿਆ ਖੜਾ ਕੀਤਾ ਜਾਂਦਾ ਸੀ।

**ਕਾਨੂੰਨ ਦੇ ਸਮੁੱਖ ਬਰਾਬਰੀ:** ਕਾਨੂੰਨ ਦੇ ਸਮੁੱਖ ਸਾਰੇ ਲੋਕ ਚਾਹੇ ਓਹਨਾਂ ਦਾ ਧਰਮ, ਵਰਣ, ਜਾਤੀ ਜਾਂ ਵਰਗ ਕੋਈ ਵੀ ਕਿਓਂ ਨਾ ਹੋਵੇ, ਸਭ ਨੂੰ ਬਰਾਬਰ ਮੰਨਿਆ ਜਾਂਦਾ ਸੀ। ਇਸਦਾ ਅਰਥ ਇਹ ਹੋਇਆ ਕਿ ਇਸ ਤੋਂ ਪਹਿਲਾਂ ਦੀ ਨਿਆਇਕ ਪ੍ਰਥਾ ਜਿਸ ਵਿੱਚ ਬ੍ਰਾਹਮਣ ਅਤੇ ਸ਼ੂਦਰ, ਜ਼ਿਮੀਂਦਾਰ ਅਤੇ ਕਿਸਾਨ ਦੇ ਲਈ ਭਿੰਨ-ਭਿੰਨ ਕਾਨੂੰਨ ਹੁੰਦੇ ਸਨ, ਖਤਮ ਹੋ ਗਈ। ਮੁਸਲਿਮ ਕਾਨੂੰਨ ਵੀ ਜੋ ਇਸਤਰੀ ਅਤੇ ਪੁਰੁਸ਼ ਨਾਲ ਭੇਦ ਭਾਵ ਕਰਦਾ ਸੀ, ਖਤਮ ਹੋ ਗਿਆ। ਇਹ ਇੱਕ ਅਲੱਗ ਗਲ ਹੈ ਕਿ ਅਸਲੀਅਤ ਥੋੜੀ ਭਿੰਨ ਸੀ। ਗਰੀਬ ਕਿਸਾਨਾਂ ਅਤੇ ਸਾਧਾਰਣ ਜਨਤਾ ਨੂੰ ਵਕੀਲ ਨਿਯੁਕਤ ਕਰਨੇ ਪੈਂਦੇ ਸਨ ਜੋ ਮੋਟੀ ਮੋਟੀ ਰਾਸ਼ੀਆਂ ਫੀਸਾਂ ਦੇ ਰੂਪ ਵਿੱਚ ਲੈਂਦੇ ਸਨ ਅਤੇ ਧਨਵਾਨ ਲੋਕ ਪੁਲਿਸ ਅਤੇ ਨਿਆਅਪਾਲਿਕਾ ਨੂੰ ਭ੍ਰਿਸ਼ਟ ਨੀਤੀਆਂ ਅਪਣਾ ਕੇ ਗਰੀਬ ਲੋਕਾਂ ਨੂੰ ਨਿਆਅ ਤੋਂ ਵੰਚਿਤ ਕਰ ਦਿੰਦੇ ਸਨ।

**ਵਿਅਕਤੀਗਤ ਦੀਵਾਨੀ ਕਾਨੂੰਲ ਸਵੀਕ੍ਰਿਤ:** ਅੰਗਰੇਜਾਂ ਤੋਂ ਪਹਿਲਾ ਕਿਸੇ ਵੀ ਸ਼ਾਸਕ ਨੇ ਭਾਰਤ ਵਿੱਚ ਭਿੰਨ ਭਿੰਨ ਧਰਮਾਵਲੰਭੀਆਂ ਤੇ ਅਤੇ ਭਿੰਨ ਭਿੰਨ ਸਮੁਦਾਯਾਂ ਤੇ ਇੱਕ ਹੀ ਦੀਵਾਨੀ ਕਾਨੂੰਨ ਲੱਦਣ ਦਾ ਪ੍ਰਯਾਸ ਨਹੀਂ ਕੀਤਾ ਸੀ। ਓਹ ਪ੍ਰਥਾ

ਹੁਣ ਵੀ ਅੰਗਰੇਜਾਂ ਨੇ ਸਵੀਕਾਰ ਕਰ ਲਈ ਅਰਥਾਤ ਭਿੰਨ ਭਿੰਨ ਸੰਪਰਦਾਯਾਂ ਅਤੇ ਸਮੁਦਾਯਾਂ ਦੇ ਲੋਕਾਂ ਤੇ ਓਹਨਾਂ ਦੇ ਆਪਣੇ ਆਪਣੇ ਕਾਨੂੰਨ ਲਾਗੂ ਰਹੇ ਅਤੇ ਓਹ ਓਹਨਾਂ ਦੇ ਹੀ ਅਧੀਨ ਬਣੇ ਰਹੇ, ਵਿਸ਼ੇਸ਼ਕਰ ਵਿਆਹ, ਸੰਯੁਕਤ ਪਰਿਵਾਰ ਪ੍ਰਥਾ, ਗੋਦ ਲੈਣਾ ਅਤੇ ਉੱਤਰਾਧਿਕਾਰ ਦੇ ਕਾਨੂੰਨ ਆਦਿ ਦੇ ਮਾਮਲੇ ਵਿੱਚ।

**ਪ੍ਰਸ਼ਿਕਸ਼ਿਤ ਨਿਆਇਕ ਪਦਾਧਿਕਾਰੀਆਂ ਅਤੇ ਕਾਰੋਬਾਰੀ ਵਕੀਲਾਂ ਦਾ ਵਿਕਾਸ:** ਅੰਗਰੇਜਾਂ ਤੋਂ ਪਹਿਲਾਂ ਭੂਮੀਪਤੀ ਅਤੇ ਪ੍ਰਸ਼ਾਸਕ ਨਿਆਇਕ ਮਾਮਲਿਆਂ ਦੇ ਨਿਰਣੇ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਓਂਦੇ ਸਨ। ਕੰਪਨੀ ਦੇ ਅਧੀਲ ਹੁਣ ਕਾਨੂੰਨ ਲਿਖਿਤ ਅਤੇ ਜ਼ਿਆਦਾ ਸੰਹਿਤਾਬੱਧ ਬਣ ਗਿਆ ਸੀ। ਜਿਸ ਦੇ ਫਲਸਰੂਪ ਪੜੇ ਲਿਖੇ ਅਜਿਹੇ ਲੋਕਾਂ ਦਾ ਵਰਗ ਸਾਹਮਣੇ ਆਇਆ ਜੋ ਇਹਨਾਂ ਕਾਨੂੰਨਾਂ ਦੀ ਭਾਸ਼ਾ ਨੂੰ ਸਮਝ ਸਕਣ ਅਤੇ ਨਿਆਅਪਾਲਿਕਾ ਦੇ ਸਾਹਮਣੇ ਰੱਖ ਸਕਣ। ਇਹ ਸੀ ਕਾਰੋਬਾਰੀ ਵਕੀਲਾਂ ਦਾ ਵਰਗ ਜੋ ਆਪਣੇ ਮੁਵੱਕਿਲਾਂ ਦੇ ਅਧਿਕਾਰਾਂ ਦੀ ਰੱਖਿਆ ਅਤੇ ਓਹਨਾਂ ਦਾ ਪੱਖ ਪ੍ਰਸਤੁਤ ਕਰਣ ਵਿੱਚ ਸਕਸ਼ਮ ਸਨ। ਇਹ ਸੀ ਆਧੁਨਿਕ ਨਿਆਇਕ ਪ੍ਰਣਾਲੀ ਦਾ ਉੱਥਾਨ ਅਤੇ ਵਿਕਾਸ। ਇਹ ਠੀਕ ਹੈ ਕਿ ਇਸ ਪੱਦਤੀ ਦੀਆਂ ਕੁਝ ਸੀਮਾਂਵਾਂ ਹਨ ਅਤੇ ਇਸ ਵਿੱਚ ਕੁਝ ਕਮੀਆ ਵੀ ਹਨ, ਵਿਸ਼ੇਸ਼ਕਰ ਨਿਆਅ ਪ੍ਰਾਪਤ ਕਰਣ ਵਿੱਚ ਦੇਰੀ। ਪ੍ਰੰਤੂ ਇਸ ਵਿੱਚ ਨਾਇਨਸਾਫੀ ਦੀ ਸੰਭਾਵਨਾ ਘੱਟ ਹੁੰਦੀ ਸੀ।

ਕੰਪਨੀ ਦੀ ਇਹ ਨਿਆਇਕ ਪ੍ਰਣਾਲੀ ਪ੍ਰਸ਼ੰਸਾਯੋਗ ਸੀ ਕਿਓਂਕਿ ਇਸ ਵਿੱਚ ਕਾਨੂੰਨ ਦੀ ਸਰਵੋਚਤਾ ਅਤੇ ਪ੍ਰਭੁਸੱਤਾ ਸਵੀਕਾਰ ਹੋ ਗਈ ਸੀ, ਕਾਨੂੰਨ ਨੂੰ ਸੰਹਿਤਾਬੱਧ ਕੀਤਾ ਗਿਆ ਸੀ ਅਤੇ ਇਹ ਪੱਛਮੀ ਨਿਆਅ ਪ੍ਰਣਾਲੀ ਅਤੇ ਮਾਨਵਤਾ ਦੇ ਅਨੁਰੂਪ ਸੀ। ਇਹ ਠੀਕ ਹੈ ਕਿ ਇਸ ਦੇ ਕੁਝ ਨਤੀਜੇ ਅਵਾਂਛਨੀਯ ਸਨ। ਇਹ ਨਵੀਂ ਅਪਰਿਚਿਤ , ਵਿਸਤ੍ਰਿਤ ਅਤੇ ਮਹਿੰਗੀ ਪ੍ਰਣਾਲੀ ਜਨਤਾ ਨੂੰ ਚੰਗੀ ਨਹੀਂ ਲੱਗੀ। ਮੁੱਕਦਮੇ ਇੰਨੇ ਲੰਬੇ ਹੋ ਜਾਂਦੇ ਸਨ ਕਿ ਲੋਕ ਨਿਰਾਸ਼ ਹੋ ਜਾਦੇ ਸਨ। ਲੋਕ ਸਸਤਾ ਅਤੇ ਜਲਦੀ ਮਿਲਣ ਵਾਲਾ ਨਿਆਅ ਚਾਹੁੰਦੇ ਸਨ। ਇਸ ਪ੍ਰਣਾਲੀ ਵਿੱਚ ਝੂਠ, ਚਾਲਾਕੀ, ਧੋਖਾਧੜੀ ਅਤੇ ਪੈਸੈ ਦਾ ਬੋਲਬਾਲਾ ਸੀ। ਮੁੱਕਦਮੇਬਾਜ਼ੀ ਵਧੀ ਅਤੇ ਕਾਰੋਬਾਰੀ ਵਕੀਲਾਂ ਨੇ ਜਨਤਾ ਨੂੰ ਖੂਬ ਲੁੱਟਿਆ ਅਤੇ ਇਹੀ ਲੋਕ ਸਮਾਜ ਦੇ ਮੁਖੀਆ ਬਣ ਗਏ। ਇਸ ਵਿੱਚ ਵੱਡੀ ਮੁਸੀਬਤ ਇਹ ਸੀ ਕਿ ਨਿਆਅਧੀਸ਼ ਆਮ ਤੌਰ ਤੇ ਅੰਗਰੇਜ਼ ਹੁੰਦੇ ਸਨ ਜੋ ਸਥਾਨਕ ਰੀਤੀ ਰਿਵਾਜਾਂ, ਪਰੀਸਥਿਤੀਆਂ ਅਤੇ ਭਾਸ਼ਾ ਦੇ ਸੂਖਮ ਭੇਦਾਂ ਤੋਂ ਅਣਜਾਣ ਸਨ। ਇਸ ਤੋਂ ਇਲਾਵਾ ਇਹ ਵਿਦੇਸ਼ੀ ਨਿਆਅਧੀਸ਼ ਜਿਹਨਾਂ ਨੂੰ ਵਿਦੇਸ਼ੀਆ ਦੇ ਪ੍ਰਤੀ ਪੂਰਵਾਗ੍ਰਹ ਵੀ ਹੁੰਦਾ ਸੀ, ਓਹ ਵਿਦੇਸ਼ੀਆਂ ਅਤੇ ਭਾਰਤੀਆਂ ਦੇ ਵਿੱਚ ਦੇ ਵਿਵਾਦਾਂ ਵਿੱਚ ਭਾਰਤੀਆ ਨੂੰ ਨਿਆਅ ਨਹੀਂ ਦੇਂਦੇ ਸਨ। ਇਸੇ ਤਰਾਂ ਇਹ ਈਸਾਈਆਂ ਦੇ ਪ੍ਰਤੀ ਜ਼ਿਆਦਾ ਸਹਾਨੂਭੂਤ ਹੁੰਦੇ ਸਨ। ਹਿੰਦੂ ਮੁਸਲਿਮ ਝਗੜਿਆਂ ਵਿੱਚ ਵੀ ਓਹਨਾ ਨੇ ਪੱਖਪਾਤ ਪੂਰਣ ਰੂਪ ਅਪਣਾਇਆ।

ਪ੍ਰੰਤੂ ਜੋ ਵੀ ਹੋਵੇ ਇਸ ਨਾਲ ਕੰਪਨੀ ਦਾ ਮਤਲਬ ਪੂਰਾ ਹੋ ਗਿਆ। ਇਹ ਭੂਮੀ ਦੀ ਅਤੇ ਹੋਰ ਕਰਾਂ ਦੇ ਸੰਗ੍ਰਹਿਣ ਵਿੱਚ ਲਾਭਕਾਰੀ ਸਿੱਧ ਹੋਈ ਅਤੇ ਕਾਨੂੰਨ ਅਤੇ ਵਿਵਸਥਾ ਵਿੱਚ ਸੁਧਾਰ ਆਇਆ।

### ਸਵ-ਮੁੱਲਾਂਕਣ (Self-Assessment)

**ਖਾਲੀ ਸਥਾਨ ਭਰੋ (Fill in the Blanks)**

1. ਕਾਰਨਵਾਲਿਸ ਦੁਆਰਾ 1790 ਅਤੇ ............ ਦੇ ਵਿੱਚ ਫੌਜਦਾਰੀ ਕਾਨੂੰਨ ਵਿੱਚ ਕੁਝ ਪਰਿਵਰਤਨ ਕੀਤੇ ਗਏ।
2. ਕਾਰਨਵਾਲਿਸ ਨੇ 1793 ਵਿੱਚ ਆਪਣੇ ਨਿਆਇਕ ਸੁਧਾਰਾਂ ਨੂੰ ਅੰਤਿਮ ਰੂਪ ਦੇ ਕੇ .................... ਦੇ ਰੂਪ ਵਿੱਚ ਪ੍ਰਸਤੁਤ ਕੀਤਾ।
3. ਕਾਰਨਵਾਲਿਸ ਨੂੰ ਭਾਰਤ ਵਿੱਚ ............................ ਦਾ ਜਨਮਦਾਤਾ ਕਿਹਾ ਜਾਂਦਾ ਹੈ।
4. ਸ਼ੁਰੂ ਵਿੱਚ ਸਿਵਿਲ ਸੇਵਾ ਪ੍ਰੀਖਿਆ ਦੀ ਉਮਰ 23 ਸਾਲ ਸੀ ਜਿਸ ਨੂੰ ਲਿਟਨ ਨੇ ਘਟਾ ਕੇ ............ ਕਰ ਦਿੱਤਾ।
5. ............ ਵਿੱਚ ਇਹ ਨਿਸ਼ਚਿਤ ਕੀਤਾ ਗਿਆ ਕਿ ਗਵਾਹ ਦੇ "ਧਰਮ ਵਿਸ਼ੇਸ਼" ਮਾਮਲੇ ਤੇ ਕੋਈ ਪ੍ਰਭਾਵ ਨਹੀਂ ਹੋਵੇਗਾ।

## 4.2 ਸਾਰ ਅੰਸ਼ (Summary)

- 1790 ਅਤੇ 1792 ਦੇ ਵਿੱਚ ਫੌਜਦਾਰੀ ਨਿਆਅ ਵਿੱਚ ਕੁਝ ਪਰਿਵਰਤਨ ਵੀ ਕੀਤੇ ਗਏ। ਭਾਰਤੀ ਨਿਆਅਧੀਸ਼ਾਂ ਵਾਲੀ ਫੌਜਦਾਰੀ ਅਦਾਲਤਾਂ ਖਤਮ ਕਰਕੇ ਓਹਨਾਂ ਦੇ ਸਥਾਨ ਤੇ 4 ਭ੍ਰਮਣ ਅਦਾਲਤਾਂ, 3 ਬੰਗਾਲ ਲਈ ਅਤੇ 1 ਬਿਹਾਰ ਲਈ ਨਿਯੁਕਤ ਕੀਤੀਆਂ ਗਈਆਂ।
- ਉਸਨੇ ਆਪਣੇ ਨਿਆਇਕ ਸੁਧਾਰਾਂ ਨੂੰ 1793 ਵਿੱਚ ਅੰਤਿਮ ਰੂਪ ਦੇ ਕੇ ਕਾਰਨਵਾਲਿਸ ਸੰਹਿਤਾ ਦੇ ਰੂਪ ਵਿੱਚ ਪ੍ਰਸਤੁਤ ਕੀਤਾ। ਇਹ ਸੁਧਾਰ ਪ੍ਰਸਿੱਧ "ਸ਼ਕਤੀਆਂ ਦਾ ਪ੍ਰਥਕੀਕਰਣ" ਤੇ ਆਧਾਰਿਤ ਸੀ।
- ਇਸ ਤਰਾਂ ਮੁੰਸਿਫ ਦੀ ਅਦਾਲਤ ਨੂੰ 50 ਰੁਪਏ ਤੱਕ ਦੇ ਮਾਮਲੇ ਸੁਣਨ ਦਾ ਅਧਿਕਾਰ ਸੀ ਜਿਸਦਾ ਅਧਿਅਕਸ਼ ਇੱਕ ਭਾਰਤੀ ਅਧਿਕਾਰੀ ਹੁੰਦਾ ਸੀ। ਉਸਦੇ ਉੱਪਰ ਰਜਿਸਟ੍ਰਾਰ ਦੀ ਅਦਾਲਤ ਸੀ ਜਿਸ ਨੂੰ 200 ਰੁਪਏ ਤੱਕ ਦੇ ਮਾਮਲੇ ਸੁਣਨ

ਨੋਟ

ਦਾ ਅਧਿਕਾਰ ਸੀ। ਇਹ ਨਿਆਅਧੀਸ਼ ਯੂਰਪੀ ਹੁੰਦਾ ਸੀ। ਇਨਾਂ ਦੋਹਾਂ ਅਦਾਲਤਾਂ ਤੋਂ ਅਪੀਲ ਨਗਰ ਜਾਂ ਜਿਲਾ ਅਦਾਲਤ ਵਿੱਚ ਹੋ ਸਕਦੀ ਸੀ।

- 1790-93 ਦੇ ਵਿੱਚ ਕਾਰਨਵਾਲਿਸ ਨੇ ਫੌਜਦਾਰੀ ਕਾਨੂੰਨ ਵਿੱਚ ਕੁਝ ਪਰਿਵਰਤਨ ਕੀਤੇ ਜਿਨਾਂ ਨੂੰ ਅੰਗਰੇਜੀ ਸੰਸਦ ਨੇ ਇੱਕ ਅਧਿਲਿਯਮ ਦੁਆਰਾ 1797 ਵਿੱਚ ਪ੍ਰਮਾਣਿਤ ਕਰ ਦਿੱਤਾ। ਦਿਸੰਬਰ 1790 ਵਿੱਚ ਮੁਸਲਮਾਨ ਨਿਆਅਧਿਕਾਰੀਆਂ ਦੇ ਮਾਰਗਦਰਸ਼ਨ ਦੇ ਲਈ ਇੱਕ ਨਿਯਮ ਬਣਾਇਆ ਗਿਆ ਜਿਸ ਦੇ ਅਨੁਸਾਰ ਹਤਿਆ ਦੇ ਮਾਮਲਿਆਂ ਵਿੱਚ ਹਤਿਆਰੇ ਦੀ ਭਾਵਨਾ ਤੇ ਅਧਿਕ ਬਲ ਦਿੱਤਾ ਗਿਆ ਨਾ ਕਿ ਹਤਿਆ ਦੇ ਅਸਤਰ ਜਾਂ ਢੰਗ ਤੇ। ਇਸੇ ਤਰਾਂ ਮਾਮਲੇ ਦੀ ਗੰਭੀਰਤਾ ਦੇ ਅਨੁਸਾਰ ਅੰਗ ਵਿਛੇਦਣ ਦੀ ਥਾਂ ਕੜੀ ਕੈਦ ਦੀ ਸਜ਼ਾ ਦੀ ਆਗਿਆ ਦਿੱਤੀ ਗਈ।
- ਨਿਸੰਦੇਹ ਬੈਂਟਿੰਕ ਨੇ ਸਤੀ ਅਤੇ ਸ਼ਿਸ਼ੂਵਧ ਜਿਹੀਆਂ ਸਮਾਜਿਕ ਕੁਰੀਤੀਆਂ ਨੂੰ ਖਤਮ ਕਰਣ ਲਈ ਪ੍ਰਭਾਵਕਾਰੀ ਪ੍ਰਯਤਨ ਕੀਤੇ, ਦੇਸ਼ ਵਿੱਚ ਠਗੀ ਨੂੰ ਖਤਮ ਕਰ ਸ਼ਾਂਤੀ ਅਤੇ ਵਿਵਸਥਾ ਸਥਾਪਿਤ ਕੀਤੀ, ਭਾਰਤੀਆਂ ਨੂੰ ਛੋਟੇ ਛੋਟੇ ਪਦਾਂ ਵਿੱਚ ਅਧਿਕ ਭਾਗ ਦਿੱਤਾ, ਅਖਬਾਰਾਂ ਦੀ ਸੁਤੰਤਰਤਾ ਦੇ ਵਿਸ਼ੇ ਵਿੱਚ ਸ਼੍ਰੇਸ਼ਠ ਭਾਵਨਾਵਾਂ ਪ੍ਰਕਟ ਕੀਤੀਆਂ, ਅਤੇ ਭਾਰਤੀ ਵਿੱਦਿਆ ਪੱਧਤੀ ਦੇ ਲਈ ਮਹੱਤਵਪੂਰਣ ਨਿਰਣੇ ਕੀਤੇ ਪ੍ਰੰਤੂ ਉਸਨੇ ਸ਼ਾਸਨ ਨੂੰ ਉਦਾਰਵਾਦੀ ਬਣਾਓਣ ਦਾ ਜਾਂ ਭਾਰਤ ਵਿੱਚ ਰਾਜਨੀਤਿਕ ਸੁਤੰਤਰਤਾ ਨੂੰ ਵਧਾਵਾ ਦੇਣ ਦੀ ਅਜਿਹੀ ਕੋਈ ਕੋਸ਼ਿਸ਼ ਨਹੀਂ ਕੀਤੀ ਜਿਸ ਨਾਲ਼ ਮੈਕਾਲੇ ਦੁਆਰਾ ਕਹੇ ਸ਼ਬਦਾਂ ਦਾ ਓਹ ਸੱਚਾ ਅਧਿਕਾਰੀ ਬਣ ਸਕੇ। ਕੰਪਨੀ ਦਾ ਸ਼ਾਸਨ ਪਹਿਲਾਂ ਦੀ ਤਰਾਂ ਹੀ ਨਿਰਕੁੰਸ਼ ਰਿਹਾ। ਪੀ. ਈ. ਰਾਬਰਟਜ਼ ਦਾ ਇਹ ਕਥਨ ਸੱਚ ਹੈ ਕਿ "ਮੈਕਾਲੇ ਦਾ ਪ੍ਰਸਿੱਧ ਕਥਨ ਗਵਰਨਰ-ਜਨਰਲ ਦੀ ਪਵਿੱਤਰ ਮਨੋਕਾਮਨਾਵਾਂ ਅਤੇ ਉਸਦੀ ਨੀਤੀ ਦੀ ਅੰਤਿਮ ਮਨੋਵ੍ਰਿਤੀ ਨੂੰ ਦਰਸਾਓਂਦਾ ਹੈ ਨਾ ਕਿ ਉਸਦੀ ਸਫਲਤਾ ਦੀ ਅਗਵਾਈ ਕਰਦਾ ਹੈ।"
- ਕਾਰਨਵਾਲਿਸ, ਮਿੰਟੋ ਅਤੇ ਲਾਰਡ ਹੇਸਟਿੰਗਜ਼ ਜਿਹੇ ਆਰੰਭਿਕ ਗਵਰਨਰ ਜਨਰਲਾਂ ਨੇ ਬਲ-ਪ੍ਰਯੋਗ, ਮਾਦਕ ਵਸਤੂਆਂ ਦਾ ਪ੍ਰਯੋਗ, ਨਾਬਾਲਿਗ ਵਿਧਵਾਵਾਂ ਅਤੇ ਗਰਭਵਤੀ ਇਸਤਰੀਆਂ ਦੇ ਸਤੀ ਹੋਣ ਤੇ ਰੋਕ ਲਗਾਈ ਸੀ ਪ੍ਰੰਤੂ ਬਹੁਤ ਸਫਲ ਨਹੀਂ ਹੋਏ।

## 4.3 ਸ਼ਬਦਕੋਸ਼ (Keywords)

- ਪੂਰਵਾਗ੍ਰਹਿ : ਦੁਰਾਗ੍ਰਹਿ, ਕਪਟਪੂਰਣ ਵਿਵਹਾਰ ਕਰਨਾ
- ਧਰਮਾਵਲੰਬਿਆਂ : ਕਿਸੇ ਵੀ ਧਰਮ ਵਿਸ਼ੇਸ਼ ਨੂੰ ਮੰਨਣ ਵਾਲ਼ੇ ਲੋਕ

## 4.4 ਅਭਿਆਸ ਪ੍ਰਸ਼ਨ (Review Questions)

1. ਕਾਰਨਵਾਲਿਸ ਨੂੰ ਲੋਕਸੇਵਾਵਾ ਦਾ ਜਨਮਦਾਤਾ ਕਿਹਾ ਜਾਂਦਾ ਹੈ, ਕਿਓਂ? ਉਸਦੇ ਦੁਆਰਾ ਕੀਤੇ ਗਏ ਨਿਆਇਕ ਅਤੇ ਪੁਲਿਸ ਸੁਧਾਰਾਂ ਦੀ ਵਿਆਖਿਆ ਕਰੋ।
2. ਕਾਰਨਵਾਲਿਸ ਦੁਆਰਾ ਲੋਕਸੇਵਾਵਾਂ ਵਿੱਚ ਕੀਤੇ ਗਏ ਸੁਧਾਰਾਂ ਦਾ ਵਰਣਨ ਕਰੋ।
3. ਕਾਰਨਵਾਲਿਸ ਦੇ ਨਿਆਇਕ ਸੁਧਾਰਾਂ ਦੀ ਵਿਆਖਿਆ ਕਰੋ।
4. ਕਾਰਨਵਾਲਿਸ ਦੁਆਰਾ ਪੁਲਿਸ ਵਿਵਸਥਾ ਵਿੱਚ ਕੀ ਸੁਧਾਰ ਕੀਤੇ ਗਏ?

**ਉੱਤਰ: ਸਵ-ਮੁੱਲਾਂਕਣ (Answers: Self Assessment)**

(1) 1792 (2) ਕਾਰਨਵਾਲਿਸ ਸੰਹਿਤਾ (3) ਸਿਵਿਲ ਸੇਵਾ (4) 19 ਸਾਲ (5) 1793

## 4.5 ਸੰਦਰਭ ਪੁਸਤਕਾਂ (Further Readings)

ਬੁਕਸ

1. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
2. ਆਧੁਨਿਕ ਭਾਰਤ, ਐਸ. ਕੇ. ਪਾਂਡੇ, ਪ੍ਰਯਾਗ ਅਕਾਦਮੀ ਇਲਾਹਾਬਾਦ
3. ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ

ਨੋਟ

# ਇਕਾਈ-5: ਵਿਲੀਅਮ ਬੈਂਟਿੰਕ ਦੇ ਸੁਧਾਰ (Reforms of William Bentick)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

5.1 ਵਿਲੀਅਮ ਬੈਂਟਿੰਕ ਦੇ ਸੁਧਾਰ: ਵਿੱਤੀ, ਨਿਆਇਕ, ਪ੍ਰਸ਼ਾਸਨਿਕ ਅਤੇ ਸ਼ੈਕਸ਼ਿਕ ਸੁਧਾਰ (Reforms of William Bentick: Financial, Judicial, Administrative, Educational Reforms)

5.2 ਸਾਰ ਅੰਸ਼ (Summary)

5.3 ਸ਼ਬਦਕੋਸ਼ (Keywords)

5.4 ਅਭਿਆਸ-ਪ੍ਰਸ਼ਨ (Review Questions)

5.5 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਵਿਲੀਅਮ ਬੈਂਟਿੰਕ ਦੇ ਵਿੱਤੀ, ਨਿਆਇਕ, ਪ੍ਰਸ਼ਾਸਨਿਕ ਅਤੇ ਸ਼ੈਕਸ਼ਿਕ ਸੁਧਾਰਾਂ ਨੂੰ ਸਮਝਣ ਅਤੇ ਵਿਆਖਿਆ ਕਰਣ ਵਿੱਚ।

## ਜਾਣਕਾਰੀ (Introduction)

ਲਾਰਡ ਐਮਹਰਸਟ ਤੋਂ ਬਾਅਦ ਵਿਲੀਅਮ ਕੇਵੇਰਡਿਸ਼ ਬੈਂਟਿੰਕ ਭਾਰਤ ਵਿੱਚ ਗਵਰਨਰ ਜਨਰਲ ਬਣ ਕੇ ਆਇਆ ਅਤੇ ਜੁਲਾਈ 1828 ਵਿੱਚ ਉਸਨੇ ਕਾਰਜਭਾਰ ਸੰਭਾਲਿਆ। ਉਸਨੇ ਆਪਣਾ ਜੀਵਨ ਸੈਨਾ ਦੇ ਇੱਕ ਐਨਸਾਈਨ ਤੋਂ ਸ਼ੁਰੂ ਕੀਤਾ ਅਤੇ ਜਲਦੀ ਹੀ ਲੈਫ਼ਟੀਨੈਂਟ ਕਰਨਲ ਤੱਕ ਪਹੁੰਚ ਗਿਆ। 1796 ਵਿੱਚ ਓਹ ਸੰਸਦ ਦਾ ਮੈਂਬਰ ਬਣ ਗਿਆ। ਓਹ ਨੈਪੋਲੀਅਨ ਦੇ ਵਿਰੁੱਧ ਉੱਤਰੀ ਇਟਲੀ ਵਿੱਚ ਲੜਿਆ। ਸੈਨਿਕ ਅਨੁਭਵ ਦੇ ਕਾਰਣ ਉਸਨੂੰ 1803 ਵਿੱਚ ਮਦਰਾਸ ਦਾ ਗਵਰਨਰ ਨਿਯੁਕਤ ਕੀਤਾ ਗਿਆ। 1806 ਵਿੱਚ ਵੁਸਨੇ ਨੂੰ ਮੱਥੇ ਉੱਤੇ ਜਾਤੀ ਚਿੰਨ ਲਗਾਓਣ ਅਤੇ ਕੰਨਾਂ ਵਿੱਚ ਵਾਲ਼ੀਆਂ ਪਾਓਣ ਤੋਂ ਮਨ੍ਹਾ ਕਰ ਦਿੱਤਾ। ਜਿਸ ਨਾਲ਼ ਵੈਲੌਰ ਵਿੱਚ ਸੈਨਿਕ ਵਿਦਰੋਹ ਹੋ ਗਿਆ। ਵਿਦਰੋਹ ਤਾਂ ਦਬਾ ਦਿੱਤਾ ਗਿਆ ਪਰ ਕੋਰਟ ਓਫ ਡਾਇਰੈਟਰਜ਼ ਨੇ ਅਚਾਨਕ ਹੀ ਉਸਨੂੰ ਵਪਿਸ ਬੁਲਾ ਲਿਆ।

1828 ਵਿੱਚ ਉਸਨੂੰ ਐਮਹਰਸਟ ਦਾ ਉੱਤਰਾਧਿਕਾਰੀ ਨਿਯੁਕਤ ਕੀਤਾ ਗਿਆ। ਵਿਲੀਅਮ ਬੈਂਟਿੰਕ ਇੱਕ ਕੱਟਰ ਉਦਾਰਵਾਦੀ ਸੀ। ਅਤੇ ਓਹ ਓਹਨਾਂ ਹੀ ਆਦਰਸ਼ਾਂ ਤੋਂ ਪ੍ਰੇਰਿਤ ਹੋਇਆ ਸੀ ਜਿਨਾਂ ਨਾਲ ਇੰਗਲੈਂਡ ਵਿੱਚ ਸੁਧਾਰਾਂ ਦੇ ਯੁਗ ਦਾ ਸੂਤਰਪਾਤ ਹੋਇਆ ਸੀ। ਜਦੋਂ ਓਹ 1812 ਵਿੱਚ ਸਿਸਲੀ ਵਿੱਚ ਅੰਗਰੇਜੀ ਸੈਨਾ ਦੀ ਕਮਾਨ ਕਰ ਰਿਹਾ ਸੀ, ਤਾਂ ਉਸਨੇ ਸਿਸਲੀ ਨਿਵਾਸੀਆਂ ਨੂੰ ਅੰਗਰੇਜੀ ਨਮੂਨੇ ਉੱਤੇ ਸੰਵਿਧਾਨਿਕ ਸਰਕਾਰ ਬਣਾਓਣ ਦੀ ਪ੍ਰੇਰਣਾ ਦਿੱਤੀ। ਨਾਰਡ ਮੈਕਾਲੇ ਦੇ ਪ੍ਰਸ਼ੰਸਾਤਮਕ ਸ਼ਬਦਾਂ ਵਿੱਚ-ਜੋ ਕਲਕੱਤੇ ਵਿੱਚ ਉਸਦੀ ਪ੍ਰਤਿਮਾ ਤੇ ਖੁਦੇ ਸਨ: ਬੈਂਟਿੰਕ ਨੇ ਪ੍ਰਾਚ ਸਵੇਛਾਰਿਤਾ ਵਿੱਚ ਅੰਗਰੇਜੀ ਸੁਤੰਤਰਤਾ ਦੀ ਭਾਵਨਾ ਨੂੰ ਭਰ ਦਿੱਤਾ। ਓਹ ਇਹ ਨਹੀਂ ਭੁੱਲਿਆ ਕਿ ਸਰਕਾਰ ਦਾ ਉਦੇਸ਼ ਸ਼ਾਸਿਤਾਂ ਦਾ ਕਲਿਆਣ ਹੈ। ਉਸਨੇ ਕਰੂਰ ਰੀਤੀ -ਰਿਵਾਜਾਂ ਨੂੰ ਬੰਦ ਕੀਤਾ, ਅਪਮਾਨਜਨਕ ਭੇਦਭਾਵਾਂ ਨੂੰ ਖਤਮ ਕੀਤਾ, ਜਨਤਾ ਨੂੰ ਆਪਣੇ ਵਿਚਾਰ ਪ੍ਰਗਟ ਕਰਣ ਦੀ ਆਜ਼ਾਦੀ ਦਿੱਤੀ। ਉਸਦੀ ਨਿਰੰਤਰ ਭਾਵਨਾ ਇਹ ਸੀ ਕਿ ਉਸਨੂੰ ਸੌਂਪੇ ਗਏ ਲੋਕਾਂ ਦੇ ਨੈਤਿਕ ਅਤੇ ਬੌਧਿਕ ਚਰਿੱਤਰ ਦਾ ਵਿਕਾਸ ਹੋਵੇ।

ਨੋਟ

## 5.1 ਵਿਲੀਅਮ ਬੈਂਟਿੰਕ ਦੇ ਸੁਧਾਰ: ਵਿੱਤੀ, ਨਿਆਇਕ, ਪ੍ਰਸ਼ਾਸਨਿਕ ਅਤੇ ਸ਼ੈਕਸ਼ਿਕ ਸੁਧਾਰ (Reforms of William Bentick: Financial, Judicial, Administrative, Educational Reforms)

**ਪ੍ਰਸ਼ਾਸਨਿਕ ਸੁਧਾਰ:** ਲਿਰਸੰਦੇਹ ਬੈਂਟਿੰਕ ਨੇ ਸਤੀ ਅਤੇ ਸ਼ਿਸ਼ੂਵਧ ਵਰਗੀਆਂ ਸਮਾਜਿਕ ਕੁਰੂਤੀਆਂ ਨੂੰ ਖਤਮ ਕਰਣ ਲਈ ਪ੍ਰਭਾਵਕਾਰੀ ਕੋਸ਼ਿਸ਼ਾਂ ਕੀਤੀਆਂ, ਦੇਸ਼ ਵਿੱਚ ਠਗੀ ਖਤਮ ਕਰਕੇ ਸ਼ਾਂਤੀ ਅਤੇ ਵਿਵਸਥਾ ਸਥਾਪਿਤ ਕੀਤੀ, ਭਾਰਤੀਆਂ ਨੂੰ ਛੋਟੇ ਛੋਟੇ ਪਦਾਂ ਵਿੱਚ ਜ਼ਿਆਦਾ ਭਾਗ ਦਿੱਤਾ, ਅਖਬਾਰਾਂ ਦੀ ਆਜ਼ਾਦੀ ਦੇ ਬਾਰੇ ਵਿੱਚ ਸ਼ਰੇਸ਼ਠ ਭਾਵਨਾਵਾਂ ਪ੍ਰਕਟ ਕੀਤੀਆਂ ਅਤੇ ਭਾਰਤੀ ਵਿੱਦਿਆ ਪੱਧਤੀ ਦੇ ਲਈ ਜ਼ਰੂਰੀ ਫ਼ੈਸਲੇ ਕੀਤੇ ਪ੍ਰੰਤੂ ਉਸਨੇ ਸ਼ਾਸਨ ਨੂੰ ਉਦਾਰਵਾਦੀ ਬਣਾਓਣ ਦਾ ਜਾਂ ਭਾਰਤ ਵਿੱਚ ਰਾਜਨੀਤਿਕ ਸੁਤੰਤਰਤਾ ਨੂੰ ਵਧਾਵਾ ਦੇਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਿਸ ਨਾਲ਼ ਮੈਕਾਲੇ ਦੇ ਕਹੇ ਸ਼ਬਦਾਂ ਦਾ ਓਹ ਸੱਚਾ ਅਧਿਕਾਰੀ ਬਣ ਸਕੇ। ਕੰਪਨੀ ਦਾ ਸ਼ਾਸਨ ਪਹਲਿਾਂ ਦੀ ਤਰਾਂ ਨਿਰੰਕੁਸ਼ ਰਿਹਾ।

> ਨੋਟਸ ਪੀ. ਈ. ਰੋਬਟਜ਼ ਦਾ ਇਹ ਕਥਲ ਸੱਚ ਹੈ ਕਿ "ਮੈਕਾਲੇ ਦਾ ਪ੍ਰਸਿੱਧ ਕਥਨ ਗਵਰਨਰ ਜ਼ਨਰਲ ਦੀ ਪਵਿੱਤਰ ਮਨੋਕਾਮਨਾਵਾਂ ਅਤੇ ਉਸਦੀ ਨੀਤੀ ਦੀ ਅੰਤਿਮ ਮਨੋਵ੍ਰਿੱਤੀ ਨੂੰ ਦਰਸਾਓਂਦਾ ਹੈ ਲਾ ਕਿ ਉਸਦੀ ਸਫ਼ਲਤਾ ਦੀ ਅਗਵਾਈ ਕਰਦਾ ਹੈ"।

**ਸਤੀ ਅਤੇ ਹੋਰ ਕਰੂਰ ਪ੍ਰਥਾਵਾਂ ਨੂੰ ਬੰਦ ਕਰਨਾ:** ਇਸ ਤੋਂ ਪਹਲਿਾਂ ਕਿਸੇ ਹੋਰ ਗਵਰਨਰ ਜਨਰਲ ਨੇ ਸਾਮਾਜਿਕ ਪ੍ਰਸ਼ਨਾਂ ਨੂੰ ਇੰਨੇ ਸਾਹਸਪੂਰਣ ਢੰਗ ਨਾਲ਼ ਨਿਬਟਾਓਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਇਸਨੇ ਹਿੰਦੂ ਸਮਾਜ ਵਿੱਚ ਸਤੀ ਅਤੇ ਸ਼ਿਸ਼ੂਵਧ ਵਰਗੀਆਂ ਸਮਾਜਿਕ ਕੁਰੂਤੀਆਂ ਨੂੰ ਖਤਮ ਕਰਣ ਲਈ ਪ੍ਰਭਾਵਕਾਰੀ ਕੋਸ਼ਿਸ਼ਾਂ ਕੀਤੀਆਂ, ਦੇਸ਼ ਵਿੱਚ ਠਗੀ ਖਤਮ ਕਰਕੇ ਸ਼ਾਂਤੀ ਅਤੇ ਵਿਵਸਥਾ ਸਥਾਪਿਤ ਕੀਤੀ।

ਸਤੀ ਸ਼ਬਦ ਦਾ ਮਤਲਬ ਹੈ ਇੱਕ "ਪਵਿੱਤਰ ਅਤੇ ਸਚਰਿੱਤਰ ਨਾਰੀ"। ਹਿੰਦੂ ਪਰੰਪਰਾ ਵਿੱਚ ਵਿਵਾਹ ਇੱਕ ਸੰਸਕਾਰ ਮੰਨਿਆ ਜਾਂਦਾ ਹੈ ਅਰਥਾਤ ਆਤਮਾਵਾਂ ਦਾ ਸੰਬੰਧ। ਇਸਤਰੀ ਅਤੇ ਪੁਰੂਸ਼ ਦਾ ਬੰਧਨ ਸ਼ਾਸ਼ਵਤ ਅਤੇ ਜਨਮ ਜਨਮਾਂਤਰ ਤੱਕ ਰਹਿਣ ਵਾਲ਼ਾ ਹੈ ਅਰਥਾਤ ਇਹ ਮੰਨਿਆ ਜਾਣ ਲਗਿਆ ਕਿ ਇਸਤਰੀ ਨੂੰ ਆਪਣੇ ਪਤੀ ਦੇ ਨਾਲ਼ ਹੀ ਮਰ ਜਾਣਾ ਚਾਹੀਦਾ ਹੈ ਅਤੇ ਉਸਦੇ ਸਰੀਰ ਦੇ ਨਾਲ਼ ਹੀ ਆਪਣੇ ਸਰੀਰ ਨੂੰ ਭਸਮ ਕਰ ਦੇਣਾ ਚਾਹੀਦਾ ਹੈ। ਬਹੁਤ ਸਾਰੀ ਪ੍ਰਾਚੀਨ ਜਨ-ਜਾਤੀਆਂ ਵਿੱਚ ਪੁਰਖ ਦੇ ਨਾਲ਼ ਖਾਣ ਦਾ ਸਾਮਾਨ, ਸ਼ਰਾਬ ਦਾ ਪਿਆਲਾ, ਕੁੱਤੇ ਅਤੇ ਸਰਵਪ੍ਰਿਯ ਇਸਤਰੀਆਂ ਵੀ ਦਫ਼ਨਾਏ ਜਾਂਦੇ ਸਨ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਭਾਰਤ ਵਿੱਚ ਇਹ ਪਰੰਪਰਾ ਸ਼ਕ ਲੋਕ ਲਿਆਏ। ਰਮਾਇਣ ਅਤੇ ਮਹਾਭਾਰਤ ਤੋਂ ਇਲਾਵਾ ਇਸ ਦਾ ਵਰਣਨ ਹੋਰ ਕਿਸੇ ਸਾਹਿਤ ਵਿੱਚ ਨਹੀਂ ਮਿਲਦਾ। 18ਵੀਂ ਸ਼ਤਾਬਦੀ ਤੱਕ ਬ੍ਰਾਹਮਣਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਇਸਤਰੀ ਦੇ ਸਤੀ ਹੋਣ ਨਾਲ਼ ਉਸਦੇ ਪਤੀ ਦੇ ਕੁਲ ਦੀ ਸੱਤ ਪੀੜ੍ਹੀਆਂ ਤੱਕ ਲੋਕ ਸਵਰਗ ਪ੍ਰਾਪਤ ਕਰਦੇ ਹਨ। ਵੁੱਚੇ ਕੁਲ ਦੇ ਬ੍ਰਾਹਮਣਾਂ, ਖੱਤਰੀਆਂ ਅਤੇ ਰਾਜਪੂਤਾਂ ਵਿੱਚ ਇਹ ਪ੍ਰਥਾ ਬਹੁਤ ਪ੍ਰਚੱਲਿਤ ਸੀ। ਪ੍ਰੰਤੂ ਇਸ ਦਾ ਘ੍ਰਣਿਤ ਪੱਖ ਇਹ ਸੀ ਕਿ ਵਿਧਵਾ ਨੂੰ ਸਤੀ ਹੋਣ ਲਈ ਮਜਬੂਰ ਕੀਤਾ ਜਾਂਦਾ ਸੀ। ਕਈ ਵਾਰ ਵੁਸਨੂੰ ਨਸ਼ੀਲੇ ਦ੍ਰਵ ਪਿਲਾ ਕੇ ਅਚੇਤ ਕਰ ਦਿੱਤਾ ਜਾਂਦਾ ਸੀ ਅਤੇ ਬਲਪੂਰਵਕ ਪਤੀ ਦੀ ਚਿਤਾ ਵਿੱਚ ਸੁੱਟ ਦਿੱਤਾ ਜਾਂਦਾ ਸੀ।

ਖੁਝ ਪ੍ਰਬੁੱਧ ਰਾਜਿਆਂ ਨੇ ਇਸ ਕ੍ਰੂਰ ਪਰੰਪਰਾ ਨੂੰ ਬੰਦ ਕਰਣ ਦੀ ਕੋਸ਼ਿਸ਼ ਕੀਤੀ ਸੀ। ਅਕਬਰ ਨੇ ਵੀ ਇਸ ਕਰੂਰ ਪਰੰਪਰਾ ਨੂੰ ਬੰਦ ਕਰਣ ਦੀ ਕੋਸ਼ਿਸ਼ ਕੀਤੀ ਸੀ। ਮਰਾਠਿਆਂ ਨੇ ਆਪਣੇ ਪ੍ਰਦੇਸ਼ ਵਿੱਚ ਇਸ ਨੂੰ ਬੰਦ ਕਰ ਦਿੱਤਾ ਸੀ। ਗੋਆ ਵਿੱਚ ਪੁਰਤਗਾਲੀਆਂ ਨੇ ਅਤੇ ਚੰਦਰਨਗਰ ਵਿੱਚ ਫ਼੍ਰਾਂਸੀਸੀਆਂ ਨੇ ਇਸ ਨੂੰ ਬੰਦ ਕਰਣ ਲਈ ਕੁਝ ਉਪਾਅ ਕੀਤੇ ਸਨ। ਲਗਭਗ 1800 ਈ. ਤੋਂ ਬਾਅਦ ਕੰਪਨੀ ਨੇ ਭਾਰਤੀ ਧਾਰਮਿਕ ਅਤੇ ਸਮਾਜਿਕ ਰੀਤੀ-ਰਿਵਾਜਾਂ ਵਿੱਚ ਹਸਤਖੇਪ ਨਾ ਕਰਣ ਦੀ ਨੀਤੀ ਅਪਣਾਈ। ਕਾਰਨਵਾਲਿਸ, ਮਿੰਟੋ ਅਤੇ ਹੇਸਟਿੰਗਜ਼ ਜਿਹੇ ਆਰੰਭਿਕ ਗਵਰਨਰ ਜਨਰਲਾਂ ਨੇ ਬਲ- ਪ੍ਰਯੋਗ , ਨਾਬਾਲਿਗ ਵਿਧਵਾਵਾਂ ਅਤੇ ਗਰਭਵਤੀ ਇਸਤਰੀਆਂ ਦੇ ਸਤੀ ਹੋਣ ਤੇ ਰੋਕ ਲਗਾਈ ਸੀ ਪ੍ਰੰਤੂ ਬਹੁਤ ਸਫ਼ਲ ਨਹੀ ਹੋਏ।

ਰਾਜਾ ਰਾਮ ਮੋਹਨ ਜਿਹੇ ਪ੍ਰਬੁੱਧ ਭਾਰਤੀ ਸੁਧਾਰਕਾਂ ਨੇ ਵਿਲੀਅਮ ਬੈਂਟਿੰਕ ਨੂੰ ਇਸ ਰੀਤੀ ਨੂੰ ਅਵੈਧ ਘੋਸ਼ਿਤ ਕਰਦ ਦੀ ਪ੍ਰੇਰਣਾ ਦਿੱਤੀ। ਆਪਣੀ ਭਾਬੀ ਦੇ ਸਤੀ ਹੋਣ ਦੇ ਦੁੱਖ ਤੋਂ ਓਹਨਾਂ ਨੂੰ ਪ੍ਰੇਰਣਾ ਮਿਲੀ। ਓਹਨਾਂ ਨੇ ਕਈ ਲੇਖ ਅਤੇ ਪੁਸਤਕਾਂ ਲਿਖੀਆਂ। ਬਹੁਤ ਸਾਰੇ ਸਮਕਾਲੀਨ ਪ੍ਰਗਤੀਸ਼ੀਲ ਅਖਬਾਰਾਂ ਨੇ ਇਸ ਦਾ ਸਮਰਥਨ ਕੀਤਾ ਅਤੇ ਵਿਲੀਅਮ ਬੈਂਟਿੰਕ ਨੇ ਜ਼ਰੂਰੀ ਕਾਨੂੰਨ ਬਣਾ ਦਿੱਤਾ। ਉਸਨੇ ਸਤੀ ਨਾਲ ਸੰਬੰਧਿਤ ਪ੍ਰਾਸੰਗਿਕ ਤੱਥਾਂ ਨੂੰ ਇੱਕਠਾ ਕੀਤਾ, ਸੈਨਿਕ ਅਧਿਕਾਰੀਆਂ ਦੇ, ਨਿਆਇਧੀਸ਼ਾਂ ਦੇ, ਪੁਲਿਸ ਅਧੀਕਸ਼ਕਾਂ ਆਦਿ ਦੇ ਵਿਚਾਰ ਲਏ ਅਤੇ ਇਸ ਨਿਰਣੇ ਤੇ ਪਹੁੰਚੇ ਕਿ ਵਿਦਰੋਹ ਦੀ ਕੋਈ ਸੰਭਾਵਨਾ ਨਹੀ ਹੈ। ਦਿਸੰਬਰ 1829 ਦੇ ਨਿਯਮ 17 ਦੁਆਰਾ ਵਿਧਵਾਵਾਂ ਨੂੰ ਜਲਾਣਾ ਅਵੈਧ ਘੋਸ਼ਿਤ ਕਰ ਦਿੱਤਾ ਗਿਆ। ਪ੍ਰੇਰਣਾ ਦੇਣਵਾਲੇ ਲੋਕ ਮਾਨਵ-ਹੱਤਿਆ ਦੇ

ਨੋਟ

ਅਪਰਾਧੀ ਮੰਨੇ ਜਾਣਗੇ। ਸ਼ੁਰੂ ਵਿੱਚ ਇਹ ਕਾਨੂੰਨ ਕੇਵਨ ਬੰਗਾਲ ਪ੍ਰੇਜ਼ੀਡੈਂਸੀ ਵਿੱਚ ਹੀ ਲਾਗੂ ਕੀਤਾ ਗਿਆ ਅਤੇ 1830 ਵਿੱਚ ਇਹ ਨਿਯਮ ਬੰਬਈ ਅਤੇ ਮਦਰਾਸ ਪ੍ਰੇਜ਼ੀਡੈਂਸੀ ਵਿੱਚ ਵੀ ਲਾਗੂ ਕਰ ਦਿੱਤਾ ਗਿਆ।

ਇਸ ਕਾਨੂੰਨ ਦੇ ਬਣਨ ਨਾਲ ਕੋਈ ਅਵਿਵਸਥਾ ਨਹੀਂ ਫੈਲੀ। ਕੁਝ ਰੂੜੀਵਾਦੀਆਂ ਨੇ ਇਸਦੇ ਵਿਰੁੱਧ ਪ੍ਰਿਵੀ ਕੌਂਸਿਲ ਵਿੱਚ ਅਪੀਲ ਕੀਤੀ। ਦੂਜੇ ਪਾਸੇ ਰਾਜਾ ਰਾਮ ਮੋਹਨ ਰਾਏ ਅਤੇ ਦਵਿੰਦ੍ਰਨਾਥ ਟੈਗੋਰ ਜਿਹੇ ਲੋਕਾਂ ਨੇ ਵਿਲੀਅਮ ਬੈਂਟਿੰਕ ਦੇ ਪ੍ਰਤੀ ਆਭਾਰ ਪ੍ਰਗਟ ਕੀਤਾ ਅਤੇ ਅੰਗਰੇਜ਼ ਸਮਰਾਟ ਨੂੰ ਪੱਤਰ ਲਿਖਿਆ।

ਇਸੇ ਤਰਾਂ ਦੇਵੀ ਦੇਵਤਾਂਵਾਂ ਦੇ ਸਾਹਮਣੇ ਨਰ ਬਲੀ ਨੂੰ ਬੰਦ ਕਰ ਦਿੱਤਾ ਗਿਆ ਅਤੇ ਰਾਜਪੂਤਾਂ ਵਿੱਚ ਲੜਕੀਆਂ ਦੀ ਸ਼ਿਸ਼ੂ ਹੱਤਿਆ ਨੂੰ ਵੀ ਬੰਦ ਕਰ ਦਿੱਤਾ ਗਿਆ।

ਟਾਸਕ ਸਤੀ ਪ੍ਰਥਾ ਤੋਂ ਤੁਸੀਂ ਕੀ ਸਮਝਦੇ ਹੋ?

**ਠਗੀ ਨੂੰ ਖਤਮ ਕਰਨਾ:** ਠਗ ਸ਼ਬਦ ਦਾ ਪ੍ਰਯੋਗ ਅੱਜ਼ ਉਹਨਾਂ ਵਿਅਕਤੀਆਂ ਲਈ ਕੀਤਾ ਜਾਂਦਾ ਹੈ ਜੋ ਧੋਖੇ ਨਾਲ ਰੁਪਏ ਖੋਹ ਲੈਂਦੇ ਹਨ ਪਰ ਉਸ ਸਮੇਂ ਵਿੱਚ ਠਗ, ਡਾਕੂਆਂ ਅਤੇ ਹੱਤਿਅਰਿਆਂ ਦਾ ਇੱਕ ਸਮੂਹ ਸੀ ਜੋ ਨਿਰਦੋਸ਼ ਅਤੇ ਅਰਖਿਅਤ ਵਿਅਕਤੀਆਂ ਨੂੰ ਲੁੱਟ ਕੇ ਨਿਰਵਾਹ ਕਰਦੇ ਸਨ। ਸ਼ਾਇਦ ਓਹਨਾਂ ਲਈ ਜ਼ਿਆਦਾ ਉਚਿਤਗਰ ਸ਼ਬਦ 'ਫਾਂਸੀਗਰ' ਸੀ। ਇਸ ਸ਼ਬਦ ਦੀ ਉਤਪਤੀ ਰੁਮਾਲ ਦੇ ਫੰਦੇ ਜਿਸ ਨਾਲ ਓਹ ਆਪਣੇ ਸ਼ਿਕਾਰ ਦਾ ਗਲਾ ਘੋਟ ਦਿੰਦੇ ਸਨ, ਤੋਂ ਹੋਈ।

ਅਸਲ ਵਿੱਚ ਮੁਗਲ ਸਾਮਰਾਜ ਦੇ ਪਤਨ ਦੇ ਸਮੇਂ ਜਦੋਂ ਪੁਲਿਸ ਵਿਵਸਥਾ ਛਿੰਨ ਭਿੰਨ ਹੋ ਗਈ ਤਾਂ ਉਸ ਸਮੇਂ ਇਹਨਾਂ ਨੂੰ ਆਪਣਾ ਕਾਰਜਖੇਤਰ ਵਧਾਓਣ ਦਾ ਅਵਸਰ ਮਿਲ ਗਿਆ। ਰਸਤੇ ਅਸੁਰੱਖਿਅਤ ਹੋ ਗਏ। ਠਗ ਲੋਕ ਦਲਾਂ ਵਿੱਚ ਗਠਿਤ ਹੋ ਗਏ ਅਤੇ ਇਨਾਂ ਦੀ ਸੰਖਿਆ ਵਧ ਗਈ। ਛੋਟੀ ਛੋਟੀ ਰਿਆਸਤਾਂ ਦੇ ਪਦਾਧਿਕਾਰੀ ਇਨਾਂ ਨਾਲ ਨਿਪਟਣ ਵਿੱਚ ਅਸਫਲ ਰਹੇ ਅਤੇ ਇਨਾਂ ਨਾਲ ਹੀ ਮਿਲ ਗਏ। ਇਹ ਲੋਕ ਵਿਸ਼ੇਸ਼ਕਰ ਅਵਧ ਤੋਂ ਹੈਦਰਾਬਾਦ ਤੱਕ, ਰਾਜਪੂਤਾਨਾ ਅਤੇ ਬੁੰਦੇਲਖੰਡ ਦੇ ਸਾਰੇ ਖੇ ਤਰ ਵਿੱਚ ਸਕ੍ਰਿਅ ਸਨ।

ਠਗਾਂ ਵਿੱਚ ਹਿੰਦੂ ਅਤੇ ਮੁਸਲਿਮ ਦੋਹਾਂ ਧਰਮਾਂ ਦੇ ਅਨੁਯਾਯੀ ਸ਼ਾਮਿਲ ਸਨ। ਪ੍ਰੰਤੂ ਅਸਲ ਵਿੱਚ ਇਹ ਲੋਕ ਕਾਲੀ, ਦੁਰਗਾ ਜਾਂ ਭਵਾਨੀ ਦੀ ਪੂਜਾ ਕਰਦੇ ਸਨ ਅਤੇ ਆਪਣੇ ਸ਼ਿਕਾਰ ਦਾ ਸਿਰ ਕੱਟ ਕੇ ਦੇਵੀ ਦੇ ਪੈਰਾਂ ਵਿੱਚ ਬਲੀ ਦੇ ਰੂਪ ਵਿੱਚ ਚੜਾਓਂਦੇ ਸਨ। ਓਹਨਾਂ ਨੂੰ ਵਿਸ਼ਵਾਸ ਸੀ ਕਿ ਇਹ ਧੱਦਾ ਵਿਧੀ ਦਾ ਵਿਧਾਨ ਹੈ ਅਤੇ ਓਹਨਾਂ ਦੇ ਸ਼ਿਕਾਰ ਦੀ ਮੋਤ ਓਹਨਾਂ ਦੇ ਭਾਗ ਵਿੱਚ ਇਸੇ ਤਰਾਂ ਲਿਖੀ ਹੁੰਦੀ ਸੀ।

ਠਗਾਂ ਦੇ ਦਲ ਪੂਰੀ ਤਰਾਂ ਸੰਗਠਿਤ ਸੀ। ਕੁਝ ਲੋਕ ਭੇਦੀ ਦਾ ਕੰਮ ਕਰਦੇ ਸਨ। ਕੁਝ ਲੋਕ ਗਲਾ ਘੋਟਣ ਵਿੱਚ ਨਿਪੁੰਨ ਸਨ। ਕੁਝ ਕਬਰਾਂ ਖੋਦ ਕੇ ਮ੍ਰਿਤਕਾਂ ਨੂੰ ਤੁਰੰਤ ਠਿਕਾਣੇ ਲਗਾਓਂਦੇ ਸਨ। ਓਹਨਾਂ ਦੇ ਆਪਣੇ ਪਰਿਭਾਸ਼ਿਕ ਸ਼ਬਦ ਅਤੇ ਸੰਕੇਤ ਹੁੰਦੇ ਸਨ। ਨੌਸਿਖਿਆਂ ਲਈ ਨਿਯਮਬੱਧ ਸਿੱਖਿਆ ਹੁੰਦੀ ਸੀ। ਅਤੇ ਪਰਿਆਪਤ ਅਨੁਭਵ ਤੋਂ ਬਾਅਦ ਪ੍ਰਵੀਣ ਹੋਣ ਤੇ ਇਕ ਨਿਸ਼ਚਿਤ ਕਰਮਕਾਂਡ ਦੁਆਰਾ ਓਹਨਾਂ ਨੂੰ ਸਿੱਖਿਆ ਦਿੱਤੀ ਜਾਂਦੀ ਸੀ। ਠਗਾਂ ਦਾ ਅਨੁਸ਼ਾਸਨ ਏਨਾ ਸਫਲ ਅਤੇ ਕਠੋਰ ਸੀ ਕਿ ਅਸਫਲ ਕੋਸ਼ਿਸ਼ ਦਾ ਇਕ ਵੀ ਮਾਮਲਾ ਕਦੇ ਵੀ ਸਰਕਾਰ ਦੇ ਸਾਹਮਣੇ ਨਹੀਂ ਆਇਆ।

ਠਗਾਂ ਦੇ ਦਲਾਂ ਦੀ ਗਿਣਤੀ ਕਈ ਵਾਰ 400 ਤੱਕ ਪਹੁੰਚ ਜਾਂਦੀ ਸੀ ਅਤੇ ਹਤਿਆਰੇ ਇੱਕ ਇੱਕ ਦਰਜਨ ਵਿਅਕਤੀਆਂ ਦੀ ਇੱਕ ਹੀ ਸਮੇਂ ਹੱਤਿਆ ਕਰ ਦਿੰਦੇ ਸੀ। ਸਤੀ ਦੇ ਪ੍ਰਸ਼ਨ ਤੇ ਤਾਂ ਕੁਝ ਮਤਭੇਦ ਸੀ ਪ੍ਰੰਤੂ ਠਗੀ ਦੇ ਮਾਮਲੇ ਵਿੱਚ ਸਾਰੀ ਜਨਤਾ ਨੇ ਸਰਕਾਰ ਨੂੰ ਸਮਰਥਨ ਦਿੱਤਾ। ਕਰਨਲ ਸਲੀਮਲ ਨੂੰ ਠਗਾਂ ਦੇ ਵਿਰੁੱਧ ਕਾਰਵਾਈ ਕਰਣ ਲਈ ਨਿਯੁਕਤ ਕੀਤਾ ਗਿਆ। ਸਥਾਨੀ ਰਿਆਸਤਾਂ ਨੂੰ ਵੀ ਇਸ ਵਿੱਚ ਸ਼ਾਮਿਲ ਹੋਣ ਲਈ ਆਮੰਤਰਿਤ ਕੀਤਾ ਗਿਆ। ਉਸਨੇ 1500 ਦੇ ਲਗਭਗ ਠਗਾਂ ਨੂੰ ਬੰਦੀ ਬਣਾ ਲਿਆ। ਅਨੇਕ ਠਗਾਂ ਨੂੰ ਫਾਂਸੀ ਦਿੱਤੀ ਗਈ। ਬਾਕੀਆਂ ਨੂੰ ਆਜੀਵਨ ਨਿਰਵਾਸਿਤ ਕਰ ਦਿੱਤਾ ਗਿਆ। 1837 ਤੋਂ ਬਾਅਦ ਸੰਗਠਿਤ ਰੂਪ ਵਿੱਚ ਠਗਾਂ ਦਾ ਅੰਤ ਹੋ ਗਿਆ ਜਦੋਂ ਕਿ ਇੱਕੇ ਦੁੱਕੇ ਦੁਸ਼ਚਰਿੱਤਰ ਲੋਕ ਇਹ ਕੰਮ ਕਰਦੇ ਰਹੇ।

**ਸਰਕਾਰੀ ਸੇਵਾਵਾਂ ਵਿੱਚ ਭੇਦਭਾਵ ਦਾ ਅੰਤ:** ਸਰਕਾਰੀ ਸੇਵਾਵਾਂ ਵਿੱਚ ਲਾਰਡ ਕਾਰਨਵਾਲਿਸ ਦੇ ਸਮੇਂ ਤੋਂ ਚਲੀ ਆ ਰਹੀ ਭੇ ਦਭਾਵ ਦੀ ਨੀਤੀ ਨੂੰ ਇਸਨੇ ਖਤਮ ਕਰ ਦਿੱਤਾ। 1833 ਦੇ ਚਾਰਟਰ ਐਕਟ ਦੀ ਧਾਰਾ 87 ਦੇ ਅਨੁਸਾਰ ਯੋਗਤਾ ਹੀ ਸੇਵਾ ਦਾ ਆਧਾਰ ਸਵੀਕਾਰ ਕੀਤੀ ਗਈ ਅਤੇ ਕੰਪਨੀ ਦੇ ਅਧੀਲ ਕਿਸੇ ਵੀ ਭਾਰਤੀ ਨਾਗਰਿਕ ਨੂੰ "ਉਸਦੇ ਧਰਮ, ਜਨਮ ਸਥਾਨ, ਜਾਤੀ ਜਾਂ ਰੰਗ" ਦੇ ਆਧਾਰ ਤੇ ਕਿਸੇ ਪਦ ਤੋਂ ਵੰਚਿਤ ਨਹੀਂ ਰੱਖਿਆ ਜਾ ਸਕੇਗਾ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਧਾਰਾ ਬੈਂਟਿੰਕ ਦੇ ਆਗ੍ਰਹਿ ਤੇ ਹੀ ਇਸ ਚਾਰਟਰ ਵਿੱਚ ਸ਼ਾਮਿਲ ਕੀਤੀ ਗਈ ਸੀ। ਚਾਹੇ ਇਸ ਦਾ ਤਤਕਾਲਿਕ ਪ੍ਰਭਾਵ ਬਹੁਤ ਘੱਟ ਹੋਇਆ ਪ੍ਰੰਤੂ ਸਿਧਾਂਤਕ ਰੂਪ ਵਿੱਚ ਇਸ ਦਾ ਬਹੁਤ ਮਹੱਤਵ ਹੈ।

ਨੋਟ

**ਅਖਬਾਰਾਂ ਦੇ ਪ੍ਰਤੀ ਉਦਾਰ ਨੀਤੀ:** ਅਖਬਾਰਾਂ ਦੇ ਪ੍ਰਤੀ ਬੈਂਟਿੰਕ ਦੀ ਨੀਤੀ ਉਦਾਰ ਸੀ। ਉਹ ਇਸ ਨੂੰ ਅਸੰਤੋਸ਼ ਤੋਂ ਰੱਖਿਆ ਦਾ ਅਭਦ੍ਰਿਆਰ ਮੰਨਦਾ ਸੀ। ਉਸਦੇ ਭੱਤਾ ਬੰਦ ਕਰਣ ਅਤੇ ਉਸਦੇ ਹੋਰ ਵਿੱਤੀ ਸੁਧਾਰਾਂ ਉੱਤੇ ਅਖਬਾਰਾਂ ਵਿੱਚ ਕੜੀ ਪ੍ਰਤੀਕ੍ਰਿਆ ਹੋਈ। ਤਾਂ ਵੀ ਓਹ ਓਹਨਾਂ ਦੀ ਆਜ਼ਾਦੀ ਦੇ ਪੱਖ ਵਿੱਚ ਹੀ ਰਿਹਾ। ਇਸ ਵਿਸ਼ੇ ਵਿੱਚ ਇੱਕ ਪੱਤਰ ਉਸਨੇ ਲੰਦਨ ਨੂੰ ਲਿਖਿਆ ਜਿਸ ਵਿੱਚ ਉਸਨੇ ਮਦਰਾਸ ਵਿੱਚ ਹੋਏ ਸੈਨਿਕ ਵਿਦਰੋਹ ਦਾ ਉਲੇਖ ਕਰਦੇ ਹੋਏ ਦੱਸਿਆ ਕਿ ਕਲਕੱਤਾ ਅਤੇ ਮਦਰਾਸ ਦੋਹਾਂ ਸਥਾਨਾਂ ਤੇ ਸਥਿਤੀ ਇੱਕੋ ਜਿਹੀ ਸੀ ਪ੍ਰੰਤੂ ਮਦਰਾਸ ਵਿੱਚ ਵਿਦਰੋਹ ਇਸ ਲਈ ਹੋਇਆ ਕਿਉਂਕਿ ਓਥੇ ਅਖਬਾਰਾਂ ਦੀ ਆਜ਼ਾਦੀ ਨਹੀਂ ਸੀ। ਉਸ ਨੂੰ ਪੂਰਾ ਵਿਸ਼ਵਾਸ ਸੀ ਕਿ ਸੈਨਾ ਨੂੰ ਭਾਵਨਾਵਾਂ ਸਾਰਵਜਨਿਕ ਰੂਪ ਨਾਲ ਵਿਅਕਤ ਕਰਣ ਦਾ ਲਾਭ ਜ਼ਿਆਦਾ ਹੋਇਆ ਅਤੇ ਹਾਨੀ ਘੱਟ। ਜਨਤਾ ਦੀ ਭਾਵਨਾਵਾਂ ਪ੍ਰਗਟ ਹੋਈਆਂ ਅਤੇ ਤੱਥ ਸਾਹਮਣੇ ਆਏ। ਸਰਕਾਰ ਦੇ ਵਿਚਾਰਾਂ ਦੀ ਪੁਸ਼ਟੀ ਹੋਈ ਅਤੇ ਕੋਈ ਅਪ੍ਰਿਯ ਘਟਨਾ ਨਹੀਂ ਹੋਈ।

ਪ੍ਰੰਤੂ ਓਹ ਵਾਦ ਵਿਵਾਦ ਅਤੇ ਅੰਤਿਮ ਨਿਰਣੇ ਵਿੱਚ ਭੇਦ ਸਵੀਕਾਰ ਕਰਦਾ ਸੀ ਇਸ ਲਈ ਉਸਨੇ ਭੱਤਾ ਬੰਦ ਕਰਣ ਤੋਂ ਬਾਅਦ ਉਸਦੀ ਆਲੋਚਨਾ ਕਰਣ ਤੇ ਰੋਕ ਲਗਾ ਦਿੱਤੀ। ਜਦੋਂ ਭਾਰਤੀ ਅਤੇ ਯੂਰਪੀ ਪੱਤਰਕਾਰਾਂ ਨੇ ਪੂਰਣ ਆਜ਼ਾਦੀ ਦੀ ਮੰਗ ਕੀਤੀ ਤਾਂ ਉਸਨੇ ਆਸ਼ਵਾਸਨ ਦਿੱਤਾ ਕਿ ਇਸ ਵਿਸ਼ੇ ਵਿੱਚ ਸੰਤੋਸ਼ਜਨਕ ਕਾਨੂੰਨ ਬਣਾਉਣ ਦਾ ਪ੍ਰਸਤਾਵ ਪਹਿਲਾਂ ਹੀ ਵਿਚਾਰਧੀਨ ਹੈ ਅਤੇ ਆਸ਼ਾ ਹੈ ਕਿ ਜਲਦੀ ਹੀ ਕੋਈ ਅਜਿਹੀ ਪੱਦਤੀ ਬਣ ਜਾਏਗੀ ਜਿਸ ਨਾਲ ਹਰ ਵਿਅਕਤੀ ਜੋ ਨਿਰਪੱਖ ਸਾਰਵਜਨਿਕ ਵਿਵੇਚਨਾ ਵਿੱਚ ਲੱਗਾ ਹੈ, ਸੰਰਕਸ਼ਣ ਮਿਲੇਗਾ। ਇਸ ਤੋਂ ਇਲਾਵਾ ਸਰਕਾਰ ਰਾਜਦ੍ਰੋਹ ਅਤੇ ਜਨਤਾ ਝੂਠੇ ਆਰੋਪਾਂ ਤੋਂ ਬਚੀ ਰਹੇਗੀ। ਮਾਰਚ 1835 ਵਿੱਚ ਵਿਲੀਅਮ ਬੈਂਟਿੰਕ ਨੂੰ ਅਸਵਸਥਤਾ ਦੇ ਕਾਰਣ ਤਿਆਗਪੱਤਰ ਦੇਣਾ ਪਿਆ ਅਤੇ ਅਖਬਾਰਾਂ ਤੋਂ ਸਾਰੇ ਨਿਯੰਤਰਣ ਹਟਾਉਣ ਦਾ ਸਿਹਰਾ ਉਸਦੇ ਉੱਤਰਾਧਿਕਾਰੀ ਸਰ ਚਾਰਲਜ਼ ਮੈਟਕਾਫ਼ ਨੂੰ ਹੀ ਪ੍ਰਾਪਤ ਹੋਇਆ।

**ਨੈਤਿਕ ਅਤੇ ਬੌਧਿਕ ਵਿਕਾਸ ਲਈ ਸ਼ੈਕਸ਼ਿਕ ਸੁਧਾਰ:** ਸ਼ਾਇਦ ਵਿਲੀਅਮ ਬੈਂਟਿੰਕ ਦਾ ਸਭ ਤੋਂ ਮਹੱਤਵਪੂਰਣ ਫੈਸਲਾ ਸਿਖਿੱਆ ਨਾਲ ਸੰਬੰਧਿਤ ਸੀ। ਐਲਿੰਫਸਟਨ ਨੇ 1825 ਵਿੱਚ ਕਿਹਾ ਸੀ ਕਿ ਸਮਾਜਿਕ ਸੁਧਾਰ ਦਾ ਸਭ ਤੋਂ ਪ੍ਰਭਾਵਸ਼ਾਲੀ ਮਾਰਗ ਸਿਖਿੱਆ ਹੈ। ਮੈਕਾਲੇ ਦੀ ਸ਼ੈਕਸ਼ਿਕ ਪੱਧਤੀ ਨੇ ਭਾਰਤ ਦੇ ਨੈਤਿਕ ਅਤੇ ਬੌਧਿਕ ਜੀਵਨ ਨੂੰ ਮਹੱਤਵਪੂਰਣ ਢੰਗ ਨਾਲ ਪ੍ਰਭਾਵਿਤ ਕੀਤਾ।

ਬੈਂਟਿੰਕ ਨੇ ਸਿੱਖਿਆ ਦਾ ਉਦੇਸ਼ ਅਤੇ ਮਾਧਿਅਮ ਦੋਹਾਂ ਤੇ ਵਿਚਾਰ ਕੀਤਾ। ਸਿੱਖਿਆ ਦੇ ਲਈ ਅਨੁਦਾਨ ਦਾ ਪ੍ਰਯੋਗ ਕਿਸ ਤਰਾਂ ਕੀਤਾ ਜਾਵੇ, ਇਹ ਵੀ ਇੱਕ ਪ੍ਰਸ਼ਨ ਸੀ। ਕੀ ਇਹ ਅਨੁਦਾਨ ਪੂਰਬੀ ਭਾਸ਼ਾਵਾਂ ਅਤੇ ਭਾਰਤੀ ਸਾਹਿਤ ਦੇ ਪ੍ਰਸਾਰ ਲਈ ਦਿੱਤਾ ਜਾਵੇ ਜਾਂ ਪੱਛਮੀ ਵਿਗਿਆਨ ਅਤੇ ਸਾਹਿਤ ਦੇ ਅੰਗਰੇਜੀ ਦੇ ਮਾਧਿਅਮ ਦੁਆਰਾ ਪ੍ਰਸਾਰ ਲਈ। ਸਾਰਵਜਨਿਕ ਸਿੱਖਿਆ ਸਮਿਤੀ ਦੇ ਮੈਂਬਰ ਬਰਾਬਰ ਬਰਾਬਰ ਸੰਖਿਆ ਵਿੱਚ ਵੰਡੇ ਹੋਏ ਸਨ। ਪ੍ਰਾਚ ਵਿੱਦਿਆ ਦੇ ਸਮਰਥਕਾਂ ਦੇ ਨੇਤਾ ਵਿਲਸਨ ਅਤੇ ਪ੍ਰਿੰਸੀਪਲ ਬੰਧੂ ਸਨ। ਪੱਛਮੀ ਜਾਂ ਆਂਗਲ ਵਿੱਦਿਆ ਦੇ ਸਮਰਥਕਾਂ ਦੇ ਨੇਤਾ ਟ੍ਰੇਵਿਲਿਅਨ ਸਨ। ਅਤੇ ਓਹਨਾਂ ਨੂੰ ਰਾਜਾ ਰਾਮ ਮੋਹਨ ਰਾਏ ਜਿਹੇ ਉਦਾਰਵਾਦੀਆਂ ਦਾ ਸਮਰਥਨ ਪ੍ਰਾਪਤ ਸੀ। ਵਿਲੀਅਮ ਬੈਂਟਿੰਕ ਨੇ ਮੈਕਾਲੇ ਨੂੰ ਇਸ ਸਮਿਤੀ ਦਾ ਅਧਿਅਕਸ਼ ਨਿਯੁਕਤ ਕਰ ਦਿੱਤਾ। ਉਸਨੇ ਆਪਣੇ ਵਿਚਾਰਾਂ ਨੂੰ 2 ਫ਼ਰਵਰੀ, 1835 ਦੇ ਆਪਣੇ ਸੁਪ੍ਰਸਿੱਧ ਸਮਰਣਪੱਤਰ ਵਿੱਚ ਪ੍ਰਤੀਪਾਦਿਤ ਕੀਤਾ। ਉਸ ਵਿੱਚ ਉਸਨੇ ਭਾਰਤ ਦੇ ਆਯੁਰਵੈਦਿਕ ਵਿਗਿਆਨ, ਗਣਿਤ, ਜਯੋਤਿਸ਼, ਇਤਿਹਾਸ ਅਤੇ ਭੂਗੋਲ ਦੀ ਖਿੱਲੀ ਉੜਾਈ ਅਤੇ ਕਿਹਾ ਕਿ "ਕੀ ਸਾਨੂੰ ਇਹ ਮਿਥਿਆ ਧਰਮ ਨਾਲ ਸੰਬੰਧਿਤ ਆਯੁਰਵੈਦ, ਗਣਿਤ, ਜਯੋਤਿਸ਼, ਇਤਿਹਾਸ ਅਤੇ ਭੂਗੋਲ ਪੜ੍ਹਾਣਾ ਹੈ?" ਉਸਦਾ ਤਰਕ ਇਹ ਸੀ ਕਿ ਭਾਰਤੀ ਭਾਸ਼ਾਵਾਂ ਵਿੱਚ ਨਾ ਤਾਂ ਕੋਈ ਸਾਹਿਤਿਕ ਤੱਤ ਹੈ ਅਤੇ ਨਾ ਹੀ ਵਿਗਿਆਨਿਕ ਜਾਣਕਾਰੀ ਹੈ। ਇੱਕ ਚੰਗੇ ਪੱਛਮੀ ਪੁਸਤਕਾਲੇ ਦੀ ਅਲਮਾਰੀ ਭਾਰਤ ਅਤੇ ਅਰਬ ਦੇ ਸਾਰੇ ਸਾਹਿਤ ਦੇ ਬਰਾਬਰ ਹੈ। ਉਸਨੇ ਆਪਣੇ ਪਿਤਾ ਨੂੰ ਇੱਕ ਪੱਤਰ ਵਿੱਚ ਇਹ ਆਸ਼ਾ ਵੀ ਦੱਸੀ ਕਿ "ਜੇਕਰ ਸਾਡੀ ਸਿੱਖਿਆ ਯੋਜਨਾਵਾਂ ਦਾ ਅਨੁਸਰਣ ਕੀਤਾ ਗਿਆ ਤਾਂ ਬੰਗਾਲ ਦੇ ਪ੍ਰਤਿਸ਼ਠਿਤ ਵਰਗ ਵਿੱਚ ਆਉਣ ਵਾਲੇ 30 ਸਾਲਾਂ ਵਿੱਚ ਇੱਕ ਵੀ ਮੂਰਤੀ ਪੂਜਕ ਨਹੀਂ ਰਹੇਗਾ।"

> **ਕੀ ਤੁਸੀਂ ਜਾਣਦੇ ਹੋ** ਮੈਕਾਲੇ ਦੀ ਯੋਜਨਾ ਇਹ ਸੀ ਕਿ "ਇੱਕ ਅਜਿਹਾ ਵਰਗ ਬਣਾਇਆ ਜਾਵੇ ਜੋ ਰੰਗ ਅਤੇ ਰਕਤ ਤੋਂ ਤਾਂ ਭਾਰਤੀ ਹੋਵੇ, ਪ੍ਰੰਤੂ ਪ੍ਰਵ੍ਰਿੱਤੀ, ਵਿਚਾਰ, ਨੈਤਿਕਤਾ ਅਤੇ ਬੁੱਧੀ ਤੋਂ ਅੰਗਰੇਜ਼ ਹੋਵੇ।"

ਮੈਕਾਲੇ ਦੇ ਵਿਚਾਰ 7 ਮਾਰਚ, 1835 ਨੂੰ ਇੱਕ ਪ੍ਰਸਤਾਵ ਦੁਆਰਬਾ ਅਨੁਮੋਦਿਤ ਕਰ ਦਿੱਤੇ ਗਏ ਜਿਸ ਵਿੱਚ ਇਹ ਨਿਸ਼ਚਾ ਹੋਇਆ ਕਿ ਉੱਚ ਸਤਰੀਯ ਪ੍ਰਸ਼ਾਸਨ ਦੀ ਭਾਸ਼ਾ ਅੰਗਰੇਜੀ ਹੋਵੇਗੀ। ਉਸ ਸਮੇਂ ਤੋਂ ਅੰਗਰੇਜੀ ਭਾਸ਼ਾ, ਸਾਹਿਤ, ਰਾਜਨੀਤਿਕ ਵਿਚਾਰ ਅਤੇ ਪ੍ਰਾਕ੍ਰਿਤਿਕ ਵਿਗਿਆਨ ਸਾਡੀ ਉੱਚ ਸਿੱਖਿਆ ਨੀਤੀ ਦਾ ਆਧਾਰ ਰਹੇ ਹਨ। 1835 ਵਿੱਚ ਬੈਂਟਿੰਕ ਨੇ ਕਲਕੱਤਾ ਕਾਲੇਜ਼ ਦੀ ਨੀਂਹ ਰੱਖੀ।

ਭਾਰਤ ਨੂੰ ਇਸ ਨਿਰਣੇ ਨਾਲ ਜੋ ਲਾਭ ਹੋਏ ਉਸਦਾ ਵਰਣਨ ਕਰਨਾ ਮੁਸ਼ਕਿਲ ਹੈ। ਇਹ ਅੱਜ ਵੀ ਸਾਡੀ ਸਰਕਾਰੀ ਭਾਸ਼ਾ ਹੈ ਅਤੇ ਇਸਨੇ ਰਾਸ਼ਟਰੀ ਏਕਤਾ ਵਿੱਚ ਵੀ ਵਿਸ਼ੇਸ਼ ਯੋਗਦਾਨ ਦਿੱਤਾ ਹੈ।

ਨੋਟ

**ਵਿੱਤੀ ਸੁਧਾਰ:** ਬਰਮਾ ਯੁੱਧ ਨੇ ਕੰਪਨੀ ਦਾ ਖ਼ਜਾਨਾ ਖਾਲੀ ਕਰ ਦਿੱਤਾ ਸੀ। 1828 ਵਿੱਚ ਖਰਚ ਆਮਦਨੀ ਤੋਂ ਜ਼ਿਆਦਾ ਸੀ।ਮੈਟਕਾਫ ਦੇ ਅਨੁਸਾਰ ਸ਼ਾਂਤੀ ਕਾਲ ਵਿੱਚ ਜੋ ਸਰਕਾਰ ਇਸ ਤਰਾਂ ਕਰਦੀ ਹੈ ਉਸਨੂੰ ਸਜ਼ਾ ਮਿਲਣੀ ਚਾਹੀਦੀ ਹੈ।ਗ੍ਰਹਿ ਸਰਕਾਰ ਨੇ ਬੈਂਟਿੰਕ ਨੂੰ ਸ਼ਾਤੀ ਅਤੇ ਸਾਰਵਜਨਿਕ ਖਰਚੇ ਵਿੱਚ ਮਿਤਵਯਯੀ ਦੇ ਆਦੇਸ਼ ਦਿੱਤੇ।

ਬੈਂਟਿੰਕ ਨੇ ਦੋ ਸਮਿਤੀਆਂ ਨਿਯੁਕਤ ਕੀਤੀਆਂ, ਇੱਕ ਸੈਨਿਕ, ਦੂਜੀ ਅਸੈਨਿਕ ਤਾਕਿ ਉਹ ਬਚਤ ਦੇ ਸੁਝਾਓ ਦੇਣ। ਕੋਰਟ ਓਫ ਡਾਇਰੈਕਟਰਜ਼ ਦੀ ਵਿਸ਼ੇਸ਼ ਆਗਿਆ ਨਾਲ ਉਸਨੇ ਸੈਨਿਕ ਭੱਤਾ ਘੱਟ ਕਰ ਦਿੱਤਾ। ਹੁਣ ਤੋਂ ਕਲਕੱਤੇ ਦੇ 400 ਮੀਲ ਦੇ ਘੇਰੇ ਵਿੱਚ ਨਿਯੁਕਤ ਹੋਣ ਤੇ ਭੱਤਾ ਅੱਧਾ ਕਰ ਦਿੱਤਾ ਗਿਆ।ਇਸ ਨਾਲ 1,20,000 ਪੌਂਡ ਸਾਲਾਨਾ ਦੀ ਬਚਤ ਹੋਈ।ਇਸੇ ਤਰਾਂ ਅਸੈਨਿਕ ਭੱਤੇ ਵੀ ਘੱਟ ਕਰ ਦਿੱਤੇ ਗਏ।

ਬੰਗਾਲ ਵਿੱਚ ਭੂਮੀ ਕਰ ਸੰਗ੍ਰਹਣ ਲਈ ਪ੍ਰਭਾਵਸ਼ਾਲੀ ਯਤਨ ਕੀਤੇ ਗਏ।ਪੱਛਮੋਤਰ ਪ੍ਰਾਂਤ (ਆਧੁਨਿਕ ਉੱਤਰ ਪ੍ਰਦੇਸ਼) ਵਿੱਚ ਰਾਬਰਟ ਮਰਟਿੰਜ਼ ਦੀ ਦੇਖਰੇਖ ਵਿੱਚ ਕੀਤੀ ਗਈ ਭੂਮੀ ਦੀ ਵਿਵਸਥਾ ਤੋਂ ਅਧਿਕ ਕਰ ਉਪਲਬਦ ਹੋਣ ਲੱਗਾ।ਇਸੇ ਤਰਾਂ ਮਲੱਕਾ ਜਲਡਮਰੂ ਉਪਨਿਵੇਸ਼ ਦਾ ਖਰਚਾ ਵੀ ਘੱਟ ਕੀਤਾ ਗਿਆ।ਉਸਨੇ ਯਥਾਸੰਭਵ ਭਾਰਤੀਆਂ ਨੂੰ ਚੰਗਾ ਵੇਤਨ ਪਾਣ ਵਾਲ਼ੇ ਅੰਗਰੇਜਾਂ ਦੇ ਬਦਲੇ ਨਿਯੁਕਤ ਕਰ ਕੇ ਵੀ ਖਰਚ ਨੂੰ ਘੱਟ ਕੀਤਾ।

ਅਫੀਮ ਦੇ ਵਪਾਰ ਨੂੰ ਨਿਯਮਿਤ ਅਤੇ ਅਨੁਪੱਤਰਿਤ ਕਰਕੇ ਕੇਵਲ ਬੰਬਈ ਬੰਦਰਗਾਹ ਤੋਂ ਹੀ ਨਿਰਯਾਤ ਕਰਣ ਦੀ ਆਗਿਆ ਦਿੱਤੀ ਗਈ ਜਿਸ ਨਾਲ ਕੰਪਨੀ ਨੂੰ ਨਿਰਯਾਤ ਕਰ ਦਾ ਭਾਗ ਵੀ ਮਿਲਣ ਲੱਗਾ।

ਇਨਾਂ ਬਚਤ ਯੋਜਨਾਵਾਂ ਦੇ ਫਲਸਰੂਪ ਕੰਪਨੀ ਦਾ 1 ਕਰੋੜ ਸਾਲਾਨਾ ਦਾ ਘਾਟਾ, 2 ਕਰੋੜ ਸਾਲਾਨਾ ਲਾਭ ਵਿੱਚ ਬਦਲ ਗਿਆ।ਉਸਨੇ ਲੋਹੇ ਅਤੇ ਕੋਇਲੇ ਦੇ ਉਤਪਾਦਨ ਨੂੰ, ਚਾਹ ਅਤੇ ਕੋਫੀ ਦੇ ਬਗੀਚਿਆਂ ਅਤੇ ਨਹਿਰਾਂ ਦੀਆਂ ਪਰਿਯੋਜਨਾਵਾਂ ਨੂੰ ਵੀ ਪ੍ਰੋਤਸਾਹਨ ਦਿੱਤਾ।

**ਨਿਆਇਕ ਸੁਧਾਰ:** ਕਾਰਨਵਾਲਿਸ ਦੁਆਰਾ ਨਿਰਮਿਤ ਪ੍ਰਾਂਤੀ, ਅਪੀਲੀ ਅਤੇ ਸਰਕਿਟ ਨਿਆਆਲਯਾਂ ਦਾ ਕੰਮ ਵਧ ਜਾਣ ਕਰ ਕੇ ਬਾਕੀ ਬਹੁਤ ਕੰਮ ਇੱਕਠਾ ਹੋ ਗਿਆ ਸੀ। ਇੱਥੇ ਕਾਰਜਵਿਧੀ ਠੀਕ ਨਾ ਹੋਣ ਦੇ ਕਾਰਣ ਨਿਆਅ ਵਿੱਚ ਆਮ ਤੌਰ ਤੇ ਵਿਲੰਬ ਹੋ ਜਾਂਦਾ ਸੀ। ਬੈਂਟਿੰਕ ਨੇ ਇਹ ਨਿਆਆਲਯ ਬੰਦ ਕਰ ਦਿੱਤੇ। ਅਤੇ ਇਨਾਂ ਦਾ ਕੰਮ ਦੰਡਨਾਯਕਾਂ ਅਤੇ ਕਲਕਟਰਾਂ ਨੂੰ ਦੇ ਦਿੱਤਾ ਜੋ ਕਿ ਰਾਜਸਵ ਅਤੇ ਭ੍ਰਮਣਕਾਰੀ ਆਯੁਕਤਾਂ ਠਦੇ ਅਧੀਨ ਹੁੰਦੇ ਸਨ।ਦਿੱਲੀ ਅਤੇ ਆਧੁਨਿਕ ਉੱਤਰ ਪ੍ਰਦੇਸ਼ ਦੇ ਲਈ ਅੱਲਗ ਸਦਰ ਦੀਵਾਨੀ ਅਤੇ ਸਦਰ ਨਿਜਾਮਤ ਅਦਾਲਤ ਇਲਾਹਾਬਾਦ ਵਿੱਚ ਸਥਾਪਿਤ ਕਰ ਦਿੱਤੀ ਗਈ। ਹੁਣ ਇਥੋਂ ਦੇ ਨਿਵਾਸੀਆਂ ਨੂੰ ਅਪੀਲ ਲਈ ਕਲਕੱਤੇ ਨਹੀਂ ਜਾਣਾ ਪੈਂਦਾ ਸੀ।

ਇਸ ਸਮੇਂ ਤੱਕ ਨਿਆਅਯਾਲਯਾਂ ਦੀ ਭਾਸ਼ਾ ਫ਼ਾਰਸੀ ਸੀ ਪ੍ਰੰਤੂ ਹੁਣ ਇੱਥੇ ਸਥਾਨਿਕ ਭਾਸ਼ਾਵਾਂ ਫ਼ਾਰਸੀ ਦੇ ਵਿਕਲਪ ਦੇ ਰੂਪ ਵਿੱਚ ਵਰਤਣ ਦੀ ਇਜ਼ਾਜ਼ਤ ਦੇ ਦਿੱਤੀ ਗਈ ਅਤੇ ਉੱਚੇ ਨਿਆਅਯਾਲਯਾਂ ਵਿੱਚ ਅੰਗਰੇਜੀ ਦਾ ਪ੍ਰਯੋਗ ਕੀਤਾ ਜਾਣ ਲੱਗਾ। ਯੋਗਤਾ ਪ੍ਰਾਪਤ ਭਾਰਤੀਆਂ ਨੂੰ ਮੁੰਸਿਫ਼ ਨਿਯੁਕਤ ਕੀਤਾ ਗਿਆ ਅਤੇ ਇਹ ਲੋਕ ਸਦਰ ਅਮੀਨ ਪਦ ਤੱਕ ਪਹੁੰਚ ਸਕਦੇ ਸਨ।

### ਸਵ-ਮੁੱਲਾਂਕਣ (Self-Assessment)

**ਖਾਲੀ ਸਥਾਨ ਭਰੋ (Fill in the Blanks)**

(ਕ) ਸਤੀ ਪ੍ਰਥਾ ਅਤੇ ਸ਼ਿਸ਼ੂ ਵਧ ਜਿਹੀਆਂ ਸਮਾਜਿਕ ਕੁਰੀਤੀਆਂ ਨੂੰ .......................... ਨੇ ਖਤਮ ਕੀਤਾ।

(ਖ) ਦਿਸੰਬਰ 1829 ਦੇ ............ ਦੁਆਰਾ ਵਿਧਵਾਵਾਂ ਨੂੰ ਜਲਾਣਾ ਅਵੈਧ ਘੋਸ਼ਿਤ ਕਰ ਦਿੱਤਾ ਗਿਆ।

(ਗ) ਸ਼ਾਇਦ ਠਗਾਂ ਦੇ ਪ੍ਰਯ�ਗ ਵਿੱਚ ਆਓਣ ਵਾਲ਼ਾ ਜ਼ਿਆਦਾ ਉਚਿਤ ਸ਼ਬਦ ................ ਸੀ।

(ਘ) ਠਗਾਂ ਦੇ ਵਿਰੁੱਧ ਕਾਰਵਾਈ ਕਰਣ ਲਈ ................ ਨੂੰ ਨਿਯੁਕਤ ਕੀਤਾ ਗਿਆ।

(ਙ) ਸਰਕਾਰੀ ਸੇਵਾਵਾਂ ਵਿੱਚ ਭੇਦਭਾਵ ਨੂੰ 1833 ਦੇ ਚਾਰਟਰ ਐਕਟ ਦੀ ਧਾਰਾ ..................... ਨਾਲ਼ ਖਤਮ ਕੀਤਾ ਗਿਆ।

## 5.2 ਸਾਰ ਅੰਸ਼ (Summary)


- ਰਾਜਾ ਰਾਮ ਮੋਹਨ ਜਿਹੇ ਪ੍ਰਬੁੱਧ ਭਾਰਤੀ ਸੁਧਾਰਕਾਂ ਨੇ ਵਿਲੀਅਮ ਬੈਂਟਿੰਕ ਨੂੰ ਇਸ ਰੀਤੀ ਨੂੰ ਅਵੈਧ ਘੋਸ਼ਿਤ ਕਰਦ ਦੀ ਪ੍ਰੇਰਣਾ ਦਿੱਤੀ।
- ਦਿਸੰਬਰ 1829 ਦੇ ਨਿਯਮ 17 ਦੁਆਰਾ ਵਿਧਵਾਵਾਂ ਨੂੰ ਜਲਾਣਾ ਅਵੈਧ ਘੋਸ਼ਿਤ ਕਰ ਦਿੱਤਾ ਗਿਆ।ਪ੍ਰੇਰਣਾ ਦੇਣਵਾਲੇ ਲੋਕ ਮਾਨਵ-ਹੱਤਿਆ ਦੇ ਅਪਰਾਧੀ ਮੰਨੇ ਜਾਣਗੇ।ਸ਼ੁਰੂ ਵਿੱਚ ਇਹ ਕਾਨੂੰਨ ਕੇਵਨ ਬੰਗਾਲ ਪ੍ਰੇਜ਼ੀਡੈਂਸੀ ਵਿੱਚ ਹੀ ਲਾਗੂ ਕੀਤਾ ਗਿਆ ਅਤੇ 1830 ਵਿੱਚ ਇਹ ਨਿਯਮ ਬੰਬਈ ਅਤੇ ਮਦਰਾਸ ਪ੍ਰੇਜ਼ੀਡੈਂਸੀ ਵਿੱਚ ਵੀ ਲਾਗੂ ਕਰ ਦਿੱਤਾ ਗਿਆ।

ਨੋਟ

- ਠਗ ਸ਼ਬਦ ਦਾ ਪ੍ਰਯੋਗ ਅੱਜ ਉਹਨਾਂ ਵਿਅਕਤੀਆਂ ਲਈ ਕੀਤਾ ਜਾਂਦਾ ਹੈ ਜੋ ਧੋਖੇ ਨਾਲ ਰੁਪਏ ਖੋਹ ਲੈਂਦੇ ਹਨ ਪਰ ਉਸ ਸਮੇਂ ਵਿੱਚ ਠਗ, ਡਾਕੂਆਂ ਅਤੇ ਹੱਤਿਅਰਿਆਂ ਦਾ ਇੱਕ ਸਮੂਹ ਸੀ ਜੋ ਨਿਰਦੋਸ਼ ਅਤੇ ਅਰਖਿਅਤ ਵਿਅਕਤੀਆਂ ਨੂੰ ਲੁੱਟ ਕੇ ਨਿਰਵਾਹ ਕਰਦੇ ਸਨ। ਸ਼ਾਇਦ ਓਹਨਾਂ ਲਈ ਜ਼ਿਆਦਾ ਉਚਿਤਗਰ ਸ਼ਬਦ 'ਫਾਂਸੀਗਰ' ਸੀ।
- ਠਗਾਂ ਦੇ ਦਲਾਂ ਦੀ ਗਿਣਤੀ ਕਈ ਵਾਰ 400 ਤੱਕ ਪਹੁੰਚ ਜਾਂਦੀ ਸੀ ਅਤੇ ਹਤਿਆਰੇ ਇੱਕ ਇੱਕ ਦਰਜਨ ਵਿਅਕਤੀਆਂ ਦੀ ਇੱਕ ਹੀ ਸਮੇਂ ਹੱਤਿਆ ਕਰ ਦਿੰਦੇ ਸੀ। ਸਤੀ ਦੇ ਪ੍ਰਸ਼ਨ ਤੇ ਤਾਂ ਕੁਝ ਮਤਭੇਦ ਸੀ ਪ੍ਰੰਤੂ ਠਗੀ ਦੇ ਮਾਮਲੇ ਵਿੱਚ ਸਾਰੀ ਜਨਤਾ ਨੇ ਸਰਕਾਰ ਨੂੰ ਸਮਰਥਨ ਦਿੱਤਾ। ਕਰਨਲ ਸਲੀਮਲ ਨੂੰ ਠਗਾਂ ਦੇ ਵਿਰੁੱਧ ਕਾਰਵਾਈ ਕਰਣ ਲਈ ਨਿਯੁਕਤ ਕੀਤਾ ਗਿਆ।
- ਸਰਕਾਰੀ ਸੇਵਾਵਾਂ ਵਿੱਚ ਲਾਰਡ ਕਾਰਨਵਾਲਿਸ ਦੇ ਸਮੇਂ ਤੋਂ ਚਲੀ ਆ ਰਹੀ ਭੇਦਭਾਵ ਦੀ ਨੀਤੀ ਨੂੰ ਇਸਨੇ ਖਤਮ ਕਰ ਦਿੱਤਾ। 1833 ਦੇ ਚਾਰਟਰ ਐਕਟ ਦੀ ਧਾਰਾ 87 ਦੇ ਅਨੁਸਾਰ ਯੋਗਤਾ ਹੀ ਸੇਵਾ ਦਾ ਆਧਾਰ ਸਵੀਕਾਰ ਕੀਤੀ ਗਈ ਅਤੇ ਕੰਪਨੀ ਦੇ ਅਧੀਲ ਕਿਸੇ ਵੀ ਭਾਰਤੀ ਨਾਗਰਿਕ ਨੂੰ "ਉਸਦੇ ਧਰਮ, ਜਨਮਸਥਾਨ, ਜਾਤੀ ਜਾਂ ਰੰਗ" ਦੇ ਆਧਾਰ ਤੇ ਕਿਸੇ ਪਦ ਤੋਂ ਵੰਚਿਤ ਨਹੀਂ ਰੱਖਿਆ ਜਾ ਸਕੇਗਾ।
- ਉਸਦਾ ਤਰਕ ਇਹ ਸੀ ਕਿ ਭਾਰਤੀ ਭਾਸ਼ਾਵਾਂ ਵਿੱਚ ਨਾ ਤਾਂ ਕੋਈ ਸਾਹਿਤਿਕ ਤੱਤ ਹੈ ਅਤੇ ਨਾ ਹੀ ਵਿਗਿਆਨਿਕ ਜਾਣਕਾਰੀ ਹੈ। ਇੱਕ ਚੰਗੇ ਪੱਛਮੀ ਪੁਸਤਕਾਲੇ ਦੀ ਅਲਮਾਰੀ ਭਾਰਤ ਅਤੇ ਅਰਬ ਦੇ ਸਾਰੇ ਸਾਹਿਤ ਦੇ ਬਰਾਬਰ ਹੈ।

## 5.3 ਸ਼ਬਦਕੋਸ਼ (Keywords)

- ਮਿਤਵਯਯਤਾ : ਘੱਟ ਖਰਚ ਕਰਨਾ
- ਸਤੀ : ਇੱਕ "ਪਵਿੱਤਰ ਅਤੇ ਸਚਰਿੱਤਰ ਨਾਰੀ"

## 5.4 ਅਭਿਆਸ ਪ੍ਰਸ਼ਨ (Review Questions)

1. ਵਿਲੀਅਮ ਬੈਂਟਿੰਕ ਦੇ ਵਿੱਤੀ ਸੁਧਾਰਾਂ ਦੀ ਵਿਵੇਚਨਾ ਕਰੋ।
2. ਵਿਲੀਅਮ ਬੈਂਟਿੰਕ ਦੇ ਨਿਆਇਕ ਸੁਧਾਰਾਂ ਦੀ ਵਿਵੇਚਨਾ ਕਰੋ।
3. ਵਿਲੀਅਮ ਬੈਂਟਿੰਕ ਦੇ ਪ੍ਰਸ਼ਾਸਨਿਕ ਅਤੇ ਸ਼ੈਕਸ਼ਿਕ ਸੁਧਾਰਾਂ ਦੀ ਵਿਆਖਿਆ ਕਰੋ।

**ਉੱਤਰ: ਸਵ-ਮੁੱਲਾਂਕਣ (Answers: Self Assessment)**

(1) ਵਿਲੀਅਮ ਬੈਂਟਿੰਕ (2) ਨਿਯਮ 17 (3) ਫਾਂਸੀਗਰ (4) ਕਰਨਲ ਸਲੀਮੈਨ
(5) 87

## 5.5 ਸੰਦਰਭ ਪੁਸਤਕਾਂ (Further Readings)

ਬੁਕਸ
1. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
2. ਆਧੁਨਿਕ ਭਾਰਤ, ਐਸ. ਕੇ. ਪਾਂਡੇ, ਪ੍ਰਯਾਗ ਅਕਾਦਮੀ ਇਲਾਹਾਬਾਦ
3. ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ

# ਇਕਾਈ-6: ਲਾਰਡ ਡਲਹੌਜ਼ੀ ਦੇ ਸੁਧਾਰ
# (Reforms of Lord Dalhousie)

**ਵਿਸ਼ੇ ਵਸਤੂ (Contents)**

ਉਦੇਸ਼ (Objectives)

ਜਾਣਕਾਰੀ (Introduction)

6.1 ਲਾਰਡ ਡਲਹੌਜ਼ੀ ਦੇ ਸੁਧਾਰ: ਵਿਅਪਗਤ ਦਾ ਸਿਧਾਂਤ, ਪ੍ਰਸ਼ਾਸਨਿਕ ਸੁਧਾਰ, ਵਿਦਰੋਹ ਵਿੱਚ ਇਸ ਦੀ ਜ਼ਿੰਮੇਦਾਰੀ (Reforms of Lord Dalhousie: Doctrine of Lapse, Administrative Reforms, his responsibility in the mutiny)

6.2 ਸਾਰ ਅੰਸ਼ (Summary)

6.3 ਸ਼ਬਦਕੋਸ਼ (Keywords)

6.4 ਅਭਿਆਸ-ਪ੍ਰਸ਼ਨ (Review Questions)

6.5 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਲਾਰਡ ਡਲਹੌਜ਼ੀ ਦੇ ਵਿਅਪਗਤ ਦੇ ਸਿਧਾਂਤ ਅਤੇ ਪ੍ਰਸ਼ਾਸਨਿਕ ਸੁਧਾਰਾਂ ਦੀ ਵਿਆਖਿਆ ਕਰਨ ਵਿੱਚ।
- ਵਿਦਰੋਹ ਦੇ ਲਈ ਲਾਰਡ ਡਲਹੌਜ਼ੀ ਦੀ ਜ਼ਿੰਮੇਦਾਰੀ ਦਾ ਵਿਸ਼ਲੇਸ਼ਣ ਕਰਨ ਵਿੱਚ,

## ਜਾਣਕਾਰੀ (Introduction)

ਭਾਰਤੀ ਇਤਿਹਾਸ ਵਿੱਚ ਲਾਰਡ ਡਲਹੌਜ਼ੀ ਨੂੰ ਮਹਾਨ ਗਵਰਨਰ ਜਨਰਲਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਭਾਰਤ ਵਿੱਚ ਅੰਗਰੇਜੀ ਸਾਮਰਾਜ ਦੇ ਬਣਾਓਣ ਵਿੱਚ ਉਸਦਾ ਬਹੁਤ ਯੋਗਦਾਨ ਸੀ। ਭਾਰਤ ਦੀ ਕਿਸੇ ਵੀ ਰਿਆਸਤ ਨੂੰ ਵਿਲਯ ਕਰਨ ਦੇ ਮੌਕੇ ਨੂੰ ਉਸਨੇ ਜਾਣ ਨਹੀਂ ਦਿੱਤਾ। ਇੰਨਜ਼ ਦੇ ਅਨੁਸਾਰ, "ਉਸ ਤੋਂ ਪਹਿਲਾਂ ਦੇ ਗਵਰਨਰ ਜਨਰਲ ਆਮ ਤੌਰ ਤੇ ਕਿਸੇ ਰਿਆਸਤ ਦੇ ਵਿਲਯ ਨੂੰ ਜੇਕਰ ਟਾਲ ਸਕਦੇ ਤਾਂ ਟਾਲ ਜਾਂਦੇ, ਪ੍ਰੰਤੂ ਲਾਰਡ ਡਲਹੌਜ਼ੀ ਬਿਲਕੁਲ ਵਿਪਰੀਤ ਆਦਤ ਦਾ ਵਿਅਕਤੀ ਸੀ। ਅਰਥਾਤ ਜੇਕਰ ਉਸਨੂੰ ਕੋਈ ਉਚਿਤ ਬਹਾਨਾ ਮਿਲਦਾ ਤਾਂ ਓਹ ਰਾਜ ਨੂੰ ਅੰਗਰੇਜੀ ਸਾਮਰਾਜ ਵਿੱਚ ਵਿਲਯ ਕਰ ਲੈਂਦਾ।" ਉਸ ਦੇ ਵਿਲਯ ਸ਼ਕਤੀ ਦੁਆਰਾ ਅਤ ਸ਼ਾਂਤੀ ਪੂਰਵਕ ਦੋਵੇਂ ਤਰਾਂ ਦੇ ਸਨ। ਯੁੱਧ ਵਿੱਚ ਉਸਨੇ ਪੰਜਾਬ ਅਤੇ ਪੀਗੂ (ਬਰਮਾ) ਦੋਹਾਂ ਨੂੰ ਜਿੱਤਿਆ ਅਤੇ ਸ਼ਾਂਤੀ ਦੇ ਪ੍ਰਯੋਗ ਨਾਲ ਉਸਨੇ ਵਿਅਪਗਤ ਦੇ ਸਿਧਾਂਤ ਦੁਆਰਾ ਅਵਧ, ਸਤਾਰਾ, ਨਾਗਪੁਰ ਅਤੇ ਝਾਂਸੀ ਪ੍ਰਾਪਤ ਕਰ ਲਏ। ਸਮਾਜਿਕ ਅਤੇ ਜਨਸਾਧਾਰਣ ਦੇ ਹਿਤ ਵਿੱਚ ਕੀਤੇ ਗਏ ਯੋਗਦਾਨਾਂ ਵਿੱਚ ਵੀ ਉਸਦਾ ਬਹੁਤ ਹੱਥ ਸੀ ਅਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਆਧੁਨਿਕ ਭਾਰਤ ਦੇ ਭਵਨ ਦੀ ਆਧਾਰਸ਼ਿਲਾ ਓਸੇ ਨੇ ਰੱਖੀ ਸੀ।

## 6.1 ਲਾਰਡ ਡਲਹੌਜ਼ੀ ਦੇ ਸੁਧਾਰ: ਵਿਅਪਗਤ ਦਾ ਸਿਧਾਂਤ, ਪ੍ਰਸ਼ਾਸਨਿਕ ਸੁਧਾਰ, ਵਿਦਰੋਹ ਵਿੱਚ ਇਸ ਦੀ ਜ਼ਿੰਮੇਦਾਰੀ (Reforms of Lord Dalhousie: Doctrine of Lapse, Administrative Reforms, his responsibility in the mutiny)

**ਵਿਅਪਗਤ ਦਾ ਸਿਧਾਂਤ (Doctrine of Lapse)-** ਡਲਹੌਜੀ ਦੇ ਕੰਮਾਂ ਦਾ ਵਿਵਰਣ ਵਿਅਪਗਤ ਦਾ ਸਿਧਾਂਤ ਦੀ ਵਿਆਖਿਆ ਤੋਂ ਬਿਨਾਂ ਅਧੂਰਾ ਰਹਿ ਜਾਂਦਾ ਹੈ। ਇਸ ਸਿਧਾਂਤ ਦੁਆਰਾ ਕੁਝ ਮਹੱਤਵਪੂਰਣ ਰਿਆਸਤਾਂ ਵਿਲਯ ਕਰ ਲਈਆਂ ਗਈਆਂ। ਡਲਹੌਜੀ ਦੇ ਇਸ ਵਿਸ਼ਵਾਸ ਦੀ ਕਿ "ਝੂਠੇ ਰਜਵਾੜਿਆਂ" ਅਤੇ "ਕ੍ਰਿਤ੍ਰਿਮ ਮੱਧ ਸ਼ਕਤੀਆਂ" ਦੁਆਰਾ ਪ੍ਰਸ਼ਾਸਨ

ਨੋਟ

ਦੀ ਪੁਰਾਣੀ ਪੱਧਤੀ ਨਾਲ ਪ੍ਰਜਾ ਦੀ ਮੁਸੀਬਤਾਂ ਵਧਦੀਆ ਹਨ ਅਤੇ ਇਹ ਸਭ ਗਲਤ ਹੈ, ਧਿਆਨ ਵਿੱਚ ਰੱਖ ਕੇ ਹੀ, ਉਸ ਦੇ ਵਿਅਪਗਤ ਦਾ ਸਿਧਾਂਤ ਨੂੰ ਚੰਗੀ ਤਰਾਂ ਸਮਝਿਆ ਜਾ ਸਕਦਾ ਹੈ। ਵਾਸਤਵ ਵਿੱਚ ਉਸਦੀ ਸਪਸ਼ਟ ਅਤੇ ਸਿੱਧੀ ਸਕਾਟਿਸ਼ ਮਨੋਵ੍ਰਿੱਤੀ ਇਹ ਚਾਹੁੰਦੀ ਸੀ ਕਿ "ਮੁਗਲ ਸਰਵ ਸ਼ਕਤੀ ਦੇ ਮੁਖੌਟੇ ਨੂੰ ਤੋੜ ਦਿੱਤਾ ਜਾਵੇ ਅਤੇ ਜੋ ਭਾਰਤੀ ਰਾਜੇ ਮੁਗਲਾਂ ਦੇ ਉੱਤਰਾਧਿਕਾਰੀ ਹੋਣ ਦਾ ਦਾਵਾ ਕਰਦੇ ਹਨ ਓਹਨਾਂ ਨੂੰ ਖਤਮ ਕਰ ਦਿੱਤਾ ਜਾਵੇ।"

ਉਸ ਦੇ ਅਨੁਸਾਰ ਭਾਰਤ ਵਿੱਚ ਤਿੰਨ ਪ੍ਰਕਾਰ ਦੀਆਂ ਰਿਆਸਤਾਂ ਸਨ-

1. ਓਹ ਰਿਆਸਤਾਂ ਜੋ ਕਦੇ ਵੀ ਉੱਚਤਰ ਸ਼ਕਤੀ ਦੇ ਅਧੀਨ ਨਹੀਂ ਸਨ ਅਤੇ ਨਾ ਹੀ ਕਰ ਦਿੰਦੀਆਂ ਸਨ।
2. ਓਹ ਰਿਆਸਤਾਂ ਜੋ ਮੁਗਲ ਸਮਰਾਟ ਜਾਂ ਪੇਸ਼ਵਾ ਦੇ ਅਧੀਨ ਸਨ ਅਤੇ ਓਹਨਾਂ ਨੂੰ ਕਰ ਦਿੰਦੀਆਂ ਸਨ ਪ੍ਰੰਤੂ ਹੁਣ ਅੰਗਰੇਜਾਂ ਦੇ ਅਧੀਨ ਸਨ।
3. ਓਹ ਰਿਆਸਤਾਂ ਜੋ ਅੰਗਰੇਜਾਂ ਨੇ ਸਨਦਾਂ ਦੁਆਰਾ ਸਥਾਪਿਤ ਕੀਤੀਆਂ ਸਨ ਪੁਨਰਜੀਵਿਤ ਹੋ ਗਈਆਂ ਸਨ।

ਮੁਗਲ ਸਾਮਰਾਜ ਦੇ ਪਤਨ ਅਤੇ ਮਰਾਠਾ ਸੰਘ ਦੀ ਹਾਰ ਤੋਂ ਬਾਅਦ ਕੰਪਨੀ ਹੀ ਭਾਰਤ ਵਿੱਚ ਸਰਵਸ਼ਰੇਸ਼ਠ ਬਣ ਗਈ।ਡਲਹੌਜ਼ੀ ਦਾ ਵਿਚਾਰ ਸੀ ਕਿ "ਸਵਸਥ ਅਤੇ ਬੁੱਧੀਮਤਾਪੂਰਵਕ ਨੀਤੀ ਦੇ ਅਨੁਸਾਰ ਕੰਪਨੀ ਦਾ ਕਰਤੱਵ ਹੈ ਕਿ ਓਹ ਜ਼ਿਆਦਾ ਰਾਜਸਵ ਨੂੰ ਅਧਿਕ ਪ੍ਰਦੇਸ਼ਾਂ ਨੂੰ ਪ੍ਰਾਪਤ ਕਰਣ ਦਾ ਕੋਈ ਵੀ ਮੌਕਾ, ਜੋ ਸਮੇਂ ਸਮੇਂ ਤੇ ਉਸ ਨੂੰ ਮਿਲੇ ਹੱਥ ਤੋਂ ਨਾ ਜਾਣ ਦੇਵੇ, ਚਾਹੇ ਓਹ ਮੌਕਾ ਸੁਭਾਵਿਕ ਉੱਤਰਾਧਿਕਾਰੀ ਦੀ ਮੌਤ ਤੋਂ ਪ੍ਰਾਪਤ ਹੋਵੇ ਜਾਂ ਕਿਸੇ ਹੋਰ ਪ੍ਰਕਾਰ ਦੇ ਕਾਰਨਾਂ ਦੁਆਰਾ ਉੱਤਰਾਧਿਕਾਰੀ ਨਾ ਹੋਣ ਤੋਂ ਪ੍ਰਾਪਤ ਹੋਵੇ ਜਿੱਥੇ ਕਿ ਹਿੰਦੂ ਕਾਨੂੰਨ ਦੇ ਅਨੁਸਾਰ ਗੋਦ ਲੈਣ ਦੀ ਪ੍ਰਥਾ ਵਿੱਚ ਸਰਕਾਰ ਦੀ ਆਗਿਆ ਲੈਣੀ ਜ਼ਰੂਰੀ ਹੈ।

ਡਲਹੌਜ਼ੀ ਇਹ ਸਵੀਕਾਰ ਕਰਦਾ ਸੀ ਕਿ ਰਾਜਿਆਂ ਦੀ ਨਿਜੀ ਸੰਪਤੀ ਦੇ ਉੱਤਰਾਧਿਕਾਰ ਦੇ ਲਈ ਓਹਨਾਂ ਦੇ ਦੱਤਕ ਪੁੱਤਰ ਨੂੰ ਆਗਿਆ ਹੈ ਪ੍ਰੰਤੂ ਗੱਦੀ ਉੱਤੇ ਅਧਿਕਾਰ ਲਈ ਉਸ ਨੂੰ ਆਗਿਆ ਨਹੀਂ ਹੈ।ਉਸ ਦੇ ਲਈ ਸਰਕਾਰ ਦੀ ਆਗਿਆ ਸਭ ਤੋਂ ਜ਼ਰੂਰੀ ਹੈ। ਸਰਕਾਰ ਦੂਜੀ ਅਤੇ ਤੀਜੀ ਸ਼੍ਰੇਣੀ ਦੇ ਲਈ ਪੁੱਤਰ ਨੂੰ ਗੱਦੀ ਉੱਤੇ ਬੈਠਣ ਦੀ ਆਗਿਆ ਨਹੀਂ ਦੇਵੇਗੀ ਅਤੇ ਓਹ ਰਿਆਸਤਾਂ ਵਿਅਪਗਤ ਹੋ ਜਾਣਗੀਆਂ।

ਉਸ ਹਾਲਤ ਵਿੱਚ ਗੋਦ ਲੈਣ ਦੇ ਅਧਿਕਾਰ ਦੇ ਸਥਾਨ ਤੇ ਸਰਵਸ਼੍ਰੇਸ਼ਠ ਸ਼ਕਤੀ ਦੁਆਰਾ ਵਿਅਪਗਤ ਦਾ ਅਧਿਕਾਰ ਸਥਾਪਿਤ ਕੀਤਾ ਗਿਆ ਕਿਉਂਕਿ ਜੋ ਸ਼ਕਤੀ ਅਧਿਕਾਰ ਦਿੰਦੀ ਹੈ ਓਹ ਲੈ ਵੀ ਸਕਦੀ ਹੈ।

ਡਲਹੌਜ਼ੀ ਨੇ ਇਹ ਸਿਧਾਂਤ ਨਵਾਂ ਨਹੀਂ ਬਣਿਆ ਸੀ। 1834 ਵਿੱਚ ਵੀ ਕੋਰਟ ਓਫ ਡਾਇਰੈਕਟਰਜ਼ ਨੇ ਇਹ ਕਿਹਾ ਸੀ ਕਿ ਪੁੱਤਰ ਦੇ ਨਾ ਹੋਣ ਤੇ ਦੱਤਕ ਪੁੱਤਰ ਲੈਣ ਦਾ ਅਧਿਕਾਰ ਸਾਡੇ ਵੱਲੋਂ ਇੱਕ ਅਨੁਗ੍ਰਹਿ ਹੈ ਅਤੇ ਇੱਕ ਵਿਸ਼ੇਸ਼ ਅਨੁਕੰਪਾ ਅਤੇ ਸਵੀਕ੍ਰਿਤੀ ਹੈ ਜੋ ਇੱਕ ਅਪਵਾਦ ਦੇ ਰੂਪ ਵਿੱਚ ਦੇਣੀ ਚਾਹੀਦੀ ਹੈ।ਗ੍ਰਹਿ ਸਰਕਾਰ ਨੇ 1841 ਵਿੱਚ ਹੀ ਲਿਖਿਆ ਸੀ ਕਿ ਸਭ ਦੇ ਲਈ ਇਕ ਵਰਗੀ ਨੀਤੀ ਅਪਨਾਓਣੀ ਚਾਹੀਦੀ ਹੈ ਅਤੇ ਗਵਰਨਰ-ਜਨਰਲ ਨੂੰ ਆਗਿਆ ਦਿੱਤੀ ਸੀ ਕਿ "ਕੋਈ ਵੀ ਸਿੱਧਾ ਅਤੇ ਸਪਸ਼ਟ ਮਾਣਪੂਰਵਕ ਮੌਕਾ, ਨਵੇਂ ਕਰਾਂ ਨੂੰ ਜਾਂ ਨਵੇਂ ਪ੍ਰਦੇਸ਼ਾਂ ਨੂੰ ਪ੍ਰਾਪਤ ਕਰਨ ਦਾ ਮੌਕਾ ਖੋਣਾ ਨਹੀਂ ਚਾਹੀਦਾ ਅਤੇ ਇਸ ਤੋਂ ਇਲਾਵਾ ਸਾਰੇ ਸਥਾਈ ਅਧਿਕਾਰਾ ਦੀ ਸਾਨੂੰ ਅਸੰਧਿਗਦ ਰੂਪ ਵਿੱਚ ਪਾਲਣਾ ਕਰਨੀ ਚਾਹੀਦੀ ਹੈ।" ਇਨਾਂ ਆਗਿਆ ਦਾ ਪਾਲਣ ਕਰਦੇ ਹੋਏ 1839 ਵਿੱਚ ਮਾਂਡਵੀ ਰਾਜ, 1840 ਵਿੱਚ ਕੋਲਾਬਾ ਅਤੇ ਜਾਲੌਰ ਰਾਜ ਅਤੇ 1842 ਵਿੱਚ ਸੂਰਤ ਦੀ ਨਵਾਬੀ ਖਤਮ ਕਰ ਦਿੱਤੀ ਗਈ।

ਡਲਹੌਜ਼ੀ ਦਾ ਮਤਲਬ ਸੀ ਕਿ ਇਸ ਆਗਿਆ ਦੀ ਪੂਰੀ ਤਰਾਂ ਪਾਲਣਾ ਕੀਤੀ ਜਾਵੇ ਅਤੇ ਕੰਪਨੀ ਨੂੰ ਨਵੇਂ ਪ੍ਰਦੇਸ਼ਾਂ ਨੂੰ ਪ੍ਰਾਪਤ ਕਰਣ ਦਾ ਕੋਈ ਮੌਕਾ ਖੋਣਾ ਨਹੀਂ ਚਾਹੀਦਾ। ਇੰਨਜ ਦੇ ਅਨੁਸਾਰ "ਉਸਦੇ ਪੂਰਵ ਅਧਿਕਾਰੀ ਯਥਾਸੰਭਵ ਵਿਲਯ ਨਹੀਂ ਕਰਦੇ ਸਨ ਅਤੇ ਡਲਹੌਜੀ ਦੀ ਇਹ ਨੀਤੀ ਸੀ ਕਿ ਨਵੇਂ ਪ੍ਰਦੇਸ਼ਾਂ ਨੂੰ ਪ੍ਰਾਪਤ ਕਰਣ ਦਾ ਮੌਕਾ ਖੋਣਾ ਨਹੀਂ ਚਾਹੀਦਾ।" ਪ੍ਰੰਤੂ ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਅਤਿਆਧਿਕ ਉਤਸਾਹੀ ਗਵਰਨਰ ਜਨਰਲ ਨੇ ਕੁਝ ਅਜਿਹੀ ਰਿਆਸਤਾਂ ਨੂੰ ਵੀ ਜੋ 'ਸੰਰੱਖਿਅਤ ਮਿੱਤਰ' ਸਨ, ਇੱਕ ਆਸ਼ਰਿਤ ਰਾਜ ਜਾਂ ਅਧੀਨ ਰਾਜ ਮੰਨ ਲਿਆ ਅਤੇ ਇਸੇ ਲਈ ਰਾਜਪੂਤ ਰਾਜ ਕਰੌਲੀ ਦੇ ਮਾਮਲੇ ਵਿੱਚ ਡਲਹੌਜ਼ੀ ਦੇ ਨਿਰਣੇ ਨੂੰ ਡਾਇਰੈਕਟਰਾਂ ਨੇ ਅਸਵੀਕਾਰ ਕਰ ਦਿੱਤਾ।

ਜੋ ਰਾਜ ਵਿਅਪਗਤ ਸਿਧਾਂਤ ਦੇ ਅਨੁਸਾਰ ਵਿਲਯ ਵਿੱਚ ਲਏ ਗਏ ਸਨ ਓਹ ਸਨ- ਸਤਾਰਾ (1848), ਜੈਤਪੁਰ ਅਤੇ ਸੰਭਲਪੁਰ (1849), ਬਘਾਟ (1850), ਉਦੇਪੁਰ (1852), ਝਾਂਸੀ (1853) ਅਤੇ ਨਾਗਪੁਰ (1854)।

ਨੋਟਸ ਆਪਣੀ ਨੀਤੀ ਦਾ 1854 ਵਿੱਚ ਪੁਨਰਾਵਲੋਕਨ ਕਰਦੇ ਹੋਏ ਡਲਹੌਜੀ ਨੇ ਕਿਹਾ ਸੀ, "ਪ੍ਰਥਮ ਸ਼੍ਰੇਣੀ ਦੀ ਰਿਆਸਤਾਂ ਦੇ ਗੋਦ ਲੇਣ ਦੇ ਮਾਮਲੇ ਵਿੱਚ ਸਾਨੂੰ ਹਸਤਖੇਪ ਦਾ ਅਧਿਕਾਰ ਨਹੀਂ ਹੈ।ਦੂਜੀ ਸ਼੍ਰੇਣੀ ਦੇ ਗੋਦ ਲੈਣ ਲਈ ਰਿਆਸਤਾਂ ਨੂੰ ਸਾਡੀ ਆਗਿਆ ਲੈਣੀ ਜ਼ਰੂਰੀ ਹੈ। ਅਸੀਂ ਮਨਾ ਕਰ ਸਕਦੇ ਹਾਂ। ਪ੍ਰੰਤੂ ਆਮ ਤੋਰ ਤੇ ਅਸੀਂ ਆਗਿਆ ਦੇ ਦੇਵਾਂਗੇ। ਪ੍ਰੰਤੂ ਤੀਜੀ ਸ਼੍ਰੇਣੀ ਦੀ ਰਿਆਸਤਾਂ ਬਾਰੇ ਮੇਰਾ ਵਿਸ਼ਵਾਸ ਹੈ ਕਿ ਉੱਤਰਾਧਿਕਾਰ ਵਿੱਚ ਗੋਦ ਲੈਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ।"

**ਸਤਾਰਾ–** ਇਹ ਇਸ ਸਿਧਾਂਤ ਦੇ ਅਨੁਸਾਰ ਵਿਲਯ ਕੀਤਾ ਗਿਆ ਪਹਿਲਾ ਰਾਜ ਸੀ। ਰਾਜਾ ਅੱਪਾ ਸਾਹਿਬ ਦਾ ਕੋਈ ਪੁੱਤਰ ਨਹੀਂ ਸੀ।ਓਹਨਾਂ ਨੇ ਮੌਤ ਤੋਂ ਕੁਝ ਦਿਨ ਪਹਿਲਾਂ ਕੰਪਨੀ ਦੀ ਆਗਿਆ ਤੋਂ ਬਿਨਾਂ ਇੱਕ 'ਦੱਤਕ ਪੁੱਤਰ' ਬਣਾ ਲਿਆ। ਲਾਰਡ ਹੇਸਟਿੰਗਜ਼ ਨੇ 1818 ਵਿੱਚ ਮਰਾਠਾ ਸ਼ਕਤੀ ਨੂੰ ਖਤਮ ਕਰਕੇ ਸ਼ਿਵਾਜੀ ਦੇ ਵੰਸ਼ਜ ਪ੍ਰਤਾਪ ਸਿੰਘ ਨੂੰ ਸਤਾਰਾ ਦਾ ਰਾਜ "ਉਸਨੂੰ, ਉਸ ਦੇ ਪੁੱਤਰਾਂ ਅਤੇ ਉਸ ਦੇ ਉੱਤਰਾਧਿਕਾਰੀਆਂ ਨੂੰ ਦੇ ਦਿੱਤਾ ਸੀ।" 1839 ਵਿੱਚ ਰਾਜਾ ਪ੍ਰਤਾਪ ਸਿੰਘ ਨੂੰ ਗੱਦੀ ਤੋਂ ਉਤਾਰ ਕੇ ਰਾਜ ਉਸਦੇ ਭਰਾ ਅੱਪਾ ਸਾਹਿਬ ਨੂੰ ਦੇ ਦਿੱਤਾ ਗਿਆ ਸੀ। ਬੰਬਈ ਪਰਿਸ਼ਦ ਦੇ ਪ੍ਰਮੁਖ ਸਰ ਜਾਰਜ ਕਲਾਰਕ ਨੇ ਇਸ ਵਿਲਯ ਦੇ ਵਿਰੁੱਧ ਸਲਾਹ ਦਿੱਤੀ ਸੀ। ਡਲਹੌਜੀ ਨੇ ਇਸ ਨੂੰ "ਆਸ਼ਰਿਤ ਰਾਜ" ਘੋਸ਼ਿਤ ਕਰ ਕੇ ਇਸ ਦਾ ਵਿਲਯ ਕਰ ਲਿਆ।ਡਾਇਰੈਕਟਰਾਂ ਨੇ ਇਸ ਦਾ ਸਮਰਥਨ ਕੀਤਾ ਅਤੇ ਕਿਹਾ ਕਿ "ਅਸੀਂ ਪੂਰੀ ਤਰਾਂ ਸਹਿਮਤ ਹਾਂ ਕਿ ਭਾਰਤੀ ਕਾਨੂੰਨ ਅਤੇ ਪ੍ਰਥਾ ਦੇ ਅਨੁਸਾਰ ਸਤਾਰਾ ਜਿਹੇ 'ਅਧਨਿਸਥ ਰਾਜਾਂ' ਨੂੰ ਕੰਪਨੀ ਦੀ ਆਗਿਆ ਤੋਂ ਬਿਨਾਂ ਦੱਤਕ ਪੁੱਤਰ ਲੈਣ ਦਾ ਅਧਿਕਾਰ ਨਹੀਂ ਹੈ।" ਕਾਮਨਜ਼ ਸਭਾ ਵਿੱਚ ਜੇਫ ਹਿਊਜ਼ ਨੇ ਵੀ ਇਸ ਵਿਲਯ ਦੀ "ਜਿਸਦੀ ਲਾਠੀ ਉਸਦੀ ਭੈਂਸ" ਨਹਲ ਤੁਲਨਾ ਕੀਤੀ ਪ੍ਰੰਤੂ ਸਭਾ ਨੇ ਆਗਿਆ ਦੇ ਦਿੱਤੀ।

**ਸੰਭਲਪੁਰ–** ਰਾਜ ਦੇ ਰਾਜਾ ਨਾਰਾਹਿਣ ਸਿੰਘ ਦੇ ਕੋਈ ਪੁੱਤਰ ਨਹੀਂ ਸੀ ਅਤੇ ਉਹ ਕੋਈ ਦੱਤਕ ਪੁੱਤਰ ਵੀ ਨਹੀਂ ਬਣਾ ਸਕੇ। ਰਾਜ 1849 ਵਿੱਚ ਵਿਲਯ ਕਰ ਲਿਆ ਗਿਆ।

**ਝਾਂਸੀ–** ਝਾਂਸੀ ਦਾ ਰਾਜਾ ਪੇਸ਼ਵਾ ਦੇ ਅਧੀਨ ਹੁੰਦਾ ਸੀ।ਬਾਜ਼ੀਰਾਓ ਦੂਜੇ ਦੀ ਹਾਰ ਤੋਂ ਬਾਅਦ ਲਾਰਡ ਹੇਸਟਿੰਗਜ਼ ਨੇ ਰਾਓ ਰਾਮਚੰਦਰ ਨਾਲ ਇੱਕ ਸੰਧੀ ਕੀਤੀ ਜਿਸਦੇ ਅਨੁਸਾਰ "ਉਸ ਨੂੰ, ਉਸਦੇ ਪੁੱਤਰ ਅਤੇ ਉੱਤਰਾਧਿਕਾਰੀਆ" ਨੂੰ ਇਹ ਰਾਜ "ਅਧੀਨਸਥ ਸਹਿਯੋਗ" ਦੀਆਂ ਸ਼ਰਤਾਂ ਤੇ ਦਿੱਤਾ ਗਿਆ।ਰਾਜਾ ਦੀ 1835 ਵਿੱਚ ਮੋਤ ਹੋ ਗਈ ਪ੍ਰੰਤੂ ਕੰਪਨੀ ਨੇ ਰਾਜਾ ਦੇ ਵੰਸ਼ਜ ਗੰਗਾਧਰ ਰਾਓ ਨੂੰ ਵੁੱਤਰਾਧਿਕਾਰੀ ਸਵੀਕਾਰ ਕਰ ਲਿਆ।ਨਵੰਬਰ 1853 ਵਿੱਚ ਇਹ ਰਾਜਾ ਵੀ ਪੁੱਤਰ ਤੋਂ ਬਿਨਾਂ ਹੀ ਸਵਰਗ ਸਿਧਾਰ ਗਿਆ।ਰਾਜ ਨੂੰ ਕੰਪਨੀ ਨੇ ਵਿਲਯ ਕਰ ਲਿਆ।ਦੱਤਕ ਪੁੱਤਰ ਦਾ ਅਧਿਕਾਰ ਸਵੀਕਾਰ ਨਹੀਂ ਕੀਤਾ ਗਿਆ।

**ਨਾਗਪੁਰ–** ਇਸ ਮਰਾਠਾ ਰਾਜ ਦਾ ਘੇਰਾ 80,000 ਵਰਗ ਮੀਲ ਸੀ। 1817 ਵਿੱਚ ਲਾਰਡ ਹੇਸਟਿੰਗਜ ਨੇ ਭੌਂਸਲੇ ਪਰਿਵਾਰ ਤੋਂ ਇੱਕ ਸ਼ਿਸ਼ੂ ਰਾਘੂਜੀ ਤੀਜੇ ਨੂੰ ਉੱਤਰਾਧਿਕਾਰੀ ਸਵੀਕਾਰ ਕਰ ਲਿਆ ਸੀ। ਸਰ ਰਿਚਰਡ ਜੈਕਿੰਸ ਨੇ 1830 ਤੱਕ ਵੁਸ ਦੇ ਸੰਰੱਖਿਅਕ ਦੇ ਰੂਪ ਵਿੱਚ ਕੰਮ ਕੀਤਾ ਅਤੇ ਬਾਲਿਗ ਹੋਣ ਤੋਂ ਬਾਅਦ ਸ਼ਾਸਲ ਉਸਨੂੰ ਸੋਂਪ ਦਿੱਤਾ।1853 ਵਿੱਚ ਰਾਜਾ ਦਾ ਬਿਨਾਂ ਦੱਤਕ ਪੁੱਤਰ ਗੋਦ ਲਏ ਹੀ ਸਵਰਗਵਾਸ ਹੋ ਗਿਆ।ਪ੍ਰੰਤੂ ਉਸ ਨੇ ਰਾਣੀ ਨੂੰ ਪੁੱਤਰ ਗੋਦ ਲੈਣ ਨੂੰ ਕਹਿ ਦਿੱਤਾ ਸੀ।ਜਦੋਂ ਰਾਣੀ ਨੇ ਪੁੱਤਰ ਗੋਦ ਲੈਣ ਦਾ ਪ੍ਰਸਤਾਵ ਕੀਤਾ ਤਾਂ ਕੰਪਨੀ ਲੇ ਸਵੀਕਾਰ ਨਹੀਂ ਕੀਤਾ ਅਤੇ ਰਾਜ ਵਿਲਯ ਕਰ ਲਿਆ।ਸਭ ਤੋਂ ਮਹੱਤਵਪੂਰਣ ਗੱਲ ਇਹ ਸੀ ਕਿ ਰਾਜਾ ਦੀ ਨਿਜੀ ਸੰਪਤੀ ਵੀ ਕੰਪਨੀ ਨੇ ਇਹ ਕਹਿ ਕੇ ਲੈ ਲਈ ਕਿ ਇਹ ਤਾਂ ਰਾਜ ਦੀ ਆਮਦਨੀ ਤੋਂ ਹੀ ਮੁੱਲ ਲਈ ਗਈ ਹੈ। ਭੌਂਸਲੇ ਦੇ ਮਹਿਲ ਨੂੰ ਇੱਕ ਤਰਾਂ ਨਾਲ ਲੁੱਟਿਆ ਗਿਆ। ਰਾਣੀਆਂ ਦੇ ਗਹਿਣੇ ਅਤੇ ਰਾਜ ਪ੍ਰਸਾਦ ਦਾ ਸਾਮਾਨ ਵੇਚ ਕੇ ਲਗਭਗ 2 ਲੱਖ ਪੌਂਡ ਪ੍ਰਾਪਤ ਕੀਤੇ ਗਏ।

**ਵਿਅਪਗਤ ਦੇ ਸਿਧਾਂਤ ਦੀ ਸਮੀਖਿਆ–** ਜਦੋਂ ਕੰਪਨੀ ਨੇ ਭਾਰਤ ਵਿੱਚ ਰਾਜ ਵਿਸਤਾਰ ਕਰਨਾ ਸ਼ੁਰੂ ਕੀਤਾ ਸੀ ਤਾਂ ਕੰਪਲੀ ਨੇ ਬਾਰ ਬਾਰ ਪਾਰਤੀਆਂ ਦੇ ਅਧਿਕਾਰਾਂ ਅਤੇ ਵਿਸ਼ੇਸ਼ਾਧਿਕਾਰਾਂ ਦੀ ਹੀ ਨਹੀਂ ਬਲਕਿ ਓਹਨਾਂ ਦੇ ਜਾਤੀ ਕਾਨੂੰਨ ਅਤੇ ਧਾਰਮਿਕ ਅਤੇ ਸਮਾਜਿਕ ਪ੍ਰਥਾਵਾਂ ਅਤੇ ਪੂਰਵਾਗ੍ਰਹਾਂ ਆਦਿ ਦੀ ਰੱਖਿਆ ਕਰਣ ਅਤੇ ਓਹਨਾਂ ਦੀ ਇੱਜ਼ਤ ਕਰਣ ਦਾ ਆਸ਼ਵਾਸਨ ਦਿੱਤਾ ਸੀ। ਹਿੰਦੂਆਂ ਵਿੱਚ ਪੁੱਤਰ ਗੋਦ ਲੈਣ ਦੀ ਪ੍ਰਥਾ ਪ੍ਰਾਚੀਨ ਸੀ।ਅਤੇ ਓਹ ਬੜੀ ਧੂਮਧਾਮ ਨਾਲ ਅਤੇ ਧਾਰਮਿਕ ਕਰਮਕਾਂਡ ਦੇ ਅਨੁਸਾਰ ਹੀ ਮਨਾਈ ਜਾਂਦੀ ਸੀ। ਮੁਗਲਾਂ ਅਤੇ ਪੇਸ਼ਵਾਵਾਂ ਦੇ ਅਧੀਨ ਉੱਤਰਾਧਿਕਾਰੀ ਦੀ ਸਵੀਕ੍ਰਿਤੀ ਲਈ ਕੇਵਲ ਨਜ਼ਰਾਨਾ ਹੀ ਦੇਣਾ ਹੁੰਦਾ ਸੀ। ਲਾਰਡ ਡਲਹੌਜ਼ੀ ਨੇ ਹਿੱਕ ਮ੍ਰਿਤ ਰਿਵਾਜ਼ ਨੂੰ ਪੁਨਰਜੀਵਿਤ ਕੀਤਾ ਅਤੇ ਉਸਦਾ ਸਾਮਰਾਜੀ ਉਦੇਸ਼ਾਂ ਲਈ ਪ੍ਰਯੋਗ ਕੀਤਾ। "ਵਿਅਪਗਤ ਦਾ ਸਿਧਾਂਤ" ਚਾਰਲਸ ਪਹਿਲੇ ਦੇ ਵਿਅਕਤੀਗਤ ਸ਼ਾਸਨ ਦਿਨਾਂ ਵਿਚ ਸਾਮੰਤਸ਼ਾਹੀ ਦੇ ਕਰਾਂ ਨੂੰ ਦੁਬਾਰਾ ਲਾਗੂ ਕਰਣ ਦੇ ਸਮਾਨ ਨਿਆਅ ਦੇ ਨਾਂ ਤੇ ਲੁੱਟਮਾਰ ਦਾ ਇੱਕ ਸਾਧਨ ਮਾਤਰ ਸੀ।

ਆਸ਼ਰਿਤ ਰਿਅਸਤਾਂ ਅਤੇ ਸੰਰੱਖਿਅਤ ਮਿੱਤਰ ਰਿਆਸਤਾਂ ਦਾ ਭੇਦ ਇੱਕ ਕਲਪਨਾ ਮਾਤਰ ਸੀ ਅਤੇ ਸਿਰਫ ਵਾਲ ਦੀ ਖਾਲ ਉਤਾਰਣ ਵਾਲੀ ਗੱਲ ਸੀ। ਝਗੜੇ ਵਾਲੇ ਮਾਮਲਿਆਂ ਵਿੱਚ ਕੰਪਨੀ ਜਾਂ ਕੋਰਟ ਓਫ ਡਾਇਰੈਕਟਰਜ਼ ਦੁਆਰਾ ਅਰਥ ਹੀ ਨਿਰਣਾਇਕ ਮੰਨੇ ਜਾਂਦੇ ਸਨ। ਕੋਈ ਉੱਚਤਮ ਨਿਆਲਾ ਤਾਂ ਸੀ ਜੋ ਇਨਾਂ ਪ੍ਰਸ਼ਨਾਂ ਦੇ ਨਿਰਪੱਖ ਨਿਰਣਾ ਦੇ ਸਕੇ।

ਲਾਰਡ ਡਲਹੌਜ਼ੀ ਨੇ ਇਨਾਂ ਪਰੰਪਰਾਵਾਂ ਨੂੰ ਤੋੜਿਆ ਅਤੇ ਬਹੁਤ ਸਾਰੇ ਮੌਕਿਆਂ ਉੱਤੇ ਸਾਮਰਾਜਵਾਦੀ ਭਾਵਨਾ ਨੂੰ ਹੀ ਉਸਨੇ ਆਪਣਾ ਪਥਪ੍ਰਦਰਸ਼ਕ ਮੰਨਿਆ।ਲੀ ਵਾਰਨਰ ਜਿਹੇ ਵਿਅਕਤੀ ਵੀ ਇਹ ਸਵੀਕਾਰ ਕਰਦੇ ਹਨ ਕਿ ਸਤਾਰਾ ਅਤੇ ਨਾਗਪੁਰ ਦੇ ਮਾਮਲੇ ਵਿੱਚ ਸਾਮਰਾਜਵਾਦੀ ਭਾਵਨਾ ਦੁਆਰਾ ਹੀ ਪ੍ਰੇਰਿਤ ਹੋਇਆ, ਕਿਓਂਕਿ ਇਹ ਦੋਵੇਂ ਰਿਆਸਤਾਂ ਬੰਬਈ-ਮਦਰਾਸ, ਅਤੇ ਮਦਰਾਸ ਕਲਕੱਤਾ ਦੇ ਵਿੱਚ ਸੰਚਾਰ ਵਿਵਸਥਾ ਦੇ ਵਿੱਚ ਰੁਕਾਵਟ ਪਾਓਂਦੀਆਂ ਸਨ।

ਕੋਰਟ ਓਫ ਡਾਇਰੈਕਟਰਜ਼ ਨੇ ਕਰੌਲੀ ਦੇ ਵਿਲਯ ਦੀ ਆਗਿਆ ਨਹੀਂ ਦਿੱਤੀ ਅਤੇ ਇਸ ਤਰਾਂ ਲਾਰਡ ਕੈਨਿੰਗ ਨੇ ਬਘਾਟ ਅਤੇ ਉਦੈਪੁਰ ਰਾਜ ਵਾਪਿਸ ਕਰ ਦਿੱਤੇ।

1856 ਵਿੱਚ ਅਵਧ ਦਾ ਕੁਸ਼ਾਸਨ ਦੇ ਦੋਸ਼ ਵਿੱਚ ਵਿਲਯ ਕਰ ਦਿੱਤਾ ਗਿਆ।

ਨੋਟ

ਲਾਰਡ ਡਲਹੌਜ਼ੀ ਦੇ ਵਿਲਯ ਤੋਂ ਲਗਭਗ 3 ਗੁਣਾ ਪ੍ਰਦੇਸ਼ ਕੰਪਨੀ ਦੇ ਸਾਮਰਾਜ ਵਿੱਚ ਸ਼ਾਮਿਲ ਹੋਏ।ਉੱਤਰ ਪੱਛਮੀ ਪ੍ਰਦੇਸ਼ ਵਿੱਚ ਅੰਗਰੇਜ਼ ਦੱਰਿਆਂ ਦੇ ਸੰਰੱਖਿਅਕ ਬਣ ਗਏ।ਉੱਤਰ ਵਿੱਚ ਅੰਗਰੇਜ਼ ਸਾਮਰਾਜ ਦੀਆਂ ਸੀਮਾਵਾਂ ਤਿੱਬਤ ਅਤੇ ਚੀਨੀ ਸਾਮਰਾਜ ਨੂੰ ਛੂਣ ਲੱਗੀਆਂ ਅਤੇ ਦੱਖਣ ਪੂਰਬ ਵਿੱਚ ਅੰਗਰੇਜਾਂ ਨੇ ਬੰਗਾਲ ਦੀ ਖਾੜੀ ਦੇ ਤਟਾਂ ਤੇ ਆਪਣਾ ਅਧਿਕਾਰ ਬਣਾ ਲਿਆ।ਭਾਰਤੀ ਉਪਮਹਾਂ ਦੀਪ ਵਿੱਚ ਅੰਗਰੇਜੀ ਸਾਮਰਾਜ ਕੁਦਰਤੀ ਸੀਮਾਵਾਂ ਨੂੰ ਛੂਣ ਲੱਗਾ ਅਤੇ ਸਮੁੰਦਰ ਅਤੇ ਪਹਾੜ ਉਸ ਦੀਆਂ ਸੀਮਾਵਾਂ ਬਣ ਗਈਆਂ।

ਡਲਹੌਜ਼ੀ ਵਿਲਯਵਾਦੀ ਸੀ। ਉਸਨੇ ਵਿਅਪਗਤ ਦੇ ਸਿਧਾਂਤ ਦਾ ਇਸਤੇਮਾਲ ਆਕਰਾਮਕ ਉਦੇਸ਼ਾਂ ਲਈ ਕੀਤਾ।ਜੇਕਰ ਅਵਧ ਪ੍ਰਦੇਸ਼ਾਂ ਵਿੱਚ ਵਿਅਪਗਤ ਦਾ ਸਿਧਾਂਤ ਲਾਗੂ ਨਹੀਂ ਹੋ ਸਕਿਆ ਤਾਂ ਉਸਨੇ ਚੰਗੇ ਪ੍ਰਸ਼ਾਸਨ ਦੀ ਆੜ ਲੈ ਕੇ ਪ੍ਰਦੇਸ਼ ਦਾ ਵਿਲਯ ਕਰ ਦਿੱਤਾ।ਦੇਸੀ ਰਾਜਿਆਂ ਦਾ ਵਿਚਾਰ ਸੀ ਕਿ ਉਹਨਾਂ ਦੇ ਪ੍ਰਦੇਸ਼ ਵਿਅਪਗਤ ਦੇ ਸਿਧਾਂਤ ਕਾਰਣ ਵਿਲਯ ਕਰ ਦਿੱਤੇ ਗਏ ਅਪਿਤੂ "ਨੈਤਿਕ ਵਿਅਪਗਤ" ਦੇ ਕਾਰਣ। ਪੀ. ਈ. ਰਾਬਟਜ਼ ਦੇ ਕਥਾਨੁਸਾਰ "ਕਾਰਣ ਕੁਝ ਵੀ ਰਹੇ ਹੋਣ, ਸਥਾਨੀ ਰਾਜੇ ਤੱਕ ਵਿਸ਼ਵਾਸ ਕਰਣ ਲੱਗੇ ਸਨ ਕਿ ਸਾਰੇ ਰਾਜਾਂ ਦਾ ਅਸਤਿਤੱਵ ਖਤਰੇ ਵਿੱਚ ਹੈ।" ਅਤੇ ਓਹਨਾਂ ਦਾ ਵਿਲਯ ਹੋ ਜਾਣਾ ਕੇਵਲ ਸਮੇਂ ਦਾ ਹੀ ਪ੍ਰਸ਼ਨ ਹੈ। ਡਲਹੌਜ਼ੀ ਦੇ ਕੰਮਾਂ ਨਾਲ ਉਸਦੀ ਨੀਤੀ ਦਾ ਆਭਾਸ ਹੀ ਨਹੀ ਮਿਲਿਆ ਬਲਕਿ ਇਹ ਵੀ ਸਿੱਧ ਹੋ ਗਿਆ ਸੀ ਕਿ ਵਿਅਪਗਤ ਦੇ ਸਿਧਾਂਤ ਡਲਹੌਜ਼ੀ ਦੇ ਸਾਮਰਾਜਵਾਦ ਨੂੰ ਅਤੇ "ਜਿਸਦੀ ਲਾਠੀ ਉਸਦੀ ਭੈਂਸ" ਦੇ ਕਥਨ ਨੂੰ ਸਿੱਧ ਕਰਦਾ ਸੀ।

**ਉਪਾਧੀਆਂ ਅਤੇ ਪੈਂਸ਼ਨਾਂ ਨੂੰ ਬੰਦ ਕਰਨਾ–** 1801 ਤੋਂ ਹੀ ਕਰਨਾਟਕ ਦਾ ਨਵਾਬ ਇੱਕ ਨਾਂਮਾਤਰ ਜਿਹਾ ਵਿਅਕਤੀ ਸੀ। 1853 ਵਿੱਚ ਕਰਨਾਟਕ ਦੇ ਨਵਾਬ ਦੀ ਮੌਤ ਤੇ ਮਦਰਾਸ ਸਰਕਾਰ ਦੇ ਸੁਝਾਵ ਨਾਲ ਸਹਿਮਤ ਹੋ ਕੇ ਉਸਦੇ ਉੱਤਰਾਧਿਕਾਰੀਆਂ ਨੂੰ ਮਾਨਤਾ ਨਹੀਂ ਦਿੱਤੀ ਗਈ ਅਤੇ ਇਸੇ ਤਰਾਂ ਇਸ ਪ੍ਰਪੰਚ ਨੂੰ ਖਤਮ ਕਰ ਦਿੱਤਾ ਗਿਆ। ਪ੍ਰੰਤੂ 1867 ਵਿੱਚ ਗਵਰਨਰ ਜਨਰਲ ਦਾ ਇਹ ਨਿਰਣਾ ਕੁਝ ਹੱਦ ਤੱਕ ਬਦਲ ਗਿਆ।1855 ਵਿੱਚ ਤੰਜੋਰ ਦੇ ਰਾਜਾ ਦੀ ਮੌਤ ਹੋ ਗਈ । ਉਸ ਤੋਂ ਬਾਅਦ ਉਸ ਦੀਆਂ 16 ਵਿਧਵਾਵਾਂ ਅਤੇ 2 ਕੁੜੀਆਂ ਰਹਿ ਗਈਆਂ। ਇਸ ਉਪਾਧੀ ਨੂੰ ਵੀ ਖਤਮ ਕਰ ਦਿੱਤਾ ਗਿਆ। ਇਸੇ ਤਰਾਂ ਡਲਹੌਜੀ ਦੀ ਇਹ ਯੋਜਨਾ ਸੀ ਕਿ ਮੁਗਲ ਸਮਰਾਟ ਦੀ ਉਪਾਧੀ ਵੀ ਖਤਮ ਕਰ ਦਿੱਤੀ ਜਾਵੇ।ਪ੍ਰੰਤੂ ਡਾਇਰੈਕਟਰਜ਼ ਨੇ ਇਸ ਸੁਝਾਅ ਨੂੰ ਸਵੀਕਾਰ ਨਹੀਂ ਕੀਤਾ। ਪੇਸ਼ਵਾ ਬਾਜ਼ੀਰਾਓ ਦੂਜੇ ਨੂੰ 8 ਲੱਖ ਰੁਪਏ ਸਾਲਾਨਾ ਦੀ ਪੈਂਸ਼ਨ ਮਿਲਦੀ ਸੀ। 1853 ਵਿੱਚ ਵੁਸਦੀ ਮੌਤ ਤੋਂ ਬਾਅਦ ਇਹ ਪੈਂਸ਼ਨ ਉਸਦੇ ਦੱਤਕ ਪੁੱਤਰ ਨਾਨਾ ਸਾਹਿਬ ਨੂੰ ਨਹੀਂ ਦਿੱਤੀ ਗਈ ਕਿਓਂਕਿ ਇਹ ਪੈਂਸ਼ਨ ਨਿਜੀ ਰੂਪ ਵਿੱਚ ਬਾਜੀਰਾਓ ਨੂੰ ਦਿੱਤੀ ਗਈ ਸੀ ਨਾ ਕਿ ਪੇਸ਼ਵਾ ਨੂੰ।

**ਬਰਾੜ ਦਾ ਵਿਲਯ, 1853–** ਹੈਦਰਾਬਾਦ ਦੇ ਨਿਜਾਮ ਵੱਲ ਬਹੁਤ ਸਾਰੀ ਧਨਰਾਸ਼ੀ ਜੋ ਉਸਨੂੰ ਸਹਾਇਕ ਸੈਨਾ ਦੇ ਭਰਣ ਭੋਸ਼ਣ ਲਈ ਦੇਣੀ ਸੀ, ਬਾਕੀ ਸੀ। ਉਸਨੂੰ 1853 ਉਸ ਧਨ ਬਦਲੇ ਬਰਾੜ ਪ੍ਰਦੇਸ਼ ਦੇਣ ਲਈ ਮਜਬੂਰ ਕੀਤਾ ਗਿਆ।ਇਹ ਅਨੁਮਾਨ ਲਗਾਇਆ ਗਿਆ ਕਿ ਇਹ ਸਾਰਾ ਉਰਵਰ ਪ੍ਰਦੇਸ਼ ਜੋ ਵਿਲਯ ਕੀਤਾ ਗਿਆ, ਲਗਭਗ 50 ਲੱਖ ਰੁਪਏ ਸਾਲਾਨਾ ਦਿੰਦਾ ਸੀ।

**ਅਵਧ ਦਾ ਵਿਲਯ, 1856–** ਚਾਹੇ ਬਕਸਰ ਦੇ ਯੁੱਧ (1764) ਵਿੱਚ ਅਵਧ ਦਾ ਨਵਾਬ ਹਾਰ ਗਿਆ ਸੀ ਅਤੇ ਅੰਗਰੇਜ਼ ਚਾਹੁੰਦੇ ਤਾਂ ਅਵਧ ਨੂੰ ਉਸੇ ਸਮੇਂ ਆਪਣੇ ਅਧੀਨ ਕਰ ਲੈਂਦੇ, ਪ੍ਰੰਤੂ ਓਹਨਾਂ ਨੇ ਇਹੀ ਉਚਿਤ ਸਮਝਿਆ ਕਿ ਅਵਧ ਦਾ ਨਵਾਬ ਕੇਵਲ ਕਾਰਾ ਅਤੇ ਇਲਾਹਾਬਾਦ ਦੇ ਜਿਲੇ ਅੰਗਰੇਜਾਂ ਨੂੰ ਦੇ ਦੇਵੇ। 1801 ਵਿੱਚ ਵੈਲਜਲੀ ਨੇ ਨਵਾਬ ਨੂੰ ਇੱਕ ਹੋਰ ਸੰਧੀ ਤੇ ਹਸਤਾਖਰ ਕਰਣ ਲਈ ਮਜਬੂਰ ਕੀਤਾ। ਅਤੇ ਲੋਅਰ ਦੁਆਬ ਅਤੇ ਰੁਹੇਲਖੰਡ ਦੇ ਜਿਲੇ ਲੈ ਲਏ।ਇਸ ਤੋਂ ਬਾਅਦ ਅਵਧ ਦਾ ਨਵਾਬ ਆਪਣੇ ਦੇਸ਼ ਦੀ ਅੰਦਰੂਨੀ ਸ਼ਾਂਤੀ ਅਤੇ ਬਾਹਰੀ ਸੁਰੱਖਿਆ ਲਈ ਕੰਪਨੀ ਉੱਤੇ ਦਿਨ ਪ੍ਰਤੀਦਿਨ ਨਿਰਭਰ ਕਰਣ ਲੱਗਾ। ਦੇਸ਼ ਦੇ ਕਲਿਆਣ ਵੱਲੋਂ ਅੱਖਾਂ ਮੂੰਦ ਲਈਆਂ ਅਤੇ ਪ੍ਰਜਾ ਕੰਪਨੀ ਅਤੇ ਨਵਾਬ ਦੇ ਕੁਪ੍ਰਸ਼ਾਸਨ ਅਤੇ ਵਿੱਤੀ ਬੋਝ ਹੇਠਾਂ ਦਬਣ ਲੱਗੀ।

ਵਿਲੀਅਮ ਬੈਂਟਿੰਕ ਨੇ ਨਵਾਬ ਨੂੰ ਸਖਤ ਚੇਤਾਵਨੀ ਦਿੱਤੀ।ਇੱਕ ਸਮੇਂ ਕੰਪਨੀ ਦੇ ਡਾਇਰੈਕਟਰਾਂ ਨੇ ਵਿਲੀਅਮ ਬੈਂਟਿੰਕ ਨੂੰ ਇਹ ਚੇਤਾਵਨੀ ਦੇ ਦਿੱਤੀ ਕਿ ਓਹ ਅਵਧ ਦਾ ਵਿਲਯ ਕਰ ਲਵੇ ਪ੍ਰੰਤੂ ਫਿਰ ਵੀ ਵਿਲੀਅਮ ਬੈਂਟਿੰਕ ਨੇ ਅਜਿਹਾ ਨਹੀਂ ਕੀਤਾ।

19ਵੀਂ ਸ਼ਤਾਬਦੀ ਦੇ ਮੱਧ ਤੱਕ ਅੰਗਰੇਜ਼ ਅਵਧ ਦੇ ਵਿਲਯ ਦੇ ਪੱਖ ਵਿੱਚ ਹੋ ਗਏ ਸਨ। ਅਸਲ ਵਿੱਚ ਮੱਧ ਵਿਕਟੋਰੀਆ ਯੁੱਗ ਦੇ ਸਾਮਰਾਜਵਾਦੀ ਇਹ ਵਿਸ਼ਵਾਸ ਕਰਣ ਲੱਗੇ ਸਨ ਕਿ ਅੰਗਰੇਜ਼ ਹੀ ਚੰਗਾ ਪ੍ਰਸ਼ਾਸਨ ਦੇਣ ਯੋਗ ਹਨ, ਭਾਰਤੀਆਂ ਦਾ ਓਨਾਂ ਦੇ ਸ਼ਾਸਨ ਦੇ ਅਧੀਨ ਰਹਿਣਾ ਅਤੇ ਅਵਧ ਦਾ ਵਿਲਯ ਬਹੁਤ ਜ਼ਰੂਰੀ ਹੈ। ਲੰਦਨ ਟਾਈਮਜ਼ ਨੇ ਇਸੇ ਪ੍ਰਕਾਰ ਦੀ ਭਾਵਨਾ ਦੇ ਅਧੀਨ ਕਿਹਾ ਸੀ ਕਿ, "ਭਾਰਤੀ ਜਾਤ ਬਹੁਤ ਤੁੱਛ ਜਿਹੀ ਜਾਤ ਹੈ ਅਤੇ ਪ੍ਰਿਥਵੀ ਦੇ ਦੂਜੇ ਛੋਰ ਤੱਕ ਇੱਕ ਮਹਾਨ ਜਾਤ ਓਹਨਾਂ ਉੱਤੇ ਰਾਜ ਕਰਣ ਲਈ ਪਹੁੰਚ ਗਈ ਹੈ।" ਇਸ ਲਈ ਵਿਲਯ ਦੇ ਕੰਮ ਵਿੱਚ ਡਲਹੌਜ਼ੀ ਨੂੰ ਨਾ ਤਾਂ ਕਿਸੇ ਸੰਧੀ ਦੀ ਲੋੜ ਸੀ ਅਤੇ ਨਾ ਹੀ ਓਹ ਕਿਸੇ ਭਾਵੁਕਤਾ ਨਾਲ ਪ੍ਰੇਰਿਤ ਹੋਇਆ।

ਅਵਧ ਦੇ ਵਿਲਯ ਦਾ ਮੁੱਖ ਕਾਰਣ ਸਿਰਫ ਉੱਥੇ ਦਾ ਕੁਸ਼ਾਸਨ ਹੀ ਸੀ।ਇਸ ਗੱਲ ਤੇ ਧਿਆਨ ਨਹੀਂ ਦਿੱਤਾ ਗਿਆ ਕਿ ਇਸ ਕੁਸ਼ਾਸਨ ਦਾ ਮੁੱਖ ਕਾਰਣ ਅੰਗਰੇਜ਼ ਆਪ ਹੀ ਸਨ। ਸਮਕਾਲੀਨ ਅਨੇਕ ਲੇਖਕਾਂ ਨੇ ਬਾਰ ਬਾਰ ਇਹ ਕਿਹਾ ਹੈ ਕਿ ਉਸ ਦੇਸ਼ ਵਿੱਚ ਅੰਗਰੇਜ਼ ਹਸਤਖੇਪ ਨੇ ਉਥੋਂ ਦੀ ਰਾਜਵਿਵਸਥਾ ਨੂੰ ਅਜਿਹਾ ਬਣਾ ਦਿੱਤਾ ਸੀ ਕਿ ਇਹ ਅੰਗਰੇਜਾਂ ਦੇ ਨਾਂ ਤੇ ਇੱਕ ਬੜਾ ਭਾਰੀ ਕਲੰਕ ਸੀ।ਕੁਸ਼ਾਸਨ ਵਿਲਯ ਦਾ ਇੱਕ ਬੜਾ ਸੁਗਮ ਜਿਹਾ ਕਾਰਣ ਸੀ। ਪ੍ਰੋਫੈਸਰ ਕੇ. ਕੇ. ਦੱਤਾ ਦੇ ਅਨੁਸਾਰ, "ਭਾਰਤ ਵਿੱਚ ਜਲਦੀ ਜਲਦੀ ਫੈਲਦੇ ਹੋਏ ਅੰਗਰੇਜੀ ਸਾਮਰਾਜ ਦੇ ਮੱਧ ਵਿੱਚ ਅਵਧ ਵਰਗੇ ਕੁਪ੍ਰਸ਼ਾਸਨ ਵਰਗੇ ਰਾਜ ਦਾ ਹੋਣਾ, ਅੰਗਰੇਜੀ ਸਾਮਰਾਜ ਦੇ ਨਿਰਮਾਤਾਵਾਂ ਲਈ ਇੱਕ ਬੜਾ ਭਾਰੀ ਅਤੇ ਕਾਫੀ ਹੱਦ ਤੱਕ ਗੈਰਜਰੂਰੀ ਤੱਤ ਸੀ ਅਤੇ ਜਿੰਨੀ ਜਲਦੀ ਇਸ ਨੂੰ ਖਤਮ ਕੀਤਾ ਜਾਵੇ ਓਨਾਂ ਹੀ ਚੰਗਾ ਸੀ।"

ਨੋਟ

ਡਲਹੌਜ਼ੀ ਨੇ ਇਸ ਪ੍ਰਦੇਸ਼ ਦੇ ਵਿਲਯ ਦੀ ਯੋਜਨਾ ਬਹੁਤ ਦੱਖਤਾਪੂਰਣ ਬਣਾਈ।ਉਸ ਨੇ ਆਪਣੇ ਅਧਿਕਾਰੀ ਉੱਥੋਂ ਦੇ ਸ਼ਾਸਨ ਦੀ ਜਾਂਚ ਕਰਣ ਲਈ ਭੇਜੇ ਜਿਨਾਂ ਨੇ ਹਿੱਕ ਵਿਸਤ੍ਰਿਤ ਵਿਵਰਣ ਉੱਥੋਂ ਦੇ ਕੁਸ਼ਾਸਨ ਦੇ ਵਿਸ਼ੇ ਵਿੱਚ ਓਹਨਾਂ ਨੂੰ ਭੇਜਿਆ, ਜਿਸ ਨੂੰ ਲੰਦਨ ਭੇਜ ਕੇ ਉਸ ਨੇ ਗ੍ਰਹਿ ਸਰਕਾਰ ਤੋਂ ਅਵਧ ਦੇ ਵਿਲਯ ਲਈ ਆਗਿਆ ਪ੍ਰਾਪਤ ਕਰ ਲਈ। ਗ੍ਰਹਿ ਸਰਕਾਰ ਅਤੇ ਬ੍ਰਿਟਿਸ਼ ਜਨਮਤ ਤਿਆਰ ਕਰਣ ਤੋਂ ਬਾਅਦ ਡਲਹੋਜੀ ਨੇ ਬਹੁਤ ਤਤਪਰਤਾ ਨਾਲ ਕੰਮ ਕੀਤਾ।

1848 ਵਿੱਚ ਕਰਨਲ ਸਲੀਮਨ ਨੂੰ ਲਖਨਊ ਵਿੱਚ ਰੈਜ਼ੀਡੈਂਟ ਦੇ ਰੂਪ ਵਿੱਚ ਭੇਜਿਆ।ਸਲੀਮਨ ਨੇ ਕੁਸ਼ਾਸਨ ਦੇ ਵਿਸਤ੍ਰਿਤ ਵਿਵਰਣ ਭੇਜੇ। ਪ੍ਰੰਤੂ ਸਲੀਮਨ ਵਿਲਯ ਦੇ ਪੱਖ ਵਿੱਚ ਨਹੀਂ ਸੀ।ਓਹ ਚਾਹੁੰਦਾ ਸੀ ਕਿ ਪ੍ਰਸ਼ਾਸਨ ਦਾ ਜ਼ਿਆਦਾ ਤੋਂ ਜ਼ਿਆਦਾ ਕੰਮ ਅੰਗਰੇਜਾਂ ਦੁਆਰਾ ਚਲਾਇਆ ਜਾਵੇ।ਉਸ ਦਾ ਵਿਚਾਰ ਸੀ ਕਿ, "ਜੇਕਰ ਅਸੀਂ ਅਵਧ ਦਾ ਵਿਲਯ ਕਰ ਲੈਂਦੇ ਹਾਂ ਤਾਂ ਸਾਡੇ ਨਾਂ ਤੇ ਕਲੰਕ ਲੱਗ ਜਾਵੇਗਾ ਅਤੇ ਸਾਡਾ ਨਾਂ ਸਾਨੂੰ ਇੱਕ ਦਰਜਨ ਅਵਧਾਂ ਤੋਂ ਜ਼ਿਆਦਾ ਪਿਆਰਾ ਹੈ। ਅਸੀਂ ਇੱਕ ਦੇਵ ਦੇ ਸਮਾਨ ਹਾਂ ਅਤੇ ਜੇ ਕਰ ਅਸੀਂ ਆਪਣੀ ਸ਼ਕਤੀ ਦਾ ਪ੍ਰਯੋਗ ਇੱਕ ਦੇਵ ਦੇ ਰੂਪ ਵਿੱਚ ਕਰਾਂਗੇ ਤਾਂ ਸਾਰੇ ਭਾਰਤ ਦੀ ਦ੍ਰਿਸ਼ਟੀ ਵਿੱਚ ਗਿਰ ਜਾਂਵਾਂਗੇ।" 1854 ਵਿੱਚ ਸਲੀਮਨ ਦੀ ਥਾਂ ਤੇ ਆਊਟ੍ਰਮ ਆਇਆ। ਉਸਨੇ ਇਹ ਵੀ ਕਿਹਾ ਕਿ ਅਵਧ ਦਾ ਪ੍ਰਸ਼ਾਸਨ ਬਹੁਤ ਦੂਸ਼ਿਤ ਹੈ ਅਤੇ ਲੋਕਾਂ ਦੀ ਹਾਲਤ ਬਹੁਤ ਖਰਾਬ ਹੈ।

ਗਵਰਨਰ ਜਨਰਲ ਦੀ ਪਰਿਸ਼ਦ ਵਿੱਚ ਤਿੰਨ ਤੱਤਾਂ ਤੇ ਬਹਿਸ ਹੋਈ:

1. ਨਵਾਬ ਨੂੰ ਗੱਦੀ ਛੱਡਣ ਲਈ ਮਜਬੂਰ ਕੀਤਾ ਜਾਵੇ ਅਤੇ ਅਵਧ ਦਾ ਵਿਲਯ ਕੀਤਾ ਜਾਵੇ।
2. ਨਵਾਬ ਨਾਂਮਾਤਰ ਹੀ ਰਹੇ ਅਤੇ ਸ਼ਾਸਨ ਅੰਗਰੇਜਾਂ ਦੇ ਹੱਥ ਵਿੱਚ ਹੋਵੇ।
3. ਲਖਨਊ ਦਾ ਰੈਜ਼ੀਡੈਂਟ ਕੁਝ ਸੀਮਿਤ ਕਾਲ ਲਈ ਕਾਰਜਭਾਰ ਸੰਭਾਲ ਲਵੇ।

ਪਰਿਸ਼ਦ ਦੀ ਸਾਧਾਰਣ ਤਾਂ ਵਿਲਯ ਦੇ ਪੱਖ ਵਿੱਚ ਹੀ ਸੀ। ਸਾਰੇ ਕੰਮ ਨੂੰ ਡਲਹੌਜ਼ੀ ਨੇ ਇਸ ਤਰਾਂ ਆਯੋਜਿਤ ਕੀਤਾ ਕਿ ਕੋਰਟ ਓਫ ਡਾਇਰੈਕਟਰਜ਼ ਨੇ ਵਿਲਯ ਦੇ ਪੱਖ ਵਿੱਚ ਆਪਣਾ ਨਿਰਣਾ ਦੇ ਦਿੱਤਾ ਅਤੇ ਕਿਹਾ ਕਿ ਆਪਣਾ ਕਾਰਜਭਾਰ ਛੱਡਣ ਤੋਂ ਪਹਿਲਾਂ ਓਹ ਇਸ ਕੰਮ ਨੂੰ ਪੂਰਾ ਕਰ ਦੇਵੇ।ਪ੍ਰੰਤੂ ਡਲਹੌਜ਼ੀ ਨੇ ਨਵਾਬ ਵਾਜਿਦ ਅਲੀ ਸ਼ਾਹ ਨੂੰ ਸਿੰਘਾਸਨ ਛੱਡਣ ਲਈ ਕਿਹਾ।ਜਦੋਂ ਉਸਨੇ ਇਨਕਾਰ ਕੀਤਾ ਤਾਂ 13 ਫਰਵਰੀ, 1856 ਦੀ ਘੋਸ਼ਣਾ ਦੇ ਅਨੁਸਾਰ ਰਿਆਸਤ ਦਾ ਵਿਲਯ ਕਰ ਦਿੱਤਾ ਗਿਆ। ਡਲਹੌਜ਼ੀ ਨੇ ਇਸ ਨੂੰ ਇਨਾਂ ਸ਼ਬਦਾਂ ਵਿੱਚ ਉਚਿਤ ਠਹਿਰਾਇਆ, "ਜੇਕਰ ਅੰਗਰੇਜ਼ ਸਰਕਾਰ ਇਸ ਪ੍ਰਕਾਰ ਦੇ ਕੁਸ਼ਾਸਨ ਨੂੰ ਜਿਸ ਵਿੱਚ ਕਰੋੜਾਂ ਲੋਕ ਪਿਸ ਰਹੇ ਹਨ, ਜ਼ਿਆਦਾ ਦੇਰ ਤੱਕ ਚੱਲਣ ਵਿੱਚ ਸਹਾਇਤਾ ਕਰਦੀ ਹੈ ਤਾਂ ਮਾਨਵ ਅਤੇ ਈਸ਼ਵਰ ਦੋਹਾਂ ਦੀ ਦ੍ਰਿਸ਼ਟੀ ਵਿੱਚ ਦੋਸ਼ੀ ਹੋਵੇਗੀ।" ਕੰਪਨੀ ਦੇ ਕੁਝ ਰੂੜੀਵਾਦੀ ਡਾਇਰੈਕਟਰ ਇਸ ਦੇ ਪੱਖ ਵਿੱਚ ਨਹੀਂ ਸਨ। ਈਸਟ ਇੰਡੀਆ ਕੰਪਨੀ ਦੀ ਇੱਕ ਸਾਧਾਰਣ ਸਭਾ ਵਿੱਚ ਇਸ ਕੰਮ ਨੂੰ ਅਨੁਚਿਤ ਠਹਿਰਾਓਣ ਲਈ ਇੱਕ ਨਿੰਦਾ ਪ੍ਰਸਤਾਵ ਵੀ ਰੱਖਿਆ ਗਿਆ ਕਿ ਇਹ ਵਿਲਯ ਅੰਗਰੇਜਾਂ ਦੇ ਭਾਰਤੀ ਰਾਜ ਦੇ ਇਤਿਹਾਸ ਵਿੱਚ ਸਭ ਤੋਂ ਘਿਣਾਪੂਰਵਕ ਕੰਮ ਹੈ। ਕੰਪਨੀ ਦੇ ਇੱਕ ਡਾਇਰੈਕਟਰ ਜੋਨ ਸ਼ੇਪਰਡ ਨੇ ਟਿੱਪਣੀ ਕੀਤੀ ਕਿ, "ਇਹ ਵਿਲਯ ਭਾਰਤ ਦੀ ਸੁਤੰਤਰਤਾ ਨੂੰ ਵਧਾਓਣ ਵਿੱਚ ਓਨਾ ਹੀ ਸਫਲ ਹੋਵੇਗਾ ਜਿੰਨਾ ਓਨਾਂ ਦੇ ਅਧਿਕਾਰਾਂ ਅਤੇ ਹਿਤਾਂ ਦੀ ਰੱਖਿਆ ਕਰਣ ਵਿੱਚ।" ਭਾਰਤੀਆਂ ਦੇ ਅਨੁਸਾਰ ਅਵਧ ਦਾ ਵਿਲਯ ਇੱਕ "ਵਾਸਤਵਿਕ ਵਿਸ਼ਵਾਸ ਦੀ ਮਹਾਨ ਅਵਹੇਲਣਾ ਹੈ," ਜਿਸਦੀ ਅੰਤਰਰਾਸ਼ਟਰੀ ਕਾਨੂੰਨ ਆਗਿਆ ਨਹੀਂ ਦਿੰਦਾ। ਕੁਝ ਲੇਖਕਾਂ ਨੇ ਇਸ ਨੂੰ ਇੱਕ "ਮਹਾਨ ਡਕੈਤੀ" ਦੱਸਿਆ।

ਟਾਸਕ ਵਿਅਪਗਤ ਦੇ ਸਿਧਾਂਤ ਤੋਂ ਤੁਸੀਂ ਕੀ ਸਮਝਦੇ ਹੋ?

**ਪ੍ਰਸ਼ਾਸਨਿਕ ਸੁਧਾਰ–** ਲਾਰਡ ਡਲਹੌਜ਼ੀ ਨੇ ਪ੍ਰਸ਼ਾਸਨ ਦੇ ਲਗਭਗ ਸਾਰੇ ਵਿਭਾਗਾਂ ਵਿੱਚ ਸੁਧਾਰ ਕੀਤੇ। ਇਸ ਮਹਾਨ ਸਾਮਰਾਜਵਾਦੀ ਨੇ ਕੰਪਨੀ ਦੀ ਪ੍ਰਾਪਤੀਆਂ ਨੂੰ ਸੰਗਠਿਤ ਕੀਤਾ। ਗਵਰਨਰ ਜਨਰਲ ਦੇ ਕਾਰਜਭਾਰ ਨੂੰ ਘੱਟ ਕਰਣ ਦੇ ਉਦੇਸ਼ ਨਾਲ ਬੰਗਾਲ ਵਿੱਚ ਇੱਕ ਲੈਫਟੀਨੈਂਟ ਗਵਰਨਰ ਨਿਯੁਕਤ ਕੀਤਾ ਗਿਆ। ਜੋ ਨਵੀਨ ਪ੍ਰਦੇਸ਼ ਕੰਪਨੀ ਦੇ ਅਧੀਨ ਆਂਉਦੇ ਸਨ ਓਹਨਾਂ ਲਈ ਸਿੱਧਾ ਪ੍ਰਸ਼ਾਸਨ ਆਰੰਭ ਕੀਤਾ ਗਿਆ।ਇਸ ਨੂੰ "ਨੋਨ ਰੈਗੂਲੇਸ਼ਨ ਪੱਧਤੀ" ਕਿਹਾ ਜਾਂਦਾ ਹੈ।ਇਸ ਦੇ ਅਨੁਸਾਰ ਹਰ ਨਵੇਂ ਪ੍ਰਦੇਸ਼ ਦੇ ਲਈ ਇੱਕ ਕਮਿਸ਼ਨਰ ਨਿਯੁਕਤ ਕੀਤਾ ਜਾਂਦਾ ਸੀ ਜੋ ਸਿੱਧੇ ਗਵਰਨਰ ਜਨਰਲ ਦੇ ਪ੍ਰਤੀ ਉੱਤਰਦਾਈ ਸੀ।

**ਸੈਨਿਕ ਸੁਧਾਰ–** ਡਲਹੌਜ਼ੀ ਦੇ ਸਾਮਰਾਜ ਵਿਸਤਾਰ ਦੇ ਕਾਰਣ ਅੰਗਰੇਜੀ ਰਾਜ ਦੀਆਂ ਸੀਮਾਵਾਂ ਪੂਰਬ ਵਿੱਚ ਬੰਗਾਲ ਤੋਂ ਪੱਛਮ ਵਿੱਚ ਸਿੰਧ ਅਤੇ ਪੰਜਾਬ ਤੱਕ ਫੈਲ ਗਈਆਂ। ਏਸ਼ੀਆ ਦੇ ਸਾਮਰਾਜ ਦਾ ਸੁਪਨਾ ਪੂਰਾ ਹੋ ਗਿਆ। ਇੰਨੇ ਵਿਸਤ੍ਰਿਤ ਪ੍ਰਦੇਸ਼ ਉੱਤੇ ਅਧਿਕਾਰ ਦੇ ਕਾਰਣ ਇਹ ਜ਼ਰੂਰੀ ਸੀ ਕਿ ਸੇਨਾਵਾਂ ਦੀ ਜ਼ਿਆਦਾ ਚੰਗੀ ਵੰਡ ਕੀਤੀ ਜਾਵੇ।ਬੰਗਾਲ ਤੋਪਖਾਨੇ ਦੇ ਮੁੱਖ ਦਫਤਰ ਕਲਕੱਤਾ ਦੀ ਥਾਂ ਮੇਰਠ ਵਿੱਚ ਲਿਆਂਦੇ ਗਏ ਅਤੇ ਸੈਨਾ ਦੇ ਮੁੱਖ ਦਫਤਰ ਸ਼ਿਮਲਾ ਵਿੱਚ ਬਣਾਏ ਗਏ ਅਤੇ ਇਹ ਕੰਮ 1865 ਤੱਕ ਪੂਰਾ ਹੋ ਗਿਆ। ਸ਼ਿਮਲਾ ਦਾ ਮਹੱਤਵ ਵਧ ਗਿਆ ਅਤੇ ਸਾਲ ਦੇ ਅੱਧੇ ਤੋਂ ਜਿਆਦਾ ਭਾਗ ਲਈ ਇਹ ਸਥਾਨ ਸਰਕਾਰ ਦਾ ਮੁੱਖ ਦਫਤਰ ਬਣ ਗਿਆ।

ਨੋਟ

ਡਲਹੌਜੀ ਨੇ ਇਹ ਅਨੁਭਵ ਕੀਤਾ ਕਿ ਭਾਰਤੀ ਸੈਨਾ ਵਿੱਚ ਭਾਰਤੀਆਂ ਦੀ ਸੰਖਿਆ ਜੋ ਉਸ ਸਮੇਂ (1856 ਵਿੱਚ) 2,38,000 ਸੀ, 45,000 ਅੰਗਰੇਜਾਂ ਦੇ ਮੁਕਾਬਲੇ ਜ਼ਿਆਦਾ ਸੀ। ਇਸ ਲਈ ਉਸ ਨੇ ਇਹ ਯੋਜਨਾ ਬਣਾਈ ਕਿ ਇਹ ਸੰਖਿਆ ਘੱਟ ਕੀਤੀ ਜਾਵੇ। ਤਾਂ ਕਿ ਅੰਗਰੇਜ਼ ਅਤੇ ਭਾਰਤੀ ਸੈਨਿਕਾਂ ਦਾ ਅਨੁਪਾਤ ਬਹੁਤ ਜ਼ਿਆਦਾ ਨਾ ਰਹੇ। ਉਸਦੇ ਅਨੁਸਾਰ ਭਾਰਤ ਵਿੱਚ ਅੰਗਰੇਜ਼ ਸੈਨਾ "ਸਾਡੀ ਸ਼ਕਤੀ ਦਾ ਇੱਕ ਜ਼ਰੂਰੀ ਅੰਗ ਹੈ।" ਸੈਨਾ ਵਿੱਚ ਤਿੰਨ ਰੈਜੀਮੈਂਟਾਂ ਹੋਰ ਬਣਾਈਆਂ ਗਈਆਂ। ਉਸਨੇ ਦੋ ਅੰਗਰੇਜੀ ਰੈਜੀਮੈਂਟਾਂ ਨੂੰ ਚੀਨ ਅਤੇ ਫ਼ਰਾਂਸ ਭੇਜਣ ਦਾ ਵਿਰੋਧ ਕੀਤਾ।

ਪੰਜਾਬ ਵਿੱਚ ਇੱਕ ਨਵੀਂ ਅਨਿਯਮਿਤ ਸੈਨਾ ਦਾ ਗਠਨ ਕੀਤਾ ਗਿਆ ਜੋ ਸਿੱਧੇ ਪੰਜਾਬ ਪ੍ਰਸ਼ਾਸਨ ਦੇ ਅਧੀਨ ਸੀ ਅਤੇ ਜਿਸਦੀ ਪਰਿਪਾਟੀ ਅਤੇ ਅਨੁਸ਼ਾਸਨ ਵੱਖਰਾ ਸੀ। ਗੋਰਖਾ ਰੈਜੀਮੈਂਟਾਂ ਦੀ ਗਿਣਤੀ ਵਧਾਈ ਗਈ ਅਤੇ ਓਹਨਾਂ ਦੇ ਸੈਨਿਕਾਂ ਦੀ ਗਿਣਤੀ ਵੀ ਵਧਾਈ ਗਈ। ਇਹਨਾਂ ਨਵੀਆਂ ਰੈਜੀਮੈਂਟਾਂ ਨੇ 1857-58 ਦੇ ਵਿਦਰੋਹ ਵਿੱਚ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਈ।

**ਸਿੱਖਿਆ ਸੰਬੰਧੀ ਸੁਧਾਰ–** ਡਲਹੌਜੀ ਨੇ ਕਾਰਜਕਾਲ ਵਿੱਚ ਸਿੱਖਿਆ ਵਿੱਚ ਮਹੱਤਵਪੂਰਣ ਸੁਧਾਰ ਕੀਤੇ ਗਏ। 1853 ਵਿੱਚ ਟਾਮਸਨ ਦੀ ਵਿਵਸਥਾ ਦੇ ਅਨੁਸਾਰ ਸਾਰੇ ਉੱਤਰ ਪੱਛਮੀ ਪ੍ਰਾਂਤ (ਆਧੁਨਿਕ ਉੱਤਰ ਪ੍ਰਦੇਸ਼), ਲੋਅਰ ਬੰਗਾਲ ਅਤੇ ਪੰਜਾਬ ਵਿੱਚ ਸਥਾਨੀ ਪਰਿਸਥਿਤੀਆਂ ਦੇ ਅਨੁਸਾਰ ਭਾਰਤੀ ਭਾਸ਼ਾਵਾਂ ਵਿੱਚ ਸਿੱਖਿਆ ਦਾ ਪ੍ਰਸਤਾਵ ਸਵੀਕਾਰ ਕਰ ਲਿਆ ਗਿਆ। ਅਜਿਹੀ ਹੀ ਆਗਿਆ ਬੰਬਈ ਅਤੇ ਮਦਰਾਸ ਵਿੱਚ ਵੀ ਦੇ ਦਿੱਤੀ ਗਈ।

ਜੁਲਾਈ 1854 ਵਿੱਚ ਸਰ ਚਾਰਲਸ ਵੁੱਡ ਜੋ ਬੋਰਡ ਓਫ ਕੰਟਰੋਲ ਦੇ ਪ੍ਰਧਾਨ ਸਨ, ਨੇ ਭਾਰਤੀ ਸਰਕਾਰ ਨੂੰ ਇੱਕ ਨਵੀਂ ਯੋਜਨਾ ਭੇਜੀ ਜਿਸ ਨੂੰ ਵੁੱਡ ਦਾ ਨਿਰਦੇਸ਼ ਪੱਤਰ ਕਿਹਾ ਜਾਂਦਾ ਹੈ। ਇਸਦੇ ਅਨੁਸਾਰ "ਪ੍ਰਾਰਥਮਿਕ ਸਿੱਖਿਆ ਤੋਂ ਲੈ ਕੇ ਵਿਸ਼ਵਵਿਦਿਆਲੇ ਸਤਰ ਤੱਕ ਦੀ ਸਿੱਖਿਆ ਦੇ ਲਈ ਇੱਕ ਵਿਆਪਕ ਯੋਜਨਾ" ਬਣਾਈ ਗਈ। ਇਹ ਯੋਜਨਾ ਬਹੁਤ ਵਿਸਤ੍ਰਿਤ ਅਤੇ ਵਿਆਪਕ ਸੀ ਅਤੇ "ਇਸ ਵਿੱਚ ਕੁਝ ਵੀ ਬਾਕੀ ਨਹੀਂ ਰਹਿ ਗਿਆ ਸੀ।" ਆਧੁਨਿਕ ਸਿੱਖਿਆ ਪ੍ਰਣਾਲੀ ਦੀ ਇਹ ਆਧਾਰਸ਼ਿਲਾ ਹੈ। ਇਸਦੇ ਅਨੁਸਾਰ ਜਿਲਿਆਂ ਵਿੱਚ ਐਂਗਲੋ ਵਰਨੇਕੂਲਰ ਸਕੂਲਾਂ, ਪ੍ਰਮੁੱਖ ਨਗਰਾਂ ਵਿੱਚ ਸਰਕਾਰੀ ਕਾਲਜਾਂ ਅਤੇ ਤਿੰਨ ਪ੍ਰੈਜ਼ੀਡੈਂਸੀ ਨਗਰਾਂ ਵਿੱਚ ਇੱਕ ਇੱਕ ਵਿਸ਼ਵਵਿਦਿਆਲੇ ਦੀ ਸਥਾਪਨਾ ਦਾ ਪ੍ਰਸਤਾਵ ਸੀ। "ਅੰਤ: ਪ੍ਰਵੇਸ਼ ਦਾ ਸਿਧਾਂਤ" ਨੂੰ ਤਿਆਗ ਦਿੱਤਾ ਗਿਆ। ਵਿੱਦਿਆ ਦੇ ਪ੍ਰਸਾਰ ਵਿੱਚ ਸਵੈਸੇਵੀ ਸੰਸਥਾਵਾਂ ਨੂੰ ਅਨੁਦਾਨ ਸਹਾਇਤਾ ਦਿੱਤੀ ਜਾਣੀ ਸੀ। ਇਨਾਂ ਲਈ ਕੁਝ ਨਿਯਮ ਬਣਾਏ ਗਏ ਅਤੇ ਸਰਕਾਰੀ ਨਿਰੀਖਣ ਦੇ ਅਧੀਨ ਹੀ ਇਹ ਰਾਸ਼ੀ ਦਿੱਤੀ ਜਾਣੀ ਸੀ। ਹਰ ਪ੍ਰਾਂਤ ਵਿੱਚ ਇੱਕ ਸਾਰਵਜਨਿਕ ਸਿੱਖਿਆ ਨਿਦੇਸ਼ਕ ਨਿਯੁਕਤ ਹੁੰਦਾ ਸੀ ਜਿਸਦੀ ਮਦਦ ਲਈ ਨਿਰੀਖਕ ਹੁੰਦੇ ਸਨ ਅਤੇ ਇਹਨਾਂ ਦਾ ਕੰਮ ਪ੍ਰਾਰਥਮਿਕ ਸਤਰ ਤੋਂ ਵਿਸ਼ਵਵਿਦਿਆਲੇ ਸਤਰ ਤੱਕ ਸਿੱਖਿਆ ਪ੍ਰਣਾਲੀ ਦਾ ਗਠਨ ਅਤੇ ਨਿਯੰਤਰਣ ਕਰਨਾ ਸੀ।

ਲੰਦਨ ਵਿਸ਼ਵਵਿਦਿਆਲੇ ਦੀ ਲੀਕ ਤੇ ਪ੍ਰੀਖਿਆ ਲੈਣ ਵਾਲੇ ਵਿਸ਼ਵਵਿਦਿਆਲੇ ਤਿੰਨ ਪ੍ਰੈਜ਼ੀਡੈਂਸੀ ਨਗਰਾਂ ਕਲਕੱਤਾ, ਮਦਰਾਸ ਅਤੇ ਬੰਬਈ ਵਿੱਚ ਨਿਯੁਕਤ ਕੀਤੇ ਜਾਣੇ ਸਨ। ਇਨਾਂ ਵਿਸ਼ਵਵਿਦਿਆਲਿਆਂ ਨੂੰ ਪ੍ਰੀਖਿਆ ਲੇ ਕੇ ਪ੍ਰਮਾਣ ਪੱਤਰ ਦੇਣ ਦਾ ਅਧਿਕਾਰ ਦੇ ਦਿੱਤਾ ਗਿਆ ਸੀ। ਕਾਨੂੰਨ ਅਤੇ ਸਿਵਿਲ ਇੰਜੀਨਿਅਰਿੰਗ ਦੀ ਸਿੱਖਿਆ ਦੀ ਵੀ ਵਿਵਸਥਾ ਕੀਤੀ ਗਈ। ਸਥਾਨਕ ਭਾਸ਼ਾਵਾਂ ਅਤੇ ਅੰਗਰੇਜੀ ਨੂੰ ਪੜਾਓਣ ਨੂੰ ਉਤਸਾਹਨ ਦੇਣਾ ਸੀ ਪ੍ਰੰਤੂ ਇਹ ਅਨੁਭਵ ਕੀਤਾ ਗਿਆ ਕਿ ਪੱਛਮੀ ਦਰਸ਼ਨ ਅਤੇ ਵਿਗਿਆਨ ਦੀ ਪੜਾਈ ਲਈ ਅੰਗਰੇਜੀ ਹੀ ਸਭ ਤੋਂ ਚੰਗਾ ਮਾਧਿਅਮ ਹੈ।

**ਰੇਲਵੇ ਵਿਭਾਗ–** ਇੰਗਲੈਂਡ ਵਿੱਚ ਰੇਲਵੇ ਲਾਈਨ 1825 ਤੋਂ ਬਾਅਦ ਵਿਛਾਈ ਜਾ ਰਹੀ ਸੀ। ਡਲਹੌਜੀ ਦੇ ਕਾਲ ਵਿੱਚ ਭਾਰਤ ਵਿੱਚ 1853 ਵਿੱਚ ਪਹਿਲੀ ਰੇਲਵੇ ਲਾਈਨ ਬੰਬਈ ਤੋਂ ਥਾਨਾ ਤੱਕ ਵਿਛਾਈ ਗਈ ਅਤੇ ਜਲਦੀ ਹੀ ਸਾਰਾ ਭਾਰਤੀ ਸਾਮਰਾਜ ਰੇਲਵੇ ਲਾਈਨਾਂ ਦੇ ਸੂਤਰ ਵਿੱਚ ਬੰਨ ਕੇ ਇੱਕ ਕਰ ਦਿੱਤਾ ਗਿਆ। ਭਾਰਤੀ ਸੁਰੱਖਿਆ ਦੇ ਲਈ ਅਤੇ ਅੰਦਰੂਨੀ ਸੰਚਾਰ ਵਿਵਸਥਾ ਨੂੰ ਵਧਾਓਣ ਲਈ ਸਾਮਰਿਕ ਮਹੱਤਵ ਦੀਆਂ ਲਾਈਨਾਂ ਬਣਾਈਆਂ ਗਈਆਂ। ਇਸ ਪਰਿਯੋਜਨਾ ਦੀ ਵਿਸਤ੍ਰਿਤ ਰੂਪਰੇਖਾ ਡਲਹੌਜੀ ਦੁਆਰਾ ਆਪਣੇ ਪ੍ਰਸਿੱਧ "ਰੇਲਵੇ ਪੱਤਰ" ਵਿੱਚ ਦਿੱਤੀ ਗਈ ਹੈ ਅਤੇ ਭਾਰਤ ਵਿੱਚ ਰੇਲਾਂ ਦੇ ਭਾਵੀ ਪ੍ਰਸਾਰ ਦਾ ਇਹੀ ਆਧਾਰ ਬਣਿਆ ਰਿਹਾ। ਅਗਲੇ ਹੀ ਸਾਲ ਕਲਕੱਤਾ ਵਿੱਚ ਰਾਣੀਗੰਜ ਕੋਇਲਾ ਖੇਤਰ ਤੱਕ ਇੱਕ ਲਾਈਨ ਵਿਛਾ ਦਿੱਤੀ ਗਈ। ਇਸੇ ਤਰਾਂ ਮਦਰਾਸ ਪ੍ਰੈਜ਼ੀਡੈਂਸੀ ਵਿਚ ਵੀ ਕੁਝ ਲਾਈਨਾਂ ਵਿਛਾਈਆਂ ਗਈਆਂ। 1856 ਤੱਕ ਕਈ ਲਾਈਨਾਂ ਦਾ ਸਰਵੇਖਣ ਹੋ ਚੁਕਾ ਸੀ ਅਤੇ ਕਈ ਵਿਛਾਈਆਂ ਜਾ ਰਹੀਆਂ ਸਨ।

ਇਹ ਰੇਲਵੇ ਲਾਈਨਾਂ ਭਾਰਤੀ ਸਰਕਾਰ ਦੇ ਖਜ਼ਾਨੇ ਨਾਲ ਨਹੀਂ ਬਣਾਈਆਂ ਜਾ ਰਹੀਆਂ ਸਨ ਬਲਕਿ ਨਿਜੀ ਕੋਸ਼ਿਸ਼ਾਂ ਨਾਲ ਬਣਾਈਆਂ ਜਾ ਰਹੀਆਂ ਸਨ। ਇਸ ਨਾਲ ਸਰਕਾਰੀ ਖਜ਼ਾਨੇ ਤੇ ਜ਼ਿਆਦਾ ਭਾਰ ਨਹੀਂ ਪਿਆ ਅਤੇ ਅੰਗਰੇਜੀ ਜਨਤਾ ਨੂੰ ਭਾਰਤ ਵਿੱਚ ਪੂੰਜੀ ਲਗਾਓਣ ਦਾ ਮੌਕਾ ਮਿਲਿਆ। ਕਾਲਾਂਤਰ ਵਿੱਚ ਭਾਰਤ ਵਿੱਚ ਰੇਲਵੇ ਲਾਈਨਾਂ ਨਿਜੀ ਕੰਪਨੀਆਂ ਦੁਆਰਾ 'ਸਰਕਾਰੀ ਪ੍ਰਤਿਆਭੂਤੀ' ਦੇ ਅਧੀਨ ਨਿਸ਼ਚਿਤ ਯੋਜਨਾਵਾਂ ਦੇ ਅਨੁਸਾਰ, ਜਿਨਾਂ ਨੂੰ ਡਲਹੌਜੀ ਨੇ ਨਿਦੇਸ਼ਿਤ ਕੀਤਾ ਸੀ, ਹੀ ਬਣਾਈਆਂ ਗਈਆ।

ਇਸ ਰੇਲਵੇ ਪ੍ਰਣਾਲੀ ਨੇ ਵਪਾਰ ਨੂੰ ਲਾਭ ਪਹੁੰਚਾਇਆ, ਦੂਰੀ ਖਤਮ ਹੋਈ, ਅਤੇ ਭਾਰਤ ਦੇਸ਼ ਨੂੰ ਏਕਤਾ ਪ੍ਰਦਾਨ ਹੋਈ। 1865 ਵਿੱਚ ਵੀ ਸਰ ਐਡਵਿਨ ਅਰਨਾਲਡ ਨੇ ਲਿਖਿਆ ਸੀ ਕਿ "ਰੇਲਵੇ ਭਾਰਤ ਵਿੱਚ ਓਹ ਕੰਮ ਕਰਣ ਵਿੱਚ ਸਮਰਥ ਹੋਵੇਗੀ ਜੋ ਵੱਡੇ ਵੱਡੇ ਵੰਸ਼ਾਂ ਨੇ ਨਹੀਂ ਕੀਤਾ, ਨਾ ਹੀ ਟੀਪੂ ਆਪਣੇ ਅੱਤਿਆਚਾਰ ਦੁਆਰਾ ਕਰਣ ਵਿੱਚ ਸਫਲ ਹੋਇਆ-ਇਹ ਭਾਰਤ ਨੂੰ ਇੱਕ ਰਾਸ਼ਟਰ ਬਣਾਵੇਗੀ।"

**ਵਿਦਯੁਤ ਤਾਰ (Electric telegraph)–** ਡਲਹੌਜੀ ਨੂੰ ਭਾਰਤ ਵਿੱਚ ਵਿਦਯੁਤ ਤਾਰ ਦਾ ਆਰੰਭਕਰਤਾ ਕਿਹਾ ਜਾ ਸਕਦਾ ਹੈ। 1852 ਵਿੱਚ ਔਸ਼ੈਘਨੇਸੀ ਨੂੰ ਵਿਦਯੁਤ ਤਾਰ ਵਿਭਾਗ ਦਾ ਅਧੀਕਸ਼ਕ ਨਿਯੁਕਤ ਕੀਤਾ ਗਿਆ।ਚਾਹੇ ਰੁਕਾਵਟਾਂ ਬਹੁਤ ਸਨ ਫਿਰ ਵੀ ਉਸ ਦੀ ਅਣਥੱਕ ਮਿਹਨਤ ਨਾਲ ਲਗਭਗ 4000 ਮੀਲ ਲੰਬੀ ਤਾਰ ਲਾਈਨਾਂ ਵਿਛਾਈਆ ਗਈਆਂ।ਜਿਸ ਨਾਲ ਕਲਕੱਤਾ ਤੋਂ ਪੇਸ਼ਾਵਰ, ਬੰਬਈ ਅਤੇ ਮਦਰਾਸ ਤੱਕ ਦੇਸ਼ ਦੇ ਭਿੰਨ ਭਿੰਨ ਭਾਗਾਂ ਨੂੰ ਤਾਰ ਦੁਆਰਾ ਜੋੜ ਦਿੱਤਾ ਗਿਆ।ਬਰਮਾ ਵਿੱਚ ਵੀ ਰੰਗੂਨ ਤੋਂ ਮਾਂਡਲੇ ਤੱਕ ਇਹ ਲਾਈਨ ਵਿਛਾ ਦਿੱਤੀ ਗਈ। 1857–58 ਵਿੱਚ ਵਿਦਰੋਹ ਦੇ ਦਿਨਾਂ ਵਿੱਚ ਇਸ ਵਿਭਾਗ ਨੇ ਅੰਗਰੇਜਾਂ ਦੀ ਬਹੁਤ ਮਦਦ ਕੀਤੀ।ਇੱਕ ਵਿਦਰੋਹੀ ਨੇ ਮਰਦੇ ਹੋਏ ਕਿਹਾ ਸੀ ਕਿ, "ਇਸ ਤਾਰ ਨੇ ਸਾਡਾ ਗਲਾ ਘੋਟ ਦਿੱਤਾ ਹੈ।"

**ਡਾਕ ਸੁਧਾਰ–** ਇੱਕ ਆਯੋਗ ਦੀ ਅਨਵੇਸ਼ਣਾਵਾਂ ਤੇ ਆਧਾਰਿਤ 1854 ਵਿੱਚ ਇੱਕ ਨਵਾਂ ਪੋਸਟ ਆਫਿਸ ਐਕਟ ਪਾਰਿਤ ਕੀਤਾ ਗਿਆ।ਇਸ ਦੇ ਅਧੀਨ ਤਿੰਨਾਂ ਪ੍ਰੈਜ਼ੀਡੈਂਸੀਆਂ ਵਿੱਚ ਸਥਿਤ ਡਾਕਘਰਾਂ ਦੀ ਦੇਖਰੇਖ ਲਈ ਇੱਕ ਮਹਾਨਿਦੇਸ਼ਕ ਨਿਯੁਕਤ ਕੀਤਾ ਗਿਆ।ਸਾਰੇ ਦੇਸ਼ ਵਿੱਚ ਦੂਰੀ ਨਾਲ ਅਸੰਬੰਧਿਤ ਕਿਤੇ ਵੀ 2 ਪੈਸੇ ਦੀ ਦਰ ਤੇ ਪੱਤਰ ਭੇਜਿਆ ਜਾ ਸਕਦਾ ਸੀ।ਦੇਸ਼ ਵਿੱਚ ਪਹਿਲੀ ਵਾਰ ਡਾਕ ਟਿਕਟਾਂ ਦਾ ਪ੍ਰਚਲਨ ਸ਼ੁਰੂ ਹੋਇਆ।ਇਨਾਂ ਸੁਧਾਰਾਂ ਦੇ ਕਾਰਣ ਡਾਕ ਵਿਭਾਗ ਜੋ ਕਿ ਹੁਣ ਤੱਕ ਸਰਕਾਰ ਤੇ ਬੋਝ ਬਣਿਆ ਹੋਇਆ ਸੀ, ਹੁਣ ਵੇਤਨ ਦਾ ਇੱਕ ਸਾਧਨ ਬਣ ਗਿਆ।ਇਸ ਪ੍ਰਣਾਲੀ ਦੇ ਸੁਧਾਰ ਦੇ ਫਲਸਰੂਪ ਭਾਰਤ ਵਿੱਚ ਸਮਾਜਿਕ, ਪ੍ਰਸ਼ਾਸਨਿਕ, ਵਿੱਤੀ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਜੋ ਵਿਕਾਸ ਹੋਇਆ ਹੈ ਓਹ ਸਭ ਡਲਹੌਜ਼ੀ ਦੀ ਸਿਰਜਣਾਤਮਕ ਪ੍ਰਤਿਭਾ ਦਾ ਦੂਜਾ ਨਾਂ ਹੈ ਅਤੇ ਭਾਰਤ ਦੀ ਸਾਰਭੂਤ ਉੱਨਤੀ ਲਈ ਉਸਦੀ ਇੱਛਾ ਨੂੰ ਪ੍ਰਦਰਸ਼ਿਤ ਕਰਦਾ ਹੈ।

> ਕੀ ਤੁਸੀਂ ਜਾਣਦੇ ਹੋ — ਆਧੁਨਿਕ ਕਾਲ ਦੀ ਡਾਕ ਵਿਵਸਥਾ ਦਾ ਆਧਾਰ ਵੀ ਡਲਹੌਜੀ ਦੇ ਕਾਲ ਵਿੱਚ ਹੀ ਨਿਸ਼ਚਿਤ ਕੀਤਾ ਗਿਆ।

**ਸਾਰਵਜਨਿਕ ਨਿਰਮਾਣ ਵਿਭਾਗ–** ਡਲਹੌਜੀ ਤੋਂ ਪਹਿਲਾਂ ਸਾਰਵਜਨਿਕ ਨਿਰਮਾਣ ਵਿਭਾਗ ਦਾ ਕੰਮ ਇੱਕ ਸੈਨਿਕ ਬੋਰਡ ਤੇ ਸੀ।ਪਹਿਲੀ ਵਾਰ ਇੱਕ ਅਲੱਗ ਸਾਰਵਜਨਿਕ ਨਿਰਮਾਣ ਵਿਭਾਗ ਬਣਾਇਆ ਗਿਆ। ਅਤੇ ਸਾਰਵਜਨਿਕ ਉਯੋਗ ਦੇ ਕੰਮਾਂ ਲਈ ਬਹੁਤ ਸਾਰਾ ਧਨ ਖਰਚ ਕੀਤਾ ਜਾਣ ਲੱਗਾ।ਸਿੰਚਾਈ ਕੰਮਾਂ ਦੀ ਵਿਸਤ੍ਰਿਤ ਯੋਜਨਾ ਬਣਾਈ ਗਈ। ਗੰਗਾ ਨਹਿਰ ਦਾ ਕੰਮ ਪੂਰਾ ਕੀਤਾ ਗਿਆ ਅਤੇ 8 ਅਪ੍ਰੈਲ, 1854 ਵਿੱਚ ਇਹ ਖੋਲ ਦਿੱਤੀ ਗਈ।ਗੰਗਾ ਨਹਿਰ ਦੇ ਨਿਰਮਾਣ ਨੂੰ 'ਸਭਿਅ ਜਾਤੀਆਂ ਦੀਆਂ ਕੋਸ਼ਿਸ਼ਾਂ ਵਿੱਚ ਅਦੁੱਤੀ ਅਤੇ ਮਹੱਤਵਪੂਰਣ ਕੰਮ' ਮੰਨਿਆ ਗਿਆ। ਪੰਜਾਬ ਵਿੱਚ ਬਾਰਾ ਦੁਆਬ ਨਹਿਰ ਦਾ ਨਿਰਮਾਣ ਕੰਮ ਆਰੰਭ ਕੀਤਾ ਗਿਆ। ਬਹੁਤ ਸਾਰੇ ਪੁਲਾਂ ਦਾ ਨਿਰਮਾਣ ਕੀਤਾ ਗਿਆ ਅਤੇ ਗ੍ਰੈਂਡ ਟ੍ਰੰਕ ਰੋਡ ਦਾ ਨਿਰਮਾਣ ਕੰਮ ਵੀ ਬੜੀ ਤੇਜੀ ਨਾਲ ਅਤੇ ਉਤਸਾਹਪੂਰਵਕ ਆਰੰਭ ਕਰ ਦਿੱਤਾ ਗਿਆ।

**ਵਾਣਿਜ ਸੰਬੰਧੀ ਸੁਧਾਰ–** ਭਾਰਤ ਦੀਆਂ ਬੰਦਰਗਾਹਾਂ ਲੂੰ ਅੰਤਰਰਾਸ਼ਟਰੀ ਵਾਣਿਜ ਲਈ ਖੋਲ ਦਿੱਤਾ ਗਿਆ।19ਵੀਂ ਸ਼ਤਾਬਦੀ ਦੇ ਮੱਧ ਤੱਕ ਅੰਗਰੇਜ਼ ਲੋਕ 'ਮੁਕਤ ਵਪਾਰ ਦੀ ਪ੍ਰਣਾਲੀ ਦੇ ਪ੍ਰਸ਼ੰਸਕ ਬਣ ਚੁਕੇ ਸਨ। ਕਰਾਚੀ, ਬੰਬਈ ਅਤ ਕਲਕੱਤਾ ਦੀਆਂ ਬੰਦਰਗਾਹਾਂ ਦਾ ਵਿਕਾਸ ਕੀਤਾ ਗਿਆ ਅਤੇ ਬਹੁਤ ਸਾਰੇ ਪ੍ਰਕਾਸ਼ ਸਤੰਭਾਂ ਦਾ ਨਿਰਮਾਣ ਕੀਤਾ ਗਿਆ।

ਭਾਰਤੀ ਖੇਤੀ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ। ਨਹਿਰਾਂ ਦਾ ਬਣਨਾ, ਰੇਲਵੇ ਦਾ ਵਿਕਾਸ ਅਤੇ ਭਿੰਨ ਭਿੰਨ ਸਾਰਵਜਨਿਕ ਹਿਤ ਦੇ ਕੰਮਾਂ ਨਾਲ ਭਾਰਤੀ ਵਾਣਿਜ ਵਿੱਚ ਇੱਕ ਨਵੀਨ ਯੁਗ ਦਾ ਸੂਤਰਪਾਤ ਹੋਇਆ। ਲੰਕਾਸ਼ਾਇਰ ਅਤੇ ਮਾਨਚੈਸਟਰ ਦੇ ਕਾਰਖਾਨੇ ਦੇ ਲਈ ਭਾਰਤੀ ਕੱਚਾ ਮਾਲ ਖਾਸ ਤੌਰ ਤੇ ਕਪਾਹ, ਪਟੁਆ ਅਤੇ ਚਾਹ ਆਦਿ ਵੱਡੀ ਮਾਤਰਾ ਵਿੱਚ ਭੇਜਿਆ ਜਾਣ ਲੱਗਾ ਅਤੇ ਉਸਦੇ ਬਦਲੇ ਉਥੋਂ ਸਸਤਾ ਨਿਰਮਿਤ ਮਾਲ ਆ ਕੇ ਭਾਰਤ ਵਿੱਚ ਅਧਿਕ ਵਿਕਣ ਲੱਗਾ।

**1857 ਦੇ ਵਿਦਰੋਹ ਦੇ ਲਈ ਡਲਹੌਜ਼ੀ ਦੀ ਜ਼ਿੰਮੇਦਾਰੀ–** ਭਾਰਤ ਵਿੱਚ ਕੁਝ ਸਮੇਂ ਤੋਂ ਇੱਕ ਉਫਾਨ ਇੱਕਠਾ ਹੋ ਰਿਹਾ ਸੀ।ਡਲਹੌਜ਼ੀ ਦੇ ਜਾਣ ਤੋਂ ਇੱਕ ਸਾਲ ਬਾਅਦ ਹੀ ਓਹ ਫੁੱਟ ਪਿਆ। ਡਲਹੌਜ਼ੀ ਦੀ ਨੀਤੀ ਚਾਹੇ ਕਿੰਨੀ ਵੀ ਨਿਆਂਪੂਰਣ ਅਤੇ ਉਚਿਤ ਕਿਓਂ ਨਾ ਹੋਵੇ, ਉਸ ਦਾ ਪ੍ਰਭਾਵ ਬਹੁਤ ਚੰਗਾ ਨਹੀਂ ਸੀ। ਭਾਰਤੀ ਰਾਜਿਆਂ ਵਿੱਚ ਅਸੰਤੋਸ਼ ਫੈਲ ਗਿਆ। ਜਿਵੇਂ ਕਿ ਵੀ. ਏ. ਸਮਿਥ ਨੇ ਕਿਹਾ ਹੈ ਕਿ "ਭਾਰਤੀ ਰਾਜਾ 'ਅਧੀਨਸਥ' ਅਤੇ 'ਆਸ਼ਰਿਤ' ਰਿਆਸਤਾਂ ਦੇ ਸੂਖਮ ਭੇਦ ਨੂੰ ਨਹੀਂ ਸਮਝ ਸਕਦੇ ਸਨ। ਓਹਨਾਂ ਨੇ ਕੇਵਲ ਇਹ ਵੇਖਿਆ ਕਿ ਇੱਕ ਰਾਜ ਤੋਂ ਬਾਅਦ ਦੂਜਾ ਰਾਜ, ਸਾਮਰਾਜ ਕਿਸੇ ਨਾ ਕਿਸੇ ਕਾਰਣ ਤੋਂ ਵਿਲਯ ਹੋ ਰਿਹਾ ਹੈ ਅਤੇ ਹੁਣ ਕੋਈ ਵੀ ਰਾਜ ਸੁਰੱਖਿਅਤ ਨਹੀਂ ਹੈ.... ਗਤੀ ਬਹੁਤ ਤੇਜ਼ ਸੀ ਅਤੇ ਇਸ ਦੇ ਸੰਚਿਤ ਪ੍ਰਭਾਵ ਨੇ ਅਤਿਅੰਤ ਅਸਥਿਰਤਾ ਦੀ ਸਥਿਤੀ ਉਤਪੰਨ ਕਰ ਦਿੱਤੀ।" ਵਿਅਪਗਤ ਦੇ ਸਿਧਾਂਤ ਨੇ ਭਾਰਤੀ ਲੋਕਾਂ ਦੇ ਪਾਰੰਪਰਿਕ ਰੀਤੀ ਰਿਵਾਜਾਂ ਦੀ ਅਵਹੇਲਣਾ ਕੀਤੀ ਅਤੇ ਪ੍ਰਾਚੀਨ ਅਤੇ ਅਪ੍ਰਚੱਲਿਤ ਸਿਧਾਂਤਾਂ ਦੇ ਨਵੇਂ ਮਤਲਬ ਕੱਢੇ।

ਸਮਿਥ, ਡਲਹੌਜ਼ੀ ਦੀ ਅਦੂਰਦਰਸ਼ਿਤਾ ਨੂੰ ਦੋਸ਼ੀ ਮੰਨਦਾ ਸੀ।ਓਹ ਲਿਖਦਾ ਹੈ ਕਿ "ਗਵਰਨਰ ਜਨਰਲ ਨੇ ਉਸ ਤੁਫਾਨ ਲਈ ਜੋ ਅਗਲੇ ਸਾਲ ਮਈ ਮਹੀਨੇ ਵਿੱਚ ਫੁੱਟਣ ਵਾਲਾ ਸੀ, ਕੋਈ ਵਿਵਸਥਾ ਨਹੀਂ ਕੀਤੀ ਸੀ। ਅਤੇ ਨਾ ਹੀ ਉਸਨੂੰ ਘੁੱਟਣ ਲਈ

ਕੋਈ ਸਾਧਨ ਜੁਟਾਏ ਸਨ। ਓਹ ਆਪਣੇ ਪੂਰਵਜਾਂ ਦੇ ਨਾਲ ਉਸ ਨਿੰਦਾ ਦਾ ਸਾਂਝੀਦਾਰ ਹੈ ਜੋ ਕਿ ਓਹਨਾਂ ਨੇ ਅਜਿਹੀ ਭਿਆਨਕ ਹਾਲਤ ਨੂੰ ਬਣੇ ਰਹਿਣ ਦੀ ਆਗਿਆ ਦਿੱਤੀ। ਉਸ ਨੇ ਦਿੱਲੀ ਵਿੱਚ ਇੰਨੇ ਵੱਡੇ ਗੋਲੇ ਬਾਰੂਦ ਦੀ ਰੱਖਿਆ ਦੀ ਉਚਿਤ ਵਿਵਸਥਾ ਨਹੀਂ ਕੀਤੀ ਜੋ ਭਾਰਤੀ ਸੈਨਾ ਦੇ ਹੱਥਾਂ ਵਿੱਚ ਰਹਿ ਗਿਆ ਜਾਂ ਇਲਾਹਾਬਾਦ ਦੇ ਸਾਮਰਿਕ ਮਹੱਤਵਪੂਰਣ ਸਥਾਨ ਨੂੰ ਵੀ ਪ੍ਰਾਪਤ ਕਰਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ । ਭਾਰਤ ਵਿੱਚ ਜੋ ਵੀ ਸੈਨਿਕ ਤਿਆਰੀ ਕੀਤੀ ਗਈ ਓਹ ਸਿਰਫ ਪੰਜਾਬ ਵਿੱਚ ਹੀ ਸੀ। ਬਾਕੀ ਸਭ ਸਥਾਨਾਂ ਤੇ ਵਿਤਰਣ ਅਨਿਯਮਿਤ ਰੂਪ ਨਾਲ ਚਲਦਾ ਰਿਹਾ ਅਤੇ ਕਿਸੇ ਵੀ ਸੈਨਿਕ ਜਾਂ ਅਸੈਨਿਕ ਪਦਾਧਿਕਾਰੀ ਨੇ ਸਪਸ਼ਟ ਡਰ ਦੀ ਗਰਿਮਾ ਨੂੰ ਨਹੀਂ ਸਮਝਿਆ।" ਦੂਜੇ ਪਾਸੇ ਟੀ. ਆਰ. ਹੋਮਜ਼ ਦਾ ਵਿਸ਼ਵਾਸ ਹੈ ਕਿ "ਅਵਧ ਵਿੱਚ ਵਿਦਰੋਹ ਫੁੱਟਿਆ ਇਸ ਲਹੀ ਨਹੀਂ ਕਿ ਉਸ ਪ੍ਰਦੇਸ਼ ਦਾ ਵਿਲਯ ਕੀਤਾ ਗਿਆ ਬਲਕਿ ਇਸ ਲਈ ਕਿ ਤਾਲੁਕਦਾਰਾਂ ਦੇ ਨਾਲ ਬਹੁਤ ਕਠੋਰ ਕਿਸਮ ਦਾ ਵਿਵਹਾਰ ਕੀਤਾ ਗਿਆ।" ਇਸੇ ਤਰਾਂ ਓਹ ਡਲਹੌਜ਼ੀ ਨੂੰ ਸੈਨਿਕ ਕਮਜ਼ੋਰੀ ਦੇ ਲਈ ਉੱਤਰਦਾਈ ਨਹੀਂ ਮੰਨਦਾ ਬਲਕਿ ਸਮਕਾਲੀਨ ਕਮਾਂਡਰ ਇਨ ਚੀਫ ਨੂੰ ਸੈਨਾ ਦੀ ਅਨੁਸ਼ਾਸਨਹੀਣਤਾ ਨੂੰ ਖਤਮ ਕਰਣ ਅਤੇ ਦਿੱਲੀ ਅਤੇ ਇਲਾਹਾਬਾਦ ਦੀ ਰੱਖਿਆ ਦੀ ਉਲੰਘਣਾ ਕਰਣ ਲਈ ਉੱਤਰਦਾਈ ਮੰਨਦਾ ਹੈ।ਇਸੇ ਤਰਾਂ ਓਹ ਸਮਝਦਾ ਹੈ ਕਿ ਝਾਂਸੀ ਵਿੱਚ ਹੋਏ ਅੱਤਿਆਚਾਰਾਂ ਲਈ ਹੇਵੇਲਾਕ ਦੇ ਰੈਜ਼ੀਡੈਂਸੀ ਦੀ ਰੱਖਿਆ ਦੇ ਲਈ ਆਰੰਭਿਕ ਯਤਨਾਂ ਦਾ ਵਿਫਲ ਹੋਣਾ ਬਹੁਤ ਵੱਡਾ ਕਾਰਣ ਸੀ। ਉਸ ਦੇ ਅਨੁਸਾਰ "ਇਹ ਕੇਵਲ ਡਲਹੌਜ਼ੀ ਦੇ ਨਿਰਮਾਣ ਕੰਮ ਹੀ ਸਨ ਜਾਂ ਉਸਨੇ ਪੰਜਾਬ ਵਿੱਚ ਪ੍ਰਸ਼ਾਸਨ ਸਥਾਪਿਤ ਕੀਤਾ ਸੀ, ਓਹਨਾਂ ਕਾਰਣ ਹੀ ਵਿਦਰੋਹ ਸ਼ਾਂਤ ਹੋ ਸਕਿਆ।"

ਪ੍ਰੰਤੂ ਇਹ ਸਵੀਕਾਰ ਕਰਨਾ ਪਵੇਗਾ ਕਿ ਡਲਹੌਜ਼ੀ ਦੇ ਪ੍ਰਦੇਸ਼ਾਂ ਦੇ ਵਿਲਯ ਕਰਣ ਨਾਲ ਹਾਲਤ ਵਿਗੜ ਗਈ। ਉਸਦੀ ਗਤੀ ਬਹੁਤ ਤੇਜ਼ ਸੀ ਅਤੇ ਓਹ ਸੀਮਾ ਤੋਂ ਕੁਝ ਜ਼ਿਆਦਾ ਅੱਗੇ ਚਲਾ ਗਿਆ। ਉਸਦੀ ਵਿਵੇਕ ਅਤੇ ਦਯਾਹੀਣ ਨੀਤੀ ਦੇ ਕਾਰਣ ਹੀ ਝਾਂਸੀ ਦੀ ਰਾਣੀ, ਨਾਨਾ ਸਾਹਿਬ ਅਤੇ ਤਾਂਤਿਆ ਟੋਪੇ ਜਿਹੇ ਨੇਤਾਵਾਂ ਨੇ ਇਸ ਸਮਕਾਲੀਨ ਅਸੰਤੋਸ਼ ਦੀ ਭਾਵਨਾ ਨੂੰ ਇੱਕ ਦਿਸ਼ਾ ਦਿੱਤੀ ਅਤੇ 1857 ਦੇ ਅੰਦੋਲਨ ਵਿੱਚ ਵਿਦਰੋਹ ਸ਼ੁਰੂ ਹੋਣ ਤੋਂ ਬਾਅਦ ਇੱਕ ਦਿਮਾਗ ਦਾ ਕੰਮ ਕੀਤਾ। 1857-58 ਦੇ ਵਿਦਰੋਹ ਦੀ ਜ਼ਿੰਮੇਦਾਰੀ ਡਲਹੌਜ਼ੀ ਦੀ ਹੀ ਹੈ।

**ਡਲਹੌਜ਼ੀ ਦਾ ਮੁੱਲਾਂਕਣ**-ਸਰ ਰਿਚਰਡ ਟੈਂਪਲ ਦਾ ਕਥਨ ਹੈ, "ਇੱਕ ਸਾਮਰਾਜਵਾਦੀ ਪ੍ਰਸ਼ਾਸਕ ਦੇ ਰੂਪ ਵਿੱਚ ਜੋ ਯੋਗ ਵਿਅਕਤੀ ਇੰਗਲੈਂਡ ਨੇ ਭਾਰਤ ਭੇਜੇ, ਓਹਨਾਂ ਵਿੱਚੋਂ ਕਿਸੇ ਨੇ ਹੀ ਸ਼ਾਇਦ ਉਸਦੀ ਬਰਾਬਰੀ ਕੀਤੀ ਹੋਵੇ, ਉਸ ਤੋਂ ਅੱਗੇ ਤਾਂ ਕੋਈ ਵੀ ਨਹੀਂ ਵਧਿਆ।" ਮਾਰਸ਼ਮੈਨ ਲਿਖਦਾ ਹੇ, "ਆਧੁਨਿਕ ਅਤੇ ਪ੍ਰਾਚੀਨ ਇਤਿਹਾਸ ਵਿੱਚ ਓਹ ਸਭ ਤੋਂ ਵਧੀਆ ਉਦਾਹਰਣ ਪੇਸ਼ ਕਰਦਾ ਹੈ ਕਿ ਇੱਕ ਪ੍ਰਬੁੱਧ ਨਿਰੰਕੁਸ਼ ਪ੍ਰਸ਼ਾਸਕ, ਇੱਕ ਵੱਡੇ ਖੇਤਰ ਵਿੱਚ ਮਾਨਵਤਾ ਦੇ ਕਲਿਆਣ ਲਈ ਕੀ ਕੁਝ ਕਰ ਸਕਦਾ ਹੇ।"

ਸਰ ਵਿਲੀਅਮ ਵਿਲਸਨ ਹੰਟਰ ਨੇ ਡਲਹੌਜ਼ੀ ਦੇ ਕੰਮਾਂ ਦਾ ਨਿਚੋੜ ਤਿੰਨ ਸ਼ਬਦਾਂ ਵਿੱਚ ਦੱਸਿਆ ਹੈ- ਜਿੱਤ, ਸੰਗਠਨ ਅਤੇ ਵਿਕਾਸ। ਉਸਦੇ ਵਿਲਯ ਨੇ ਵਰਤਮਾਨ ਭਾਰਤ ਦੇ ਮਾਨਚਿੱਤਰ ਨੂੰ ਬਣਾਇਆ। ਪੰਜਾਬ ਨੂੰ ਅੰਗਰੇਜੀ ਰਾਜ ਵਿੱਚ ਸ਼ਾਮਿਲ ਕਰਣ ਨਾਲ ਕੰਪਨੀ ਦਾ ਰਾਜ ਪੱਛਮ ਉੱਤਰ ਸੀਮਾ ਦੇ ਪਹਾੜਾਂ ਤੱਕ ਪਹੁੰਚ ਗਿਆ ਅਤੇ ਅੰਗਰੇਜੀ ਅਧਿਕਾਰੀ ਉਥੋਂ ਦੇ ਦੱਰਿਆਂ ਦੇ ਪ੍ਰਹਰੀ ਬਣ ਗਏ।ਸਿੱਕਿਮ ਦੇ ਵਿਲਯ ਨਾਲ ਭਾਰਤੀ ਸੀਮਾਵਾਂ ਤਿੱਬਤ ਅਤੇ ਚੀਨ ਦੀਆਂ ਸੀਮਾਵਾਂ ਨੂੰ ਛੂਹਣ ਲੱਗੀਆ ਅਤੇ ਲੋਅਰ ਬਰਮਾ ਦੇ ਵਿਲਯ ਨਾਲ ਪੂਰਬ ਚਟਗਾਂਵ ਤੋਂ ਰੰਗੂਨ ਤੱਕ ਸਮੁੰਦਰੀ ਤੱਟਾਂ ਉੱਤੇ ਅੰਗਰੇਜਾਂ ਦਾ ਅਧਿਕਾਰ ਹੋ ਗਿਆ।ਬਹੁਤ ਸਾਰੀ ਭਾਰਤੀ ਰਿਆਸਤਾਂ ਦੇ ਵਿਲਯ ਨਾਲ ਅੰਦਰੂਨੀ ਸੰਗਠਨ ਦਾ ਕੰਮ ਪੂਰਾ ਹੋਇਆ। ਡਲਹੌਜ਼ੀ ਦੀਆਂ ਜਿੱਤਾਂ ਅਤੇ ਵਿਲਯ ਨਾਲ ਲਗਭਗ ਸਵਾ ਦੋ ਲੱਖ ਵਰਗ ਮੀਲ ਦਾ ਖੇਤਰ ਅੰਗਰੇਜੀ ਕੰਪਨੀ ਦੇ ਅਧੀਨ ਆ ਗਿਆ । ਉਸ ਦੇ ਸੁਧਾਰਾਂ ਨੇ ਪ੍ਰਸ਼ਾਸਨ ਦੇ ਹਰ ਵਿਭਾਗ ਨੂੰ ਪ੍ਰਭਾਵਿਤ ਕੀਤਾ। ਉਸਦੀ ਰੇਲਵੇ ਮਾਰਗਾਂ, ਨਹਿਰਾਂ ਅਤੇ ਸਾਰਵਜਨਿਕ ਨਿਰਮਾਣ ਦੀ ਦੂਰਵਿਆਪੀ ਯੋਜਨਾਵਾਂ ਦੁਆਰਾ ਉਸਨੇ ਭਾਰਤ ਨੂੰ ਇੱਕ ਅਜਿਹੇ ਰਸਤੇ ਉੱਤੇ ਚਲਾ ਦਿੱਤਾ, ਜਿਸ ਨਾਲ ਓਹ ਇੱਕ ਨਿਰਮਾਤਾ ਅਤੇ ਵਪਾਰਕ ਭਾਰਤ ਬਣ ਗਿਆ। ਓਹ ਆਧੁਨਿਕੀਕਰਣ ਵਿੱਚ ਵਿਸ਼ਵਾਸ ਕਰਦਾ ਸੀ ਅਤੇ ਉਸ ਨੇ ਓਹ ਨੀਹਾਂ ਰੱਖੀਆਂ ਜਿਨਾਂ ਉੱਤੇ ਭਾਰਤ ਦਾ ਨਿਰਮਾਣ ਹੋਇਆ।

ਡਲਹੌਜ਼ੀ ਵਿੱਚ ਕਮੀਆਂ ਵੀ ਸਨ। ਓਹ ਨੈਤਿਕ ਮੁੱਲਾਂ ਜਾਂ ਪ੍ਰਤਿੱਗਿਆ ਦੇ ਸ਼ਬਦਾਂ ਨੂੰ ਬਹੁਤ ਮਹੱਤਵ ਨਹੀਂ ਦਿੰਦਾ ਸੀ। ਪੰਜਾਬ ਦੇ ਮਾਮਲੇ ਵਿੱਚ ਉਸਨੇ ਸਾਧਕ ਉੱਤੇ ਜ਼ਿਆਦਾ ਅਤੇ ਸਾਧਨ ਉੱਤੇ ਘੱਟ ਜ਼ੋਰ ਦਿੱਤਾ।ਭਾਰਤੀ ਰਿਆਸਤਾਂ ਨਾਲ ਵਿਵਹਾਰ ਵਿੱਚ ਉਸਨੇ ਭਾਰਤੀਆਂ ਦੀਆਂ ਭਾਵਨਾਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ।ਇਸ ਤਰਾਂ ਡਲਹੌਜ਼ੀ ਇੱਕ ਨਿਰਦਈ ਸਾਮਰਾਜਵਾਦੀ ਸਿੱਧ ਹੋਇਆ, ਅਤੇ 1857 ਦੇ ਵਿਦਰੋਹ ਅਤੇ ਅਸਥਿਰਤਾ ਲਈ ਬਹੁਤ ਹੱਦ ਤੱਕ ਓਹ ਜ਼ਿੰਮੇਵਾਰ ਸੀ।

## ਸਵ-ਮੁੱਲਾਂਕਣ (Self Assessment)

**ਸਹੀ ਵਿਕਲਪ ਚੁਣੋ- (Choose the correct option)**

1. ਕਾਮਨਜ਼ ਸਭਾ ਵਿੱਚ ਜ਼ੋਸੇਫ ਹਿਊਮ ਨੇ ਕਿਸ ਰਾਜ ਦੇ ਵਿਲਯ ਉਤੇ "ਜਿਸਦੀ ਲਾਠੀ ਉਸਦੀ ਭੈਂਸ" ਨਾਲ ਤੁਲਨਾ ਕੀਤੀ ਸੀ?

   (ਕ) ਸਤਾਰਾ (ਖ) ਸੰਭਲਪੁਰ (ਗ) ਝਾਂਸੀ (ਘ) ਨਾਗਪੁਰ

ਨੋਟ

2. ਬੰਗਾਲ ਵਿੱਚ ਲੈਫਟੀਨੈਂਟ ਗਵਰਨਰ ਜਨਰਲ ਦੀ ਨਿਸੁਕਤੀ ਕਿਸ ਨੇ ਕੀਤੀ ਸੀ?
   (ਕ) ਵਾਰੇਨ ਹੇਸਟਿੰਗਜ਼ (ਖ) ਕਾਰਨਵਾਲਿਸ (ਗ) ਡਲਹੌਜ਼ੀ (ਘ) ਕੈਨਿੰਗ
3. ਨਾਨ ਰੈਗੂਲੇਸ਼ਨ ਪੱਧਤੀ (Non-Regulation system) ਦੀ ਸ਼ੁਰੂਆਤ ਕੀਤੀ –
   (ਕ) ਡਲਹੌਜ਼ੀ (ਖ) ਵਿਲੀਅਮ ਬੈਂਟਿੰਕ (ਗ) ਕਾਰਨਵਾਲਿਸ (ਘ) ਵਾਰੇਨ ਹੇਸਟਿੰਗਜ਼
4. ਭਾਰਤ ਵਿੱਚ ਪਹਿਲੀ ਰੇਲਵੇ ਲਾਈਨ ਬੰਬਈ ਤੋਂ ਥਾਨਾ ਤੱਕ ਬਣਾਈ ਗਈ –
   (ਕ) 1950 (ਖ) 1952 (ਗ) 1953 (ਘ) 1954
5. ਸਾਰਵਜਨਿਕ ਨਿਰਮਾਣ ਵਿਭਾਗ ਅਤੇ ਡਾਕ ਤਾਰ ਵਿਭਾਗ ਦੀ ਸਥਾਪਨਾ ਦਾ ਸ਼੍ਰੇਅ ਦਿੱਤਾ ਜਾਂਦਾ ਹੈ –
   (ਕ) ਮੈਕਾਲ (ਖ) ਡਲਹੌਜ਼ੀ (ਗ) ਕਾਰਨਵਾਲਿਸ (ਘ) ਵਿਲੀਅਮ ਬੈਂਟਿੰਕ

## 6.2 ਸਾਰ ਅੰਸ਼ (Summary)


- ਡਲਹੌਜੀ ਦੇ ਕੰਮਾਂ ਦਾ ਵਿਵਰਣ ਵਿਅਪਗਤ ਦਾ ਸਿਧਾਂਤ ਦੀ ਵਿਆਖਿਆ ਤੋਂ ਬਿਨਾਂ ਅਧੂਰਾ ਰਹਿ ਜਾਂਦਾ ਹੈ। ਇਸ ਸਿਧਾਂਤ ਦੁਆਰਾ ਕੁਝ ਮਹੱਤਵਪੂਰਣ ਰਿਆਸਤਾਂ ਵਿਲਯ ਕਰ ਲਈਆਂ ਗਈਆਂ।ਡਲਹੌਜੀ ਦੇ ਇਸ ਵਿਸ਼ਵਾਸ ਦੀ ਕਿ "ਝੂਠੇ ਰਜਵਾੜਿਆਂ" ਅਤੇ "ਕ੍ਰਿਤ੍ਰਿਮ ਮੱਧ ਸ਼ਕਤੀਆਂ" ਦੁਆਰਾ ਪ੍ਰਸ਼ਾਸਨ ਦੀ ਪੁਰਾਣੀ ਪੱਧਤੀ ਨਾਲ ਪ੍ਰਜਾ ਦੀ ਮੁਸੀਬਤਾਂ ਵਧਦੀਆ ਹਨ ਅਤੇ ਇਹ ਸਭ ਗਲਤ ਹੈ, ਧਿਆਨ ਵਿੱਚ ਰੱਖ ਕੇ ਹੀ, ਉਸ ਦੇ ਵਿਅਪਗਤ ਦਾ ਸਿਧਾਂਤ ਨੂੰ ਚੰਗੀ ਤਰਾਂ ਸਮਝਿਆ ਜਾ ਸਕਦਾ ਹੈ। ਵਾਸਤਵ ਵਿੱਚ ਉਸਦੀ ਸਪਸ਼ਟ ਅਤੇ ਸਿੱਧੀ ਸਕਾਟਿਸ਼ ਮਨੋਵ੍ਰਿੱਤੀ ਇਹ ਚਾਹੁੰਦੀ ਸੀ ਕਿ "ਮੁਗਲ ਸਰਵ ਸ਼ਕਤੀ ਦੇ ਮੁਖੌਟੇ ਨੂੰ ਤੋੜ ਦਿੱਤਾ ਜਾਵੇ ਅਤੇ ਜੋ ਭਾਰਤੀ ਰਾਜੇ ਮੁਗਲਾਂ ਦੇ ਉੱਤਰਾਧਿਕਾਰੀ ਹੋਣ ਦਾ ਦਾਵਾ ਕਰਦੇ ਹਨ ਓਹਨਾਂ ਨੂੰ ਖਤਮ ਕਰ ਦਿੱਤਾ ਜਾਵੇ।"
- ਮੁਗਲ ਸਾਮਰਾਜ ਦੇ ਪਤਨ ਅਤੇ ਮਰਾਠਾ ਸੰਘ ਦੀ ਹਾਰ ਤੋਂ ਬਾਅਦ ਕੰਪਨੀ ਹੀ ਭਾਰਤ ਵਿੱਚ ਸਰਵਸ਼ਰੇਸ਼ਠ ਬਣ ਗਈ।ਡਲਹੌਜ਼ੀ ਦਾ ਵਿਚਾਰ ਸੀ ਕਿ "ਸਵਸਥ ਅਤੇ ਬੁੱਧੀਮਤਾਪੂਰਵਕ ਨੀਤੀ ਦੇ ਅਨੁਸਾਰ ਕੰਪਨੀ ਦਾ ਕਰਤੱਵ ਹੈ ਕਿ ਓਹ ਜ਼ਿਆਦਾ ਰਾਜਸਵ ਨੂੰ ਅਧਿਕ ਪ੍ਰਦੇਸ਼ਾਂ ਨੂੰ ਪ੍ਰਾਪਤ ਕਰਣ ਦਾ ਕੋਈ ਵੀ ਮੋਕਾ, ਜੋ ਸਮੇਂ ਸਮੇਂ ਤੇ ਉਸ ਨੂੰ ਮਿਲੇ ਹੱਥ ਤੋਂ ਨਾ ਜਾਣ ਦੇਵੇ, ਚਾਹੇ ਓਹ ਮੋਕਾ ਸੁਭਾਵਿਕ ਉੱਤਰਾਧਿਕਾਰੀ ਦੀ ਮੌਤ ਤੋਂ ਪ੍ਰਾਪਤ ਹੋਵੇ ਜਾਂ ਕਿਸੇ ਹੋਰ ਪ੍ਰਕਾਰ ਦੇ ਕਾਰਨਾਂ ਦੁਆਰਾ ਉੱਤਰਾਧਿਕਾਰੀ ਨਾ ਹੋਣ ਤੋਂ ਪ੍ਰਾਪਤ ਹੋਵੇ ਜਿੱਥੇ ਕਿ ਹਿੰਦੂ ਕਾਨੂੰਨ ਦੇ ਅਨੁਸਾਰ ਗੋਦ ਲੈਣ ਦੀ ਪ੍ਰਥਾ ਵਿੱਚ ਸਰਕਾਰ ਦੀ ਆਗਿਆ ਲੈਣੀ ਜ਼ਰੂਰੀ ਹੈ।"
- ਡਲਹੌਜ਼ੀ ਇਹ ਸਵੀਕਾਰ ਕਰਦਾ ਸੀ ਕਿ ਰਾਜਿਆਂ ਦੀ ਨਿਜੀ ਸੰਪਤੀ ਦੇ ਉੱਤਰਾਧਿਕਾਰ ਦੇ ਲਈ ਓਹਨਾਂ ਦੇ ਦੱਤਕ ਪੁੱਤਰ ਨੂੰ ਆਗਿਆ ਹੈ ਪ੍ਰੰਤੂ ਗੱਦੀ ਉੱਤੇ ਅਧਿਕਾਰ ਲਈ ਉਸ ਨੂੰ ਆਗਿਆ ਨਹੀਂ ਹੈ।ਉਸ ਦੇ ਲਈ ਸਰਕਾਰ ਦੀ ਆਗਿਆ ਸਭ ਤੋਂ ਜ਼ਰੂਰੀ ਹੈ।
- ਗ੍ਰਹਿ ਸਰਕਾਰ ਨੇ 1841 ਵਿੱਚ ਹੀ ਲਿਖਿਆ ਸੀ ਕਿ ਸਭ ਦੇ ਲਈ ਇਕ ਵਰਗੀ ਨੀਤੀ ਅਪਨਾਓਣੀ ਚਾਹੀਦੀ ਹੈ ਅਤੇ ਗਵਰਨਰ-ਜਨਰਲ ਨੂੰ ਆਗਿਆ ਦਿੱਤੀ ਸੀ ਕਿ "ਕੋਈ ਵੀ ਸਿੱਧਾ ਅਤੇ ਸਪਸ਼ਟ ਮਾਣਪੂਰਵਕ ਮੌਕਾ, ਨਵੇਂ ਕਰਾਂ ਨੂੰ ਜਾਂ ਨਵੇਂ ਪ੍ਰਦੇਸ਼ਾਂ ਨੂੰ ਪ੍ਰਾਪਤ ਕਰਨ ਦਾ ਮੌਕਾ ਖੋਣਾ ਨਹੀਂ ਚਾਹੀਦਾ ਅਤੇ ਇਸ ਤੋਂ ਇਲਾਵਾ ਸਾਰੇ ਸਥਾਈ ਅਧਿਕਾਰਾ ਦੀ ਸਾਨੂੰ ਅਸੰਧਿਗਦ ਰੂਪ ਵਿੱਚ ਪਾਲਣਾ ਕਰਨੀ ਚਾਹੀਦੀ ਹੈ।" ਇਨਾਂ ਆਗਿਆ ਦਾ ਪਾਲਣ ਕਰਦੇ ਹੋਏ 1839 ਵਿੱਚ ਮਾਂਡਵੀ ਰਾਜ, 1840 ਵਿੱਚ ਕੋਲਾਬਾ ਅਤੇ ਜਾਲੌਰ ਰਾਜ ਅਤੇ 1842 ਵਿੱਚ ਸੂਰਤ ਦੀ ਨਵਾਬੀ ਖਤਮ ਕਰ ਦਿੱਤੀ ਗਈ।ਡਲਹੌਜ਼ੀ ਦਾ ਮਤਲਬ ਸੀ ਕਿ ਇਸ ਆਗਿਆ ਦੀ ਪੂਰੀ ਤਰਾਂ ਪਾਲਣਾ ਕੀਤੀ ਜਾਵੇ ਅਤੇ ਕੰਪਨੀ ਨੂੰ ਨਵੇਂ ਪ੍ਰਦੇਸ਼ਾਂ ਨੂੰ ਪ੍ਰਾਪਤ ਕਰਣ ਦਾ ਕੋਈ ਮੌਕਾ ਖੋਣਾ ਨਹੀਂ ਚਾਹੀਦਾ।
- ਇਹ ਇਸ ਸਿਧਾਂਤ ਦੇ ਅਨੁਸਾਰ ਵਿਲਯ ਕੀਤਾ ਗਿਆ ਪਹਿਲਾ ਰਾਜ ਸੀ। ਰਾਜਾ ਅੱਪਾ ਸਾਹਿਬ ਦਾ ਕੋਈ ਪੁੱਤਰ ਨਹੀਂ ਸੀ। ਓਹਨਾਂ ਨੇ ਮੌਤ ਤੋਂ ਕੁਝ ਦਿਨ ਪਹਿਲਾਂ ਕੰਪਨੀ ਦੀ ਆਗਿਆ ਤੋਂ ਬਿਨਾਂ ਇੱਕ 'ਦੱਤਕ ਪੁੱਤਰ' ਬਣਾ ਲਿਆ। ਲਾਰਡ ਹੇਸਟਿੰਗਜ਼ ਨੇ 1818 ਵਿੱਚ ਮਰਾਠਾ ਸ਼ਕਤੀ ਨੂੰ ਖਤਮ ਕਰਕੇ ਸ਼ਿਵਾਜੀ ਦੇ ਵੰਸ਼ਜ ਪ੍ਰਤਾਪ ਸਿੰਘ ਨੂੰ ਸਤਾਰਾ ਦਾ ਰਾਜ "ਉਸਨੂੰ, ਉਸ ਦੇ ਪੁੱਤਰਾਂ ਅਤੇ ਉਸ ਦੇ ਉੱਤਰਾਧਿਕਾਰੀਆਂ ਨੂੰ ਦੇ ਦਿੱਤਾ ਸੀ।" 1839 ਵਿੱਚ ਰਾਜਾ ਪ੍ਰਤਾਪ ਸਿੰਘ ਨੂੰ ਗੱਦੀ ਤੋਂ ਉਤਾਰ ਕੇ ਰਾਜ ਉਸਦੇ ਭਰਾ ਅੱਪਾ ਸਾਹਿਬ ਨੂੰ ਦੇ ਦਿੱਤਾ ਗਿਆ ਸੀ। ਬੰਬਈ ਪਰਿਸ਼ਦ ਦੇ ਪ੍ਰਮੁਖ ਸਰ ਜਾਰਜ ਕਲਾਰਕ ਨੇ ਇਸ ਵਿਲਯ ਦੇ ਵਿਰੁੱਧ ਸਲਾਹ ਦਿੱਤੀ ਸੀ। ਡਲਹੌਜੀ ਨੇ ਇਸ ਨੂੰ "ਆਸ਼ਰਿਤ ਰਾਜ" ਘੋਸ਼ਿਤ ਕਰ ਕੇ ਇਸ ਦਾ ਵਿਲਯ ਕਰ ਲਿਆ।

ਨੋਟ

- ਝਾਂਸੀ ਦਾ ਰਾਜਾ ਪੇਸ਼ਵਾ ਦੇ ਅਧੀਨ ਹੁੰਦਾ ਸੀ। ਰਾਜਾ ਦੀ 1835 ਵਿੱਚ ਮੌਤ ਹੋ ਗਈ ਪ੍ਰੰਤੂ ਕੰਪਨੀ ਨੇ ਰਾਜਾ ਦੇ ਵੰਸ਼ਜ ਗੰਗਾਧਰ ਰਾਓ ਨੂੰ ਉੱਤਰਾਧਿਕਾਰੀ ਸਵੀਕਾਰ ਕਰ ਲਿਆ। ਨਵੰਬਰ 1853 ਵਿੱਚ ਇਹ ਰਾਜਾ ਵੀ ਪੁੱਤਰ ਤੋਂ ਬਿਨਾਂ ਹੀ ਸਵਰਗ ਸਿਧਾਰ ਗਿਆ। ਰਾਜ ਨੂੰ ਕੰਪਨੀ ਨੇ ਵਿਲਯ ਕਰ ਲਿਆ। ਦੱਤਕ ਪੁੱਤਰ ਦਾ ਅਧਿਕਾਰ ਸਵੀਕਾਰ ਨਹੀਂ ਕੀਤਾ ਗਿਆ।
- ਇਸ ਮਰਾਠਾ ਰਾਜ ਦਾ ਘੇਰਾ 80,000 ਵਰਗ ਮੀਲ ਸੀ। 1853 ਵਿੱਚ ਰਾਜਾ ਦਾ ਬਿਨਾਂ ਦੱਤਕ ਪੁੱਤਰ ਗੋਦ ਲਏ ਹੀ ਸਵਰਗਵਾਸ ਹੋ ਗਿਆ। ਪ੍ਰੰਤੂ ਉਸ ਨੇ ਰਾਣੀ ਨੂੰ ਪੁੱਤਰ ਗੋਦ ਲੈਣ ਨੂੰ ਕਹਿ ਦਿੱਤਾ ਸੀ। ਜਦੋਂ ਰਾਣੀ ਨੇ ਪੁੱਤਰ ਗੋਦ ਲੈਣ ਦਾ ਪ੍ਰਸਤਾਵ ਕੀਤਾ ਤਾਂ ਕੰਪਨੀ ਲੇ ਸਵੀਕਾਰ ਨਹੀਂ ਕੀਤਾ ਅਤੇ ਰਾਜ ਵਿਲਯ ਕਰ ਲਿਆ।
- ਲਾਰਡ ਡਲਹੌਜ਼ੀ ਦੇ ਵਿਲਯ ਤੋਂ ਲਗਭਗ 3 ਗੁਣਾ ਪ੍ਰਦੇਸ਼ ਕੰਪਨੀ ਦੇ ਸਾਮਰਾਜ ਵਿੱਚ ਸ਼ਾਮਿਲ ਹੋਏ। ਉੱਤਰ ਪੱਛਮੀ ਪ੍ਰਦੇਸ਼ ਵਿੱਚ ਅੰਗਰੇਜ਼ ਦੱਰਿਆਂ ਦੇ ਸੰਰੱਖਿਅਕ ਬਣ ਗਏ। ਉੱਤਰ ਵਿੱਚ ਅੰਗਰੇਜ਼ ਸਾਮਰਾਜ ਦੀਆਂ ਸੀਮਾਵਾਂ ਤਿੱਬਤ ਅਤੇ ਚੀਨੀ ਸਾਮਰਾਜ ਨੂੰ ਛੂਣ ਲੱਗੀਆਂ ਅਤੇ ਦੱਖਣ ਪੂਰਬ ਵਿੱਚ ਅੰਗਰੇਜਾਂ ਨੇ ਬੰਗਾਲ ਦੀ ਖਾੜੀ ਦੇ ਤਟਾਂ ਤੇ ਆਪਣਾ ਅਧਿਕਾਰ ਬਣਾ ਲਿਆ। ਭਾਰਤੀ ਉਪਮਹਾਂ ਦੀਪ ਵਿੱਚ ਅੰਗਰੇਜੀ ਸਾਮਰਾਜ ਕੁਦਰਤੀ ਸੀਮਾਵਾਂ ਨੂੰ ਛੂਣ ਲੱਗਾ ਅਤੇ ਸਮੁੰਦਰ ਅਤੇ ਪਹਾੜ ਉਸ ਦੀਆਂ ਸੀਮਾਵਾਂ ਬਣ ਗਈਆਂ ।
- ਡਲਹੌਜ਼ੀ ਵਿਲਯਵਾਦੀ ਸੀ। ਉਸਨੇ ਵਿਅਪਗਤ ਦੇ ਸਿਧਾਂਤ ਦਾ ਇਸਤੇਮਾਲ ਆਕਰਾਮਕ ਉਦੇਸ਼ਾਂ ਲਈ ਕੀਤਾ। ਜੇਕਰ ਅਵਧ ਪ੍ਰਦੇਸ਼ਾਂ ਵਿੱਚ ਵਿਅਪਗਤ ਦਾ ਸਿਧਾਂਤ ਲਾਗੂ ਨਹੀਂ ਹੋ ਸਕਿਆ ਤਾਂ ਉਸਨੇ ਚੰਗੇ ਪ੍ਰਸ਼ਾਸਨ ਦੀ ਆੜ ਲੈ ਕੇ ਪ੍ਰਦੇਸ਼ ਦਾ ਵਿਲਯ ਕਰ ਦਿੱਤਾ।
- 1801 ਤੋਂ ਹੀ ਕਰਨਾਟਕ ਦਾ ਨਵਾਬ ਇੱਕ ਨਾਂਮਾਤਰ ਜਿਹਾ ਵਿਅਕਤੀ ਸੀ। 1853 ਵਿੱਚ ਕਰਨਾਟਕ ਦੇ ਨਵਾਬ ਦੀ ਮੌਤ ਤੇ ਮਦਰਾਸ ਸਰਕਾਰ ਦੇ ਸੁਝਾਵ ਨਾਲ ਸਹਿਮਤ ਹੋ ਕੇ ਉਸਦੇ ਉੱਤਰਾਧਿਕਾਰੀਆਂ ਨੂੰ ਮਾਨਤਾ ਨਹੀਂ ਦਿੱਤੀ ਗਈ ਅਤੇ ਇਸੇ ਤਰਾਂ ਇਸ ਪ੍ਰਪੰਚ ਨੂੰ ਖਤਮ ਕਰ ਦਿੱਤਾ ਗਿਆ। ਪ੍ਰੰਤੂ 1867 ਵਿੱਚ ਗਵਰਨਰ ਜਨਰਲ ਦਾ ਇਹ ਨਿਰਣਾ ਕੁਝ ਹੱਦ ਤੱਕ ਬਦਲ ਗਿਆ। 1855 ਵਿੱਚ ਤੰਜੋਰ ਦੇ ਰਾਜਾ ਦੀ ਮੌਤ ਹੋ ਗਈ । ਉਸ ਤੋਂ ਬਾਅਦ ਉਸ ਦੀਆਂ 16 ਵਿਧਵਾਵਾਂ ਅਤੇ 2 ਕੁੜੀਆਂ ਰਹਿ ਗਈਆਂ। ਇਸ ਉਪਾਧੀ ਨੂੰ ਵੀ ਖਤਮ ਕਰ ਦਿੱਤਾ ਗਿਆ। ਇਸੇ ਤਰਾਂ ਡਲਹੌਜੀ ਦੀ ਇਹ ਯੋਜਨਾ ਸੀ ਕਿ ਮੁਗਲ ਸਮਰਾਟ ਦੀ ਉਪਾਧੀ ਵੀ ਖਤਮ ਕਰ ਦਿੱਤੀ ਜਾਵੇ। ਪ੍ਰੰਤੂ ਡਾਇਰੈਕਟਰਜ਼ ਨੇ ਇਸ ਸੁਝਾਅ ਨੂੰ ਸਵੀਕਾਰ ਨਹੀਂ ਕੀਤਾ। ਪੇਸ਼ਵਾ ਬਾਜ਼ੀਰਾਓ ਦੂਜੇ ਨੂੰ 8 ਲੱਖ ਰੁਪਏ ਸਾਲਾਨਾ ਦੀ ਪੈਂਸ਼ਨ ਮਿਲਦੀ ਸੀ। 1853 ਵਿੱਚ ਵੁਸਦੀ ਮੌਤ ਤੋਂ ਬਾਅਦ ਇਹ ਪੈਂਸ਼ਨ ਉਸਦੇ ਦੱਤਕ ਪੁੱਤਰ ਨਾਨਾ ਸਾਹਿਬ ਨੂੰ ਨਹੀਂ ਦਿੱਤੀ ਗਈ ਕਿਓਂਕਿ ਇਹ ਪੈਂਸ਼ਨ ਨਿਜੀ ਰੂਪ ਵਿੱਚ ਬਾਜੀਰਾਓ ਨੂੰ ਦਿੱਤੀ ਗਈ ਸੀ ਨਾ ਕਿ ਪੇਸ਼ਵਾ ਨੂੰ।
- 19ਵੀਂ ਸ਼ਤਾਬਦੀ ਦੇ ਮੱਧ ਤੱਕ ਅੰਗਰੇਜ਼ ਅਵਧ ਦੇ ਵਿਲਯ ਦੇ ਪੱਖ ਵਿੱਚ ਹੋ ਗਏ ਸਨ। ਅਸਲ ਵਿੱਚ ਮੱਧ ਵਿਕਟੋਰੀਆ ਯੁੱਗ ਦੇ ਸਾਮਰਾਜਵਾਦੀ ਇਹ ਵਿਸ਼ਵਾਸ ਕਰਣ ਲੱਗੇ ਸਨ ਕਿ ਅੰਗਰੇਜ਼ ਹੀ ਚੰਗਾ ਪ੍ਰਸ਼ਾਸਨ ਦੇਣ ਯੋਗ ਹਨ, ਭਾਰਤੀਆਂ ਦਾ ਓਨਾਂ ਦੇ ਸ਼ਾਸਨ ਦੇ ਅਧੀਨ ਰਹਿਣਾ ਅਤੇ ਅਵਧ ਦਾ ਵਿਲਯ ਬਹੁਤ ਜ਼ਰੂਰੀ ਹੈ। ਲੰਦਨ ਟਾਈਮਜ਼ ਨੇ ਇਸੇ ਪ੍ਰਕਾਰ ਦੀ ਭਾਵਨਾ ਦੇ ਅਧੀਨ ਕਿਹਾ ਸੀ ਕਿ, "ਭਾਰਤੀ ਜਾਤ ਬਹੁਤ ਤੁੱਛ ਜਿਹੀ ਜਾਤ ਹੈ ਅਤੇ ਪ੍ਰਿਥਵੀ ਦੇ ਦੂਜੇ ਛੋਰ ਤੱਕ ਇੱਕ ਮਹਾਨ ਜਾਤ ਓਹਨਾਂ ਉੱਤੇ ਰਾਜ ਕਰਨ ਲਈ ਪਹੁੰਚ ਗਈ ਹੈ। " ਇਸ ਲਈ ਵਿਲਯ ਦੇ ਕੰਮ ਵਿੱਚ ਡਲਹ੦ਜ਼ੀ ਨੂੰ ਨਾ ਤਾਂ ਕਿਸੇ ਸੰਧੀ ਦੀ ਲੋੜ ਸੀ ਅਤੇ ਨਾ ਹੀ ਓਹ ਕਿਸੇ ਭਾਵੁਕਤਾ ਨਾਲ ਪ੍ਰੇਰਿਤ ਹੋਇਆ।
- ਅਵਧ ਦੇ ਵਿਲਯ ਦਾ ਮੁੱਖ ਕਾਰਣ ਸਿਰਫ ਉੱਥੇ ਦਾ ਕੁਸ਼ਾਸਨ ਹੀ ਸੀ। ਇਸ ਗੱਲ ਤੇ ਧਿਆਨ ਨਹੀਂ ਦਿੱਤਾ ਗਿਆ ਕਿ ਇਸ ਕੁਸ਼ਾਸਨ ਦਾ ਮੁੱਖ ਕਾਰਣ ਅੰਗਰੇਜ਼ ਆਪ ਹੀ ਸਨ। ਸਮਕਾਲੀਨ ਅਨੇਕ ਲੇਖਕਾਂ ਨੇ ਬਾਰ ਬਾਰ ਇਹ ਕਿਹਾ ਹੈ ਕਿ ਉਸ ਦੇਸ਼ ਵਿੱਚ ਅੰਗਰੇਜ਼ ਹਸਤਖੇਪ ਨੇ ਉਥੋਂ ਦੀ ਰਾਜਵਿਵਸਥਾ ਨੂੰ ਅਜਿਹਾ ਬਣਾ ਦਿੱਤਾ ਸੀ ਕਿ ਇਹ ਅੰਗਰੇਜਾਂ ਦੇ ਨਾਂ ਤੇ ਇੱਕ ਬੜਾ ਭਾਰੀ ਕਲੰਕ ਸੀ। ਕੁਸ਼ਾਸਨ ਵਿਲਯ ਦਾ ਇੱਕ ਬੜਾ ਸੁਗਮ ਜਿਹਾ ਕਾਰਣ ਸੀ।
- ਡਲਹੌਜੀ ਨੇ ਇਸ ਪ੍ਰਦੇਸ਼ ਦੇ ਵਿਲਯ ਦੀ ਯੋਜਨਾ ਬਹੁਤ ਦੱਖਤਾਪੂਰਣ ਬਣਾਈ। ਉਸ ਨੇ ਆਪਣੇ ਅਧਿਕਾਰੀ ਉੱਥੋਂ ਦੇ ਸ਼ਾਸਨ ਦੀ ਜਾਂਚ ਕਰਣ ਲਈ ਭੇਜੇ ਜਿਨਾਂ ਨੇ ਹਿੱਕ ਵਿਸਤ੍ਰਿਤ ਵਿਵਰਣ ਉੱਥੋਂ ਦੇ ਕੁਸ਼ਾਸਨ ਦੇ ਵਿਸ਼ੇ ਵਿੱਚ ਓਹਨਾਂ ਨੂੰ ਭੇਜਿਆ, ਜਿਸ ਨੂੰ ਲੰਦਨ ਭੇਜ ਕੇ ਉਸ ਨੇ ਗ੍ਰਹਿ ਸਰਕਾਰ ਤੋਂ ਅਵਧ ਦੇ ਵਿਲਯ ਲਈ ਆਗਿਆ ਪ੍ਰਾਪਤ ਕਰ ਲਈ। ਗ੍ਰਹਿ ਸਰਕਾਰ ਅਤੇ ਬ੍ਰਿਟਿਸ਼ ਜਨਮਤ ਤਿਆਰ ਕਰਣ ਤੋਂ ਬਾਅਦ ਡਲਹੌਜੀ ਨੇ ਬਹੁਤ ਤਤਪਰਤਾ ਨਾਲ ਕੰਮ ਕੀਤਾ।
- ਲਾਰਡ ਡਲਹੌਜੀ ਨੇ ਪ੍ਰਸ਼ਾਸਨ ਦੇ ਲਗਭਗ ਸਾਰੇ ਵਿਭਾਗਾਂ ਵਿੱਚ ਸੁਧਾਰ ਕੀਤੇ। ਇਸ ਮਹਾਨ ਸਾਮਰਾਜਵਾਦੀ ਨੇ ਕੰਪਨੀ ਦੀ ਪ੍ਰਾਪਤੀਆਂ ਨੂੰ ਸੰਗਠਿਤ ਕੀਤਾ। ਗਵਰਨਰ ਜਨਰਲ ਦੇ ਕਾਰਜਭਾਰ ਨੂੰ ਘੱਟ ਕਰਣ ਦੇ ਉਦੇਸ਼ ਨਾਲ ਬੰਗਾਲ ਵਿੱਚ ਇੱਕ ਲੈਫਟੀਨੈਂਟ ਗਵਰਨਰ ਨਿਯੁਕਤ ਕੀਤਾ ਗਿਆ। ਜੋ ਨਵੀਨ ਪ੍ਰਦੇਸ਼ ਕੰਪਨੀ ਦੇ ਅਧੀਨ ਆਂਉਦੇ ਸਨ ਓਹਨਾਂ ਲਈ ਸਿੱਧਾ ਪ੍ਰਸ਼ਾਸਨ ਆਰੰਭ ਕੀਤਾ ਗਿਆ। ਇਸ ਨੂੰ "ਨੋਨ ਰੈਗੁਲੇਸ਼ਨ ਪੱਧਤੀ" ਕਿਹਾ ਜਾਂਦਾ ਹੈ।
- ਡਲਹੌਜੀ ਦੇ ਸਾਮਰਾਜ ਵਿਸਤਾਰ ਦੇ ਕਾਰਣ ਅੰਗਰੇਜੀ ਰਾਜ ਦੀਆਂ ਸੀਮਾਵਾਂ ਪੂਰਬ ਵਿੱਚ ਬੰਗਾਲ ਤੋਂ ਪੱਛਮ ਵਿੱਚ ਸਿੰਧ ਅਤੇ ਪੰਜਾਬ ਤੱਕ ਫੈਲ ਗਈਆਂ। ਏਸ਼ੀਆ ਦੇ ਸਾਮਰਾਜ ਦਾ ਸੁਪਨਾ ਪੂਰਾ ਹੋ ਗਿਆ। ਇੰਨੇ ਵਿਸਤ੍ਰਿਤ ਪ੍ਰਦੇਸ਼ ਉੱਤੇ ਅਧਿਕਾਰ ਦੇ

ਕਾਰਣ ਇਹ ਜ਼ਰੂਰੀ ਸੀ ਕਿ ਸੇਨਾਵਾਂ ਦੀ ਜ਼ਿਆਦਾ ਚੰਗੀ ਵੰਡ ਕੀਤੀ ਜਾਵੇ। ਬੰਗਾਲ ਤੋਪਖਾਨੇ ਦੇ ਮੁੱਖ ਦਫਤਰ ਕਲਕੱਤਾ ਦੀ ਥਾਂ ਮੇਰਠ ਵਿੱਚ ਲਿਆਂਦੇ ਗਏ ਅਤੇ ਸੈਨਾ ਦੇ ਮੁੱਖ ਦਫਤਰ ਸ਼ਿਮਲਾ ਵਿੱਚ ਬਣਾਏ ਗਏ ਅਤੇ ਇਹ ਕੰਮ 1865 ਤੱਕ ਪੂਰਾ ਹੋ ਗਿਆ।

- ਲਾਰਡ ਡਲਹੌਜ਼ੀ ਨੇ ਕਾਰਜਕਾਲ ਵਿੱਚ ਸਿੱਖਿਆ ਵਿੱਚ ਮਹੱਤਵਪੂਰਣ ਸੁਧਾਰ ਕੀਤੇ ਗਏ। 1853 ਵਿੱਚ ਟਾਮਸਨ ਦੀ ਵਿਵਸਥਾ ਦੇ ਅਨੁਸਾਰ ਸਾਰੇ ਉੱਤਰ ਪੱਛਮੀ ਪ੍ਰਾਂਤ (ਆਧੁਨਿਕ ਉੱਤਰ ਪ੍ਰਦੇਸ਼), ਲੋਅਰ ਬੰਗਾਲ ਅਤੇ ਪੰਜਾਬ ਵਿੱਚ ਸਥਾਨੀ ਪਰਿਸਥਿਤੀਆਂ ਦੇ ਅਨੁਸਾਰ ਭਾਰਤੀ ਭਾਸ਼ਾਵਾਂ ਵਿੱਚ ਸਿੱਖਿਆ ਦਾ ਪ੍ਰਸਤਾਵ ਸਵੀਕਾਰ ਕਰ ਲਿਆ ਗਿਆ। ਅਜਿਹੀ ਹੀ ਆਗਿਆ ਬੰਬਈ ਅਤੇ ਮਦਰਾਸ ਵਿੱਚ ਵੀ ਦੇ ਦਿੱਤੀ ਗਈ।
- ਜੁਲਾਈ 1854 ਵਿੱਚ ਸਰ ਚਾਰਲਸ ਵੁੱਡ ਜੋ ਬੋਰਡ ਓਫ ਕੰਟਰੋਲ ਦੇ ਪ੍ਰਧਾਨ ਸਨ, ਨੇ ਭਾਰਤੀ ਸਰਕਾਰ ਨੂੰ ਇੱਕ ਨਵੀਂ ਯੋਜਨਾ ਭੇਜੀ ਜਿਸ ਨੂੰ ਵੁੱਡ ਦਾ ਨਿਰਦੇਸ਼ ਪੱਤਰ ਕਿਹਾ ਜਾਂਦਾ ਹੈ। ਇਸਦੇ ਅਨੁਸਾਰ "ਪ੍ਰਾਰਥਮਿਕ ਸਿੱਖਿਆ ਤੋਂ ਲੈ ਕੇ ਵਿਸ਼ਵਵਿਦਿਆਲੇ ਸਤਰ ਤੱਕ ਦੀ ਸਿੱਖਿਆ ਦੇ ਲਈ ਇੱਕ ਵਿਆਪਕ ਯੋਜਨਾ" ਬਣਾਈ ਗਈ।
- ਇੰਗਲੈਂਡ ਵਿੱਚ ਰੇਲਵੇ ਲਾਈਨ 1825 ਤੋਂ ਬਾਅਦ ਵਿਛਾਈ ਜਾ ਰਹੀ ਸੀ। ਡਲਹੌਜ਼ੀ ਦੇ ਕਾਲ ਵਿੱਚ ਭਾਰਤ ਵਿੱਚ 1853 ਵਿੱਚ ਪਹਿਲੀ ਰੇਲਵੇ ਲਾਈਨ ਬੰਬਈ ਤੋਂ ਥਾਨਾ ਤੱਕ ਵਿਛਾਈ ਗਈ ਅਤੇ ਜਲਦੀ ਹੀ ਸਾਰਾ ਭਾਰਤੀ ਸਾਮਰਾਜ ਰੇਲਵੇ ਲਾਈਨਾਂ ਦੇ ਸੂਤਰ ਵਿੱਚ ਬੰਨ ਕੇ ਇੱਕ ਕਰ ਦਿੱਤਾ ਗਿਆ।
- ਭਾਰਤ ਵਿੱਚ ਕੁਝ ਸਮੇਂ ਤੋਂ ਇੱਕ ਉਫਾਨ ਇੱਕਠਾ ਹੋ ਰਿਹਾ ਸੀ। ਡਲਹੌਜ਼ੀ ਦੇ ਜਾਣ ਤਹਾਂ ਇੱਕ ਸਾਲ ਬਾਅਦ ਹੀ ਓਹ ਫੁੱਟ ਪਿਆ। ਡਲਹੌਜ਼ੀ ਦੀ ਨੀਤੀ ਚਾਹੇ ਕਿੰਨੀ ਵੀ ਨਿਆਂਪੂਰਣ ਅਤੇ ਉਚਿਤ ਕਿਓਂ ਨਾ ਹੋਵੇ, ਉਸ ਦਾ ਪ੍ਰਭਾਵ ਬਹੁਤ ਚੰਗਾ ਨਹੀਂ ਸੀ। ਭਾਰਤੀ ਰਾਜਿਆਂ ਵਿੱਚ ਅਸੰਤੋਸ਼ ਫੈਲ ਗਿਆ। ਜਿਵੇਂ ਕਿ ਵੀ. ਏ. ਸਮਿਥ ਨੇ ਕਿਹਾ ਹੈ ਕਿ "ਭਾਰਤੀ ਰਾਜਾ 'ਅਧੀਨਸਥ' ਅਤੇ 'ਆਸ਼ਰਿਤ' ਰਿਆਸਤਾਂ ਦੇ ਸੂਖਮ ਭੇਦ ਨੂੰ ਨਹੀਂ ਸਮਝ ਸਕਦੇ ਸਨ। ਓਹਨਾਂ ਨੇ ਕੇਵਲ ਇਹ ਵੇਖਿਆ ਕਿ ਇੱਕ ਰਾਜ ਤੋਂ ਬਾਅਦ ਦੂਜਾ ਰਾਜ, ਸਾਮਰਾਜ ਕਿਸੇ ਨਾ ਕਿਸੇ ਕਾਰਣ ਤੋਂ ਵਿਲਯ ਹੋ ਰਿਹਾ ਹੈ ਅਤੇ ਹੁਣ ਕੋਈ ਵੀ ਰਾਜ ਸੁਰੱਖਿਅਤ ਨਹੀਂ ਹੈ.... ਗਤੀ ਬਹੁਤ ਤੇਜ਼ ਸੀ ਅਤੇ ਇਸ ਦੇ ਸੰਚਿਤ ਪ੍ਰਭਾਵ ਨੇ ਅਤਿਅੰਤ ਅਸਥਿਰਤਾ ਦੀ ਸਥਿਤੀ ਉਤਪੰਨ ਕਰ ਦਿੱਤੀ।" ਵਿਅਪਗਤ ਦੇ ਸਿਧਾਂਤ ਨੇ ਭਾਰਤੀ ਲੋਕਾਂ ਦੇ ਪਾਰੰਪਰਿਕ ਰੀਤੀ ਰਿਵਾਜਾਂ ਦੀ ਅਵਹੇਲਣਾ ਕੀਤੀ ਅਤੇ ਪ੍ਰਾਚੀਨ ਅਤੇ ਅਪ੍ਰਚੱਲਿਤ ਸਿਧਾਂਤਾਂ ਦੇ ਨਵੇਂ ਮਤਲਬ ਕੱਢੇ।

## 6.3 ਸ਼ਬਦਕੋਸ਼ (Keywords)

- ਵਿਅਪਗਤ : ਹੜੱਪਣਾ, ਜ਼ਬਰਦਸਤੀ ਅਧਿਕਾਰ ਲੈਣਾ
- ਦੱਤਕ ਪੁੱਤਰ : ਗੋਦ ਪ੍ਰਥਾ ਦੇ ਤਹਿਤ ਲਿਆ ਗਿਆ ਪੁੱਤਰ

## 6.4 ਅਭਿਆਸ ਪ੍ਰਸ਼ਨ (Review Questions)

1. ਲਾਰਡ ਡਲਹੌਜ਼ੀ ਦੇ ਵਿਅਪਗਤ ਸਿਧਾਂਤ ਦੀ ਵਿਆਖਿਆ ਕਰੋ।
2. 1857 ਈ. ਦੇ ਵਿਦਰੋਹ ਲਈ ਲਾਰਡ ਡਲਹੌਜ਼ੀ ਕਿੱਥੋਂ ਤੱਕ ਉੱਤਰਦਾਈ ਸੀ? ਵਿਸ਼ਲੇਸ਼ਣਾਤਮਕ ਵਰਣਨ ਕਰੋ।
3. ਲਾਰਡ ਡਲਹੌਜ਼ੀ ਦੇ ਪ੍ਰਸ਼ਾਸਨਿਕ ਸੁਧਾਰਾਂ ਦਾ ਮੁੱਲਾਂਕਣ ਕਰੋ।

**ਉੱਤਰ: ਸਵ-ਮੁੱਲਾਂਕਣ (Answers: Self Assessment)**

(1) (ਕ) (2) (ਗ) (3) (ਕ) (4) (ਗ)
(5) (ਖ)

## 6.5 ਸੰਦਰਭ ਪੁਸਤਕਾਂ (Further Readings)

ਬੁਕਸ

1. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
2. ਆਧੁਨਿਕ ਭਾਰਤ, ਐਸ. ਕੇ. ਪਾਂਡੇ, ਪ੍ਰਯਾਗ ਅਕਾਦਮੀ ਇਲਾਹਾਬਾਦ
3. ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗ੍ਰੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ

ਨੋਟ

# ਇਕਾਈ-7: ਪਹਿਲੀ ਮਹੱਤਵਪੂਰਣ ਚੁਨੌਤੀ: (The First Major Challenge)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
7.1 1857 ਦੇ ਵਿਦਰੋਹ ਦੇ ਕਾਰਣ (Causes of the Revolt of 1857)
7.2 ਆਰੰਭ, ਪ੍ਰਸਾਰ ਅਤੇ ਪਤਨ (Beginning,Spread and Suppression)
7.3 ਵਿਦਰੋਹ ਅਸਫਲ ਕਿਓਂ? (Why the Revolt Failed)
7.4 ਵਿਦਰੋਹ ਦਾ ਪਰਿਣਾਮ (Aftermath of the revolt)
7.5 1857 ਦੇ ਵਿਦਰੋਹ ਤੇ ਚੁਣੇ ਹੋਏ ਵਿਚਾਰ (Select Options of the Revolt of 1857)
7.6 ਸਾਰ ਅੰਸ਼ (Summary)
7.7 ਸ਼ਬਦਕੋਸ਼ (Keywords)
7.8 ਅਭਿਆਸ-ਪ੍ਰਸ਼ਨ (Review Questions)
7.9 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- 1857 ਦੇ ਵਿਦਰੋਹ ਦੇ ਕਾਰਣਾਂ ਦਾ ਵਿਸ਼ਲੇਸ਼ਣ ਕਰਨ ਵਿੱਚ।
- ਵਿਦਰੋਹ ਦੇ ਆਰੰਭ ਪ੍ਰਸਾਰ ਅਤੇ ਪਤਨ ਦਾ ਵਿਵੇਚਨ ਕਰਨ ਵਿੱਚ।
- ਵਿਦਰੋਹ ਦਾ ਮੁੱਲਾਕਣ ਕਰਨ ਵਿੱਚ।

## ਜਾਣਕਾਰੀ (Introduction)

19ਵੀਂ ਸ਼ਤਾਬਦੀ ਦੇ ਮੱਧ ਤੱਕ ਭਾਰਤ ਵਿੱਚ ਰਾਸ਼ਟਰਵਾਦ ਦੀ ਚੇਤਨਾ, ਜੇਕਰ ਰਾਸ਼ਟਰਵਾਦ ਨੂੰ ਅਸੀਂ ਆਧੁਨਿਕ ਸੰਵੇਦਨਾਂ ਦੇ ਅਰਥ ਵਿੱਚ ਲਈਏ, ਤਾਂ ਸਾਡੇ ਵਿੱਚ ਕੇਵਲ ਭ੍ਰੂਣ ਅਵਸਥਾ ਦੇ ਰੂਪ ਵਿੱਚ ਹੀ ਵਿੱਦਿਆਮਾਨ ਸੀ। ਸੇਨ ਦਾ ਕਥਨ ਹੈ ਕਿ 1857 ਵਿੱਚ "ਭਾਰਤ ਕੇਵਲ ਇੱਕ ਭੂਗੋਲਿਕ ਕਥਨ" ਦੇ ਰੂਪ ਵਿੱਚ ਹੀ ਵਿੱਦਿਆਮਾਨ ਸੀ। ਬੰਗਾਲੀ, ਪੰਜਾਬੀ, ਹਿੰਦੂਸਤਾਨੀ, ਮਹਾਰਾਸ਼ਟਰੀ ਆਦਿ ਲੋਕਾਂ ਨੇ ਕਦੇ ਆਪਣੇ ਆਪ ਨੂੰ ਇੱਕ ਭਾਰਤ ਦਾ ਵਾਸੀ ਜਾਂ ਇੱਕ ਰਾਸ਼ਟਰ ਦਾ ਮੈਂਬਰ ਨਹੀਂ ਸਮਝਿਆ ਸੀ।

ਕੀ ਇਹ ਸੈਨਿਕ ਵਿਦਰੋਹ ਜਾਂ ਵਿਦਰੋਹ ਇੱਕ ਸੁਤੰਤਰਤਾ ਸੰਗਰਾਮ ਸੀ? ਪੰਡਿਤ ਜਵਾਹਰ ਨਹਿਰੂ ਦੇ ਕਥਾਨੁਸਾਰ ਇਹ ਤਾਂ ਵਾਸਤਵ ਵਿੱਚ ਸਾਮੰਤਵਾਦੀ ਲੋਕਾਂ ਦਾ ਵਿਦਰੋਹ ਸੀ, ਜਿਸ ਵਿੱਚ ਵਿਦੇਸ਼ ਵਿਰੋਧੀ ਭਾਵਨਾਵਾਂ ਤੋਂ ਪ੍ਰੇਰਿਤ ਲੋਕ ਵੀ ਸ਼ਾਮਿਲ ਹੋਏ। ਇਨਾਂ ਸਾਮੰਤ ਲੋਕਾਂ ਵਿੱਚ ਕੋਈ ਵੀ ਸਾਮੰਜਸ ਨਹੀਂ ਸੀ, ਅਤੇ ਨਾ ਹੀ ਇਹ ਕਿਸੇ ਇੱਕ ਭਾਵਨਾ ਜਾਂ ਉਦੇਸ਼ ਤੋਂ ਪ੍ਰੇਰਿਤ ਹੋਏ ਸਨ। ਵੱਡੀ ਰਿਆਸਤਾਂ ਦੇ ਲੋਕ ਪ੍ਰਮੁੱਖ ਰੂਪ ਵਿੱਚ ਅਲੱਗ ਹੀ ਰਹੇ ਅਤੇ ਇਹਨਾਂ ਨੇ ਅੰਗਰੇਜਾਂ ਦੀ ਮਦਦ ਕੀਤੀ, ਕਿਓਂਕਿ ਓਹਨਾਂ ਨੂੰ ਡਰ ਸੀ ਕਿ ਓਹਨਾਂ ਕੋਲ ਜੋ ਵੀ ਕੁਝ ਬਚਿਆ ਸੀ, ਓਹ ਅੰਗਰੇਜਾਂ ਦੀ ਕ੍ਰਿਪਾ ਦੇ ਫਲਸਰੂਪ ਹੀ ਸੀ। ਡਾ. ਆਰ. ਸੀ. ਮਜੂਮਦਾਰ ਦਾ ਤਰਕ ਹੈ ਕਿ ਭਾਰਤੀ ਸਮਾਜ ਦੇ ਕੁਝ ਤੱਤ ਵਿਅਕਤੀਗਤ ਰੂਪ ਜਾਂ ਸੰਗਠਿਤ ਰੂਪ ਨਾਲ, ਭਾਰਤ ਦੇ ਕੁਝ ਭਾਗਾਂ ਵਿੱਚ ਅੰਗਰੇ ਜਾਂ ਵਿਰੁੱਧ ਜ਼ਰੂਰ ਲੜੇ ਪ੍ਰੰਤੂ ਉਨਾਂ ਦਾ ਉਦੇਸ਼, ਸਮਕਾਲੀਨ ਜਾਣਕਾਰੀ ਦੇ ਆਧਾਰ ਤੇ ਇਹੀ ਸਪਸ਼ਟ ਹੁੰਦਾ ਹੈ ਕਿ ਸਵਾਰਥਭਾਵ ਜਾਂ ਧਾਰਮਿਕ ਭਾਵਨਾ ਨਾਲ ਹੀ ਲੜੇ, ਨਾ ਕਿ ਸਾਰੇ ਦੇਸ਼ ਦੇ ਹਿਤ ਵਿੱਚ, ਜਾਂ ਭਾਰਤ ਨੂੰ ਵਿਦੇਸ਼ੀਆਂ ਤੋਂ ਮੁਕਤੀ ਦੁਆਓਣ ਲਈ। ਮਜੂਮਦਾਰ ਮਹੋਦਯ ਇਸ ਨਿਰਣੇ ਤੇ ਪਹੁੰਚਦੇ ਹਨ ਕਿ "ਤਥਾਕਥਿਤ 1857 ਦਾ ਰਾਸ਼ਟਰੀ ਸੁਤੰਤਰਤਾ ਦਾ ਪਹਿਲਾ ਸੰਗਰਾਮ ਨਾ ਤਾਂ ਇਹ ਪ੍ਰਥਮ, ਨਾ ਰਾਸ਼ਟਰੀ ਅਤੇ ਨਾ ਹੀ ਸੁਤੰਤਰਤਾ ਸੰਗਰਾਮ ਸੀ।"

ਪ੍ਰੋਫੈਸਰ ਸੇਨ 1857 ਦੀਆਂ ਘਟਨਾਵਾਂ ਨੂੰ ਬੜੇ ਪਰਿਪੱਖ ਵਿੱਚ ਦੇਖਦੇ ਹੋਏ ਇਹ ਤਰਕ ਦਿੰਦੇ ਹਨ ਕਿ ਵਿਦਰੋਹ ਅਤੇ ਕ੍ਰਾਂਤੀਆਂ ਮੁੱਖ ਰੂਪ ਵਿੱਚ ਇੱਕ ਅਲਪਸੰਖਿਅਕ ਵਰਗ ਦਾ ਹੀ ਕੰਮ ਹੁੰਦਾ ਹੈ, ਜਿਸ ਵਿੱਚ ਜਨਤਾ ਦੀ ਸਹਾਨੁਭੂਤੀ ਹੁੰਦੀ ਵੀ ਹੈ ਅਤੇ ਨਹੀਂ ਵੀ ਹੁੰਦੀ, ਜਿਵੇਂ ਕਿ ਅਮਰੀਕੀ ਸੁਤੰਤਰਤਾ ਸੰਗਰਾਮ ਜਾਂ ਫ਼੍ਰਾਂਸੀਸੀ ਕ੍ਰਾਂਤੀ ਵਿੱਚ ਹੋਇਆ। ਇਸ ਤਰਕ ਨੂੰ ਅੱਗੇ ਵਧਾਉਂਦੇ ਹੋਏ ਓਹ ਇਸ ਨਤੀਜੇ ਤੇ ਪਹੁੰਚਦੇ ਹਨ ਕਿ "ਜਿਸ ਵਿਦਰੋਹ ਦਾ ਧਾਰਮਿਕ ਸੰਘਰਸ਼ ਦੇ ਰੂਪ ਵਿੱਚ ਆਰੰਭ ਹੋਇਆ ਹੋਵੇ, ਉਸਦਾ ਅੰਤ ਸੁਤੰਤਰਤਾ ਸੰਗਰਾਮ ਦੇ ਰੂਪ ਵਿੱਚ ਹੋਇਆ। ਉਸਦੇ ਮਨ ਵਿੱਚ ਵੀ ਜ਼ਰਾ ਵੀ ਸੰਦੇਹ ਨਹੀਂ ਹੈ ਕਿ ਵਿਦਰੋਹੀਆਂ ਨੇ ਇੱਕ ਵਿਦੇਸ਼ੀ ਸਰਕਾਰ ਨੂੰ ਕੱਢ ਕੇ ਪੁਰਾਣੀ ਵਿਵਸਥਾ ਨੂੰ ਦੁਬਾਰਾ ਸਥਾਪਿਤ ਕਰਣ ਦੀ ਕੋਸ਼ਿਸ਼ ਕੀਤੀ, ਜਿਸ ਦਾ ਦਿੱਲੀ ਦਾ ਸਮਰਾਟ ਨਿਆਂਓਚਿਤ ਪ੍ਰਤੀਨਿਧੀ ਸੀ।"

## 7.1 1857 ਦੇ ਵਿਦਰੋਹ ਦੇ ਕਾਰਣ (Causes of Revolt of 1857)

ਐਂਗਲੋ ਇੰਡੀਅਨ ਇਤਿਹਾਸਕਾਰਾਂ ਨੇ ਸੈਨਿਕ ਅਸੰਤੋਸ਼ਾਂ ਅਤੇ ਚਰਬੀ ਵਾਲੇ ਕਾਰਤੂਸਾਂ ਨੂੰ ਹੀ 1857 ਦੇ ਮਹਾਨ ਵਿਦਰੋਹ ਦਾ ਸਭ ਤੋਂ ਮੁੱਖ ਅਤੇ ਮਹੱਤਵਪੂਰਣ ਕਾਰਣ ਦੱਸਿਆ ਹੈ। ਪ੍ਰੰਤੂ ਆਧੁਨਿਕ ਭਾਰਤੀ ਇਤਿਹਾਸਕਾਰਾਂ ਨੇ ਇਹ ਸਿੱਧ ਕੀਤਾ ਹੇ ਕਿ ਚਰਬੀ ਵਾਲੇ ਕਾਰਤੂਸ ਹੀ ਇਸ ਵਿਦਰੋਹ ਦਾ ਇੱਕ ਮਾਤਰ ਕਾਰਣ ਜਾਂ ਸਭ ਤੋਂ ਪ੍ਰਮੁੱਖ ਕਾਰਣ ਨਹੀਂ ਸਨ। ਚਰਬੀ ਵਾਲੇ ਕਾਰਤੂਸ ਅਤੇ ਸੈਨਿਕਾਂ ਦਾ ਵਿਦਰੋਹ ਤਾਂ ਕੇਵਲ ਇੱਕ ਚਿੰਗਾਰੀ ਸੀ ਜਿਸਨੇ ਓਹਨਾਂ ਸਾਰੇ ਵਿਸਫੋਟਕ ਪਦਾਰਥਾਂ ਨੂੰ ਜੋ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਕਾਰਣਾਂ ਤੋਂ ਇੱਕਠੇ ਹੋਏ ਸਨ, ਅੱਗ ਲਗਾ ਦਿੱਤੀ ਅਤੇ ਓਹ ਦਾਵਾਨਲ ਰੂਪ ਧਾਰਣ ਕਰ ਗਿਆ।

ਰਾਜਨੀਤਿਕ ਕਾਰਣ – ਕੰਪਨੀ ਦੀ ਭਾਰਤੀ ਰਿਆਸਤਾਂ ਉੱਤੇ ਖਮਤਾਸ਼ਾਲੀ ਨਿਯੰਤਰਣ (Effective Control) ਹੌਲੀ ਹੌਲੀ ਖਾਤਮੇ (gradual extinction) ਦੀ ਨੀਤੀ ਨੇ ਲਾਰਡ ਵੈਲਜਲੀ ਦੇ ਅਧੀਨ ਸਹਾਇਕ ਸੰਧੀ ਪ੍ਰਣਾਲੀ ਦੇ ਰੂਪ ਵਿੱਚ ਇੱਕ ਨਿਸ਼ਚਿਤ ਰੂਪ ਧਾਰਣ ਕਰ ਲਿਆ। ਇਸ ਤਰਕ ਦਾ ਅੰਤਿਮ ਰੂਪ ਡਲਹੌਜੀ ਦੇ ਕਾਲ ਵਿੱਚ ਸਾਹਮਣੇ ਆਇਆ ਜਿਸਨੇ ਨੈਤਿਕ ਅਤੇ ਰਾਜਨੀਤਿਕ ਆਚਾਰ ਦੀਆਂ ਸਾਰੀਆਂ ਹੱਦਾਂ ਨੂੰ ਛਿੰਨ ਭਿੰਨ ਕਰ ਕੇ ਵਿਅਪਗਤ ਦੇ ਸਿਧਾਂਤ (Doctrine of Lapse) ਨੂੰ ਗੜਿਆ। ਡਲਹੌਜੀ ਦੀ ਵਿਲਯ ਨੀਤੀ ਨੇ ਸਾਰੇ ਰਾਜਿਆਂ ਨੂੰ ਵਿਆਕੁਲ ਕਰ ਦਿੱਤਾ। ਹਿੰਦੂ ਰਾਜਿਆਂ ਤੋਂ ਦੱਤਕ ਪੁੱਤਰ ਲੈਣ ਦਾ ਅਧਿਕਾਰ ਖੋਹ ਲਿਆ ਗਿਆ। ਉੱਤਰਾਧਿਕਾਰ ਦਾ ਅਧਿਕਾਰ "ਓਹਨਾਂ ਨੂੰ ਨਹੀਂ ਰਿਹਾ ਜਿਹਨਾਂ ਦੀਆਂ ਧਮਣੀਆਂ ਵਿੱਚ ਵੰਸ਼ ਦੇ ਪ੍ਰਵਰਤਕ ਦਾ ਖੂਨ ਨਹੀਂ ਵਹਿ ਰਿਹਾ ਹੁੰਦਾ।" ਆਸ਼ਰਿਤ ਰਾਜ (Dependent States) ਅਤੇ ਰੱਖਿਅਤ ਸਹਾਇਕਾਂ (protected allies) ਦਾ ਭੇਦ ਬਹੁਤ ਸੂਖਮ ਸੀ ਅਤੇ ਵਾਲ ਦੀ ਖਾਲ ਉਤਾਰਣ ਵਾਲੀ ਗੱਲ ਸੀ। ਵਿਵਾਦਭਰੇ ਮਾਮਲਿਆਂ ਵਿੱਚ ਕੰਪਨੀ ਦਾ ਨਿਰਣਾ ਜ਼ਰੂਰੀ ਹੁੰਦਾ ਸੀ ਅਤੇ ਕੋਰਟ ਓਫ ਡਾਇਰੈਕਟਰਜ਼ ਦਾ ਨਿਰਣਾ ਅੰਤਿਮ ਸੀ। ਪੱਖਪਾਤ ਰਹਿਤ, ਸ਼ੁੱਧ ਅਤੇ ਅਸ਼ੁੱਧ ਦਾ ਨਿਰਣਾ ਕਰਣ ਲਈ ਸਰਵਉੱਚ ਨਿਆਲਾ ਤਾਂ ਸੀ ਹੀ ਨਹੀਂ। ਪੰਜਾਬ, ਪੀਗੂ ਅਤੇ ਸਿੱਕਿਮ ਜਿੱਤ ਦਾ ਅਧਿਕਾਰ ਦੁਆਰਾ ਵਿਲਯ ਕਰ ਲਏ ਗਏ। ਸਤਾਰਾ, ਜੈਤਪੁਰ, ਸੰਭਲਪੁਰ, ਬਘਾਟ, ਉਦੈਪੁਰ, ਝਾਂਸੀ ਅਤੇ ਨਾਗਪੁਰ ਵਿਅਪਗਤ ਦੇ ਸਿਧਾਂਤ ਦੁਆਰਾ ਵਿਲਯ ਕਰ ਲਏ ਗਏ ਸਨ। ਅਵਧ ਨੂੰ ਸ਼ਾਸਿਤਾਂ ਦੇ ਹਿਤ ਵਿੱਚ ਵਿਲਯ ਕਰ ਲਿਆ ਗਿਆ। ਤੰਜੌਰ ਅਤੈ ਕਰਨਾਟਕ ਦੇ ਨਵਾਬਾਂ ਦੀਆਂ ਰਾਜਕੀ ਉਪਾਧੀਆਂ ਖਤਮ ਕਰ ਦਿੱਤੀਆਂ ਗਈਆਂ। ਭਾਰਤੀ ਰਾਜੇ ਇਹ ਮੰਨਣ ਲੱਗੇ ਸਨ ਕਿ ਸਾਰੀਆਂ ਰਿਆਸਤਾਂ ਦਾ ਅਸਤਿੱਤਵ ਖਤਰੇ ਵਿੱਚ ਹੈ ਅਤੇ ਇਨਾਂ ਸਭ ਦਾ ਵਿਲਯ ਹੋਣਾ ਕੇਵਲ ਸਮੇਂ ਦਾ ਇੱਕ ਪ੍ਰਸ਼ਨ ਹੈ। ਸਧਾਰਣ ਵਿਸ਼ਵਾਸ ਸੀ ਕਿ ਇਹ ਵਿਲਯ "ਵਿਅਪਗਤ ਦੇ ਸਿਧਾਂਤ ਦੇ ਕਾਰਣ ਨਹੀਂ ਬਲਕਿ ਸਾਰੀ "ਨੈਤਿਕਤਾਵਾਂ ਦੇ ਵਿਅਪਗਤ" ਹੋਣ ਦੇ ਕਾਰਣ ਹੋਇਆ ਹੈ। ਇਨਾਂ ਰਿਆਸਤਾਂ ਦੇ ਡਰ ਨਿਰਾਧਾਰ ਨਹੀਂ ਸਨ, ਬ੍ਰਿਟਿਸ਼ ਸਾਮਰਾਜ ਦੇ ਇੱਕ ਨਿਰਮਾਤਾ ਸਰ ਚਾਰਲਸ ਨੇਪਿਅਰ ਦੇ ਪੱਤਰ ਵਿਵਹਾਰ ਤੋਂ ਸਪਸ਼ਟ ਹੈ। ਉਸਨੇ ਲਿਖਿਆ ਸੀ, "ਜੇਕਰ ਮੈਂ 12 ਸਾਲ ਲਈ ਭਾਰਤ ਦਾ ਸਮਰਾਟ ਹੁੰਦਾ ................ ਤਾਂ ਕੋਈ ਭਾਰਤੀ ਰਾਜਾ ਬਚਿਆ ਨਾ ਰਹਿੰਦਾ.....................ਨਿਜ਼ਾਮ ਦਾ ਨਾਂ ਵੀ ਸੁਣਾਈ ਨਾ ਦਿੰਦਾ...... ਨੇਪਾਲ ਸਾਡਾ ਹੁੰਦਾ..............." ਮਾਲੇਸਨ ਨੇ ਠੀਕ ਹੀ ਕਿਹਾ ਹੈ ਕਿ ਡਲਹੌਜੀ ਦੀ ਨੀਤੀ ਨੇ ਹੋਰ ਉੱਚੇ ਪਦਾਧਿਕਾਰੀਆਂ ਦੇ ਕਥਨਾਂ ਅਤੇ ਲੇਖਾਂ ਨੇ ਇੱਕ ਪ੍ਰਕਾਰ ਦਾ 'ਅਵਿਸ਼ਵਾਸ' ਦਾ ਵਾਤਾਵਰਣ ਉਤਪੰਨ ਕਰ ਦਿੱਤਾ ਸੀ ਅਤੇ ਭਾਰਤੀਆਂ ਨੂੰ ਇਹ ਪ੍ਰਤੀਤ ਹੋਣ ਲੱਗਾ ਸੀ ਕਿ ਅੰਗਰੇਜ਼ "ਮੇਮਣੇ ਦੇ ਰੂਪ ਵਿੱਚ ਭੇੜਿਏ" ਦੀ ਭੂਮਿਕਾ ਨਿਭਾ ਰਹੇ ਹਨ।

ਨੋਟਸ ਵਿਦਰੋਹ ਦੇ ਕਾਰਣ ਜ਼ਿਆਦਾ ਗੂੜ ਸਨ ਅਤੇ ਓਹ ਸਭ ਜੂਨ 1757 ਦੇ ਪਲਾਸੀ ਦੇ ਯੁੱਧ ਤੋਂ 29 ਮਾਰਚ, 1857 ਨੂੰ ਮੰਗਲ ਪਾਂਡੇ ਦੁਆਰਾ ਅੰਗਰੇਜ਼ ਐਜੂਟੈਂਟ ਦੀ ਹੱਤਿਆ ਤਕ ਦੇ ਅੰਗਰੇਜੀ ਪ੍ਰਸ਼ਾਸਨ ਦੇ 100 ਸਾਲ ਦੇ ਇਤਿਹਾਸ ਵਿੱਚ ਨਿਹਿਤ ਹੈ।

ਨੋਟ

ਮੁਸਲਮਾਨਾਂ ਦੀਆਂ ਭਾਵਨਾਵਾਂ ਵੀ ਗੰਭੀਰ ਰੂਪ ਨਾਲ ਆਹਤ ਹੋਈਆਂ ਸਨ। ਡਲਹੌਜੀ ਜੋ ਸਾਮਰਾਜ ਵਿੱਚ ਸਾਮਰਾਜ (imperium in imperio) ਜੀਵਿਤ ਰੱਖਣ ਦੇ ਪੱਖ ਵਿੱਚ ਨਹੀਂ ਸੀ, ਨੇ ਸ਼ਾਹਜਾਜਦਾ ਫਕੀਰੂਦੀਨ ਦੇ ਉੱਤਰਾਧਿਕਾਰ ਨੂੰ ਮਾਨਤਾ ਤਾਂ ਦੇ ਦਿੱਤੀ ਸੀ ਪ੍ਰੰਤੂ ਉਸ ਤੇ ਬਹੁਤ ਪ੍ਰਤੀਬੰਧ ਲਗਾ ਦਿੱਤੇ ਸਨ।1856 ਵਿੱਚ ਫਕੀਰੂਦੀਨ ਦੀ ਮੌਤ ਤੋਂ ਬਾਅਦ ਲਾਰਡ ਕੈਨਿੰਗ ਨੇ ਘੋਸ਼ਣਾ ਕੀਤੀ ਕਿ ਫਕੀਰੂਦੀਨ ਦੁਆਰਾ ਤਿਲਾਂਜਲੀ ਦਿੱਤੇ ਹੋਏ ਮਾਮਲਿਆ ਤੋਂ ਇਲਾਵਾ ਨਵੇਂ ਉੱਤਰਾਧਿਕਾਰੀ ਸ਼ਹਿਜ਼ਾਦੇ ਨੂੰ ਰਾਜਕੀਯ ਉਪਾਧੀਆਂ ਅਤੇ ਮੁਗਲ ਮਹਿਲ ਦੋਵੇਂ ਹੀ ਛੱਡ ਦੇਣੇ ਹੋਣਗੇ।ਇਸ ਘੋਸ਼ਣਾ ਨਾਲ ਮੁਸਲਮਾਲ ਬਹੁਤ ਚਿੰਤਿਤ ਹੋ ਗਏ।ਓਹ ਸਮਝਦੇ ਸਨ ਕਿ ਅੰਗਰੇਜ਼ ਤੈਮੂਰ ਦੇ ਵੰਸ਼ ਨੂੰ ਨੀਚਾ ਦਿਖਾਣਾ ਚਾਹੁੰਦੇ ਸਨ। ਜਿਵੇਂ ਕਿ ਅਲੈਕਜ਼ੈਂਡਰ ਡਫ ਨੇ ਲਿਖਿਆ ਹੈ "ਪਿਛਲੇ 100 ਸਾਲਾਂ ਤੋਂ ਪੂਰੇ ਭਾਰਤ ਵਿੱਚ ਲੋਕ ਨਿਜੀ ਘਰਾਂ ਜਾਂ ਮਸਜਿਦਾਂ ਵਿੱਚ ਤੈਮੂਰ ਦੇ ਵੰਸ਼, ਜਿਸਦਾ ਪ੍ਰਤੀਕ ਓਹ ਦਿੱਲੀ ਦੇ ਸਮਰਾਟ ਨੂੰ ਮੰਨਦੇ ਸਨ, ਦੀ ਸਮ੍ਰਿਧੀ ਲਈ ਪ੍ਰਾਰਥਨਾ ਕਰਦੇ ਰਹੇ ਹਨ। ਇਸ ਤੈਮੂਰ ਵੰਸ਼ ਦੀ ਸਮ੍ਰਿਧੀ ਦਾ ਅਰਥ ਕੇਵਲ ਅੰਗਰੇਜੀ ਸਾਮਰਾਜ ਦਾ ਪਤਨ ਅਤੇ ਪ੍ਰਾਚੀਨ ਵੰਸ਼ ਦਾ ਪੁਨਰਸਥਾਪਨ ਹੀ ਹੈ।ਇਸਲਈ ਓਹਨਾਂ ਦੇ ਮਾਮਲਿਆਂ ਵਿੱਚ ਅੰਗਰੇਜੀ ਸਰਕਾਰ ਦੇ ਪ੍ਰਤੀ ਵਿਰੋਧ ਅਤੇ ਇਸ ਦੇ ਨਸ਼ਟ ਹੋਣ ਲਈ ਤੀਵ੍ਰ ਇੱਛਾ ਇੱਕ ਪ੍ਰਕਾਰ ਦਾ ਧਾਰਮਿਕ ਕਰਤੱਵ ਹੈ ਜੋ ਓਹ ਆਪਣੇ ਹਿਰਦੇ ਵਿੱਚ ਸੰਜੋਈ ਰੱਖਦੇ ਸਨ, ਕਿਓਂਕਿ ਇਹ ਓਹਨਾਂ ਨੂੰ ਧਾਰਮਿਕ ਵਿਸ਼ਵਾਸ ਅਤੇ ਆਪਣੇ ਪੂਰਵਜਾ ਦੀ ਸਮ੍ਰਿਧੀ ਦੇ ਰੂਪ ਵਿੱਚ ਮਿਲਿਆ ਹੈ।

ਇਹ ਵੀ ਤਰਕ ਪੇਸ਼ ਕੀਤਾ ਗਿਆ ਹੈ ਕਿ ਇੱਕ ਹੋਰ ਰਾਜਨੀਤਿਕ ਕਾਰਣ ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦਾ ਸਰੂਪ "ਅਨੁਪਸਥਿਤ ਪ੍ਰਭੂਸੱਤਾ" (absentee sovereigntyship) ਦੇ ਰੂਪ ਵਿੱਚ ਸੀ ਅਤੇ ਅੰਗਰੇਜਾ ਦੇ ਵਿਰੋਧ ਲਈ ਇਸ ਦਾ ਭਾਰਤੀ ਮਨ ਉੱਤੇ ਬਹੁਤ ਪ੍ਰਭਾਵ ਪਿਆ।ਪਠਾਨ ਅਤੇ ਮੁਗਲ ਜਿਨਾਂ ਨੇ ਭਾਰਤ ਨੂੰ ਜਿੱਤਿਆ, ਕਾਲਾਂਤਰ ਵਿੱਚ ਭਾਰਤ ਵਿੱਚ ਹੀ ਬਸ ਗਏ ਅਤੇ ਭਾਰਤੀ ਬਣ ਗਏ। ਇਥੋਂ ਇੱਕਠਾ ਕੀਤਾ ਗਿਆ ਕਰ ਇੱਥੇ ਹੀ ਖਰਚ ਹੁੰਦਾ ਸੀ। ਅੰਗਰੇਜਾਂ ਦੇ ਵਿਸ਼ੇ ਵਿੱਚ ਭਾਰਤੀ ਇਹ ਅਨੁਭਵ ਕਰਦੇ ਸਨ ਕਿ ਇਹਨਾਂ ਤੇ ਹਜ਼ਾਰਾਂ ਮੀਲ ਦੂਰੀ ਤੋਂ ਰਾਜ ਕੀਤਾ ਜਾਂਦਾ ਹੈ ਅਤੇ ਦੇਸ਼ ਦੇ ਧਨ ਦਾ ਹੌਲੀ ਹੌਲੀ ਨਿਕਾਸ ਹੋ ਰਿਹਾ ਹੈ।

ਇਸ ਤੋਂ ਇਲਾਵਾ ਪਿਛਲੇ 40 ਸਾਲਾਂ ਤੋਂ ਅਨੁਸਰਣ ਕੀਤੀ ਹੋਈ ਅੰਗਰੇਜੀ ਰਾਜ ਦੀ ਸਥਾਪਿਤ ਸ਼ਾਂਤੀ (Pax Britannkca) ਦੀ ਨੀਤੀ ਦੇ ਕਾਰਣ ਪਿੰਡਾਰੀ, ਠਗ ਅਤੇ ਹੋਰ ਨਿਯਮਿਤ ਸੈਨਿਕ ਜੋ ਭਾਰਤੀ ਰਿਆਸਤਾਂ ਦੀਆਂ ਨਿਯਮਿਤ ਸੈਨਾਵਾਂ ਦੇ ਅੰਗ ਹੁੰਦੇ ਸਨ, ਓਹ ਸਭ ਹੁਣ ਖਤਮ ਹੋ ਚੁਕੇ ਸਨ ਅਤੇ ਓਹਨਾਂ ਦਲਾਂ ਤੋਂ ਨਿਵ੍ਰਿਤ ਸੈਨਿਕ ਹੁਣ ਇਸ ਵਿਦਰੋਹ ਵਿੱਚ ਸ਼ਾਮਿਲ ਹੋ ਗਏ, ਵਿਸ਼ੇਸ਼ਕਰ ਸਮਾਜ ਵਿਰੋਧੀ ਤੱਤਾਂ ਨੂੰ ਵਿਦਰੋਹ ਦੇ ਦਿਨਾਂ ਵਿੱਚ ਸਵਰਣ ਅਵਸਰ ਮਿਲਿਆ ਅਤੇ ਓਹਨਾਂ ਨੇ ਵਿਦਰੋਹੀਆਂ ਦੀ ਸੰਖਿਆ ਵਿੱਚ ਵਾਧਾ ਕਰ ਦਿੱਤਾ।

ਪ੍ਰਸ਼ਾਸਨਿਕ ਅਤੇ ਆਰਥਿਕ ਕਾਰਣ – ਭਾਰਤੀ ਰਿਆਸਤਾਂ ਦੇ ਵਿਲਯ ਦੇ ਬਹੁਤ ਸਾਰੇ ਸਮਾਜਿਕ ਅਤੇ ਆਰਥਿਕ ਪ੍ਰਭਾਵ ਹੋਏ। ਭਾਰਤੀ ਅਭਿਜਾਤ ਵਰਗ ਸ਼ਕਤੀ ਅਤੇ ਪਦਵੀ ਤੋਂ ਵੰਚਿਤ ਹੋ ਗਿਆ।ਨਵੀਨ ਪ੍ਰਸ਼ਾਸਨਿਕ ਵਿਵਸਥਾ ਵਿੱਚ ਓਹਨਾਂ ਨੂੰ ਓਹੀ ਪ੍ਰਾਚੀਨ ਇੱਜ਼ਤ ਪ੍ਰਾਪਤ ਕਰਣ ਦੇ ਅਵਸਰ ਬਹੁਤ ਘੱਟ ਸਨ ਕਿਓਂਕਿ ਇਸ ਵਿਵਸਥਾ ਦੇ ਉੱਚੇ ਉੱਚੇ ਪਦ ਕੇਵਲ ਅੰਗਰੇਜਾਂ ਲਈ ਸੁਰੱਖਿਅਤ ਸਨ।

ਸੈਨਾ ਵਿੱਚ ਉੱਚੇ ਤੋਂ ਉੱਚਾ ਪਦ ਜੋ ਕਿਸੇ ਭਾਰਤੀ ਨੂੰ ਮਿਲ ਸਕਦਾ ਸੀ ਓਹ ਸੂਬੇਦਾਰ ਦਾ ਸੀ ਜਿਸ ਵਿੱਚ 60 ਜਾਂ 70 ਰੁਪਏ ਮਾਸਿਕ ਵੇਤਨ ਮਿਲਦਾ ਸੀ ਅਤੇ ਅਸੈਨਿਕ ਪ੍ਰਸ਼ਾਸਨ ਵਿੱਚ ਸਦਰ ਅਮੀਨ ਦਾ ਪਦ ਸੀ ਜਿਸਦਾ ਵੇਤਨ ਕੇਵਲ 500 ਰੁਪਏ ਮਾਸਿਕ ਸੀ।ਪਦ ਵ੍ਰਿੱਧੀ ਦੇ ਅਵਸਰ ਬਹੁਤ ਘੱਟ ਸਨ। ਭਾਰਤੀਆਂ ਦੀ ਇਹ ਧਾਰਣਾ ਬਣ ਗਈ ਕਿ ਅੰਗਰੇਜ਼ ਓਹਨਾਂ ਨੂੰ "ਲੱਕੜਹਾਰੇ ਜਾਂ ਕਹਾਰ" ਬਣਾਓਣਾ ਚਾਹੁੰਦੇ ਹਨ।

ਇਸ ਵਿਸ਼ੇ ਵਿੱਚ ਸਰ ਟਾਮਸ ਨੇ ਲਿਖਿਆ ਹੇ ਕਿ," ਵਿਦੇਸ਼ੀ ਵਿਜੇਤਾਵਾਂ ਨੇ ਭਾਰਤੀਆਂ ਉੱਤੇ ਬਹੁਤ ਅੱਤਿਆਚਾਰ ਕੀਤੇ ਹਨ ਪ੍ਰੰਤੂ ਓਹਨਾਂ ਵਿੱਚੋਂ ਕਿਸੇ ਨੇ ਵੀ ਇਹਨਾਂ ਨੂੰ ਇੰਨਾ ਨੀਵਾਂ ਨਹੀਂ ਮੰਨਿਆ ਜਿੰਨਾ ਅਸੀਂ ਮੰਨਦੇ ਹਾਂ।ਕਿਸੇ ਨੇ ਵੀ ਸਾਰੀ ਜਾਤ ਨੂੰ ਅਵਿਸ਼ਵਾਸਯੋਗ ਅਤੇ ਈਮਾਨਦਾਰੀ ਦੇ ਅਯੋਗ ਨਹੀਂ ਮੰਨਿਆ ਸੀ ਅਤੇ ਨਾ ਹੀ ਕੇਵਲ ਉਸ ਸਮੇਂ ਸੇਵਾ ਕਰਣ ਦੇ ਯੋਗ ਮੰਨਿਆ ਜਦੋਂ ਉਸ ਬਿਨਾਂ ਗੁਜ਼ਾਰਾ ਨਾ ਹੋ ਸਕੇ।ਇਹ ਨਾ ਕੇਵਲ ਅਨੁਦਾਰਤਾ ਹੀ ਨਹੀਂ ਬਲਕਿ ਵਿਵਹਾਰ ਕੁਸ਼ਲਤਾ ਵੀ ਨਹੀਂ ਹੈ ਕਿ ਅਸੀਂ ਓਹਨਾਂ ਲੋਕਾਂ ਦੇ ਚਰਿੱਤਰ ਨੂੰ ਜੋ ਸਾਡੇ ਅਧੀਨ ਹੋ ਗਏ ਹਨ– ਪੂਰੀ ਤਰਾਂ ਅਧੋਗਤੀ ਨੂੰ ਪਹੁੰਚਾ ਦਈਏ।" 1833 ਦੇ ਚਾਰਟਰ ਐਕਟ ਦੀ ਸਿਫਾਰਸ਼ਾਂ ਦੇ ਹੁੰਦੇ ਹੋਏ ਵੀ ਨੀਤੀ ਲਗਭਗ ਓਹੀ ਰਹੀ।

ਈਸਟ ਇੰਡੀਆ ਕੰਪਨੀ ਦੀ ਪ੍ਰਸ਼ਾਸਨਿਕ ਕਾਰਜ ਪ੍ਰਣਾਲੀ "ਅਯੋਗ ਅਤੇ ਅਪਰਿਆਪਤ "ਸੀ। ਭੂਮੀ ਕਰ ਵਿਵਸਥਾ ਤਾਂ ਬਹੁਤ ਹੀ ਅਪ੍ਰਿਯ ਸੀ। ਨਵੇਂ ਪ੍ਰਾਪਤ ਜਿਲਿਆਂ ਵਿੱਚ ਕਿਸਾਨ ਲਗਭਗ ਸਦਾ ਵਿਦਰੋਹ ਕਰਦੇ ਰਹਿੰਦੇ ਸਨ ਅਤੇ ਭੂਮੀ ਕਰ ਇੱਕਠਾ ਕਰਣ ਲਈ ਸੈਨਾ ਭੇਜਣੀ ਪੇਂਦੀ ਸੀ।ਉਦਾਹਰਨ ਲਈ ਪਾਣੀਪਤ ਦੇ ਜ਼ਿਲੇ ਵਿੱਚ ਪੁਲਿਸ ਕੰਮ ਦੇ ਲਈ ਤਾਂ ਕੇਵਲ 22 ਘੁੜਸਵਾਰ ਸਨ ਪ੍ਰੰਤੂ ਭੂਮੀ ਕਰ ਇੱਕਠਾ ਕਰਣ ਲਈ 136 ਵਿਅਕਤੀ ਕੰਮ ਕਰਦੇ ਸਨ। ਵਿਦਰੋਹ ਦੇ ਆਰੰਭ ਵਿੱਚ ਹੀ ਸਰ ਹੇਨਰੀ ਲਾਰੇਂਸ ਨੇ ਇੱਕ ਵਾਰ ਕਿਹਾ ਸੀ ਕਿ "ਇਹ ਸਭ ਜੈਕਸਨਾਂ, ਲਾਰੈਂਸਾਂ, ਟਾਮਸਨਾਂ ਅਤੇ ਐਡਮਨਸਟੋਨਾਂ ਦੀ ਕ੍ਰਿਪਾ ਹੈ।" ਇਨਾਂ ਪ੍ਰਾਪਤ ਜਿਲਿਆਂ ਵਿੱਚ ਸਰਕਾਰ ਨੇ ਕਿਸਾਨਾਂ ਦੇ ਨਾਲ ਸੰਪਰਕ ਬਣਾ ਲਿਆ ਸੀ ਅਤੇ ਮੱਧਜਨ ਨਹੀਂ ਰਹੇ ਸਨ। ਉੱਤਰ ਪੱਛਮੀ ਪ੍ਰਾਂਤ ਦੀ ਭੂਮੀ ਕਰ ਵਿਵਸਥਾ ਦੇ ਵਿਸ਼ੇ ਵਿੱਚ ਇਹ ਕਿਹਾ ਗਿਆ ਸੀ ਕਿ, "ਇਹ ਭਿਆਨਕ ਪ੍ਰਯੋਗ ਹੈ...... ਜਿਸਦਾ ਉਦੇਸ਼ ਸਮਾਜ ਦੇ ਸਾਰੇ ਤਲ ਨੂੰ ਸਮਤਲ ਕਰਨਾ ਹੈ।"ਬਹੁਤ ਸਾਰੇ ਤਾਲੁਕਦਾਰ ਅਤੇ ਵੰਸ਼ਾਨੁਗਤ ਭੂਮੀਪਤੀ (ਜੋ ਸਰਕਾਰ ਦਾ

ਨੋਟ

ਭੂਮੀ ਕਰ ਇੱਕਠਾ ਕਰਦੇ ਸਨ) ਆਪਣੇ ਆਪਣੇ ਪਦਾਂ ਅਤੇ ਅਧਿਕਾਰਾਂ ਤੋਂ ਵੰਚਿਤ ਕਰ ਦਿੱਤੇ ਗਏ। ਕੁਝ ਕਰ ਮੁਕਤ ਭੂਮੀਪਤੀਆਂ ਨੂੰ ਕਿਹਾ ਗਿਆ ਕਿ ਓਹ ਆਪਣਾ ਅਧਿਕਾਰ ਪ੍ਰਿੱਛਾ (Quo Warranto) ਅਰਥਾਤ ਓਹ ਦਸਤਾਵੇਜ਼ ਦਿਖਾਓਣ ਜਿਸਦੇ ਦੁਆਰਾ ਓਹਨਾਂ ਨੂੰ ਕਰ ਮੁਕਤ ਕੀਤਾ ਗਿਆ ਸੀ। "ਇਹ ਆਮ ਤੌਰ ਤੇ ਸੰਭਵ ਨਹੀਂ ਸੀ ਅਤੇ ਫਲਸਰੂਪ ਬਹੁਤ ਸਾਰੀ ਅਜਿਹੀ ਭੂਮੀ ਜ਼ਬਤ ਕਰ ਲਈ ਗਈ। ਅਜਿਹੀ ਭੂਮੀ ਦੁਬਾਰਾ ਨੀਲਾਮ ਕਰ ਦਿੱਤੀ ਗਈ। ਕਈ ਵਾਰ ਇਹ ਭੂਮੀ ਓਹ ਲੋਕ ਲੈ ਲੈਂਦੇ ਸਨ ਜੋ ਜ਼ਿਮੀਂਦਾਰੀ ਦਾ ਕੰਮ ਜ਼ਰਾ ਵੀ ਨਹੀਂ ਸਮਝਦੇ ਸਨ ਅਤੇ ਓਹ ਲੋਕਾਂ ਦਾ ਸ਼ੋਸ਼ਣ ਕਰਦੇ ਸਨ। ਇਹ ਜੈਕਸਨ ਦੀ ਨੀਤੀ ਸੀ ਕਿ ਅਵਧ ਦੇ ਤਾਲੁਕਦਾਰਾਂ ਦੀ ਭੂਮੀ ਦੇ ਸਵੱਤਾਧਿਕਾਰਾਂ (titles) ਦੀ ਜਾਂਚ ਕੀਤੀ ਜਾਵੇ ਅਤੇ ਸਥਾਨਿਕ ਸੈਨਿਕਾਂ ਦੀ ਛੰਟਣੀ ਕਰ ਦਿੱਤੀ ਜਾਵੇ ਅਤੇ ਇਹੀ ਸੈਨਿਕ ਅਤੇ ਤਾੱਲੁਕਦਾਰ ਇਸ ਪ੍ਰਦੇਸ਼ ਵਿੱਚ ਵਿਦਰੋਹ ਦਾ ਕੇਂਦਰ ਬਣੇ। ਬੰਬਈ ਦੇ ਪ੍ਰਸਿੱਧ ਇਨਾਮ ਕਮਿਸ਼ਨ ਨੇ 20,000 ਜਾਗੀਰਾਂ ਜ਼ਬਤ ਕਰ ਲਈਆਂ। ਇਸ ਤਰਾਂ ਬਹੁਤ ਸਾਰੇ ਭੂਮੀਪਤੀ ਗਰੀਬ ਹੋ ਗਏ। ਦੂਜੇ ਪਾਸੇ ਕਿਸਾਨਾਂ ਨੂੰ ਵੀ ਕੋਈ ਵਿਸ਼ੇਸ਼ ਲਾਭ ਨਹੀਂ ਪਹੁੰਚਿਆ ਕਿਓਂਕਿ ਓਹ ਲੋਕ ਫਿਰ ਵੀ ਬਹੁਤ ਸਾਰੇ ਕਰਾਂ ਦੇ ਨੀਚੇ ਦਬੇ ਰਹੇ। ਕਿਸਾਨਾਂ ਨੂੰ ਇਹ ਸਭ ਚੰਗਾ ਨਹੀਂ ਲੱਗਾ। ਹੁਣ ਇਹ ਲੋਕ ਸਿਧਾਂਤਹੀਣ ਸਾਹੂਕਾਰਾਂ ਦੇ ਚੰਗੁਲ ਵਿੱਚ ਫਸ ਗਏ। ਜਿਵੇਂ ਕਿ ਅਸ਼ੋਕ ਮੇਹਤਾ ਨੇ ਲਿਖਿਆ ਹੈ ਕਿ "ਅਵਧ ਦੇ ਵਿਲਯ ਦੇ ਸਮੇਂ 25,543 ਪਿੰਡ ਤਾਲੁਕੱਦਾਰਾਂ ਦੀ ਜਗੀਰਾਂ ਵਿੱਚ ਸਨ। ਉਸ ਵਿੱਚੋਂ 13,640 ਤਾਂ ਤਾਲੁੱਕਦਾਰਾਂ ਕੋਲ ਰਹੇ ਅਤੇ ਬਾਕੀ 11,903 ਪਿੰਡ ਓਹਨਾਂ ਲੋਕਾ ਨੂੰ ਮਿਲ ਗਏ ਜੋ ਤਾਲੁੱਕਦਾਰ ਨਹੀਂ ਸਨ। ਅਰਥਾਤ ਤਾਲੁੱਕਦਾਰਾਂ ਦੇ ਲਗਭਗ ਅੱਧੇ ਪਿੰਡ ਖੋਹ ਲਏ ਗਏ। ਕੁਝ ਤਾਂ ਆਪਣਾ ਸਭ ਕੁਝ ਹੀ ਖੋ ਬੈਠੇ ਸਨ।" ਇਸ ਵਿਵਸਥਾ ਦਾ ਕੀ ਨਤੀਜਾ ਹੋਇਆ ਇਸ ਦਾ ਅਨੁਮਾਨ ਅਸੀਂ ਇਸ ਗੱਲ ਤੋਂ ਲਗਾ ਸਕਦੇ ਹਾਂ ਕਿ ਝਾਂਸੀ ਵਿੱਚ ਲਕਸ਼ਮੀ ਮੰਦਿਰ ਦੇ ਕਰ ਮੁਕਤ ਪਿੰਡ ਵੀ ਜ਼ਬਤ ਕਰ ਲਏ ਗਏ।

ਅੰਗਰੇਜਾਂ ਦੀਆ ਆਰਥਿਕ ਨੀਤੀਆਂ ਵੀ ਭਾਰਤੀ ਵਪਾਰ ਦੇ ਵਿਰੁੱਧ ਸਨ। ਈਸਟ ਇੱਡੀਆ ਕੰਪਨੀ ਦੇ ਰਾਜਨੀਤਿਕ ਸ਼ਕਤੀ ਦੇ ਪ੍ਰਯੋਗ ਨਾਲ ਭਾਰਤੀ ਹਸਤਸ਼ਿਲਪ ਅਤੇ ਵਪਾਰ ਦਾ ਸਰਵਨਾਸ਼ ਹੋ ਗਿਆ ਅਤੇ ਇਸ ਨੂੰ ਕੇਵਲ ਅੰਗਰੇਜੀ ਸ਼ੋਸ਼ਣ ਪ੍ਰਣਾਲੀ ਦੇ ਪਰਿਸ਼ਿਸ਼ਟ ਦੇ ਰੂਪ ਵਿੱਚ ਹੀ ਜੀਵਿਤ ਰਹਿਣ ਦਿੱਤਾ ਗਿਆ।

**ਕੀ ਤੁਸੀਂ ਜਾਣਦੇ ਹੋ**

ਕਾਰਲ ਮਾਰਕਸ ਨੇ ਜੋ ਇੱਕ ਬਹੁਤ ਚਤੁਰ ਪ੍ਰੇਖਕ ਸੀ,1853 ਵਿੱਚ ਲਿਖਿਆ ਸੀ ਕਿ,"ਇਹ ਅੰਗਰੇਜੀ ਘੁਸਪੈਠੀਆ ਸੀ ਜਿਸਨੇ ਭਾਰਤੀ ਖੱਡੀ (loom) ਨੂੰ ਤੋੜ ਦਿੱਤਾ ਅਤੇ ਚਰਖੇ ਦਾ ਨਾਸ ਕਰ ਦਿੱਤਾ। ਅੰਗਰੇਜਾਂ ਨੇ ਭਾਰਤੀ ਸੂਤੀ ਕੱਪੜੇ ਨੂੰ ਅੰਗਰੇਜੀ ਮੰਡੀਆਂ ਤੋਂ ਵੰਚਿਤ ਕਰਨਾ ਆਰੰਭ ਕਰ ਦਿੱਤਾ ਅਤੇ ਫਿਰ ਭਾਰਤ ਵਿੱਚ ਇੱਕ ਅਜਿਹਾ ਮੋੜ ਆਇਆ ਕਿ ਸੂਤੀ ਕੱਪੜੇ ਦੀ ਮਾਤਭੂਮੀ ਨੂੰ ਸੂਤੀ ਕੱਪੜੇ ਨਾਲ ਭਰ ਦਿੱਤਾ। ਸੂਤੀ ਕੱਪੜਾ ਉਦਯੋਗ ਦੇ ਨਾਸ ਹੋਣ ਨਾਲ ਖੇਤੀ ਉੱਤੇ ਬੋਝ ਵਧ ਗਿਆ ਅਤੇ ਅੰਤ ਵਿੱਚ ਦੇਸ਼ ਅਕਿੰਚਨ ਹੋ ਗਿਆ।

ਸਮਾਜਿਕ ਅਤੇ ਧਾਰਮਿਕ ਕਾਰਨ – ਸਾਰੇ ਵਿਜੇਤਾ ਜਾਤੀਆਂ ਦੀ ਤਰਾਂ ਅੰਗਰੇਜ਼ ਸ਼ਾਸਕ ਵਿਜਿਤ ਲੋਕਾਂ ਦੇ ਪ੍ਰਤੀ ਬਹੁਤ ਰੁੱਖੇ ਅਤੇ ਕਮੀਨੇ (arrogant) ਸਨ। ਇਸ ਤੋਂ ਇਲਾਵਾ ਓਹ ਜਾਤੀਭਾਵ ਦੀ ਭਾਵਨਾ ਨਾਲ ਵੀ ਪ੍ਰੇਰਿਤ ਸਨ। ਓਹ ਭਾਰਤੀਆਂ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦੇ ਸਨ ਅਤੇ ਹਿੰਦੂਆਂ ਨੂੰ ਬਰਬਰ ਅਤੇ ਮੁਸਲਮਾਨਾਂ ਨੂੰ ਕੱਟਰਪੰਥੀ, ਨਿਰਦਈ ਅਤੇ ਬੇਈਮਾਨ ਸਮਝਦੇ ਸਨ।

ਯੂਰਪੀ ਅਧਿਕਾਰੀ ਵਰਗ ਭਾਰਤੀਆਂ ਦੇ ਪ੍ਰਤੀ ਬਹੁਤ ਕਠੋਰ ਅਤੇ ਅਸਹਿਣਯੋਗ ਸੀ। ਓਹ ਭਾਰਤੀਆਂ ਨੂੰ ਕਾਲ਼ੇ ਜਾਂ ਸੂਰ ਦਾ ਨਾਂ ਦਿੰਦੇ ਸਨ। ਓਹਨਾਂ ਵਿੱਚੋਂ ਉੱਤਮ ਤੋਂ ਉੱਤਮ ਲੋਕ ਵੀ ਬਰਡ ਅਤੇ ਟਾਮਸਨ (Bird and Thomason) ਦੀ ਤਰਾਂ ਮੌਕਾ ਪਾਓਣ ਤੇ ਭਾਰਤੀਆਂ ਦਾ ਅਪਮਾਨ ਕਰਣ ਤੋਂ ਨਹੀਂ ਚੂਕਦੇ ਸਨ।

ਸ਼ਿਕਾਰ ਤੇ ਜਾਂਦੇ ਸਮੇਂ ਅੰਗਰੇਜ਼ ਪਦਾਧਿੱਕਾਰੀ ਅਤੇ ਯੂਰਪੀ ਸੈਨਿਕ ਭਾਰਤੀਆਂ ਤੇ ਬਲਾਤਕਾਰ ਕਰਦੇ ਸਨ। ਯੂਰਪੀ ਜਿਊਰੀਆਂ (juries) ਜੋ ਇਹਨਾਂ ਮਾਮਲਿਆਂ ਦੀ ਸੁਣਵਾਈ ਕਰ ਸਕਦੀਆਂ ਸਨ ਆਮ ਤੌਰ ਤੇ ਇਨਾਂ ਨੂੰ ਥੋੜੀ ਬਹੁਤ ਸਜ਼ਾ ਦੇ ਕੇ ਛੱਡ ਦਿੰਦੀਆਂ ਸਨ ਅਤੇ ਭਾਰਤੀਆਂ ਨੂੰ ਇਹ ਬਹੁਤ ਚੁਭਦਾ ਸੀ।

ਸਰੀਰਿਕ ਅਤੇ ਰਾਜਨੀਤਿਕ ਅਨਿਆਂ ਸਹਿਣ ਕਰਨਾ ਕਈ ਵਾਰ ਸੰਭਵ ਹੋ ਸਕਦਾ ਸੀ ਪ੍ਰੰਤੂ ਧਾਰਕਿਮਕ ਉਤਪੀੜਨ ਸਹਿਣਾ ਬਹੁਤ ਮੁਸ਼ਕਿਲ ਸੀ। ਅੰਗਰੇਜਾਂ ਦਾ ਇੱਕ ਉਦੇਸ਼ ਭਾਰਤੀਆਂ ਨੂੰ ਈਸਾਈ ਬਣਾਓਣਾ ਵੀ ਸੀ। ਇਹ ਕੰਪਨੀ ਦੇ ਅਧਿਅਕਸ਼ ਮੈਂਗਲਜ਼ (Mangles) ਦੇ ਹਾਊਸ ਓਫ ਕਾਮਨਜ਼ ਵਿੱਚ ਦਿੱਤੇ ਗਏ ਇੱਕ ਭਾਸ਼ਣ ਤੋਂ ਸਪਸ਼ਟ ਹੁੰਦਾ ਹੈ। ਉਸਨੇ ਕਿਹਾ ਸੀ ਕਿ," ਦੈਵਯੋਗ ਨਾਲ ਭਾਰਤ ਦਾ ਵਿਸਤ੍ਰਿਤ ਸਾਮਰਾਜ ਬ੍ਰਿਟੇਨ ਨੂੰ ਮਿਲਿਆ ਹੈ ਤਾਕਿ ਈਸਾਈ ਧਰਮ ਦੀ ਪਤਾਕਾ ਭਾਰਤ ਦੇ ਇਸ ਛੋਰ ਤੋਂ ਦੂਜੇ ਛੋਰ ਤੱਕ ਫਹਿਰਾ ਸਕੇ। ਹਰ ਵਿਅਕਤੀ ਨੂੰ ਜਲਦੀ ਤੋਂ ਜਲਦੀ ਭਾਰਤੀਆਂ ਨੂੰ ਈਸਾਈ ਬਣਾਓਣ ਦੇ ਮਹੱਤਵਪੂਰਣ ਕੰਮ ਨੂੰ ਪੂਰੀ ਤਰਾਂ ਖਤਮ ਕਰਣ ਵਿੱਚ ਆਪਣੀ ਸਾਰੀ ਸ਼ਕਤੀ ਲਗਾ ਦੇਣੀ ਚਾਹੀਦੀ ਹੈ।" ਮੇਜਰ ਐਡਵਰਡਜ਼ (Major

ਨੋਟ

Edwards) ਨੇ ਵੀ ਇਹ ਸਪਸ਼ਟ ਰੂਪ ਵਿੱਚ ਕਿਹਾ ਸੀ ਕਿ "ਭਾਰਤ ਵਿੱਚ ਸਾਡੇ ਅਧਿਕਾਰ ਦਾ ਅੰਤਿਮ ਉਦੇਸ਼ ਦੇਸ਼ ਨੂੰ ਈਸਾਈ ਬਣਾਓਣਾ ਹੈ" ਵੀਰ ਸਾਵਰਕਰ ਨੇ ਇਹ ਦਰਸਾਇਆ ਹੈ ਕਿ ਅਸੈਨਿਕ ਅਤੇ ਸੈਨਿਕ ਉੱਚੇ ਪਦਾਧਿਕਾਰੀ ਰਾਮ ਅਤੇ ਮੁਹੰਮਦ ਨੂੰ ਗਾਲ਼ਾਂ ਕੱਢਦੇ ਸਨ ਅਤੇ ਸੈਨਿਕਾਂ ਨੂੰ ਈਸਾਈ ਬਣਨ ਦੀ ਪ੍ਰੇਰਣਾ ਦਿੰਦੇ ਸਨ। ਸੈਨਿਕਾਂ ਨੂੰ ਜੇਕਰ ਓਹ 'ਸੱਚਾ ਧਰਮ' ਅਪਣਾ ਲੈਣ ਤਾਂ ਪਦ ਉੱਨਤੀ ਦਾ ਵਚਨ ਦਿੱਤਾ ਜਾਂਦਾ ਸੀ।ਈਸਾਈ ਧਰਮ ਪ੍ਰਚਾਰਕਾਂ ਨੂੰ ਪਰਿਆਪਤ ਸੁਵਿਧਾਵਾਂ ਦਿੱਤੀਆਂ ਜਾਂਦੀਆਂ ਸਨ। ਅਮਰੀਕਨ ਮਿਸ਼ਨਰੀ ਸੁਸਾਇਟੀ (American Missionary Society) ਨੇ ਆਗਰੇ ਵਿੱਚ ਇੱਕ ਬਹੁਤ ਭਾਰੀ ਮੁਦਰਣਾਲਾ (Printing press) ਲਗਾਇਆ। ਮੂਰਤੀ ਪੂਜਾ ਨੂੰ ਬੁਰਾ ਕਿਹਾ ਜਾਂਦਾ ਸੀ। ਹਿੰਦੂ ਦੇਵੀ ਦੇਵਤਾਵਾਂ ਦਾ ਉਪਹਾਸ ਕੀਤਾ ਜਾਂਦਾ ਸੀ। ਸਰ ਸੈਯਦ ਅਹਿਮਦ ਖ਼ਾਂ ਨੇ ਵੀ ਲਿਖਿਆ ਹੈ ਕਿ "ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਰਕਾਰ ਨੇ ਧਰਮ ਪ੍ਰਚਾਰਕ ਨਿਯੁਕਤ ਕਰ ਰੱਖੇ ਹਨ ਅਤੇ ਓਹਨਾਂ ਦੇ ਭਰਣ-ਪੋਸ਼ਣ ਤੇ ਖਰਚਾ ਕਰਦੀ ਹੈ।" ਲਾਰਡ ਸ਼ੈਫਟਸਬਰੀ (Lord Shaftesbury) ਨੇ ਤਾਂ ਇੱਥੋਂ ਤੱਕ ਕਿਹਾ ਸੀ ਕਿ "ਭਾਰਤ ਨੂੰ ਈਸਾਈ ਬਣਾਓਣ ਵਿੱਚ ਅਸਮਰਥਤਾ ਹੀ ਇਸ ਝਗੜੇ ਦਾ ਮੂਲ ਕਾਰਣ ਹੈ।"

1850 ਵਿੱਚ ਪਾਸ ਕੀਤੇ ਗਏ ਧਾਰਮਿਕ ਅਯੋਗਤਾ ਅਧਿਨਿਯਮ (Religlous Disabilities Act) ਦੁਆਰਾ ਹਿੰਦੂ ਰੀਤੀ ਰਿਵਜਾਂ ਵਿੱਚ ਪਰਿਵਰਤਨ ਲਿਆਂਦਾ ਗਿਆ।ਅਰਥਾਤ ਧਰਮ ਪਰਿਵਰਤਨ ਨਾਲ ਪੁੱਤਰ ਆਪਣੇ ਪਿਤਾ ਦੀ ਸੰਪਤੀ ਤੋਂ ਵੰਚਿਤ ਨਹੀਂ ਕੀਤਾ ਜਾ ਸਕਦਾ ਸੀ। ਇਸ ਕਾਨੂੰਨ ਦਾ ਮੁੱਖ ਲਾਭ ਈਸਾਈ ਬਣਨ ਵਾਲਿਆਂ ਨੂੰ ਸੀ। ਲੋਕਾਂ ਨੇ ਇਹ ਵੀ ਅਫਵਾਹ ਫੈਲਾ ਦਿੱਤੀ ਕਿ ਲਾਰਡ ਕੈਨਿੰਗ ਨੂੰ ਵਿਸ਼ੇਸ਼ ਆਗਿਆ ਦਿੱਤੀ ਗਈ ਹੈ ਕਿ ਓਹ ਭਾਰਤ ਨੂੰ ਈਸਾਈ ਬਣਾ ਦੇਵੇ। ਅਜਿਹੇ ਵਾਤਾਵਰਣ ਵਿੱਚ ਇਹ ਵਿਸ਼ਵਾਸ ਕੀਤਾ ਜਾਣ ਲੱਗਾ ਕਿ ਰੇਲਵੇ ਅਤੇ ਵਾਸ਼ਪਪੋਤ (steamships) ਭਾਰਤੀ ਧਰਮ ਪਰਿਵਰਤਨ ਦਾ ਇੱਕ ਅਪ੍ਰਤੱਖ ਸਾਧਨ ਹਨ। ਬੈਂਜਾਮਿਨ ਡਿਜਰੇਲੀ ਦੇ ਸ਼ਬਦਾਂ ਵਿੱਚ," ਨਵੇਂ ਸਿਧਾਤਾਂ ਦੇ ਅਧੀਨ ਭਾਰਤੀ ਵਿਧਾਨ ਪਰਿਸ਼ਦ ਸਥਾਨਿਕ ਲੋਕਾਂ ਦੇ ਧਾਰਮਿਕ ਵਿਸ਼ਵਾਸ ਨੂੰ ਹੌਲੀ ਹੌਲੀ ਕੁਤਰਦੀ ਜਾ ਰਹੀ ਹੇ।ਇਸ ਦੀ ਰਾਸ਼ਟਰੀ ਵਿੱਦਿਆ ਦੀ ਸਿਧਾਂਤਕ ਪ੍ਰਣਾਲੀ ਦੇ ਅਨੁਸਾਰ ਧਰਮ ਪੁਸਤਕਾਂ (ਬਾਈਬਲ ਆਦਿ ) ਪਾਠਸ਼ਾਲਾਂਵਾਂ ਵਿੱਚ ਅਚਾਨਕ ਹੀ ਪਹੁੰਚ ਗਈਆਂ ਹਨ।" ਭਾਰਤੀਆਂ ਨੂੰ ਇਹ ਵਿਸ਼ਵਾਸ ਹੁੰਦਾ ਜਾ ਰਿਹਾ ਸੀ ਕਿ ਅੰਗਰੇਜ਼ ਓਹਨਾਂ ਨੂੰ ਈਸਾਈ ਬਣਾਓਣ ਦੀ ਯੋਜਨਾ ਬਣਾ ਰਹੇ ਹਨ।ਈਸਾਈ ਪਾਦਰੀਆਂ ਅਤੇ ਡਲਹੌਜ਼ੀ ਅਤੇ ਬੇਟਨ (Bethune) ਦੀਆਂ ਇਸਤਰੀ ਸਿੱਖਿਆ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦੁਆਰਾ ਭਾਰਤੀਆਂ ਨੂੰ ਇਹ ਵਿਸ਼ਵਾਸ ਹੁੰਦਾ ਜਾ ਰਿਹਾ ਸੀ ਕਿ ਅੰਗਰੇਜ਼ ਵਿੱਦਿਆ ਦੁਆਰਾ ਓਹਨਾਂ ਦੀ ਸੱਭਿਅਤਾ ਨੂੰ ਜਿੱਤਣਾ ਚਾਹੁੰਦੇ ਹਨ।" ਵਿੱਦਿਆ ਦਫਤਰਾਂ ਨੂੰ "ਸ਼ੈਤਾਨੀ ਦਫਤਰਾਂ" ਦਾ ਨਾਂ ਦਿੱਤਾ ਜਾਣ ਲੱਗਾ ਸੀ।

ਟਾਸਕ ਭਾਰਤੀਆਂ ਦੁਆਰਾ ਵਿੱਦਿਆ ਦਫਤਰਾਂ ਨੂੰ "ਸ਼ੈਤਾਨੀ ਦਫਤਰਾਂ" ਦਾ ਨਾਂ ਕਿਓਂ ਦਿੱਤਾ ਜਾਣ ਲੱਗਾ ਸੀ?

ਸੈਨਿਕ ਕਾਰਣ -ਲਾਰਡ ਆਕਲੈਂਡ ਦੇ ਅਫਗਾਨ ਯੁੱਧ ਤੋਂ ਬਾਅਦ ਅਨੁਸ਼ਾਸਨ ਨੂੰ ਬਹੁਤ ਧੱਕਾ ਲੱਗਾ ਸੀ।ਲਾਰਡ ਡਲਹੌਜ਼ੀ ਨੇ ਗ੍ਰਹਿ ਅਧਿਕਾਰੀਆਂ (home authorities) ਨੂੰ ਲਿਖਿਆ ਸੀ ਕਿ, "ਸੈਨਾ ਦਾ ਅਨੁਸ਼ਾਸਨ ਉੱਚ ਤੋਂ ਨਿਮਨ ਅਧਿਕਾਰੀਆਂ ਤੱਕ ਨਿੰਦਾਯੋਗ ਹੋ ਗਿਆ ਸੀ।" ਬੰਗਾਲ ਸੈਨਾ "ਇੱਕ ਮਹਾਨ ਭਾਈਚਾਰਾ ਸੀ ਜਿਸ ਵਿੱਚ ਸਾਰੇ ਮੈਂਬਰ ਏਕਤਾ ਨਾਲ ਕੰਮ ਕਰਦੇ ਸਨ।" ਅਤੇ ਸੇਨਾ ਦੀ ਸੇਵਾ ਵੰਸ਼ਾਨੁਗਾਤ ਸੀ।ਬੰਗਾਲ ਸੇਨਾ ਦਾ 60% ਭਾਗ ਅਵਧ ਅਤੇ ਉੱਤਰ ਪੱਛਮੀ ਭਾਗਾਂ ਤੋਂ ਆਓਂਦਾ ਸੀ ਅਤੇ ਉਸ ਵਿੱਚ ਜ਼ਿਆਦਾਤਰ ਉੱਚ ਜਾਤੀ ਦੇ ਬ੍ਰਾਹਮਣ ਅਤੇ ਰਾਜਪੂਤ ਕੁਲ ਦੇ ਮੈਂਬਰ ਹੁੰਦੇ ਸਨ ਜੋ ਆਮ ਤੌਰ ਤੇ ਉਸ ਅਨੁਸ਼ਾਸਨ ਨੂੰ ਸਵੀਕਾਰ ਕਰਣ ਦੇ ਉਤਸੁਕ ਨਹੀਂ ਸਨ। ਜਿਸ ਦੇ ਅਨੁਸਾਰ ਓਹਨਾਂ ਅਤੇ ਨਿਮਨ ਜਾਤੀ ਦੇ ਸੈਨਿਕਾਂ ਨੂੰ ਬਰਾਬਰ ਮੰਨਿਆ ਜਾਵੇ।ਸਰ ਚਾਰਲਸ ਨੇਪਿਅਰ ਨੂੰ ਇਹਨਾਂ "ਉੱਚ ਜਾਤੀ" ਕਿਰਾਏ ਦੇ ਸੈਨਿਕਾਂ ਤੇ ਵਿਸ਼ਵਾਸ ਨਹੀਂ ਸੀ।ਲਾਰਡ ਡਲਹੌਜੀ ਦੇ ਗਵਰਨਰ ਜਨਰਲ ਹੋਣ ਦੇ ਸਮੇਂ ਤੋਂ ਤਿੰਨ ਸੈਨਿਕ ਵਿਦਰੋਹ ਹੋ ਚੁਕੇ ਸਨ, 1849 ਵਿੱਚ 22ਵੇਂ ਐਨ. ਆਈ. ਦਾ ਵਿਦਰੋਹ, 1850 ਵਿੱਚ 66ਵੇਂ ਐਨ. ਆਈ. ਦਾ ਵਿਦਰੋਹ ਅਤੇ 1852 ਵਿੱਚ 38ਵੇਂ ਐਨ. ਆਈ. ਦਾ ਵਿਦਰੋਹ।

"ਬੰਗਾਲ ਸੇਨਾ ਦੇ ਸੈਨਿਕ ਅਵਧ ਦੀ ਸਾਰੀ ਅਸੈਨਿਕ ਜਨਤਾ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਸਨ। ਮੌਲਾਨਾ ਆਜ਼ਾਦ ਦੇ ਅਨੁਸਾਰ ਅਵਧ ਦੇ ਵਿਲਯ ਨੇ ਸੇਨਾ ਵਿੱਚ ਅਤੇ ਖਾਸ ਤੌਰ ਤੇ ਬੰਗਾਲ ਸੈਨਾ ਵਿੱਚ ਵਿਦਰੋਹੀ ਭਾਵਨਾ ਦਾ ਆਰੰਭ ਕੀਤਾ... ਓਹਨਾਂ ਨੇ ਅਚਾਨਕ ਇਹ ਅਨੁਭਵ ਕੀਤਾ ਕਿ ਇਹ ਸ਼ਕਤੀ ਜੋ ਕੰਪਨੀ ਨੇ ਓਹਨਾਂ ਦੀ ਸੇਵਾ ਅਤੇ ਬਲਿਦਾਨ ਦੁਆਰਾ ਪ੍ਰਾਪਤ ਕੀਤੀ ਹੈ, ਅੱਜ ਓਹਨਾਂ ਦੇ ਰਾਜਾ ਨੂੰ ਖਤਮ ਕਰਣ ਲਈ ਪ੍ਰਯੋਗ ਕੀਤੀ ਜਾ ਰਹੀ ਹੈ।"

ਭਾਰਤ ਵਿੱਚ ਅੰਗਰੇਜੀ ਸਾਮਰਾਜ ਦੇ ਪ੍ਰਸਾਰ ਨਾਲ ਸੈਨਿਕਾਂ ਦੀ ਸੇਵਾ ਸ਼ਰਤਾਂ ਤੇ ਪ੍ਰਤੀਕੂਲ ਪ੍ਰਭਾਵ ਪਿਆ ।ਹੁਣ ਓਹਨਾਂ ਨੂੰ ਆਪਣੇ ਦੇਸ਼ ਤੋਂ ਦੂਰ ਸੇਵਾ ਕਰਨੀ ਪੈਂਦੀ ਸੀ ਅਤੇ ਵਾਧੂ ਭੱਤਾ ਵੀ ਨਹੀਂ ਮਿਲਦਾ ਸੀ।ਸੈਨਿਕ ਓਹਨਾਂ ਦਿਨਾਂ ਨੂੰ ਯਾਦ ਕਰਦੇ ਸਨ ਜਦੋਂ ਭਾਰਤੀ ਰਾਜਾ ਓਹਨਾਂ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਓਹਨਾ ਨੂੰ ਜਾਗੀਰਾਂ ਅਤੇ ਪੁਰਸਕਾਰ ਦਿੰਦੇ ਸਨ। ਹੁਣ ਅੰਗਰੇਜਾਂ ਦੇ ਸਿੰਧ ਅਤੇ ਪੰਜਾਬ ਦੀ

ਨੋਟ

ਜਿੱਤ ਨਾਲ ਓਹਨਾਂ ਦੀ ਸਥਿਤੀ ਵਿਗੜ ਗਈ ਸੀ। 1824 ਵਿੱਚ ਬੈਕਰਪੁਰ ਵਿੱਚ ਸੈਨਿਕਾਂ ਨੇ ਸਮੁੰਦਰ ਪਾਰ ਬਰਮਾ ਵਿੱਚ ਸੇਵਾ ਕਰਣ ਤੋਂ ਮਨਾ ਕਰ ਦਿੱਤਾ ਅਤੇ ਇਸ ਦੇ ਫਲਸਰੂਪ 47ਵੀਂ ਰੈਜ਼ੀਮੈਂਟ ਭੰਗ ਕਰ ਦਿੱਤੀ ਗਈ। 1844 ਵਿੱਚ 4 ਬੰਗਾਲ ਰੈਜ਼ੀਮੈਂਟਾਂ ਨੇ ਓਹਨਾਂ ਨੂੰ ਵਾਧੂ ਭੱਤਾ ਨਾ ਮਿਲਣ ਤੇ ਸਿੰਧ ਜਾਣ ਤੋਂ ਮਨਾ ਕਰ ਦਿੱਤਾ।

1856 ਵਿੱਚ ਕੈਨਿੰਗ ਦੀ ਸਰਕਾਰ ਨੇ ਆਮ ਸੈਨਾ ਭਰਤੀ ਅਧਿਨਿਯਮ (General Service Enlistment Act) ਪਾਰਿਤ ਕਰ ਦਿੱਤਾ ਜਿਸਦੇ ਅਨੁਸਾਰ ਬੰਗਾਲ ਸੈਨਾ ਦੇ ਸਾਰੇ ਭਾਵੀ ਸੈਨਿਕਾਂ ਨੂੰ ਇਹ ਸਵੀਕਾਰ ਕਰਨਾ ਹੁੰਦਾ ਸੀ ਕਿ ਜਿੱਥੇ ਕਿਤੇ ਵੀ ਸਰਕਾਰ ਨੂੰ ਲੋੜ ਹੋਵੇਗੀ ਓਹ ਕੰਮ ਕਰਣਗੇ।ਇਸ ਅਧਿਨਿਯਮ ਦਾ ਪ੍ਰਭਾਵ ਪੁਰਾਣੇ ਸੈਨਿਕਾਂ ਤੇ ਨਹੀਂ ਸੀ ਪ੍ਰੰਤੂ ਸੈਨਿਕ ਸੇਵਾ ਆਮ ਤੌਰ ਤੇ ਵੰਸ਼ਾਨੁਗਤ ਹੁੰਦੀ ਸੀ ਇਸ ਲਈ ਇਹ ਅਧਿਨਿਯਮ ਬਹੁਤ ਅਪ੍ਰਿਯ ਸੀ। ਇਸ ਤੋਂ ਇਲਾਵਾ ਜੋ ਸੈਨਿਕ 1839-42 ਤੱਕ ਅਫਗਾਨਿਸਤਾਨ ਤੋਂ ਸੇਵਾ ਕਰਕੇ ਆਏ ਸਨ ਓਹਨਾਂ ਨੂੰ ਓਹਨਾਂ ਦੇ ਸਮਾਜ ਨੇ ਆਪਣੀ ਜਾਤੀ ਵਿੱਚ ਵਾਪਿਸ ਨਹੀਂ ਲਿਆ ਸੀ। ਜਿਨਾਂ ਸੇਨਿਕਾਂ ਨੂੰ ਵਿਦੇਸ਼ ਸੇਵਾ ਲਈ ਅਯੋਗ ਘੋਸ਼ਿਤ ਕਰ ਦਿੱਤਾ ਗਿਆ ਸੀ ਓਹਨਾਂ ਨੂੰ ਪੈਂਸ਼ਨ ਸਹਿਤ ਨਿਵਰਿੱਤ ਹੋਣ ਦੀ ਆਗਿਆ ਨਹੀਂ ਸੀ ਬਲਕਿ ਓਹਨਾਂ ਨੂੰ ਛਾਵਣੀਆਂ ਵਿੱਚ ਨਿਯੁਕਤ ਕਰ ਦਿੱਤਾ ਜਾਂਦਾ ਸੀ।

1854 ਵਿੱਚ ਡਾਕ ਘਰ ਅਧਿਨਿਯਮ ਦੇ ਪਾਰਿਤ ਹੋਣ ਤੇ ਸੈਨਿਕਾਂ ਦੀ ਨਿਸ਼ੁਲਕ ਡਾਕ ਸੁਵਿਧਾ ਖਤਮ ਕਰ ਦਿੱਤੀ ਗਈ ।ਇਸ ਤੋਂ ਇਲਾਵਾ ਯੂਰਪੀ ਅਤੇ ਭਾਰਤੀ ਸੈਨਿਕਾਂ ਦਾ ਅਨੁਪਾਤ ਦਿਨ ਪ੍ਰਤੀਦਿਨ ਵਧਦਾ ਜਾ ਰਿਹਾ ਸੀ। 1856 ਵਿੱਚ ਭਾਰਤੀ ਸੈਨਾ ਵਿੱਚ 2,38,000 ਭਾਰਤੀ ਸੈਨਿਕ ਅਤੇ 45,322 ਯੂਰਪੀ ਸੈਨਿਕ ਸਨ। ਸੈਨਾ ਵਿੱਚ ਕੁਸ਼ਲ ਅਧਿਕਾਰੀਆਂ ਦੇ ਅਭਾਵ ਦੇ ਕਾਰਣ ਇਹ ਅਸਮਾਨਤਾ ਹੋਰ ਵੀ ਗੰਭੀਰ ਹੋ ਗਈ ਸੀ ਕਿਓਂਕਿ ਬਹੁਤ ਸਾਰੇ ਸੈਨਿਕ ਅਧਿਕਾਰੀ ਨਵਵਿਜਿਤ ਪ੍ਰਦੇਸ਼ਾਂ ਵਿੱਚ ਪ੍ਰਸ਼ਾਸਨਿਕ ਕੰਮਾਂ ਵਿੱਚ ਲੱਗੇ ਹੋਏ ਸਨ।ਸੈਨਿਕਾਂ ਦਾ ਵਿਤਰਣ ਵੀ ਦੋਸ਼ਪੂਰਣ ਸੀ।ਇਸ ਤੋਂ ਇਲਾਵਾ ਕ੍ਰੀਮੀਅਨ ਯੁੱਧ (ਙਗਜਠਕ੍ਰਅ ਰੁਗ) ਵਿੱਚ ਵਿਨਾਸ਼ ਦੇ ਕਾਰਣ ਸੈਨਿਕਾਂ ਦਾ ਸਾਧਾਰਣ ਮਾਨਸਿਕ ਬਲ ਵੀ ਘੱਟ ਹੋ ਗਿਆ ਸੀ।ਇਹਨਾਂ ਸਾਰੇ ਕਾਰਣਾਂ ਵਜੋਂ ਭਾਰਤੀ ਸੈਨਿਕਾਂ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਜੇਕਰ ਓਹ ਉਸ ਸਮੇਂ ਹਮਲਾ ਕਰਣ ਤਾਂ ਓਹਨਾਂ ਦੀ ਸਫਲਤਾ ਦੀ ਸੰਭਾਵਨਾ ਸੀ।ਇਸ ਲਈ ਓਹ ਮੌਕੇ ਦੀ ਤਲਾਸ਼ ਵਿੱਚ ਸਨ ਜੋ ਚਰਬੀ ਵਾਲੇ ਕਾਰਤੂਸਾਂ ਨੇ ਓਹਨਾਂ ਨੂੰ ਦੇ ਦਿੱਤਾ। ਇਹਨਾਂ ਕਾਰਤੂਸਾਂ ਨੇ ਕੋਈ ਨਵਾਂ ਕਾਰਣ ਪੇਸ਼ ਨਹੀਂ ਕੀਤਾ ਬਲਕਿ ਇੱਕ ਅਜਿਹਾ ਮੌਕਾ ਪ੍ਰਦਾਨ ਕੀਤਾ ਜਿਸ ਨਾਲ ਓਹਨਾਂ ਦੇ ਭੂਮੀਗਤ ਅਸੰਤੋਸ਼ ਪ੍ਰਗਟ ਹੋਏ।

1856 ਵਿੱਚ ਸਰਕਾਰ ਨੇ ਪੁਰਾਣੀ ਲੋਹੇ ਵਾਲੀ ਬੰਦੂਕ ਬ੍ਰਾਊਨ ਬੈਸ (Brown Bess) ਦੀ ਥਾਂ ਤੇ ਨਵੀਨ ਐਨਫੀਲਡ ਰਾਈਫਲ (New Enfield Rifle) ਜੋ ਜ਼ਿਆਦਾ ਚੰਗੀ ਸੀ, ਨੂੰ ਪ੍ਰਯੋਗ ਕਰਣ ਦਾ ਫੈਸਲਾ ਕੀਤਾ। ਇਸ ਨਵੀਨ ਰਾਈਫਲ ਦੇ ਪ੍ਰਯੋਗ ਦਾ ਪ੍ਰਸ਼ਿਕਸ਼ਣ ਡਮ-ਡਮ, ਅੰਬਾਲਾ ਅਤੇ ਸਿਆਲਕੋਟ ਵਿੱਚ ਦਿੱਤਾ ਜਾਣਾ ਸੀ। ਇਸ ਲਈ ਰਾਈਫਲ ਵਿੱਚ ਕਾਰਤੂਸ ਦੇ ਉੱਪਰੀ ਭਾਗ ਨੂੰ ਮੂੰਹ ਨਾਲ ਕੱਟਣਾ ਪੈਂਦਾ ਸੀ।ਜਨਵਰੀ 1857 ਵਿਚ ਬੰਗਾਲ ਸੈਨਾ ਵਿੱਚ ਇਹ ਅਫਵਾਹ ਫੈਲ ਗਈ ਕਿ ਚਰਬੀ ਵਾਲੇ ਕਾਰਤੂਸ ਵਿੱਚ ਗਾਂ ਅਤੇ ਸੂਰ ਦੀ ਚਰਬੀ ਹੇ।ਸੈਨਿਕ ਅਧਿਕਾਰੀਆਂ ਨੇ ਇਸ ਅਫਵਾਹ ਦੀ ਜਾਂਚ ਕੀਤੇ ਬਿਨਾਂ ਤੁਰੰਤ ਇਸ ਦਾ ਖੰਡਨ ਕਰ ਦਿੱਤਾ।ਕਾਲਾਂਤਰ ਵਿੱਚ ਪੁੱਛਤਾਛ ਨੇ ਇਹ ਸਿੱਧ ਕਰ ਦਿੱਤਾ ਕਿ" ਗਾਂ ਅਤੇ ਬੈਲ ਦੀ ਚਰਬੀ ਅਸਲ ਵਿੱਚ ਹੀ ਵੂਲਿਚ ਸ਼ਸਤ੍ਰਾਗਾਰ (Woolwich arsenal) ਵਿੱਚ ਪ੍ਰਯੋਗ ਕੀਤੀ ਜਾਂਦੀ ਸੀ। " (V.A. Smith) ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਕੰਪਨੀ ਔਰੰਗਜ਼ੇਬ ਦੀ ਭੂਮਿਕਾ ਵਿੱਚ ਹੈ ਅਤੇ ਸੈਨਿਕਾਂ ਨੇ ਸ਼ਿਵਾਜੀ ਬਣਨਾ ਹੈ।

**ਸਵ-ਮੱਲਾਂਕਣ (Self-Assessment)**

**1. ਖਾਲੀ ਸਥਾਨ ਭਰੋ (Fill in the Blanks)**

*(i)* ਮਾਲੇਸਨ ਨੇ ਠੀਕ ਹੀ ਕਿਹਾ ਸੀ ਕਿ ਭਾਰਤੀਆਂ ਨੂੰ ਇਹ ਪ੍ਰਤੀਤ ਹੋਣ ਲੱਗਾ ਸੀ ਕਿ ਅੰਗਰੇਜ਼ "..................." ਦੀ ਭੂਮਿਕਾ ਨਿਭਾ ਰਹੇ ਹਨ।

*(ii)* 1856 ਵਿੱਚ ਫਕੀਰੁਦੀਨ ਦੀ ਮੌਤ ਤੋਂ ਬਾਅਦ ............ ਨੇ ਘੋਸ਼ਣਾ ਕੀਤੀ ਕਿ ਸ਼ਹਿਜ਼ਾਦੇ ਨੂੰ ਰਾਜਸੀ ਉਪਾਧੀ ਅਤੇ ਮੁਗਲ ਮਹਿਲ ਦੋਵੇਂ ਛੱਡਣੇ ਪੈਣਗੇ।

*(iii)* ਵਿਦਰੋਹ ਦਾ ਇੱਕ ਹੋਰ ਰਾਜਨੀਤਿਕ ਕਾਰਣ ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦਾ ਸਰੂਪ ............ ਦੇ ਰੂਪ ਵਿੱਚ ਸੀ।

*(iv)* ਸੈਨਾ ਵਿੱਚ ਉੱਚੇ ਤੋਂ ਉੱਚਾ ਪਦ ਜੋ ਕਿਸੇ ਭਾਰਤੀ ਨੂੰ ਮਿਲ ਸਕਦਾ ਸੀ ਓਹ .......... ਦਾ ਸੀ ਜਿਸ ਦਾ ਮਾਸਿਕ ਵੇਤਨ 60 ਜਾਂ 70 ਰੁਪਏ ਸੀ।

*(v)* ਅਸੈਨਿਕ ਪ੍ਰਸ਼ਾਸਨ ਵਿੱਚ ਉੱਚਾ ਪਦ ਜਿਸ ਤੇ ਭਾਰਤੀ ਕੰਮ ਕਰ ਸਕਦਾ ਸੀ ਸਦਰ ਅਮੀਨ ਦਾ ਸੀ ਜਿਸਦਾ ਵੇਤਨ ............ ਸੀ।

## 7.2 ਆਰੰਭ, ਪ੍ਰਸਾਰ ਅਤੇ ਪਤਨ (Beginning, Spread, Suppresion)

ਸੈਨਿਕਾਂ ਦੇ ਚਰਬੀ ਵਾਲੇ ਕਾਰਤੂਸਾਂ ਦੇ ਪ੍ਰਯੋਗ ਕਰਨਾ ਸਵੀਕਾਰ ਨਾ ਕਰਨ ਤੇ ਓਹਨਾਂ ਉੱਤੇ ਅਨੁਸ਼ਾਸਨਹੀਣਤਾ ਦਾ ਆਰੋਪ ਲਗਾ ਕੇ ਓਹਨਾਂ ਨੂੰ ਸਜ਼ਾ ਦਿੱਤੀ ਗਈ।29 ਮਾਰਚ, 1857 ਨੂੰ ਬੈਕਰਪੁਰ ਵਿੱਚ ਸੈਨਿਕਾਂ ਨੇ ਇਹਨਾਂ ਕਾਰਤੂਸਾਂ ਨੂੰ ਪ੍ਰਯੋਗ

ਨੋਟ

ਕਰਣ ਤੋਂ ਮਨਾ ਕਰ ਦਿੱਤਾ ਅਤੇ ਇੱਕ ਸੈਨਿਕ ਮੰਗਲ ਪਾਂਡੇ ਨੇ ਆਪਣੇ ਐਜੁਟੈਂਟ (adjutant) ਉੱਤੇ ਹਮਲਾ ਕਰਕੇ ਉਸਦੀ ਹੱਤਿਆ ਕਰ ਦਿੱਤੀ ।34ਵੀਂ ਐਨ. ਆਈ. ਰੈਜ਼ੀਮੈਂਟ ਤੋੜ ਦਿੱਤੀ ਗਈ ਅਤੇ ਅਪਰਾਧੀਆਂ ਨੂੰ ਸਜ਼ਾ ਦਿੱਤੀ ਗਈ। ਮਈ 1857 ਵਿੱਚ ਮੇਰਠ ਵਿੱਚ 85 ਸੈਨਿਕਾਂ ਨੇ ਇਨਾਂ ਕਾਰਤੂਸਾਂ ਨੂੰ ਪ੍ਰਯੋਗ ਕਰਣ ਤੋਂ ਇਨਕਾਰ ਕਰ ਦਿੱਤਾ। ਓਹਨਾਂ ਨੂੰ ਸੈਨਿਕ ਨਿਆਲੇ ਨੇ ਦੀਰਘਕਾਲੀਨ ਕਾਰਾਵਾਸ ਦੀ ਸਜ਼ਾ ਸੁਣਾਈ।10 ਮਈ ਨੂੰ ਸੈਨਿਕਾਂ ਨੇ ਖੁੱਲਾ ਵਿਰੋਧ ਕਰ ਦਿੱਤਾ।ਅਤੇ ਆਪਣੇ ਅਧਿਕਾਰੀਆਂ ਉੱਤੇ ਗੋਲੀ ਚਲਾਈ।ਆਪਣੇ ਸਾਥੀਆਂ ਨੂੰ ਮੁਕਤ ਕਰਵਾ ਕੇ ਓਹ ਲੋਕ ਦਿੱਲੀ ਵੱਲ ਚੱਲ ਪਏ। ਜਨਰਲ ਹੇਵਿਟ (General Hewitt) ਦੇ ਕੋਲ 2200 ਯੂਰਪੀ ਸੈਨਿਕ ਸਨ ਪ੍ਰੰਤੂ ਉਸਨੇ ਇਸ ਤੂਫਾਨ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।

**ਨੋਟ:**

**1857-58 ਵਿੱਚ ਸੈਨਿਕ ਵਿਪਲਵ ਅਤੇ ਅਸੈਨਿਕ ਵਿਦਰੋਹ ਤੇ ਟਿੱਪਣੀ**

| | | |
|---|---|---|
| 2 ਫਰਵਰੀ, 1857 | : | 9ਵੀਂ ਸਥਾਨਿਕ ਪੈਦਲ ਸੈਨਾ ਦਾ ਬਹਿਰਾਮਪੁਰ ਵਿੱਚ ਵਿਪਲਵ। |
| 10 ਮਈ, 1857 | : | ਮੇਰਠ ਵਿੱਚ ਸੈਨਿਕਾਂ ਦਾ ਵਿਪਲਵ। |
| 11-30 ਮਈ, 1857 | : | ਦਿੱਲੀ, ਫਿਰੋਜ਼ਪੁਰ, ਬੰਬਈ, ਅਲੀਗੜ, ਅਟਾਵਾ, ਬੁਲੰਦਸ਼ਹਿਰ, ਨਸੀਰਾਬਾਦ, ਬਰੇਲੀ, ਮੁਰਾਦਾਬਾਦ, ਸ਼ਾਹਜਹਾਂਪੁਰ ਅਤੇ ਹੋਰ ਉੱਤਰ ਪ੍ਰਦੇਸ਼ ਦੇ ਨਗਰਾਂ ਵਿੱਚ ਵਿਦਰੋਹ ਦਾ ਫੁੱਟਣਾ।ਮੁਗਲ ਸਮਰਾਟ ਨੂੰ ਭਾਰਤ ਦਾ ਸਮਰਾਟ ਘੋਸ਼ਿਤ ਕਰਨਾ। |
| ਜੂਨ 1857 | : | ਗਵਾਲੀਅਰ, ਭਰਤਪੁਰ, ਝਾਂਸੀ, ਇਲਾਹਾਬਾਦ, ਫੈਜ਼ਾਬਾਦ, ਸੁਲਤਾਨਪੁਰ, ਲਖਨਊ ਆਦਿ ਵਿੱਚ ਵਿਪਲਵ। |
| | : | ਗੰਗਾ ਅਤੇ ਸਿੰਧ ਦੇ ਮੈਦਾਨਾਂ ਵਿੱਚ, ਰਾਜਪੂਤਾਨੇ ਵਿੱਚ, ਮੱਧ ਭਾਰਤ ਅਤੇ ਬੰਗਾਲ ਦੇ ਕੁਝ ਭਾਗਾਂ ਵਿੱਚ ਅਸੈਨਿਕ ਵਿਦਰੋਹ |
| ਜੁਲਾਈ 1857 | : | ਇੰਦੌਰ, ਮਹੂ, ਸਾਗਰ ਅਤੇ ਜਿਹਲਮ ਅਤੇ ਸਿਆਲਕੋਟ ਜਿਹ ਪੰਜਾਬ ਦੇ ਕੁਝ ਸਥਾਨਾਂ ਤੇ ਵਿਪਲਵ |
| ਅਗਸਤ 1857 | : | ਸਾਗਰ ਅਤੇ ਨਰਮਦਾ ਘਾਟੀ ਦੇ ਸਾਰੇ ਪ੍ਰਦੇਸ਼ਾਂ ਵਿੱਚ ਅਸੈਨਿਕ ਵਿਦਰੋਹ। |
| ਸਿਤੰਬਰ 1857 | : | ਦਿੱਲੀ ਉੱਤੇ ਅੰਗਰੇਜਾਂ ਦਾ ਦੁਬਾਰਾ ਅਧਿਕਾਰ। ਮੱਧ ਭਾਰਤ ਵਿੱਚ ਵਿਦਰੋਹ। |
| ਅਕਤੂਬਰ 1857 | : | ਕੋਟਾ ਰਾਜ ਵਿੱਚ ਵਿਦਰੋਹ ਫੈਲਣਾ। |
| ਨਵੰਬਰ 1857 | : | ਵਿਦਰੋਹੀਆਂ ਨੇ ਜਨਰਲ ਵਿੰਡਹਮ ਨੂੰ ਕਾਨਪੁਰ ਦੇ ਕੋਲ ਹਰਾਇਆ। |
| ਦਿਸੰਬਰ 1857 | : | ਕਾਨਪੁਰ ਦਾ ਯੁੱਧ ਸਰ ਕਾਲਿਨ ਕੈਂਬਲ ਨੇ ਜਿੱਤਿਆ। ਤਾਂਤਿਆ ਟੋਪੇ ਭੱਜ ਗਿਆ। |
| ਮਾਰਚ 1858 | : | ਲਖਨਊ ਉੱਤੇ ਦੁਬਾਰਾ ਅੰਗਰੇਜੀ ਅਧਿਕਾਰ, ਬਿਹਾਰ ਵਿੱਚ ਜਗਦੀਸ਼ਪੁਰ ਦੇ ਕੁਵੰਰ ਦੁਆਰਾ ਵਿਦਰੋਹ। |
| ਅਪ੍ਰੈਲ 1858 | : | ਝਾਂਸੀ ਉੱਤੇ ਅੰਗਰੇਜੀ ਅਧਿਕਾਰ, ਬਿਹਾਰ ਵਿੱਚ ਜਗਦੀਸ਼ਪੁਰ ਦੇ ਕੁਵੰਰ ਦੁਆਰਾ ਵਿਦਰੋਹ। |

ਵਿਦਰੋਹੀਆਂ ਨੇ 12 ਮਈ ਨੂੰ ਦਿੱਲੀ ਤੇ ਅਧਿਕਾਰ ਕਰ ਲਿਆ। ਲੈਫਟੀਨੈਂਟ ਵਿਲੋਬੀ ਨੇ ਜੋ ਦਿੱਲੀ ਵਿੱਚ ਸ਼ਸਤ੍ਰਾਗਾਰ ਦਾ ਕਾਰਵਾਹਕ ਸੀ, ਕੁਝ ਪ੍ਰਤੀਰੋਧ ਕੀਤਾ ਪ੍ਰੰਤੂ ਪਰਾਜਿਤ ਹੋਇਆ।ਮਹਿਲ ਅਤੇ ਨਗਰ ਉੱਤੇ ਅਧਿਕਾਰ ਕਰ ਲਿਆ ਗਿਆ।ਦਿੱਲੀ ਦੇ ਕੁਝ ਯੂਰਪੀ ਗੋਲ਼ੀ ਨਾਲ ਉੜਾ ਦਿੱਤੇ ਗਏ । ਬਹਾਦੁਰਸ਼ਾਹ ਦੂਜੇ ਨੂੰ ਭਾਰਤ ਦਾ ਸਮਰਾਟ ਘੋਸ਼ਿਤ ਕਰ ਦਿੱਤਾ ਗਿਆ। ਦਿੱਲੀ ਨਗਰ ਦਾ ਹੱਥ ਤੋਂ ਨਿਕਲਣਾ ਅੰਗਰੇਜਾਂ ਲਈ ਇੱਕ ਭਾਰੀ ਹਾਨੀ ਸੀ

ਵਿਦਰੋਹ ਜਲਦੀ ਹੀ ਸਾਰੇ ਉੱਤਰੀ ਅਤੇ ਮੱਧ ਭਾਰਤ ਵਿੱਚ ਫੈਲ ਗਿਆ। ਲਖਨਊ, ਇਲਾਹਾਬਾਦ,ਕਾਨਪੁਰ, ਬਰੇਲੀ, ਬਨਾਰਸ, ਬਿਹਾਰ ਦੇ ਕੁਝ ਭਾਗ, ਝਾਂਸੀ ਅਤੇ ਕੁਝ ਹੋਰ ਪ੍ਰਦੇਸ਼, ਸਾਰਿਆਂ ਵਿੱਚ ਵਿਦਰੋਹ ਹੋ ਗਿਆ। ਅੰਗਰੇਜਾਂ ਦੇ ਸੁਭਾਗ ਨਾਲ ਕਈ ਭਾਰਤੀ ਸ਼ਾਸਕ

ਨੋਟ

ਰਾਜਭਗਤ ਬਣੇ ਰਹੇ ਅਤੇ ਵਿਦਰੋਹ ਦੇ ਦਮਨ ਵਿੱਚ ਓਹਨਾਂ ਨੇ ਬਹੁਮੁੱਲਾ ਯੋਗਦਾਨ ਦਿੱਤਾ। ਨਰਮਦਾ ਨਦੀ ਦੇ ਦੱਖਣੀ ਭਾਗ ਲਗਭਗ ਸ਼ਾਂਤ ਹੀ ਰਹੇ।

ਦਿੱਲੀ ਉੱਤੇ ਦੁਬਾਰਾ ਅਧਿਕਾਰ ਮਾਨਸਿਕ ਦ੍ਰਿਸ਼ਟੀ ਨਾਲ ਬਹੁਤ ਮਹੱਤਵਪੂਰਣ ਸੀ ਇਸਲਈ ਅੰਗਰੇਜਾਂ ਨੇ ਇਸ ਦਿਸ਼ਾ ਵਿੱਚ ਪ੍ਰਯਤਨ ਕੀਤਾ। ਪੰਜਾਬ ਤੋਂ ਸੈਨਾਵਾਂ ਦਿੱਲੀ ਵੱਲ ਬੁਲਾਈਆਂ ਗਈਆਂ ਅਤੇ ਉੱਤਰ ਵੱਲੋਂ ਹਮਲਾ ਕੀਤਾ ਗਿਆ। ਭਾਰਤੀ ਸੈਨਿਕਾਂ ਲੇ ਘੋਰ ਯੁੱਧ ਕੀਤਾ ਅਤੇ ਅੰਤ ਵਿੱਚ ਸਿਤੰਬਰ 1857 ਵਿੱਚ ਅੰਗਰੇਜਾਂ ਦਾ ਦਿੱਲੀ ਉੱਤੇ ਦੁਬਾਰਾ ਅਧਿਕਾਰ ਹੋ ਗਿਆ। ਪ੍ਰੰਤੂ ਇਸ ਵਿੱਚ ਜਾਨ ਨਿਕਲਸਨ (John Nicholson) ਜ਼ਖਮੀ ਹੋਏ ਅਤੇ ਵੀਰ ਗਤੀ ਨੂੰ ਪ੍ਰਾਪਤ ਹੋਏ। ਸਮਰਾਟ ਨੂੰ ਬੰਦੀ ਬਣਾ ਲਿਆ ਗਿਆ। ਦਿੱਲੀ ਦੇ ਨਿਵਾਸੀਆਂ ਤੋਂ ਬਦਲਾ ਲਿਆ ਗਿਆ। ਲੈਫਟੀਨੈਂਟ ਹੌਡਸਨ ਨੇ ਸਮਰਾਟ ਦੇ ਦੋ ਪੁੱਤਰਾਂ ਨੂੰ ਅਤੇ ਇੱਕ ਪੋਤੇ ਨੂੰ ਇਹ ਵਚਨ ਦੇ ਕੇ ਕਿ ਓਹਨਾਂ ਨੂੰ ਕੋਈ ਹਾਨੀ ਨਹੀਂ ਪਹੁੰਚਾਈ ਜਾਵੇਗੀ, ਗੋਲੀ ਨਾਲ ਉੜਾ ਦਿੱਤਾ।

ਲਖਨਊ ਵਿੱਚ ਵਿਦਰੋਹ 4 ਜੂਨ ਨੂੰ ਸ਼ੁਰੂ ਹੋਇਆ। ਬ੍ਰਿਟਿਸ਼ ਰੇਜ਼ੀਡੈਂਟ ਹੈਨਰੀ ਲਾਰੈਂਸ ਨੇ ਯੂਰਪ ਨਿਵਾਸੀਆਂ ਅਤੇ ਲਗਭਗ 2000 ਭਾਰਤੀ ਸੈਨਿਕਾ ਨਾਲ ਰੈਜ਼ੀਡੈਂਸੀ ਵਿੱਚ ਸ਼ਰਣ ਲਈ। ਭਾਰਤੀ ਸੈਨਿਕਾ ਨੇ ਰੈਜ਼ੀਡੈਂਸੀ ਨੂੰ ਘੇਰ ਲਿਆ। ਇਸ ਘੇਰੇ ਵਿੱਚ ਹੈਨਰੀ ਲਾਰੇਂਸ ਦੀ ਮੌਤ ਹੋ ਗਈ। ਇਸ ਤੋਂ ਬਾਅਦ ਬ੍ਰਿਗੇਡਿਅਰ ਇੰਗਲਿਸ (Brigadier Ingliss) ਨੇ ਘੇਰਣ ਵਾਲਿਆਂ ਦਾ ਵੀਰਤਾ ਨਾਲ ਪ੍ਰਤੀਰੋਧ ਕੀਤਾ। ਹੈਵਲਾਕ (Havelock) ਅਤੇ ਆਊਟ੍ਰਮ (Outram) ਦੇ ਲਖਨਊ ਨੂੰ ਦੁਬਾਰਾ ਜਿੱਤਣ ਦੇ ਆਰੰਭਿਕ ਯਤਨ ਨਿਸਫਲ ਰਹੇ ਪ੍ਰੰਤੂ ਨਵੰਬਰ 1857 ਵਿੱਚ ਨਵੇਂ ਮੁੱਖ ਸੈਨਾਪਤੀ ਸਰ ਕਾਲਿਨ ਕੈਂਬਲ (Sir Colin Campbell) ਜੋ ਇੰਗਲੈਂਡ ਤੋਂ ਭੇਜੇ ਗਏ ਸਨ, ਨੇ ਗੋਰਖਾ ਰੈਜੀਮੈਂਟ ਦੀ ਸਹਾਇਤਾ ਨਾਲ ਨਗਰ ਵਿੱਚ ਪ੍ਰਵੇਸ਼ ਕੀਤਾ ।ਅਤੇ ਯੂਰਪੀ ਲੋਕਾ ਦੀ ਰੱਖਿਆ ਕੀਤੀ। ਮਾਰਚ 1858 ਵਿੱਚ ਨਗਰ ਉੱਤੇ ਅੰਗਰੇਜਾਂ ਦਾ ਅਧਿਕਾਰ ਹੋ ਗਿਆ, ਚਾਹੇ ਇੱਕਾ ਦੁੱਕਾ ਹਮਲੇ ਸਿਤੰਬਰ 1858 ਤੱਕ ਚਲਦੇ ਰਹੇ।

ਕਾਨਪੁਰ ਅੰਗਰੇਜਾਂ ਦੇ ਹੱਥਾਂ ਵਿੱਚੋਂ 5 ਜੂਨ !857 ਨੂੰ ਨਿਕਲ ਗਿਆ। ਨਾਨਾ ਸਾਹਿਬ ਨੂੰ ਪੇਸ਼ਵਾ ਘੋਸ਼ਿਤ ਕਰ ਦਿੱਤਾ ਗਿਆ। ਜਨਰਲ ਸਰ ਹਿਊ ਵਹੀਲਰ (General Sir Hugh Wheeler) ਜੋ ਛਾਵਣੀ ਦੇ ਕਮਾਂਡਰ ਸਨ, ਓਹਨਾਂ ਨੇ 27 ਜੂਨ ਨੂੰ ਆਤਮ ਸਮਰਪਣ ਕਰ ਦਿੱਤਾ। ਕੁਝ ਯੂਰਪੀ ਪੁਰਸ਼, ਔਰਤਾਂ ਅਤੇ ਬਾਲਕਾਂ ਦੀ ਹੱਤਿਆ ਕਰ ਦਿੱਤੀ ਗਈ। ਓਥੇ ਪੇਸ਼ਵਾ ਨਾਨਾਂ ਸਾਹਿਬ ਨੂੰ ਆਪਣੇ ਨਿਪੁੰਨ ਸਹਾਇਕ ਤਾਂਤਿਆ ਟੋਪੇ ਦੀ ਮਦਦ ਵੀ ਪ੍ਰਪਤ ਹੋ ਗਈ। ਕਾਨਪੁਰ ਉੱਤੇ ਦੁਬਾਰਾ ਅਧਿਕਾਰ ਦੀ ਕੋਸ਼ਿਸ਼ ਲਖਨਊ ਉੱਤੇ ਦੁਬਾਰਾ ਅਧਿਕਾਰ ਨਾਲ ਬਹੁਤ ਨਿਕਟ ਤੋਂ ਸੰਬੰਧਿਤ ਸੀ। ਸਰ ਕੈਂਬਲ ਨੇ ਕਾਨਪੁਰ ਉੱਤੇ 6 ਦਿਸੰਬਰ ਨੂੰ ਦੁਬਾਰਾ ਅਧਿਕਾਰ ਕਰ ਲਿਆ। ਤਾਂਤਿਆ ਟੋਪੇ ਭੱਜ ਗਿਆ ਅਤੇ ਝਾਂਸੀ ਦੀ ਰਾਣੀ ਨਾਲ ਜਾ ਮਿਲਿਆ।

ਜੂਨ 1857 ਦੇ ਆਰੰਭ ਵਿੱਚ ਝਾਂਸੀ ਨੇ ਵੀ ਵਿਦਰੋਹ ਕਰ ਦਿੱਤਾ। ਰਾਣੀ ਲਕਸ਼ਮੀ ਬਾਈ, ਰਾਜਾ ਗੰਗਾਧਰ ਰਾਓ ਦੀ ਵਿਧਵਾ ਨੂੰ ਰਿਆਸਤ ਦੀ ਸ਼ਾਸਕ ਘੋਸ਼ਿਤ ਕਰ ਦਿੱਤਾ ਗਿਆ। ਕਾਨਪੁਰ ਦੇ ਪਤਨ ਤੋਂ ਬਾਅਦ ਤਾਂਤਿਆ ਟੋਪੇ ਵੀ ਪਹੁੰਚ ਗਏ। ਸਰ ਹਿਊ ਰੋਜ਼ ਨੇ ਝਾਂਸੀ ਉੱਤੇ ਹਮਲਾ ਕਰਕੇ 3 ਅਪ੍ਰੈਲ, 1858 ਨੂੰ ਉਸਤੇ ਫਿਰ ਅਧਿਕਾਰ ਕਰ ਲਿਆ।

ਝਾਂਸੀ ਦੀ ਰਾਣੀ ਅਤੇ ਤਾਂਤਿਆ ਟੋਪੇ ਨੇ ਗਵਾਲਿਅਰ ਵੱਲ ਰੁਖ ਕੀਤਾ, ਜਿੱਥੇ ਭਾਰਤੀ ਸੈਨਿਕਾਂ ਨੇ ਉਸਦਾ ਸਵਾਗਤ ਕੀਤਾ। ਪ੍ਰੰਤੂ ਸਿੰਧੀਆ ਨੇ ਰਾਜਭਗਤ ਰਹਿਣ ਦਾ ਨਿਸ਼ਚਾ ਕੀਤਾ ਅਤੇ ਆਗਰਾ ਵਿੱਚ ਸ਼ਰਣ ਲਈ। ਨਾਨਾ ਸਾਹਿਬ ਨੂੰ ਪੇਸ਼ਵਾ ਘੋਸ਼ਿਤ ਕੀਤਾ ਗਿਆ ਅਤੇ ਦੱਖਣ ਵੱਲ ਚੜਾਈ ਕਰਣ ਦੀ ਯੋਜਨਾ ਬਣਾਈ ਗਈ। ਗਵਾਲਿਅਰ ਉੱਤੇ ਜੂਨ 1858 ਵਿੱਚ ਅੰਗਰੇਜਾਂ ਨੇ ਦੁਬਾਰਾ ਅਧਿਕਾਰ ਕਰ ਲਿਆ। ਝਾਂਸੀ ਦੀ ਰਾਣੀ ਵੇਸ਼ਭੂਸ਼ਾ ਵਿੱਚ ਲੜਦੀ ਹੋਈ ਦੁਰਗ ਦੀਆਂ ਕੰਧਾਂ ਕੋਲ ਵੀਰ ਗਤੀ ਨੂੰ ਪ੍ਰਾਪਤ ਹੋਈ। ਤਾਂਤਿਆ ਟੋਪੇ ਫਿਰ ਬਚ ਲਿਕਲੇ ਪ੍ਰੰਤੂ ਅਪ੍ਰੈਲ 1859 ਵਿੱਚ ਓਹਨਾਂ ਨੂੰ ਸਿੰਧੀਆ ਦੇ ਇੱਕ ਸਾਮੰਤ ਨੇ ਪਕੜ ਲਿਆ ਅਤੇ ਅੰਗਰੇਜਾਂ ਨੇ ਓਹਨਾਂ ਨੂੰ ਫਾਂਸੀ ਤੇ ਲਟਕਾ ਦਿੱਤਾ।

ਬਰੇਲੀ ਵਿੱਚ ਖ਼ਾਨ ਬਹਾਦੁਰ ਨੇ ਆਪਣੇ ਆਪ ਨੂੰ ਨਵਾਬ ਨਾਜ਼ਿਮ ਘੋਸ਼ਿਤ ਕਰ ਦਿੱਤਾ। ਬਿਹਾਰ ਵਿੱਚ ਇੱਕ ਸਥਾਨਿਕ ਜ਼ਿਮੀਦਾਰ ਜਗਦੀਸ਼ਪੁਰ ਦੇ ਕੁਵੰਰ ਸਿੰਘ ਨੇ ਵਿਦਰੋਹ ਦੀ ਪਤਾਕਾ ਫਹਿਰਾ ਦਿੱਤੀ। ਬਨਾਰਸ ਵਿੱਚ ਵੀ ਵਿਦਰੋਹ ਹੋਇਆ ਪ੍ਰੰਤੂ ਕਰਨਲ ਨੀਲ ਨੇ ਉਸਨੂ ਦ੍ਰਿੜਤਾਪੂਰਵਕ ਦਬਾ ਦਿੱਤਾ। ਅਤੇ ਸਾਰੇ ਵਿਦਰੋਹੀਆਂ, ਸੰਦੇਹੀ ਵਿਅਕਤੀਆਂ ਅਤੇ ਸ਼ਰਾਰਤੀ ਲੜਕਿਆਂ ਨੂੰ ਵੀ ਫਾਂਸੀ ਤੇ ਲਟਕਾ ਦਿੱਤਾ। ਜੁਲਾਈ 1858 ਤੱਕ ਵਿਦਰੋਹ ਪੂਰੀ ਤਰਾਂ ਸ਼ਾਂਤ ਹੋ ਗਿਆ।

## ਸਵ-ਮੁੱਲਾਂਕਣ (Self Assessment)

**2. ਸਹੀ ਵਿਕਲਪ ਚੁਣੋ- (Choose the correct option)**

*(i)* ਅੰਗਰੇਜ਼ ਸਰਕਾਰ ਨੇ ਐਲਫੀਲਡ ਰਾਈਫਲ ਦਾ ਪ੍ਰਯੋਗ ਕਦੋਂ ਸ਼ੁਰੂ ਕੀਤਾ?

(ਕ) 1855 (ਖ) 1856 (ਗ) 1857 (ਘ) 1858

*(ii)* ਬੈਕਰਪੁਰ ਛਾਵਣੀ ਵਿੱਚ ਸੈਨਿਕਾਂ ਨੇ ਚਰਬੀਯੁਕਤ ਕਾਰਤੂਸਾਂ ਦੇ ਪ੍ਰਯੋਗ ਕਰਣ ਤੋਂ ਕਦੋਂ ਮਨਾ ਕੀਤਾ?

(ਕ) 20 ਮਾਰਚ, 1857 (ਖ) 27 ਮਾਰਚ, 1857 (ਗ) 24 ਮਾਰਚ, 1857

(ਘ) 29 ਮਾਰਚ, 1857

ਨੋਟ

*(iii)* ਕਸ ਤਿਥੀ ਨੂੰ ਵਿਦਰੋਹੀ ਸੈਨਿਕ ਦਿੱਲੀ ਵੱਲ ਚੱਲ ਪਏ?

(ਕ) 8 ਮਈ, 1857 (ਖ) 9 ਮਈ, 1857 (ਗ) 10 ਮਈ, 1857

(ਘ) 11 ਮਈ, 1857

*(iv)* ਲਖਨਊ ਅਤੇ ਕਾਨਪੁਰ ਵਿੱਚ ਵਿਦਰੋਹ ਕਦੋਂ ਸ਼ੁਰੂ ਹੋਇਆ?

(ਕ) 4 ਅਤੇ 5 ਜੂਨ (ਖ) 10 ਅਤੇ 11 ਜੂਨ (ਗ) 8 ਅਤੇ 10 ਜੂਨ

(ਘ) 14 ਅਤੇ 15 ਜੂਨ

*(v)* ਬਿਹਾਰ ਦੇ ਜ਼ਿਮੀਦਾਰ ਕੰਵਰ ਸਿੰਘ ਨੇ ਵਿਦਰੋਹ ਦੀ ਪਤਾਕਾ ਫਹਿਰਾਈ। ਓਹ ਸੰਬੰਧਿਤ ਸੀ –

(ਕ) ਆਰਾ ਨਾਲ (ਖ) ਬਲਿਆ ਨਾਲ (ਗ) ਛਪਰਾ ਨਾਲ

(ਘ) ਜਗਦੀਸ਼ਪੁਰ ਨਾਲ

## 7.3 ਵਿਦਰੋਹ ਅਸਫਲ ਕਿਓਂ ਹੋਇਆ? (Why the Revolt Failed)

1857 ਦਾ ਵਿਦਰੋਹ ਸਥਾਨਿਕ ਸੀਮਿਤ ਅਤੇ ਅਸੰਗਠਿਤ ਸੀ।ਬੰਬਈ ਅਤੇ ਮਦਰਾਸ ਦੀਆਂ ਸੈਨਾਵਾਂ ਰਾਜਭਗਤ ਰਹੀਆਂ। ਨਰਮਦਾ ਨਦੀ ਦੇ ਦੱਖਣ ਦੇ ਪ੍ਰਦੇਸ਼ ਵਿੱਚ ਥੋੜੀ ਬਹੁਤ ਅਸ਼ਾਂਤੀ ਫੈਲੀ। ਸਿੰਧ ਅਤੇ ਰਾਜਸਥਾਨ ਸ਼ਾਂਤ ਰਹੇ ਅਤੇ ਨੇਪਾਲ ਦੀ ਮਦਦ ਬਹੁਤ ਲਾਭਕਾਰੀ ਸਿੱਧ ਹੋਈ। ਅਫਗਾਨਿਸਤਾਨ ਦਾ ਸ਼ਾਸਕ ਦੋਸਤ ਮੁਹੰਮਦ ਵੀ ਮਿੱਤਰ ਬਣਿਆ ਰਿਹਾ। ਜਾਨ ਲਾਰੇਂਸ ਨੇ ਪੰਜਾਬ ਨੂੰ ਸਫਲਤਾਪੂਰਵਕ ਨਿਯੰਤਰਣ ਵਿੱਚ ਰੱਖਿਆ।ਪੱਛਮੀ ਬਿਹਾਰ, ਅਵਧ, ਰੁਹੇਲਖੰਡ,ਦਿੱਲੀ ਅਤੇ ਨਰਮਦਾ ਅਤੇ ਚੰਬਲ ਦੇ ਮੱਧ ਦੇ ਪ੍ਰਦੇਸ਼ ਹੀ ਸਭ ਤੋਂ ਅਧਿਕ ਪ੍ਰਭਾਵਿਤ ਹੋਏ।

- ਅੰਗਰੇਜੀ ਸਾਮਰਾਜ ਦੇ ਸਾਧਨ ਵਿਦਰੋਹੀਆਂ ਦੇ ਸਾਧਨਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਸਨ। ਅੰਗਰੇਜਾਂ ਦੇ ਸੁਭਾਗ ਨਾਲ ਕ੍ਰੀਮਿਅਮ ਅਤੇ ਚੀਨੀ ਯੁੱਧ 1856 ਤੱਕ ਖਤਮ ਹੋ ਚੁਕੇ ਸਨ। 1,12,000 ਯੂਰਪੀ ਸੈਨਿਕ ਸੰਸਾਰ ਦੇ ਭਿੰਨ ਭਿੰਨ ਭਾਗਾਂ ਤੋਂ ਭਾਰਤ ਵਿੱਚ ਉਪਸਥਿਤ ਹੋ ਗਏ।3,10,000 ਅਤਿਰਿਕਤ ਭਾਰਤੀ ਸੇਨਾ ਦਾ ਇੱਥੋ ਹੀ ਗਠਨ ਕੀਤਾ ਗਿਆ।ਭਾਰਤੀ ਵਿਦਰੋਹੀਆਂ ਦੇ ਕੋਲ ਬੰਦੂਕਾਂ ਬਹੁਤ ਥੋੜੀਆਂ ਸਨ। ਅਤੇ ਓਹ ਜ਼ਿਆਦਾਤਰ ਤਲਵਾਰਾਂ ਅਤੇ ਭਾਲਿਆਂ ਨਾਲ ਲੜੇ।ਦੂਜੇ ਪਾਸੇ ਅੰਗਰੇਜੀ ਸੇਨਾ ਆਧੁਨਿਕਤਮ ਹਥਿਆਰ ਜਿਵੇਂ ਕਿ ਐਨਫੀਲਡ ਰਾਈਫਲ ਆਦਿ ਨਾਲ ਲੈਸ ਸੀ।ਨਾਨਾ ਸਾਹਿਬ ਨੇ ਤਾਂ ਇੱਕ ਵਾਰ ਕਿਹਾ ਸੀ," ਇਹ ਨੀਲੀ ਟੋਪੀ ਵਾਲੀ ਰਾਈਫਲ ਤਾਂ ਗੋਲੀ ਚੱਲਣ ਤੋਂ ਪਹਿਲਾਂ ਹੀ ਮਾਰ ਦਿੰਦੀ ਹੈ।ਵਿਦਯੁਤ ਤਾਰ ਵਿਵਸਥਾ ਦੁਆਰਾ ਮੁੱਖ ਸੈਨਾਪਤੀ ਵਿਦਰੋਹੀਆਂ ਦੀਆਂ ਗਤੀਵਿਧੀਆਂ ਤੋਂ ਅਵਗਤ ਰਹੇ।ਵਿਦਰੋਹ ਦਾ ਖਾਤਮਾ ਕਰਣ ਲਈ ਇੱਕ ਸਮੂਹਿਕ ਯੋਜਨਾ ਬਣਾਈ ਗਈ। ਟਾਈਮਜ਼ ਓਫ ਲੰਦਨ ਦੇ ਸੰਵਾਦਦਾਤਾ ਨੇ ਵਿਦਯੁਤ ਤਾਰ ਦੇ ਲਾਭ ਨੂੰ ਇਨਾਂ ਸ਼ਬਦਾਂ ਵਿੱਚ ਪੇਸ਼ ਕੀਤਾ, "ਵਿਦਯੁਤ ਸੰਚਾਲਿਤ ਤਾਰ ਵਿਵਸਥਾ ਦੀ ਖੋਜ ਨੇ ਅੱਜ ਤੱਕ ਏਨੀ ਮਹੱਤਵਪੂਰਣ ਭੂਮਿਕਾ ਕਦੇ ਨਹੀਂ ਨਿਭਾਈ ਜਿਹੀ ਕਿ ਅੱਜਕਲ ਭਾਰਤ ਵਿੱਚ ਨਿਭਾ ਰਹੀ ਹੈ। ਇਸ ਤੋਂ ਬਿਨਾਂ ਮੁੱਖ ਸੈਨਾਪਤੀ ਆਪਣੀ ਸੇਨਾ ਦੀ ਅੱਧੀ ਸ਼ਕਤੀ ਖੋ ਬੈਠਣਗੇ। ਇਸਨੇ ਤਾਂ ਸੈਨਾਪਤੀ ਦੇ ਸੱਜੇ ਹੱਥ ਤੋਂ ਵੀ ਜ਼ਿਆਦਾ ਸੇਵਾ ਕੀਤੀ ਹੈ।ਜੇਕਰ ਅਸੀਂ ਅੰਗਰੇਜੀ ਸਾਮਰਾਜ ਦੇ ਵਿਸ਼ਾਲ ਸਾਧਨਾਂ ਅਤੇ ਉਸਦੀ ਸਮੁੰਦਰੀ ਸ਼ਕਤੀ ਦੀ ਵਰਿਸ਼ਠਤਾ ਵੱਲ ਵੇਖਿਏ ਤਾਂ ਇਹ ਵੀ ਕਿਹਾ ਜਾ ਸਕਦਾ ਹੇ ਕਿ ਜੇਕਰ ਵਿਦਰੋਹੀ ਅੰਗਰੇਜਾਂ ਨੂੰ ਸਮੁੰਦਰ ਜਾਂ ਤਟੀ ਪ੍ਰਦੇਸ਼ਾਂ ਵਿੱਚ ਵੀ ਖਦੇੜ ਦਿੰਦੇ ਤਾਂ ਵੀ ਜਲਦ ਹੀ ਭਾਰਤ ਨੂੰ ਆਪਣੀ ਵਰਿਸ਼ਠ ਸ਼ਕਤੀ ਨਾਲ ਦੁਬਾਰਾ ਜਿੱਤ ਲੈਂਦੇ।"
- 1857 ਦੇ ਵਿਦਰੋਹ ਦਾ ਸਰੂਪ ਮੁੱਖ ਤੋਰ ਤੇ ਸਾਮੰਤਵਾਦੀ ਸੀ, ਜਿਸ ਵਿੱਚ ਕੁਝ ਰਾਸ਼ਟਰਵਾਦੀ ਦੇ ਤੱਤ ਵਿਦਿਆਮਾਨ ਸਨ। ਅਵਧ ਅਤੇ ਰੁਹੇਲਖੰਡ ਦੇ ਅਤੇ ਹੋਰ ਉੱਤਰੀ ਭਾਰਤ ਦੇ ਸਾਮੰਤਵਾਦੀ ਤੱਤਾਂ ਨੇ ਵਿਦਰੋਹ ਦੀ ਅਗਵਾਈ ਕੀਤੀ। ਅਤੇ ਦੂਜੇ ਪਾਸੇ ਸਾਮੰਤਵਾਦੀ ਤੱਤਾਂ ਨੇ ਪਟਿਆਲਾ, ਜੀਂਦ, ਗਵਾਲਿਅਰ ਅਤੇ ਹੈਦਰਾਬਾਦ ਦੇ ਰਾਜਿਆਂ ਨੇ ਇਸ ਵਿਦਰੋਹ ਦੇ ਦਮਨ ਵਿੱਚ ਮਦਦ ਕੀਤੀ।ਯੂਰਪੀ ਇਤਿਹਾਸਕਾਰਾਂ ਨੇ ਗਵਾਲਿਅਰ ਦੇ ਮੰਤਰੀ ਸਰ ਦਿਨਕਰ ਰਾਓ ਅਤੇ ਹੈਦਰਾਬਾਦ ਦੇ ਮੰਤਰੀ ਸਾਲਾਰ ਜੰਗ ਦੀ ਰਾਜਭਗਤੀ ਦੀ ਬਹੁਤ ਪ੍ਰਸ਼ੰਸਾ ਕੀਤੀ ਹੇ। ਸੰਕਟ ਦੇ ਸਮੇਂ ਕੈਨਿੰਗ ਨੇ ਕਿਹਾ ਸੀ ਕਿ, "ਜੇਕਰ ਸਿੰਧੀਆ ਵੀ ਵਿਦਰੋਹ ਵਿੱਚ ਸ਼ਾਮਿਲ ਹੋ ਜਾਵੇ ਤਾਂ ਮੈਨੂੰ ਕੱਲ ਹੀ ਬਿਸਤਰਾ ਗੋਲ ਕਰਲਾ ਪਵੇਗਾ । "ਕੈਨਿੰਗ ਨੇ ਬਹੁਤ ਬੁਧੀਮਾਨੀ ਤੋਂ ਕੰਮ ਲਿਆ ਜਦੋਂ ਉਸਲੇ ਭਾਰਤੀ ਰਾਜਿਆਂ ਤੋਂ ਨਿਸ਼ਚਿਤ ਪ੍ਰਤਿੱਗਿਆ ਕਰ ਓਹਨਾਂ ਦਾ ਸਮਰਥਨ ਪ੍ਰਾਪਤ ਕਰ ਲਿਆ। ਵਿਦਰੋਹ ਸ਼ਮਨ ਤੋਂ ਬਾਅਦ ਭਾਰਤੀ ਰਾਜਿਆਂ ਨੂੰ ਵਿਸ਼ੇਸ਼ ਰੂਪ ਵਿੱਚ ਪੁਰਸਕ੍ਰਿਤ ਕੀਤਾ ਗਿਆ। ਨਿਜ਼ਾਮ ਨੂੰ ਬਰਾੜ ਦਾ ਪ੍ਰਾਂਤ ਵਾਪਿਸ ਕਰ ਦਿੱਤਾ ਗਿਆ ਅਤੇ ਉਸਦੇ ਕਰਜ਼ੇ ਮੁਆਫ ਕਰ ਦਿੱਤੇ ਗਏ। ਸਿੰਧੀਆ, ਗਾਇਕਵਾੜ ਅਤੇ ਰਾਜਪੂਤ ਰਾਜਿਆਂ ਨੂੰ ਵੀ ਕੁਝ ਪੁਰਸਕਾਰ ਮਿਲੇ।
- ਵਿਦਰੋਹ ਦਾ ਗਠਨ ਠੀਕ ਨਹੀਂ ਸੀ। ਵਿਦਰੋਹ ਦੇ ਨੇਤਾਵਾਂ ਵਿੱਚ ਵੀਰਤਾ ਦੀ ਕਮੀ ਨਹੀਂ ਸੀ ਪ੍ਰੰਤੂ ਅਨੁਭਵ, ਸੰਗਠਨ ਖਮਤਾ ਅਤੇ ਮਿਲ ਕੇ ਕੰਮ ਕਰਣ ਦੀ ਸ਼ਕਤੀ ਦੀ ਕਮੀ ਸੀ। ਛਾਪਾ ਮਾਰਣ ਜਾਂ ਅਚਾਨਕ ਹਮਲਾ ਕਰ ਕੇ ਲੁਪਤ ਹੋਣ ਨਾਲ ਸੁਤੰਤਰਤਾ ਨਹੀਂ ਵਾਪਿਸ ਆ ਸਕਦੀ ਸੀ। ਵਿਦਰੋਹ ਖਤਮ ਹੋਣ ਦੇ ਬਾਅਦ ਅਨੇਕ ਆਯੋਗ ਅਤੇ ਜਾਂਚ ਸਮਿਤੀਆਂ

ਨਿਯੁਕਤ ਕੀਤੀਆਂ ਗਈਆਂ ਓਹਨਾਂ ਵਿੱਚੋਂ ਕਿਸੇ ਨੂੰ ਵੀ ਵਿਦਰੋਹ ਦੇ ਪਿੱਛੇ ਯੋਜਨਾਬੱਧ ਕੰਮ ਦੇ ਪ੍ਰਮਾਣ ਨਹੀਂ ਮਿਲੇ। ਬਹਾਦੁਰਸ਼ਾਹ ਦੂਜੇ ਦੇ ਆਰੋਪ ਨੇ ਤਾਂ ਇਹ ਵੀ ਸਿੱਧ ਕਰ ਦਿੱਤਾ ਕਿ ਇਹ ਵਿਦਰੋਹ ਉਸ ਲਈ ਓਨਾ ਹੀ ਅਚਾਨਕ ਸੀ ਜਿੰਨਾ ਕਿ ਅੰਗਰੇਜਾਂ ਲਈ।

- ਵਿਦਰੋਹੀਆਂ ਦੇ ਸਾਹਮਣੇ ਵਿਦੇਸ਼ ਵਿਰੋਧੀ ਭਾਵਨਾ ਤੋਂ ਇਲਾਵਾ ਕੋਈ ਹੋਰ ਉਦੇਸ਼ ਨਹੀਂ ਸੀ। ਦਿੱਲੀ ਵਿੱਚ ਬਹਾਦੁਰਸ਼ਾਹ ਦੂਜੇ ਨੂੰ ਸਮਰਾਟ ਘੋਸ਼ਿਤ ਕਰ ਦਿੱਤਾ ਗਿਆ ਅਤੇ ਗਵਾਲਿਅਰ ਵਿੱਚ ਨਾਨਾ ਸਾਹਿਬ ਨੂੰ ਪੇਸ਼ਵਾ। ਹਿੰਦੂ ਮੁਸਲਿਮ ਮਤਭੇਦ ਇੱਕ ਦੁਸ਼ਮਣ ਦੇ ਅੱਗੇ ਨਿਸ਼ਕ੍ਰਿਆ ਹੋ ਗਏ ਪ੍ਰੰਤੂ ਖਤਮ ਨਹੀਂ ਹੋਏ।
- ਸੁਭਾਗ ਵੱਲੋਂ ਕੰਪਨੀ ਨੂੰ ਲਾਂਰੇਂਸ ਬੰਧੂ, ਨਿਕਲਸਨ, ਆਊਟ੍ਰਮ, ਹੈਵਲਾਕ, ਐਡਵਰਡਜ਼ ਜਿਹੇ ਵਿਸ਼ੇਸ਼ ਯੋਗ ਵਿਅਕਤੀਆਂ ਦੀ ਸੇਵਾਵਾਂ ਪ੍ਰਾਪਤ ਸਨ। ਇਹ ਸਭ ਪ੍ਰਤਿਸ਼ਠਿਤ ਅਤੇ ਅਨੁਭਵੀ ਸੈਨਿਕ ਸਨ। ਓਹਨਾਂ ਨੇ ਆਰੰਭਿਕ ਕਾਲ ਵਿੱਚ ਕਠਿਨਤਮ ਯੁੱਧ ਲੜੇ ਅਤੇ ਵਿਦੇਸ਼ ਤੋਂ ਮਦਦ ਆਓਣ ਤੱਕ ਸਥਿਤੀ ਨੂੰ ਸੰਭਾਲ ਕੇ ਰੱਖਿਆ।

## 7.4 ਵਿਦਰੋਹ ਦਾ ਪਰਿਣਾਮ (Aftermath of Revolt)

1857 ਦਾ ਵਿਦਰੋਹ ਜਦ ਕਿ ਪੂਰੀ ਤਰਾਂ ਦਮਨ ਹੋ ਗਿਆ ਫਿਰ ਵੀ ਇਸ ਨੇ ਭਾਰਤ ਵਿੱਚ ਅੰਗਰੇਜੀ ਸਾਮਰਾਜ ਨੂੰ ਮੂਲ ਤੋਂ ਹਿਲਾ ਦਿੱਤਾ। ਲਾਰਡ ਕ੍ਰੋਮਰ ਨੇ ਕਿਹਾ ਹੇ," ਕਾਸ਼ ਕਿ ਅੰਗਰੇਜ਼ ਦੀ ਯੁਵਾ ਪੀੜੀ ਭਾਰਤੀ ਵਿਦਰੋਹ ਦੇ ਇਤਿਹਾਸ ਨੂੰ ਪੜੇ, ਧਿਆਨ ਦੇਵੇ, ਸਿੱਖੇ ਅਤੇ ਇਸ ਦਾ ਮਨਨ ਕਰੇ। ਇਸ ਵਿਚ ਬਹੁਤ ਸਾਰੇ ਪਾਠ ਅਤੇ ਚੇਤਾਵਨੀਆਂ ਨਿਹਿਤ ਹਨ।" ਭਾਰਤ ਵਿੱਚ ਨਿਯੰਤਰਣ ਦੀਆਂ ਵਿਧੀਆ (techniques) ਜਦ ਕਿ ਪਰਿਪੱਕ ਹੋ ਚੁਕੀਆਂ ਸਨ, ਉਨਾਂ ਨੂੰ ਦੁਬਾਰਾ ਸਥਾਪਿਤ ਕੀਤਾ ਗਿਆ ਅਤੇ ਉਸ ਤੋਂ ਬਾਅਦ ਸਮਾਨ ਰੂਪ ਵਿੱਚ ਹਰ ਥਾ ਤੇ ਲਗਾਈਆਂ ਗਈਆਂ ।ਪ੍ਰਤੀਕ੍ਰਿਆਵਾਦੀ ਅਤੇ ਨਿਹਿਤ ਸਵਾਰਥਾਂ ਨੂੰ ਚੰਗੀ ਤਰਾਂ ਸੁਰੱਖਿਅਤ ਕੀਤਾ ਗਿਆ ਅਤੇ ਓਹਨਾਂ ਨੂੰ ਪ੍ਰੋਤਸਾਹਿਤ ਕੀਤਾ ਗਿਆ ਅਤੇ ਓਹ ਭਾਰਤ ਵਿੱਚ ਅੰਗਰੇਜੀ ਸਾਮਰਾਜ ਦੇ ਸਤੰਭ ਬਣੇ। "ਫੁੱਟ ਪਾਓ ਅਤੇ ਰਾਜ ਕਰੋ" ਦੀ ਨੀਤੀ ਦਾ ਜਾਣਬੁੱਝ ਕੇ ਅਨੁਸਰਣ ਕੀਤਾ ਗਿਆ ਅਤੇ ਇਹ ਅੰਗਰੇਜੀ ਨਿਯੰਤਰਣ ਦਾ ਮੁੱਖ ਆਧਾਰ ਬਣੀ ਅਤੇ ਸੈਨਿਕ ਅਤੇ ਅਸੈਨਿਕ ਪ੍ਰਸ਼ਾਸਨ ਵਿੱਚ ਮੁੱਖ ਪਦਾਂ ਤੇ ਯੂਰਪੀ ਨਿਯੰਤਰਣ ਸਖਤ ਕਰ ਦਿਤਾ ਗਿਆ।

1858 ਦੇ ਭਾਰਤ ਸਰਕਾਰ ਅਧਿਨਿਯਮ ਦੁਆਰਾ ਭਾਰਤੀ ਪ੍ਰਸ਼ਾਸਨ ਦਾ ਨਿਯੰਤਰਣ ਕੰਪਨੀ ਤੋਂ ਖੋਹ ਕੇ ਬ੍ਰਿਟਿਸ਼ ਰਾਜਮੁਕੁਟ (Crown) ਨੂੰ ਸੌਂਪ ਦਿੱਤਾ ਗਿਆ। ਪ੍ਰੰਤੂ ਜਿਵੇਂ ਕਨਿੰਘਮ ਨੇ ਕਿਹਾ ਸੀ ਕਿ ਇਹ ਪਰਿਵਰਤਨ "ਔਪਚਾਰਿਕ ਸੀ ਵਾਸਤਵਿਕ ਨਹੀਂ "ਸਰ ਹੇਨਰੀ ਰਾਲਿਨਸਨ (Sir Henry Rawlinson) ਜੋ ਕੰਪਨੀ ਦੇ ਇੱਕ ਡਾਇਰੈਕਟਰ ਸਨ ਅਤੇ ਕੰਪਨੀ ਦੇ ਖਾਤਮੇ ਦੇ ਪੱਖ ਵਿੱਚ ਸਨ ਨੇ ਠੀਕ ਹੀ ਕਿਹਾ ਸੀ," ਅਸੀਂ ਪਰਿਵਰਤਨ ਦਾ ਇੱਕ ਵੱਡਾ ਨਤੀਜਾ ਨਾਮ ਦਾ ਪਰਿਵਰਤਨ ਹੋਵੇਗਾ ਜਿਸ ਵਿੱਚ ਆਰੰਭ ਕਰਕੇ ਸਾਮਰਾਜ ਦੇ ਇੱਕ ਨਵੀਨ ਦੌਰ ਵੱਲ ਵਧ ਸਕਾਂਗੇ।" ਭਾਰਤ ਵਿੱਚ ਓਹੀ ਪਹਿਲਾ ਗਵਰਨਰ ਜਨਰਲ, ਓਹੀ ਪਹਿਲੇ ਵਰਗਾ ਸੈਨਿਕ ਅਤੇ ਅਸੈਨਿਕ ਪ੍ਰਸ਼ਾਸਨ ਚਲਦਾ ਰਿਹਾ। ਇੰਗਲੇਂਡ ਵਿੱਚ ਇਸ ਅਧਿਨਿਯਮ ਦੇ ਦੁਆਰਾ ਇੱਕ ਭਾਰਤੀ ਰਾਜ ਸਚਿਵ (Secretary of State for India) ਦਾ ਪ੍ਰਾਵਧਾਨ ਕੀਤਾ ਗਿਆ ਅਤੇ ਉਸਦੀ ਮਦਦ ਲਈ 15 ਮੈਂਬਰਾਂ ਦੀ ਮੰਤਰਣਾ ਪਰਿਸ਼ਦ (Advisory council) ਹੋਣੀ ਸੀ ਜਿਸ ਵਿੱਚੋਂ 8 ਸਰਕਾਰ ਦੁਆਰਾ ਮਨੁਨੀਤ ਹੋਣੇ ਸਨ ਅਤੇ ਬਾਕੀ 7 ਕੋਰਟ ਓਫ ਡਾਇਰੈਕਟਰਜ਼ ਦੁਆਰਾ ਚੁਣੇ ਜਾਣੇ ਸਨ। ਇਸ ਤਰਾਂ ਪੁਰਾਣੇ ਡਾਇਰੈਕਟਰਜ਼ ਹੀ ਭਾਰਤ ਪਰਿਸ਼ਦ ਵਿੱਚ ਨਿਯੁਕਤ ਹੋ ਗਏ। ਕੋਈ ਨੀਤੀ ਪਰਿਵਰਤਨ ਨਹੀਂ ਹੋਇਆ ਬਲਕਿ ਇਸ ਘੋਸ਼ਣਾ ਤੋਂ ਕੰਪਨੀ ਦੀ ਪੁਰਾਣੀ ਨੀਤੀਆਂ ਦੇ ਅਨੁਸਰਣ ਦਾ ਹੀ ਪ੍ਰਸਤਾਵ ਸੀ।

1724 ਤੋਂ ਹੀ ਸਰਕਾਰ ਨੇ ਬੋਰਡ ਚਫ ਕੰਟਰੋਲ ਦੁਆਰਾ ਭਾਰਤੀ ਮਾਮਲਿਆਂ ਵਿੱਚ ਕਾਫੀ ਪ੍ਰਭਾਵ ਬਣਾ ਰੱਖਿਆ ਸੀ ਅਤੇ ਵਾਸਤਵ ਵਿੱਚ ਸਾਰੇ ਪ੍ਰਮੁੱਖ ਮੁੱਦਿਆਂ ਉੱਤੇ ਨਿਰਣਾਯਕ ਕਥਨ ਓਹਨਾ ਦਾ ਹੀ ਹੁੰਦਾ ਸੀ। 1858 ਦੀ ਘੋਸ਼ਣਾ ਤੋਂ ਦੁਹਰਾ ਨਿਯੰਤਰਣ ਖਤਮ ਹੋ ਗਿਆ ਅਤੇ ਸਰਕਾਰ ਹੀ ਸਿੱਧੇ ਭਾਰਤੀ ਮਾਮਲਿਆਂ ਲਈ ਉੱਤਰਦਾਈ ਹੋ ਗਈ।

ਮਹਾਰਾਣੀ ਦੀ ਘੋਸ਼ਣਾ ਦੇ ਅਨੁਸਾਰ," ਖੇਤਰਾਂ ਦਾ ਸੀਮਾ ਵਿਸਤਾਰ (extension of territorial possessions) "ਦੀ ਨੀਤੀ ਖਤਮ ਕਰ ਦਿੱਤੀ ਗਈ ਅਤੇ "ਸਥਾਨਿਕ ਰਾਜਿਆਂ ਦੇ ਅਧਿਕਾਰ, ਮਾਨ ਅਤੇ ਸੱਮਾਨ "ਨੂੰ ਆਪਣੇ ਹੀ ਸਮਾਨ ਸੰਰੱਖਿਅਣ ਦਾ ਵਿਸ਼ਵਾਸ ਦੁਆਇਆ ਗਿਆ। ਅੰਗਰੇਜੀ ਪ੍ਰਜਾ ਦੀ ਹੱਤਿਆ ਦੇ ਦੋਸ਼ੀਆਂ ਨੂੰ ਛੱਡ ਕੇ ਬਾਕੀ ਸਭ ਨੂੰ ਮੁਆਫ ਕਰ ਦਿੱਤਾ ਗਿਆ। ਭਾਰਤੀ ਰਿਆਸਤਾਂ ਨੇ ਉਸ ਤੁਫਾਨ ਨੂੰ "ਜੋ ਜੇਕਰ ਨਾ ਰੋਕਿਆ ਜਾਂਦਾ ਤਾਂ ਸ਼ਾਇਦ ਸਾਨੂੰ (ਅੰਗਰੇਜਾਂ) ਨੂੰ ਇੱਕ ਲਹਿਰ ਵਿਚ ਬਹਾ ਲੈ ਜਾਂਦਾ – ਰੋਕਣ ਲਈ ਇੱਕ ਬੰਨ ਦਾ ਕੰਮ ਕੀਤਾ।" ਓਹਨਾਂ ਨੂੰ ਸਾਮਰਾਜ ਦੀ ਪ੍ਰਾਚੀਰ ਰੂਪ ਦੇ ਬਣਾਏ ਰੱਖਣ ਦੇ ਸਿਧਾਂਤ ਨੂੰ ਅੰਗਰੇ ਜੀ ਸਾਮਰਾਜ ਦਾ ਇੱਕ ਮੁੱਖ ਮੂਲ ਤੱਤ ਬਣਾ ਲਿਆ ਗਿਆ। ਜਿਨਾਂ ਤਾਲੁਕਦਾਰਾਂ ਨੇ ਵੱਡੀ ਸੰਖਿਆ ਵਿੱਚ ਵਿਦਰੋਹ ਵਿੱਚ ਭਾਗ ਲਿਆ ਸੀ, ਓਹਨਾਂ ਨੇ ਰਾਜਭਗਤੀ ਦਾ ਪ੍ਰਣ ਲੈਕੇ ਆਪਣੀ ਆਪਣੀ ਰਿਆਸਤਾਂ ਵਿੱਚ ਦੁਬਾਰਾ ਸਥਾਪਿਤ ਕਰ ਦਿੱਤਾ ਗਿਆ। ਜਿਵੇਂ ਕਿ ਪੰਡਿਤ ਨਹਿਰੂ ਨੇ ਕਿਹਾ ਹੈ ਕਿ ਇਹ ਲੋਕ ਜੋ ਆਪਣੇ ਆਪ ਨੂੰ "ਅਵਧ ਦੇ ਨਵਾਬ (barons of Oudh)" ਕਹਿਲਾਓਣ ਵਿੱਚ ਮਾਣ ਅਨੁਭਵ ਕਰਦੇ ਸਨ, ਓਹੀ ਬ੍ਰਿਟਿਸ਼ ਸਾਮਰਾਜ ਦੇ ਸਤੰਭ ਬਣ ਗਏ। ਇਸ ਤਰਾਂ ਸਾਮੰਤਵਾਦੀ ਅਤੇ ਪ੍ਰਤੀਕ੍ਰਿਆਵਾਦੀ ਤੱਤ ਸਾਮਰਾਜਵਾਦ ਦੇ ਵਿਸ਼ੇਸ਼ ਕ੍ਰਿਪਾਪਾਤਰ ਬਣ ਗਏ।

ਨੋਟ

1858 ਦੀ ਘੋਸ਼ਣਾ ਵਿੱਚ ਇਹ ਵਿਸ਼ਵਾਸ ਦਿਲਾਇਆ ਗਿਆ ਸੀ ਕਿ "ਸਾਡੀ ਪ੍ਰਜਾ ਕਿਸੇ ਵੀ ਜਾਤ ਜਾਂ ਧਰਮ ਦੀ ਕਿਓਂ ਨਾ ਹੋਵੇ, ਸੁਤੰਤਰ ਰੂਪ ਵਿੱਚ ਅਤੇ ਬਿਨਾਂ ਭੇਦਭਾਵ ਦੇ ਓਹਨਾਂ ਕੰਮਾਂ ਲਈ ਜਿਨਾਂ ਲਈ ਓਹ ਆਪਣੀ ਵਿੱਦਿਆ, ਯੋਗਤਾ ਅਤੇ ਈਮਾਨਦਾਰੀ ਨਾਲ ਕਰਣ ਦੇ ਯੋਗ ਹੋਵੇ, ਸਾਡੀ ਸੇਵਾ ਅਤੇ ਪਦਾਂ ਤੇ ਨਿਯੁਕਤ ਕੀਤੀ ਜਾਵੇਗੀ।" ਇਸ ਪ੍ਰਤਿੱਗਿਆ ਨੂੰ ਪੂਰਣ ਕਰਣ ਲਈ 1861 ਵਿੱਚ ਭਾਰਤੀ ਜਨਪਦ ਸੇਵਾ ਅਧਿਨਿਯਮ (Indian Civil Service Act) ਬਣਾਇਆ ਗਿਆ ਜਿਸਦੇ ਅਨੁਸਾਰ ਹਰ ਸਾਲ ਲੰਦਨ ਵਿੱਚ ਇੱਕ ਪ੍ਰਤੀਯੋਗਤਾ ਪ੍ਰੀਖਿਆ ਹੋਇਆ ਕਰੇਗੀ ਤਾਕਿ ਸੰਸ਼ਰਾਵਿਤ ਜਨਪਦ ਸੇਵਾ (Covenanted Civil Service) ਵਿੱਚ ਭਰਤੀ ਕੀਤੀ ਜਾ ਸਕੇ।ਦੁਰਭਾਗ ਨਾਲ ਜੋ ਵਿਸਤ੍ਰਿਤ ਨਿਯਮ ਇਸ ਪ੍ਰੀਖਿਆ ਲਈ ਬਣਾਏ ਗਏ ਓਹਨਾਂ ਨਾਲ ਇਹ ਕੇਵਲ ਅੰਗਰੇਜਾਂ ਦੀ ਪਰਿਰੱਖਿਅਤ ਬਣੀ ਹੈ।

ਇਸ ਵਿਦਰੋਹ ਲਈ ਮੁੱਖ ਰੂਪ ਨਾਲ ਭਾਰਤੀ ਸੇਨਾ ਹੀ ਉੱਤਰਦਾਈ ਸੀ।ਇਸਦਾ ਪੂਰੀ ਤਰਾਂ ਪੁਨਰਗਠਨ ਕੀਤਾ ਗਿਆ ਅਤੇ ਇਸਦਾ ਗਠਨ "ਵਿਭਾਜਨ ਅਤੇ ਪ੍ਰਤੀਤੋਲਣ (division and counterpoise)" ਦੀ ਨੀਤੀ ਤੇ ਕੀਤਾ ਗਿਆ।1861 ਦੀ "ਸੈਨਾ ਸੰਮਿਸ਼ਰਣ ਯੋਜਨਾ (Army amalgamation Scheme)" ਦੇ ਅਨੁਸਾਰ ਕੰਪਨੀ ਦੀ ਯੂਰਪੀ ਸੈਨਾ ਸਰਕਾਰ ਨੂੰ ਹਸਤਾਂਤਰਿਤ ਕਰ ਦਿੱਤੀ ਗਈ। ਯੂਰਪੀ ਸੈਨਿਕਾਂ ਨੂੰ ਸਮੇਂ ਸਮੇਂ ਤੇ ਇੰਗਲੈਂਡ ਭੇਜ ਕੇ ਓਹਨਾ ਦਾ ਨਵੀਂਕਰਣ (renovation) ਕੀਤਾ ਜਾਂਦਾ ਸੀ। ਯੂਰਪੀ ਸੈਨਿਕਾਂ ਦੀ 1857 ਤੋਂ ਪਹਿਲਾਂ ਦੀ ਸੰਖਿਆ ਜੋ ਪਹਿਲਾਂ 2,38, 000 ਸੀ, ਹੁਣ 1,40,000 ਨਿਸ਼ਚਿਤ ਕਰ ਦਿੱਤੀ ਗਈ ਅਤੇ ਇੱਕ ਸਾਧਾਰਣ ਸੂਤਰ (formula) ਇਹ ਬਣ ਗਿਆ ਕਿ ਬੰਗਾਲ ਪ੍ਰੈਜ਼ੀਡੈਂਸੀ ਵਿੱਚ ਯੂਰਪੀ ਅਤੇ ਭਾਰਤੀ ਸੈਨਿਕਾਂ ਦਾ ਅਨੁਪਾਤ 1:2 ਹੋਣਾ ਚਾਹੀਦਾ ਹੈ ਅਤੇ ਮਦਰਾਸ ਅਤੇ ਬੰਬਈ ਪ੍ਰੈਜ਼ੀਡੈਂਸੀਆਂ ਵਿੱਚ 1:3 ਦਾ । ਇਸ ਤੋਂ ਇਲਾਵਾ ਭਾਰਤੀ ਸੈਨਿਕਾਂ ਤੋਂ ਪ੍ਰਤੀਤੋਲਣ (counterpoise) ਕੀਤਾ ਜਾਣਾ ਚਾਹੀਦਾ ਹੈ।ਇਸ ਭਾਵਨਾ ਦਾ ਸੈਨਾ ਦੇ ਪੁਨਰਗਠਨ ਦੇ ਲਈ ਪੰਜਾਬ ਸਮਿਤੀ ਦੀ ਰਿਪੋਰਟ ਵਿੱਚ ਇਨਾਂ ਸ਼ਬਦਾਂ ਵਿੱਚ ਵਰਣਨ ਕੀਤਾ ਗਿਆ ਹੈ,"ਵਿਸ਼ਿਸ਼ਟਤਾ (distinction) ਜੋ ਇੱਕ ਬਹੁਤ ਮੂਲਵਾਨ ਵਸਤੂ ਹੈ ਅਤੇ ਜੋ ਹੁਣ ਤੱਕ ਇਸ ਤਰਾਂ ਚਲਦੀ ਰਹੀ ਹੈ ਕਿ ਦੇਸ਼ ਦੇ ਮੁਸਲਮਾਨਾਂ ਨੂੰ ਦੂਜੇ ਦੇਸ਼ ਦੇ ਮੁਸਲਮਾਨਾਂ ਤੋਂ ਭੈਭੀਤ ਅਤੇ ਘ੍ਰਿਣਾ ਕਰਾਓਂਦੀ ਹੈ– ਨੂੰ ਬਣਾਏ ਰੱਖਣ ਲਈ ਭਵਿੱਖ ਵਿੱਚ ਸੈਨਿਕ ਨਿਕਾਸ (corps) ਪ੍ਰਾਂਤੀ ਹੋਣਾ ਚਾਹੀਦਾ ਹੈ ਅਤੇ ਓਹਨਾਂ ਖੇਤਰਾਂ ਵਿੱਚ, ਜਿੱਥੇ ਮੁਕਾਬਲਾ ਵਿਸ਼ੇਸ਼ ਰੂਪ ਵਿੱਚ ਹੈ, ਉਸ ਨੂੰ ਭੂਗੋਲਿਕ ਸੀਮਾ ਤੱਕ ਸੀਮਿਤ ਰੱਖਣਾ ਚਾਹੀਦਾ ਹੈ।" ਸੈਨਾ ਅਤੇ ਤੋਪਖਾਨੇ ਵਿੱਚ ਉੱਚੇ ਪਦ ਕੇਵਲ ਯੂਰਪੀ ਲੋਕਾਂ ਲਈ ਹੀ ਰੱਖੇ ਗਏ। 1857 ਦੇ ਵਿਦਰੋਹ ਤੋਂ ਬਾਅਦ 50 ਸਾਲਾਂ ਵਿੱਚ ਇੱਕ ਵੀ ਭਾਰਤੀ "ਰਾਜ ਆਯੁਕਤ (Viceroy's Commission) "ਦੇ ਭਾਰਤੀ ਪਦਾਧਿਕਾਰੀਆਂ ਤੋਂ ਅਧਿਕ ਉੱਤਮ ਮੰਨੇ ਜਾਂਦੇ ਰਹੇ।

ਇਸ ਤੱਥ ਨੂੰ ਜ਼ਿਆਦਾ ਤੋਂ ਜ਼ਿਆਦਾ ਰੂਪ ਵਿੱਚ ਅਨੁਭਵ ਕੀਤਾ ਗਿਆ ਕਿ ਇਸ ਵਿਦਰੋਹ ਦਾ ਇੱਕ ਮੂਲਭੂਤ ਕਾਰਣ, ਸ਼ਾਸਿਤਾਂ ਅਤੇ ਸ਼ਾਸਕਾਂ ਦੇ ਵਿੱਚ ਸੰਪਰਕ ਦਾ ਨਾ ਹੋਣਾ ਸੀ।ਸਰ ਬਾਰਟਲ ਫ੍ਰੇਅਰ (Sir Bartle Frere) ਨੇ ਆਪਣੀ 1860 ਦੀ ਪ੍ਰਸਿੱਧ ਟਿੱਪਣੀ ਵਿੱਚ ਵਿਧਾਨ ਪਰਿਸ਼ਦਾਂ ਵਿੱਚ "ਸਥਾਨਿਕ ਤੱਤਾਂ (native elements)" ਨੂੰ ਸ਼ਾਮਿਲ ਕਰਣ ਦੀ ਬਿਨਤੀ ਕੀਤੀ ਸੀ। ਅਜਿਹਾ ਵਿਸ਼ਵਾਸ ਕੀਤਾ ਗਿਆ ਕਿ ਭਾਰਤੀਆਂ ਨੂੰ ਵਿਧਾਨ ਕੰਮਾਂ ਵਿੱਚ ਸਹਿਕਾਰੀ ਬਣਾਓਣ ਨਾਲ ਸ਼ਾਸਕ ਭਾਰਤੀਆਂ ਦੀਆਂ ਭਾਵਨਾਵਾਂ ਨਾਲ ਪਰਿਚਿਤ ਹੋ ਸਕਣਗੇ ਅਤੇ ਵਹਿਮ ਦੂਰ ਕਰਣ ਦੇ ਅਵਸਰ ਮਿਲ ਸਕਣਗੇ।ਇਸੇ ਦਿਸ਼ਾ ਵਿੱਚ ਇੱਕ ਛੋਟੀ ਜਿਹੀ ਕੋਸ਼ਿਸ਼ ਭਾਰਤੀ ਪਰਿਸ਼ਦ ਅਧਿਨਿਯਮ (Indian Council Act) ਦੁਆਰਾ ਕੀਤੀ ਗਈ।

ਸ਼ਾਇਦ ਇਸ ਵਿਦਰੋਹ ਦੇ ਭਾਵਨਾਤਮਕ ਪ੍ਰਭਾਵ ਸਭ ਤੋਂ ਦੁਰਭਾਗਪੂਰਣ ਸਨ। ਜਾਤੀ ਕਟੁਤਾ ਇਸ ਸੰਘਰਸ਼ ਦੀ ਸਭ ਤੋਂ ਦੁਸ਼ਟਤਮ ਰਿਕਥ (legacy) ਸੀ। ਪੰਚ ਨੇ ਆਪਣੇ ਵਿਅੰਗ ਚਿੱਤਰਾਂ ਵਿੱਚ ਭਾਰਤੀਆ ਨੂੰ ਉਪਮਾਨਵ ਜੀਵ (sub-human creature) ਜੋ ਅੱਧਾ ਗੁਰਿੱਲਾ ਅਤੇ ਅੱਧਾ ਨਿਗਰੋ ਸੀ, ਦੇ ਰੂਪ ਵਿੱਚ ਪ੍ਰਦਰਸ਼ਿਤ ਕੀਤਾ ਜੋ ਕੇਵਲ ਵਰਿਸ਼ਠ ਸ਼ਕਤੀ ਦੁਆਰਾ ਹੀ ਨਿਯੰਤਰਿਤ ਕੀਤਾ ਜਾ ਸਕਦਾ ਸੀ।ਭਾਰਤ ਵਿੱਚ ਸਾਮਰਾਜਵਾਦ ਦੇ ਏਜੰਟਾਂ ਨੇ ਸਾਰੇ ਭਾਰਤੀ ਲੋਕਾਂ ਨੂੰ ਅਵਿਸ਼ਵਾਸਯੋਗ ਠਹਿਰਾ ਦਿੱਤਾ ਅਤੇ ਓਹਨਾ ਨੂੰ ਅਪਮਾਨ, ਤਿਰਸਕਾਰ ਅਤੇ ਨਿੰਦਾ ਵਿਵਹਾਰ ਦਾ ਭਾਗੀ ਬਣਨਾ ਪਿਆ। ਜਵਾਹਰ ਲਾਲ ਨਹਿਰੂ ਦੇ ਸ਼ਬਦਾਂ ਵਿੱਚ,"ਸਾਮਰਾਜਵਾਦ ਅਤੇ ਇੱਕ ਜਾਤੀ ਦਾ ਦੂਜੀ ਜਾਤੀ ਤੇ ਅਧਿਕਾਰ ਬੁਰਾ ਤਾਂ ਹੈ ਹੀ ਅਤੇ ਜਾਤੀਵਾਦ ਹੋਰ ਵੀ ਬੁਰਾ ਹੈ। ਪ੍ਰੰਤੂ ਸਾਮਰਾਜਵਾਦ ਅਤੇ ਜਾਤੀਵਾਦ ਦੋਵੇਂ ਮਿਲਕੇ ਕੇਵਲ ਡਰ (horror) ਵੱਲ ਵਧਦੇ ਹਨ ਅਤੇ ਓਹ ਇਹਨਾਂ ਸਭ ਲੋਕਾਂ ਨੂੰ ਜੋ ਇਸ ਨਾਲ ਸੰਬੰਧਿਤ ਹਨ, ਪਤਨ ਵੱਲ ਲੈ ਜਾਂਦੇ ਹਨ।" ਭਾਰਤ ਵਿੱਚ ਅੰਗਰੇਜਾਂ ਨੇ ਇੱਕ 'ਸਵਾਮੀ ਜਾਤੀ' (master race) ਦੀ ਪਰੰਪਰਾ ਬਣਾ ਦਿੱਤੀ।ਇਹ ਨਵੀਨ ਸਾਮਰਾਜਵਾਦ ਦਾ ਮਤਲਬ 'ਗੋਰੇ ਦਾ ਬੋਝ' (White man's burden) ਦੇ ਦਰਸ਼ਨ ਅਤੇ ਅੰਗਰੇਜਾਂ ਦੀ ਭਾਰਤ ਨੂੰ ਸੱਭਿਅ ਬਣਾਓਣ ਦੀ ਭੂਮਿਕਾ ਦੁਆਰਾ ਸਿੱਧ ਕੀਤਾ ਗਿਆ।ਦੋਵੇਂ ਜਾਤੀਆਂ ਵਿੱਚ ਖਾਈ ਚੌੜੀ ਹੁੰਦੀ ਚਲੀ ਗਈ ਅਤੇ ਇਹ ਕਦੇ ਕਦੇ ਰਾਜਨੀਤਿਕ ਵਿਵਾਦਾਂ, ਪ੍ਰਦਰਸ਼ਨਾਂ ਅਤੇ ਹਿੰਸਾ ਦੇ ਕੰਮਾਂ ਵਿੱਚ ਪਰਿਵਰਤਿਤ ਹੋ ਜਾਂਦੀ ਸੀ।

1857 ਦੇ ਵਿਦਰੋਹ ਨੇ ਇੱਕ ਯੁਗ ਦਾ ਅੰਤ ਕਰ ਦਿੱਤਾ ਅਤੇ ਇੱਕ ਨਵੀਨ ਯੁਗ ਦੇ ਬੀਜ ਬੋਏ।ਪ੍ਰਾਦੇਸ਼ਿਕ ਵਿਸਤਾਰ ਦੀ ਥਾਂ ਤੇ ਆਰਥਿਕ ਸ਼ੋਸ਼ਣ ਦਾ ਯੁਗ ਆਰੰਭ ਹਸਇਆ।ਅੰਗਰੇਜੀ ਸਾਮਰਾਜ ਦੇ ਲਈ ਸਾਮੰਤਵਾਦੀ ਯੁਗ ਦਾ ਡਰ ਸਦਾ ਲਈ ਖਤਮ ਹੋ ਗਿਆ ਅਤੇ ਅੰਗਰੇਜੀ ਸਾਮਰਾਜ ਦੇ ਲਈ ਨਵੀਂ ਚੁਨੌਤੀ ਉਸ ਪ੍ਰਗਤੀਸ਼ੀਲ ਭਾਰਤ ਤੋਂ ਹੀ ਆਈ ਜੋ 19ਵੀਂ ਸ਼ਤਾਬਦੀ ਦੇ ਉਦਾਰਵਾਦੀ ਅੰਗਰੇਜਾਂ ਅਤੇ ਜਾਨ ਸਟੂਅਰਟ ਮਿੱਲ (John Stuart Mill) ਦੇ ਦਰਸ਼ਨ ਤੇ ਪਲਿਆ ਸੀ।

## 7.5 1857 ਦੇ ਵਿਦਰੋਹ ਤੇ ਚੁਣੇ ਹੋਏ ਵਿਚਾਰ (Selected opinions of Revolt 1857)

**ਆਰ. ਸੀ. ਮਜੂਮਦਾਰ (R.C Majumdar)–** ਇਸ ਤੋਂ ਇਹ ਸਪਸ਼ਟ ਹੈ ਕਿ 1857 ਦੇ ਅਸੈਨਿਕ ਵਿਦਰੋਹ ਨੂੰ ਸੁਤੰਤਰਤਾ ਸੰਗਰਾਮ ਤਾਂ ਹੀ ਕਹਿ ਸਕਦੇ ਹਾਂ ਜੇਕਰ ਅਸੀਂ ਇਸ ਦਾ ਅਰਥ ਅੰਗਰੇਜਾਂ ਦੇ ਵਿਰੁੱਧ ਇੱਕ ਛੋਟਾ ਜਿਹਾ ਸੰਘਰਸ਼ ਮੰਨੀਏ। ਪ੍ਰੰਤੂ ਉਸ ਅਵਸਥਾ ਵਿੱਚ ਤਾਂ ਪਿੰਡਾਰੀਆਂ ਦੇ ਅੰਗਰੇਜਾਂ ਦੇ ਵਿਰੁੱਧ ਸੰਘਰਸ਼ ਜਾਂ ਵਹਾਬੀਆਂ ਦੇ ਸਿੱਖਾਂ ਦੇ ਵਿਰੁੱਧ ਸੰਘਰਸ਼ ਨੂੰ ਵੀ ਅਜਿਹਾ ਹੀ ਸਵੀਕਾਰ ਕਰਨਾ ਪਵੇਗਾ। ਜੋ ਇਸ ਨੂੰ ਇਸ ਰੂਪ ਵਿੱਚ ਮੰਨਦੇ ਹਨ ਓਹਨਾ ਨੂੰ ਇਹ ਦੇਖਣਾ ਹੋਵੇਗਾ ਕਿ 1857 ਦੇ ਵਿਦਰੋਹੀ ਕਿਸ ਸੀਮਾ ਤੱਕ ਆਰਥਿਕ ਜਾਂ ਧਾਰਮਿਕ ਉਦੇਸ਼ਾਂ ਤੋਂ ਪ੍ਰੇਰਿਤ ਸਨ ਜਿਨਾਂ ਪ੍ਰੇਰਣਾਵਾਂ ਤੋਂ ਪਿੰਡਾਰੀ ਜਾ ਵਹਾਬੀ ਪ੍ਰੇਰਿਤ ਸਨ ਅਤੇ ਕਿਸ ਸੀਮਾ ਤੱਕ ਓਹ ਨਿਰਲਿਪਤ ਭਾਵਨਾ ਅਤੇ ਦੇਸ਼ਭਗਤੀ ਤੋਂ ਪ੍ਰੇਰਿਤ ਹੋ ਕੇ ਦੇਸ਼ ਨੂੰ ਵਿਦੇਸ਼ੀ ਬੰਧਨ ਤੋਂ ਮੁਕਤ ਕਰਾਓਣਾ ਚਾਹੁੰਦੇ ਸਨ। ਇੱਕਾ ਦੁੱਕਾ ਉਦਾਹਰਣਾਂ ਨੂੰ ਛੱਡ ਕੇ ਹੁਣ ਤੱਕ ਕੋਈ ਅਜਿਹੇ ਤੱਥ ਸਾਹਮਣੇ ਨਹੀਂ ਆਏ ਜਿਸ ਨਾਲ ਇਹ ਸਿੱਧ ਹੋ ਸਕੇ ਕਿ ਲੋਕਾਂ ਦੇ ਵਿਦਰੋਹ ਦਾ ਮੁੱਖ ਉਦੇਸ਼ ਵਿਦੇਸ਼ੀ ਬੰਧਨ ਤੋਂ ਮੁਕਤੀ ਪਾਓਣਾ ਸੀ। ਅੰਤ ਵਿੱਚ ਇਹ ਸਿੱਧ ਹੁੰਦਾ ਹੈ ਕਿ ਇਹ ਤਥਾਕਥਿਤ ਪ੍ਰਥਮ ਰਾਸ਼ਟਰੀ ਸੁਤੰਤਰਤਾ ਸੰਗਰਾਮ, ਨਾ ਤਾਂ ਇਹ ਪ੍ਰਥਮ, ਨਾ ਹੀ ਰਾਸ਼ਟਰੀ ਅਤੇ ਨਾ ਹੀ ਸੁਤੰਤਰਤਾ ਸੰਗਰਾਮ ਸੀ...... ("It is difficult to avoid the conclusion than the so called First National War of Independence of 1857 is neither First, not National, nor a War of Independence.") (British Paramountcy and Indian Renaissance, Part 1) p 624-25.

**ਐਸ. ਐਨ. ਸੇਨ (S.M. Sen)** – ਸੈਨਿਕ ਵਿਦਰ'ਹ ਜ਼ਰੂਰੀ ਸੀ। ਕ'ਈ ਵੀ ਵਿਜੇਤਾ ਰਾਸ਼ਟਰ ਸਦਾ ਲਈ ਦਾਸਤਾ ਵਿੱਚ ਨਹੀਂ ਰਹਿ ਸਕਦਾ। ਇੱਕ ਤਾਨਾਸ਼ਾਹੀ ਸ਼ਕਤੀ ਨੂੰ ਅੰਤ ਵਿੱਚ ਤਲਵਾਰ ਦੀ ਸ਼ਕਤੀ ਨਾਲ ਹੀ ਰਾਜ ਕਰਨਾ ਪੈਂਦਾ ਹੈ, ਚਾਹੇ ਓਹ ਉਸ ਨੂੰ ਮਖਮਲ ਦੀ ਮਿਆਨ ਵਿੱਚ ਹੀ ਕਿਓਂ ਨਾ ਰੱਖੇ। ਭਾਰਤ ਵਿੱਚ ਇਹ ਤਲਵਾਰ ਸਿਪਾਹੀਆਂ ਦੀ ਸੈਨਾ (ਤਕਬਰਖ਼ ਗਠਖ) ਦੇ ਸੰਰੱਖਿਅਣ ਵਿੱਚ ਸੀ। ਸਿਪਾਹੀਆਂ ਅਤੇ ਓਹਨਾਂ ਦੇ ਵਿਦੇਸ਼ੀ ਸਵਾਮੀਆਂ ਦੇ ਵਿੱਚ ਜਾਤੀ, ਭਾਸ਼ਾ ਜਾਂ ਧਰਮ ਦਾ ਕੋਈ ਬੰਧਨ ਨਹੀਂ ਸੀ.......। ਸੈਨਿਕ ਵਿਦਰੋਹ 1857 ਵਿੱਚ ਤਾਂ ਜ਼ਰੂਰੀ ਨਹੀਂ ਸੀ, ਪ੍ਰੰਤੂ ਇਹ ਸਾਮਰਾਜ ਦੇ ਸੰਵਿਧਾਨ ਵਿੱਚ ਅੰਤਰਭੂਤ (inherent) ਸੀ। (The Mutiny was not invevitable in (1857), but it as inherent in the constitution of the Empire.) (Eighteen Fifty-Seven p. 417.)

**ਐਸ. ਬੀ. ਚੌਧਰੀ (S.B Choudhuri)–** ਸੁਤੰਤਰਤਾ ਦਾ ਪ੍ਰਥਮ ਯੁੱਧ ਤਾਂ ਇਹ ਸੀ ਕਿਓਂਕਿ ਭਾਰਤੀ ਇਤਿਹਾਸ ਦੇ ਸਾਰੇ ਲਿਖਿਤ ਪਟ ਤੋਂ ਅਸੀਂ ਵਿਸ਼ਾਲ ਵਿਰੁੱਧ ਸੰਯੋਜਨ (gigantic anti-foreign combine) ਨੂੰ ਖੋਜਣਾ ਅਸੰਭਵ ਹੈ, ਜਿਸ ਵਿੱਚ ਬਹੁਤ ਸਾਰੇ ਲੋਕ ਅਤੇ ਪ੍ਰਾਂਤ ਜੁਟੇ ਹੋਣ (First War of Independence is certainly was, as in the whole canava of the recorded history of India it would be difficult to find a parallel to this gigantic anti-foreign combine of all classes of people and of many provinces of India). (*Theories of the Indian Mutiny*): ਭਾਰਤ ਵਿੱਚ ਲਗਾਤਾਰ ਇੱਕ ਸਾਲ ਤੱਕ ਨਿਰੰਤਰ ਚਲਦਾ ਰਹਿਣ ਵਾਲਾ ਯੁੱਧ ਜੋ ਸਾਰੇ ਪ੍ਰਦੇਸ਼ਾਂ ਵਿੱਚ ਇੱਕ ਹੀ ਸਮੇਂ ਤੇ ਚਲਦਾ ਰਹੇ ਅਤੇ ਜਿਸ ਦਾ ਉਦੇਸ਼ ਵਿਦੇਸ਼ੀ ਸ਼ਾਸਕ ਸ਼ਕਤੀ ਨੂੰ ਅਪਮਾਨਿਤ ਕਰਨਾ ਅਤੇ ਦੇਸ਼ ਤੋਂ ਕੱਢਣਾ ਹੋਵੇ, ਅਜਿਹਾ ਇਸ ਤੋਂ ਪਹਿਲਾਂ ਕਦੇ ਵੀ ਭਾਰਤ ਵਿੱਚ ਨਹੀਂ ਹੋਇਆ ਸੀ।

**ਮੌਲਾਨਾ ਅਬੁਲ ਕਲਾਮ ਆਜ਼ਾਦ** – ਪ੍ਰਸ਼ਨ ਇਹ ਉੱਠਦਾ ਹੈ ਕਿ ਕੀ ਇਹ ਵਿਦਰੋਹ ਸਿਰਫ ਰਾਸ਼ਟਰੀ ਭਾਵਨਾ ਨਾਲ ਪ੍ਰੇਰਿਤ ਸੀ। ਜੇਕਰ ਅਸੀਂ ਰਾਸ਼ਟਰੀ ਭਾਵਨਾ ਦੇ ਅਰਥ ਆਧੁਨਿਕ ਅਰਥਾਂ ਵਿੱਚ ਲਈਏ ਤਾਂ ਉੱਤਰ ਹੈ ਕਿ ਅਜਿਹਾ ਨਹੀਂ ਸੀ................ ਇਸ ਤੋਂ ਪਹਿਲਾਂ ਕਿ ਲੋਕ ਵਿਦਰੋਹ ਕਰਣ, ਦੇਸ਼ ਪ੍ਰੇਮ ਨੂੰ ਧਾਰਮਿਕ ਭਾਵਨਾ ਨਾਲ ਵੀ ਜੋੜਨਾ ਪੈਂਦਾ ਸੀ.......... ਪ੍ਰੰਤੂ ਹਾਰ ਦਾ ਸਭ ਤੋਂ ਮੁੱਖ ਕਾਰਣ ਜੋ ਸਾਹਮਣੇ ਆਓਂਦਾ ਹੈ, ਓਹ ਸੀ ਵਿਦਰੋਹੀ ਨੇਤਾਵਾਂ ਦੀ ਆਪਸੀ ਘ੍ਰਿਣਾ, ਅਤੇ ਇੱਕ ਦੂਜੇ ਦੇ ਵਿਰੁੱਧ ਸਾਜ਼ਿਸ਼ਾਂ ਰਚਣਾ। (ਸੇਨ ਦੀ ਕਿਤਾਬ ਦਾ ਪ੍ਰਕਾਸ਼ਨ p.xiv-xv)

## 7.6 ਸਾਰ ਅੰਸ਼ (Summary)

- ਸੇਨ ਦਾ ਕਥਨ ਹੈ ਕਿ 1857 ਵਿੱਚ "ਭਾਰਤ ਕੇਵਲ ਇੱਕ ਭੂਗੋਲਿਕ ਕਥਨ" ਦੇ ਰੂਪ ਵਿੱਚ ਹੀ ਵਿੱਦਿਆਮਾਨ ਸੀ। ਬੰਗਾਲੀ, ਪੰਜਾਬੀ, ਹਿੰਦੂਸਤਾਨੀ, ਮਹਾਰਾਸ਼ਟਰੀ ਆਦਿ ਲੋਕਾਂ ਨੇ ਕਦੇ ਆਪਣੇ ਆਪ ਨੂੰ ਇੱਕ ਭਾਰਤ ਦਾ ਵਾਸੀ ਜਾਂ ਇੱਕ ਰਾਸ਼ਟਰ ਦਾ ਮੈਂਬਰ ਨਹੀਂ ਸਮਝਿਆ ਸੀ।
- ਕੀ ਇਹ ਸੈਨਿਕ ਵਿਦਰੋਹ ਜਾਂ ਵਿਦਰੋਹ ਇੱਕ ਸੁਤੰਤਰਤਾ ਸੰਗਰਾਮ ਸੀ? ਪੰਡਿਤ ਜਵਾਹਰ ਨਹਿਰੂ ਦੇ ਕਥਾਨੁਸਾਰ ਇਹ ਤਾਂ ਵਾਸਤਵ ਵਿੱਚ ਸਾਮੰਤਵਾਦੀ ਲੋਕਾਂ ਦਾ ਵਿਦਰੋਹ ਸੀ, ਜਿਸ ਵਿੱਚ ਵਿਦੇਸ਼ ਵਿਰੋਧੀ ਭਾਵਨਾਵਾਂ ਤੋਂ ਪ੍ਰੇਰਿਤ ਲੋਕ ਵੀ ਸ਼ਾਮਿਲ ਹੋਏ।
- ਮਜੂਮਦਾਰ ਮਹੋਦਯ ਇਸ ਨਿਰਣੇ ਤੇ ਪਹੁੰਚਦੇ ਹਨ ਕਿ "ਤਥਾਕਥਿਤ 1857 ਦਾ ਰਾਸ਼ਟਰੀ ਸੁਤੰਤਰਤਾ ਦਾ ਪਹਿਲਾ ਸੰਗਰਾਮ ਨਾ ਤਾਂ ਇਹ ਪ੍ਰਥਮ, ਨਾ ਰਾਸ਼ਟਰੀ ਅਤੇ ਨਾ ਹੀ ਸੁਤੰਤਰਤਾ ਸੰਗਰਾਮ ਸੀ।"

ਨੋਟ

- ਚਰਬੀ ਵਾਲੇ ਕਾਰਤੂਸ ਅਤੇ ਸੈਨਿਕਾਂ ਦਾ ਵਿਦਰੋਹ ਤਾਂ ਕੇਵਲ ਇੱਕ ਚਿੰਗਾਰੀ ਸੀ ਜਿਸਨੇ ਓਹਨਾਂ ਸਾਰੇ ਵਿਸਫੋਟਕ ਪਦਾਰਥਾਂ ਨੂੰ ਜੋ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਕਾਰਣਾਂ ਤੋਂ ਇੱਕਠੇ ਹੋਏ ਸਨ, ਅੱਗ ਲਗਾ ਦਿੱਤੀ ਅਤੇ ਓਹ ਦਾਵਾਨਲ ਰੂਪ ਧਾਰਣ ਕਰ ਗਿਆ।
- ਡਲਹੌਜੀ ਦੀ ਵਿਲਯ ਨੀਤੀ ਨੇ ਸਾਰੇ ਰਾਜਿਆਂ ਨੂੰ ਵਿਆਕੁਲ ਕਰ ਦਿੱਤਾ। ਹਿੰਦੂ ਰਾਜਿਆਂ ਤੋਂ ਦੱਤਕ ਪੁੱਤਰ ਲੈਣ ਦਾ ਅਧਿਕਾਰ ਖੋਹ ਲਿਆ ਗਿਆ। ਉੱਤਰਾਧਿਕਾਰ ਦਾ ਅਧਿਕਾਰ "ਓਹਨਾਂ ਨੂੰ ਨਹੀਂ ਰਿਹਾ ਜਿਹਨਾਂ ਦੀਆਂ ਧਮਣੀਆਂ ਵਿੱਚ ਵੰਸ਼ ਦੇ ਪ੍ਰਵਰਤਕ ਦਾ ਖ਼ੂਨ ਨਹੀਂ ਵਹਿ ਰਿਹਾ ਹੁੰਦਾ।"
- ਪੰਜਾਬ, ਪੀਗੂ ਅਤੇ ਸਿੱਕਿਮ ਜਿੱਤ ਦਾ ਅਧਿਕਾਰ ਦੁਆਰਾ ਵਿਲਯ ਕਰ ਲਏ ਗਏ। ਸਤਾਰਾ, ਜੈਤਪੁਰ, ਸੰਭਲਪੁਰ, ਬਘਾਟ, ਉਦੈਪੁਰ, ਝਾਂਸੀ ਅਤੇ ਨਾਗਪੁਰ ਵਿਅਪਗਤ ਦੇ ਸਿਧਾਂਤ ਦੁਆਰਾ ਵਿਲਯ ਕਰ ਲਏ ਗਏ ਸਨ। ਅਵਧ ਨੂੰ ਸ਼ਾਸਿਤਾਂ ਦੇ ਹਿਤ ਵਿੱਚ ਵਿਲਯ ਕਰ ਲਿਆ ਗਿਆ। ਤੰਜੌਰ ਅਤੇ ਕਰਨਾਟਕ ਦੇ ਨਵਾਬਾਂ ਦੀਆਂ ਰਾਜਕੀ ਉਪਾਧੀਆਂ ਖਤਮ ਕਰ ਦਿੱਤੀਆਂ ਗਈਆਂ।
- ਸਧਾਰਣ ਵਿਸ਼ਵਾਸ ਸੀ ਕਿ ਇਹ ਵਿਲਯ "ਵਿਅਪਗਤ ਦੇ ਸਿਧਾਂਤ ਦੇ ਕਾਰਣ ਨਹੀਂ ਬਲਕਿ ਸਾਰੀ "ਨੈਤਿਕਤਾਵਾਂ ਦੇ ਵਿਅਪਗਤ" ਹੋਣ ਦੇ ਕਾਰਣ ਹੋਇਆ ਹੈ। ਇਨਾਂ ਰਿਆਸਤਾਂ ਦੇ ਡਰ ਨਿਰਾਧਾਰ ਨਹੀਂ ਸਨ, ਬ੍ਰਿਟਿਸ਼ ਸਾਮਰਾਜ ਦੇ ਇੱਕ ਨਿਰਮਾਤਾ ਸਰ ਚਾਰਲਸ ਨੇਪਿਅਰ ਦੇ ਪੱਤਰ ਵਿਵਹਾਰ ਤੋਂ ਸਪਸ਼ਟ ਹੈ। ਉਸਨੇ ਲਿਖਿਆ ਸੀ, "ਜੇਕਰ ਮੈਂ 12 ਸਾਲ ਲਈ ਭਾਰਤ ਦਾ ਸਮਰਾਟ ਹੁੰਦਾ ............... ਤਾਂ ਕੋਈ ਭਾਰਤੀ ਰਾਜਾ ਬਚਿਆ ਨਾ ਰਹਿੰਦਾ....................ਨਿਜ਼ਾਮ ਦਾ ਨਾਂ ਵੀ ਸੁਣਾਈ ਨਾ ਦਿੰਦਾ...... ਨੇਪਾਲ ਸਾਡਾ ਹੁੰਦਾ..............।"
- 1856 ਵਿੱਚ ਫਕੀਰੂਦੀਨ ਦੀ ਮੌਤ ਤੋਂ ਬਾਅਦ ਲਾਰਡ ਕੈਨਿੰਗ ਨੇ ਘੋਸ਼ਣਾ ਕੀਤੀ ਕਿ ਫਕੀਰੂਦੀਨ ਦੁਆਰਾ ਤਿਲਾਂਜਲੀ ਦਿੱਤੇ ਹੋਏ ਮਾਮਲਿਆ ਤੋਂ ਇਲਾਵਾ ਨਵੇਂ ਉੱਤਰਾਧਿਕਾਰੀ ਸ਼ਹਿਜ਼ਾਦੇ ਨੂੰ ਰਾਜਕੀਯ ਉਪਾਧੀਆਂ ਅਤੇ ਮੁਗਲ ਮਹਿਲ ਦੋਵੇਂ ਹੀ ਛੱਡ ਦੇਣੇ ਹੋਣਗੇ। ਇਸ ਘੋਸ਼ਣਾ ਨਾਲ ਮੁਸਲਮਾਲ ਬਹੁਤ ਚਿੰਤਿਤ ਹੋ ਗਏ।
- ਇਹ ਵੀ ਤਰਕ ਪੇਸ਼ ਕੀਤਾ ਗਿਆ ਹੈ ਕਿ ਇੱਕ ਹੋਰ ਰਾਜਨੀਤਿਕ ਕਾਰਣ ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦਾ ਸਰੂਪ "ਅਨੁਪਸਥਿਤ ਪ੍ਰਭੂਸੱਤਾ" (absentee sovereigntyship) ਦੇ ਰੂਪ ਵਿੱਚ ਸੀ ਅਤੇ ਅੰਗਰੇਜਾ ਦੇ ਵਿਰੋਧ ਲਈ ਇਸ ਦਾ ਭਾਰਤੀ ਮਨ ਉੱਤੇ ਬਹੁਤ ਪ੍ਰਭਾਵ ਪਿਆ।
- ਸੈਨਾ ਵਿੱਚ ਉੱਚੇ ਤੋਂ ਉੱਚਾ ਪਦ ਜੋ ਕਿਸੇ ਭਾਰਤੀ ਨੂੰ ਮਿਲ ਸਕਦਾ ਸੀ ਓਹ ਸੂਬੇਦਾਰ ਦਾ ਸੀ ਜਿਸ ਵਿੱਚ 60 ਜਾਂ 70 ਰੁਪਏ ਮਾਸਿਕ ਵੇਤਨ ਮਿਲਦਾ ਸੀ ਅਤੇ ਅਸੈਨਿਕ ਪ੍ਰਸ਼ਾਸਨ ਵਿੱਚ ਸਦਰ ਅਮੀਨ ਦਾ ਪਦ ਸੀ ਜਿਸਦਾ ਵੇਤਨ ਕੇਵਲ 500 ਰੁਪਏ ਮਾਸਿਕ ਸੀ। ਪਦ ਵ੍ਰਿੱਧੀ ਦੇ ਅਵਸਰ ਬਹੁਤ ਘੱਟ ਸਨ। ਭਾਰਤੀਆਂ ਦੀ ਇਹ ਧਾਰਣਾ ਬਣ ਗਈ ਕਿ ਅੰਗਰੇਜ਼ ਓਹਨਾਂ ਨੂੰ "ਲੱਕੜਹਾਰੇ ਜਾਂ ਕਹਾਰ" (hewers of wood and drawers of water) ਬਣਾਓਣਾ ਚਾਹੁੰਦੇ ਹਨ।
- ਈਸਟ ਇੰਡੀਆ ਕੰਪਨੀ ਦੀ ਪ੍ਰਸ਼ਾਸਨਿਕ ਕਾਰਜ ਪ੍ਰਣਾਲੀ "ਅਯੋਗ ਅਤੇ ਅਪਰਿਆਪਤ" (inefficient and insufficient) ਸੀ। ਭੂਮੀ ਕਰ ਵਿਵਸਥਾ ਤਾਂ ਬਹੁਤ ਹੀ ਅਪ੍ਰਿਯ ਸੀ। ਨਵੇਂ ਪ੍ਰਾਪਤ ਜਿਲਿਆਂ ਵਿੱਚ ਕਿਸਾਨ ਲਗਭਗ ਸਦਾ ਵਿਦਰੋਹ ਕਰਦੇ ਰਹਿੰਦੇ ਸਨ ਅਤੇ ਭੂਮੀ ਕਰ ਇੱਕਠਾ ਕਰਨ ਲਈ ਸੈਨਾ ਭੇਜਣੀ ਪੇਂਦੀ ਸੀ। ਉਦਾਹਰਣ ਲਈ ਪਾਣੀਪਤ ਦੇ ਜ਼ਿਲੇ ਵਿੱਚ ਪੁਲਿਸ ਕੰਮ ਦੇ ਲਈ ਤਾਂ ਕੇਵਲ 22 ਘੁੜਸਵਾਰ ਸਨ ਪ੍ਰੰਤੂ ਭੂਮੀ ਕਰ ਇੱਕਠਾ ਕਰਣ ਲਈ 136 ਵਿਅਕਤੀ ਕੰਮ ਕਰਦੇ ਸਨ।
- ਬੰਬਈ ਦੇ ਪ੍ਰਸਿੱਧ ਇਨਾਮ ਕਮਿਸ਼ਨ ਨੇ 20,000 ਜਾਗੀਰਾਂ ਜ਼ਬਤ ਕਰ ਲਈਆਂ। ਇਸ ਤਰਾਂ ਬਹੁਤ ਸਾਰੇ ਭੂਮੀਪਤੀ ਗਰੀਬ ਹੋ ਗਏ। ਦੂਜੇ ਪਾਸੇ ਕਿਸਾਨਾਂ ਨੂੰ ਵੀ ਕੋਈ ਵਿਸ਼ੇਸ਼ ਲਾਭ ਨਹੀਂ ਪਹੁੰਚਿਆ ਕਿਓਂਕਿ ਓਹ ਲੋਕ ਫਿਰ ਵੀ ਬਹੁਤ ਸਾਰੇ ਕਰਾਂ ਦੇ ਨੀਚੇ ਦਬੇ ਰਹੇ।
- ਅੰਗਰੇਜਾਂ ਦੀਆ ਆਰਥਿਕ ਨੀਤੀਆਂ ਵੀ ਭਾਰਤੀ ਵਪਾਰ ਦੇ ਵਿਰੁੱਧ ਸਨ। ਈਸਟ ਇੱਡੀਆ ਕੰਪਨੀ ਦੇ ਰਾਜਨੀਤਿਕ ਸ਼ਕਤੀ ਦੇ ਪ੍ਰਯੋਗ ਨਾਲ ਭਾਰਤੀ ਹਸਤਸ਼ਿਲਪ ਅਤੇ ਵਪਾਰ ਦਾ ਸਰਵਨਾਸ਼ ਹੋ ਗਿਆ ਅਤੇ ਇਸ ਨੂੰ ਕੇਵਲ ਅੰਗਰੇਜੀ ਸ਼ੋਸ਼ਣ ਪ੍ਰਣਾਲੀ ਦੇ ਪਰਿਸ਼ਿਸ਼ਟ ਦੇ ਰੂਪ ਵਿੱਚ ਹੀ ਜੀਵਿਤ ਰਹਿਣ ਦਿੱਤਾ ਗਿਆ।
- ਸਰੀਰਿਕ ਅਤੇ ਰਾਜਨੀਤਿਕ ਅਨਿਆਂ ਸਹਿਣ ਕਰਨਾ ਕਈ ਵਾਰ ਸੰਭਵ ਹੋ ਸਕਦਾ ਸੀ ਪ੍ਰੰਤੂ ਧਾਰਕਿਮਕ ਉਤਪੀੜਨ ਸਹਿਣਾ ਬਹੁਤ ਮੁਸ਼ਕਿਲ ਸੀ। ਅੰਗਰੇਜਾਂ ਦਾ ਇੱਕ ਉਦੇਸ਼ ਭਾਰਤੀਆਂ ਨੂੰ ਈਸਾਈ ਬਣਾਓਣਾ ਵੀ ਸੀ। ਇਹ ਕੰਪਨੀ ਦੇ ਅਧਿਅਕਸ਼ ਮੈਂਗਲਜ਼ (Mangles) ਦੇ ਹਾਊਸ ਓਫ ਕਾਮਨਜ਼ ਵਿੱਚ ਦਿੱਤੇ ਗਏ ਇੱਕ ਭਾਸ਼ਣ ਤੋਂ ਸਪਸ਼ਟ ਹੁੰਦਾ ਹੈ। ਉਸਨੇ ਕਿਹਾ ਸੀ ਕਿ," ਦੈਵਯੋਗ ਨਾਲ ਭਾਰਤ ਦਾ ਵਿਸਤ੍ਰਿਤ ਸਾਮਰਾਜ ਬ੍ਰਿਟੇਨ ਨੂੰ ਮਿਲਿਆ ਹੈ ਤਾਕਿ ਈਸਾਈ ਧਰਮ ਦੀ ਪਤਾਕਾ ਭਾਰਤ ਦੇ ਇਸ ਛੋਰ ਤੋਂ ਦੂਜੇ ਛੋਰ ਤੱਕ ਫਹਿਰਾ ਸਕੇ। ਹਰ ਵਿਅਕਤੀ ਨੂੰ ਜਲਦੀ ਤੋਂ ਜਲਦੀ ਭਾਰਤੀਆਂ ਨੂੰ ਈਸਾਈ ਬਣਾਓਣ ਦੇ ਮਹੱਤਵਪੂਰਣ ਕੰਮ ਨੂੰ ਪੂਰੀ ਤਰਾਂ ਖਤਮ ਕਰਣ ਵਿੱਚ ਆਪਣੀ ਸਾਰੀ ਸ਼ਕਤੀ ਲਗਾ ਦੇਣੀ ਚਾਹੀਦੀ ਹੈ।" ਮੇਜਰ ਐਡਵਰਡਜ਼ (Major Edwards) ਨੇ ਵੀ ਇਹ ਸਪਸ਼ਟ ਰੂਪ ਵਿੱਚ ਕਿਹਾ ਸੀ ਕਿ "ਭਾਰਤ ਵਿੱਚ ਸਾਡੇ ਅਧਿਕਾਰ ਦਾ ਅੰਤਿਮ ਉਦੇਸ਼ ਦੇਸ਼ ਨੂੰ ਈਸਾਈ ਬਣਾਓਣਾ ਹੈ"।

- ਈਸਾਈ ਪਾਦਰੀਆਂ ਅਤੇ ਡਲਹੌਜ਼ੀ ਅਤੇ ਬੇਟਨ (Bethune) ਦੀਆਂ ਇਸਤਰੀ ਸਿੱਖਿਆ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਦੁਆਰਾ ਭਾਰਤੀਆਂ ਨੂੰ ਇਹ ਵਿਸ਼ਵਾਸ ਹੁੰਦਾ ਜਾ ਰਿਹਾ ਸੀ ਕਿ ਅੰਗਰੇਜ਼ ਵਿੱਦਿਆ ਦੁਆਰਾ ਓਹਨਾਂ ਦੀ ਸੱਭਿਅਤਾ ਨੂੰ ਜਿੱਤਣਾ ਚਾਹੁੰਦੇ ਹਨ।" ਵਿੱਦਿਆ ਦਫਤਰਾਂ ਨੂੰ "ਸ਼ੈਤਾਨੀ ਦਫਤਰਾਂ" ਦਾ ਨਾਂ ਦਿੱਤਾ ਜਾਣ ਲੱਗਾ ਸੀ।
- ਲਾਰਡ ਡਲਹੌਜੀ ਦੇ ਗਵਰਨਰ ਜਨਰਲ ਹੋਣ ਦੇ ਸਮੇਂ ਤੋਂ ਤਿੰਨ ਸੈਨਿਕ ਵਿਦਰੋਹ ਹੋ ਚੁਕੇ ਸਨ, 1849 ਵਿੱਚ 22ਵੇਂ ਐਨ. ਆਈ. ਦਾ ਵਿਦਰੋਹ, 1850 ਵਿੱਚ 66ਵੇਂ ਐਨ. ਆਈ. ਦਾ ਵਿਦਰੋਹ ਅਤੇ 1852 ਵਿੱਚ 38ਵੇਂ ਐਨ. ਆਈ. ਦਾ ਵਿਦਰੋਹ।
- 'ਬੰਗਾਲ ਸੇਨਾ ਦੇ ਸੈਨਿਕ ਅਵਧ ਦੀ ਸਾਰੀ ਅਸੈਨਿਕ ਜਨਤਾ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਸਨ। ਮੌਲਾਨਾ ਆਜ਼ਾਦ ਦੇ ਅਨੁਸਾਰ ਅਵਧ ਦੇ ਵਿਲਯ ਨੇ ਸੇਨਾ ਵਿੱਚ ਅਤੇ ਖਾਸ ਤੌਰ ਤੇ ਬੰਗਾਲ ਸੈਨਾ ਵਿੱਚ ਵਿਦਰੋਹੀ ਭਾਵਨਾ ਦਾ ਆਰੰਭ ਕੀਤਾ... ਓਹਨਾਂ ਨੇ ਅਚਾਨਕ ਇਹ ਅਨੁਭਵ ਕੀਤਾ ਕਿ ਇਹ ਸ਼ਕਤੀ ਜੋ ਕੰਪਨੀ ਨੇ ਓਹਨਾਂ ਦੀ ਸੇਵਾ ਅਤੇ ਬਲਿਦਾਨ ਦੁਆਰਾ ਪ੍ਰਾਪਤ ਕੀਤੀ ਹੈ, ਅੱਜ ਓਹਨਾਂ ਦੇ ਰਾਜਾ ਨੂੰ ਖਤਮ ਕਰਣ ਲਈ ਪ੍ਰਯੋਗ ਕੀਤੀ ਜਾ ਰਹੀ ਹੈ।"
- 1856 ਵਿੱਚ ਭਾਰਤੀ ਸੈਨਾ ਵਿੱਚ 2,38,000 ਭਾਰਤੀ ਸੈਨਿਕ ਅਤੇ 45,322 ਯੂਰਪੀ ਸੈਨਿਕ ਸਨ।
- 29 ਮਾਰਚ, 1857 ਨੂੰ ਬੈਕਰਪੁਰ ਵਿੱਚ ਸੈਨਿਕਾਂ ਨੇ ਇਹਨਾਂ ਕਾਰਤੂਸਾਂ ਨੂੰ ਪ੍ਰਯੋਗ ਕਰਣ ਤੋਂ ਮਨਾ ਕਰ ਦਿੱਤਾ ਅਤੇ ਇੱਕ ਸੈਨਿਕ ਮੰਗਲ ਪਾਂਡੇ ਨੇ ਆਪਣੇ ਐਜੂਟੈਂਟ (adjutant) ਉੱਤੇ ਹਮਲਾ ਕਰਕੇ ਉਸਦੀ ਹੱਤਿਆ ਕਰ ਦਿੱਤੀ ।34ਵੀਂ ਐਨ. ਆਈ. ਰੈਜ਼ੀਮੈਂਟ ਤੋੜ ਦਿੱਤੀ ਗਈ ਅਤੇ ਅਪਰਾਧੀਆਂ ਨੂੰ ਸਜ਼ਾ ਦਿੱਤੀ ਗਈ। ਮਈ 1857 ਵਿਂਚ ਮੇਰਠ ਵਿੱਚ 85 ਸੈਨਿਕਾਂ ਨੇ ਇਨਾਂ ਕਾਰਤੂਸਾਂ ਨੂੰ ਪ੍ਰਯੋਗ ਕਰਣ ਤੋਂ ਇਨਕਾਰ ਕਰ ਦਿੱਤਾ। ਓਹਨਾਂ ਨੂੰ ਸੈਨਿਕ ਨਿਆਲੇ ਨੇ ਦੀਰਘਕਾਲੀਨ ਕਾਰਾਵਾਸ ਦੀ ਸਜ਼ਾ ਸੁਣਾਈ।10 ਮਈ ਨੂੰ ਸੈਨਿਕਾਂ ਨੇ ਖੁੱਲਾ ਵਿਰੋਧ ਕਰ ਦਿੱਤਾ।ਅਤੇ ਆਪਣੇ ਅਧਿਕਾਰੀਆਂ ਉੱਤੇ ਗੋਲੀ ਚਲਾਈ।ਆਪਣੇ ਸਾਥੀਆਂ ਨੂੰ ਮੁਕਤ ਕਰਵਾ ਕੇ ਓਹ ਲੋਕ ਦਿੱਲੀ ਵੱਲ ਚੱਲ ਪਏ।
- ਵਿਦਰੋਹੀਆਂ ਨੇ 12 ਮਈ ਨੂੰ ਦਿੱਲੀ ਤੇ ਅਧਿਕਾਰ ਕਰ ਲਿਆ। ਲੈਫਟੀਨੈਂਟ ਵਿਲੋਬੀ ਨੇ ਜੋ ਦਿੱਲੀ ਵਿੱਚ ਸ਼ਸਤ੍ਰਾਗਾਰ ਦਾ ਕਾਰਵਾਹਕ ਸੀ, ਕੁਝ ਪ੍ਰਤੀਰੋਧ ਕੀਤਾ ਪ੍ਰੰਤੂ ਪਰਾਜਿਤ ਹੋਇਆ।ਮਹਿਲ ਅਤੇ ਨਗਰ ਉੱਤੇ ਅਧਿਕਾਰ ਕਰ ਲਿਆ ਗਿਆ।
- ਲਖਨਊ ਵਿੱਚ ਵਿਦਰੋਹ 4 ਜੂਨ ਨੂੰ ਸ਼ੁਰੂ ਹੋਇਆ। ਬ੍ਰਿਟਿਸ਼ ਰੇਜ਼ੀਡੈਂਟ ਹੈਨਰੀ ਲਾਰੈਂਸ ਨੇ ਯੂਰਪ ਨਿਵਾਸੀਆਂ ਅਤੇ ਲਗਭਗ 2000 ਭਾਰਤੀ ਸੈਨਿਕਾ ਨਾਲ ਰੈਜ਼ੀਡੈਂਸੀ ਵਿੱਚ ਸ਼ਰਣ ਲਈ। ਭਾਰਤੀ ਸੈਨਿਕਾ ਨੇ ਰੈਜ਼ੀਡੈਂਸੀ ਨੂੰ ਘੇਰ ਲਿਆ। ਇਸ ਘੇਰੇ ਵਿੱਚ ਹੈਨਰੀ ਲਾਰੇਂਸ ਦੀ ਮੌਤ ਹੋ ਗਈ।
- ਕਾਨਪੁਰ ਅੰਗਰੇਜਾਂ ਦੇ ਹੱਥਾਂ ਵਿੱਚੋਂ 5 ਜੂਨ !857 ਨੂੰ ਨਿਕਲ ਗਿਆ। ਨਾਨਾ ਸਾਹਿਬ ਨੂੰ ਪੇਸ਼ਵਾ ਘੋਸ਼ਿਤ ਕਰ ਦਿੱਤਾ ਗਿਆ। ਜਨਰਲ ਸਰ ਹਿਊ ਵਹੀਲਰ (General Sir Hugh Wheeler) ਜੋ ਛਾਵਣੀ ਦੇ ਕਮਾਂਡਰ ਸਨ, ਓਹਨਾਂ ਨੇ 27 ਜੂਨ ਨੂੰ ਆਤਮ ਸਮਰਪਣ ਕਰ ਦਿੱਤਾ।
- ਜੂਨ 1857 ਦੇ ਆਰੰਭ ਵਿੱਚ ਝਾਂਸੀ ਨੇ ਵੀ ਵਿਦਰੋਹ ਕਰ ਦਿੱਤਾ। ਰਾਣੀ ਲਕਸ਼ਮੀ ਬਾਈ, ਰਾਜਾ ਗੰਗਾਧਰ ਰਾਓ ਦੀ ਵਿਧਵਾ ਨੂੰ ਰਿਆਸਤ ਦੀ ਸ਼ਾਸਕ ਘੋਸ਼ਿਤ ਕਰ ਦਿੱਤਾ ਗਿਆ। ਕਾਨਪੁਰ ਦੇ ਪਤਨ ਤੋਂ ਬਾਅਦ ਤਾਂਤਿਆ ਟੋਪੇ ਵੀ ਪਹੁੰਚ ਗਏ।ਸਰ ਹਿਊ ਰੋਜ਼ ਨੇ ਝਾਂਸੀ ਉੱਤੇ ਹਮਲਾ ਕਰਕੇ 3 ਅਪ੍ਰੈਲ, 1858 ਨੂੰ ਉਸਤੇ ਫਿਰ ਅਧਿਕਾਰ ਕਰ ਲਿਆ।
- 1857 ਦਾ ਵਿਦਰੋਹ ਸਥਾਨਿਕ ਸੀਮਿਤ ਅਤੇ ਅਸੰਗਠਿਤ ਸੀ।ਬੰਬਈ ਅਤੇ ਮਦਰਾਸ ਦੀਆਂ ਸੈਨਾਵਾਂ ਰਾਜਭਗਤ ਰਹੀਆਂ। ਨਰਮਦਾ ਨਦੀ ਦੇ ਦੱਖਣ ਦੇ ਪ੍ਰਦੇਸ਼ ਵਿੱਚ ਥੋੜੀ ਬਹੁਤ ਅਸ਼ਾਂਤੀ ਫੈਲੀ। ਸਿੰਧ ਅਤੇ ਰਾਜਸਥਾਨ ਸ਼ਾਂਤ ਰਹੇ ਅਤੇ ਨੇਪਾਲ ਦੀ ਮਦਦ ਬਹੁਤ ਲਾਭਕਾਰੀ ਸਿੱਧ ਹੋਈ। ਅਫਗਾਨਿਸਤਾਨ ਦਾ ਸ਼ਾਸਕ ਦੋਸਤ ਮੁਹੰਮਦ ਵੀ ਮਿੱਤਰ ਬਣਿਆ ਰਿਹਾ। ਜਾਨ ਲਾਰੇਂਸ ਨੇ ਪੰਜਾਬ ਨੂੰ ਸਫਲਤਾਪੂਰਵਕ ਨਿਯੰਤਰਣ ਵਿੱਚ ਰੱਖਿਆ।
- ਭਾਰਤੀ ਵਿਦਰੋਹੀਆਂ ਦੇ ਕੋਲ ਬੰਦੂਕਾਂ ਬਹੁਤ ਥੋੜੀਆਂ ਸਨ। ਅਤੇ ਓਹ ਜ਼ਿਆਦਾਤਰ ਤਲਵਾਰਾਂ ਅਤੇ ਭਾਲਿਆਂ ਨਾਲ ਲੜੇ।ਦੂਜੇ ਪਾਸੇ ਅੰਗਰੇਜੀ ਸੇਨਾ ਆਧੁਨਿਕਤਮ ਹਥਿਆਰ ਜਿਵੇਂ ਕਿ ਐਨਫੀਲਡ ਰਾਈਫਲ ਆਦਿ ਨਾਲ ਲੈਸ ਸੀ।
- 1857 ਦੇ ਵਿਦਰੋਹ ਦਾ ਸਰੂਪ ਮੁੱਖ ਤੌਰ ਤੇ ਸਾਮੰਤਵਾਦੀ ਸੀ, ਜਿਸ ਵਿੱਚ ਕੁਝ ਰਾਸ਼ਟਰਵਾਦੀ ਦੇ ਤੱਤ ਵਿਦਿਆਮਾਨ ਸਨ। ਅਵਧ ਅਤੇ ਰੁਹੇਲਖੰਡ ਦੇ ਅਤੇ ਹੋਰ ਉੱਤਰੀ ਭਾਰਤ ਦੇ ਸਾਮੰਤਵਾਦੀ ਤੱਤਾਂ ਨੇ ਵਿਦਰੋਹ ਦੀ ਅਗਵਾਈ ਕੀਤੀ। ਅਤੇ ਦੂਜੇ ਪਾਸੇ ਸਾਮੰਤਵਾਦੀ ਤੱਤਾਂ ਨੇ ਪਟਿਆਲਾ, ਜੀਂਦ, ਗਵਾਲਿਅਰ ਅਤੇ ਹੈਦਰਾਬਾਦ ਦੇ ਰਾਜਿਆਂ ਨੇ ਇਸ ਵਿਦਰੋਹ ਦੇ ਦਮਨ ਵਿੱਚ ਮਦਦ ਕੀਤੀ।ਯੂਰਪੀ ਇਤਿਹਾਸਕਾਰਾਂ ਨੇ ਗਵਾਲਿਅਰ ਦੇ ਮੰਤਰੀ ਸਰ ਦਿਨਕਰ ਰਾਓ ਅਤੇ ਹੈਦਰਾਬਾਦ ਦੇ ਮੰਤਰੀ ਸਾਲਾਰ ਜੰਗ ਦੀ ਰਾਜਭਗਤੀ ਦੀ ਬਹੁਤ ਪ੍ਰਸ਼ੰਸਾ ਕੀਤੀ ਹੇ। ਸੰਕਟ ਦੇ ਸਮੇਂ ਕੈਨਿੰਗ ਨੇ ਕਿਹਾ ਸੀ ਕਿ, "ਜੇਕਰ ਸਿੰਧੀਆ ਵੀ ਵਿਦਰੋਹ ਵਿੱਚ ਸ਼ਾਮਿਲ ਹੋ ਜਾਵੇ ਤਾਂ ਮੈਨੂੰ ਕੱਲ ਹੀ ਬਿਸਤਰਾ ਗੋਲ ਕਰਲਾ ਪਵੇਗਾ ।"
- ਵਿਦਰੋਹ ਦਾ ਗਠਨ ਠੀਕ ਨਹੀਂ ਸੀ। ਵਿਦਰੋਹ ਦੇ ਨੇਤਾਵਾਂ ਵਿੱਚ ਵੀਰਤਾ ਦੀ ਕਮੀ ਨਹੀਂ ਸੀ ਪ੍ਰੰਤੂ ਅਨੁਭਵ, ਸੰਗਠਨ ਖਮਤਾ ਅਤੇ ਮਿਲ ਕੇ ਕੰਮ ਕਰਣ ਦੀ ਸ਼ਕਤੀ ਦੀ ਕਮੀ ਸੀ।
- ਵਿਦਰੋਹੀਆਂ ਦੇ ਸਾਹਮਣੇ ਵਿਦੇਸ਼ ਵਿਰੋਧੀ ਭਾਵਨਾ ਤੋਂ ਇਲਾਵਾ ਕੋਈ ਹੋਰ ਉਦੇਸ਼ ਨਹੀਂ ਸੀ।

ਨੋਟ

- 1858 ਦੇ ਭਾਰਤ ਸਰਕਾਰ ਅਧਿਨਿਯਮ ਦੁਆਰਾ ਭਾਰਤੀ ਪ੍ਰਸ਼ਾਸਨ ਦਾ ਨਿਯੰਤਰਣ ਕੰਪਨੀ ਤੋਂ ਖੋਹ ਕੇ ਬ੍ਰਿਟਿਸ਼ ਰਾਜਮੁਕਟ (Crown) ਨੂੰ ਸੌਂਪ ਦਿੱਤਾ ਗਿਆ।
- ਮਹਾਰਾਣੀ ਦੀ ਘੋਸ਼ਣਾ ਦੇ ਅਨੁਸਾਰ," ਖੇਤਰਾਂ ਦਾ ਸੀਮਾ ਵਿਸਤਾਰ (extension of territorial possessions)" ਦੀ ਨੀਤੀ ਖਤਮ ਕਰ ਦਿੱਤੀ ਗਈ ਅਤੇ "ਸਥਾਨਿਕ ਰਾਜਿਆਂ ਦੇ ਅਧਿਕਾਰ, ਮਾਨ ਅਤੇ ਸੱਮਾਨ" ਨੂੰ ਆਪਣੇ ਹੀ ਸਮਾਨ ਸੰਰੱਖਿਅਣ ਦਾ ਵਿਸ਼ਵਾਸ ਦੁਆਇਆ ਗਿਆ। ਅੰਗਰੇਜੀ ਪ੍ਰਜਾ ਦੀ ਹੱਤਿਆ ਦੇ ਦੋਸ਼ੀਆਂ ਨੂੰ ਛੱਡ ਕੇ ਬਾਕੀ ਸਭ ਨੂੰ ਮੁਆਫ ਕਰ ਦਿੱਤਾ ਗਿਆ।
- ਯੂਰਪੀ ਸੈਨਿਕਾਂ ਨੂੰ ਸਮੇਂ ਸਮੇਂ ਤੇ ਇੰਗਲੈਂਡ ਭੇਜ ਕੇ ਓਹਨਾ ਦਾ ਨਵੀਂਕਰਣ (renovation) ਕੀਤਾ ਜਾਂਦਾ ਸੀ। ਯੂਰਪੀ ਸੈਨਿਕਾਂ ਦੀ 1857 ਤੋਂ ਪਹਿਲਾਂ ਦੀ ਸੰਖਿਆ ਜੋ ਪਹਿਲਾਂ 2,38, 000 ਸੀ, ਹੁਣ 1,40,000 ਨਿਸ਼ਚਿਤ ਕਰ ਦਿੱਤੀ ਗਈ ਅਤੇ ਇੱਕ ਸਾਧਾਰਣ ਸੂਤਰ (formula) ਇਹ ਬਣ ਗਿਆ ਕਿ ਬੰਗਾਲ ਪ੍ਰੈਜ਼ੀਡੈਂਸੀ ਵਿੱਚ ਯੂਰਪੀ ਅਤੇ ਭਾਰਤੀ ਸੈਨਿਕਾਂ ਦਾ ਅਨੁਪਾਤ 1:2 ਹੋਣਾ ਚਾਹੀਦਾ ਹੈ
- ਇਸ ਤੱਥ ਨੂੰ ਜ਼ਿਆਦਾ ਤੋਂ ਜ਼ਿਆਦਾ ਰੂਪ ਵਿੱਚ ਅਨੁਭਵ ਕੀਤਾ ਗਿਆ ਕਿ ਇਸ ਵਿਦਰੋਹ ਦਾ ਇੱਕ ਮੂਲਭੂਤ ਕਾਰਣ, ਸ਼ਾਸਿਤਾਂ ਅਤੇ ਸ਼ਾਸਕਾਂ ਦੇ ਵਿੱਚ ਸੰਪਰਕ ਦਾ ਨਾ ਹੋਣਾ ਸੀ।
- 1857 ਦੇ ਵਿਦਰੋਹ ਨੇ ਇੱਕ ਯੁਗ ਦਾ ਅੰਤ ਕਰ ਦਿੱਤਾ ਅਤੇ ਇੱਕ ਨਵੀਨ ਯੁਗ ਦੇ ਬੀਜ ਬੋਏ। ਪ੍ਰਾਦੇਸ਼ਿਕ ਵਿਸਤਾਰ ਦੀ ਥਾਂ ਤੇ ਆਰਥਿਕ ਸ਼ੋਸ਼ਣ ਦਾ ਯੁਗ ਆਰੰਭ ਹਸਇਆ। ਅੰਗਰੇਜੀ ਸਾਮਰਾਜ ਦੇ ਲਈ ਸਾਮੰਤਵਾਦੀ ਯੁਗ ਦਾ ਡਰ ਸਦਾ ਲਈ ਖਤਮ ਹੋ ਗਿਆ ਅਤੇ ਅੰਗਰੇਜੀ ਸਾਮਰਾਜ ਦੇ ਲਈ ਨਵੀਂ ਚੁਨੌਤੀ ਉਸ ਪ੍ਰਗਤੀਸ਼ੀਲ ਭਾਰਤ ਤੋਂ ਹੀ ਆਈ ਜੋ 19ਵੀਂ ਸ਼ਤਾਬਦੀ ਦੇ ਉਦਾਰਵਾਦੀ ਅੰਗਰੇਜਾਂ ਅਤੇ ਜਾਨ ਸਟੂਅਰਟ ਮਿੱਲ (John Stuart Mill) ਦੇ ਦਰਸ਼ਨ ਤੇ ਪਲਿਆ ਸੀ।

## 7.7 ਸ਼ਬਦਕੋਸ਼ (Keywords)

- ਸਵੱਤਵਾਧਿਕਾਰ : ਸਵੱਤਵ ਰੂਪ ਵਿੱਚ ਹੋਣ ਵਾਲਾ ਅਧਿਕਾਰ
- ਅਕਿੰਚਨ : ਬਹੁਤ ਗਰੀਬ, ਦਰਿੱਦਰ

## 7.8 ਅਭਿਆਸ ਪ੍ਰਸ਼ਨ (Review Questions)

1. 1857 ਦੇ ਵਿਦਰੋਹ ਦੇ ਰਾਜਨੀਤਿਕ ਕਾਰਣਾਂ ਦਾ ਵਰਣਨ ਕਰੋ।
2. 1857 ਈ. ਦੇ ਵਿਦਰੋਹ ਦੇ ਤਤਕਾਲਿਕ ਕਾਰਣਾਂ ਦੀ ਸਮੀਖਿਆਤਮਕ ਵਿਵੇਚਨਾ ਕਰੋ।
3. ਵਿਦਰੋਹ ਦੇ ਆਰੰਭ ਅਤੇ ਪ੍ਰਸਾਰ ਦੀ ਵਿਆਖਿਆ ਕਰੋ।
4. ਵਿਦਰੋਹ ਦੀ ਅਸਫਲਤਾ ਦੇ ਕਾਰਣਾਂ ਉੱਤੇ ਪ੍ਰਕਾਸ਼ ਪਾਓ।
5. 1857 ਦੇ ਵਿਦਰੋਹ ਦੇ ਨਤੀਜੇ ਦਾ ਵਿਸ਼ਲੇਸ਼ਣਾਤਮਕ ਵਿਵੇਚਨ ਕਰੋ।

**ਉੱਤਰ: ਸਵ-ਮੁੱਲਾਂਕਣ (Answers: Self Assessment)**

1. (*i*) "ਮੇਮਣੇ ਦੇ ਰੂਪ ਵਿੱਚ ਭੇੜੀਏ" (*ii*) ਲਾਰਡ ਕੈਨਿੰਗ
   (*iii*) ਅਨੁਪਸਥਿਤ ਪ੍ਰਭੂਸੱਤਾ (Absente Sovereigntyship)
   (*iv*) ਸੂਬੇਦਾਰ (*v*) 500 ਰੁਪਏ
2. (*i*) ਖ (*ii*) ਘ (*iii*) ਗ (*iv*) ਕ (*v*) ਘ

## 7.9 ਸੰਦਰਭ ਪੁਸਤਕਾਂ (Further Readings)

ਬੁਕਸ
1. ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗ੍ਰੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ
2. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
3. ਆਧੁਨਿਕ ਭਾਰਤ, ਐਸ. ਕੇ. ਪਾਂਡੇ, ਪ੍ਰਯਾਗ ਅਕਾਦਮੀ ਇਲਾਹਾਬਾਦ

ਨੋਟ

# ਇਕਾਈ-8: ਕਿਸਾਨੀ ਅੰਦੋਲਨ (Peasant Movement)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
8.1 20ਵੀਂ ਸ਼ਤਾਬਦੀ ਦੇ ਪੂਰਵਾਰਧ ਵਿੱਚ ਕਿਸਾਨੀ ਅੰਦੋਲਨ (Peasant Movement in the first half of the 20th century)
8.2 1930 ਤੋਂ 1940 ਦੇ ਦੌਰਾਨ ਕਿਸਾਨੀ ਅੰਦੋਲਨ (Peasant Movement in the 1930's and 1940's)
8.3 ਸਾਰ ਅੰਸ਼ (Summary)
8.4 ਸ਼ਬਦਕੋਸ਼ (Keywords)
8.5 ਅਭਿਆਸ-ਪ੍ਰਸ਼ਨ (Review Questions)
8.6 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- 20ਵੀਂ ਸ਼ਤਾਬਦੀ ਦੇ ਪੂਰਵਾਰਧ ਦੇ ਕਿਸਾਨੀ ਅੰਦੋਲਨਾਂ ਦੀ ਵਿਆਖਿਆ ਕਰਣ ਵਿੱਚ,
- 1930 ਈ. ਤੋਂ 1940 ਈ. ਦੇ ਦੌਰਾਨ ਹੋਣ ਵਾਲੇ ਕਿਸਾਨੀ ਅੰਦੋਲਨ ਦਾ ਵਿਸ਼ਲੇਸ਼ਣ ਕਰਣ ਵਿੱਚ।

## ਜਾਣਕਾਰੀ (Introduction)

ਵਿਦੇਸ਼ੀ ਹੁਕੂਮਤ ਅਤੇ ਭਾਰਤੀ ਸ਼ੋਸ਼ਕਾਂ ਦੇ ਖਿਲਾਫ 19ਵੀਂ ਸਦੀ ਵਿੱਚ ਹੀ ਕਿਸਾਨ ਕਸਮਸਾਓਣ ਲੱਗੇ ਸਨ ਅਤੇ ਕਈ ਵਾਰ ਓਹਨਾਂ ਨੇ ਵਿਦਰੋਹ ਅਤੇ ਅੰਦੋਲਨ ਦਾ ਰਸਤਾ ਵੀ ਪਕੜਿਆ।20ਵੀਂ ਸਦੀ ਵਿੱਚ ਕਿਸਾਨਾਂ ਦੇ ਅਸੰਤੋਸ਼ ਨੂੰ ਅੰਦੋਲਨ ਦੀ ਸ਼ਕਲ ਦੇਣ ਲਈ ਭੂਮਿਕਾ ਨਿਭਾਈ-ਰਾਸ਼ਟਰੀ ਸੁਤੰਤਰਤਾ ਸੰਘਰਸ਼ ਨੇ ਅਤੇ ਕਿਸਾਨ ਅੰਦੋਲਨ ਨੇ ਵੀ ਰਾਸ਼ਟਰੀ ਸੁਤੰਤਰਤਾ ਸੰਘਰਸ਼ ਨੂੰ ਬਹੁਤ ਪ੍ਰਭਾਵਿਤ ਕੀਤਾ।ਅਰਥਾਤ ਇਹ ਦੋਵੇਂ ਅੰਦੋਲਨਾਂ ਨੇ ਇੱਕ ਦੂਜੇ ਨੂੰ ਪ੍ਰਭਾਵਿਤ ਕੀਤਾ। ਇਸ ਅੰਤਰ-ਸੰਬੰਧ ਨੂੰ ਸਮਝਣ ਲਈ ਸਾਨੂੰ 20ਵੀਂ ਸਦੀ ਦੇ ਦੂਜੇ ਅਤੇ ਤੀਜੇ ਦਸ਼ਕ ਦੇ ਤਿੰਨ ਮਹੱਤਵਪੂਰਣ ਕਿਸਾਨ ਸੰਘਰਸ਼ਾਂ ਦੇ ਇਤਿਹਾਸ ਤੇ ਨਜਰ ਪਾਓਣੀ ਪਵੇਗੀ।ਇਹ ਹਨ: ਅਵਧ ਵਿੱਚ ਕਿਸਾਨ ਸਭਾ ਅੰਦੋਲਨ, ਮਾਲਾਬਾਰ ਦਾ ਮਾਪਿਲਾ ਵਿਦਰੋਹ ਅਤੇ ਗੁਜਰਾਤ ਵਿੱਚ ਬਾਰਦੋਲੀ ਸੱਤਿਆਗ੍ਰਹਿ।

ਭਾਰਤੀ ਰਾਸ਼ਟਰੀ ਕਾਂਗਰਸ ਘੱਟ ਤੋਂ ਘੱਟ ਆਪਣੇ ਆਰੰਭਿਕ ਕਾਲ ਵਿੱਚ ਸਾਮਰਾਜਵਾਦੀਆਂ ਅਤੇ ਭਾਰਤੀ ਬੁਰਜਵਾ ਵਰਗ ਦਾ ਸੀਮਿਤ ਪ੍ਰਯੋਜਨ ਸੀ। ਇਸ ਲਈ ਓਹਨਾਂ ਤੋਂ ਇਹ ਆਸ਼ਾ ਨਹੀਂ ਸੀ ਕਿ ਓਹ ਉਤਪੀੜਿਤ ਕਿਸਾਨਾਂ ਦਾ ਪੱਖ ਲੈਣਗੇ। ਕਾਂਗਰਸ ਇਹ ਤਾਂ ਕਹਿੰਦੀ ਸੀ ਕਿ ਭਾਰਤ ਇੱਕ ਗਰੀਬ ਦੇਸ਼ ਹੈ, ਪ੍ਰੰਤੂ ਗਰੀਬੀ ਨੂੰ ਖਤਮ ਕਰਣ ਦਾ ਜੋ ਸੁਝਾਵ ਇਹ ਦਿੰਦੀ ਰਹੀ, ਜਿਸ ਵਿੱਚ ਬੰਗਾਲ ਵਰਗੀ ਸਥਾਈ ਭੂਮੀ ਕਰ ਵਿਵਸਥਾ ਨੂੰ ਸਾਰੇ ਦੇਸ਼ ਵਿੱਚ ਲਾਗੂ ਕਰਨਾ, ਅਤੇ ਜਿੱਥੇ ਨਾ ਦਿੱਤਾ ਜਾ ਸਕੇ ਓਥੇ ਭੂਮੀ ਕਰ ਨੂੰ ਘੱਟ ਕਰਨਾ, ਸੇਵਾਵਾਂ ਦਾ ਭਾਰਤੀਕਰਣ,ਉਦਯੋਗਿਕੀਕਰਣ ਦੇ ਲਈ ਸਰਕਾਰੀ ਸਹਾਇਤਾ, ਨਮਕ ਕਰ ਹਟਾਓਣਾ ਆਦਿ ਸ਼ਾਮਿਲ ਸਨ। ਪ੍ਰੰਤੂ ਕਾਂਗਰਸ ਨੇ ਕਦੇ ਵੀ ਭਾਰਤ ਦੇ ਭਿੰਨ ਭਿੰਨ ਪ੍ਰਾਂਤਾਂ ਵਿੱਚ ਮੁਜਾਰਿਆਂ ਦੇ ਹਿਤਾਂ ਦੀ ਰੱਖਿਆ ਦੇ ਲਈ ਕਾਨੂੰਨ ਨਹੀਂ ਮੰਗੇ।ਸ਼੍ਰੀ ਆਰ. ਸੀ. ਦੱਤ ਨੇ ਜੋ ਖੁੱਲੇ ਪੱਤਰ ਲਾਰਡ ਕਰਜ਼ਨ ਦੇ ਨਾਂ ਭਾਰਤੀ ਅਕਾਲ ਦੇ ਵਿਸ਼ੇ ਵਿੱਚ ਲਿਖੇ ਸਨ, ਓਹਨਾ ਨੂੰ ਪੜਣ ਨਾਲ ਇਹ ਸਪਸ਼ਟ ਹੈ ਕਿ ਇਹ ਜਾਣ-ਬੁੱਝ ਕੇ ਜਾਂ ਅਣਜਾਣੇ ਵਿੱਚ ਓਹ ਭੂਮੀਪਤੀਆਂ ਦੇ ਹਿਤ ਦੀ ਗੱਲ ਕਰਦੇ ਸਨ, ਕਿਸਾਨਾਂ ਦੀ ਨਹੀਂ। ਜਦੋਂ ਲਾਰਡ ਕਰਜ਼ਨ ਨੇ ਓਹਨਾਂ ਨੂੰ ਦੱਸਿਆ ਕਿ ਸਰਕਾਰ ਨੇ ਮੁਜਾਰਿਆਂ ਦੇ ਹਿਤਾਂ ਦੀ ਕਾਂਗਰਸ ਤੋਂ ਜ਼ਿਆਦਾ ਸੇਵਾ ਕੀਤੀ ਹੈ ਤਾਂ ਦੱਤ ਸਾਹਿਬ ਤੋਂ ਕੋਈ ਉੱਤਰ ਨਹੀਂ ਬਣ ਪਾਇਆ।

ਨੋਟ

## 8.1 20ਵੀਂ ਸ਼ਤਾਬਦੀ ਦੇ ਪੂਰਵ-ਅੱਧ ਵਿੱਚ ਕਿਸਾਨੀ ਅੰਦੋਲਨ (Peasant Movement in the First-half of 20th Century)

### ਅਵਧ ਵਿੱਚ ਕਿਸਾਨ ਸਭਾ

1856 ਵਿੱਚ ਅਵਧ ਤੇ ਅੰਗਰੇਜੀ ਹੁਕੂਮਤ ਦੇ ਕਬਜ਼ੇ ਨਾਲ ਪੂਰੇ ਪ੍ਰਾਂਤ ਵਿੱਚ ਤਾਲੁਕਦਾਰਾਂ ਅਤੇ ਜ਼ਿਮੀਦਾਰਾਂ ਨੇ ਕਿਸਾਨਾਂ ਤੇ ਆਪਣੀ ਪਕੜ ਮਜ਼ਬੂਤ ਬਣਾ ਲਈ ਅਤੇ ਕਿਸਾਨਾਂ ਦਾ ਬੁਰੀ ਤਰਾਂ ਸ਼ੋਸ਼ਣ ਕਰਣ ਲਗੇ। ਪਹਿਲਾਂ ਤਾਲੁਕਦਾਰਾਂ ਨੂੰ ਲਗਾਨ ਦਾ ਇੱਕ ਹਿੱਸਾ ਹੀ ਮਿਲਦਾ ਸੀ, ਪਰ ਹੁਣ ਓਹ ਜ਼ਮੀਨ ਦੇ ਆਲਾ ਮਾਲਿਕ ਹੋ ਗਏ। ਮਨਮਾਨਾ ਲਗਾਨ ਵਸੂਲਣ ਲੱਗੇ। ਜਦੋਂ ਚਾਹੁੰਦੇ ਨਜ਼ਰਾਨੇ ਦੀ ਰਕਮ ਵਧਾ ਦਿੰਦੇ, ਜਦੋਂ ਜਿਸ ਨੂੰ ਚਾਹੁੰਦੇ ਬੇਦਖ਼ਲ ਕਰ ਦਿੰਦੇ। ਇਸ ਤਰਾਂ ਕਾਸ਼ਤਕਾਰ ਹੁਣ ਤਾਲੁਕਦਾਰਾਂ ਦੀ ਮਰਜ਼ੀ ਤੇ ਜੀਣ ਲੱਗੇ। ਇਨਾਂ ਦੀ ਜ਼ਿੰਦਗੀ ਜ਼ਿਮੀਦਾਰਾਂ ਅਤੇ ਇਨਾਂ ਦੇ ਲਠੈਤਾਂ ਦੇ ਰਹਿਮੋ ਕਰਮ ਤੇ ਗੁਜ਼ਰਣ ਲੱਗੀ।

ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਮਹਿੰਗਾਈ ਦੀ ਮਾਰ ਝੇਲ ਰਹੇ ਕਾਸ਼ਤਕਾਰਾਂ ਦੀ ਹੁਣ ਤਾਂ ਰੀੜ ਦੀ ਹੱਡੀ ਹੀ ਟੁੱਟ ਗਈ। ਸ਼ੋਸ਼ਣ ਅਤੇ ਜ਼ੁਲਮ ਦੀ ਇੰਤਹਾ ਨੇ ਕਾਸ਼ਤਕਾਰਾਂ ਨੂੰ ਉਸ ਮੰਜ਼ਿਲ ਤੱਕ ਠੇਲ ਦਿੱਤਾ, ਜਿੱਥੇ ਓਹ ਬਗਾਵਤ ਦੀ ਪੁਕਾਰ ਦਾ ਇੰਤਜ਼ਾਰ ਕਰਣ ਲੱਗੇ।

ਅਵਧ ਵਿੱਚ ਹੋਮ ਰੂਲ ਲੀਗ ਅੰਦੋਲਨ ਦੇ ਕਾਰਜਕਰਤਾ ਕਾਫੀ ਸਕ੍ਰਿਅ ਸਨ। ਇਨਾ ਨੇ ਕਿਸਾਨਾਂ ਨੂੰ ਸੰਗਠਿਤ ਕਰਨਾ ਸ਼ੁਰੂ ਕੀਤਾ। ਸੰਗਠਨ ਨੂੰ ਨਾਮ ਦਿੱਤਾ ਗਿਆ 'ਕਿਸਾਨ ਸਭਾ'। ਗੋਰੀਸ਼ੰਕਰ ਮਿਸ਼ਰ, ਇੰਦਰਨਾਰਾਯਣ ਦ੍ਵਿਵੇਦੀ ਅਤੇ ਮਦਨ ਮੋਹਨ ਮਾਲਵੀਆ ਦੇ ਪ੍ਰਯਾਸਾਂ ਨਾਲ 1918 ਵਿੱਚ ਉੱਤਰ ਪ੍ਰਦੇਸ਼ ਕਿਸਾਨ ਸਭਾ ਦਾ ਗਠਨ ਹੋਇਆ। ਇਸ ਸੰਗਠਲ ਨੇ ਕਿਸਾਨਾਂ ਨੂੰ ਵੱਡੇ ਪੈਮਾਨੇ ਤੇ ਸੰਗਠਿਤ ਕੀਤਾ। ਇਸ ਤੋਂ ਪਹਿਲਾਂ ਵੀ ਇੰਦਰਨਾਰਾਯਣ ਦ੍ਵਿਵੇਦੀ ਨੇ ਕਿਸਾਨਾਂ ਵੱਲੋਂ ਸਰਕਾਰ ਨੂੰ ਇੱਕ ਯਾਚਿਕਾ ਦਿੱਤੀ ਸੀ, ਜਿਸ ਵਿੱਚ ਇਹ ਮੰਗ ਕੀਤੀ ਗਈ ਸੀ ਕਿ ਸੰਵਿਧਾਨਕ ਵਿਵਸਥਾ ਵਿੱਚ ਕਿਸਾਨਾਂ ਦੇ ਹਿਤਾਂ ਦਾ ਵੀ ਖਿਆਲ ਰੱਖਿਆ ਜਾਵੇ। ਉਸ ਸਮੇਂ ਨਵੇਂ ਸੰਵਿਧਾਨ ਦੀ ਗੱਲ ਜ਼ੋਰਾਂ ਤੇ ਸੀ।

ਉੱਤਰ ਪ੍ਰਦੇਸ਼ ਵਿਧਾਨ ਸਭਾ ਨੇ ਥੋੜੇ ਹੀ ਸਮੇਂ ਵਿੱਚ ਆਪਣੇ ਆਪ ਨੂੰ ਸਥਾਪਿਤ ਕਰ ਲਿਆ। ਜੂਨ 1919 ਤਕ ਸੂਬੇ ਦੀਆਂ 173 ਤਹਿਸੀਲਾਂ ਵਿੱਚ ਇਸ ਦੀਆਂ 450 ਸ਼ਾਖਾਵਾ ਗਠਿਤ ਕਰ ਲਈਆਂ ਗਈਆ।ਫਤਿਹਪੁਰ, ਇਲਾਹਾਬਾਦ, ਮੈਨਪੁਰੀ, ਬਨਾਰਸ, ਕਾਨਪੁਰ, ਜਾਲੌਨ, ਬਲੀਆ, ਰਾਏਬਰੇਲੀ, ਏਟਾ ਅਤੇ ਗੋਰਖਪੁਰ ਜਿਲਿਆਂ ਵਿੱਚ 'ਕਿਸਾਨ ਸਭਾ' ਦੀਆਂ ਅਨੇਕ ਬੈਠਕਾਂ ਹੋਈਆਂ।

'ਕਿਸਾਨ ਸਭਾ' ਨੇ ਕਿਸਾਨਾਂ ਨੂੰ ਕਿਸ ਹੱਦ ਜਾਗਰੂਕ ਬਣਾਇਆ, ਇਸ ਦਾ ਅੰਦਾਜ਼ਾ ਇਸ ਤੋਂ ਲਗਾ ਸਕਦੇ ਹਾਂ ਕਿ ਦਿਸੰਬਰ 1918 ਵਿੱਚ ਦਿੱਲੀ ਵਿੱਚ ਕਾਂਗਰਸ ਅਧਿਵੇਸ਼ਨ ਵਿੱਚ ਬੜੀ ਸੰਖਿਆ ਵਿੱਚ ਉ. ਪ੍ਰ. ਦੇ ਕਿਸਾਨਾਂ ਨੇ ਭਾਗ ਲਿਆ। ਅਗਲੇ ਸਾਲ ਅੰਮ੍ਰਿਤਸਰ ਕਾਂਗਰਸ ਅਧਿਵੇਸ਼ਨ ਵਿੱਚ ਵੀ ਇਹਨਾਂ ਦੀ ਸੰਖਿਆ ਕਾਫੀ ਜ਼ਿਆਦਾ ਸੀ। ਇਸ ਅੱਧਿਵੇਸ਼ਨ ਵਿੱਚ ਕਿਸਾਨਾਂ ਦਾ ਵਿਵਹਾਰ ਕਾਫੀ ਉੱਗਰ ਸੀ।ਓਹਨਾਂ ਨੇ ਕੁਰਸੀਆਂ ਅਤੇ ਮੇਜ਼ ਤੋੜ ਦਿੱਤੇ। ਅਧਿਵੇਸ਼ਨ ਦੇ ਅਧਿਅਕਸ਼ ਮੋਤੀ ਲਾਲ ਨਹਿਰੂ ਇਸ ਘਟਨਾ ਤੋਂ ਕਾਫੀ ਨਿਰਾਸ਼ ਹੋਏ ਅਤੇ ਇਸ ਦੀ ਨਿੰਦਾ ਕੀਤੀ।

1919 ਦੇ ਅੰਤਿਮ ਦਿਨਾਂ ਵਿੱਚ ਕਿਸਾਨਾਂ ਦਾ ਸੰਗਠਿਤ ਵਿਦਰੋਹ ਖੁੱਲ ਕੇ ਸਾਹਮਣੇ ਆਇਆ। ਪ੍ਰਤਾਪਗੜ ਜ਼ਿਲੇ ਦੀ ਇੱਕ ਜਾਗੀਰ ਵਿੱਚ 'ਨਾਈ-ਧੋਬੀ ਬੰਦ' ਸਮਾਜਿਕ ਬਹਿਸ਼ਕਾਰ ਸੰਗਠਿਤ ਕਾਰਵਾਈ ਦੀ ਪਹਿਲੀ ਘਟਨਾ ਸੀ। 1920 ਦੀ ਗਰਮੀਆਂ ਵਿੱਚ ਇੱਕ ਪਾਸੇ ਜਿਥੇ ਰਾਸ਼ਟਰੀ ਸਤਰ ਤੇ ਰਾਜਨੀਤਿਕ ਗਤੀਵਿਧੀਆਂ ਜ਼ੋਰ ਪਕੜਨ ਲੱਗੀਆਂ, ਉੱਥੇ ਅਵਧ ਦੀ ਤਾਲੁਕਦਾਰੀ ਵਿੱਚ ਗ੍ਰਾਮ ਪੰਚਾਇਤਾਂ ਦੀ ਅਗਵਾਈ ਵਿੱਚ ਕਿਸਾਨ ਬੈਠਕਾਂ ਦਾ ਸਿਲਸਿਲਾਂ ਸ਼ੁਰੂ ਹੋ ਗਿਆ। ਝਿਗੁਰੀ ਸਿੰਘ ਅਤੇ ਦੁਰਗਪਾਲ ਸਿੰਘ ਨੇ ਇਸ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ। ਪ੍ਰੰਤੂ ਜਲਦ ਹੀ ਅੰਦੋਲਨ ਵਿੱਚ ਇੱਕ ਨਵਾਂ ਚਿਹਰਾ ਉੱਭਰਿਆ-ਬਾਬਾ ਰਾਮਚੰਦਰ, ਜਿਨਾਂ ਨੇ ਅੰਦੋਲਨ ਦੀ ਵਾਗਡੋਰ ਹੀ ਨਹੀਂ ਸੰਭਾਲ਼ੀ ਬਲਕਿ ਉਸ ਨੂੰ ਹੋਰ ਮਜ਼ਬੂਤ ਅਤੇ ਵੀ ਬਣਾਇਆ।

ਬਾਬਾ ਰਾਮਚੰਦਰ ਮਹਾਰਾਸ਼ਟਰ ਦੇ ਇੱਕ ਬ੍ਰਾਹਮਣ ਪਰਿਵਾਰ ਦੇ ਸਨ। 13 ਸਾਲ ਦੀ ਉਮਰ ਵਿੱਚ ਘਰ-ਬਾਰ ਛੱਡ ਕੇ ਨਿਕਲ ਪਏ ਸਨ। ਘੁਮੰਕੜ ਪ੍ਰਕ੍ਰਿਤੀ ਦੇ ਸਨ, ਫਿਜ਼ੀ ਚਲੇ ਗਏ। ਉੱਥੇ ਮਿਹਨਤ ਮਜ਼ਦੂਰੀ ਕੀਤੀ ਅਤੇ ਉੱਥੋਂ 1919 ਵਿੱਚ ਵਾਪਿਸ ਆਏ ਅਤ ਫੈਜ਼ਾਬਾਦੇ  ਚਲੇ ਗਏ। 1920 ਤੱਕ ਓਹ ਸਾਧੂ ਜੀਵਨ ਜੀਂਦੇ ਰਹੇ। ਤੁਲਸੀਦਾਸ ਦਾ ਰਾਮਚਰਿਤ ਮਾਨਸ ਲੈ ਕੇ ਪਿੰਡ ਪਿੰਡ ਘੁੰਮਦੇ ਅਤੇ ਪਿੰਡ ਵਾਲਿਆਂ ਨੂੰ ਮਾਨਸ ਦੀਆਂ ਚੌਪਾਈਆਂ ਸੁਣਾਓਂਦੇ। 1920 ਦੇ ਮੱਧ ਵਿੱਚ ਓਹ ਇੱਕ ਕਿਸਾਨ ਨੇਤਾ ਦੇ ਰੂਪ ਵਿੱਚ ਉੱਭਰੇ। ਅਵਧ ਦੇ ਕਿਸਾਨਾਂ ਨੂੰ ਸੰਗਠਿਤ ਕਰਨਾ ਸ਼ੁਰੂ ਕੀਤਾ। ਓਹਨਾਂ ਵਿੱਚ ਸੰਗਠਨ ਦੀ ਅਦਭੁਤ ਖਮਤਾ ਸੀ।

ਜੂਨ 1920 ਵਿੱਚ ਬਾਬਾ ਰਾਮਚੰਦਰ ਜੌਨਪੁਰ ਅਤੇ ਪ੍ਰਤਾਪਗੜ ਦੇ ਕਿਸਾਨਾਂ ਦੇ ਇੱਕ ਜੱਥੇ ਦੀ ਅਗਵਾਈ ਕਰਦੇ ਹੋਏ ਇਲਾਹਾਬਾਦ ਪਹੁੰਚੇ। ਉੱਥੇ ਓਹਨਾਂ ਨੇ ਗੌਰੀਸ਼ੰਕਰ ਮਿਸ਼ਰ ਅਤੇ ਜਵਾਹਰ ਲਾਲ ਨਹਿਰੂ ਨਾਲ ਮੁਲਾਕਾਤ ਕੀਤੀ ਅਤੇ ਓਹਨਾਂ ਨੂੰ ਪਿੰਡ ਵਿੱਚ ਆ ਕੇ ਕਿਸਾਨਾਂ ਦੀ ਹਾਲਤ ਦੇਖਣ ਦਾ ਅਨੁਰੋਧ ਕੀਤਾ। ਜੂਨ ਅਤੇ ਅਗਸਤ ਦੇ ਵਿੱਚ ਜਵਾਹਰ ਲਾਲ ਨਹਿਰੂ ਨੇ ਕਈ ਵਾਰ ਗ੍ਰਾਮੀਣ ਇਲਾਕਿਆਂ ਦਾ ਦੌਰਾ ਕੀਤਾ ਅਤੇ 'ਕਿਸਾਨ ਸਭਾ' ਨਾਲ ਸੰਪਰਕ ਸਥਾਪਿਤ ਕੀਤਾ।

ਇਸੇ ਵਿੱਚ ਪ੍ਰਤਾਪਗੜ ਦੇ ਕਿਸਨਾਂ ਨੂੰ ਇੱਕ ਹਮਦਰਦ ਅਧਿਕਾਰੀ ਮਿਲ ਗਿਆ। ਪ੍ਰਤਾਪਗੜ ਦੇ ਡਿਪਟੀ ਕਮਿਸ਼ਨਰ ਮੇਹਤਾ ਨੇ ਕਿਸਾਨਾਂ ਨੂੰ ਓਹਨਾਂ ਦੀਆਂ ਸ਼ਿਕਾਇਤਾਂ ਸੁਣਨ ਅਤੇ ਓਹਨਾਂ ਨੂੰ ਦੂਰ ਕਰਣ ਦਾ ਆਸ਼ਵਾਸਨ ਦਿੱਤਾ। ਪ੍ਰਤਾਪਗੜ ਜਿਲੇ ਦਾ

ਰੂਰ ਪਿੰਡ 'ਕਿਸਾਨ ਸਭਾ' ਦੀਆਂ ਗਤੀਵਿਧੀਆਂ ਦਾ ਮੁੱਖ ਕੇਂਦਰ ਬਣ ਗਿਆ ਅਤੇ ਲਗਭਗ ਇੱਕ ਲੱਖ ਕਿਸਾਨਾਂ ਨੇ 'ਕਿਸਾਨ ਸਭਾ' ਦੇ ਕੋਲ ਆਪਣੀਆਂ ਸ਼ਿਕਾਇਤਾਂ ਦਰਜ ਕਰਾਈਆਂ। ਹਰ ਕਿਸਾਨ ਤੋਂ ਇੱਕ ਆਨਾ ਫੀਸ ਲਈ ਗਈ। ਇਸ ਅਵਧੀ ਵਿੱਚ ਗੌਰੀਸ਼ੰਕਰ ਮਿਸ਼ਰ ਵੀ ਪ੍ਰਤਾਪਗੜ ਵਿੱਚ ਕਾਫੀ ਸਕ੍ਰਿਅ ਸਨ। ਅਤੇ ਕਿਸਾਨਾਂ ਦੀ ਬੇਦਖਲੀ ਅਤੇ ਨਜ਼ਰਾਨੇ ਦੀਆਂ ਸ਼ਿਕਾਇਤਾਂ ਬਾਰੇ ਮੇਹਤਾ ਨਾਲ਼ ਕੋਈ ਸਮਝੌਤਾ ਕਰਣ ਹੀ ਵਾਲੇ ਸਨ।

ਪ੍ਰੰਤੂ ਅਗਸਤ 1920 ਵਿੱਚ ਮੇਹਤਾ ਛੁੱਟੀ ਤੇ ਚਲੇ ਗਏ। ਤਾਲੁਕਦਾਰਾਂ ਲਈ ਇਹ ਸੁਅਵਸਰ ਸੀ। ਓਹਨਾ ਨੇ ਉੱਭਰਦੇ ਕਿਸਾਨੀ ਅੰਦੋਲਨ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ। 28 ਅਗਸਤ, 1920 ਨੂੰ ਚੋਰੀ ਦੇ ਝੂਠੇ ਆਰੋਪ ਵਿੱਚ ਬਾਬਾ ਰਾਮਚੰਦਰ ਅਤੇ 32 ਕਿਸਾਨ ਗ੍ਰਿਫਤਾਰ ਕਰ ਲਏ ਗਏ। ਪ੍ਰਤਾਪਗੜ ਦੇ ਕਿਸਾਨ ਇਸ ਤੋਂ ਬਹੁਤ ਨਿਰਾਸ਼ ਹੋਏ ਅਤੇ ਲਗਭਗ ਚਾਰ-ਪੰਜ ਹਜ਼ਾਰ ਕਿਸਾਨ ਬਾਬਾ ਰਾਮਚੰਦਰ ਨਾਲ ਜੇਲ ਵਿੱਚ ਮੁਲਾਕਾਤ ਕਰਣ ਲਈ ਪ੍ਰਤਾਪਗੜ ਵਿੱਚ ਇੱਕਠੇ ਹੋ ਗਏ। ਬਹੁਤ ਸਮਝਾਓਣ-ਬੁਝਾਓਣ ਤੋਂ ਬਾਅਦ ਇਹ ਲੋਕ ਵਾਪਿਸ ਗਏ।10 ਦਿਨ ਬਾਅਦ ਇਹ ਅਫਵਾਹ ਫੈਲੀ ਕਿ ਬਾਬਾ ਰਾਮਚੰਦਰ ਨੂੰ ਛੁਡਾਓਣ ਲਈ ਗਾਂਧੀਜੀ ਪ੍ਰਤਾਪਗੜ ਆ ਰਹੇ ਹਨ। ਇਸ ਵਾਰ ਲਗਭਗ 10,000 ਕਿਸਾਨ ਬਾਬਾ ਨੂੰ ਦੇਖਣ ਲਈ ਪ੍ਰਤਾਪਗੜ ਵਿੱਚ ਇੱਕਠੇ ਹੋਏ। ਇਸ ਵਾਰ ਕਿਸਾਨ ਤਾਂ ਹੀ ਮੰਨੇ, ਜਦੋਂ ਓਹਨਾ ਨੂੰ ਆਸ਼ਵਾਸਨ ਦਿੱਤਾ ਗਿਆ ਕਿ ਬਾਬਾ ਰਾਮਚੰਦਰ ਨੂੰ ਅਗਲੇ ਦਿਨ ਛੱਡ ਦਿੱਤਾ ਜਾਵੇਗਾ। ਕਿਸਾਨ ਨਗਰ ਦੇ ਕੋਲ ਨਦੀ ਦੇ ਕਿਨਾਰੇ ਅਗਲੇ ਦਿਨ ਇੰਤਜਾਰ ਕਰਣ ਲੱਗੇ। ਓਹ ਤਾਂ ਹੀ ਘਰ ਵਾਪਿਸ ਗਏ ਜਦੋਂ ਬਾਬਾ ਨੇ ਓਹਨਾਂ ਨੂੰ ਇੱਕ ਗੰਨੇ ਦੇ ਖੇਤ ਵਿੱਚ ਇੱਕ ਰੁੱਖ ਤੇ ਚੜ ਕੇ ਦਰਸ਼ਨ ਦਿੱਤੇ। ਇਸ ਮੌਕੇ ਤੇ ਲਗਭਗ 60,000 ਕਿਸਾਨ ਇੱਕਠਾ ਹੋਏ ਸਨ। ਸਰਕਾਰ ਨੇ ਸਥਿਤੀ ਸੰਭਾਲਣ ਲਈ ਮੇਹਤਾ ਨੂੰ ਛੁੱਟੀ ਤੋਂ ਵਾਪਿਸ ਬੁਲਾ ਲਿਆ। ਮੇਹਤਾ ਨੇ ਚੋਰੀ ਦਾ ਝੂਠਾ ਮਾਮਲਾ ਰਫਾ ਦਫਾ ਕਰ ਦਿੱਤਾ। ਅਤੇ ਜ਼ਿਮੀਦਾਰਾਂ ਤੇ ਦਬਾਓ ਪਾਓਣ ਲੱਗੇ ਕਿ ਓਹ ਆਪਣੇ ਰੱਵਈਏ ਵਿੱਚ ਪਰਿਵਰਤਨ ਲਿਆਓਣ।ਕਿਸਾਨਾਂ ਦੀ ਇਸ ਛੋਟੀ ਜਿਹੀ ਜਿੱਤ ਨੇ ਓਹਨਾਂ ਨੂੰ ਹੋਰ ਉਤਸਾਹਿਤ ਕੀਤਾ।

ਏਧਰ ਕਲਕੱਤਾ ਅਧਿਵੇਸ਼ਨ ਵਿੱਚ ਕਾਂਗਰਸ ਨੇ ਅਸਹਿਯੋਗ ਅੰਦੋਲਨ ਸ਼ੁਰੂ ਕਰਣ ਦਾ ਨਿਰਣਾ ਕੀਤਾ ਸੀ। ਅਤੇ ਉ. ਪ੍ਰ. ਦੇ ਅਨੇਕ ਰਾਸ਼ਟਰਵਾਦੀ ਨੇਤਾਵਾ ਨੇ ਇਸ ਵਿੱਚ ਸ਼ਾਮਿਲ ਹੋਣ ਦਾ ਵਾਇਦਾ ਕੀਤਾ ਸੀ। ਪ੍ਰੰਤੂ ਮਦਨ ਮੋਹਨ ਮਾਲਵੀਆ ਵਰਗੇ ਕਈ ਨੇਤਾ ਇਸ ਦੇ ਖਿਲਾਫ ਸਨ। ਇਹ ਨੇਤਾ ਸੰਵਿਧਾਨਿਕ ਸੰਘਰਸ਼ ਦੇ ਪੱਖਧਰ ਸਨ। ਉ. ਪ੍ਰ. ਕਿਸਾਨ ਵਿੱਚ ਇਹ ਮਤਭੇਦ ਸਾਫ ਦਿਖਾਈ ਪਏ ਅਤੇ ਅਸਹਿਯੋਗ ਅੰਦੋਲਨਕਾਰੀਆਂ ਨੇ ਜਲਦ ਹੀ 17 ਅਕਤੂਬਰ, 1920 ਨੂੰ ਪ੍ਰਤਾਪਗੜ ਵਿੱਚ ਇੱਕ ਸਮਾਂਤਰ ਸੰਗਠਨ 'ਅਵਧ ਕਿਸਾਨ ਸਭਾ' ਦਾ ਗਠਨ ਕਰ ਲਿਆ। ਇਸ ਨਵੇਂ ਕਿਸਾਨ ਸੰਗਠਨ ਨੇ ਪੂਰੇ ਅਵਧ ਪ੍ਰਾਂਤ ਦੀ ਲਗਭਗ ਓਹਨਾਂ ਸਾਰੀਆਂ ਕਿਸਾਨ ਸਭਾਵਾਂ ਨੂੰ ਆਪਣੇ ਵਿੱਚ ਮਿਲਾ ਲਿਆ, ਜੋ ਹਾਲ ਵਿੱਚ ਹੀ ਗਠਿਤ ਹੋਈਆਂ ਸਨ।

ਗੌਰੀਸ਼ੰਕਰ ਮਿਸ਼ਰ, ਜਵਾਹਰ ਲਾਲ ਨਹਿਰੂ, ਮਾਤਾਬਦਲ ਪਾਂਡੇ ,ਬਾਬਾ ਰਾਮਚੰਦਰ, ਦੇਵਨਾਰਾਯਣ ਪਾਂਡੇ ਅਤੇ ਕੇਦਾਰਨਾਥ ਦੇ ਪ੍ਰਯਾਸਾਂ ਦੇ ਚਲਦੇ ਅਕਤੂਬਰ ਦੇ ਅੰਤ ਤੱਕ 330 ਕਿਸਾਨ ਸਭਾਵਾਂ ਇਸ ਨਵੇਂ ਸੰਗਠਨ ਵਿੱਚ ਸ਼ਾਮਿਲ ਹੋ ਗਈਆਂ। ਅਵਧ ਕਿਸਾਨ ਸਭਾ ਨੇ ਕਿਸਾਨਾਂ ਨੂੰ ਬੇਦਖਲੀ ਜਮੀਨ ਨਾ ਜੋਤਣ ਅਤੇ ਬੇਗਾਰ ਨਾ ਕਰਣ ਦੀ ਅਪੀਲ ਕੀਤੀ। ਇਸ ਨੂੰ ਨਾ ਮੰਨਣ ਵਾਲਿਆਂ ਦਾ ਬਹਿਸ਼ਕਾਰ ਕਰਣ ਦੀ ਅਪੀਲ ਕੀਤੀ ਗਈ। ਕਿਸਾਨਾਂ ਨੂੰ ਕਿਹਾ ਗਿਆ ਕਿ ਓਹ ਆਪਣੇ ਮਾਮਲਿਆਂ ਦਾ ਨਿਬਟਾਰਾ ਪੰਚਾਇਤਾਂ ਦੇ ਮਾਧਿਅਮ ਨਾਲ ਕਰੇ। 20 ਅਤੇ 21 ਦਿਸੰਬਰ ਨੂੰ ਅਵਧ ਕਿਸਾਨ ਸਭਾ ਦੀ ਅਯੋਧਿਆ ਵਿੱਚ ਇੱਕ ਵਿਸ਼ਾਲ ਰੈਲੀ ਹੋਈ, ਜਿਸ ਵਿੱਚ ਲਗਭਗ ਇੱਕ ਲੱਖ ਕਿਸਾਨਾਂ ਨੇ ਭਾਗ ਲਿਆ। ਇਸ ਰੈਲੀ ਵਿੱਚ ਬਾਬਾ ਰਾਮਚੰਦ ਰੱਸੀ ਵਿੱਚ ਬੰਨੇ ਹੋਏ ਆਏ-ਇਹ ਦਰਸਾਓਣ ਲਈ ਕਿ ਕਿਸਾਨਾਂ ਦੀ ਹਾਲਤ ਇਹੀ ਹੈ, ਓਹਨਾਂ ਤੇ ਅੱਤਿਆਚਾਰ ਹੋ ਰਹੇ ਹਨ। ਕਿਸਾਨ ਸਭਾ ਅੰਦੋਲਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿੱਚ ਉੱਚੀ ਅਤੇ ਨੀਵੀਂ ਜਾਤੀਆਂ, ਦੋਵਾਂ ਦੇ ਹੀ ਕਿਸਾਨ ਮੌਜੂਦ ਸਨ। ਜਨਵਰੀ ਦੇ ਆਰੰਭ ਵਿੱਚ ਕਿਸਾਨ ਸੰਘਰਸ਼ ਵਿੱਚ ਬਦਲਾਵ ਆਇਆ। ਕਿਸਾਨਾਂ ਦੀਆਂ ਗਤੀਵਿਧੀਆਂ ਦੇ ਪ੍ਰਮੁੱਖ ਕੇਂਦਰ ਸਨ-ਰਾਏਬਰੇਲੀ, ਫੈਜ਼ਾਬਾਦ ਅਤੇ ਸੁਲਤਾਨਪੁਰ। ਬਜ਼ਾਰਾਂ, ਮਕਾਨਾਂ, ਖੇਤ-ਖਲਿਹਾਨਾਂ ਦੀ ਲੁੱਟ-ਪਾਟ ਅਤੇ ਪੁਲਿਸ ਨਾਲ ਜਦ-ਤਦ ਸੰਘਰਸ਼ ਹੀ ਕਿਸਾਨਾ ਦੀਆਂ ਗਤੀਵਿਧੀਆਂ ਸਨ। ਇਸ ਵਿੱਚ ਕੁਝ ਵਾਰਦਾਤਾਂ ਅਫਵਾਹਾਂ ਦੇ ਕਾਰਣ ਹੋਈਆ ਜਿਵੇਂ ਮੁੰਸ਼ੀਗੰਜ ਅਤੇ ਖਰਹੀਆ ਬਜ਼ਾਰ (ਰਾਏਬਰੇਲੀ) ਵਿੱਚ ਕਿਸਾਨ ਨੇਤਾਵਾਂ ਦੀ ਗ੍ਰਿਫਤਾਰੀ ਦੀ ਅਫਵਾਹ ਫੈਲਦੇ ਹੀ ਲੁੱਟਮਾਰ ਮਚ ਗਈ।ਬਾਕੀ ਵਾਰਦਾਤਾਂ ਜਾਂ ਸੰਘਰਸ਼ ਤਾਲੁਕਦਾਰਾਂ ਦੇ ਸ਼ੋਸ਼ਣ ਦੇ ਖਿਲਾਫ ਕਿਸਾਨਾਂ ਦੇ ਛੁਟਪੁਟ ਸੰਘਰਸ਼ ਸਨ। ਇਨਾਂ ਵਿੱਚ ਬਹੁਤ ਸਾਰੀਆਂ ਘਟਨਾਵਾਂ ਵਿੱਚ ਕਿਸਾਨ ਸਭਾ ਦੇ ਕਿਸੇ ਵੱਡੇ ਨੇਤਾ ਨੇ ਨਹੀਂ ਬਲਕਿ ਸਥਾਨਿਕ ਲੋਕਾਂ ਨੇ ਪਹਿਲ ਕੀਤੀ ਸੀ ਜਿਸ ਵਿੱਚ ਸਾਧੂ, ਧਾਰਮਿਕ ਹਸਤੀਆਂ ਅਤੇ ਰਾਏਵੰਚਿਤ ਭੂ-ਸਵਾਮੀ ਸ਼ਾਮਿਲ ਸਨ।

ਇਸ ਤਰਾਂ ਦੇ ਛੁਟਪੁਟ ਸੰਘਰਸ਼ ਨੂੰ ਦਬਾਓਣਾ ਸਰਕਾਰ ਦੇ ਲਈ ਕੋਈ ਮੁਸ਼ਕਿਲ ਕੰਮ ਨਹੀਂ ਸੀ। ਕਈ ਵਾਰ ਸੰਘਰਸ਼ ਤੇ ਉਤਾਰੂ ਕਿਸਾਨਾਂ ਤੇ ਗੋਲੀਆਂ ਚਲਾਈਆਂ ਗਈਆਂ। ਨੇਤਾਵਾਂ ਅਤੇ ਕਾਰਜ ਕਰਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੁੱਕਦਮੇ ਚਲਾਏ ਗਏ ਅਤੇ ਫਰਵਰੀ-ਮਾਰਚ ਵਿੱਚ ਇੱਕ ਦੋ ਵਾਰਦਾਤਾਂ ਨੂੰ ਛੱਡ ਕੇ ਜਨਵਰੀ ਵਿਚ ਹੀ ਇਹ ਅੰਦੋਲਨ ਖਤਮ ਹੋ ਗਿਆ। ਮਾਰਚ ਵਿੱਚ ਸਾਰੇ ਜਿਲਿਆਂ ਵਿੱਚ 'ਦੇਸ਼ਦ੍ਰੋਹੀ ਬੈਠਕ ਅਧਿਨਿਯਮ' ਲਾਗੂ ਕਰ ਦਿਤਾ ਗਿਆ, ਜਿਸ ਵਿੱਚ ਰਾਜਨੀਤਿਕ ਗਤੀਵਿਧੀਆਂ ਠੱਪ ਪੈ ਗਈਆਂ। ਰਾਸ਼ਟਰਵਾਦੀ ਨੇਤਾ ਅਦਾਲਤ ਵਿੱਚ ਕਿਸਾਨਾਂ ਵੱਲੋਂ ਲੜਦੇ ਰਹੇ, ਪ੍ਰੰਤੂ ਇਸ ਤੋਂ ਜ਼ਿਆਦਾ ਕੁਝ ਨਾ ਕਰ ਸਕੇ।

ਇੱਧਰ ਸਰਕਾਰ ਨੇ ਅਵਧ ਮਾਲਗੁਜ਼ਾਰੀ (ਰੈਂਟ) (ਸੰਸ਼ੋਧਨ) ਅਧਿਨਿਯਮ ਪਾਰਿਤ ਕਰ ਦਿੱਤਾ। ਇਸ ਨਾਲ ਕਿਸਾਨਾਂ ਨੂੰ ਕੋਈ ਖਾਸ ਰਾਹਤ ਤਾ ਨਹੀਂ ਮਿਲੀ, ਪ੍ਰੰਤੂ ਓਹਨਾਂ ਦੇ ਮਨਾਂ ਵਿੱਚ ਉਮੀਦ ਜਾਗੀ। ਇਸ ਨਵੇਂ ਕਾਨੂੰਨ ਨੇ ਵੀ ਅੰਦੋਲਨ ਨੂੰ ਤੋੜਨ ਦਾ ਕੰਮ ਕੀਤਾ।

ਨੋਟ

ਪ੍ਰੰਤੂ ਸਾਲ ਦੇ ਅੰਤ ਵਿੱਚ ਕਿਸਾਨਾਂ ਦਾ ਅਸੰਤੋਸ਼ ਇੱਕ ਵਾਰ ਫਿਰ ਉਭਰਕੇ ਸਾਹਮਣੇ ਆਓਣ ਲੱਗਾ। ਇਸ ਵਾਰ ਗਤੀ ਦੇ ਕੇਂਦਰ ਸਨ– ਹਰਦੋਈ, ਬਹਿਰਾਈਚ ਅਤੇ ਸੀਤਾਪੁਰ (ਪ੍ਰਾਂਤ ਦੇ ਉੱਤਰੀ ਖੇਤਰ)। ਕਿਸਾਨਾਂ ਦੇ ਅਸੰਤੋਸ਼ ਨੂੰ ਅੰਦੋਲਨ ਦੀ ਸ਼ਕਲ ਦਿੱਤੀ ਕਾਂਗਰਸ ਅਤੇ ਖਿਲਾਫਤ ਦੇ ਨੇਤਾਵਾਂ ਨੇ। ਨਾਮ ਦਿੱਤਾ–'ਏਕਾ ਅੰਦੋਲਨ'। ਕਿਸਾਨਾਂ ਦੀਆਂ ਮੁੱਖ ਸ਼ਿਕਾਇਤਾਂ ਲਗਾਨ ਵਿੱਚ ਵਾਧਾ ਅਤੇ ਉਪਜ ਦੇ ਰੂਪ ਵਿੱਚ ਲਗਾਨ ਵਸੂਲ ਕਰਣ ਦੀ ਪ੍ਰਥਾ ਨੂੰ ਲੈ ਕੇ ਸੀ। ਕਿਸਾਨਾਂ ਤੋਂ 50 ਫੀਸਦੀ ਜ਼ਿਆਦਾ ਲਗਾਨ ਵਸੂਲਿਆ ਜਾ ਰਿਹਾ ਸੀ। ਜ਼ਿਮੀਦਾਰਾਂ ਦੇ ਗੁਰਗੇ ਠੇਕੇਦਾਰ (ਜੋ ਲਗਾਨ ਵਸੂਲਦੇ ਸਨ) ਕਿਸਾਨਾਂ ਤੇ ਤਰਾਂ ਤਰਾਂ ਦੇ ਜ਼ੁਲਮ ਢਾ ਰਹੇ ਸਨ।

ਏਕਾ ਬੈਠਕਾਂ ਸ਼ੁਰੂ ਹੋਣ ਤੋਂ ਪਹਿਲਾਂ ਸਭਾਸਥਲ ਤੇ ਇੱਕ ਖੱਡਾ ਖੋਦ ਕੇ ਉਸ ਵਿੱਚ ਪਾਣੀ ਭਰ ਦਿੱਤਾ ਜਾਂਦਾ ਸੀ। ਇਸ ਨੂੰ ਗੰਗਾ ਮੰਨਿਆ ਜਾਂਦਾ ਅਤੇ ਇੱਕ ਪੁਜਾਰੀ ਉੱਥੇ ਇੱਕਠੇ ਕਿਸਾਨਾ ਨੂੰ ਗੰਗਾ ਦੀ ਸੰਹੁ ਖੁਆਓਂਦਾ ਕਿ ਓਹ ਨਿਰਧਾਰਿਤ ਲਗਾਨ ਹੀ ਦੇਣਗੇ, ਉਸ ਤੋਂ ਇੱਕ ਪੈਸਾ ਜ਼ਿਆਦਾ ਨਹੀਂ ਦੇਣਗੇ, ਪ੍ਰੰਤੂ ਲਗਾਨ ਸਮੇਂ ਤੇ ਦੇਣਗੇ। ਬੇਦਖਲ ਕੀਤੇ ਜਾਣ ਤੇ ਵੀ ਜ਼ਮੀਨ ਨਹੀਂ ਛੱਡਣਗੇ ਅਤੇ ਜ਼ਬਰੀਆ ਮਜ਼ਦੂਰੀ ਨਹੀਂ ਕਰਣਗੇ। ਅਪਰਾਧੀਆਂ ਨੂੰ ਮਦਦ ਲਹੀਂ ਦੇਣਗੇ ਅਤੇ ਪੰਚਾਇਤ ਦੇ ਫੈਸਲੇ ਮੰਨਣਗੇ।

ਏਕਾ ਅੰਦੋਲਨ ਨੇ ਥੋੜੇ ਹੀ ਸਮੇਂ ਵਿੱਚ ਆਪਣੀਆਂ ਅਲੱਗ ਜੜਾਂ ਜਮਾ ਲਈਆਂ, ਅੰਦੋਲਨ ਦੀ ਅਗਵਾਈ ਪਿਛੜੀ ਜਾਤੀਆਂ ਦੇ ਮਦਾਰੀ ਪਾਸੀ ਅਤੇ ਹੋਰ ਨੇਤਾਵਾਂ ਦੇ ਹੱਥਾਂ ਵਿੱਚ ਚਲਾ ਗਿਆ–ਅਜਿਹੇ ਲੋਕਾਂ ਦੇ ਹੱਥਾਂ ਵਿੱਚ, ਕਾਂਗਰਸ ਅਤੇ ਖਿਲਾਫਤ ਨੇਤਾਵਾਂ ਦੇ ਅਨੁਸ਼ਾਸਿਤ ਅਤੇ ਅਹਿੰਸਕ ਅੰਦੋਲਨ ਦੇ ਸਿਧਾਂਤ ਦੇ ਪ੍ਰਤੀ ਪੂਰੀ ਤਰਾਂ ਪ੍ਰਤੀਬੱਧ ਨਹੀਂ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਰਾਸ਼ਟਰਵਾਦੀ ਨੇਤਾ ਅੰਦੋਲਨ ਤੋਂ ਥੋੜੇ ਅਲੱਗ–ਥਲੱਗ ਪੈ ਗਏ। ਅੰਦੋਲਨ ਨੇ ਇੱਕ ਦੂਜੀ ਰਾਹ ਪਕੜ ਲਈ। ਚੌਰੀਚੌਰਾ ਕਾਂਡ ਤੋਂ ਬਾਅਦ, ਜਦੋਂ ਗਾਂਧੀ ਜੀ ਨੇ ਅਸਹਿਯੋਗ ਅੰਦੋਲਨ ਵਾਪਿਸ ਲਿਆ, ਤਾਂ ਵੀ ਕਿਸਾਨਾਂ ਦਾ ਇਹ ਅੰਦੋਲਨ ਚਲਦਾ ਰਿਹਾ। ਇਹ ਅੰਦੋਲਨ ਮੂਲ ਰੂਪ ਵਿੱਚ ਕਾਸ਼ਤਕਾਰਾਂ ਦਾ ਅੰਦੋਲਨ ਸੀ। ਇਸ ਵਿੱਚ ਜ਼ਿਮੀਦਾਰ ਨਹੀਂ ਸਨ, ਪਰ ਏਕਾ ਅੰਦੋਲਨ ਵਿੱਚ ਛੋਟੇ–ਮੋਟੇ ਜ਼ਿਮੀਦਾਰ ਵੀ ਸ਼ਾਮਿਲ ਸਨ, ਅਜਿਹੇ ਜ਼ਿਮੀਦਾਰ ਜੋ ਵਧੇ ਹੋਏ ਲਗਾਨ ਦੇ ਬੋਝ ਤੋਂ ਪਰੇਸ਼ਾਨ ਅਤੇ ਸਰਕਾਰ ਤੋਂ ਨਾਰਾਜ਼ ਸਨ। ਪ੍ਰੰਤੂ ਸਰਕਾਰ ਨੇ ਦਮਨ ਦੇ ਬਲ ਤੇ ਮਾਰਚ 1922 ਦੇ ਆਓਂਦੇ ਆਓਂਦੇ ਇਸ ਅੰਦੋਲਨ ਨੂੰ ਵੀ ਖਤਮ ਕਰ ਦਿੱਤਾ।

ਭਾਰਤੀ ਰਾਜਨੀਤੀ ਵਿੱਚ ਗਾਂਧੀ ਜੀ ਦੇ ਆਗਮਨ ਨਾਲ ਦੇਸ਼ ਨੂੰ ਨਵੀਂ ਆਰਥਿਕ ਅਤੇ ਰਾਜਨੀਤਿਕ ਦਿਸ਼ਾ ਮਿਲੀ। ਕਿਓਂਕਿ ਓਹ ਆਪਣੇ ਅੰਦੋਲਨ ਦੇ ਆਧਾਰ ਨੂੰ ਵੱਡਾ ਬਣਾਓਣਾ ਚਾਹੁੰਦੇ ਸਨ, ਇਸ ਲਈ ਓਹਨਾਂ ਨੇ ਗ੍ਰਾਮੀਣ ਜਨਤਾ ਅਤੇ ਕਿਸਾਨਾਂ ਨੂੰ ਵੀ ਇਸ ਅੰਦੋਲਨ ਵਿੱਚ ਸ਼ਾਮਿਲ ਕਰਣ ਦਾ ਪ੍ਰਯਤਨ ਕੀਤਾ।

**ਚੰਪਾਰਨ ਅਤੇ ਕੇਰਾ ਸੱਤਿਆਗ੍ਰਹਿ**–ਉੱਤਰ ਬਿਹਾਰ ਦੇ ਚੰਪਾਰਨ ਜਿਲੇ ਦੇ ਯੂਰਪੀ ਨੀਲ ਦੇ ਉਤਪਾਦਕ ਬਿਹਾਰੀ ਕਿਸਾਨਾਂ ਦਾ ਅਨੇਕ ਤਰਾਂ ਨਾਲ ਉਤਪੀੜਨ ਕਰਦੇ ਸਨ, ਜੋ ਲਗਭਗ ਉਸੇ ਪ੍ਰਕਾਰ ਦਾ ਸੀ ਜਿਵੇਂ ਬੰਗਾਲ ਵਿੱਚ ਸੀ। ਗਾਂਧੀ ਜੀ ਨੇ ਬਾਬੂ ਰਾਜੇਂਦਰ ਪ੍ਰਸਾਦ ਦੀ ਮਦਦ ਨਾਲ ਕਿਸਾਨਾਂ ਦੀ ਵਾਸਤਵਿਕ ਸਥਿਤੀ ਦੀ ਜਾਂਚ ਕੀਤੀ।ਓਹਨਾਂ ਨੇ ਕਿਸਾਨਾਂ ਨੂੰ ਅਹਿੰਸਾਤਮਕ ਅਸਹਿਯੋਗ ਅੰਦੋਲਨ ਦੀ ਸਿਖਿਆ ਦਿੱਤੀ। ਬਿਹਾਰ ਸਰਕਾਰ ਬਹੁਤ ਕ੍ਰੋਧਿਤ ਹੋਈ ਅਤੇ ਗਾਂਧੀ ਜੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਜਾਂਚ ਸਮਿਤੀ ਨਿਯੁਕਤ ਕਰ ਦਿੱਤੀ (ਜੂਨ 1917) ਜਿਸ ਵਿੱਚ ਗਾਂਧੀ ਜੀ ਆਪ ਵੀ ਇੱਕ ਮੈਂਬਰ ਸਨ।ਇਸ ਦੇ ਫਲਸਰੂਪ ਚੰਪਾਰਨ ਖੇਤੀ ਅਧਿਨਿਯਮ ਪਾਰਿਤ ਕੀਤਾ ਗਿਆ ਜਿਸ ਵਿੱਚ ਨੀਲ ਉਤਪਾਦਕਾਂ ਦੁਆਰਾ ਵਿਸ਼ੇਸ਼ ਪ੍ਰਾਪਤੀ ਬੰਦ ਕਰ ਦਿੱਤੀ ਗਈ। ਦੁਰਭਾਗਵਸ਼ ਕਾਂਗਰਸੀ ਨੇਤਾਵਾਂ ਨੇ ਇਸ ਸਫਲਤਾ ਨੂੰ ਇਸ ਦੇ ਅੰਤ ਤੱਕ ਨਹੀਂ ਪਹੁੰਚਾਇਆ ਅਰਥਾਤ ਲਗਾਨਾਂ ਦੀ ਵਸੂਲੀ ਬੰਦ ਨਹੀਂ ਹੋਈ ਅਤੇ ਸਾਹੂਕਾਰਾਂ ਦੁਆਰਾ ਵਿਆਜ ਦੀ ਦਰ ਵਿੱਚ ਵੀ ਕਮੀ ਨਹੀਂ ਹੋਈ।

ਕੇਰਾ ਅੰਦੋਲਨ ਤਾਂ ਮੁੱਖ ਤੌਰ ਤੇ ਬੰਬਈ ਸਰਕਾਰ ਦੇ ਵਿਰੁੱਧ ਸੀ। 1918 ਦੀ ਬਸੰਤ ਰੁੱਤ ਵਿੱਚ ਫਸਲਾਂ ਨਸ਼ਟ ਹੋ ਗਈਆਂ ਅਤੇ ਸੂਖੇ ਦੇ ਕਾਰਣ ਇਸ ਪ੍ਰਦੇਸ਼ ਦੇ ਕਿਸਾਨਾਂ ਨੂੰ ਬਹੁਤ ਕਸ਼ਟ ਹੋਇਆ। ਬੰਬਈ ਸਰਕਾਰ ਨੇ ਭੂਮੀ ਕਰ ਮੰਗਿਆ। ਜਦੋਂ ਕਿ ਭੂਮੀ ਕਰ ਨਿਯਮਾਂ ਵਿੱਚ ਇਹ ਸਪਸ਼ਟ ਕਿਹਾ ਗਿਆ ਸੀ ਕਿ ਜੇਕਰ ਫਸਲ ਸਾਧਾਰਣ ਤੋਂ 25% ਘੱਟ ਹੋਵੇ ਤਾਂ ਭੂਮੀ ਕਰ ਵਿੱਚ ਪੂਰੀ ਤਰਾਂ ਛੂਟ ਮਿਲੇਗੀ, ਸਰਕਾਰ ਛੂਟ ਦੇਣ ਨੂੰ ਤਿਆਰ ਨਹੀਂ ਸੀ। ਸਰਕਾਰੀ ਅਫਸਰਾਂ ਨੂੰ ਇਹ ਸਵੀਕਾਰ ਨਹੀਂ ਸੀ ਕਿ ਫਸਲ 25% ਘੱਟ ਹੈ। ਗਾਂਧੀ ਜੀ ਨੇ ਕਿਸਾਨਾਂ ਨੂੰ ਸਗਠਿਤ ਕੀਤਾ ਅਤੇ ਸਾਰੇ ਵਰਗਾਂ ਦੇ ਲੋਕਾਂ ਦਾ ਸਮਰਥਨ ਪ੍ਰਾਪਤ ਕੀਤਾ। ਕਿਸਾਨਾਂ ਦੀ ਬਹੁਤ ਵੱਡੀ ਸੰਖਿਆ ਨੇ ਸੱਤਿਆਗ੍ਰਹਿ ਕੀਤਾ ਅਤੇ ਜੇਲ ਗਏ। ਜੂਨ 1918 ਤੱਕ ਇਹ ਅੰਦੋਲਨ ਚਲਦਾ ਰਿਹਾ ਅਤੇ ਅੰਤ ਵਿੱਚ ਸਰਕਾਰ ਨੂੰ ਗਾਂਧੀ ਜੀ ਦੀ ਮੰਗ ਸਵੀਕਾਰ ਕਰਨੀ ਪਈ, ਪ੍ਰੰਤੂ ਜੂਡਿਥ ਬ੍ਰਾਊਨ ਜਿਹੇ ਲੋਕਾਂ ਨੇ ਇਹ ਕਿਹਾ ਕਿ ਸਰਕਾਰ ਨੇ ਕਰ ਦਾ ਲਗਭਗ 93% ਫਿਰ ਵੀ ਵਸੂਲ ਕਰ ਲਿਆ।

ਕੀ ਤੁਸੀਂ ਜਾਣਦੇ ਹੋ

ਚੰਪਾਰਨ ਅਤੇ ਕੇਰਾ ਦੇ ਅੰਦੋਲਨਾਂ ਨੇ ਨਾ ਕੇਵਲ ਗਾਂਧੀ ਜੀ ਨੂੰ ਜਨਤਾ ਦਾ ਨੇਤਾ ਬਣਾ ਦਿੱਤਾ ਬਲਕਿ ਕਿਸਾਨਾਂ ਵਿੱਚ ਆਤਮ ਵਿਸ਼ਵਾਸ ਵੀ ਜਗਾਇਆ ਕਿ ਜੇਕਰ ਓਹ ਮਿਲਕੇ ਕੰਮ ਕਰਣ ਤਾਂ ਜ਼ਰੂਰ ਸਫਲ ਹੋਣਗੇ।

**ਮਾਪਿਲਾ ਵਿਦਰੋਹ:** ਅਗਸਤ 1921 ਵਿੱਚ ਦੇਸ਼ ਦੇ ਬਿਲਕੁਲ ਦੂਜੇ ਛੋਰ ਤੇ ਮਾਲਾਬਾਰ ਜਿਲੇ (ਕੇਰਲ) ਵਿੱਚ ਕਾਸ਼ਤ ਕਾਰਾਂ ਦਾ ਵਿਦਰੋਹ ਕਈ ਹੋਰ ਕਿਸਾਨ ਸੰਘਰਸ਼ਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਵਿਆਪਕ ਅਤੇ ਜੁਝਾਰੂ ਸੀ। ਇਨਾਂ ਦੀਆਂ ਵੀ ਸਮੱਸਿਅਵਾਂ ਅਵਧ ਪ੍ਰਾਂਤ ਦੇ ਕਿਸਾਨਾਂ ਵਰਗੀਆਂ ਸਨ। ਜ਼ਿਮੀਦਾਰ ਜਦੋਂ ਚਾਹੁੰਦੇ ਓਹਨਾਂ ਨੂੰ ਬੇਦਖਲ ਕਰ ਦਿੰਦੇ। ਮਨਮਾਨਾ ਲਗਾਨ ਵਸੂਲਦੇ ਅਤੇ ਤਰਾਂ ਤਰਾਂ ਦੇ ਅੱਤਿਆਚਾਰ ਕਰਦੇ। 19ਵੀਂ ਸਦੀ ਵਿੱਚ ਵੀ ਮਾਪਿਲਾ ਕਿਸਾਨਾਂ ਨੇ ਜ਼ਿਮੀਦਾਰਾਂ ਦੇ ਖਿਲਫ ਸੰਘਰਸ਼ ਕੀਤਾ ਸੀ, ਪਰ ਜੋ ਵਿਦਰੋਹ 1921 ਵਿੱਚ ਫੁੱਟਿਆ, ਓਹ ਪਹਿਲਾਂ ਤੋਂ ਇੱਕ ਅਲੱਗ ਪੈਮਾਨੇ ਦਾ ਸੀ।

ਕਿਸਾਨਾਂ ਦੇ ਅਸੰਤੋਸ਼ ਨੂੰ ਹਵਾ ਦਿੱਤੀ, ਅਪ੍ਰੈਲ 1920 ਵਿੱਚ ਮੰਜੇਰੀ ਵਿੱਚ ਹੋਏ ਮਾਲਾਬਾਰ ਜ਼ਿਲਾ ਕਾਂਗਰਸ ਸੰਮੇਲਨ ਨੇ। ਇਹ ਸੰਮੇਲਨ ਦੋ ਗੱਲਾਂ ਕਾਰਣ ਮਹੱਤਵਪੂਰਣ ਰਿਹਾ। ਸੰਮੇਲਨ ਵਿੱਚ ਪ੍ਰਸਤਾਵ ਪਾਸ ਕਰ ਕੇ ਖਿਲਾਫਤ ਅੰਦੋਲਨ ਦਾ ਸਮਰਥਨ ਕੀਤਾ ਗਿਆ। ਕਿਸਾਨਾਂ ਦੀਆਂ ਵਾਜਿਬ ਮੰਗਾਂ ਦਾ ਸਮਰਥਨ ਕਰਦੇ ਹੋਏ ਇੱਕ ਅਜਿਹਾ ਕਾਨੂੰਨ ਬਣਾਓਣ ਦੀ ਮੰਗ ਕੀਤੀ ਗਈ ਜ਼ੋ ਜ਼ਿਮੀਦਾਰ-ਕਾਸ਼ਤਕਾਰ ਸੰਬੰਧਾਂ ਨੂੰ ਤੈਅ ਕਰੇ। ਇਹ ਘਟਨਾ ਬਹੁਤ ਮਹੱਤਵਪੂਰਣ ਸੀ, ਕਿਓਂਕਿ ਇਸ ਤੋਂ ਪਹਿਲਾਂ ਜ਼ਿਮੀਦਾਰ ਕਾਂਗਰਸ ਨੂੰ ਕਾਸ਼ਤਕਾਰਾਂ ਦੀ ਮੰਗ ਉਠਾਓਣ ਤੋਂ ਰੋਕਣ ਵਿੱਚ ਸਫਲ ਹੋ ਚੁਕੇ ਸਨ। ਮੰਜੇਰੀ ਸੰਮੇਲਨ ਤੋਂ ਬਾਅਦ ਕੋਝੀਕੋੜ ਵਿੱਚ ਕਾਸ਼ਤਕਾਰਾਂ ਦਾ ਇੱਕ ਸੰਗਠਨ ਬਣਾਇਆ ਗਿਆ। ਇਸ ਤੋਂ ਫੌਰਨ ਬਾਅਦ, ਜਿਲੇ ਦੇ ਹੋਰ ਭਾਗਾਂ ਵਿੱਚ ਵੀ ਕਾਸ਼ਤਕਾਰ ਸੰਗਠਨ ਗਠਿਤ ਕੀਤੇ ਗਏ। ਇਹ ਸੰਗਠਲ ਕਾਸ਼ਤਕਾਰਾਂ ਦੀਆਂ ਬੈਠਕਾਂ ਆਯੋਜਿਤ ਕਰਦੇ, ਜਿਨਾਂ ਵਿੱਚ ਕਾਸ਼ਤਕਾਰਾਂ ਦੀਆਂ ਵਾਜਿਬ ਮੰਗਾਂ ਉਠਾਈਆਂ ਜਾਂਦੀਆਂ। ਇਹ ਸਿਲਸਿਲਾ ਹੌਲੀ ਹੌਲੀ ਜ਼ੋਰ ਪਕੜਨ ਲੱਗਾ।

ਇਸੇ ਵਿੱਚ ਖਿਲਾਫਤ ਅੰਦੋਲਨ ਵੀ ਆਪਣੀਆਂ ਜੜਾਂ ਜਮਾਂਓਂਦਾ ਜਾ ਰਿਹਾ ਸੀ। ਹਾਲਹਤ ਇਹ ਹੋ ਗਏ ਕਿ ਖਿਲਾਫਤ ਅੰਦੋਲਨਕਾਰੀਆਂ ਅਤੇ ਕਾਸ਼ਤਕਾਰਾਂ ਦੀਆਂ ਬੈਠਕਾਂ ਵਿੱਚ ਫਰਕ ਕਰਨਾ ਮੁਸ਼ਕਿਲ ਹੋ ਗਿਆ। ਦੋਵੇਂ ਬੇਠਕਾਂ ਵਿੱਚ ਸ਼੍ਰੋਤਾ ਅਤੇ ਨੇਤਾ ਓਹੀ ਰਹਿੰਦੇ ਇਸ ਤਰਾਂ ਦੋਵੇਂ ਅੰਦੋਲਨ ਇੱਕ ਦੂਜੇ ਵਿੱਚ ਸਮਾਂ ਗਏ। ਇਸ ਅੰਦੋਲਨ ਦਾ ਸਮਾਜਿਕ ਮਾਪਿਲਾ ਕਾਸ਼ਤਕਾਰਾਂ ਵਿੱਚ ਸੀ। ਅੰਦੋਲਨ ਵਿੱਚ ਅਨੇਕ ਹਿੰਦੂ ਵੀ ਸਨ, ਪਰ ਅੰਦੋਲਨ ਵਿੱਚ ਹਿੰਦੂਆਂ ਦੀ ਸਕ੍ਰਿਅ ਭਾਗੀਦਾਰੀ ਨਹੀਂ ਸੀ।

ਖਿਲਾਫਤ ਅਤੇ ਕਾਸ਼ਤਕਾਰਾਂ ਦੇ ਇਨਾਂ ਅੰਦੋਲਨਾਂ ਦੇ ਦਿਨ-ਬ-ਦਿਨ ਜ਼ੋਰ ਪਕੜਨ ਨਾਲ ਅੰਗਰੇਜੀ ਹੁਕੂਮਤ ਬੋਖਲਾ ਗਈ। ਗਾਂਧੀ ਜੀ, ਸ਼ੌਕਤ ਅਲੀ ਅਤੇ ਮੌਲਾਨਾ ਆਜ਼ਾਦ ਨੇ ਇਨਾਂ ਇਲਾਕਿਆਂ ਦਾ ਦੌਰਾ ਕੀਤਾ ਅਤੇ ਇਨਾਂ ਅੰਦੋਲਨਾਂ ਦਾ ਸਮਰਥਨ ਕੀਤਾ ਸੀ, ਜਿਸ ਨਾਲ ਸਰਕਾਰ ਘਬਰਾ ਗਈ ਸੀ। 15 ਫਰਵਰੀ, 1921 ਨੂੰ ਸਰਕਾਰ ਨੇ ਵਿਸ਼ੇਧਤਾ ਲਾਗੂ ਕਰ ਕੇ ਖਿਲਾਫਤ ਅੰਦੋਲਨ ਨਾਲ ਸੰਬੰਧਿਤ ਕਿਸੇ ਵੀ ਤਰਾਂ ਦੀ ਮਾਪਿਲਾਵਾਂ ਨੂੰ ਸਰਕਾਰ ਅਤੇ ਹਿੰਦੂ ਜ਼ਿਮੀਦਾਰਾਂ ਦੇ ਖਿਲਾਫ ਭੜਕਾਇਆ ਜਾਵੇਗਾ। 18 ਫਰਵਰੀ ਨੂੰ ਮੋਈਦੀਨ ਕੋਇਆ ਅਤੇ ਕੇ. ਮਾਧਵਨ ਨਾਇਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸਦਾ ਨਤੀਜਾ ਇਹ ਹੋਇਆ ਕਿ ਅੰਦੋਲਨ ਦੀ ਅਗਵਾਈ ਸਥਾਨਿਕ ਮਾਪਿਲਾ ਨੇਤਾਵਾਂ ਦੇ ਹੱਥਾਂ ਵਿੱਚ ਚਲੀ ਗਈ।

ਸਰਕਾਰੀ ਦਮਨ ਤੋਂ ਕ੍ਰੋਧਿਤ ਅਤੇ ਇਸ ਅਫਵਾਹ ਤੋਂ ਉਤਸਾਹਿਤ ਕਿ ਪ੍ਰਥਮ ਵਿਸ਼ਵ ਯੁੱਧ ਨੇ ਅੰਗਰੇਜੀ ਹੁਕੂਮਤ ਦੀ ਕਮਰ ਤੋੜ ਦਿੱਤੀ ਹੈ, ਮਾਪਿਲਾ ਲੋਕ ਹੁਕੂਮਤ ਦੇ ਖਿਲਾਫ ਸੰਘਰਸ਼ ਕਰਣ ਤੇ ਉਤਾਰੂ ਹੋ ਗਏ। ਅਧਿਕਾਰੀਆਂ ਦੇ ਆਦੇਸ਼ ਦੀ ਅਵਹੇਲਣਾ ਕੀਤੀ ਜਾਣ ਲੱਗੀ। ਏਰਨਾਡ ਤਾਲੁਕੇ ਦੇ ਮੈਜਿਸਟ੍ਰੇਟ ਨੇ ਇੱਕ ਜ਼ਿਮੀਦਾਰ ਦੇ ਉਕਸਾਓਣ ਤੇ ਜਦੋਂ ਬਿਨਾਂ ਵਾਰੰਟ ਖਿਲਾਫਤ ਅੰਦੋਲਨ ਦੇ ਇੱਕ ਸਥਾਨਿਕ ਨੇਤਾ ਨੂੰ ਗ੍ਰਿਫਤਾਰ ਕਰ ਲਿਆ, ਤਾਂ ਮਾਪਿਲਾਵਾਂ ਨੇ ਇਸ ਦਾ ਵਿਰੋਧ ਕੀਤਾ। ਇਸ ਵਿਰੋਧ ਤੋਂ ਮੇਜਿਸਟ੍ਰੇਟ ਘਬਰਾ ਗਿਆ ਅਤੇ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਮਾਪਿਲਾਵਾਂ ਨੇ ਵਿਆਪਕ ਵਿਦਰੋਹ ਦੀ ਤਿਆਰੀ ਕਰ ਲਈ ਹੈ।

20 ਅਗਸਤ 1921 ਨੂੰ ਇਸੇ ਮੈਜਿਸਟ੍ਰੇਟ ਨੇ ਸੈਨਾ ਅਤੇ ਪੁਲਿਸ ਜਵਾਨਾਂ ਨੂੰ ਲੈ ਕੇ ਅਲੀ ਮੁਸਲਿਆਰ ਨੂੰ ਗ੍ਰਿਫਤਾਰ ਕਰਣ ਲਈ ਨਿਰੂਰਾਂਗੜੀ ਦੀ ਮਸਜਿਦ ਤੇ ਛਾਪਾ ਮਾਰਿਆ। ਅਲੀ ਮੁਸਲਿਆਰ ਖਿਲਾਫਤ ਅੰਦੋਲਨ ਦੇ ਪ੍ਰਮੁੱਖ ਨੇਤਾ ਅਤੇ ਸਥਾਨਿਕ ਮੁਸਲਮਾਨਾਂ ਦੇ ਧਰਮਗੁਰੂ ਸਨ। ਟਾਮਸ ਦੀ ਕੋਸ਼ਿਸ਼ ਨਾਕਾਮ ਰਹੀ, ਅਲੀ ਮੁਸਲਿਆਰ ਨਹੀਂ ਮਿਲੇ ਤਾਂ ਉਸਨੇ ਖਿਲਾਫਤ ਅੰਦੋਲਨ ਦੇ ਤਿੰਨ ਕਾਰਜਕਰਤਾਵਾਂ ਨੂੰ ਗ੍ਰਿਫਤਾਰ ਕਰ ਲਿਆ। ਇਸ ਘਟਨਾ ਤੋਂ ਬਾਅਦ ਚਾਰੇ ਪਾਸੇ ਖਬਰ ਫੈਲ ਗਈ ਕਿ ਅੰਗਰੇਜੀ ਸੈਨਾ ਨੇ ਪਵਿੱਤਰ ਮਸਜਿਦ ਉੱਤੇ ਛਾਪਾ ਮਾਰਿਆ ਅਤੇ ਉਸਨੂੰ ਨਸ਼ਟ ਕਰ ਦਿੱਤਾ। ਖਬਰ ਸੁਣਦੇ ਹੀ ਕੋਟਾਕਾਲ, ਪਾਰੱਪਾਨਾਗੜੀ ਅਤੇ ਹੋਰ ਸਥਾਨਾਂ ਤੋਂ ਮਾਪਿਲਾ ਤਿਰੂਰਾਂਗੜੀ ਕਾਰਜਕਰਤਾ ਇੱਕਠੇ ਹੋਣ ਲੱਗੇ। ਇਨਾਂ ਦੇ ਨੇਤਾ ਅਧਿਕਾਰੀਆਂ ਨੂੰ ਮਿਲੇ ਅਤੇ ਗ੍ਰਿਫਤਾਰ ਕਾਰਜਕਰਤਾਵਾਂ ਦੀ ਰਿਹਾਈ ਦੀ ਮੰਗ ਕਰਣ ਲੱਗੇ। ਸਾਰੇ ਲੋਕ ਸ਼ਾਂਤ ਸਨ ਅਤੇ ਜਦੋਂ ਅਧਿਕਾਰੀਆਂ ਨੇ ਓਹਨਾਂ ਨੂੰ ਬੈਠਣ ਲਈ ਕਿਹਾ ਤਾਂ ਓਹ ਜ਼ਮੀਨ ਤੇ ਬੈਠ ਗਏ ਪ੍ਰੰਤੂ ਇਹ ਲੋਕ ਜਿਵੇਂ ਹੀ ਬੈਠੇ, ਪੁਲਿਸ ਨੇ ਨਿਹੱਥੀ ਭੀੜ ਉੱਤੇ ਗੋਲੀਆਂ ਬਰਸਾਓਣੀਆਂ ਸ਼ੁਰੂ ਕਰ ਦਿੱਤੀਆਂ। ਅਨੇਕਾਂ ਲੋਕ ਮਾਰੇ ਗਏ। ਮਾਪਿਲਾ ਵੀ ਹਿੰਸਾ ਤੇ ਉਤਰ ਆਏ। ਸੰਘਰਸ਼ ਛਿੜ ਗਿਆ। ਸਰਕਾਰੀ ਕਾਰਆਲਿਆਂ ਨੂੰ ਤਹਿਸ ਨਹਿਸ ਕਰ ਦਿੱਤਾ ਗਿਆ। ਦਸਤਾਵੇਜ਼ ਜਲਾ ਦਿੱਤੇ ਗਏ। ਖ਼ਜ਼ਾਨੇ ਨੂੰ ਲੁੱਟ ਲਿਆ ਗਿਆ। ਜਿਲਾ ਅਧਿਕਾਰੀ ਡਰ ਕੇ ਕੋਝੀਕੋੜ ਭੱਜ ਗਿਆ ਅਤੇ ਵਿਦਰੋਹ ਦੀ ਅੱਗ ਪੂਰੇ ਏਰਨਾਡ ਵਿੱਚ ਫੈਲ ਗਈ।

ਵਿਦਰੋਹ ਦੇ ਪਹਿਲੇ ਚਰਣ ਵਿੱਚ ਵਿਦਰੋਹੀਆਂ ਨੇ ਬਦਨਾਮ ਜ਼ਿਮੀਦਾਰਾਂ ਅਤੇ ਵਿਦੇਸ਼ੀ ਹੁਕੂਮਤ ਦੇ ਪ੍ਰਤਿਸ਼ਠਾਨਾਂ ਜਿਵੇਂ ਕਚਹਿਰੀ, ਥਾਣਾ, ਖ਼ਜ਼ਾਨਾਂ, ਹੋਰ ਸਰਕਾਰੀ ਕਾਰਆਲਿਆਂ, ਵਿਦੇਸ਼ੀ ਬਾਗਾਨ ਮਾਲਿਕਾਂ ਨੂੰ ਆਪਣਾ ਨਿਸ਼ਾਨਾ ਬਣਾਇਆ। ਉਦਾਰ ਜ਼ਿਮੀਦਾਰਾਂ ਅਤੇ ਗਰੀਬ ਹਿੰਦੂਆਂ ਨੂੰ ਸ਼ਾਇਦ ਹੀ ਪਰੇਸ਼ਾਨ ਕੀਤਾ ਗਿਆ ਹੋਵੇ। ਵਿਦਰੋਹੀ ਪਿੰਡ ਪਿੰਡ ਘੁੰਮਦੇ ਰਹੇ ਅਤੇ ਜ਼ਿਮੀਦਾਰਾਂ ਦੇ ਘਰਾਂ ਨੂੰ ਅੱਗ ਲਗਾਓਂਦੇ ਰਹੇ ਅਤੇ ਲੁੱਟ ਪਾਟ ਕਰਦੇ। ਕੁਝ ਵਿਦਰੋਹੀ ਨੇਤਾ ਜਿਵੇਂ ਕੁਨਹੰਮਦ ਹਾਜ਼ੀ ਇਸ ਗੱਲ ਦਾ ਪੂਰਾ ਧਿਆਨ ਰੱਖਦੇ ਕਿ ਹਿੰਦੂਆਂ ਨੂੰ ਨਾ ਸਤਾਇਆ ਜਾਵੇ। ਜੇਕਰ ਕੋਈ ਵਿਦਰੋਹੀ ਹਿੰਦੂਆਂ ਤੇ ਹੱਥ ਉਠਾਓਂਦਾ ਤਾਂ ਉਸਨੂੰ ਸਜ਼ਾ ਦਿੱਤੀ ਜਾਂਦੀ।

ਨੋਟ

ਕੁਨਹਦ ਹਾਜ਼ੀ ਨੇ ਮੁਸਲਮਾਨ ਅਤੇ ਹਿੰਦੂ ਵਿੱਚ ਫਰਕ ਨਹੀਂ ਕੀਤਾ। ਸਰਕਾਰ ਸਮਰਥਕ ਅਨੇਕ ਮਾਪਿਲਾਵਾਂ ਨੂੰ ਸਜ਼ਾ ਦੇਣ ਦਾ ਆਦੇਸ਼ ਦਿੱਤਾ।

ਨੋਟਸ ਕਈ ਮਾਪਿਲਾ ਲੋਕ ਇਹ ਵਿਸ਼ਵਾਸ ਕਰਦੇ ਸਨ ਕਿ ਇਨਾਂ ਉਤਪੀੜਨ ਕਰਣ ਵਾਲੇ ਜ਼ਿਮੀਦਾਰਾਂ ਨੂੰ ਜਾਨ ਤੋਂ ਹੀ ਮਾਰ ਦੇਣਾ ਉਚਿਤ ਹੈ ਕਿਓਂਕਿ ਇਨਾਂ ਕਾਫਿਰਾਂ ਨੂੰ ਮਾਰ ਦੇਣ ਨਾਲ ਤੁਸੀਂ 'ਗਾਜ਼ੀ' ਬਣ ਜਾਂਦੇ ਹੋ ਜਾਂ ਓਨਾਂ ਨਾਲ ਲੜਦੇ ਹੋਏ ਮਰਣ ਤੇ 'ਸ਼ਹੀਦ' ਹੋ ਜਾਂਦੇ ਹੋ। ਦੋਵਾਂ ਹਾਲਤਾਂ ਵਿੱਚ ਤੁਹਾਨੂੰ ਸਿੱਧਾ ਸਵਰਗ ਮਿਲਦਾ ਹੈ।

ਪ੍ਰੰਤੂ ਜਿਵੇਂ ਹੀ ਅੰਗਰੇਜੀ ਹੁਕੂਮਤ ਨੇ ਸੈਨਿਕ ਸ਼ਾਸਨ (ਮਾਰਸ਼ਲ ਲਾ) ਦੀ ਘੋਸ਼ਣਾ ਕੀਤੀ ਅਤੇ ਦਮਨ ਦਾ ਚੱਕਰ ਤੇਜ਼ ਹੋਇਆ, ਵਿਦਰੋਹ ਦਾ ਚਰਿੱਤਰ ਬਦਲ ਗਿਆ। ਅੰਗਰੇਜੀ ਹੁਕੂਮਤ ਨੇ ਤਮਾਮ ਹਿੰਦੂਆਂ ਨੂੰ ਜਬਰਦਸਤੀ ਆਪਣਾ ਸਾਥ ਦੇਣ ਨੂੰ ਕਿਹਾ ਅਤੇ ਕੁਝ ਹਿੰਦੂ ਆਪਣੇ ਆਪ ਖੁੱਲੇ ਤੌਰ ਤੇ ਹੁਕੂਮਤ ਦਾ ਸਾਥ ਦੇਣ ਲਗੇ।ਇਸ ਦਾ ਨਤੀਜਾ ਇਹ ਹੋਇਆ ਕਿ ਮਾਪਲਿਾਵਾਂ ਵਿੱਚ ਪਹਿਲਾਂ ਤੋਂ ਹੀ ਭੜਕਦੀ ਹਿੰਦੂ ਵਿਰੋਧੀ ਭਾਵਨਾ ਹੁਣ ਭੜਕ ਉੱਠੀ।ਜ਼ਿਆਦਾਤਰ ਮਾਪਿਲਾ ਵਿਦਰੋਹੀ ਅਸਿਖਿੱਅਤ ਸਨ ਅਤੇ ਕੱਟਰਪੰਥੀ ਧਾਰਮਿਕ ਭਾਵਨਾਵਾਂ ਦੇ ਵਸ਼ੀਭੂਤ ਸਨ। ਜਿਵੇਂ ਜਿਵੇਂ ਸੱਤਾ ਦਾ ਦਮਨ ਵਧਦਾ ਗਿਆ, ਹਿੰਦੂਆਂ ਤੇ ਹਮਲਾ, ਓਹਨਾਂ ਦੀ ਹੱਤਿਆ ਅਤੇ ਜਬਰਨ ਧਰਮ ਪਰਿਵਰਤਨ ਦੀਆਂ ਘਟਨਾਵਾਂ ਵਧਣ ਲੱਗੀਆਂ। ਜੋ ਸੰਘਰਸ਼ ਸੱਤਾ ਅਤੇ ਜ਼ਿਮੀਦਾਰਾਂ ਦੇ ਖਿਲਾਫ ਸ਼ੁਰੂ ਹੋਇਆ ਸੀ, ਉਸ ਵਿੱਚ ਹੁਣ ਸਾਪ੍ਰੰਦਾਇਕ ਰੰਗ ਵੀ ਘੁਲ਼ ਗਿਆ।

ਮਾਪਿਲਾਵਾਂ ਦੁਆਰਾ ਹਿੰਸਾ ਦਾ ਰਸਤਾ ਅਪਨਾਓਣ ਨਾਲ ਅਹਿੰਸਕ ਅਸਹਿਯੋਗ ਅੰਦੋਲਨਕਾਰੀ ਓਹਨਾਂ ਤੋਂ ਪਹਿਲਾਂ ਹੀ ਅੱਲਗ ਹੋ ਗਏ ਸਨ। ਹੁਣ ਸਾਪ੍ਰੰਦਾਇਕਤਾਵਾਂ ਨੇ ਮਾਪਿਲਾਵਾਂ ਨੂੰ ਸਭ ਤੋਂ ਅਲਗ-ਥਲਗ ਕਰ ਦਿੱਤਾ। ਜੋ ਕੁਝ ਬਚਿਆ ਸੀ, ਓਹ ਅੰਗਰੇਜੀ ਹੁਕੂਮਤ ਦੇ ਦਮਨ ਨੇ ਪੂਰਾ ਕਰ ਦਿੱਤਾ। ਦਿਸੰਬਰ 1921 ਦੇ ਆਓਂਦੇ ਆਓਂਦੇ ਵਿਦਰੋਹ ਪੂਰੀ ਤਰਾਂ ਕੁਚਲ ਦਿੱਤਾ ਗਿਆ। 2337 ਮਾਪਿਲਾ ਮਾਰੇ ਗਏ ਅਤੇ 1652 ਘਾਇਲ ਹੋਏ। ਇਹ ਸਰਕਾਰੀ ਆਂਕੜੇ ਹਨ। ਗੈਰ-ਸਰਕਾਰੀ ਅੰਕੜਿਆਂ ਦੇ ਮੁਤਾਬਿਕ ਇਹ ਸੰਖਿਆ 10 ਹਜ਼ਾਰ ਤੋਂ ਵੀ ਜ਼ਿਆਦਾ ਸੀ। 45404 ਵਿਦਰੋਹੀ ਜਾਂ ਤਾਂ ਪਕੜੇ ਗਏ ਜਾਂ ਓਹਨਾਂ ਨੇ ਆਤਮ-ਸਮਰਪਣ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਮਾਪਿਲਾਵਾਂ ਦਾ ਵਿਦਰੋਹ ਪੂਰੀ ਤਰਾਂ ਟੁੱਟ ਗਿਆ। ਇਸ ਤੋਂ ਬਾਅਦ ਆਜ਼ਾਦੀ ਦੀ ਲੜਾਈ ਵਿੱਚ ਕਿਸੇ ਵੀ ਸਤਰ ਤੇ ਇਹ ਸ਼ਰੀਕ ਨਹੀਂ ਹੋਏ। ਕਿਸੇ ਵੀ ਤਰਾਂ ਦੀ ਰਾਜਨੀਤੀ ਨਾਲ ਇਨਾਂ ਦਾ ਕੋਈ ਸਰੋਕਾਰ ਨਹੀਂ ਰਿਹਾ। ਬਾਅਦ ਦੇ ਸਾਲਾਂ ਵਿੱਚ ਕੇਰਲ ਵਿੱਚ ਵਾਮਪੰਥੀ ਅਗਵਾਈ ਵਿੱਚ ਕਿਸਾਨ ਅੰਦੋਲਨ ਨੇ ਜ਼ੋਰ ਪਕੜਿਆ, ਪ੍ਰੰਤੂ ਇਸ ਵਿੱਚ ਮਾਪਿਲਾ ਸ਼ਾਮਿਲ ਨਹੀਂ ਹੋਏ।

ਉੱਤਰ ਪ੍ਰਦੇਸ਼ ਅਤੇ ਮਾਲਾਬਾਰ ਦੇ ਕਿਸਾਨ ਅੰਦੋਲਨ ਭਾਰਤੀ ਰਾਸ਼ਟਰੀ ਅੰਦੋਲਨ ਦੀ ਰਾਜਨੀਤੀ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਜੁੜੇ ਹੋਏ ਸਨ। ਉ. ਪ੍ਰ. ਵਿੱਚ ਸ਼ੁਰੂ ਵਿੱਚ ਇਸ ਅੰਦੋਲਨ ਨੂੰ ਹੋਮ ਰੂਲ ਲੀਗ ਅੰਦੋਲਨ ਨੇ ਹਵਾ ਦਿੱਤੀ ਅਤੇ ਬਾਅਦ ਵਿੱਚ ਅਸਹਿਯੋਗ ਅਤੇ ਖਿਲਾਫਤ ਅੰਦੋਲਨ ਨੇ। ਅਵਧ ਵਿੱਚ 1921 ਦੇ ਸ਼ੁਰੂ ਦੇ ਮਹੀਨੇ ਵਿੱਚ, ਜਦੋਂ ਕਿਸਾਨਾਂ ਦਾ ਸੰਘਰਸ਼ ਜ਼ੋਰਾਂ ਤੇ ਸੀ, ਕਿਸਾਨਾਂ ਦੀਆਂ ਬੈਠਕਾਂ ਅਤੇ ਅਸਹਿਯੋਗ ਅੰਦੋਲਨ ਦੀਆਂ ਬੈਠਕਾਂ ਵਿੱਚ ਭੇਦ ਕਰਨਾ ਕਾਫੀ ਮੁਸ਼ਕਿਲ ਸੀ। ਮਾਲਾਬਾਰ ਵਿੱਚ ਵੀ ਇਹੀ ਸਥਿਤੀ ਸੀ।ਖਿਲਾਫਤ ਅੰਦੋਲਨ ਅਤੇ ਕਿਸਾਨ ਅੰਦੋਲਨ ਇੱਕ ਦੂਜੇ ਨਾਲ ਇਸ ਤਰਾਂ ਮਿਲ ਗਏ ਸਨ ਕਿ ਓਹਨਾਂ ਵਿੱਚ ਭੇਦ ਕਰ ਪਾਓਣਾ ਮੁਸ਼ਕਿਲ ਸੀ। ਪ੍ਰੰਤੂ ਦੋਹਾਂ ਥਾਵਾਂ ਤੇ ਕਿਸਾਨਾਂ ਦੁਆਰਾ ਹਿੰਸਾ ਦਾ ਰਸਤਾ ਅਖਤਿਆਰ ਕਰਣ ਨਾਲ ਕਿਸਾਨ ਅੰਦੋਲਨ ਰਾਸ਼ਟਰੀ ਅੰਦੋਲਨ ਤੋਂ ਅਲਗ ਹੋ ਗਿਆ। ਰਾਸ਼ਟਰੀ ਨੇਤਾਵਾਂ ਨੇ ਕਿਸਾਨਾਂ ਨੂੰ ਬਾਰ ਬਾਰ ਅਪੀਲਾਂ ਕੀਤੀਆਂ ਕਿ ਹਿੰਸਾ ਦਾ ਰਸਤਾ ਅਖਤਿਆਰ ਨਾ ਕਰਣ। ਅਨੇਕ ਰਾਸ਼ਟਰੀ ਨੇਤਾਵਾਂ ਵਿਸ਼ੇਸ਼ਕਰ ਗਾਂਧੀ ਜੀ, ਨੇ ਬਾਰ-ਬਾਰ ਓਹਨਾਂ ਨੂੰ ਅਪੀਲ ਕੀਤੀ ਕਿ ਓਹ ਕੋਈ ਵੀ ਗਰਮ ਪੰਥੀ ਦਾ ਰਸਤਾ ਨਾ ਅਪਨਾਓਣ, ਜਿਵੇਂ ਜ਼ਿਮੀਦਾਰ ਨੂੰ ਲਗਾਨ ਦੇਣਾ ਆਦਿ।

ਕਿਸਾਨ ਅੰਦੋਲਨ ਅਤੇ ਰਾਸ਼ਟਰੀ ਅੰਦੋਲਨ ਵਿੱਚ ਪਈ ਇਸ ਦਰਾਰ ਨੂੰ ਪਾਟਣ ਦੀ ਰਾਸ਼ਟਰਵਾਦੀ ਨੇਤਾਵਾਂ ਦੁਆਰਾ ਕੀਤੀ ਇਸ ਕੋਸ਼ਿਸ਼ ਦਾ ਕਈ ਵਾਰ ਇਹ ਅਰਥ ਲਗਾਇਆ ਗਿਆ ਕਿ ਓਹਨਾਂ ਨੂੰ ਡਰ ਹੈ ਕਿ ਕਿਤੇ ਅਗਵਾਈ ਦੀ ਵਾਗਡੋਰ ਓਹਨਾਂ ਦੇ ਹੱਥਾਂ ਤੋਂ ਨਿਕਲ ਕੇ ਸਥਾਨਿਕ ਜੁਝਾਰੂ ਅਤੇ ਜ਼ਿਆਦਾ ਲੜਾਕੇ ਲੋਕਾਂ ਦੇ ਹੱਥਾਂ ਵਿੱਚ ਨਾ ਚਲੀ ਜਾਵੇ। ਇਸ ਦਾ ਅਰਥ ਇਹ ਵੀ ਲਗਾਇਆ ਗਿਆ ਕਿ ਰਾਸ਼ਟਰੀ ਅੰਦੋਲਨ ਦੇ ਨੇਤਾਵਾਂ ਦੁਆਰਾ ਕਿਸਾਨਾਂ ਨੂੰ ਹਿੰਸਾ ਦਾ ਰਸਤਾ ਛੱਡਣ ਅਤੇ ਲਗਾਨ ਦਿੰਦੇ ਰਹਿਣ ਦੀ ਸਲਾਹ ਦੇਣ ਦਾ ਮਕਸਦ ਜ਼ਿਮੀਦਾਰਾਂ ਅਤੇ ਅਮੀਰ ਤਬਕਿਆਂ ਦੇ ਹਿਤਾਂ ਦੀ ਰੱਖਿਆ ਕਰਨਾ ਸੀ। ਪ੍ਰੰਤੂ ਆਲੋਚਕ ਇਹ ਭੁੱਲ ਜਾਂਦੇ ਹਨ ਕਿ ਕਿਸਾਨਾਂ ਤੋਂ ਜ਼ਿਆਦਾ ਸ਼ਾਇਦ ਰਾਸ਼ਟਰੀ ਅੰਦੋਲਨ ਦੇ ਨੇਤਾ ਜਾਣਦੇ ਸਨ ਕਿ ਹਿੰਸਾ ਦੀ ਰਾਹ ਪਕੜਣ ਦਾ ਅੰਜਾਮ ਕੀ ਹੋਵੇਗਾ (ਉ. ਪ੍ਰ. ਅਤੇ ਮਾਲਾਬਾਰ ਵਿੱਚ ਸਰਕਾਰ ਨੇ ਹਿੰਸਾਤਮਕ ਕਿਸਾਨ ਅੰਦੋਲਨ ਨੂੰ ਜਿਸ ਤਰਾਂ ਕੁਚਲਿਆ ਸੀ, ਓਹ ਇਸ ਗੱਲ ਦਾ ਸਬੂਤ ਸਨ ਕਿ ਰਾਸ਼ਟਰੀ ਨੇਤਾਵਾ ਦੀ ਆਸ਼ੰਕਾ ਸਹੀ ਸੀ।ਇਸ ਲਈ ਨੇਤਾ ਬਾਰ ਬਾਰ ਕਿਸਾਨਾਂ ਨੂੰ ਸ਼ਾਂਤੀਪੂਰਣ ਪ੍ਰਤੀਰੋਧ ਦੀ ਅਪੀਲ ਕਰਦੇ ਸਨ।

ਕਿਸਾਨਾਂ ਨੂੰ ਲਗਾਨ ਅਦਾਇਗੀ ਬੰਦ ਨਾ ਕਰਨ ਦੀ ਸਲਾਹ ਦੇਣ ਦੇ ਹੋਰ ਵੀ ਕਾਰਣ ਸਨ। ਪਹਿਲੀ ਗੱਲ ਤਾਂ ਇਹ ਸੀ ਕਿ ਕਿਸਾਨਾਂ ਨੇ ਲਗਾਨ ਜਾਂ ਜ਼ਿਮੀਦਾਰੀ ਪ੍ਰਥਾ ਨੂੰ ਖਤਮ ਕਰਣ ਦੀ ਮੰਗ ਨਹੀਂ ਉਠਾਈ ਸੀ। ਓਹ ਸਿਰਫ ਬੇਦਖਲੀ ਰੋਕਣ,

ਨੋਟ

ਮਨਮਾਨੀ ਕਰ ਵਸੂਲੀ ਬੰਦ ਕਰਣ ਦੀ ਮੰਗ ਕਰ ਰਹੇ ਸਨ। ਦੂਜੀ ਗੱਲ ਇਹ ਸੀ ਕਿ ਲਗਾਨ ਅਦਾਇਗੀ ਬੰਦ ਕਰਣ ਦਾ ਮਤਲਬ ਜ਼ਿਮੀਦਾਰ ਨੂੰ ਸਰਕਾਰ ਦੇ ਕਰੀਬ ਲੈ ਜਾਣਾ ਸੀ।ਇਸ ਨਾਲ ਜ਼ਿਮੀਦਾਰ, ਜਿਨਾਂ ਦੀ ਰਾਸ਼ਟਰੀ ਅੰਦੋਲਨ ਅਤੇ ਸੱਤਾ ਦੇ ਵਿੱਚ ਤਟਸਥਤਾ ਦੀ ਭੂਮਿਕਾ ਨਿਭਾਓਣ ਦੀ ਸੰਭਾਵਨਾ ਹੋ ਸਕਦੀ ਸੀ, ਨਿਸ਼ਚਿਤ ਰੂਪ ਨਾਲ ਰਾਸ਼ਟਰੀ ਅੰਦੋਲਨ ਦੇ ਖਿਲਾਫ ਹੋ ਜਾਂਦੇ। ਕਿਸੇ ਵੀ ਅੰਦੋਲਨ ਦੀ ਸਫਲਤਾ ਦੀ ਪਹਿਲੀ ਸ਼ਰਤ ਹੁੰਦੀ ਹੇ ਉਸਦੇ ਦੁਸ਼ਮਣਾਂ ਦੀ ਸੰਖਿਆ ਘੱਟ ਰੱਖਣਾ, ਓਹ ਵੀ ਉਦੋਂ, ਜਦੋਂ ਅੰਦੋਲਨ ਕਮਜ਼ੋਰ ਹੋਵੇ ਜਾਂ ਅਜ਼ਮਾਇਆ ਨਾ ਗਿਆ ਹੋਵੇ। ਇਸ ਗੱਲ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ।

ਟਾਸਕ ਮਾਪਿਲਾ ਵਿਦਰੋਹ ਦਾ ਤਤਕਾਲਿਕ ਕਾਰਣ ਕੀ ਸੀ?

## ਬਾਰਦੌਲੀ ਸੱਤਿਆਗ੍ਰਹਿ

ਸੂਰਤ ਜਿਲੇ (ਗੁਜਰਾਤ) ਦੇ ਬਾਰਦੌਲੀ ਤਾਲੁਕੇ ਵਿੱਚ 1928 ਵਿੱਚ ਲਗਾਨ ਨਾ ਦੇਣ ਦਾ ਅੰਦੋਲਨ ਵੀ ਕੁਝ ਦ੍ਰਿਸ਼ਟੀਕੋਣ ਨਾਲ ਅਸਹਿਯੋਗ ਅੰਦੋਲਨ ਦੀ ਹੀ ਦੇਣ ਹੈ। 1922 ਵਿੱਚ ਇਸੇ ਬਾਰਦੌਲੀ ਤਾਲੁਕੇ ਤੋਂ ਗਾਂਧੀ ਜੀ ਅਸਹਿਯੋਗ ਅੰਦੋਲਨ ਦਾ ਸ਼੍ਰੀਗਣੇਸ਼ ਕਰਣ ਵਾਲੇ ਸਨ, ਪ੍ਰੰਤੂ ਚੌਰੀਚੌਰਾ ਕਾਂਡ ਦੇ ਚਲਦੇ ਅਜਿਹਾ ਸੰਭਵ ਨਾ ਹੋ ਸਕਿਆ। 1922 ਵਿੱਚ ਇਥੋਂ ਤਾਂ ਕੋਈ ਅੰਦੋਲਨ ਨਾ ਛਿੜਿਆ, ਪ੍ਰੰਤੂ ਸਵਿਨਯ ਅਵੱਗਿਆ ਅੰਦੋਲਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਇਹ ਤਾਲੁਕਾ 1922 ਵਿੱਚ ਹੀ ਜ਼ੋਰਦਾਰ ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਬਦ ਗਿਆ। ਸਥਾਨਿਕ ਨੇਤਾ ਜਿਵੇਂ ਕਲਿਆਣ ਜੀ ਅਤੇ ਕੁੰਵਰ ਜੀ ਮੇ ਹਤਾ (ਦੋਵੇਂ ਭਾਈ) ਅਤੇ ਦਿਆਲ ਜੀ ਦੇਸਾਈ ਨੇ ਅਸਹਿਯੋਗ ਅੰਦੋਲਨ ਦੇ ਲਈ ਜਨਮਤ ਤਿਆਰ ਕਰਣ ਵਿੱਚ ਕਾਫੀ ਕੰਮ ਕੀਤਾ ਸੀ। ਇਨਾਂ ਲੋਕਾਂ ਦੇ ਪ੍ਰਯਾਸ ਨਾਲ ਗਾਂਧੀ ਜੀ ਨੇ ਖੇੜਾ ਦੀ ਬਜਾਇ ਬਾਰਦੌਲੀ ਨੂੰ ਅਸਹਿਯੋਗ ਅੰਦੋਲਨ ਲਈ ਚੁਣਿਆ ਸੀ। ਇਹ ਲੋਕ ਇਸ ਖੇਤਰ ਵਿੱਚ ਅਸਹਿਯੋਗ ਅੰਦੋਲਨ ਸ਼ੁਰੂ ਹੋਣ ਤੋਂ ਲਗਭਗ 10 ਸਾਲ ਪਹਿਲਾਂ ਤੋਂ ਹੀ ਸਮਾਜਸੇਵੀ ਅਤੇ ਰਾਜਨੀਤਿਕ ਨੇਤਾ ਦੇ ਰੂਪ ਵਿੱਚ ਕਾਫੀ ਸਕ੍ਰਿਅ ਸਨ। ਕਈ ਰਾਸ਼ਟਰੀ ਸਕੂਲਾਂ ਦੀ ਸਥਾਪਨਾ ਵੀ ਕੀਤੀ ਸੀ। ਵਿਦਿਆਰਥੀਆਂ ਨੂੰ ਸਰਕਾਰੀ ਸਕੂਲ ਛੱਡਣ ਲਈ ਪ੍ਰੇਰਿਤ ਕੀਤਾ ਗਿਆ ਸੀ, ਵਿਦੇਸ਼ੀ ਕੱਪੜਿਆਂ ਅਤੇ ਸ਼ਰਾਬ ਦੇ ਬਹਿਸ਼ਕਾਰ ਦਾ ਪ੍ਰਭਾਵੀ ਅੰਦੋਲਨ ਛੇੜ ਰੱਖਿਆ ਸੀ ਅਤੇ ਸੂਰਤ ਨਗਰਪਾਲਿਕਾ ਉੱਤੇ ਆਪਣਾ ਅਧਿਕਾਰ ਸਥਾਪਿਤ ਕਰਣ ਵਿੱਚ ਸਫਲ ਰਹੇ ਸਨ।ਇਸ ਖੇਤਰ ਦੀਆਂ ਸਭ ਤੋਂ ਮੱਹਤਵਪੂਰਣ ਬਿਰਾਦਰੀਆਂ ਸਨ ਅਨਾਵਿਬਲ ਬ੍ਰਾਹਮਣ ਅਤੇ ਪੱਟੀਦਾਰ। ਅਨਾਵਿਲ ਆਸ਼ਰਮ ਦੀ ਸਥਾਪਨਾ ਕੀਤੀ ਸੀ, ਜ਼ੋ ਇੱਕ ਤਰਾਂ ਨਾਲ ਛਾਤਰਾਵਾਸ ਦਾ ਕੰਮ ਕਰਦੇ ਸਨ। ਆਪਣੇ ਤਮਾਮ ਸੁਧਾਰਵਾਦੀ ਕਦਮਾਂ ਦੇ ਕਾਰਣ ਜਿਨਾਂ ਵਿੱਚ ਸ਼ਾਦੀ-ਵਿਆਹ ਦੇ ਅਤੇ ਹੋਰ ਰੀਤੀ-ਰਿਵਾਜਾ ਦੇ ਸੁਧਾਰ ਦੇ ਕੰਮ ਵੀ ਸ਼ਾਮਿਲ ਸਨ, ਸਮਾਜ ਵਿੱਚ ਇਹਨਾਂ ਦੀ ਬਹੁਤ ਪ੍ਰਤਿਸ਼ਠਾ ਸੀ।

ਅਸਹਿਯੋਗ ਅੰਦੋਲਨ ਵਾਪਿਸ ਲੈ ਲਏ ਜਾਣ ਦੇ ਸ਼ੁਰੂ ਵਿੱਚ ਬਾਰਦੌਲੀ ਕਾਂਗਰਸ ਕਾਰਜਕਰਤਾਵਾਂ ਦਾ ਮਨੋਬਲ ਗਿਰਿਆ, ਪ੍ਰੰਤੂ ਜਲਦੀ ਹੀ ਇਹ ਲੋਕ ਰਚਨਾਤਮਕ ਕੰਮਾਂ ਵਿੱਚ ਜੁਟ ਗਏ। 1922 ਵਿੱਚ ਗਾਂਧੀ ਜੀ ਨੇ ਇਨਾਂ ਨੂੰ ਕਿਹਾ ਸੀ ਕਿ ਤੁਸੀਂ ਆਦੀਵਾਸੀ, ਨੀਚ ਅਤੇ ਅਛੂਤ ਜਾਤੀਆਂ ਲਈ ਕੁਝ ਨਹੀਂ ਕੀਤਾ ਹੈ। ਗਾਂਧੀ ਜੀ ਦੇ ਸੁਝਾਵ ਤੇ ਇਨਾਂ ਲੋਕਾਂ ਨੇ ਅਛੂਤਾਂ ਅਤੇ ਆਦੀਵਾਸੀਆਂ ਵਿੱਚ ਜਿਨਾਂ ਨੂੰ ਕਾਲਿਪਰਾਜ (ਅਸ਼ਵੇਤਜਨ) ਕਿਹਾ ਜਾਂਦਾ ਸੀ, ਕੰਮ ਕਰਨਾ ਸ਼ੁਰੂ ਕੀਤਾ (ਸਵਰਣਾਂ ਜਾਂ ਉੱਚ ਜਾਤੀਆਂ ਨੂੰ ਉਜਲੀਪਰਾਜ ਕਹਿੰਦੇ ਸਨ)। ਤਾਲੁਕੇ ਦੀ 60 ਫੀਸਦੀ ਆਬਾਦੀ ਕਾਲਿਪਰਾਜਾਂ ਦੀ ਸੀ। ਕਾਂਗਰਸ ਦੇ ਇਨਾ ਸਵੈਸੇਵੀਆਂ ਨੇ, ਜੋ ਆਪ ਸਵਰਣ ਜਾਤੀ ਦੇ ਸਨ, ਕਾਲਿਪਰਾਜਾਂ ਅਤੇ ਆਦੀਵਾਸੀ ਜਨਤਾ ਦੇ ਵਿੱਚ 6 ਆਸ਼ਰਮ ਖੋਲੇ। ਇਹ ਆਸ਼ਰਮ ਪੂਰੇ ਤਾਲੁਕੇ ਵਿੱਚ ਭਿੰਨ ਭਿੰਨ ਥਾਵਾਂ ਤੇ ਖੋਲੇ ਗਏ। ਇਨਾ ਦੇ ਮਾਧਿਅਮ ਨਾਲ ਆਦੀਵਾਸੀਆਂ ਅਤੇ ਪਿਛੜੇ ਵਰਗ ਵਿੱਚ ਸਿੱਖਿਆ ਪ੍ਰਸਾਰ ਅਤੇ ਹੋਰ ਕੰਮ ਕੀਤੇ ਗਏ। ਇਨਾਂ ਵਿੱਚੋਂ ਕਈ ਆਸ਼ਰਮ ਅੱਜ ਵੀ ਹਨ।

ਕੁਵੰਰਜੀ ਮੇਹਤਾ ਅਤੇ ਕੇਸ਼ਵਜੀ ਗਣੇਸ਼ਜੀ ਨੇ ਆਦੀਵਾਸੀਆਂ ਦੀ ਬੋਲੀ ਸਿੱਖੀ ਅਤੇ ਕਾਲਿਪਰਾਜ ਸਮੁਦਾਯ ਦੇ ਸਿੱਖਿਅਤ ਲੋਕਾਂ ਦੀ ਸਹਾਇਤਾ ਨਾਲ 'ਕਾਲਿਪਰਾਜ ਸਾਹਿਤ' ਦਾ ਸਿਰਜਣ ਕੀਤਾ। ਕਵਿਤਾਵਾਂ ਅਤੇ ਗੱਦ ਦੇ ਮਾਧਿਅਮ ਨਾਲ ਵਿਆਪਤ ਸਮਾਜਿਕ ਕੁਰੀਤੀਆਂ ਤੇ ਹਮਲਾ ਕੀਤਾ।ਬੰਧੂਆ ਮਜ਼ਦੂਰੀ ਦੇ ਖਿਲਾਫ ਆਵਾਜ਼ ਉਠਾਈ। ਭਜਨ ਮੰਡਲੀਆਂ, ਜਿਨਾਂ ਵਿੱਚ ਕਾਲਿਪਰਾਜ ਅਤੇ ਉਜਲੀਪਰਾਜ ਦੋਵੇਂ ਸਮੁਦਾਯਾਂ ਦੇ ਲੋਕ ਸ਼ਾਮਿਲ ਸਨ, ਘੁੰਮ ਘੁੰਮ ਕੇ ਲੋਕਾਂ ਨੂੰ ਸਮਾਜਿਕ ਸੁਧਾਰਾਂ ਦਾ ਆਦੇਸ਼ ਦਿੰਦੀ ਸੀ। ਕਾਲਿਪਰਾਜ ਨੂੰ ਸਿੱਖਿਅਤ ਕਰਣ ਲਈ ਰਾਤਰੀ ਪਾਠਸ਼ਾਲਾਵਾਂ ਖੋਲੀਆਂ ਗਈਆਂ ਅਤੇ 1927 ਵਿੱਚ ਬਾਰਦੌਲੀ ਕਸਬੇ ਵਿੱਚ ਕਾਲਿਪਰਾਜ ਬੱਚਿਆਂ ਲਈ ਸਕੂਲ ਖੋਲਿਆ ਗਿਆ। ਆਸ਼ਰਮ ਦੇ ਕਾਰਜਕਰਤਾਵਾਂ ਦੀ ਜ਼ਿਮੀਦਾਰਾਂ ਅਤੇ ਉੱਚੀ ਜਾਤੀ ਦੇ ਲੋਕਾਂ ਨਾਲ ਕਈ ਵਾਰ ਝੜਪਾਂ ਹੋ ਜਾਂਦੀਆਂ। ਜ਼ਿਮੀਦਾਰਾਂ ਅਤੇ ਧਨੀ ਕਿਸਾਨਾਂ ਨੂੰ ਲਗਦਾ ਕਿ ਇਹ ਆਸ਼ਰਮ ਵਾਲੇ ਓਹਨਾਂ ਦੇ ਮਜ਼ਦੂਰਾਂ ਨੂੰ ਭੜਕਾ ਰਹੇ ਹਨ। 1922 ਤੋਂ ਬਾਅਦ ਹਰ ਸਾਲ ਕਾਲਿਪਰਾਜ ਸੰਮੇਲਨ ਹੁੰਦਾ ਸੀ। 1927 ਦੇ ਸਾਲਾਨਾ ਸੰਮੇਲਨ ਦੀ ਅਧਿਅਕਸ਼ਤਾ ਗਾਂਧੀ ਜੀ ਨੇ ਕੀਤੀ ਅਤੇ ਕਾਲਿਪਰਾਜ ਸਮੁਦਾਅ ਦੇ ਆਰਥਿਕ-ਸਮਾਜਿਕ ਹਾਲਤ ਦਾ ਅਧਿਅਯਨ ਕਰਣ ਲਈ ਇੱਕ ਜਾਂਚ ਸਮਿਤੀ ਗਠਿਤ ਕੀਤੀ। ਗਾਂਧੀ

ਜੀ ਨੇ ਕਾਲਿਪਰਾਜ ਦਾ ਨਾਂ ਬਦਲ ਕੇ 'ਰਾਣੀਪਰਾਜ' ਰੱਖ ਦਿੱਤਾ। ਇਸਦਾ ਅਰਥ ਸੀ - ਜੰਗਲ ਦੇ ਵਾਸੀ। ਗਾਂਧੀ ਜੀ ਦੀ ਨਿਗਾਹ ਵਿੱਚ ਕਾਲਿਪਰਾਜ (ਅਸ਼ਵੇਤਜਨ) ਸ਼ਬਦ ਅਪਮਾਨਜਨਕ ਸੀ।

ਗੁਜਰਾਤ ਦੇ ਕਈ ਵੱਡੇ ਜਾਣੇ ਮਾਣੇ ਨੇਤਾਵਾ ਜਿਵੇਂ ਨਰਹਰੀ ਪਾਰਿਖ ਅਤੇ ਜਗਤਰਾਮ ਦਵੇ ਨੇ ਕਾਲਿਪਰਾਜ ਸਮੁਦਾਅ ਦੇ ਆਰਥਿਕ, ਸਮਾਜਿਕ ਪਹਿਲੂਆਂ ਦਾ ਅਧਿਅਯਨ ਕੀਤਾ ਅਤੇ ਆਪਣੀ ਰਿਪੋਰਟ ਵਿੱਚ 'ਹਾਲੀ ਪੱਧਤੀ' ਨੂੰ ਬਹੁਤ ਹੀ ਅਮਾਨਵੀ ਅਤੇ ਸ਼ੋਸ਼ਕ ਪੱਧਤੀ ਦੱਸਿਆ। ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਸੂਦਖੋਰ ਅਤੇ ਜਮੀਂਦਾਰ ਗਰੀਬ ਕਾਲਿਪਰਾਜ ਜਨਤਾ ਦਾ ਆਰਥਿਕ ਅਤੇ ਯੌਨ ਸ਼ੋਸ਼ਣ ਕਰ ਰਹੇ ਹਨ। ਜ਼ਿਮੀਦਾਰ ਗਰੀਬ ਔਰਤਾਂ ਨਾਲ ਬਲਾਤਕਾਰ ਕਰਦੇ ਹਨ। ਇਨਾਂ ਸਭ ਰਚਨਾਤਮਕ ਕੰਮਾਂ ਦੇ ਬਲ ਤੇ ਕਾਲਿਪਰਾਜ ਸਮੁਦਾਅ ਦੇ ਵਿੱਚ ਕਾਂਗਰਸ ਦਾ ਇੱਕ ਮਜ਼ਬੂਤ ਆਧਾਰ ਤਿਆਰ ਹੋ ਗਿਆ।

ਆਸ਼ਰਮ ਦੇ ਕਾਰਜਕਰਤਾ ਭੂਮੀਧਰ ਕਿਸਨਾਂ ਦੇ ਵਿੱਚ ਵੀ ਸਕ੍ਰਿਅ ਸਨ। ਇਸ ਵਿੱਚ ਵੀ ਓਹਨਾਂ ਨੇ ਆਪਣੀ ਚੰਗੀ ਜਗਾ ਬਣਾ ਲਈ ਸੀ। ਅਤੇ ਇਸ ਲਈ ਜਨਵਰੀ 1926 ਵਿੱਚ ਜਦੋਂ ਇਹ ਪਤਾ ਚੱਲਿਆ ਕਿ ਲਗਾਨ ਪੁਨਰੀਕਰਣ ਅਧਿਕਾਰੀ ਨੇ ਲਗਾਨ ਵਿੱਚ 30 ਫੀਸਦੀ ਵਾਧੇ ਦੀ ਸਿਫਾਰਿਸ਼ ਕੀਤੀ ਹੈ ਤਾਂ ਕਾਂਗਰਸ ਨੇਤਾਵਾਂ ਨੇ ਫੌਰਨ ਇਸ ਦਾ ਵਿਰੋਧ ਕੀਤਾ। ਅਤੇ ਇਸ ਮਾਮਲੇ ਦੀ ਜਾਂਚ ਦੇ ਲਈ ਬਾਰਦੌਲੀ ਜਾਂਚ ਸਮਿਤੀ ਦਾ ਗਠਨ ਕੀਤਾ ਗਿਆ। ਸਮਿਤੀ ਨੇ ਜੁਲਾਈ 1926 ਵਿੱਚ ਆਪਣੀ ਰਿਪੋਰਟ ਦਿੱਤੀ, ਜਿਸ ਵਿੱਚ ਲਗਾਨ ਵਾਧੇ ਨੂੰ ਅਨੁਚਿਤ ਦੱਸਿਆ ਗਿਆ। ਇਸ ਤੋਂ ਬਾਅਦ ਅਖਬਾਰਾਂ ਨੇ ਲਗਾਨ ਵਾਧੇ ਦੇ ਖਿਲਾਫ ਲਿਖਣਾ ਸ਼ੁਰੂ ਕੀਤਾ। ਪਹਿਲ ਕੀਤੀ 'ਯੰਗ ਇੰਡੀਆ' ਅਤੇ 'ਨਵਜੀਵਨ' ਨੇ, ਬਾਅਦ ਵਿੱਚ 'ਬਾਂਬੇ ਕ੍ਰਾਨੀਕਲ', 'ਬਾਂਬੇ ਸਮਾਚਾਰ', 'ਨਵਾਕਾਲ', 'ਦੇਸ਼ਬੰਧੂ', 'ਮਰਾਠਾ', 'ਜਾਮ-ਏ-ਜਮਸ਼ੇਦ' ਅਤੇ 'ਪ੍ਰਜਾਬੰਧੂ' ਨੇ ਖੂਬ ਲਿਖਿਆ।

ਸੰਵਿਧਾਨਿਕ ਸੰਗਰਸ਼ ਵਿੱਚ ਆਸਥਾ ਰੱਖਣ ਵਾਲੇ ਸਥਾਨਿਕ ਨੇਤਾਵਾ ਨੇ, ਜਿਨਾਂ ਵਿੱਚ ਵਿਧਾਨ ਪਰਿਸ਼ਦ ਦੇ ਮੈਂਬਰ ਵੀ ਸ਼ਾਮਿਲ ਸਨ, ਇਸ ਮੁੱਦੇ ਨੂੰ ਉਠਾਇਆ। ਖੇਦੁਤ ਮੰਡਲ ਦੇ ਮਾਧਿਅਮ ਨਾਲ ਕਿਸਾਨਾਂ ਦੀਆਂ ਬੇਠਕਾ ਆਯੋਜਿਤ ਕੀਤੀਆਂ ਗਈਆਂ ਅਤੇ ਓਹਨਾਂ ਨੂੰ ਜਿਲੇ ਦੇ ਕਲਕਟਰ ਨੂੰ ਯਾਚਿਕਾਵਾਂ ਭੇਜਣ ਦੀ ਸਲਾਹ ਦਿੱਤੀ ਗਈ। ਮਾਰਚ 1927 ਵਿੱਚ ਭੀਮ ਭਾਈ ਨਾਇਕ ਅਤੇ ਸ਼ਿਵਦਾਸਾਨੀ ਦੀ ਅਗਵਾਈ ਵਿੱਚ ਕਿਸਾਨਾਂ ਦਾ ਇੱਕ ਪ੍ਰਤੀਨਿਧੀਮੰਡਲ ਬੰਬਈ ਸਰਕਾਰ ਦੇ ਰਾਜਸਵ ਵਿਭਾਗ ਦੇ ਪ੍ਰਮੁਖ ਅਧਿਕਾਰੀ ਨੂੰ ਮਿਲਿਆ। ਵਿਧਾਨ ਪਰਿਸ਼ਦ ਵਿੱਚ ਵੀ ਇਹ ਮਾਮਲਾ ਉਠਾਇਆ ਗਿਆ ਅਤੇ ਜੁਲਾਈ 1927 ਵਿੱਚ ਸਰਕਾਰ ਨੇ 30 ਫੀਸਦੀ ਲਗਾਨ ਵਾਧੇ ਨੂੰ ਘਟਾਕੇ 21.97 ਫੀਸਦੀ ਕਰ ਦਿੱਤਾ। ਪ੍ਰੰਤੂ ਇਹ ਰਿਆਇਤ ਮਾਮੂਲੀ ਸੀ ਅਤੇ ਏਨੀ ਦੇਰ ਨਾਲ ਘੋਸ਼ਿਤ ਕੀਤੀ ਗਈ ਕਿ ਇਸ ਨਾਲ ਕੋਈ ਵੀ ਸੰਤੁਸ਼ਟ ਨਾ ਹੋਇਆ।ਸੰਵਿਧਾਨਵਾਦੀਆਂ ਨੇ ਹੁਣ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਓਹ ਵਧਿਆ ਹੋਇਆ ਲਗਾਨ ਨਾ ਦੇਣ, ਜਿੰਨਾ ਪਹਿਲਾਂ ਦੇ ਰਹੇ ਸਨ, ਓਨਾ ਹੀ ਦੇਣ। ਦੂਜੇ ਪਾਸੇ ਕਾਂਗਰਸ ਦੇ ਕਾਰਜ ਕਰਤਾਵਾਂ ਦਾ ਕਹਿਣਾ ਸੀ ਕਿ ਜੇਕਰ ਸਰਕਾਰ ਤੇ ਦਬਾਵ ਪਾਓਣਾ ਹੈ, ਤਾਂ ਕਿਸਾਨ ਲਗਾਨ ਦੇਣਾ ਬੰਦ ਕਰ ਦੇਣ।ਪਰ ਇਸ ਮੌਕੇ ਤੇ ਕਿਸਾਨਾਂ ਨੇ ਨਰਮਪੰਥੀ ਨੇਤਾਵਾਂ ਦੀ ਸਲਾਹ ਹੀ ਮੰਨੀ।

ਪ੍ਰੰਤੂ ਜਲਦੀ ਹੀ ਸੰਵਿਧਾਨਵਾਦੀ ਨੇਤਾਵਾਂ ਦੀ, ਅੰਦੋਲਨ ਦੀ ਅਗਵਾਈ ਦੇਣ ਦੀ ਖਮਤਾ ਉਜਾਗਰ ਹੋ ਗਈ। ਓਹ ਵਧਿਆ ਹੋਇਆ ਲਗਾਨ ਨਾ ਦੇਣ ਦੇ ਅੰਦੋਲਨ ਦੀ ਵੀ ਅਗਵਾਈ ਕਰਣ ਵਿੱਚ ਹਿਚਕਿਚਾਓਣ ਲੱਗੇ। ਮਜਬੂਰ ਹੋ ਕੇ ਕਿਸਾਨ ਫਿਰ ਕਾਂਗਰਸ ਨੇਤਾਵਾਂ ਵੱਲ ਵਾਪਿਸ ਆਏ। ਇੱਧਰ ਕਾਂਗਰਸੀ ਨੇਤਾਵਾਂ ਨੇ ਵਲੱਭਭਾਈ ਪਟੇਲ ਨਾਲ ਵੀ ਸੰਪਰਕ ਸਥਾਪਿਤ ਕਰ ਲਿਆ ਸੀ। ਅਤੇ ਓਹਨਾਂ ਤੋਂ ਅੰਦੋਲਨ ਦੀ ਰਹਨੁਮਾਈ ਕਰਣ ਦਾ ਅਨੁਰੋਧ ਕਰ ਰਹੇ ਸਲ। ਕਾਦੋਦ ਸੰਭਾਗ ਦੇ ਬਾਮਨੋ ਪਿੰਡ ਵਿੱਚ 60 ਪਿੰਡਾਂ ਦੇ ਪ੍ਰਤੀਨਿਧੀਆਂ ਦੀ ਬੈਠਕ ਹੋਈ , ਜਿਸ ਵਿੱਚ ਵਲੱਭਭਾਈ ਪਟੇਲ ਨੂੰ ਅੰਦੋਲਨ ਦੀ ਅਗਵਾਈ ਕਰਣ ਲਈ ਔਪਚਾਰਿਕ ਰੂਪ ਵਿੱਚ ਨਿਮੰਤਰਿਤ ਕੀਤਾ ਗਿਆ ਅਤੇ ਜਨਵਰੀ 1928 ਦੇ ਆਖਰੀ ਹਫਤੇ ਵਿੱਚ ਕਿਸਾਨ ਸਮਿਤੀ ਦੇ ਮੈਂਬਰ ਅਤੇ ਸਥਾਨਿਕ ਨੇਤਾ ਵਲੱਭਭਾਈ ਪਟੇਲ ਨੂੰ ਬਾਰਦੌਲੀ ਆਓਣ ਦਾ ਨਿਮੰਤਰਣ ਦੇਣ ਲਈ ਅਹਿਮਦਾਬਾਦ ਗਏ। ਵਲੱਭਭਾਈ ਪਟੇਲ ਨੇ ਨਿਮੰਤਰਣ ਸਵੀਕਾਰ ਕਰ ਲਿਆ ਅਤੇ 5 ਫਰਵਰੀ, 1928 ਤੋਂ ਪਹਿਲਾਂ ਬਾਰਦੌਲੀ ਆਓਣ ਦਾ ਆਸ਼ਵਾਸਨ ਦਿੱਤਾ (ਓਹ ਤਾਰੀਖ ਜਿਸ ਨੂੰ ਲਗਾਨ ਦੇਣਾ ਤੈਅ ਸੀ।) ਇਨਾਂ ਸਥਾਨਿਕ ਨੇਤਾਵਾਂ ਨੇ ਗਾਂਧੀ ਜੀ ਨਾਲ ਵੀ ਭੇਂਟ ਕੀਤੀ ਅਤੇ ਗਾਂਧੀ ਜੀ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਕਿਸਾਨ ਇਸ ਅੰਦੋਲਨ ਦੇ ਨਾਲ ਹਨ, ਤਾਂ ਓਹਨਾਂ ਨੇ ਵੀ ਇਸ ਨੂੰ ਆਪਣਾ ਸਮਰਥਨ ਦਿੱਤਾ।

4 ਫਰਵਰੀ ਨੂੰ ਵਲੱਭਭਾਈ ਪਟੇਲ ਬਾਰਦੌਲੀ ਪਹੁੰਚੇ ਅਤੇ ਕਿਸਾਨਾਂ ਦੇ ਪ੍ਰਤੀਨਿਧੀਆਂ ਅਤੇ ਸੰਵਿਧਾਨਵਾਦੀਆਂ ਨਾਲ ਲੰਬੀ ਗੱਲ ਕੀਤੀ। ਕਈ ਬੈਠਕਾਂ ਹੋਈਆਂ। ਅਜਿਹੀ ਇੱਕ ਬੈਠਕ ਦੇ ਦੌਰਾਨ ਨਰਮਪੰਥੀ ਨੇਤਾਵਾਂ ਨੇ ਕਿਸਾਨਾਂ ਨੂੰ ਖੁੱਲੇ ਤੌਰ ਤੇ ਇਹ ਕਿਹਾ ਕਿ ਅੰਦੋਲਨ ਦੇ ਓਹਨਾਂ ਦੇ ਤਮਾਮ ਸੰਵਿਧਾਨਿਕ ਤਰੀਕੇ ਅਸਫਲ ਹੋ ਗਏ ਹਨ, ਇਸ ਲਈ ਵਲੱਭਭਾਈ ਪਟੇਲ ਦੇ ਸੁਝਾਏ ਹੋਏ ਤਰੀਕਿਆਂ ਤੇ ਚੱਲਣ। ਵਲੱਭਭਾਈ ਪਟੇਲ ਨੇ ਕਿਸਾਨਾਂ ਨੂੰ ਸਪਸ਼ਟ ਕਰ ਦਿੱਤਾ ਕਿ ਪ੍ਰਸਤਾਵਿਤ ਅੰਦੋਲਨ ਦੇ ਨਤੀਜੇ ਕੀ ਕੀ ਹੋ ਸਕਦੇ ਸਨ।ਓਹਨਾਂ ਨੇ ਕਿਸਾਨਾਂ ਨੂੰ ਇਸ ਮੁੱਦੇ ਤੇ ਵਿਚਾਰ ਕਰਣ ਲਈ ਇੱਕ ਹਫਤੇ ਦਾ ਸਮਾਂ ਦਿੱਤਾ। ਉੱਥੋਂ ਓਹ ਅਹਿਮਦਾਬਾਦ ਆਏ ਅਤੇ ਬੰਬਈ ਦੇ ਗਵਰਨਰ ਨੂੰ ਇੱਕ ਖਤ ਲਿਖਿਆ।ਇਸ ਖਤ ਵਿੱਚ ਓਹਨਾ ਨੇ ਲਿਖਿਆ ਸੀ ਕਿ ਸਰਕਾਰ ਨੇ ਲਗਾਨ ਨਿਰਧਾਰਣ ਵਿੱਚ ਗਲਤੀ ਕੀਤੀ ਹੈ। ਇਹ ਗਲਤ ਆਂਕੜਿਆਂ ਤੇ ਆਧਾਰਿਤ ਹੈ। ਵਲੱਭਭਾਈ ਪਟੇਲ ਨੇ ਸਰਕਾਰ ਤੋਂ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਣ ਦਾ ਅਨੁਰੋਧ ਕੀਤਾ, ਨਾਲ ਹੀ ਇਹ ਵੀ ਧਮਕੀ ਦਿੱਤੀ ਕਿ ਨਿਰਪੱਖ ਜਾਂਚ ਨਹੀਂ ਕਰਾਈ ਗਈ ਤਾਂ ਓਹ ਕਿਸਾਨਾਂ ਨੂੰ ਲਗਾਨ ਨਾ ਦੇਣ ਦੀ ਸਲਾਹ ਦੇਣਗੇ। ਇਸ ਦਾ ਨਤੀਜਾ ਚਾਹੇ ਜੋ ਵੀ ਹੋਵੇ। ਗਵਰਨਰ ਦੇ ਸਚਿਵ ਨੇ ਵਲੱਭਭਾਈ ਪਟੇਲ ਨੂੰ ਜਵਾਬ ਦਿੱਤਾ ਕਿ ਓਹਨਾਂ ਦਾ ਖਤ ਰਾਜਸਵ ਵਿਭਾਗ ਨੂੰ ਭੇਜ ਦਿੱਤਾ ਗਿਆ ਹੈ।

ਨੋਟ

12 ਫਰਵਰੀ ਨੂੰ ਵਲੱਭਭਾਈ ਪਟੇਲ ਬਾਰਦੌਲੀ ਵਾਪਿਸ ਆਏ ਅਤੇ ਕਿਸਾਨ ਪ੍ਰਤੀਨਿਧੀਆਂ ਨੂੰ ਸਾਰਾ ਕਿੱਸਾ ਦੱਸਿਆ। ਇਸ ਤੋਂ ਬਾਅਦ ਬਾਰਦੌਲੀ ਕਿਸਾਨਾਂ ਦੀ ਬੈਠਕ ਹੋਈ ਅਤੇ ਇੱਕ ਪ੍ਰਸਤਾਵ ਪਾਸ ਕਰ ਕੇ ਲਗਾਨ ਦੀ ਅਦਾਇਗੀ ਉਦੋਂ ਤੱਕ ਨਾ ਦੇਣ ਦਾ ਨਿਰਣਾ ਕੀਤਾ ਗਿਆ ਜਦੋਂ ਤੱਕ ਸਰਕਾਰ ਕਿਸੇ ਨਿਰਪੱਖ ਟ੍ਰਿਬਿਊਨਲ ਦਾ ਗਠਨ ਨਹੀਂ ਕਰਦੀ ਜਾਂ ਪਹਿਲਾਂ ਤੋਂ ਹੀ ਦਿੱਤੇ ਜਾ ਰਹੇ ਲਗਾਨ ਨੂੰ ਹੀ ਪੂਰੀ ਅਦਾਇਗੀ ਨਹੀਂ ਮੰਨਦੀ। ਕਿਸਾਨਾਂ ਨੇ 'ਪ੍ਰਭੂ' ਅਤੇ 'ਖੁਦਾ' ਦੇ ਨਾਂ ਤੇ ਸ਼ਪਥ ਲਈ ਕਿ ਓਹ ਲਗਾਨ ਨਹੀਂ ਦੇਣਗੇ। ਪ੍ਰਸਤਾਵ ਪਾਸ ਹੋਣ ਤੋਂ ਬਾਅਦ ਗੀਤਾ ਅਤੇ ਕੁਰਾਣ ਦਾ ਪਾਠ ਹੋਇਆ ਅਤੇ ਹਿੰਦੂ ਮੁਸਲਮਾਨ ਏਕਤਾ ਜਤਾਓਣ ਵਾਲੇ ਕਬੀਰ ਦੇ ਦੋਹੇ ਸ਼ੁਰੂ ਹੋਏ। ਸੱਤਿਆਗ੍ਰਹਿ ਸ਼ੁਰੂ ਹੋ ਗਿਆ।

1874 ਵਿੱਚ ਜੰਮੇ ਵਲੱਭਭਾਈ ਪਟੇਲ ਹੀ ਇਸ ਅੰਦੋਲਨ ਦੇ ਸਹੀ ਮੁਖੀਆ ਹੋ ਸਕਦੇ ਸਨ। 'ਖੇੜਾ ਸੱਤਿਆਗ੍ਰਹਿ', 'ਨਾਗਪੁਰ ਫਲੈਗ ਸੱਤਿਆਗ੍ਰਹਿ' ਅਤੇ ਬਲਸਾਡ ਸੱਤਿਆਗ੍ਰਹਿ ਦੇ ਮਾਧਿਅਮ ਨਾਲ ਓਹ ਗੁਜਰਾਤ ਦੇ ਬਹੁਚਰਚਿਤ ਅਤੇ ਸੰਮਾਨਿਤ ਨੇਤਾ ਹੋ ਗਏ ਸਨ। ਗਾਂਧੀ ਤੋਂ ਬਾਅਦ ਓਹੀ ਦੂਜੇ ਨੰਬਰ ਤੇ ਆਓਂਦੇ ਸਨ। ਸੰਗਠਨਕਰਤਾ, ਵਕਤਾ, ਸੰਘਰਸ਼ਸ਼ੀਲ ਵਿਅਕਤੀਤੱਵ ਦੇ ਰੂਪ ਵਿੱਚ ਓਹ ਪਹਿਲਾਂ ਹੀ ਜਾਣੇ ਜਾਂਦੇ ਸਨ। ਬਾਰਦੌਲੀ ਸੱਤਿਆਗ੍ਰਹਿ ਵਿੱਚ ਓਹਨਾਂ ਨੂੰ 'ਸਰਦਾਰ' ਦੀ ਉਪਾਧੀ ਦਿੱਤੀ ਗਈ। ਓਹਨਾਂ ਨੂੰ ਇਹ ਖਿਤਾਬ ਦਿੱਤਾ ਬਾਰਦੌਲੀ ਦੀ ਔਰਤਾਂ ਨੇ। ਬਾਰਦੌਲੀ ਦੀ ਜਨਤਾ ਅੱਜ ਵੀ ਵਲੱਭਭਾਈ ਪਟੇਲ ਦੇ ਭਾਸ਼ਣਾਂ ਨੂੰ ਯਾਦ ਕਰਦੀ ਹੈ। ਓਹਨਾਂ ਭਾਸ਼ਣਾਂ ਨੂੰ ਜੋ ਕਿਸਾਨਾਂ ਦੇ ਦਿਲਾਂ ਨੂੰ ਛੂਹ ਲੈਂਦੇ ਸਨ। ਬਾਰਦੌਲੀ ਦੇ ਕਿਸਾਨ ਅੱਜ ਵੀ ਕਹਿੰਦੇ ਹਨ, "ਓਹਨਾਂ ਦੇ ਭਾਸ਼ਣ ਤਾਂ ਮੁਰਦਿਆਂ ਨੂੰ ਵੀ ਜ਼ਿੰਦਾ ਕਰਣ ਵਾਲੇ ਸਨ।"

ਵਲੱਭਭਾਈ ਪਟੇਲ ਨੇ ਪੂਰੇ ਇਲਾਕੇ ਨੂੰ 13 ਕਾਰਜਕਰਤਾ ਸ਼ਿਵਿਰਾਂ ਵਿੱਚ ਵੰਡ ਦਿੱਤਾ ਅਤੇ ਹਰ ਸ਼ਿਵਿਰ ਦੇ ਸੰਚਾਲਨ ਲਈ ਇੱਕ ਇੱਕ ਅਨੁਭਵੀ ਨੇਤਾ ਤੈਨਾਤ ਕੀਤਾ ਗਿਆ। ਪ੍ਰਾਂਤ ਦੇ ਵੱਖ ਵੱਖ ਹਿੱਸਿਆਂ ਤੋਂ ਲਗਭਗ 100 ਰਾਜਨੀਤਿਕ ਕਾਰਜਕਰਤਾ ਅਤੇ 1500 ਸਵੈਸੇਵੀ, ਜਿਨਾਂ ਵਿਚ ਜ਼ਿਆਦਾਤਰ ਵਿਦਿਆਰਥੀ ਸਨ, ਇਸ ਅੰਦੋਲਨ ਦੀ ਸੇਨਾ ਸਨ। ਇੱਕ ਪ੍ਰਕਾਸ਼ਨ ਵਿਭਾਗ ਵੀ ਬਣਾਇਆ ਗਿਆ ਜਿੱਥੋਂ ਰੋਜ਼ 'ਬਾਰਦੌਲੀ ਸੱਤਿਆਗ੍ਰਹਿ ਪੱ੍ਰਤਿਕਾ' ਦਾ ਪ੍ਰਕਾਸ਼ਨ ਹੁੰਦਾ ਸੀ, ਜਿਸ ਵਿੱਚ ਬੜੇ ਹੀ ਸਰਲ, ਸੁਬੋਧ ਅਤੇ ਵਿਅੰਗਪੂਰਣ ਸ਼ੈਲੀ ਵਿੱਚ ਲੇਖ ਲਿਖੇ ਜਾਂਦੇ ਸਨ। ਨੇਤਾਵਾਂ ਦੇ ਭਾਸ਼ਣ ਅਤੇ ਕਿਸਾਨਾਂ ਦੀ ਕੁਰਕੀ ਦੀਆਂ ਤਸਵੀਰਾਂ ਵੀ ਛਾਪੀਆਂ ਜਾਂਦੀਆਂ ਸਨ। ਸਵੈਸੇਵਕ ਇਸ ਪੱਤ੍ਰਿਕਾ ਨੂੰ ਤਾਲੁਕੇ ਦੇ ਹਰ ਹਿੱਸੇ ਵਿੱਚ ਪਹੁੰਚਾਂਦੇ। ਅੰਦੋਲਨ ਦਾ ਆਪਣਾ ਖੁਫੀਆ ਵਿਭਾਗ ਸੀ। ਇਸ ਦਾ ਕੰਮ ਇਹ ਪਤਾ ਲਗਾਓਣਾ ਹੁੰਦਾ ਸੀ ਕਿ ਕਿਤੇ ਕੋਈ ਲਗਾਨ ਤਾਂ ਨਹੀਂ ਦੇ ਰਿਹਾ ਅਤੇ ਜੇਕਰ ਦੇ ਵੀ ਰਿਹਾ ਹੈ ਜਾਂ ਦੇਣ ਦਾ ਮਨ ਬਣਾ ਰਿਹਾ ਹੈ ਤਾਂ ਉਸ ਨੂੰ ਰੋਕਿਆ ਜਾਂਦਾ ਸੀ। ਇਹ ਵਿਭਾਗ ਇਹ ਵੀ ਪਤਾ ਲਗਾਓਂਦਾ ਸੀ ਕਿ ਸਰਕਾਰ ਹੁਣ ਕੀ ਕਰਣ ਵਾਲੀ ਹੇ, ਕਿਸ ਦੀ ਸੰਪਤੀ ਜ਼ਬਤ ਕਰਣ ਵਾਲੀ ਹੈ। ਜਿਵੇਂ ਹੀ ਪਤਾ ਚਲਦਾ, ਸੰਬੰਧਿਤ ਵਿਅਕਤੀ ਨੂੰ ਖਬਰ ਕਰ ਦਿੱਤੀ ਜਾਂਦੀ। ਕਦੇ ਉਸਨੂੰ ਹੁਸ਼ਿਆਰ ਰਹਿਣ ਨੂੰ ਕਿਹਾ ਜਾਂਦਾ ਅਤੇ ਕਦੇ ਕਦੇ ਪੜੌਸ ਦੀ ਬੜੌਦਾ ਰਿਆਸਤ ਵਿੱਚ ਭੇਜ ਦਿੱਤਾ ਜਾਂਦਾ।

ਸੰਘਰਸ਼ ਦੇ ਲਈ ਜਾਗਰੁਕਤਾ ਪੈਦਾ ਕਰਨ ਦਾ ਕੰਮ ਮੁੱਖ ਰੂਪ ਵਿੱਚ ਬੈਠਕਾਂ, ਭਾਸ਼ਣਾਂ, ਪਰਚਿਆਂ ਆਦਿ ਦੇ ਮਾਧਿਅਮ ਨਾਲ ਘਰ ਘਰ ਜਾ ਕੇ ਕੀਤਾ ਜਾਂਦਾ। ਮਹਿਲਾਵਾਂ ਨੂੰ ਜਾਗਰੂਕ ਕਰਣ ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਇਸ ਕੰਮ ਦੇ ਲਈ ਬੰਬਈ ਦੀ ਪਾਰਸੀ ਮਹਿਲਾ ਮੀਠੂਬੇਨ ਪੇਟਿਟ, ਭਗਤੀਬਾ (ਦਰਬਾਰ ਗੋਪਾਲਦਾਸ ਦੀ ਪਤਨੀ), ਮਨੀਬੇਨ ਪਟੇਲ (ਵਲੱਭਭਾਈ ਪਟੇਲ ਦੀ ਬੇਟੀ), ਸ਼ਾਰਦਾਬੇਨ ਸ਼ਾਹ ਅਤੇ ਸ਼ਾਰਦਾ ਮੇਹਤਾ ਨੂੰ ਵਿਸ਼ੇਸ਼ ਰੂਪ ਤੇ ਲਗਾਇਆ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਕਈ ਵਾਰ ਬੇਠਕਾਂ ਵਿੱਚ ਮਹਿਲਾਵਾਂ ਦੀ ਸੰਖਿਆ ਪੁਰਸ਼ਾਂ ਤੋਂ ਜ਼ਿਆਦਾ ਹੋ ਜਾਂਦੀ ਸੀ। ਓਹਨਾਂ ਉੱਤੇ ਸਰਕਾਰ ਦੀਆਂ ਧਮਕੀਆਂ ਦਾ ਕੋਈ ਅਸਰ ਨਾ ਪਿਆ। ਵਿਦਿਆਰਥੀਆਂ ਨੂੰ ਕਿਹਾ ਗਿਆ ਕਿ ਓਹ ਆਪਣੇ ਪਰਵਿਾਰਾਂ ਨੂੰ ਸਮਝਾਓਣ, ਓਹਨਾਂ ਦਾ ਸਾਹਸ ਵਧਾਓਣ ਅਤੇ ਸੰਘਰਸ਼ ਦਾ ਸਮਰਥਨ ਕਰਣ ਨੂੰ ਕਹਿਣ।

ਜੋ ਲੋਕ ਡਰ ਦੇ ਮਾਰੇ ਲਗਾਨ ਅਦਾਇਗੀ ਦੀ ਗੱਲ ਸੋਚ ਰਹੇ ਸਨ, ਜਾਂ ਚੁਪਕੇ ਚੁਪਕੇ ਲਗਾਨ ਦੇ ਰਹੇ ਸਨ, ਓਹ ਵੀ ਰਸਤੇ ਤੇ ਆ ਗਏ। ਕਿਓਂਕਿ ਅੰਦੋਲਨਕਾਰੀਆਂ ਨੇ ਓਹਨਾ ਦੇ ਸਮਾਜਿਕ ਬਹਿਸ਼ਕਾਰ ਦੀ ਧਮਕੀ ਦਿੱਤੀ ਸੀ। ਇਸ ਉਦੇਸ਼ ਦੇ ਲਈ ਜਾਤੀ ਅਤੇ ਗ੍ਰਾਮ ਪੰਚਾਇਤਾਂ ਦਾ ਪੂਰਾ ਸਹਿਯੋਗ ਲਿਆ ਗਿਆ। ਢੁਲਮੁਲ ਨੀਤੀ ਅਪਨਾਓਣ ਵਾਲਿਆਂ ਨੂੰ ਲੱਗਿਆ ਕਿ ਓਹਨਾਂ ਨੂੰ ਜਾਤ ਨਿਕਾਲਾ ਦੇ ਦਿੱਤਾ ਜਾਵੇਗਾ ਅਤੇ ਨਾਈ, ਧੋਬੀ, ਕਹਾਰ, ਕੁਮਹਾਰ ਅਤੇ ਮਜ਼ਦੂਰ ਸਾਰੇ ਓਹਨਾਂ ਦਾ ਬਹਿਸ਼ਕਾਰ ਕਰ ਦੇਣਗੇ। ਇਸ ਡਰ ਨਾਲ ਲੋਕਾਂ ਦੇ ਦਿਲਾਂ ਤੋਂ ਸਰਕਾਰ ਦਾ ਡਰ ਨਿਕਲ ਗਿਆ ਅਤੇ ਇਹ ਲੋਕ ਵੀ ਅੰਦੋਲਲ ਦੇ ਸਮਰਥਕ ਹੋ ਗਏ।

ਸਰਕਾਰ ਨੇ ਕਦੇ ਇਸ ਤਰਾਂ ਦੇ ਪ੍ਰਤੀਰੋਧ ਦਾ ਸਾਹਮਣਾ ਨਹੀਂ ਕੀਤਾ ਸੀ। ਸਰਕਾਰੀ ਅਧਿਕਾਰੀਆਂ ਦੇ ਖਿਲਾਫ ਸਮਾਜਿਕ ਬਹਿਸ਼ਕਾਰ ਦਾ ਅਸਤਰ ਪੂਰੀ ਤਰਾਂ ਪ੍ਰਯੋਗ ਕੀਤਾ ਗਿਆ। ਓਹਨਾਂ ਨੂੰ ਵਾਹਨ, ਖਾਦ ਸਾਮੱਗਰੀ ਅਤੇ ਹੋਰ ਜ਼ਰੂਰੀ ਚੀਜ਼ਾਂ ਤੋਂ ਵੰਚਿਤ ਰਹਿਣਾ ਪਿਆ। ਨੌਕਰ ਚਾਕਰ ਵੀ ਨਹੀਂ ਮਿਲ ਰਹੇ ਸਨ। ਸਰਕਾਰੀ ਕੰਮ-ਕਾਜ ਕਰਨਾ ਵੀ ਮੁਸ਼ਕਿਲ ਹੋ ਰਿਹਾ ਸੀ। ਕਾਂਗਰਸ ਨੇ ਕਾਲਿਪਰਾਜ ਸਮੁਦਾਅ ਦੇ ਵਿੱਚ ਜੋ ਕਾਰਜ ਕੀਤੇ ਸਨ, ਓਹਨਾ ਦਾ ਫਾਇਦਾ ਵੀ ਉਸ ਨੂੰ ਇਸ ਅੰਦੋਲਨ ਵਿੱਚ ਮਿਲਿਆ। ਸਰਕਾਰ ਨੇ ਕਾਲਿਪਰਾਜ ਅਰਥਾਤ ਆਦੀਵਾਸੀਆਂ ਅਤੇ ਅਛੂਤਾਂ ਨੂੰ ਸਵਰਣਾਂ ਦੇ ਖਿਲਾਫ ਭੜਕਾਓਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਕਾਮਯਾਬੀ ਨਹੀਂ ਮਿਲੀ।

ਸਰਦਾਰ ਵਲੱਭਭਾਈ ਪਟੇਲ ਅਤੇ ਓਹਨਾਂ ਦੇ ਸਹਿਯੋਗੀ ਵੀ ਅਹਿਮ ਮੁੱਦਿਆਂ ਤੇ ਸੰਵਿਧਾਨਵਾਦੀਆਂ, ਨਰਮਪੰਥੀਆਂ ਅਤੇ ਜਨਤਾ ਦੀ ਰਾਏ ਲੈਣ ਦਾ ਪੂਰਾ ਪ੍ਰਯਾਸ ਕਰਦੇ। ਇਸ ਦਾ ਨਤੀਜਾ ਇਹ ਹੋਇਆ ਕਿ ਸਰਕਾਰ ਦੇ ਸਮਰਥਕ, ਉਸ ਦੇ ਪ੍ਰਤੀ ਨਰਮ ਰੁਖ ਅਪਨਾਓਣ ਵਾਲੇ ਵੀ ਕਿਸਾਨਾਂ ਦੇ ਖੇਮ ਵਿੱਚ ਆਓਣ ਲੱਗੇ, ਓਹਨਾਂ ਦਾ ਸਮਰਥਨ ਕਰਣ ਲੱਗੇ। ਬੰਬਈ ਵਿਧਾਨ ਪਰਿਸ਼ਦ

ਦੇ ਕਈ ਮੈਂਬਰਾਂ ਨੇ ਇਸਤੀਫਾ ਦੇ ਦਿੱਤਾ। ਨਰਮਪੰਥੀਆਂ ਦੇ ਇੱਕ ਸੰਗਠਨ 'ਸਰਵੇਂਟ ਓਫ ਇੰਡੀਆ ਸੁਸਾਇਟੀ' ਨੂੰ ਕਾਂਗਰਸ ਦੇ ਨੇਤਾਵਾਂ ਨੇ ਅਨੁਰੋਧ ਕੀਤਾ ਕਿ ਓਹ ਕਿਸਾਨਾਂ ਦੀਆਂ ਤਮਾਮ ਸ਼ਿਕਾਇਤਾਂ ਦੀ ਜਾਂਚ ਕਰੇ। ਜਾਂਚ ਤੋਂ ਬਾਅਦ ਇਸ ਨੇ ਜੋ ਰਿਪੋਰਟ ਪੇਸ਼ ਕੀਤੀ, ਉਸ ਨਾਲ ਅਨੇਕ ਬਾਕੀ ਨਰਮਪੰਥੀ ਨੇਤਾ ਵੀ ਸੰਘਰਸ਼ ਦੇ ਸਮਰਥਕ ਹੋ ਗਏ।

ਗਵਰਨਰ ਦੀ ਕਾਰਜਕਾਰੀ ਪਰਿਸ਼ਦ ਦੇ ਭਾਰਤੀ ਮੈਂਬਰਾਂ ਦਾ ਵੀ ਹੁਣ ਤੱਕ ਮੋਹਭੰਗ ਹੋ ਗਿਆ ਸੀ। ਓਹ ਹੁਣ ਦਮਨਕਾਰੀ ਸੱਤਾ ਦੇ ਪੱਖ ਵਿੱਚ ਨਹੀਂ ਸਨ।ਜੁਲਾਈ 1928 ਦਾ ਅੰਤ ਆਓਂਦੇ ਆਓਂਦੇ ਵਾਈਸ ਰਾਏ ਲਾਰਡ ਇਰਵਿਨ ਨੂੰ ਵੀ ਪਤਾ ਲੱਗਣ ਲੱਗਾ ਕਿ ਮਾਮਲਾ ਗੜਬੜ ਹੇ। ਉਸ ਨੇ ਗਵਰਨਰ ਵਿਲਸਨ ਤੇ ਦਬਾਅ ਪਾਇਆ ਕਿ ਓਹ ਮਾਮਲੇ ਨੂੰ ਜਲਦੀ ਰਫਾ ਦਫਾ ਕਰਣ। ਬ੍ਰਿਟੇਨ ਦੀ ਸੰਸਦ ਵਿੱਚ ਵੀ ਇਸ ਮਾਮਲੇ ਤੇ ਸਵਾਲ ਉਠਾਏ ਜਾਣ ਲੱਗੇ।

ਦੇਸ਼ ਵਿੱਚ ਜਨਮਤ ਲਗਾਤਾਰ ਸਰਕਾਰ ਵਿਰੋਧੀ ਹੁੰਦਾ ਜਾ ਰਿਹਾ ਸੀ। ਬੰਬਈ ਪ੍ਰੈਜ਼ੀਡੈਂਸੀ ਦੇ ਕਈ ਹਿੱਸਿਆਂ ਵਿੱਚ ਕਿਸਾਨ ਆਪਣੇ ਲਗਾਨ ਦੇ ਪੁਨਰਨਿਰਧਾਰਣ ਲਈ ਅੰਦੋਲਨ ਦੀ ਧਮਕੀ ਦੇ ਰਹੇ ਸਨ।ਬੰਬਈ ਦੇ ਕੱਪੜਾ ਮਿਲਾਂ ਦੇ ਮਜ਼ਦੂਰ ਹੜਤਾਲ ਤੇ ਸਨ ਅਤੇ ਸਰਕਾਰ ਨੂੰ ਡਰ ਸੀ ਕਿ ਕਿਤੇ ਸਰਦਾਰ ਵਲੱਭਭਾਈ ਪਟੇਲ ਅਤੇ ਬੰਬਈ ਦੇ ਕਮਿਊਨਿਸਟ ਨੇਤਾ ਮਿਲ ਕੇ ਹੜਤਾਲ ਨਾ ਕਰਾ ਦੇਣ। ਇਸ ਨਾਲ ਸੈਨਾ ਅਤੇ ਰਸਦ ਦਾ ਬਾਰਦੋਲੀ ਪਹੁੰਚਣਾ ਅਸੰਭਵ ਹੋ ਜਾਵੇਗਾ। ਬਾਂਬੇ ਯੂਥ ਲੀਗ ਅਤੇ ਹੋਰ ਸੰਗਠਨ ਬੰਬਈ ਦੀ ਜਨਤਾ ਨੂੰ ਉਤਸਾਹਿਤ ਕਰਣ ਵਿੱਚ ਬਹੁਤ ਹੱਦ ਤੱਕ ਸਫਲ ਰਹੇ ਸਨ। ਜਨਸਭਾਵਾਂ ਅਤੇ ਪ੍ਰਦਰਸ਼ਨਾਂ ਦਾ ਸਿਲਸਿਲਾ ਜਾਰੀ ਸੀ। ਪੰਜਾਬ ਤੋਂ ਬਾਰਦੋਲੀ ਦੇ ਲਈ ਜੱਥਿਆਂ ਦੀਆਂ ਪੈਦਲ ਰਵਾਨਗੀ ਦੀਆਂ ਗੱਲਾਂ ਉੱਠ ਰਹੀਆਂ ਸਨ। 2 ਅਗਸਤ, 1928 ਨੂੰ ਗਾਂਧੀ ਜੀ ਬਾਰਦੋਲੀ ਪਹੁੰਚ ਗਏ।ਇਸ ਮਤਲਬ ਨਾਲ ਕਿ ਜੇਕਰ ਸਰਕਾਰ ਪਟੇਲ ਨੂੰ ਗ੍ਰਿਫਤਾਰ ਕਰਦੀ ਹੇ ਤਾਂ ਓਹ ਅੰਦੋਲਨ ਦੀ ਵਾਗਡੋਰ ਆਪ ਸੰਭਾਲ ਲੈਣਗੇ। ਇਨਾਂ ਪਰਿਸਥਿਤੀਆਂ ਵਿੱਚ ਹੁਣ ਸਰਕਾਰ ਕੀ ਕਰ ਸਕਦੀ ਸੀ। ਓਹ ਮੂੰਹ ਛੁਪਾਓਣ ਦਾ ਬਹਾਨਾ ਲੱਭਣ ਲਈ ਮਜਬੂਰ ਸੀ।

ਉਸ ਨੂੰ ਮੂੰਹ ਛਿਪਾਓਣ ਦਾ ਬਹਾਨਾ ਮਿਲ ਗਿਆ। ਸੂਰਤ ਦੇ ਵਿਧਾਨ ਪਰਿਸ਼ਦ ਮੈਂਬਰਾਂ ਨੇ ਗਵਰਨਰ ਨੂੰ ਇੱਕ ਚਿੱਠੀ ਲਿਖੀ, ਜਿਸ ਵਿੱਚ ਲਿਖਿਆ ਸੀ ਕਿ, "ਜਾਂਚ ਲਈ ਜੋ ਸ਼ਰਤਾਂ ਤੁਸੀਂ ਰੱਖੀਆਂ ਹਨ ਓਹ ਮੰਨ ਲਈਆਂ ਜਾਣਗੀਆਂ।" ਓਹ ਸ਼ਰਤਾਂ ਕੀ ਸਨ, ਇਸ ਦਾ ਚਿੱਠੀ ਵਿੱਚ ਜ਼ਿਕਰ ਨਹੀਂ ਸੀ। ਅਸਲ ਵਿੱਚ ਸਰਕਾਰ ਇਹ ਮੰਨ ਗਈ ਕਿ ਓਹ ਵਧੇ ਹੋਏ ਲਗਾਨ ਦੀ ਵਸੂਲੀ ਤੇ ਜ਼ੋਰ ਨਹੀਂ ਦੇਵੇਗੀ। ਗਵਰਨਰ ਨੇ ਜਦੋਂ ਇਹ ਘੋਸ਼ਣਾ ਕੀਤੀ ਕਿ ਇਹ ਉਸਦੀ ਜਿੱਤ ਹੈ, ਤਾਂ ਇਸ ਗੱਲ ਨੂੰ ਕਿਸੇ ਨੇ ਵੀ ਗੰਭੀਰਤਾ ਨਾਲ ਨਹੀਂ ਲਿਆ।

ਇੱਕ ਨਿਆਇਕ ਅਧਿਕਾਰੀ ਬ੍ਰੂਮਫੀਲਡ ਅਤੇ ਇੱਕ ਰਾਜਸਵ ਅਧਿਕਾਰੀ ਮੇਕਸਵੈਲ ਨੇ ਸਾਰੇ ਮਾਮਲੇ ਦੀ ਜਾਂਚ ਕੀਤੀ ਅਤੇ ਆਪਣੀ ਰਿਪੋਰਟ ਵਿੱਚ ਲਿਖਿਆ ਕਿ 30% ਲਗਾਨ ਵਾਧਾ ਗਲਤ ਹੇ। ਇਸ ਨੂੰ ਘਟਾ ਕੇ 6.03% ਕੀਤਾ ਗਿਆ। ਲੰਦਨ ਵਿੱਚ ਪ੍ਰਕਾਸ਼ਿਤ 'ਨਿਊ ਸਟੇਟਸਮੈਨ' ਨੇ 5 ਮਈ, 1929 ਦੇ ਆਪਣੇ ਅੰਕ ਵਿੱਚ ਲਿਖਿਆ ਕਿ "ਜਾਂਚ ਸਮਿਤੀ ਦੀ ਰਿਪੋਰਟ ਸਰਕਾਰ ਦੇ ਮੂੰਹ ਤੇ ਇੱਕ ਤਮਾਚਾ ਹੈ।............ ਇਸ ਦੇ ਨਤੀਜੇ ਦੂਰਗਾਮੀ ਹੋਣਗੇ......।"

ਕਿਸਾਨ ਸੰਘਰਸ਼ ਅਤੇ ਰਾਸ਼ਟਰੀ ਸਵਾਧੀਨਤਾ ਸੰਘਰਸ਼ ਦੇ ਅੰਤਰ-ਸੰਬੰਧਾਂ ਦੀ ਸਭ ਤੋਂ ਸੁੰਦਰ ਵਿਆਖਿਆ ਸ਼ਾਇਦ ਗਾਂਧੀ ਜੀ ਨੇ ਹੀ ਕੀਤੀ ਹੇ। ਓਹਨਾਂ ਦੇ ਸ਼ਬਦਾਂ ਵਿੱਚ-"ਬਾਰਦੋਲੀ ਸੰਘਰਸ਼ ਚਾਹੇ ਕੁਝ ਵੀ ਹੋਵੇ ਇਹ ਸਵਰਾਜ ਦੀ ਪ੍ਰਾਪਤੀ ਲਈ ਸੰਘਰਸ਼ ਨਹੀਂ ਹੈ। ਪ੍ਰੰਤੂ ਇਸ ਤਰਾਂ ਦਾ ਹਰ ਸੰਘਰਸ਼, ਹਰ ਕੋਸ਼ਿਸ਼ ਸਾਨੂੰ ਸਵਰਾਜ ਦੇ ਕਰੀਬ ਪਹੁੰਚਾ ਰਹੀ ਹੈ ਅਤੇ ਸਾਨੂੰ ਸਵਰਾਜ ਦੀ ਮੰਜ਼ਿਲ ਤੱਕ ਪਹੁੰਚਾਓਣ ਵਿੱਚ ਸ਼ਾਇਦ ਇਹ ਸੰਘਰਸ਼ ਸਿੱਧੇ ਸਵਰਾਜ ਲਈ ਸੰਘਰਸ਼ ਤੋਂ ਜ਼ਿਆਦਾ ਸਹਾਇਕ ਸਿੱਧ ਹੋਣਗੇ।"

**ਕਿਸਾਨ ਸਭਾਵਾਂ ਦਾ ਗਠਨ-**ਕਿਸਾਨ ਨੇਤਾਵਾਂ ਦੇ ਇੱਕ ਭਾਗ ਨੇ ਕਾਂਗਰਸ ਦੀਆਂ ਨੀਤੀਆਂ ਦੇ ਵਿਰੋਧਾਭਾਸ ਨੂੰ ਸਮਝਿਆ। ਇਹ ਦੋਵੇਂ ਅੰਦੋਲਨ ਜੋ ਕਾਂਗਰਸ ਨੇ ਕੀਤੇ ਸਨ, ਉਸ ਨਾਲ ਭੂਮੀਪਤੀਆਂ ਨੂੰ ਲਾਭ ਹੀ ਹੋਇਆ ਸੀ।ਕਾਂਗਰਸ ਭੂਮੀਪਤੀਆਂ ਅਤੇ ਮੁਜਾਰਿਆਂ ਦੇ ਸੰਬੰਧਾਂ ਦੇ ਵਿਸ਼ੇ ਵਿੱਚ ਕੁਝ ਨਹੀਂ ਕਰ ਰਹੀ ਸੀ। ਓਹ ਭੂਮੀਰਹਿਤ ਕਿਸਾਨਾਂ ਦੇ ਪ੍ਰਤੀ ਉਦਾਸੀਨ ਸੀ। ਸਾਮਵਾਦੀ ਅਤੇ ਹੋਰ ਵਾਮਪੰਥੀ ਦਲਾਂ ਨੇ ਕਿਸਾਨਾਂ ਵਿੱਚ ਵਰਗ-ਜਾਗਰਣ ਉਤਪੰਨ ਕੀਤਾ ਅਤੇ ਕਿਸਾਨ ਸਭਾਵਾਂ ਦੇ ਗਠਨ ਵਿੱਚ ਵਿਸ਼ੇਸ਼ ਭੂਮਕਾ ਨਿਭਾਈ।

1920 ਤੋਂ ਆਰੰਭ ਹੋਣ ਵਾਲੇ ਦਸ਼ਕ ਵਿੱਚ ਬੰਗਾਲ, ਪੰਜਾਬ ਅਤੇ ਯੂ. ਪੀ. ਵਿੱਚ ਕਿਸਾਨ ਸਭਾਵਾਂ ਦਾ ਗਠਨ ਹੋਇਆ। 1928 ਵਿੱਚ ਆਂਧਰ ਪ੍ਰਾਂਤੀ ਰੈਯਤ ਸਭਾ (Andhra Provincial Ryots Association) ਬਣੀ। ਪ੍ਰੰਤੂ ਅਖਿਲ ਭਾਰਤੀ ਕਿਸਾਨ ਸਭਾ ਦਾ ਗਠਨ 11 ਅਪ੍ਰੈਲ, 1936 ਨੂੰ ਲਖਨਊ ਵਿੱਚ ਹੋਇਆ। ਕਿਸਾਨ ਸਭਾ ਦਾ ਉਦੇਸ਼ ਕਿਸਾਨਾਂ ਦੀ ਆਰਥਿਕ ਸ਼ੋਸ਼ਣ ਤੋਂ ਰੱਖਿਆ ਕਰਨਾ ਸੀ। ਓਹਨਾਂ ਨੇ ਰਿਣਾਂ ਤੇ ਵੀ ਰਿਣਸਥਗਨ (moratorium) ਮੰਗਿਆ। ਘੱਟ ਲਾਭਦਾਇਕ ਜੋਤਾਂ (uneconomic holdings) ਤੇ ਭੂਮੀ ਕਰ ਦਾ ਹਟਾਣਾ , ਕਿਰਾਇਆ ਅਤੇ ਭੂਮੀ ਕਰ ਦਾ ਘੱਟ ਕਰਨਾ, ਸਾਹੂਕਾਰਾਂ ਨੂੰ ਲਾਈਸੈਂਸ (licence) ਲੈਣ ਲਈ ਮਜਬੂਰ ਕਰਨਾ , ਖੇਤੀ ਮਜ਼ਦੂਰਾਂ ਦਾ ਘੱਟ ਤੋਂ ਘੱਟ ਵੇਤਨ ਨਿਸ਼ਚਿਤ ਕਰਨਾ, ਗੰਨੇ ਅਤੇ ਹੋਰ ਵਪਾਰਕ ਫਸਲਾਂ ਦੇ ਲਈ ਉਚਿਤ ਦਰ ਨਿਸ਼ਚਿਤ ਕਰਨਾ ਅਤੇ ਸਿੰਚਾਈ ਦੇ ਸਾਧਨਾਂ ਆਦਿ ਦੀਆਂ ਮੰਗਾਂ ਪੇਸ਼ ਕੀਤੀਆਂ। ਓਹਨਾਂ ਨੇ ਜ਼ਿਮੀਦਾਰੀ ਵਿਵਸਥਾ ਦੀ ਸਮਾਪਤੀ, ਅਤੇ ਭੂਮੀ ਕਿਸਾਨ ਨੂੰ ਹੀ ਮਿਲੇ, ਅਜਿਹੀ ਮੰਗ ਕੀਤੀ। ਇਸ ਤੋਂ ਇਲਾਵਾ ਓਹਨਾਂ ਨੇ ਕਿਸਾਨਾਂ ਨੂੰ ਸੁਤੰਤਰਤਾ ਸੰਗਰਾਮ ਵਿੱਚ ਭਾਗ ਲੈਣ ਨੂੰ ਵੀ ਕਿਹਾ।

ਨੋਟ

## 8.2 1930 ਤੋਂ 1940 ਦੇ ਦੌਰਾਨ ਕਿਸਾਨੀ ਅੰਦੋਲਨ (Peasant Movement in the 1930's and 1940's)

1930 ਦੇ ਦਸ਼ਕ ਵਿੱਚ ਭਾਰਤੀ ਕਿਸਾਨਾਂ ਵਿੱਚ ਇੱਕ ਨਵਾਂ ਰਾਸ਼ਟਰਵਾਦੀ ਜਾਗਰਣ ਆਇਆ। ਓਹਨਾਂ ਨੇ ਆਪਣੀ ਸ਼ਕਤੀ ਨੂੰ ਪਹਿਚਾਣਿਆ ਅਤੇ ਆਪਣੇ ਹਾਲਾਤ ਨੂੰ ਬਦਲਣ ਲਈ ਇੱਕ ਜੁੱਟ ਹੋ ਕੇ ਕੋਸ਼ਿਸ਼ਾਂ ਕੀਤੀਆਂ। ਇਹ ਜਾਗਰਣ ਦੇ ਆਰਥਿਕ ਅਤੇ ਰਾਜਨੀਤਿਕ ਘਟਨਾਵਾਂ ਦਾ ਨਤੀਜਾ ਸੀ। ਇੱਕ ਤਾਂ ਵਿਸ਼ਵਵਿਆਪੀ ਮੰਦੀ ਜਿਸ ਦੇ ਪ੍ਰਭਾਵ ਭਾਰਤ ਵਿੱਚ 1929-30 ਵਿੱਚ ਦਿਖਾਈ ਪੈਣ ਲੱਗੇ ਸਨ ਅਤੇ ਦੂਜਾ ਭਾਰਤੀ ਰਾਸ਼ਟਰੀ ਕਾਂਗਰਸ ਦੁਆਰਾ ਛੇੜੇ ਗਏ ਜਨਸੰਘਰਸ਼ ਦਾ ਦੋਰ।

ਮੰਦੀ ਦੇ ਕਾਰਣ ਖੇਤੀ ਉਪਜਾਂ ਦੀਆਂ ਕੀਮਤਾਂ ਕਾਫੀ ਗਿਰ ਗਈਆਂ-50% ਜਾਂ ਉਸ ਤੋਂ ਵੀ ਜ਼ਿਆਦਾ ਅਤੇ ਇਸ ਦੇ ਕਾਰਣ ਭਾਰੀ ਕਰਾਂ ਅਤੇ ਲਗਾਨ ਨਾਲ ਬਦਹਾਲ ਕਿਸਾਨਾਂ ਦੀ ਹਾਲਤ ਹੋਰ ਖਰਾਬ ਹੋ ਗਈ। ਪ੍ਰੰਤੂ ਸਰਕਾਰ ਨਾ ਤਾਂ ਆਪਣਾ ਟੈਕਸ ਘੱਟ ਕਰਣ ਨੂੰ ਤਿਆਰ ਸੀ ਅਤੇ ਨਾ ਹੀ ਜ਼ਿਮੀਦਾਰਾਂ ਨੂੰ ਇਹ ਕਹਿਣ ਨੂੰ ਕਿ ਓਹ ਲਗਾਨ ਦੀਆਂ ਦਰਾਂ ਘੱਟ ਕਰਣ। ਦਾਮ ਤਾਂ ਉਦਯੋਗਿਕ ਉਤਪਾਦਨ ਦਾ ਵੀ ਗਿਰਿਆ, ਪਰ ਓਨਾ ਨਹੀਂ ਜਿੰਨਾਂ ਖੇਤੀ ਦੀ ਪੈਦਾਵਾਰ ਦਾ। ਇਸ ਲਈ ਕੁਲ ਮਿਲਾ ਕੇ ਕਿਸਾਨਾਂ ਦੀ ਸਥਿਤੀ ਇਹ ਹੋ ਗਈ ਕਿ ਓਹਨਾਂ ਨੂੰ ਟੈਕਸਾਂ, ਲਗਾਨਾਂ ਅਤੇ ਰਿਣਾਂ ਦਾ ਭੁਗਤਾਨ ਤਾਂ ਮੰਦੀ ਦੇ ਪਹਿਲਾਂ ਦੀ ਦਰਾਂ ਤੇ ਕਰਨਾ ਪੈ ਰਿਹਾ ਸੀ ਅਤੇ ਓਹਨਾਂ ਦਾ ਵੇਤਨ ਲਗਾਤਾਰ ਘੱਟ ਹੋ ਰਿਹਾ ਸੀ।

ਰਾਸ਼ਟਰਵਾਦੀ ਅਸੰਤੋਸ਼ ਦੇ ਇਸੇ ਮਾਹੌਲ ਵਿੱਚ 1930 ਵਿੱਚ ਸਵਿਨਯ ਅਵੱਗਿਆ ਅੰਦੋਲਨ ਛੇੜਿਆ ਗਿਆ। ਅਤੇ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਇਸ ਨੇ ਟੈਕਸ ਅਤੇ ਲਗਾਨ ਨਾ ਦੇਣ ਦਾ ਰੂਪ ਲੈ ਲਿਆ। ਕਿਸਾਨਾਂ ਨੂੰ ਬਾਰਦੌਲੀ ਸੱਤਿਆਗ੍ਰਹਿ ਵਿੱਚ ਹਾਲ ਵਿੱਚ ਹੀ ਸਫਲਤਾ ਮਿਲੀ ਸੀ। ਇਸ ਲਈ ਓਹਨਾਂ ਨੇ ਬੜੇ ਉਤਸਾਹ ਨਾਲ ਇਸ ਅਭਿਆਨ ਵਿੱਚ ਹਿੱਸਾ ਲਿਆ। ਆਂਧਰ ਵਿੱਚ ਲਗਾਨ ਵਿਵਸਥਾ ਦਾ ਨਵਾਂ ਬੰਦੋਬਸਤ ਹੋਣ ਵਾਲਾ ਸੀ। ਜਿਸ ਨਾਲ ਲਗਾਨ ਦੀਆਂ ਦਰਾਂ ਵਧ ਜਾਂਦੀਆਂ। ਇਹ ਰਾਜਨੀਤਿਕ ਅੰਦੋਲਨ ਇਸ ਬੰਦੋਬਸਤ ਨਾਲ ਜੁੜ ਗਿਆ। ਯੂ. ਪੀ. ਵਿੱਚ ਟੈਕਸ ਅਤੇ ਲਗਾਨ ਨਾ ਅਦਾ ਕਰਣ ਦਾ ਅਭਿਆਨ ਗਾਂਧੀ-ਇਰਵਿਨ ਸਮਝੌਤੇ ਤੋਂ ਬਾਅਦ ਵੀ ਜਾਰੀ ਰਿਹਾ । ਆਪ ਗਾਂਧੀਜੀ ਨੇ ਯੂ. ਪੀ. ਦੇ ਕਿਸਨਾਂ ਨੂੰ ਅਪੀਲ ਕੀਤੀ ਕਿ ਓਹ ਸਿਰਫ 50% ਲਗਾਨ ਦਾ ਭੁਗਤਾਨ ਕਰਣ ਅਤੇ ਰਸੀਦ ਪੂਰੇ ਦੀ ਲੈਣ। ਗੁਜਰਾਤ ਦੇ ਕਿਸਾਨਾਂ ਨੇ, ਖਾਸ ਕਰਕੇ ਸੂਰਤ ਅਤੇ ਖੇੜਾ ਵਿੱਚ ਟੈਕਸ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਸਰਕਾਰੀ ਦਮਨ ਤੋਂ ਬਚਣ ਲਈ ਬੜੌਦਾ ਚਲੇ ਗਏ । ਓਹਨਾਂ ਦੀ ਜਮੀਨ ਅਤੇ ਚਲ-ਸੰਪਤੀ ਜ਼ਬਤ ਕਰ ਲਈ ਗਈ। ਬਿਹਾਰ ਅਤੇ ਬੰਗਾਲ ਵਿੱਚ ਕਿਸਾਨਾਂ ਨੂੰ ਚੌਕੀਦਾਰੀ ਟੈਕਸ ਦੇਣਾ ਪੈਂਦਾ ਸੀ, ਜੋ ਆਪਣੇ ਉੱਪਰ ਅਤਿਆਚਾਰ ਕਰਣ ਵਾਲਿਆਂ ਦੇ ਰੱਖ-ਰਖਾਵ ਦੀ ਵਿਵਸਥਾ ਕਰਣ ਦੀ ਤਰਾਂ ਸੀ। ਇਸ ਦੇ ਖਿਲਾਫ ਜ਼ਬਰਦਸਤ ਅੰਦੋਲਨ ਹੋਏ। ਪੰਜਾਬ ਵਿੱਚ 'ਟੈਕਸ ਰੋਕੋ' ਅਭਿਆਨ ਦੇ ਨਾਲ ਨਾਲ ਕਿਸਾਨ ਸਭਾਵਾਂ ਦਾ ਉਦੇ ਹੋਇਆ ਅਤੇ ਟੈਕਸ ਅਤੇ ਪਾਣੀ ਦੀਆਂ ਦਰਾਂ ਵਿੱਚ ਕਟੌਤੀ ਕਰਣ ਅਤੇ ਕਰਜ਼ੇ ਦਾ ਕੁਝ ਹਿੱਸਾ ਖਤਮ ਕਰਣ ਦੀ ਮੰਗ ਕੀਤੀ ਗਈ। ਮਹਾਰਾਸ਼ਟਰ, ਬਿਹਾਰ ਅਤੇ ਮੱਧ ਪ੍ਰਾਂਤਾਂ ਵਿੱਚ ਕਿਸਾਨਾਂ ਅਤੇ ਆਦੀਵਾਸੀਆਂ ਨੇ 'ਜੰਗਲ ਸੱਤਿਆਗ੍ਰਹਿ' ਕਰ ਕੇ ਓਹਨਾਂ ਵਣ-ਨਿਯਮਾਂ ਦਾ ਵਿਰੋਧ ਕੀਤਾ, ਜਿਨਾਂ ਦੇ ਤਹਿਤ ਵਣਾਂ ਦੇ ਸਾਰਵਜਨਿਕ ਉਪਯੋਗ ਤੇ ਪਾਬੰਦੀ ਲਗਾਈ ਸੀ। ਆਂਧਰ ਵਿੱਚ 'ਜ਼ਿਮੀਦਾਰੀ ਵਿਰੋਧੀ ਸੰਗਰਸ਼' ਵੀ ਚੱਲਿਆ, ਜਿਸ ਦਾ ਪਹਿਲਾ ਨਿਸ਼ਾਨਾ ਬਣੀ, ਨੇਲੋ ਜ਼ਿਲੇ ਦੀ ਵੈਂਕਟਗਿਰੀ ਜ਼ਿਮੀਦਾਰੀ।

ਸਵਿਨਯ ਅਵੱਗਿਆ ਅੰਦੋਲਨ ਨੇ ਕਿਸਾਨ ਅੰਦੋਲਨ ਦੇ ਉਦੇ ਵਿੱਚ ਇੱਕ ਹੋਰ ਤਰਾਂ ਭੂਮਿਕਾ ਨਿਭਾਈ ਸੀ। ਇਸ ਦੇ ਗਰਭ ਤੋਂ ਯੁਵਾ ਲੜਾਕੂ ਕਾਰਜਕਰਤਾਵਾਂ ਦੀ ਇੱਕ ਪੂਰੀ ਪੀੜੀ ਪੈਦਾ ਹੋਈ। ਓਹਨਾਂ ਨੂੰ ਰਾਜਨੀਤਿਕ ਦੀਕਸ਼ਾ ਤਾਂ ਸਵਿਨਯ ਅਵੱਗਿਆ ਅੰਦੋਲਨ ਤੋਂ ਹੀ ਮਿਲੀ, ਪ੍ਰੰਤੂ ਹੌਲੀ ਹੌਲੀ ਓਹ ਵਾਮਪੰਥੀ ਵਿਚਾਰਧਾਰਾ ਦੇ ਪ੍ਰਭਾਵ ਵਿੱਚ ਆ ਗਏ, ਜਿਸ ਦਾ ਪ੍ਰਚਾਰ ਜਵਾਹਰ ਲਾਲ ਨਹਿਰੂ, ਸੁਭਾਸ਼ ਬੋਸ, ਸਾਮਵਾਦੀਆਂ ਅਤੇ ਹੋਰ ਮਾਰਕਸਵਾਦੀ ਅਤੇ ਵਾਮਪੰਥੀ ਨੇਤਾਵਾਂ ਅਤੇ ਗਰੁੱਪਾਂ ਦੁਆਰਾ ਕੀਤਾ ਜਾ ਰਿਹਾ ਸੀ। ਜਦੋਂ ਸਵਿਨਯ ਅਵੱਗਿਆ ਅੰਦੋਲਨ ਵਿੱਚ ਉਤਾਰ ਆਇਆ ਤਾਂ ਇਨਾਂ ਕਾਰਜਕਰਤਵਾਂ ਦੇ ਸਾਹਮਣੇ, ਜਿਨਾਂ ਵਿੱਚ ਯੁਵਕ ਅਤੇ ਯੁਵਤੀਆਂ ਵੀ ਸਨ, ਸਵਾਲ ਉੱਠਿਆ ਕਿ ਓਹ ਆਪਣੀ ਰਾਜਨੀਤਿਕ ਊਰਜਾ ਨੂੰ ਕਿੱਥੇ ਲਗਾਓਣ। ਨਤੀਜਾ ਇਹ ਹੋਇਆ ਕਿ ਓਹਨਾਂ ਵਿੱਚੋਂ ਬਹੁਤਾਂ ਨੇ ਕਿਸਾਨਾਂ ਨੂੰ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ।

### ਕਿਸਾਨ ਸਭਾ ਦਾ ਪਹਿਲਾ ਸੰਮੇਲਨ

ਇਸ ਦੇ ਨਾਲ ਹੀ 1934 ਵਿੱਚ ਕਾਂਗਰਸ ਸੋਸ਼ਲਿਸਟ ਪਾਰਟੀ (ਸੀ.ਐਸ. ਪੀ.) ਦੇ ਗਠਨ ਨਾਲ ਵਾਮਪੰਥੀ ਤਾਕਤਾਂ ਦੇ ਇੱਕ ਜੁੱਟ ਹੋਣ ਦੀ ਪ੍ਰਕ੍ਰਿਆ ਤੇਜ਼ ਹੋ ਗਈ। ਸੀ.ਐਸ. ਪੀ. ਦੀ ਸਦੱਸਤਾ ਨੇ ਸਾਮਵਾਦੀਆਂ ਨੂੰ ਬਗੈਰ ਲੁਕੇ-ਛਿਪੇ ਅਤੇ ਕਾਨੂੰਨੀ ਢੰਗ ਨਾਲ ਕੰਮ ਕਰਣ ਦਾ ਮੌਕਾ ਦਿੱਤਾ। ਐਨ. ਜੀ. ਰੰਗਾ ਅਤੇ ਦੂਜੇ ਅਨੇਕ ਨੇਤਾ ਕਿਸਾਨ ਅੰਦੋਲਨ ਦੇ ਸੁਚਾਰੂ ਸੰਚਾਲਨ ਦੇ ਲਈ ਅਰਸੇ ਤੋਂ ਇੱਕ ਅਖਿਲ ਭਾਰਤੀ ਸੰਗਠਨ ਬਣਾਓਣ ਦੀ ਕੋਸ਼ਿਸ਼ ਕਰ ਰਹੇ ਸਨ। ਪ੍ਰੰਤੂ ਕਾਮਯਾਬੀ ਵਾਮਪੰਥੀ ਏਕਤਾ ਨਾਲ ਹੀ ਮਿਲੀ। ਅਪ੍ਰੈਲ 1936 ਵਿੱਚ ਲਖਨਊ ਵਿੱਚ 'ਅਖਿਲ ਭਾਰਤੀ ਕਾਂਗਰਸ' ਦੀ ਸਥਾਪਨਾ ਹੋਈ, ਜਿਸ ਦਾ ਨਾਂ ਬਾਅਦ ਵਿੱਚ ਬਦਲ ਕੇ 'ਅਖਿਲ ਭਾਰਤੀ ਕਿਸਾਨ ਸਭਾ' ਕਰ ਦਿੱਤਾ ਗਿਆ। ਬਿਹਾਰ ਪ੍ਰਾਂਤੀ ਕਿਸਾਨ ਸਭਾ ਦੇ ਲੜਾਕੂ ਸੰਸਥਾਪਕ ਸਵਾਮੀ ਸਹਿਜਾਨੰਦ ਸਰਸਵਤੀ ਇਸ ਦੇ ਅਧਿਅਕਸ਼ ਅਤੇ ਆਂਧਰ ਵਿੱਚ ਕਿਸਾਨ ਅੰਦੋਲਨ ਦੇ ਅਗੂਆ ਅਤੇ ਖੇਤੀ ਖੇਤਰ ਦੀਆਂ ਸਮੱਸਿਆਵਾਂ ਦੇ ਵਿਦਵਾਨ ਐਨ. ਜੀ. ਰੰਗਾ ਮਹਾਸਚਿਵ ਚੁਣੇ ਗਏ। ਕਿਸਾਨ ਸਭਾ ਦੇ ਪਹਿਲੇ ਸੰਮੇਲਨ ਵਿੱਚ ਖੁਦ ਜਵਾਹਰ ਲਾਲ ਨਹਿਰੂ ਆਏ ਅਤੇ ਸੰਗਠਨ ਦਾ ਸਵਾਗਤ

ਨੋਟ

ਕੀਤਾ। ਇਸ ਸੰਮੇਲਨ ਵਿੱਚ ਉਪਸਥਿਤ ਹੋਰ ਹਸਤੀਆਂ ਸਨ ਰਾਮਮਨੋਹਰ ਲੋਹੀਆ, ਸੋਹਨ ਸਿੰਘ ਜ਼ੋਸ਼, ਇੰਦੂਲਾਲ ਯਾਗਨਿਕ, ਜੈਪ੍ਰਕਾਸ਼ ਨਾਰਾਯਣ, ਮੋਹਨਲਾਲ ਗੌਤਮ, ਕਮਲ ਸਰਕਾਰ, ਸੁਧੀਨ ਪ੍ਰਮਾਣਿਕ ਅਤੇ ਅਹਿਮਦ ਦੀਨ। ਸੰਮੇਲਨ ਨੇ ਨਿਰਣਾ ਲਿਆ ਕਿ ਕਿਸਾਨਾਂ ਦਾ ਇੱਕ ਘੋਸ਼ਣਾ ਪੱਤਰ ਕੱਢਿਆ ਜਾਵੇ ਅਤੇ ਇੰਦੂਲਾਲ ਯਾਗਨਿਕ ਦੇ ਸੰਪਾਦਨ ਵਿੱਚ ਇੱਕ ਬੁਲੇਟਿਨ ਦਾ ਨਿਯਮਿਤ ਪ੍ਰਕਾਸ਼ਨ ਹੋਵੇ।

ਅਖਿਲ ਭਾਰਤੀ ਕਿਸਾਨ ਸਭਾ ਦੇ ਬੰਬਈ ਸਤਰ ਵਿੱਚ ਕਿਸਾਨ ਘੋਸ਼ਣਾ ਪੱਤਰ ਦਾ ਮਸਵਿਦਾ ਸਵੀਕ੍ਰਿਤ ਕੀਤਾ ਗਿਆ ਅਤੇ ਕਾਂਗਰਸ ਕਾਰਜ ਸਮਿਤੀ ਨੂੰ ਸੌਂਪ ਦਿੱਤਾ ਗਿਆ ਤਾਕਿ ਓਹ ਉਸ ਨੂੰ 1937 ਦੇ ਚੁਣਾਵ ਦੇ ਅਵਸਰ ਤੇ ਪ੍ਰਕਾਸ਼ਿਤ ਹੋਣ ਵਾਲੇ ਆਪਣੇ ਘੋਸ਼ਣਾ ਪੱਤਰ ਵਿੱਚ ਸ਼ਾਮਿਲ ਕਰ ਸਕੇ। ਫੈਜਪੁਰ ਕਾਂਗਰਸ ਵਿੱਚ ਸ਼ਾਮਿਲ ਖੇਤੀ ਪ੍ਰੋਗਰਾਮ ਤੇ ਕਿਸਾਨ ਘੋਸ਼ਣਾਂ ਪੱਤਰ ਦਾ ਕਾਫੀ ਅਸਰ ਦੇਖਿਆ ਜਾ ਸਕਦਾ ਹੇ। ਕਾਂਗਰਸ ਨੇ ਸਰਕਾਰ ਦੇ ਸਾਹਮਣੇ ਜੋ ਮੰਗਾਂ ਰੱਖੀਆਂ, ਓਹਨਾਂ ਵਿੱਚ ਮੁੱਖ ਸਨ- ਭੂਰਾਜਸਵ ਅਤੇ ਲਗਾਨ ਵਿੱਚ 50% ਕਮੀ, ਰਿਣਾਂ ਦੀ ਵਸੂਲੀ ਦਾ ਸਥਗਨ, ਸਾਮੰਤੀ ਵਸੂਲੀਆਂ ਦਾ ਖਾਤਮਾ, ਕਾਸ਼ਤਕਾਰਾਂ ਦੀ ਬੇਦਖਲੀ ਤੋਂ ਸੁਰੱਖਿਆ, ਖੇਤੀਹਰ ਮਜ਼ਦੂਰਾਂ ਨੂੰ ਗੁਜ਼ਾਰੇ ਲਾਇਕ ਮਜ਼ਦੂਰੀ ਅਤੇ ਕਿਸਾਨ ਯੂਨਿਅਨਾਂ ਨੂੰ ਮਾਨਤਾ।

ਫੈਜਪੁਰ ਵਿੱਚ ਕਾਂਗਰਸ ਸਤਰ ਦੇ ਨਾਲ ਅਖਿਲ ਭਾਰਤੀ ਕਿਸਾਨ ਕਾਂਗਰਸ ਦਾ ਵੀ ਦੂਜਾ ਸਤਰ ਚੱਲਿਆ, ਜਿਸ ਦੀ ਅਧਿਅਕਸ਼ਤਾ ਐਨ. ਜੀ. ਰੰਗਾ ਨੇ ਕੀਤੀ। ਇਸ ਅਵਸਰ ਤੇ 500 ਕਿਸਾਨਾਂ ਨੇ ਮਾਨਮਾੜ ਤੋਂ ਫੈਜ਼ਪੁਰ ਤੱਕ 200 ਮੀਲ ਪੈਦਲ ਮਾਰਚ ਕੀਤਾ, ਜਿਸ ਦਾ ਇੱਕ ਉਦੇਸ਼ ਲੋਕਾਂ ਨੂੰ ਕਿਸਾਨ ਕਾਂਗਰਸ ਦੇ ਉਦੇਸ਼ਾਂ ਤੋਂ ਅਵਗਤ ਕਰਾਓਣਾ ਸੀ।ਫੈਜਪੁਰ ਵਿੱਚ ਓਹਨਾਂ ਦਾ ਸਵਾਗਤ ਜਵਾਹਰ ਲਾਲ ਨਹਿਰੂ, ਸ਼ੰਕਰ ਦੇਵ, ਮਾਨਵੇਂਦ੍ਰ ਨਾਥ ਰਾਏ, ਨਰੇਂਦ੍ਰ ਦੇਵ, ਐਸ. ਏ. ਡਾਂਗੇ, ਮੀਨੂ ਮਸਾਨੀ, ਯੁਸੁਫ ਮੇਹਰ ਅਲੀ, ਬੰਕਿਮ ਮੁਖਰਜੀ ਅਤੇ ਹੋਰ ਅਨੇਕ ਕਿਸਾਨ ਅਤੇ ਕਾਂਗਰਸ ਨੇਤਾਵਾ ਨੇ ਕੀਤਾ। ਰੰਗਾ ਨੇ ਆਪਣੇ ਭਾਸ਼ਣ ਵਿੱਚ ਘੋਸ਼ਣਾ ਕੀਤੀ ਕਿ "ਅਸੀਂ ਆਪਣੇ ਆਪ ਨੂੰ ਇਸ ਲਈ ਸੰਗਠਿਤ ਕਰ ਰਹੇ ਹਾਂ, ਤਾਂ ਕਿ ਸਮਾਜਵਾਦੀ ਰਾਜ ਅਤੇ ਸਮਾਜ ਦੀ ਸਥਾਪਨਾ ਲਈ ਤਿਆਰੀ ਕਰ ਸਕੀਏ।"

1937 ਦੇ ਆਰੰਭ ਵਿੱਚ ਦੇਸ਼ ਦੇ ਬਹੁਸੰਖਿਅਕ ਪ੍ਰਾਂਤਾਂ ਵਿੱਚ ਕਾਂਗਰਸ ਸਰਕਾਰਾਂ ਦੇ ਗਠਨ ਨਾਲ ਕਿਸਾਨ ਅੰਦੋਲਨ ਦਾ ਇੱਕ ਨਵਾਂ ਦੌਰ ਸ਼ੁਰੂ ਹੋਇਆ। ਦੇਸ਼ ਦਾ ਪੂਰਾ ਰਾਜਨੀਤਿਕ ਮਾਹੌਲ ਬਦਲਿਆ ਹੋਇਆ ਸੀ। ਨਾਗਰਿਕ ਸੁਤੰਤਰਤਾ ਵਧ ਗਈ ਸੀ। ਸਾਡੇ ਆਪਣੇ ਲੋਕ ਸੱਤਾ ਵਿੱਚ ਹਨ, ਇਸ ਅਹਿਸਾਸ ਨਾਲ ਸੁਤੰਤਰਤਾ ਦਾ ਇੱਕ ਨਵਾਂ ਬੋਧ ਪੈਦਾ ਹੋਇਆ ਸੀ। ਇਹ ਇੱਛਾ ਵੀ ਪੈਦਾ ਹੋਈ ਸੀ ਕਿ ਕਾਂਗਰਸ ਸਰਕਾਰ ਜਨਤਾ ਦੀ ਭਲਾਈ ਲਈ ਕੁਝ ਕੰਮ ਕਰੇਗੀ ਯਾਨੀ ਕਿ ਕੁਲ ਮਿਲਾ ਕੇ 1937-39 ਦੇ ਤਿੰਨ ਸਾਲ ਕਿਸਾਨ ਅੰਦੋਲਨ ਦੇ ਉਤਕਰਸ਼ ਦੇ ਸਾਲ ਸਨ। ਕਾਂਗਰਸ ਸਰਕਾਰਾਂ ਨੇ ਖੇਤੀ ਕਾਨੂੰਨਾਂ ਵਿੱਚ ਸੁਧਾਰ ਦੇ ਲਈ ਕੁਝ ਠੋਸ ਕਦਮ ਵੀ ਉਠਾਏ-ਰਿਣਾਂ ਵਿੱਚ ਰਾਹਤ ਦੇਣ ਦੇ ਲਈ ਮੰਦੀ ਦੇ ਦੌਰਾਨ ਜੋ ਕਿਸਾਨ ਭੂਮੀਹੀਣ ਹੋ ਗਏ ਸਨ, ਓਹਨਾਂ ਦੀਆਂ ਜ਼ਮੀਨਾਂ ਵਾਪਿਸ ਕਰਣ ਲਈ, ਕਾਸ਼ਤਕਾਰਾਂ ਦੀ ਸੁਰੱਖਿਆ ਦੇ ਲਈ । ਅਤੇ ਇਸ ਨਾਲ ਕਿਸਾਨਾਂ ਨੂੰ ਪ੍ਰੇਰਣਾ ਮਿਲੀ ਕਿ ਓਹ ਪ੍ਰਸਤਾਵਿਤ ਕਾਨੂੰਨਾਂ ਦੇ ਪੱਖ ਵਿੱਚ ਮਾਹੌਲ ਬਣਾਓਣ ਅਤੇ ਜਰੂਰਤ ਪੈਣ ਤੇ ਓਹਨਾਂ ਦਾ ਰੂਪ ਬਦਲਣ ਦੀ ਮੰਗ ਕਰਣ।

ਕਿਸਾਨਾਂ ਵਿੱਚ ਜਾਗਰਣ ਪੈਦਾ ਕਰਣ ਅਤੇ ਓਹਨਾਂ ਨੂੰ ਸੰਗਠਿਤ ਕਰਣ ਦਾ ਮੁੱਖ ਮਾਧਿਅਮ ਸੀ ਥਾਨਾ, ਤਾਲੁਕਾ, ਜਿਲਾ ਅਤੇ ਪ੍ਰਾਂਤ ਦੇ ਸਤਰ ਤੇ ਕਿਸਾਨ ਸਭਾਵਾਂ ਅਤੇ ਸੰਮੇਲਨ ਆਯੋਜਿਤ ਕਰਨਾ, ਜਿਨਾਂ ਵਿੱਚ ਕਿਸਾਨਾਂ ਦੀਆਂ ਮੰਗਾਂ ਪੇਸ਼ ਕੀਤੀਆਂ ਜਾਂਦੀਆਂ ਅਤੇ ਪ੍ਰਸਤਾਵ ਪਾਰਿਤ ਹੁੰਦੇ। ਇਨਾਂ ਸੰਮੇਲਨਾਂ ਵਿੱਚ ਸਥਾਨਿਕ, ਪ੍ਰਾਂਤੀਅ ਅਤੇ ਰਾਸ਼ਟਰੀ ਸਤਰ ਦੇ ਨੇਤਾ ਭਾਸ਼ਣ ਦਿੰਦੇ। ਸੰਮੇਲਨ ਦੇ ਪੂਰਵ ਕਾਰਜਕਰਤਾ ਪਿੰਡ ਪਿੰਡ ਘੁੰਮ ਕੇ ਛੋਟੀ ਛੋਟੀ ਬੈਠਕਾਂ ਕਰਦੇ, ਕਾਂਗਰਸ ਅਤੇ ਕਿਸਾਨ ਸਭਾ ਦੇ ਮੈਂਬਰ ਬਣਾਓਂਦੇ, ਨਕਦ ਜਾਂ ਅਨਾਜ ਦੇ ਰੂਪ ਵਿੱਚ ਚੰਦਾ ਜਮਾ ਕਰਦੇ ਅਤੇ ਕਿਸਾਨਾਂ ਨੂੰ ਜ਼ਿਆਦਾ ਤੋਂ ਜਿਆਦਾ ਸੰਖਿਆ ਵਿੱਚ ਸੰਮੇਲਨ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਦੇ।ਸੰਮੇਲਨ ਦੇ ਦੌਰਾਨ ਸੰਸਕ੍ਰਿਤਿਕ ਪ੍ਰੋਗਰਾਮ ਵੀ ਆਯੋਜਿਤ ਕੀਤੇ ਜਾਂਦੇ, ਜਿਸ ਦਾ ਉਦੇਸ਼ ਕਿਸਾਨ ਅੰਦੋਲਨਾਂ ਦੇ ਉਦੇਸ਼ਾਂ ਨੂੰ ਮਾਰਮਿਕ ਢੰਗ ਨਾਲ ਜਨਤਾ ਦੇ ਵਿੱਚ ਰੱਖਣਾ ਹੁੰਦਾ ਸੀ। ਆਸ ਪਾਸ ਦੇ ਖੇਤਰਾਂ ਵਿੱਚ ਇਹਨਾਂ ਸਭ ਚੀਜ਼ਾਂ ਦਾ ਜ਼ਬਰਦਸਤ ਅਸਰ ਪੈਂਦਾ ਸੀ ਅਤੇ ਸਭਾ ਜਾਂ ਸੰਮੇਲਨ ਵਿੱਚ ਭਾਗ ਲੈਣ ਵਾਲੇ ਕਿਸਾਨ ਆਪਣੀ ਤਾਕਤ ਦੀ ਨਵੀਂ ਚੇਤਨਾ ਅਤੇ ਆਪਣੀ ਸਥਿਤੀਆਂ ਦੀ ਬੇਹਤਰ ਸਮਝ ਨਾਲ ਵਾਪਿਸ ਆਓਂਦੇ ਸਨ।

### ਕਿਸਾਨੀ ਸੰਘਾਂ ਦਾ ਉਦੇ

ਕੇਰਲ ਦੇ ਮਾਲਬਾਰ ਖੇਤਰ ਵਿੱਚ ਜ਼ੋ ਸ਼ਕਤੀਸ਼ਾਲੀ ਕਿਸਾਨ ਅੰਦੋਲਨ ਵਿਕਸਿਤ ਹੋਇਆ ਉਸਦੇ ਮੂਲ ਵਿੱਚ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਕਾਰਜ ਕਰਤਾਵਾਂ ਦਾ ਪ੍ਰਯਾਸ ਸੀ। ਇਹ ਕਾਰਜਕਰਤਾ 1934 ਤੋਂ ਹੀ ਕਿਸਾਨਾਂ ਦੇ ਵਿੱਚ ਕੰਮ ਕਰ ਰਹੇ ਸਨ, ਪਿੰਡ ਪਿੰਡ ਘੁੰਮ ਰਹੇ ਸਨ ਅਤੇ ਕਿਸਾਨ ਸੰਘਾਂ ਦਾ ਗਠਨ ਕਰ ਰਹੇ ਸਨ। ਇਥੋਂ ਦੇ ਕਿਸਾਨ ਅੰਦੋਲਨ ਦੀਆਂ ਮੁੱਖ ਮੰਗਾਂ ਸਨ- ਸਾਮੰਤੀ ਵਸੂਲੀਆਂ, ਨਵੀਕਰਣ ਸ਼ੁਲਕ, ਅਤੇ ਲਗਾਨ ਦੀ ਅਗ੍ਰਿਮ ਅਦਾਇਗੀ ਨੂੰ ਖਤਮ ਕੀਤਾ ਜਾਵੇ ਅਤੇ ਜ਼ਮੀਨ ਅਸੀਂ ਆਪ ਜੋਤਾਂਗੇ, ਇਸ ਆਧਾਰ ਤੇ ਜ਼ਿਮੀਦਾਰਾਂ ਦੁਆਰਾ ਕਾਸ਼ਤਕਾਰਾਂ ਦੀ ਬੇਦਖਲੀ ਬੰਦ ਕੀਤੀ ਜਾਵੇ।ਕਿਸਾਨਾਂ ਨੇ ਭੂਰਾਜਸਵ, ਲਗਾਨ ਅਤੇ ਰਿਣ ਦੇ ਬੋਝ ਵਿੱਚ ਕਮੀ ਕਰਣ, ਅਨਾਜ ਦਾ ਵਜ਼ਨ ਕਰਣ, ਜ਼ਿਮੀਦਾਰਾਂ ਦੁਆਰਾ ਸਹੀ ਤੋਲਾਂ ਦਾ ਪ੍ਰਯਾਸ ਕਰਣ ਅਤੇ ਓਹਨਾਂ ਦੇ ਮੈਨੇਜਰਾਂ ਦੇ ਭ੍ਰਿਸ਼ਟਾਚਾਰ ਨੂੰ ਖਤਮ ਕਰਣ ਦੀ ਮੰਗ ਵੀ ਰੱਖੀ।

ਨੋਟ

ਮਾਲਾਬਾਰ ਵਿੱਚ ਕਿਸਾਨਾਂ ਦੇ ਵਿੱਚ ਜਾਗਰਣ ਫੈਲਾਓਣ ਦਾ ਮੁੱਖ ਮਾਧਿਅਮ ਸੀ ਭਿੰਨ ਪਿੰਡਾਂ ਵਿੱਚ ਕ੍ਰਿਸ਼ਕ ਸੰਘਮ ਦੀਆਂ ਇਕਾਈਆਂ ਦਾ ਗਠਨ ਅਤੇ ਕਿਸਾਨ ਸਭਾਵਾਂ ਅਤੇ ਸੰਮੇਲਨਾਂ ਦਾ ਆਯੋਜਨ। ਪ੍ਰੰਤੂ ਜੋ ਤਰੀਕਾ ਬਹੁਤ ਲੋਕਪ੍ਰਿਯ ਅਤੇ ਅਸਰਦਾਰ ਸਾਬਿਤ ਹੋਇਆ, ਓਹ ਸੀ ਕਿਸਾਨਾਂ ਦਾ ਜੱਥਾ ਬਣਾ ਕੇ ਜ਼ਿਮੀਦਾਰਾਂ ਦੇ ਘਰ ਜਾਣਾ, ਓਹਨਾਂ ਦੇ ਸਾਹਮਣੇ ਆਪਣੀਆਂ ਮੰਗਾਂ ਰੱਖਣਾ ਅਤੇ ਤੁਰੰਤ ਸਮਾਧਾਨ ਹਾਸਿਲ ਕਰਨਾ। ਇਹ ਜੱਥੇ ਜ਼ਿਆਦਾਤਰ ਸਾਮੰਤੀ ਵਸੂਲੀਆਂ ਦੇ ਖਿਲਾਫ ਹੁੰਦੇ ਸਨ। ਕ੍ਰਿਸ਼ਕ ਸੰਘਮ ਨੇ 1929 ਦੇ ਮਾਲਾਬਾਰ ਕਾਸ਼ਤਕਾਰੀ ਅਧਿਨਿਯਮ ਵਿੱਚ ਸੁਧਾਰ ਲਿਆਓਣ ਲਈ ਵੀ ਜ਼ਬਰਦਸਤ ਅਭਿਯਾਨ ਛੇੜਿਆ। 6 ਨਵੰਬਰ, 1938 ਨੂੰ ਮਾਲਾਬਾਰ ਕਾਸ਼ਤਕਾਰੀ ਅਧਿਨਿਯਮ ਸੁਧਾਰ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ। ਉਸ ਦਿਨ ਪੂਰੇ ਜਿਲੇ ਵਿੱਚ ਥਾ ਥਾਂ ਤੇ ਸਭਾਵਾਂ ਹੋਈਆਂ ਅਤੇ ਹਰ ਥਾਂ ਅਧਿਨਿਯਮ ਵਿੱਚ ਸੰਸ਼ੋਧਨ ਲਈ ਇੱਕ ਤਰਾਂ ਦਾ ਪ੍ਰਸਤਾਵ ਹੀ ਪਾਰਿਤ ਕੀਤਾ ਗਿਆ। ਅਖਿਲ ਮਾਲਾਬਾਰ ਕ੍ਰਿਸ਼ਕ ਸੰਘ ਦੁਆਰਾ ਆਰ. ਰਾਮਚੰਦਰ ਨੇਡੂਮਗਡੀ ਦੀ ਅਧਿਅਕਸ਼ਤਾ ਵਿੱਚ ਕਾਸ਼ਤ ਦੀ ਅਵਧੀ ਨਾਲ ਸੰਬੰਧਿਤ ਸਮੱਸਿਆਵਾਂ ਦਾ ਅਧਿਅਯਨ ਕਰਣ ਲਈ ਇੱਕ ਸਮਿਤੀ ਵੀ ਬਣਾਈ ਗਈ। ਸਮਿਤੀ ਦੀ ਸਿਫਾਰਿਸ਼ਾਂ ਉੱਤੇ ਕੇਰਲ ਪ੍ਰਦੇਸ਼ ਕਾਂਗਰਸ ਸਮਿਤੀ ਨੇ 20 ਨਵੰਬਰ, 1938 ਨੂੰ ਆਪਣੀ ਮੋਹਰ ਲਗਾ ਦਿੱਤੀ। ਅਗਲੇ ਮਹੀਨੇ ਪੰਜ ਪੰਜ ਸੌ ਕਿਸਾਨਾਂ ਦੇ ਦੋ ਜੱਥੇ ਉੱਤਰ ਮਾਲਾਬਾਰ ਵਿੱਚ ਕਰਿਵੱਲੂਰ ਅਤੇ ਦੱਖਣ ਮਾਲਾਬਾਰ ਵਿੱਚ ਕਾਂਜੀਕੋੜ ਰਵਾਨਾ ਹੋਏ। ਅਤੇ ਰਸਤੇ ਵਿੱਚ ਵਿਭਿੰਨ ਕਾਂਗਰਸ ਸਮਿਤੀਆਂ ਦੁਆਰਾ ਸਵਾਗਤ ਕੇਂਦਰਾਂ ਤੋਂ ਗੁਜ਼ਰਦੇ ਹੋਏ ਕਾਲੀਕਟ ਦੇ ਕੋਲ਼ ਚੇਵੂਰ ਵਿੱਚ ਓਹਨਾਂ ਦਾ ਸੰਗਮ ਹੋਇਆ ਜਿੱਥੇ ਅਖਿਲ ਮਾਲਾਬਾਰ ਕ੍ਰਿਸ਼ਕ ਸੰਘ ਦਾ ਸੰਮੇਲਨ ਹੋਣ ਵਾਲਾ ਸੀ। ਓਸੇ ਸ਼ਾਮ ਕਾਲੀਕਟ ਵਿੱਚ ਸਮੁੰਦਰ ਕਿਨਾਰੇ ਇੱਕ ਸਭਾ ਹੋਈ , ਜਿਸਦੀ ਅਧਿਅਕਸ਼ਤਾ ਪੀ. ਕ੍ਰਿਸ਼ਣ ਪਿੱਲੇ (ਜੋ ਪਹਿਲਾਂ ਕਾਂਗਰਸ ਸੋਸ਼ਲਿਸਟ ਪਾਰਟੀ ਵਿੱਚ ਸਨ ਅਤੇ ਬਾਅਦ ਵਿੱਚ ਕਮਿਊਨਿਸਟ ਪਾਰਟੀ ਵਿੱਚ ਦਾਖਿਲ ਹੋ ਗਏ ਸਨ) ਨੇ ਕੀਤੀ।

ਜਨਸਭਾ ਵਿੱਚ ਪ੍ਰਸਤਾਵ ਪਾਰਿਤ ਕਰ ਕੇ ਕਾਸ਼ਤਕਾਰੀ ਕਾਨੂੰਨ ਵਿੱਚ ਸੰਸ਼ੋਧਨ ਦੀ ਮੰਗ ਕੀਤੀ ਗਈ। ਜਨਮਤ ਦੇ ਦਬਾਵ ਤੇ ਟੀ. ਪ੍ਰਕਾਸ਼ਨ ਨੇ ਜੋ ਉਸ ਸਮੇਂ ਮਦਰਾਸ ਪ੍ਰੈਜ਼ੀਡੈਂਸੀ ਵਿੱਚ ਰਾਜਾ ਜੀ ਮੰਤਰੀ ਮੰਡਲ ਵਿੱਚ ਰਾਜਸਵ ਮੰਤਰਾਲਾ ਦੇਖ ਰਹੇ ਸਨ, ਓਸੇ ਮਹੀਨੇ ਮਾਲਾਬਾਰ ਦਾ ਦੌਰਾ ਕੀਤਾ ਅਤੇ ਇੱਕ ਕਾਸ਼ਤਕਾਰੀ ਸਮਿਤੀ ਬਣਾਈ ਜਿਸ ਦੇ ਤਿੰਨ ਮੈਂਬਰ ਵਾਮਪੰਥੀ ਸਨ। ਕ੍ਰਿਸ਼ਕ ਸੰਘਮ ਦੀਆਂ ਇਕਾਈਆਂ ਅਤੇ ਕਾਂਗਰਸ ਸਮਿਤੀਆਂ ਨੇ ਥਾਂ ਥਾਂ ਤੇ ਸਭਾਵਾਂ ਕੀਤੀਆ ਅਤੇ ਕਿਸਾਨਾਂ ਨੂੰ ਆਸ਼ਵਾਸਨ ਦਿੱਤਾ ਕਿ ਓਹ ਸਮਿਤੀ ਦੇ ਸਾਹਮਣੇ ਆਪਣਆਂ ਮੰਗਾਂ ਰੱਖਣ ਅਤੇ ਉਸਨੂੰ ਸਮਰਣਪੱਤਰ ਦੇਣ। ਪ੍ਰੰਤੂ ਸਮਿਤੀ ਨੇ ਆਪਣੀ ਰਿਪੋਰਟ ਦੇਰ ਨਾਲ ਦਿੱਤੀ-1940 ਵਿੱਚ। ਤਦ ਤੱਕ ਕਾਂਗਰਸ ਸਰਕਾਰਾਂ ਇਸਤੀਫੇ ਦੇ ਚੁਕੀਆਂ ਸਨ ਅਤੇ ਤੁਰੰਤ ਕੁਝ ਹੋ ਪਾਣਾ ਸੰਭਵ ਨਹੀਂ ਸੀ। ਪ੍ਰੰਤੂ ਕਾਸ਼ਤਕਾਰੀ ਦੇ ਸਵਾਲ ਤੇ ਜੋ ਜਬਰਦਸਤ ਅਭਿਆਨ ਚੱਲਿਆ, ਉਸਨੇ ਕਿਸਾਨਾਂ ਨੂੰ ਏਨਾ ਉਦਬੱਧ ਤਾਂ ਕਰ ਹੀ ਦਿੱਤਾ ਕਿ ਬਾਅਦ ਦੇ ਸਾਲਾਂ ਵਿੱਚ ਓਹਨਾਂ ਦੀਆਂ ਮੰਗਾਂ ਨੂੰ ਸਵੀਕਾਰ ਕੀਤਾ ਜਾਣਾ ਜ਼ਰੂਰੀ ਹੋ ਗਿਆ। ਵੈਸੇ ਮਦਰਾਸ ਦੀ ਕਾਂਗਰਸ ਸਰਕਾਰ, ਇਸਤੀਫਾ ਦੇਣ ਤੋਂ ਪਹਿਲਾਂ, ਕਰਜੇ ਵਿੱਚ ਰਿਆਇਤ ਦੇਣ ਦੇ ਲਈ ਕਾਨੂੰਨ ਜ਼ਰੂਰ ਪਾਰਿਤ ਕਰ ਚੁਕੀ ਸੀ, ਜਿਸਦਾ ਕ੍ਰਿਸ਼ਕ ਸੰਘ ਨੇ ਸਵਾਗਤ ਕੀਤਾ ਸੀ।

ਆਂਧਰ ਦੇ ਤਟਵਰਤੀ ਇਲਾਕਿਆਂ ਵਿੱਚ ਵੀ ਕਿਸਾਨਾਂ ਵਿੱਚ ਅਭੂਤਪੂਰਵ ਜਾਗਰਣ ਦਿਖਾਈ ਦਿੱਤਾ। ਉੱਥੇ ਸਰਕਾਰ ਅਤੇ ਜ਼ਿਮੀਦਾਰਾਂ ਦੇ ਖਿਲਾਫ ਆਂਧਰ ਪ੍ਰਾਂਤੀ ਰੈਅਤ ਐਸੋਸਿਏਸ਼ਨ ਦੁਆਰਾ ਕੀਤੇ ਗਏ ਸਫਲ ਸੰਘਰਸ਼ਾਂ ਦੀ ਸ਼ਾਨਦਾਰ ਪਰੰਪਰਾ ਸੀ। ਇਸ ਤੋਂ ਇਲਾਵਾ ਐਨ. ਜੀ ਰੰਗਾ 1933 ਤੋਂ ਹੀ ਗੁੰਟੂਰ ਜਿਲੇ ਦੇ ਆਪਣੇ ਪਿੰਡ ਨਿਡੋਬ੍ਰੋਲੂ ਵਿੱਚ 'ਭਾਰਤੀ ਕਿਸਾਨ ਪਰਿਸ਼ਦ' ਨਾਮ ਦੀ ਸੰਸਥਾ ਚਲਾ ਰਹੇ ਸਨ, ਜੋ ਕਿਸਾਨਾਂ ਨੂੰ ਕਿਸਾਨ ਅੰਦੋਲਨ ਚਲਾਓਣ ਦੇ ਲਈ ਪ੍ਰਸ਼ਿਕਸ਼ਿਤ ਕਰ ਰਹੀ ਸੀ। 1936 ਤੋਂ ਬਾਅਦ ਵਾਮਪੰਥੀ ਕਾਂਗਰਸ ਜਨਾਂ ਅਤੇ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਵਰਕਰਾਂ ਨੇ ਜਿਨਾਂ ਵਿੱਚ ਬਹੁਤ ਸਾਰੇ ਬਾਅਦ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਚਲੇ ਗਏ, ਕਿਸਾਨਾਂ ਨੂੰ ਸੰਗਠਿਤ ਕਰਣ ਦੀ ਦਿਸ਼ਾ ਵਿੱਚ ਮਹਤੱਵਪੂਰਣ ਕੰਮ ਕੀਤਾ। ਇਨਾਂ ਵਿੱਚ ਪੀ. ਸੁਦਰੈਆ ਦਾ ਨਾਂ ਸਭ ਤੋਂ ਉੱਪਰ ਸੀ।

1937 ਦੇ ਚੁਣਾਵ ਵਿੱਚ ਬਹੁਤ ਸਾਰੇ ਜ਼ਿਮੀਦਾਰ ਅਤੇ ਓਹਨਾਂ ਦੇ ਸਮਰਥਕ ਉਮੀਦਵਾਰ ਕਾਂਗਰਸ ਉਮੀਦਵਾਰਾਂ ਤੋਂ ਪਰਾਜਿਤ ਹੋ ਗਏ। ਜ਼ਿਮੀਦਾਰਾਂ ਦੀ ਪ੍ਰਤਿਸ਼ਠਾ ਨੂੰ ਧੱਕਾ ਲੱਗਾ ਅਤੇ ਕਾਸ਼ਤਕਾਰਾ ਵਿੱਚ ਆਤਮ ਵਿਸ਼ਵਾਸ ਪੈਦਾ ਹੋਇਆ। ਬੋਬਿੱਲੀ ਅਤੇ ਮੁੰਗਲਾ ਜ਼ਿਮੀਦਾਰੀਆਂ ਦੇ ਖਿਲਾਫ ਸੰਘਰਸ਼ ਛੇੜਿਆ ਗਿਆ ਅਤੇ ਖੇਤ ਜੋਤਣ ਅਤੇ ਮਛਲੀ ਮਾਰਣ ਦੇ ਅਧਿਕਾਰਾਂ ਨੂੰ ਲੈ ਕੇ ਕਾਲੀਪੱਤਮ ਦੇ ਜ਼ਿਮੀਦਾਰ ਦੇ ਖਿਲਾਫ ਜਿਹਾਦ ਚੱਲਿਆ।

ਆਂਧਰ ਦੇ ਤਟਵਰਤੀ ਇਲਾਕਿਆਂ ਵਿੱਚ ਕਿਸਾਨ ਮਾਰਚਾਂ ਦਾ ਪ੍ਰਯੋਗ 1933 ਤੋਂ ਹੀ ਸਫਲਤਾਪੂਰਵਕ ਹੁੰਦਾ ਆ ਰਿਹਾ ਸੀ। ਕਿਸਾਨ ਵਿਭਿੰਨ ਦਿਸ਼ਾਵਾਂ ਵਿੱਚ ਮਾਰਚ ਕਰਦੇ ਹੋਏ ਜਿਲਾ ਜਾਂ ਤਾਲੁਕੇ ਦੇ ਮੁੱਖਆਲੇ ਵਿੱਚ ਇਕਠੇ ਹੁੰਦੇ ਸਨ ਅਤੇ ਆਪਣੀਆਂ ਮੰਗਾਂ ਅਧਿਕਾਰੀਆਂ ਸਾਹਮਣੇ ਰੱਖਦੇ ਸਨ। 1938 ਵਿੱਚ ਪ੍ਰਾਂਤੀ ਕਿਸਾਨ ਸੰਮੇਲਨ ਨੇ ਇੱਕ ਬਹੁਤ ਵੱਡੇ ਮਾਰਚ ਦਾ ਆਯੋਜਨ ਕੀਤਾ। ਇਸ ਦੇ ਦੌਰਾਨ 2000 ਤੋਂ ਜ਼ਿਆਦਾ ਕਿਸਾਨਾਂ ਨੇ ਉੱਤਰ ਵਿੱਚ ਇੱਛਾਪੁਰ ਤੋਂ ਸ਼ੁਰੂ ਹੋ ਕੇ 9 ਜ਼ਿਲਿਆਂ ਤੋਂ ਗੁਜ਼ਰਦੇ ਹੋਏ, ਲਗਭਗ 2400 ਕਿ. ਮੀ. ਦੀ ਪੈਦਲ ਯਾਤਰਾ 130 ਦਿਨਾਂ ਵਿੱਚ ਪੂਰੀ ਕੀਤੀ। ਮਾਰਚ ਦੇ ਦੌਰਾਨ ਰਸਤੇ ਵਿੱਚ ਸੈਂਕੜਾਂ ਸਭਾਵਾਂ ਹੋਈਆਂ, ਜਿਨਾਂ ਵਿੱਚ ਲੱਖਾਂ ਕਿਸਾਨਾਂ ਨੇ ਭਾਗ ਲਿਆ। ਮਾਰਚ ਕਰਣ ਵਾਲਿਆਂ ਨੇ 1100 ਅਰਜ਼ੀਆਂ ਇੱਕਠੀਆਂ ਕੀਤੀਆਂ ਅਤੇ ਓਹਨਾਂ ਨੂੰ 27 ਮਾਰਚ, 1938 ਨੂੰ ਮਦਰਾਸ ਵਿੱਚ ਪ੍ਰਾਂਤੀ ਵਿਧਾਇਕਾ ਨੂੰ ਸੌਂਪ ਦਿੱਤਾ। ਇਨਾਂ ਅਰਜ਼ੀਆਂ ਵਿੱਚ ਇੱਕ ਮੁੱਖ ਮੰਗ ਰਿਣ ਵਿੱਚ ਰਾਹਤ ਸੀ ਅਤੇ ਕਾਂਗਰਸ ਸਰਕਾਰ ਨੇ ਇਸ ਨੂੰ ਸਵੀਕਾਰ ਕਰਦੇ ਹੋਏ ਕਾਨੂੰਨ ਵੀ ਬਣਾਇਆ।

ਨੋਟ

ਭੂਰੇ ਆਂਧਰ ਵਿੱਚ ਇਸਦਾ ਸਵਾਗਤ ਹੋਇਆ। ਕਿਸਾਨਾਂ ਦੀ ਮੰਗ ਤੇ ਮਦਰਾਸ ਮੰਤਰੀਮੰਡਲ ਨੇ ਇੱਕ ਜਾਂਚ ਸਮਿਤੀ ਵੀ ਬਣਾਈ, ਪ੍ਰੰਤੂ ਇਸ ਦੀਆਂ ਸਿਫਾਰਸ਼ਾਂ ਨੂੰ ਵੀ ਕਾਨੂੰਨੀ ਸ਼ਕਲ ਨਹੀਂ ਦਿੱਤੀ ਜਾ ਸਕੀ। ਉਸ ਤੋਂ ਪਹਿਲਾਂ ਹੀ ਕਾਂਗਰਸ ਮੰਤਰੀ ਮੰਡਲ ਨੇ ਇਸਤੀਫਾ ਦੇ ਦਿੱਤਾ।

ਆਂਧਰ ਦੇ ਕਿਸਾਨ ਮੰਡਲ ਦੀ ਇੱਕ ਹੋਰ ਵਿਸ਼ੇਸ਼ਤਾ ਸੀ-ਕਿਸਾਨ ਕਾਰਜਕਰਤਾਵਾਂ ਨੂੰ ਅਰਥਸ਼ਾਸਤਰ ਅਤੇ ਰਾਜਨੀਤੀ ਵਿਗਿਆਨ ਵਿੱਚ ਪ੍ਰਸ਼ਿਕਸ਼ਿਤ ਕਰਣ ਲਈ ਗ੍ਰੀਸ਼ਮਕਾਲੀਨ ਸਕੂਲਾਂ ਦਾ ਸੰਚਾਲਨ। ਵਿਭਿੰਨ ਥਾਵਾਂ ਤੇ ਹੋਣ ਵਾਲ਼ੇ ਪ੍ਰਸ਼ਿਕਸ਼ਣ ਸ਼ਿਵਿਰਾਂ ਵਿੱਚ ਉਸ ਸਮੇਂ ਦੇ ਨਾਮੀ ਗਿਰਾਮੀ ਵਾਮਪੰਥੀ ਨੇਤਾ ਜਿਵੇਂ ਪੀ. ਸੀ. ਜ਼ੋਸ਼ੀ, ਅਜੇ ਘੋਸ਼ ਅਤੇ ਆਰ. ਡੀ. ਭਾਰਦੁਆਜ ਉਪਸਥਿਤ ਹੁੰਦੇ ਅਤੇ ਕਲਾਸਾਂ ਲੈਂਦੇ। ਓਨਾਂ ਦੇ ਵਿਆਖਿਆਨਾਂ ਦੇ ਵਿਸ਼ੇ ਹੁੰਦ-ਭਾਰਤੀ ਇਤਿਹਾਸ, ਰਾਸ਼ਟਰੀ ਸੰਘਰਸ਼ ਦਾ ਇਤਿਹਾਸ, ਮਾਰਕਸਵਾਦ, ਭਾਰਤੀ ਅਰਥਵਿਵਸਥਾ ਅਤੇ ਇਸ ਨਾਲ ਸੰਬੰਧਿਤ ਚੀਜ਼ਾਂ । ਇਨਾਂ ਸਕੂਲਾਂ ਦੇ ਲਈ ਖਰਚ ਦੀ ਵਿਵਸਥਾ ਆਂਧਰ ਦੇ ਕਿਸਾਨਾਂ ਤੋਂ ਚੰਦਾ ਵਸੂਲ ਕੇ ਕੀਤੀ ਜਾਂਦੀ ਸੀ। ਕਿਸਾਨ ਦਿਵਸ ਅਤੇ ਹੋਰ ਦਿਵਸਾਂ ਦੇ ਆਯੋਜਨ ਦੁਆਰਾ ਕਿਸਾਨ ਗੀਤਾਂ ਨੂੰ ਜਨਤਾ ਵਿੱਚ ਫੈਲਾਕੇ ਕਿਸਾਨ ਜਾਗਰਣ ਅਭਿਯਾਨ ਚਲਾਇਆ ਗਿਆ।

### ਜ਼ਿਮੀਦਾਰੀ ਉਨਮੂਲਣ ਦੀ ਮੰਗ

ਬਿਹਾਰ ਵਿੱਚ ਵੀ ਕਿਸਾਨ ਚੁੱਪ ਨਹੀਂ ਬੈਠ। ਰਹੇ। ਸਵਾਮੀ ਸਹਿਜਾਨੰਦ ਨੇ ਬਿਹਾਰ ਪ੍ਰਾਂਤੀ ਕਿਸਾਨ ਸਭਾ ਦੀ ਸਥਾਪਨਾ ਕੀਤੀ। ਅਤੇ ਓਹ ਅਖਿਲ ਮਾਲਾਬਾਰ ਕ੍ਰਿਸ਼ਕ ਸਭਾ ਦੇ ਇੱਕ ਪ੍ਰਮੁੱਖ ਮੈਂਬਰ ਵੀ ਸਨ। ਕਿਸਾਨ ਸਭਾ ਦੇ ਸੰਗਠਨ ਨੂੰ ਬਿਹਾਰ ਦੇ ਪਿਡਾਂ ਵਿੱਚ ਫੈਲਾਓਣ ਵਿੱਚ ਓਹਨਾ ਨੂੰ ਕਾਰਿਆਨੰਦ ਸ਼ਰਮਾ, ਰਾਹੁਲ ਸਾਂਕ੍ਰਿਤਿਆਯਨ, ਪੰਚਾਨਨ ਸ਼ਰਮਾ ਅਤੇ ਯਦੁਨੰਦਨ ਸ਼ਰਮਾ ਜਿਹੇ ਬਹੁਤ ਸਾਰੇ ਵਾਮਪੰਥੀ ਨੇਤਾਵਾਂ ਦਾ ਸਹਿਯੋਗ ਮਿਲਿਆ। ਕਿਸਾਨ ਸਭਾ ਦੇ ਪ੍ਰੋਗਰਾਮਾਂ ਨੂੰ ਲੋਕਪ੍ਰਿਅ ਬਣਾਓਣ ਦੀ ਦਿਸ਼ਾ ਵਿੱਚ ਬਿਹਾਰ ਪ੍ਰਾਂਤੀ ਕਿਸਾਨ ਸਭਾ ਨੇ ਸਭਾਵਾਂ, ਸੰਮੇਲਨਾਂ, ਰੈਲੀਆਂ ਅਤੇ ਪ੍ਰਦਰਸ਼ਨਾਂ ਦਾ ਬੜਾ ਪ੍ਰਭਾਵਸ਼ਾਲੀ ਇਸਤੇਮਾਲ ਕੀਤਾ। 1938 ਵਿੱਚ ਪਟਨਾ ਵਿੱਚ ਇੱਕ ਵੱਡਾ ਪ੍ਰਦਰਸ਼ਨ ਵੀ ਹੋਇਆ ਜਿਸ ਵਿੱਚ ਲਗਭਗ ਇੱਕ ਲੱਖ ਕਿਸਾਨਾਂ ਨੇ ਹਿੱਸਾ ਲਿਆ। 1935 ਵਿੱਚ ਹੀ ਕਿਸਾਨ ਸਭਾ ਜ਼ਿਮੀਦਾਰੀ ਉਨਮੂਲਣ ਦਾ ਪ੍ਰਸਤਾਵ ਪਾਰਿਤ ਕਰ ਚੁਕੀ ਸੀ। ਇਨਾਂ ਸਭਾਵਾਂ ਸੰਮੇਲਨਾ ਵਿੱਚ ਬਾਰ ਬਾਰ ਪ੍ਰਸਤਾਵ ਪਾਰਿਤ ਕਰ ਕੇ ਇਸ ਨੂੰ ਲੋਕਪ੍ਰਿਅ ਨਾਰਾ ਬਣਾਇਆ ਜਾ ਚੁਕਾ ਸੀ।ਬਿਹਾਰ ਦੇ ਕਿਸਾਨਾਂ ਦੀ ਦੂਜੀ ਮੰਗ ਸੀ-ਗੈਰਕਾਨੂੰਨੀ ਵਸੂਲੀਆਂ ਅਤੇ ਕਾਸ਼ਤਕਾਰੀ ਦੀ ਬੇਦਖ਼ਲੀ ਦਾ ਅੰਤ ਅਤੇ ਬਕਾਸ਼ਤ ਜ਼ਮੀਨ ਦੀ ਵਾਪਸੀ।

ਕਾਂਗਰਸ ਮੰਤਰੀ ਮੰਡਲ ਨੇ ਲਗਾਨ ਦੀ ਦਰ ਘੱਟ ਕਰਕੇ ਅਤੇ ਬਕਾਸ਼ਤ ਜ਼ਮੀਨਾਂ ਦੀ ਵਾਪਸੀ ਲਈ ਕਾਨੂੰਨ ਬਣਾਓਣ ਦੀ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਸੀ। ਬਕਾਸ਼ਤ ਜ਼ਮੀਨ ਉਸ ਨੂੰ ਕਹਿੰਦੇ ਸਨ, ਜਿਸ ਨੂੰ ਮੰਦੀ ਦੇ ਕਾਰਨ ਲਗਾਨ ਨਾ ਦੇ ਪਾਓਣ ਦੇ ਕਾਰਨ ਕਿਸਾਨਾਂ ਨੇ ਜ਼ਿਮੀਦਾਰ ਨੂੰ ਦੇ ਦਿੱਤਾ ਸੀ।ਹਾਲਾਕਿ ਇਹ ਜ਼ਮੀਨਾਂ ਹੁਣ ਵੀ ਜ਼ਿਮੀਦਾਰ ਦੇ ਕਬਜ਼ੇ ਵਿੱਚ ਹੀ ਸਨ, ਪ੍ਰੰਤੂ ਓਹ ਉਸ ਤੇ ਬਿਠਾਈਦਾਰ ਦੀ ਹੈਸੀਅਤ ਨਾਲ ਖੇਤੀ ਕਰ ਰਹੇ ਸਨ।ਵਿਧਾਇਕਾ ਦੇ ਜ਼ਿਮੀਦਾਰ ਮੈਂਬਰਾਂ ਦੀ ਸਹਿਮਤੀ ਨਾਲ ਜੋ ਫਾਰਮੂਲਾ ਬਣਿਆ ਅਤੇ ਜਿਸ ਨੂੰ ਕਾਨੂੰਨ ਦੀ ਸ਼ਕਲ ਦਿੱਤੀ ਗਈ, ਓਹ ਕਿਸਾਨ ਸਭਾ ਦੇ ਪਰਿਵਰਤਨਵਾਦੀ ਨੇਤਾਵਾਂ ਨੂੰ ਮੰਜ਼ੂਰ ਨਹੀਂ ਹੋਇਆ।ਫਾਰਮੂਲੇ ਦੇ ਅਨੁਸਾਰ ਬਕਾਸ਼ਤ ਜ਼ਮੀਨ ਦਾ ਇੱਕ ਹਿੱਸਾ ਹੀ ਕਿਸਾਨਾਂ ਨੂੰ ਵਾਪਿਸ ਮਿਲਣਾ ਸੀ ਅਤੇ ਓਹ ਵੀ ਇਸ ਸ਼ਰਤ ਤੇ ਓਹ ਉਸ ਜ਼ਮੀਨ ਦੀ ਨੀਲਾਮੀ ਮੁੱਲ ਦੇ ਅੱਧੇ ਦਾ ਭੁਗਤਾਨ ਕਰਣ। ਇਸ ਤੋਂ ਇਲਾਵਾ ਕੁਝ ਖਾਸ ਵਰਗ ਦੀਆਂ ਜ਼ਮੀਨਾਂ ਤੇ ਇਹ ਕਾਨੂੰਨ ਲਾਗੂ ਨਹੀਂ ਹੁੰਦੇ ਸਨ।

ਨਤੀਜਾ ਇਹ ਨਿੱਕਲਿਆ ਕਿ ਬਕਾਸ਼ਤ ਜ਼ਮੀਨ ਦਾ ਮੁੱਦਾ ਕਿਸਾਨ ਸਭਾ ਅਤੇ ਕਾਂਗਰਸ ਮੰਤਰੀ ਮੰਡਲ ਦੇ ਵਿੱਚ ਵਿਵਾਦ ਦਾ ਵਿਸ਼ਾ ਬਣ ਗਿਆ। ਕਾਰਿਆਨੰਦ ਸ਼ਰਮਾ ਦੀ ਅਗਵਾਈ ਵਿੱਚ ਮੁੰਗੇਰ ਜ਼ਿਲੇ ਦੇ ਬੜਹੀਆ ਤਾਲ ਵਿੱਚ ਜਿਸ ਤਰਾਂ ਦਾ ਸੰਘਰਸ਼ ਚਲ ਰਿਹਾ ਸੀ, ਓਹ ਤਾਂ ਜਾਰੀ ਹੀ ਰਿਹਾ, ਸੰਘਰਸ਼ ਦੇ ਨਵੇਂ ਰੂਪ ਵੀ ਸਾਹਮਣੇ ਆਏ। ਜਿਲੇ ਦੇ ਰੇਵੜ ਵਿੱਚ ਰਘੂਨੰਦਨ ਸ਼ਰਮਾ ਦੀ ਅਗਵਾਈ ਵਿੱਚ ਕਿਸਾਨ ਜ਼ਿਲਾ ਮੈਜਿਸਟ੍ਰੇਟ ਤੋਂ ਇਹ ਘੋਸ਼ਣਾ ਕਰਵਾਓਣ ਵਿੱਚ ਸਫਲ ਹੋਏ ਕਿ ਵਿਵਾਦਾਗ੍ਰਸਤ ਇੱਕ ਹਜ਼ਾਰ ਬੀਘਾ ਜ਼ਮੀਨ ਵਿੱਚੋਂ 850 ਬੀਘਾ ਜ਼ਮੀਨ ਕਾਸ਼ਤਕਾਰਾਂ ਨੂੰ ਵਾਪਿਸ ਕਰ ਦਿੱਤੀ ਜਾਵੇਗੀ। ਇਸ ਨਾਲ ਦੂਜੇ ਖੇਤਰਾਂ ਦੇ ਕਿਸਾਨਾਂ ਨੂੰ ਵੀ ਕਾਫੀ ਪ੍ਰੇਰਣਾ ਮਿਲੀ। ਦਰਭੰਗਾ ਦੇ ਪਾਦਰੀ, ਰਾਘੋਪੁਰ ਦੇ ਕੁਲ ਅਤੇ ਪਡੌਲ ਵਿੱਚ ਕਿਸਾਨ ਅੰਦੋਲਨ ਫੁੱਟ ਪਿਆ। ਜ਼ਮੁਨਾ ਕਾਰਿਆ ਨੇ ਸਾਰਨ ਦੇ ਕਿਸਾਨਾਂ ਦੀ ਅਗਵਾਈ ਕੀਤੀ ਤਾਂ ਰਾਹੁਨ ਸਾਂਕ੍ਰਿਆਯਨ ਨੇ ਅੰਨਵਾਰੀ ਦੇ ਕਿਸਾਨਾਂ ਦੀ। ਅੰਦੋਲਨ ਦਾ ਮੁੱਖ ਸਰੂਪ ਸੀ ਸੱਤਿਆਗ੍ਰਹਿ ਅਤੇ ਜ਼ਬਰਦਸਤੀ ਬੋਆਈ ਅਤੇ ਫਸਲ ਕਟਾਈ । ਜਵਾਬ ਵਿੱਚ ਜ਼ਿਮੀਦਾਰਾਂ ਨੇ ਲਠੈਤਾਂ ਦੇ ਜ਼ਰੀਏ ਕਿਸਾਨਾਂ ਦੀਆਂ ਸਭਾਵਾਂ ਭੰਗ ਕਰਨਾ ਅਤੇ ਆਤੰਕ ਫੈਲਾਣਾ ਸ਼ੁਰੂ ਕੀਤਾ। ਜ਼ਿਮੀਦਾਰਾਂ ਦੇ ਆਦਮੀਆਂ ਅਤੇ ਕਿਸਾਨਾਂ ਵਿੱਚ ਸੰਘਰਸ਼ ਰੋਜ਼ਾਨਾ ਦੀ ਚੀਜ਼ ਹੋ ਗਿਆ। ਪੁਲਿਸ ਅਕਸਰ ਕਿਸਾਨ ਨੇਤਾਵਾਂ ਅਤੇ ਕਾਰਜਕਰਤਾਵਾਂ ਨੂੰ ਗ੍ਰਿਫਤਾਰ ਕਰ ਲੈਂਦੀ ਸੀ। ਕੁਝ ਸਥਾਨਾਂ ਤੇ ਸਰਕਾਰ ਦੇ ਪ੍ਰਤੀਨਿਧੀਆਂ ਅਤੇ ਕਾਗਰਸ ਨੇਤਾਵਾਂ ਨੇ ਸਮਝੌਤਾ ਕਰਵਾਓਣ ਦੀ ਕੋਸ਼ਿਸ਼ ਕੀਤੀ। ਬਕਾਸ਼ਤ ਜ਼ਮੀਨ ਦੇ ਸਵਾਲ ਤੇ ਅੰਦੋਲਨ, 1937-39 ਤੱਕ, ਆਪਣੇ ਸ਼ਿਖਰ ਤੇ ਪਹੁੰਚ ਚੁਕਾ ਸੀ। ਪ੍ਰੰਤੂ ਅਗਸਤ 1939 ਵਿੱਚ ਸਰਕਾਰ ਦੁਆਰਾ ਅਨੇਕਾਂ ਸੁਵਿਧਾਵਾਂ, ਨਵੇਂ ਕਾਨੂੰਨਾਂ ਅਤੇ ਲਗਭਗ 600 ਕਾਰਜਕਰਤਾਵਾਂ ਦੀ ਗ੍ਰਿਫਤਾਰੀ ਨਾਲ ਅੰਦੋਲਨ ਰੁਕ ਜਿਹਾ ਗਿਆ। ਕੁਝ ਇਲਾਕਿਆਂ ਵਿੱਚ 1945 ਵਿੱਚ ਕਿਸਾਨਾਂ ਨੇ ਫਿਰ ਅੰਗੜਾਈ ਲਈ, ਅਤੇ ਓਹਨਾਂ ਦਾ ਅੰਦੋਲਨ ਤਦ ਤੱਕ ਜਾਰੀ ਰਿਹਾ ਜਦੋਂ ਤੱਕ ਜ਼ਿਮੀਦਾਰੀ ਪ੍ਰਥਾ ਖਤਮ ਨਹੀਂ ਹੋ ਗਈ।

ਪੰਜਾਬ, ਕਿਸਾਨ ਸਕ੍ਰਿਅਤਾ ਦਾ ਇੱਕ ਹੋਰ ਕੇਂਦਰ ਸੀ। ਇੱਥੇ 1930 ਦੇ ਦਸ਼ਕ ਦੇ ਸ਼ੁਰੂ ਵਿੱਚ ਹੀ ਕਿਸਾਨ ਸਭਾਵਾਂ ਅਸਤਿੱਤਵ ਵਿੱਚ ਆ ਗਈਆਂ ਸਨ। ਨੌਜਵਾਨ ਭਾਰਤ ਸਭਾ, ਕੀਰਤੀ ਸਮਿਤੀ ਨੇ ਓਹਨਾ ਨੂੰ ਇੱਕ ਅਕਾਲੀ ਦਲ ਦੇ ਕਾਰਜਕਰਤਾਵਾਂ ਦੀਆਂ

ਕੋਸ਼ਿਸ਼ਾਂ ਨਾਲ 1937 ਵਿੱਚ ਸਥਾਪਿਤ ਪੰਜਾਬ ਕਿਸਾਨ ਸਮਿਤੀ ਨੇ ਓਹਨਾਂ ਨੂੰ ਇੱਕ ਸੂਤਰ ਵਿੱਚ ਬੰਨ ਦਿੱਤਾ। ਕਿਸਾਨਾਂ ਵਿੱਚ ਜਾਗਰਣ ਲਿਆਓਣ ਦੇ ਤਰੀਕੇ ਇੱਥੇ ਵੀ ਓਹੀ ਸਨ- ਕਿਸਾਨ ਸਭਾ ਦੇ ਕਾਰਜਕਰਤਾ ਪਿੰਡ ਪਿੰਡ ਘੁੰਮਦੇ, ਕਿਸਾਨ ਸਭਾ ਅਤੇ ਕਾਂਗਰਸ ਦੇ ਮੈਂਬਰ ਭਰਤੀ ਕਰਦੇ, ਸਭਾਵਾਂ ਦਾ ਆਯੋਜਨ ਕਰਦੇ, ਤਹਿਸੀਲ, ਜ਼ਿਲਾ ਅਤੇ ਪ੍ਰਾਂਤ ਦੇ ਸਤਰ ਤੇ ਸੰਮੇਲਨ ਕਰਦੇ ਅਤੇ ਓਹਨਾਂ ਵਿੱਚ ਹਿੱਸਾ ਲੈਣ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਦੇ ।ਹੌਲੀ ਹੌਲੀ ਇਹਨਾਂ ਸੰਮੇਲਨਾਂ ਦੀ ਸੰਖਿਆ ਵਧਦੀ ਗਈ ਅਤੇ ਓਹਨਾਂ ਵਿੱਚ ਰਾਸ਼ਟਰੀ ਸਤਰ ਦੇ ਨੇਤਾ ਆਓਣ ਲੱਗੇ।ਪੰਜਾਬ ਦੇ ਮੁੱਖ ਮੰਗ ਸੀ ਭੂਰਾਜਸਵ ਵਿੱਚ ਕਟੌਤੀ ਅਤੇ ਰਿਣਾਂ ਦੇ ਭੁਗਤਾਨ ਦਾ ਸਥਗਨ। ਓਹਨਾਂ ਦੇ ਹਮਲਿਆਂ ਦਾ ਨਿਸ਼ਾਨਾ ਸੀ ਯੂਨਿਅਨਿਸਟ ਪਾਰਟੀ ਦਾ ਮੰਤਰੀਮੰਡਲ ਜਿਸ ਵਿੱਚ ਪੱਛਮੀ ਪੰਜਾਬ ਦੇ ਭੂਸਵਾਮੀ ਦਾ ਰਾਜ ਸੀ।

ਪੰਜਾਬ ਦੇ ਕਿਸਾਨ ਅੰਦੋਲਨ ਦੇ ਦੌਰਾਨ ਜੋ ਦੋ ਮੁੱਦੇ ਤਤਕਾਲਿਕ ਸੰਘਰਸ਼ ਦੇ ਲਈ ਉੱਭਰ ਕੇ ਆਏ ਸਨ ਓਹ ਸਨ-ਅੰਮ੍ਰਿਤਸਰ ਅਤੇ ਲਾਹੌਰ ਦੇ ਜਿਲਿਆਂ ਵਿੱਚ ਭੂਰਾਜਸਵ ਦਾ ਪੁਨਰ ਨਿਰਧਾਰਣ ਅਤੇ ਨਹਿਰ ਕਰ ਵਿੱਚ ਵਾਧਾ। ਇਨਾਂ ਦੇ ਖਿਲਾਫ ਜੱਥੇ ਕੱਢੇ ਜਾਂਦੇ ਸਨ, ਜੋ ਜਿਲਾ ਮੁੱਖਇਆਲੇ ਤੱਕ ਜਾ ਕੇ ਖਤਮ ਹੁੰਦੇ ਅਤੇ ਪ੍ਰਦਰਸ਼ਨ ਹੁੰਦੇ। ਪ੍ਰਤੀਵਾਦ ਦੀਆਂ ਇਹ ਗਤੀਵਿਧੀਆਂ 1939 ਤੱਕ ਸ਼ਿਖਰ ਤੇ ਪਹੁੰਚ ਗਈਆਂ। ਲਾਹੌਰ ਵਿੱਚ ਇੱਕ ਵੱਡਾ ਕਿਸਾਨ ਮੋਰਚਾ ਲਗਾਇਆ ਗਿਆ, ਜਿਸ ਵਿੱਚ ਵਿਭਿੰਨ ਜਿਲਿਆਂ ਤੋਂ ਸੈਂਕੜੋਂ ਕਿਸਾਨਾਂ ਨੇ ਭਾਗ ਲਿਆ ਅਤੇ ਗ੍ਰਿਫਤਾਰੀ ਦਿੱਤੀ। ਮੁਲਤਾਨ ਅਤੇ ਮਿੰਟਗੁਮਰੀ ਦੇ ਨਹਿਰ ਕਾਲੋਨੀ ਇਲਾਕਿਆਂ ਵਿੱਚ ਇੱਕ ਅਲੱਗ ਸੰਘਰਸ਼ ਉੱਭਰ ਕੇ ਸਾਹਮਣੇ ਆਇਆ।ਉੱਥੇ ਵੱਡੀ ਵੱਡੀ ਨਿਜੀ ਕੰਪਨੀਆਂ ਨੇ ਸਰਕਾਰ ਤੋਂ ਕਾਫੀ ਭੂਮੀ ਪੱਟੇ ਤੇ ਲਈ ਹੋਈ ਸੀ ਅਤੇ ਜੋ ਬਿਠਾਈਦਾਰ ਜ਼ਮੀਨ ਤੇ ਖੇਤੀ ਕਰ ਰਹੇ ਸਨ ਓਹਨਾਂ ਤੋਂ ਤਰਾਂ ਤਰਾਂ ਦੇ ਸਾਮੰਤੀ ਕਰ ਵਸੂਲੇ ਜਾਂਦੇ ਸਨ। ਸਰਕਾਰ ਨੇ ਇਨਾਂ ਕਰਾਂ ਨੂੰ ਗੈਰਕਾਨੂੰਨੀ ਘੋਸ਼ਿਤ ਕਰ ਦਿੱਤਾ ਸੀ, ਫਿਰ ਵੀ ਜਿਮੀਦਾਰ ਨਹੀਂ ਮੰਨਦੇ ਸਨ। ਕਿਸਾਨ ਨੇਤਾਵਾਂ ਨੇ ਕਾਸ਼ਤਕਾਬਾਂ ਨੂੰ ਇਨਾਂ ਦੇ ਵਿਰੋਧ ਲਈ ਸੰਗਠਿਤ ਕਾਤਾ ਅਤੇ ਕੁਝ ਇਲਾਕਿਆਂ ਵਿੱਚ ਹੜਤਾਲਾਂ ਵੀ ਹੋਈਆਂ। ਓਹਨਾਂ ਨੇ ਕਪਾਹ ਬੀਨਣ ਅਤੇ ਫਸਲ ਕੱਟਣ ਤੋਂ ਇਨਕਾਰ ਕਰ ਦਿੱਤਾ। ਮਜਬੂਰ ਹੋਕੇ ਭੂ ਸਵਾਮੀਆਂ ਨੂੰ ਕੁਝ ਰਿਆਇਤਾਂ ਦੀ ਘੋਸ਼ਣਾ ਕਰਨੀ ਪਈ। ਯੁੱਧ ਦੇ ਕਾਰਣ ਕਾਸ਼ਤਕਾਰਾਂ ਦਾ ਸੰਘਰਸ਼ ਕੁਝ ਸਮੇਂ ਲਈ ਸਥਿਗਤ ਹੋ ਗਿਆ, ਪ੍ਰੰਤੂ 1946-47 ਵਿੱਚ ਫਿਰ ਸ਼ੁਰੂ ਹੋ ਗਿਆ।

ਪੰਜਾਬ ਵਿੱਚ ਕਿਸਾਨ ਅੰਦੋਲਨ ਮੱਧਵਰਤੀ ਜਿਲਿਆਂ ਤੱਕ ਸੀਮਿਤ ਰਿਹਾ।ਸਭ ਤੋਂ ਜਿਆਦਾ ਸਕ੍ਰਿਅਤਾ ਸੀ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ, ਲਾਇਲਪੁਰ ਅਤੇ ਸ਼ੇਖੂਪੁਰਾ ਵਿੱਚ। ਇਨਾਂ ਜਿਲਿਆਂ ਵਿੱਚ ਜ਼ਿਆਦਾਤਰ ਸਿੱਖ ਕਿਸਾਨ ਸਨ ਅਤੇ ਓਹਨਾਂ ਦੀਆਂ ਆਪਣੀਆਂ ਜ਼ਮੀਨਾਂ ਸਨ। 1920 ਦੇ ਦਸ਼ਕ ਪੂਰਵਾਰਧ ਵਿੱਚ ਹੋਏ ਗੁਰਦਵਾਰਾ ਕਾਨੂੰਨ ਸੁਧਾਰ ਅੰਦੋਲਨ ਅਤੇ 1930-32 ਦੇ ਸਵਿਨਅ ਅਵੱਗਿਆ ਅੰਦੋਲਨ ਦੇ ਕਾਰਣ ਓਹ ਪਹਿਲਾਂ ਹੀ ਰਾਸ਼ਟਰੀ ਸਵਾਧੀਨਤਾ ਸੰਗਰਾਮ ਦਾ ਹਿੱਸਾ ਬਣ ਚੁਕੇ ਸਨ।ਅਵਿਕਸਿਤ ਪੱਛਮੀ ਪੰਜਾਬ ਦੇ ਮੁਸਲਮਾਨ ਕਾਸ਼ਤਕਾਰ ਜਿਨਾਂ ਨੂੰ ਜ਼ਿਮੀਦਾਰ ਆਪਣੀ ਇੱਛਾ ਨਾਲ ਕਦੇ ਵੀ ਬੇਦਖਲ ਕਰ ਸਕਦੇ ਸਨ, ਅਤੇ ਦੱਖਣ ਪੂਰਬ ਪੰਜਾਬ ਦੇ ਹਿਦੂ ਜੱਟ ਕਿਸਾਨ ਅੰਦੋਲਲ ਦੇ ਦਾਇਰੇ ਤੋਂ ਆਮ ਤੌਰ ਤੇ ਬਾਹਰ ਹੀ ਰਹੇ। ਮਿੰਟਗੁਮਰੀ ਅਤੇ ਮੁਲਤਾਨ ਜਿਲਿਆਂ ਦੇ ਓਹਨਾਂ ਕਾਸ਼ਤਕਾਰਾਂ ਨੇ ਇਸ ਅੰਦੇਲਲ ਵਿੱਚ ਹਿੱਸਾ ਲਿਆ, ਓਹਨਾਂ ਵਿੱਚ ਵੀ ਜ਼ਿਆਦਾਤਰ ਮੱਧਵਰਤੀ ਜ਼ਿਲਿਆਂ ਤੋਂ ਹੀ ਆਏ ਸਨ। ਜਿਨਾਂ ਕਿਸਾਨ ਨੇਤਾਵਾਂ ਨੇ ਪੰਜਾਬ ਵਿੱਚ ਜਾਗਰਣ ਫੈਲਾਇਆ ਓਹਨਾਂ ਦੇ ਪ੍ਰਮੁਖ ਨਾਂ ਹਨ-ਬਾਬਾ ਸੋਹਣ ਸਿੰਘ ਭਾਕਣਾ, ਬੀ. ਪੀ. ਅੇਲ ਬੇਦੀ, ਬਾਬਾ ਜਵਾਲਾ ਸਿੰਘ, ਤੇਜਾ ਸਿੰਘ ਸੁਤੰਤਰ, ਬਾਬਾ ਰੂਰ ਸਿੰਘ, ਮਾਸਟਰ ਹਰੀ ਸਿੰਘ, ਭਗਤ ਸਿੰਘ ਬਿਲਗਾ ਅਤੇ ਵਧਾਵਾ ਰਾਮ।

ਪੰਜਾਬ ਦੀਆਂ ਰਿਆਸਤਾਂ ਵੀ ਕਿਸਾਨ ਅੰਦੋਲਨ ਤੋਂ ਅਛੂਤੀਆਂ ਨਹੀਂ ਰਹੀਆਂ। ਇਨਾਂ ਵਿੱਚ ਪਟਿਆਲ਼ਾ ਦਾ ਅੰਦੋਲਨ ਸਭ ਤੋਂ ਸ਼ਕਤੀਸ਼ਾਲੀ ਸੀ।ਇਨਾਂ ਦੀ ਮੁੱਖ ਮੰਗ ਇਹ ਸੀ ਕਿ ਤਰਾਂ ਤਰਾਂ ਦੇ ਹਥਕੰਡਿਆਂ ਨਾਲ ਕੁਝ ਭੂਸਵਾਮੀਆਂ ਨੇ ਮਿਲ ਕੇ ਜ਼ੋ ਜ਼ਮੀਨ ਹਥਿਆ ਲਈ ਸੀ, ਓਹ ਕਾਸ਼ਤਕਾਰਾਂ ਨੂੰ ਵਾਪਿਸ ਕੀਤੀ ਜਾਵੇ। ਕਾਸ਼ਤਕਾਰਾਂ ਨੇ ਮਾਲਿਕ ਦੇ ਹਿੱਸੇ ਦਾ ਲਗਾਨ ਭਰਣ ਤੋਂ ਇਨਕਾਰ ਕਰ ਦਿੱਤਾ। ਓਹਨਾਂ ਦੀ ਅਗਵਾਈ ਭਗਵਾਨ ਸਿੰਘ ਲੌਂਗੋਵਾਲ਼ ਅਤੇ ਜਗੀਰ ਸਿੰਘ ਜੋਗਾ ਵਰਗੇ ਵਾਮਪੰਥੀ ਨੇਤਾ ਕਰ ਰਹੇ ਸਨ। ਇਹ ਸੰਘਰਸ਼ ਹੌਲੀ ਹੌਲੀ 1953 ਤੱਕ ਚਲਦਾ ਰਿਹਾ, ਜਿਸ ਸਾਲ ਕਾਨੂੰਨ ਬਣਾ ਕੇ ਕਾਸ਼ਤਕਾਰਾ ਨੂੰ ਜ਼ਮੀਨ ਦਾ ਮਾਲਿਕ ਘੋਸ਼ਿਤ ਕਰ ਦਿੱਤਾ ਗਿਆ।

ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਵੀ ਬੜੇ ਪੈਮਾਨੇ ਤੇ ਕਿਸਾਨ ਜਾਗਰਣ ਹੋਇਆ ਅਤੇ ਓਹਨਾਂ ਦੀਆ ਮੁੱਖ ਮੰਗਾਂ ਲਗਭਗ ਇੱਕੋ ਵਰਗੀਆਂ ਸਨ। ਬੰਗਾਲ ਵਿੱਚ ਬਰਦਵਾਨ ਦੇ ਕਿਸਾਨਾਂ ਨੇ ਬੰਕਿਮ ਮੁਖਰਜੀ ਦੀ ਅਗਵਾਈ ਵਿੱਚ 'ਲਹਿਰ ਟੈਕਸ' ਦੇ ਖਿਲਾਫ ਲੜਾਈ ਲੜੀ ਅਤੇ ਸਹੂਲਤਾਂ ਹਾਸਿਲ ਕੀਤੀਆਂ ਅਤੇ 24 ਪਰਗਨਾਂ ਦੇ ਕਿਸਾਨਾਂ ਨੇ ਅਪ੍ਰੈਲ 1938 ਵਿੱਚ ਆਪਣੀਆਂ ਮੰਗਾਂ ਦੇ ਸਮਰਥਨ ਵਿੱਚ ਕਲਕੱਤਾ ਤੱਕ ਜਲੂਸ ਕੱਢਿਆ। ਅਸਮ ਦੀ ਸੁਰਮਾ ਘਾਟੀ ਅਤੇ ਜ਼ਿਮੀਦਾਰਾਂ ਦੇ ਅੱਤਿਆਚਾਰਾਂ ਦੇ ਖਿਲਾਫ 6 ਮਹੀਨੇ ਤੱਕ 'ਲਗਾਨ ਰੋਕੋ' ਅੰਦੋਲਨ ਚੱਲਿਆ ਅਤੇ ਕਰੁਣਦਾਸਿੰਧੂ ਰਾਏ ਨੇ ਕਾਸ਼ਤਕਾਰੀ ਅਧਿਨਿਯਮ ਵਿੱਚ ਸੰਸ਼ੋਧਨ ਲਈ ਅਭਿਆਨ ਚਲਾਇਆ।ਉੜੀਸਾ ਵਿੱਚ ਉਤਕਲ ਪ੍ਰਾਂਤੀ ਕਿਸਾਨ ਸਭਾ, ਜੋ ਮਾਲਤੀ ਚੌਧਰੀ ਅਤੇ ਦੂਜੇ ਨੇਤਾਵਾਂ ਦੀ ਅਗਵਾਈ ਵਿੱਚ 1935 ਵਿੱਚ ਸਥਾਪਿਤ ਹੋਈ ਸੀ, ਕਿਸਾਨ ਘੋਸ਼ਣਾਂ ਪੱਤਰ ਨੂੰ ਕਾਂਗਰਸ ਸਮਿਤੀ ਦੇ ਚੁਣਾਵ ਘੋਸ਼ਣਾ ਪੱਤਰ ਵਿੱਚ ਸ਼ਾਮਿਲ ਕਰਵਾਓਣ ਵਿੱਚ ਸਫਲ ਹੋਈ। ਅਤੇ ਬਾਅਦ ਵਿੱਚ ਉੱਥੇ ਜੋ ਕਾਂਗਰਸ ਮੰਤਰੀ ਮੰਡਲ ਬਣਿਆ, ਉਸਨੇ ਖੇਤੀ ਖੇਤਰ ਵਿੱਚ ਸੁਧਾਰ ਦੀ ਦਿਸ਼ਾ ਵਿੱਚ ਮੱਹਤਵਪੂਰਣ ਕਾਨੂੰਨ ਬਣਾਏ। ਉੜੀਸਾ ਦੀ ਰਿਆਸਤਾਂ ਦੇ ਕਿਸਾਨ ਅੰਦੋਲਨ ਵਿੱਚ ਆਦੀਵਾਸੀ ਵੀ ਸ਼ਾਮਿਲ ਹੋਏ। ਅੰਦੋਲਨਕਾਰੀਆਂ ਦੀਆਂ ਮੁੱਖ ਮੰਗਾਂ ਸਨ-ਬੇਗਾਰੀ ਦਾ ਖਾਤਮਾ, ਜੰਗਲਾਂ ਦੇ ਇਸਤੇਮਾਲ ਦਾ ਅਧਿਕਾਰ, ਅਤੇ ਲਗਾਨ

ਨੋਟ

ਦੀਆਂ ਦਰਾਂ ਵਿੱਚ ਕਮੀ। ਢੇਨਕਾਨਲ ਵਿੱਚ ਜਮ ਕੇ ਟਕਰਾਵ ਹੋਇਆ ਅਤੇ ਸਰਕਾਰੀ ਅਤੇ ਜ਼ਿਮੀਦਾਰੀ ਦਮਨ ਤੋਂ ਬਚਣ ਲਈ ਹਜ਼ਾਰਾਂ ਲੋਕ ਰਿਆਸਤ ਛੱਡ ਕੇ ਭੱਜ ਗਏ। ਉੱਤਰ-ਪੱਛਮੀ ਫ੍ਰੰਟਅੀਅਰ ਪ੍ਰਾਂਤ ਦੀ ਘੱਲਾਧੀਰ ਰਿਆਸਤ ਵਿੱਚ ਕਿਸਾਨਾਂ ਨੇ ਨਵਾਬ ਦੁਆਰਾ ਮਨਮਾਨੇ ਢੰਗ ਨਾਲ ਬੇਦਖਲ ਕਰਣ ਅਤੇ ਤਰਾਂ ਤਰਾਂ ਦੇ ਕਰ ਵਸੂਲਣ ਦਾ ਵਿਰੋਧ ਕੀਤਾ । ਗੁਜਰਾਤ ਵਿੱਚ ਬੰਧੂਆ ਮਜ਼ਦੂਰੀ ਦੇ ਖਿਲਾਫ ਅੰਦੋਲਨ ਚੱਲਿਆ ਅਤੇ ਕਾਫੀ ਸਫਲਤਾ ਵੀ ਮਿਲੀ। ਮੱਧ ਪ੍ਰਾਂਤ ਕਿਸਾਨ ਸਭਾ ਦੀ ਅਗਵਾਈ ਵਿੱਚ ਨਾਗਪੁਰ ਵਿੱਚ ਇੱਕ ਮਾਰਚ ਕੱਢਿਆ ਗਿਆ, ਜਿਸ ਦੀ ਮੰਗ ਸੀ, ਮਾਲਗੁਜ਼ਾਰੀ ਦਾ ਖਾਤਮਾ, ਟੈਕਸਾਂ ਵਿੱਚ ਕਟੌਤੀ, ਅਤੇ ਰਿਣਾਂ ਦੇ ਭੁਗਤਾਲ ਦਾ ਸਥਗਨ।

### ਦੂਜੇ ਵਿਸ਼ਵ ਯੁੱਧ ਦਾ ਪ੍ਰਭਾਵ

ਕਿਸਾਨ ਅੰਦੋਲਨ ਦਾ ਉੱਗਰ ਹੁੰਦਾ ਬੁਖਾਰ ਦੂਜਾ ਵਿਸ਼ਵ ਯੁੱਧ ਛਿੜ ਜਾਣ ਨਾਲ ਰੁਕ ਜਿਹਾ ਗਿਆ। ਕਾਂਗਰਸ ਮੰਤਰੀ ਮੰਡਲ ਨੇ ਇਸਤੀਫਾ ਦੇ ਦਿੱਤਾ ਅਤੇ ਕਿਓਂਕਿ ਵਾਮਪੰਥੀ ਅਤੇ ਕਿਸਾਨ ਨੇਤਾ ਯੁੱਧ ਦੇ ਖਿਲਾਫ ਸਲ, ਓਹਨਾਂ ਦਾ ਦਮਨ ਸ਼ੁਰੂ ਹੋ ਗਿਆ। ਹਿਟਲਰ ਨੇ ਜਦੋਂ ਸੋਵੀਅਤ ਸੰਘ ਤੇ ਹਮਲਾ ਕਰ ਦਿੱਤਾ ਤਾਂ ਦਿਸੰਬਰ 1941 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਨੇ ਇੱਕ ਪ੍ਰਸਤਾਵ ਪਾਸ ਕਰ ਕੇ ਇਸ ਨੂੰ ਜਨ-ਯੁੱਧ ਘੋਸ਼ਿਤ ਕਰ ਦਿੱਤਾ। ਫਲਸਰੂਪ ਕਿਸਾਨ ਸਭਾ ਦੇ ਸਾਮਵਾਦੀ ਅਤੇ ਗੈਰਸਾਮਵਾਦੀ ਮੈਂਬਰਾਂ ਦੇ ਵਿੱਚ ਟਕਰਾਵ ਪੈਦਾ ਹੋ ਗਿਆ। 'ਭਾਰਤ ਛੱਡੋ' ਅੰਦੋਲਨ ਦੇ ਦੌਰਾਨ ਇਹ ਮਤਭੇਦ ਕਾਫੀ ਉਗਰ ਹੋ ਗਏ। ਕਾਂਗਰਸ ਸੋਸ਼ਲਿਸਟ ਪਾਰਟੀ ਦੇ ਲੋਕਾਂ ਨੇ ਇਸ ਦੀ ਅਗਵਾਈ ਕੀਤੀ ਅਤੇ ਕਮਿਊਨਿਸਟ ਪਾਰਟੀ ਨੇ ਆਪਣੇ ਕਾਰਜਕਰਤਾਵਾਂ ਨੂੰ ਇਸ ਤੋਂ ਅਲੱਗ ਰਹਿਣ ਦਾ ਨਿਰਦੇਸ਼ ਦਿੱਤਾ। ਚਾਹੇ ਪਾਰਟੀ ਦੁਆਰਾ ਮਨਾ ਕਰਣ ਦੇ ਬਾਵਜੂਦ ਸਥਾਨਿਕ ਸਤਰ ਦੇ ਅਨੇਕ ਕਾਰਜਕਰਤਾ ਨੇ ਉਸ ਅੰਦੋਲਨ ਵਿੱਚ ਹਿੱਸਾ ਲਿਆ, ਪ੍ਰੰਤੂ ਪਾਰਟੀ ਦੀ ਜੋ ਲਾਈਨ ਸੀ,ਉਸਦੇ ਕਾਰਣ ਕਿਸਾਨ ਸਭਾ ਦਾ ਟੁੱਟਣਾ ਤੈਅ ਹੋ ਗਿਆ। ਇਹ ਟੁੱਟ 1943 ਵਿਚ ਹੋਈ। ਮਤਭੇਦ ਦੇ ਇਨਾਂ ਸਾਲਾਂ ਵਿੱਚ ਅਖਿਲ ਭਾਰਤੀ ਕਿਸਾਨ ਸਭਾ ਦੇ ਤਿੰਨ ਬੜੇ ਨੇਤਾਵਾਂ-ਐਨ. ਜੀ. ਰੰਗਾ, ਸਵਾਮੀ ਸਹਿਜਾਨੰਦ ਸਰਸਵਤੀ ਅਤੇ ਇੰਦੂਲਾਲ ਯਾਗਨਿਕ ਨੇ ਸੰਗਠਨ ਛੱਡ ਦਿੱਤਾ।

ਬਹਿਰਹਾਲ ਵਿਸ਼ਵਯੁੱਧ ਦੇ ਦੌਰਾਨ ਕਿਸਾਨ ਸਭਾ ਨਿਸ਼ਕ੍ਰਿਅ ਨਹੀਂ ਰਹੀ। ਉਸਨੇ ਵਿਭਿੰਨ ਰਾਹਤ ਕੰਮਾਂ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ। ਉਦਾਹਰਣ ਲਈ ਬੰਗਾਲ ਦੇ ਅਕਾਲ (1943) ਵਿੱਚ ਉਸਨੇ ਜ਼ਰੂਰੀ ਵਸਤੂਆਂ ਦੀ ਕਮੀ, ਰਾਸ਼ਨਿੰਗ ਆਦਿ ਨਾਲ ਪੈਦਾ ਹੋਣ ਵਾਲੀਆਂ ਕਠਿਨਟਾਈਆਂ ਨੂੰ ਘੱਟ ਕੀਤਾ। ਇਸ ਦੇ ਨਾਲ ਨਾਲ ਸੰਗਠਨ ਦਾ ਕੰਮ ਵੀ ਚਲਦਾ ਰਿਹਾ, ਜਦ ਕਿ ਕਿਸਾਨ ਸਭਾ ਲਈ ਇਹ ਇੱਕ ਕਠਿਨ ਸਮਾਂ ਸੀ। ਸਭਾ ਯੁੱਧ ਦੇ ਖਿਲਾਫ ਸੀ, ਇਸ ਲਈ ਕਿਸਾਨ ਦੇ ਇੱਕ ਵੱਡੇ ਵਰਗ ਵਿੱਚ ਅਲੋਕਪ੍ਰਿਅ ਹੋ ਗਈ ਸੀ।

ਦੂਜੇ ਵਿਸ਼ਵ ਯੁੱਧ ਦੀ ਸਮਾਪਤੀ ਭਾਰਤ ਲਈ ਇੱਕ ਨਵੀਂ ਸਵੇਰ ਦੀ ਤਰਾਂ ਸੀ। ਸੁਤੰਤਰਤਾ ਮਿਲਣ ਹੀ ਵਾਲ਼ੀ ਹੈ, ਇਸਦਾ ਆਭਾਸ ਹੋਣ ਲੱਗਾ ਅਤੇ ਸੱਤਾ ਦੇ ਹਸਤਾਂਤਰਣ ਲਈ ਗੱਲਬਾਤ ਸ਼ੁਰੂ ਹੋ ਗਈ। ਇਸ ਨਾਲ ਕਿਸਾਨ ਅੰਦੋਲਨ ਦੇ ਵਿਕਾਸ ਵਿੱਚ ਗੁਣਾਤਮਕ ਸਤਰ ਤੇ ਇੱਕ ਨਵਾਂ ਦੌਰ ਆਇਆ। ਕਿਸਾਨ ਉਤਸਾਹ ਨਾਲ ਭਰ ਗਏ ਅਤੇ ਆਜ਼ਾਦੀ ਤੌਂ ਬਾਅਦ ਇੱਕ ਨਵੀਂ ਸਮਾਜਿਕ ਵਿਵਸਥਾ ਕਾਇਮ ਹੋਵੇਗੀ, ਇਸ ਚੇਤਨਾ ਨੇ ਸਮਾਜ ਦੇ ਹੋਰ ਵਰਗਾਂ ਦੇ ਨਾਲ ਨਾਲ ਓਹਨਾਂ ਨੂੰ ਵੀ ਕਾਫੀ ਪ੍ਰੇਰਿਤ ਕੀਤਾ। ਓਨਾਂ ਨੇ ਨਵੇਂ ਜ਼ੋਸ਼ ਖਰੋਸ਼ ਦੇ ਨਾਲ ਆਪਣੇ ਅਧਿਕਾਰਾਂ ਲਈ ਸੰਘਰਸ਼ ਸ਼ੁਰੂ ਕੀਤਾ। ਫਲਸਰੂਪ 1939 ਵਿੱਚ ਜੋ ਸੰਘਰਸ਼ ਸਥਿਗਤ ਹੋ ਗਏ ਸਨ, ਓਹ ਫਿਰ ਸ਼ੁਰੂ ਹੋ ਗਏ। ਪੰਜਾਬ ਅਤੇ ਬਿਹਾਰ ਇਸ ਵਿੱਚ ਅੱਗੇ ਰਹੇ। ਮੰਗ ਉੱਠੀ ਕਿ ਤੁਰੰਤ ਜ਼ਿਮੀਦਾਰੀ ਉਨਮੂਲਨ ਹੋਵੇ। ਆਂਧਰ ਵਿੱਚ ਖੇਤੀਹਰ ਮਜ਼ਦੂਰਾਂ ਦਾ ਸੰਗਠਨ ਕੁਝ ਸਾਲ ਪਹਿਲਾ ਹੀ ਬਣਿਆ ਸੀ। ਉਸਨੇ ਮਜ਼ਦੂਰੀ ਦੀ ਦਰ ਵਧਾਓਣ ਲਈ ਸੰਘਰਸ਼ ਛੇੜ ਦਿੱਤਾ। ਤ੍ਰਾਵਣਕੌਰ ਦੇ ਪੁਨਾਪਰਾ ਵਾਯਾਲਾਰ ਵਿੱਚ ਕਿਸਾਨਾਂ ਅਤੇ ਪ੍ਰਸ਼ਾਸਨ ਦੇ ਵਿੱਚ ਹਿੰਸਕ ਟਕਰਾਵ ਹੋਇਆ। ਤੇਲੰਗਾਨਾਂ ਵਿੱਚ ਕਿਸਾਨਾਂ ਨੇ ਸੰਗਠਿਤ ਰੂਪ ਨਾਲ ਜਿਮੀਦਾਰਾਂ ਦੇ ਅੱਤਿਆਚਾਰਾਂ ਦਾ ਪ੍ਰਤੀਰੋਧ ਕੀਤਾ ਅਤੇ ਨਿਜਾਮ ਦੇ ਖਿਲਾਫ ਸੰਘਰਸ਼ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ। ਦੇਸ਼ ਦੇ ਹੋਰ ਭਾਗਾਂ ਵਿੱਚ ਵੀ ਕਿਸਾਨ ਸੰਘਰਸ਼ ਚਾਲੂ ਰਹੇ।

### ਬੰਗਾਲ ਦਾ ਤੇਭਾਗਾ ਅੰਦੋਲਨ

ਬ੍ਰਿਟਿਸ਼ ਭਾਰਤ ਵਿੱਚ ਬੰਗਾਲ ਦਾ ਤੇਭਾਗਾ ਸੰਘਰਸ਼ ਕਈ ਦ੍ਰਿਸ਼ਟੀਆਂ ਤੋਂ ਯਾਦਗਾਰ ਮੰਨਿਆ ਜਾਵੇਗਾ। ਤੇਭਾਗਾ ਦਾ ਅਰਥ ਹੁੰਦਾ ਹੈ ਇੱਕ ਤਿਹਾਈ। 1946 ਦੇ ਉੱਤਰਾਰਧ ਵਿੱਚ ਬੰਗਾਲ ਦੇ ਬਟਾਈਦਾਰਾਂ ਨੇ ਐਲਾਨ ਕਰਨਾ ਸ਼ੁਰੂ ਕੀਤਾ ਕਿ ਓਹ ਹੁਣ ਜ਼ੋਤਦਾਰਾਂ ਸਾਨੀ ਕਿ ਭੂਸਵਾਮੀਆਂ ਨੂੰ ਉਪਜ ਦਾ ਅੱਧਾ ਹਿੱਸਾ ਨਹੀਂ, ਬਲਕਿ ਇੱਕ ਤਿਹਾਈ ਦੇਣਗੇ ਅਤੇ ਹਿੱਸਾ ਵੰਡਣ ਤੱਕ ਉਪਜ ਓਨਾ ਦੇ ਆਪਣੇ ਖਾਮਾਰੋ (ਘਰ ਤੋਂ ਲੱਗੇ ਖਲਿਹਾਨਾਂ) ਵਿਚ ਰਹੇਗੀ। ਜ਼ੋਤਦਾਰਾਂ ਦੇ ਖਲਿਹਾਨਾਂ ਵਿੱਚ ਨਹੀਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਓਹਨਾਂ ਨੂੰ ਇਹ ਮੰਗ ਰੱਖਣ ਲਈ ਪ੍ਰੋਤਸਾਹਨ ਬੰਗਾਲ ਭੂ-ਰਾਜਸਵ ਆਯੋਗ (ਜੋ ਫਲਾਉਡ ਆਯੋਗ ਦੇ ਨਾਂ ਨਾਲ ਜ਼ਿਆਦਾ ਮਸ਼ਹੂਰ ਹੈ) ਦੀ ਰਿਪੋਰਟ ਨਾਲ ਮਿਲਿਆ ਸੀ। ਆਯੋਗ ਨੇ ਸਰਕਾਰ ਨੂੰ ਜੋ ਰਿਪੋਰਟ ਦਿੱਤੀ ਸੀ, ਉਸ ਵਿੱਚੋਂ ਅੱਧੇ ਦੀ ਥਾਂ ਇੱਕ ਤਿਹਾਈ ਦੀ ਹੀ ਸਿਫਾਰਿਸ਼ ਕੀਤੀ ਗਈ ਸੀ। ਉੱਧਰ ਹਜੌਂਗ ਆਦੀਵਾਸੀ ਮੰਗ ਕਰ ਰਹੇ ਸਨ ਕਿ ਓਨਾਂ ਤੋਂ ਲਗਾਨ ਉਪਜ ਵਿੱਚ ਨਹੀਂ ਬਲਕਿ ਨਕਦ ਲਿਆ ਜਾਵੇ। ਤੇਭਾਗਾ ਅੰਦੋਲਨ ਦੀ ਅਗਵਾਈ ਕਰ ਰਹੀ ਸੀ, ਬੰਗਾਲ ਪ੍ਰਾਂਤੀ ਕਿਸਾਨ ਸਭਾ। ਅੰਦੋਲਨ ਜਲਦੀ ਹੀ ਜੋਤਦਾਰਾਂ ਅਤੇ ਬਟਾਈਦਾਰਾਂ ਦੇ ਵਿੱਚ ਹਿੰਸਕ ਸੰਘਰਸ਼ ਦੇ ਰੂਪ ਵਿੱਚ ਬਦਲ ਗਿਆ। ਬਟਾਈਦਾਰਾਂ ਦਾ ਕਹਿਣਾ ਸੀ ਕਿ ਓਹ ਉਪਜ ਆਪਣੇ ਖਾਮਾਰ ਵਿੱਚ ਹੀ ਰੱਖਣਗੇ।

ਤੇਭਾਗਾ ਅੰਦੋਲਨ ਅਗਲੇ ਸਾਲ ਜਨਵਰੀ ਵਿੱਚ ਕਾਫੀ ਉਭਾਰ ਆਇਆ, ਜਦੋਂ ਸੁਹਰਾਵਰਦੀ ਦੇ ਮੁਸਲਿਮ ਲੀਗ ਮੰਤਰੀਮੰਡਲ ਨੇ 22 ਜਨਵਰੀ 1047 ਨੂੰ ਕਲਕੱਤਾ ਗਜ਼ਟ ਵਿੱਚ ਬੰਗਾਲ ਬਟਾਈਦਾਰ ਅਸਥਾਈ ਨਿਯਮ ਵਿਧੇਅਕ ਪ੍ਰਕਾਸ਼ਿਤ ਕੀਤਾ। ਇਹ ਅਹਿਸਾਸ ਹੁੰਦੇ ਹੀ ਕਿ ਤੇਭਾਗਾ ਦੀ ਓਨਾਂ ਦੀ ਮੰਗ ਹੁਣ ਗੈਰਕਾਨੂੰਨੀ ਨਹੀਂ ਹੈ, ਓਨਾਂ ਪਿੰਡਾਂ ਦੇ ਕਿਸਾਨ ਵੀ ਸੰਘਰਸ਼ ਵਿੱਚ ਸ਼ਾਮਿਲ ਹੋ ਗਏ, ਜਿੱਥੇ ਹੁਣ ਤੱਕ ਅੰਦੋਲਨ ਦੀ ਆਹਟ ਨਹੀਂ ਪਹੁੰਚੀ ਸੀ। ਬਹੁਤ ਸਾਰੀਆਂ ਥਾਵਾਂ ਤੇ ਕਿਸਾਨਾਂ ਨੇ ਜ਼ਿਮੀਦਾਰਾਂ ਦੇ ਖਲਿਹਾਨਾਂ ਵਿੱਚ ਰੱਖਿਆ ਅਨਾਜ ਆਪਣੇ ਖਾਮਾਰਾ ਤੱਕ ਲੈ ਜਾਣ ਦੀ ਕੋਸ਼ਿਸ਼ ਕੀਤੀ, ਜਿਸ ਦੇ ਦੌਰਾਨ ਕਾਫੀ ਹਿੰਸਾ ਹੋਈ।

ਤੇਭਾਗਾ ਅੰਦੋਲਨ ਜਦੋਂ ਉਗਰ ਹੋਣ ਲੱਗਾ ਤਾਂ ਜੋਤਦਾਰਾਂ ਨੇ ਸਰਕਾਰ ਨੂੰ ਅਪੀਲ ਕੀਤੀ ਅਤੇ ਪੁਲਿਸ ਕਿਸਾਨਾਂ ਦਾ ਦਮਨ ਕਰਣ ਨੂੰ ਉਤਾਰੂ ਹੋ ਗਈ। ਕਈ ਥਾਵਾਂ ਤੇ ਹਿੰਸਕ ਸੰਘਰਸ਼ ਹੋਏ। ਖਾਨਪੁਰ ਵਿੱਚ 20 ਕਿਸਾਨ ਮੌਤ ਦੇ ਘਾਟ ਉਤਾਰ ਦਿੱਤੇ ਗਏ। ਦਮਨ ਚੱਕਰ ਚਲਦਾ ਰਿਹਾ ਅਤੇ ਫਰਵਰੀ ਦੇ ਅੰਤ ਤੱਕ ਅੰਦੋਲਨ ਵਿੱਚ ਠਹਿਰਾਵ ਆ ਗਿਆ। ਮਾਰਚ ਵਿੱਚ ਵੀ ਕੁਝ ਘਟਨਾਵਾਂ ਹੋਈਆਂ, ਪ੍ਰੰਤੂ ਓਹ ਇੱਕ ਮਰਦੇ ਹੋਏ ਅੰਦੋਲਨ ਦੇ ਆਤਰਨਾਦ ਦੀ ਤਰਾਂ ਸਨ।ਮੁਸਲਿਮ ਲੀਗ ਮੰਤਰੀ ਮੰਡਲ ਨੇ ਵਿਧੇਅਕ ਵਿਧਾਨ ਸਭਾ ਤੋਂ ਪਾਸ ਕਰਾਓਣ ਵਿੱਚ ਕੋਈ ਦਿਲਚਸਪੀ ਨਹੀਂ ਲਈ, ਪ੍ਰੰਤੂ 1950 ਵਿੱਚ ਕਾਂਗਰਸ ਸਰਕਾਰ ਨੇ ਜੋ ਬਟਾਈਦਾਰ ਵਿਧੇਅਕ ਪਾਰਿਤ ਕੀਤਾ, ਉਸ ਵਿੱਚ ਤੇਭਾਗਾ ਅੰਦੋਲਨ ਦੀਆ ਜ਼ਿਆਦਾਤਰ ਮੰਗਾਂ ਸਮਾਹਿਤ ਕਰ ਲਈਆਂ ਗਈਆਂ।

ਤੇਭਾਗਾ ਅੰਦੋਲਨ ਦੇ ਮੁੱਖ ਕੇਂਦਰ ਰਹੇ- ਦਿਨਾਜਪੁਰ, ਰੰਗਪੁਰ, ਜਲਪਾਈਗੁੜੀ, ਮੈਮਨਸਿੰਘ, ਅਤੇ ਦੀਨਾਪੁਰ। ਅਤੇ ਕੁਝ ਹੱਦ ਤੱਕ 24 ਪਰਗਨਾ ਅਤੇ ਖੁਲਨਾ। ਸ਼ੁਰੂ ਵਿੱਚ ਅੰਦੋਲਨ ਦਾ ਆਧਾਰ ਸਨ ਰਾਜਵੰਸ਼ੀ ਖੱਤਰੀ ਕਿਸਾਨ, ਪ੍ਰੰਤੂ ਜਲਦੀ ਹੀ ਮੁਸਲਮਾਨ, ਹਜੌਂਗ, ਸੰਥਾਲ ਅਤੇ ਉਰਾਂਵ ਵੀ ਇਸ ਦੇ ਦਾਇਰੇ ਵਿੱਚ ਆ ਗਏ। ਤੇਭਾਗਾ ਅੰਦੋਲਨ ਦੇ ਮੁੱਖ ਨੇਤਾ ਸਨ-ਕ੍ਰਿਸ਼ਣ ਵਿਨੋਦ ਰਾਏ, ਅਵਨੀ ਲਾਹਿਰੀ, ਸੁਨੀਲ ਸੇਨ, ਭਵਾਨੀ ਸੇਨ, ਮੋਨੀ ਸਿੰਘ, ਅਨੰਤ ਸਿੰਘ, ਵਿਭੂਤੀ ਗੁਹਾ, ਅਜੀਤ ਰਾਏ, ਸੁਸ਼ੀਲ ਸੇਨ, ਸਮਰ ਗਾਂਗੁਲੀ ਅਤੇ ਗੁਰੂਦਾਸ ਤਾਲੁਕਦਾਰ।

### ਕਿਸਾਨ ਅੰਦੋਲਨ ਅਤੇ ਰਾਸ਼ਟਰੀ ਅੰਦੋਲਨ

ਏਨੀ ਵਿਭਿੰਨ ਪ੍ਰਵ੍ਰਿੱਤੀਆਂ ਅਤੇ ਸੰਘਰਸ਼ ਰੂਪਾਂ ਵਾਲੇ ਕਿਸਾਨ ਅੰਦੋਲਨ ਦੇ ਬਾਰੇ ਵਿੱਚ ਕੁਝ ਵੀ ਕਹਿਣਾ ਆਸਾਨ ਕੰਮ ਨਹੀਂ ਹੈ। ਪਰ ਏਨਾ ਤਾਂ ਕਿਹਾ ਜਾ ਸਕਦਾ ਹੇ ਕਿ 1930 ਅਤੇ 1940 ਦੇ ਦਸ਼ਕ ਵਿੱਚ ਇਸ ਉਪਮਹਾਦੀਪ ਦੇ ਕਾਫੀ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਣ ਵਾਲੇ ਕਿਸਾਨ ਸੰਘਰਸ਼ਾਂ ਨੇ ਚਾਹੇ ਤਤਕਾਲਿਕ ਤੌਰ ਤੇ ਕੁਝ ਜ਼ਿਆਦਾ ਹਾਸਿਲ ਨਾ ਕੀਤਾ ਹੋਵੇ, ਤਾਂ ਓਨਾਂ ਨੇ ਇੱਕ ਅਜਿਹਾ ਮਾਹੌਲ ਜ਼ਰੂਰ ਤਿਆਰ ਕੀਤਾ, ਜਿਸ ਕਾਰਣ ਸੁਤੰਤਰਤਾ ਤੋਂ ਬਾਅਦ ਭਾਰਤ ਵਿੱਚ ਖੇਤੀ ਸੁਧਾਰ ਕਰਨਾ ਜ਼ਰੂਰੀ ਹੋ ਗਿਆ।ਉਦਾਹਰਣ ਲਈ ਜ਼ਿਮੀਦਾਰੀ ਉਨਮੂਲਣ ਕਿਸੇ ਖਾਸ ਸੰਘਰਸ਼ ਦਾ ਸਿੱਧਾ ਨਤੀਜਾ ਨਹੀਂ ਸੀ, ਪ੍ਰੰਤੂ ਕਿਸਾਨ ਸਭਾ ਨੇ ਹੀ ਇਸ ਮੰਗ ਨੂੰ ਲੋਕਪ੍ਰਿਅ ਬਣਾਇਆ ਅਤੇ ਉਸ ਦੀਆਂ ਕੋਸ਼ਿਸ਼ਾ ਤੋਂ ਬਿਨਾਂ ਇਹ ਸੰਭਵ ਨਹੀਂ ਸੀ।

ਆਜ਼ਾਦੀ ਤੋਂ ਪਹਿਲਾਂ ਜਿਨਾਂ ਤਤਕਾਲਿਕ ਮੰਗਾਂ ਨੂੰ ਲੈ ਕੇ ਕਿਸਾਨ ਸੰਘਰਸ਼ ਹੋਏ ਸਨ, ਓਹ ਸਨ - ਟੈਕਸਾਂ ਵਿੱਚ ਕਟੌਤੀ, ਗੈਰ ਕਾਨੂੰਨੀ ਜਾਂ ਸਾਮੰਤੀ ਵਸੂਲੀਆਂ ਅਤੇ ਬੇਗਾਰ ਦੀ ਸਮਾਪਤੀ, ਜਿਮੀਦਾਰਾਂ ਅਤੇ ਓਨਾਂ ਦੇ ਆਦਮੀਆਂ ਦੇ ਅੱਤਿਆਚਾਰ ਦੀ ਸਮਾਪਤੀ, ਰਿਣ ਬੋਝ ਵਿੱਚ ਕਮੀ, ਗੈਰ-ਕਾਨੂੰਨੀ ਜਾਂ ਅਨੁਚਿਤ ਤਰੀਕਿਆਂ ਨਾਲ ਲਈ ਗਈ ਭੂਮੀ ਦੀ ਵਾਪਸੀ, ਕਾਸ਼ਤਕਾਰਾਂ ਦੀ ਸੁਰੱਖਿਆ ਆਦਿ।ਆਂਧਰ ਅਤੇ ਗੁਜਰਾਤ ਦੇ ਕੁਝ ਹਿੱਸਿਆਂ ਨੂੰ ਛੱਡ ਕੇ ਕਿਤੇ ਵੀ ਖੇਤੀਹਰ ਮਜ਼ਦੂਰਾਂ ਦੀਆਂ ਮੰਗਾਂ ਨੂੰ ਅੰਦੋਲਨ ਵਿੱਚ ਥਾਂ ਨਹੀਂ ਮਿਲੀ।

ਕਹਿਣਾ ਨਾ ਹੋਵੇਗਾ ਕਿ ਸਾਰੀਆਂ ਮੰਗਾਂ ਕਿਸਾਨਾਂ ਨੇ ਇਸ ਕਾਰਣ ਉਠਾਈਆਂ, ਕਿਓਂਕਿ ਪਰੰਪਰਾ, ਪ੍ਰਥਾ ਅਤੇ ਕਾਨੂੰਨੀ ਅਧਿਕਾਰ ਆਦਿ ਦੀ ਆਪਣੀ ਸਮਝ ਦੇ ਕਾਰਣ ਓਹ ਇਨਾਂ ਨੂੰ ਆਪਣਾ ਅਧਿਕਾਰ ਮੰਨਦੇ ਸਨ।ਦਰਅਸਲ ਕੋਈ ਵੀ ਅੰਦੋਲਨ ਜਨਚੇਤਨਾ ਦੇ ਤਤਕਾਲਿਕ ਸਰੂਪ ਤੇ ਹੀ ਨਿਰਭਰ ਕਰਦਾ ਹੇ। ਜਿਨਾਂ ਚੀਜ਼ਾਂ ਨੂੰ ਕਿਸਾਨ ਗਲਤ, ਗੈਰ-ਕਾਨੂੰਨੀ ਜਾਂ ਸ਼ੋਸ਼ਣ ਮੂਲਕ ਸਮਝਦੇ ਸਨ, ਓਨਾਂ ਦੇ ਖਿਲਾਫ ਸੰਘਰਸ਼ ਛੇੜਣ ਨੂੰ ਤਿਆਰ ਹੋ ਜਾਂਦੇ ਸਨ। ਜ਼ਾਹਿਰ ਹੈ, ਇਹ ਸੰਘਰਸ਼ ਤਤਕਾਲੀਨ ਖੇਤੀ ਢਾਂਚੇ ਵਿੱਚ ਆਮੂਲਚੂਲ ਪਰਵਿਰਤਨ ਦੇ ਲਈ ਨਹੀਂ ਹੋਏ, ਬਲਕਿ ਇਨਾਂ ਦਾ ਮੁੱਖ ਉਦੇਸ਼ ਉਸ ਵਿਵਸਥਾ ਦੇ ਕੁਝ ਅਤਿਅੰਤ ਪੀੜਾਦਾਇਕ ਪਹਿਲੂਆਂ ਦਾ ਅੰਤ ਕਰਨਾ ਸੀ।ਇਸ ਦੇ ਬਾਵਜੂਦ ਇਨਾਂ ਨਾਲ ਭੂ-ਸਵਾਮੀ ਵਰਗ ਦੀ ਤਾਕਤ ਘੱਟ ਹੋਈ ਅਤੇ ਖ਼ੇਤੀ ਢਾਂਚੇ ਦੇ ਰੂਪਾਂਤਰਣ ਦੀ ਜ਼ਮੀਨ ਤਿਆਰ ਹੋਈ। ਕਿਸਾਨ ਅੰਦੋਲਨ ਦਾ ਕੰਮ ਸੀ, ਕਿਸਾਨਾਂ ਵਿੱਚ ਨਵੀਂ ਚੇਤਨਾ ਪੈਦਾ ਕਰਨਾ, ਅਤੇ ਫਿਰ ਉਸ ਚੇਤਨਾ ਤੇ ਆਧਾਰਿਤ ਜਨ-ਅੰਦੋਲਨ ਦੀ ਸ੍ਰਿਸ਼ਟੀ ਕਰਨਾ।

ਇਹ ਵੀ ਉਲੇਖਨੀਅ ਹੈ ਕਿ ਵਿਭਿੰਨ ਖੇਤਰਾਂ ਵਿੱਚ ਨਾ ਕੇਵਲ ਕਿਸਾਨ ਅੰਦੋਲਨ ਦੀਆਂ ਮੰਗਾਂ, ਬਲਕਿ ਸੰਘਰਸ਼ਾਂ ਦਾ ਸਰੂਪ ਵੀ ਕਮੋਬੇਸ਼ ਇੱਕੋ ਵਰਗਾ ਸੀ।ਕਿਸਾਨਾਂ ਵਿੱਚ ਜਾਗਰਣ ਲਿਆਓਣ ਦਾ ਕੰਮ ਮੁੱਖ ਤੌਰ ਤੇ ਸਭਾਵਾਂ, ਸੰਮੇਲਨਾਂ, ਰੈਲੀਆਂ, ਪ੍ਰਦਰਸ਼ਨਾਂ, ਸਦਸਿਅਤਾ ਅਭਿਆਨਾਂ ਅਤੇ ਕਿਸਾਨ ਸਭਾਵਾਂ ਦੇ ਗਠਨ ਦੁਆਰਾ ਕੀਤਾ ਗਿਆ। ਜਿੱਥੇ ਸਿੱਧੀ ਲੜਾਈ ਹੋਈ, ਉੱਥੇ ਸੱਤਿਆਗ੍ਰਹਿ ਜਾਂ ਸਵਿਨੈ ਆਗਿਆ ਦਾ ਸਹਾਰਾ ਵੀ ਲਿਆ ਗਿਆ ਅਤੇ ਲਗਾਨ ਅਤੇ ਮਾਲਗੁਜ਼ਾਰੀ ਨਾ ਦੇਣ ਦਾ ਅਭਿਆਨ ਚਲਾਇਆ ਗਿਆ। ਇਹ ਸਭ ਕਈ ਸਾਲਾਂ ਤੋਂ ਰਾਸ਼ਟਰੀ ਅੰਦੋਲਨ ਦਾ ਹਿੱਸਾ ਬਣ ਚੁਕਾ ਸੀ ਅਤੇ ਰਾਸ਼ਟਰੀ ਅੰਦੋਲਨ ਦੀ ਤਰਾਂ ਹੀ ਕਿਸਾਨ ਅੰਦੋਲਨ ਵਿੱਚ ਵੀ ਹਿੰਸਕ ਸੰਘਰਸ਼ ਅਪਵਾਦ ਹੀ ਸਨ। ਹਿੰਸਕ ਸੰਘਰਸ਼ ਜਿੱਥੇ ਵੀ ਹੋਏ, ਓਨਾਂ ਨੂੰ ਅਗਵਾਈ ਦਾ ਸਮਰਥਨ ਪ੍ਰਾਪਤ ਨਹੀਂ ਸੀ ਅਤੇ ਆਮ ਤੌਰ ਤੇ ਘੋਰ ਦਮਨ ਦੀ ਸਫੂਰਤੀ ਪ੍ਰਕ੍ਰਿਆ ਵਿੱਚ ਹੋਏ।

ਨੋਟ

ਕਿਸਾਨ ਅੰਦੋਲਨ ਅਤੇ ਰਾਸ਼ਟਰੀ ਅੰਦੋਲਨ ਦਾ ਅਟੁੱਟ ਰਿਸ਼ਤਾ ਕਈ ਦ੍ਰਿਸ਼ਟੀਆਂ ਤੋਂ ਮਹੱਤਵਪੂਰਣ ਸੀ। ਕਿਸਾਨ ਅੰਦੋਲਨ ਉੱਥੇ ਹੀ ਉੱਭਰ ਸਕੇ, ਜਿੱਥੇ ਰਾਸ਼ਟਰੀ ਅੰਦੋਲਨ ਦੀ ਨੀਂਹ ਪਾਈ ਜਾ ਚੁਕੀ ਸੀ। ਕੇਰਲ, ਪੰਜਾਬ, ਆਂਧਰ, ਯੂ. ਪੀ. ਅਤੇ ਬਿਹਾਰ ਇਸ ਦੇ ਸਪਸ਼ਟ ਉਦਾਹਰਣ ਹਨ।ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਸੀ, ਕਿਓਂਕਿ ਰਾਸ਼ਟਰੀ ਅੰਦੋਲਨ ਨੇ ਹੀ ਓਹ ਪ੍ਰਸ਼ਠ ਭੂਮੀ ਤਿਆਰ ਕੀਤੀ ਸੀ। ਕਿਸਾਨਾਂ ਵਿੱਚ ਰਾਜਨੀਤਿਕ ਚੇਤਨਾ ਦਾ ਪ੍ਰਸਾਰ ਅਤੇ ਓਨਾਂ ਦੇ ਸੰਗਠਨ ਅਤੇ ਅਗਵਾਈ ਦੀ ਜ਼ਿੰਮੇਦਾਰੀ ਸੰਭਾਲਣ ਦੇ ਇੱਛੁਕ ਸਕਸ਼ਮ ਰਾਜਨੀਤਿਕ ਕਾਰਜਕਰਤਾਵਾਂ ਦਾ ਉਦੈ, ਜਿਸ ਵਿੱਚ ਕਿਸਾਨ ਸੰਘਰਸ਼ ਸੰਭਵ ਹੋ ਸਕਿਆ। ਕਿਸਾਨ ਅੰਦੋਲਨ ਦੀ ਵਿਚਾਰਧਾਰਾ ਵੀ ਰਾਸ਼ਟਰੀਅਤਾ ਤੇ ਆਧਾਰਿਤ ਸੀ। ਇਸਦੇ ਨੇਤਾ ਅਤੇ ਕਾਰਜਕਰਤਾ ਵਰਗ ਆਧਾਰ ਤੇ ਕਿਸਾਨਾਂ ਦੇ ਸੰਗਠਨ ਦਾ ਸੰਦੇਸ਼ ਹੀ ਨਹੀਂ ਫੈਲਾ ਰਹੇ ਸਨ, ਬਲਕਿ ਰਾਸ਼ਟਰੀ ਸੁਤੰਤਰਤਾ ਦੇ ਲਈ ਸੰਘਰਸ਼ ਕਰਣ ਤੇ ਵੀ ਜ਼ੋਰ ਦੇ ਰਹੇ ਸਨ। ਜਿਵੇਂ ਕਿ ਪਹਿਲੇ ਲਿਖਿਆ ਜਾ ਚੁਕਿਆ ਹੈ, ਓਹ ਕਿਸਾਨ ਸਭਾ ਦੇ ਨਾਲ ਨਾਲ ਕਾਂਗਰਸ ਦੇ ਮੈਂਬਰ ਵੀ ਬਣਾਓਂਦੇ ਸਨ।

ਇਹ ਸੱਚ ਹੈ ਕਿ ਕੁਝ ਇਲਾਕਿਆਂ ਵਿੱਚ ਜਿਵੇਂ ਬਿਹਾਰ ਵਿੱਚ ਕਾਂਗਰਸ ਅਤੇ ਕਿਸਾਨ ਸਭਾ ਦੀ ਅਗਵਾਈ ਵਿੱਚ ਗੰਭੀਰ ਮਤਭੇਦ ਪੈਦਾ ਹੋ ਗਿਆ, ਅਤੇ ਕਦੇ ਕਦੇ ਅਜਿਹਾ ਵੀ ਲੱਗਾ ਕਿ ਕਿਸਾਨ ਅੰਦੋਲਨ ਕਾਂਗਰਸ ਨਾਲ ਮੁਠਭੇੜ ਦੇ ਰਸਤੇ ਤੇ ਜਾਣ ਵਾਲਾ ਹੈ, ਪ੍ਰੰਤੂ ਅਜਿਹਾ ਉੱਥੇ ਹੀ ਹੋਇਆ ਜਿੱਥੇ ਵਾਮਪੰਥੀ ਕਾਰਜਕਰਤਾ ਅਤੇ ਕਾਗਰਸ ਦੇ ਦੱਖਣਪੰਥੀ ਸਮਰਥਕ ਆਪਣੀ ਆਪਣੀ ਜ਼ਿੱਦ ਤੇ ਅੜ ਗਏ ਅਤੇ ਇੱਕ ਦੂਜੇ ਨਾਲ ਚੱਲਣ ਨੂੰ ਤਿਆਰ ਨਹੀਂ ਹੋਏ। ਆਮ ਤੌਰ ਤੇ 1942 ਤੱਕ ਕਿਸਾਨ ਅੰਦੋਲਨ ਅਤੇ ਰਾਸ਼ਟਰੀ ਅੰਦੋਲਨ ਨਾਲ ਨਾਲ ਚਲਦੇ ਰਹੇ। 1942 ਤੋਂ ਬਾਅਦ ਜਦੋਂ ਕਿਸਾਨ ਅੰਦੋਲਨ ਰਾਸ਼ਟਰੀ ਅੰਦੋਲਨ ਤੋਂ ਜ਼ਿਆਦਾ ਦੂਰ ਚਲਾ ਗਿਆ, ਤਾਂ ਨਾ ਕੇਵਲ ਉਸਦਾ ਜਨਾਧਾਰ ਕਮਜ਼ੋਰ ਹੋਇਆ, ਬਲਕਿ ਉਸਦੀ ਅਗਵਾਈ ਵਿੱਚ ਵੀ ਫੁੱਟ ਪੈ ਗਈ। ਇਸ ਤਰਾਂ ਕਿਸਾਨ ਅੰਦੋਲਨ ਦਾ ਉਦੈ ਅਤੇ ਵਿਕਾਸ ਰਾਸ਼ਟਰੀ ਸੁਤੰਤਰਤਾ ਸੰਗਰਾਮ ਦੇ ਨਾਲ ਅਭਿੰਨ ਰੂਪ ਨਾਲ ਜੁੜਿਆ ਰਿਹਾ।

### ਵਪਾਰ ਸੰਘ ਅੰਦੋਲਨ (Trade Union Movement)

ਵੈਸੇ ਤਾਂ ਭਾਰਤ ਬਹੁਤ ਪ੍ਰਾਚੀਨ ਕਾਲ ਤੋਂ ਹੀ ਉਦਯੋਗਿਕ ਦੇਸ਼ ਸੀ, ਅਤੇ ਯੂਰਪੀ ਲੋਕ ਭਾਰਤ ਤੋਂ ਤਿਆਰ ਕੀਤਾ ਹੋਇਆ ਮਾਲ ਹੀ ਲੈਣ ਆਓਂਦੇ ਸਨ। ਪ੍ਰੰਤੂ ਇਹ ਉਦਯੋਗ ਕੁਟੀਰ ਉਦਯੋਗ ਹੀ ਸਨ। 18ਵੀਂ ਸ਼ਤਾਬਦੀ ਦੇ ਅੰਤਿਮ ਚਰਣਾਂ ਵਿੱਚ ਇੰਗਲੈਂਡ ਵਿੱਚ ਉਦਯੋਗਿਕ ਕ੍ਰਾਂਤੀ ਆਈ, ਅਤੇ ਇਸ ਤੋਂ ਬਾਅਦ ਉਦਯੋਗ ਧੰਦੇ ਲੁਪਤ ਹੀ ਹੋ ਗਏ। ਅਤੇ ਭਾਰਤ ਕੇਵਲ ਕੱਚਾ ਮਾਲ ਉਤਪਾਦਨ ਕਰਣ ਵਾਲਾ ਦੇਸ਼ ਹੀ ਬਣ ਗਿਆ।

ਪ੍ਰੰਤੂ ਇਹ ਸੁਭਾਵਿਕ ਹੀ ਸੀ ਕਿ ਇੱਥੇ ਵੀ ਉਦਯੋਗ-ਧੰਦੇ ਸ਼ੁਰੂ ਹੋਣ। ਭਾਰਤ ਵਿੱਚ ਆਧਨਿਕ ਉਦਯੋਗ-ਧੰਦਿਆਂ ਦੀ ਨੀਂਹ 1850 ਅਤੇ 1870 ਦੇ ਵਿੱਚ ਪਈ। 1853 ਵਿੱਚ ਲਾਰਡ ਡਲਹੌਜੀ ਦੇ ਰੇਲਵੇ ਪੱਤਰ ਤੋਂ ਬਾਅਦ ਭਾਰਤੀ ਸੰਚਾਰ ਸਾਧਨਾਂ ਵਿੱਚ ਮਸ਼ੀਨਾਂ ਦਾ ਪਯੋਗ ਹੋਣ ਲੱਗਾ। ਰੇਲ ਲਾਈਨਾਂ ਦੇ ਵਿਛਾਓਣ ਅਤੇ ਇੰਜਨ ਦੇ ਲਈ ਕੋਲਾ ਕੱਢਣ ਵਿੱਚ ਸਹਸਤਰ ਮਜ਼ਦੂਰਾਂ ਦਾ ਪ੍ਰਯੋਗ ਹੋਣ ਲੱਗਾ। ਇਹੀ ਭਾਰਤੀ ਮਜ਼ਦੂਰ ਵਰਗ ਦਾ ਆਰੰਭਿਕ ਕਾਲ ਸੀ। ਇਸੇ ਰੇਲਵੇ ਉਦਯੋਗ ਨਾਲ ਸੰਬੰਧਿਤ ਸਹਾਇਕ ਉਦਯੋਗਾਂ ਦਾ ਵਿਕਾਸ ਜ਼ਰੂਰੀ ਸੀ। ਇਸੇ ਤਰਾਂ ਕੋਲਾ ਖਨਨ ਵਿੱਚ ਸਹਸਤਰ ਮਜ਼ਦੂਰ ਕੰਮ ਕਰਣ ਲੱਗੇ।

1854 ਵਿੱਚ ਬੰਬਈ ਵਿੱਚ ਪਹਿਲੀ ਕੱਪੜਾ ਮਿਲ ਖੁੱਲੀ ਅਤੇ ਉਸੇ ਸਾਲ ਕਲਕੱਤਾ ਵਿੱਚ ਪਹਿਲੀ ਪਟਸਨ ਮਿਲੀ। ਇਸੇ ਤਰਾਂ ਚਾਹ ਉਦਯੋਗ ਵਿੱਚ ਵੀ ਬਹੁਤ ਸਾਰੇ ਮਜ਼ਦੂਰ ਕੰਮ ਕਰਣ ਲੱਗੇ ਸਨ। ਕੱਪੜਾ ਉਦਯੋਗ ਵਿੱਚ 1886 ਵਿੱਚ ਮਜ਼ਦੂਰਾਂ ਦੀ ਸੰਖਿਆ 74,000 ਸੀ ਜੋ 1905 ਵਿੱਚ 1,95,000 ਹੋ ਗਈ। ਇਸੇ ਤਰਾਂ ਪਟਸਨ ਉਦਯੋਗ ਵਿੱਚ 1979-80 ਵਿੱਚ 27,494 ਮਜ਼ਦੂਰ ਕੰਮ ਕਰਦੇ ਸਨ ਜੋ 1906 ਵਿੱਚ 1,54,962 ਹੋ ਗਏ ।ਅਤੇ ਕੋਲਾ ਖਾਣਾਂ ਵਿੱਚ 75,749 ਮਜ਼ਦੂਰ ਲੱਗੇ ਸਨ।

ਭਾਰਤੀ ਮਜ਼ਦੂਰ ਵਰਗ ਨੂੰ ਘੱਟ ਮਜ਼ਦੂਰੀ, ਲੰਬੇ ਕੰਮ ਦੇ ਘੰਟੇ, ਮਿਲਾਂ ਵਿੱਚ ਅਸਵਸਥ ਵਾਤਾਵਰਣ, ਬਾਲਕਾਂ ਤੋਂ ਕੰਮ ਲੈਣਾ ਅਤੇ ਕਿਸੇ ਵੀ ਸੁਵਿਧਾਵਾਂ ਦਾ ਨਾ ਹੋਣਾ ਆਦਿ ਦੇ ਸਾਰੇ ਸ਼ੋਸ਼ਣਾਂ ਨਾਲ ਨਿਬਟਣਾ ਸੀ ਜੋ ਕਿ ਇੰਗਲੈਂਡ ਅਤੇ ਬਾਕੀ ਸੰਸਾਰ ਵਿੱਚ ਸਾਰੇ ਮਜਦੂਰਾਂ ਨੂੰ ਆਰੰਭਿਕ ਦਿਨਾਂ ਵਿੱਚ ਸਹਿਣੇ ਪਏ। ਇਸ ਤੋਂ ਇਲਾਵਾ ਓਨਾਂ ਨੂੰ ਸ਼ੋਸ਼ਕ ਓਪਨਿਵੇਸ਼ਕ ਰਾਜ ਦਾ ਦੁਰਵਿਵਹਾਰ ਵੀ ਸਹਿਣਾ ਪਿਆ।

ਪ੍ਰੰਤੂ ਇਸ ਓਪਨਿਵੇਸ਼ਕ ਸਥਿਤੀ ਦੇ ਕਾਰਣ ਭਾਰੀ ਮਜ਼ਦੂਰ ਅੰਦੋਲਨ ਦੇ ਵਿੱਚ ਇੱਕ ਵਿਸ਼ੇਸ਼ਤਾ ਆਈ। ਭਾਰਤੀ ਮਜ਼ਦੂਰ ਵਰਗ ਨੂੰ ਦੋ ਪਰਸਪਰ ਵਿਰੋਧੀ ਤੱਤਾਂ ਸਾਮਰਾਜਵਾਦੀ ਰਾਜਨੀਤਿਕ ਅਵਸਥਾ ਅਤੇ ਭਾਰਤੀ ਅਤੇ ਵਿਦੇਸ਼ੀ ਪੂੰਜੀਪਤੀਆਂ ਦੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਸਥਿਤੀ ਦੇ ਕਾਰਣ ਇਹ ਅੰਦੋਲਨ ਆਪਣੇ ਆਪ ਹੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਦਾ ਹੀ ਭਾਗ ਬਣ ਗਿਆ। ਅਰਥਾਤ ਇਸ ਮਜ਼ਦੂਰ ਵਰਗ ਨੇ ਆਪਣੇ ਆਰਥਿਕ ਕਲਿਆਣ ਅਤੇ ਰਾਸ਼ਟਰੀ ਸੁਤੰਤਰਤਾ ਲਈ ਪ੍ਰਯਤਨ ਕੀਤੇ।

ਓਪਾਰ ਸੰਘ ਦੀ ਪਰਿਭਾਸ਼ਾ ਭਰਿਤੀ ਅਰਜਿਤ ਕਰਣ ਵਾਲੇ ਲੋਕਾਂ ਦਾ ਇੱਕ ਸਥਾਈ ਸੰਘ ਹੇ। ਜਿਸ ਦਾ ਉਦੇਸ਼ ਮਜ਼ਦੂਰਾਂ ਦੇ ਜੀਵਨ ਸਤਰ ਨੂੰ ਬਣਾਏ ਰੱਖਣਾ ਜਾਂ ਉਸਨੂੰ ਸੁਧਾਰਣ ਦਾ ਪ੍ਰਯਤਨ ਕਰਨਾ ਹੈ। ਰਾਜਨੀਤਿਕ ਉਦੇਸ਼ਾਂ ਅਤੇ ਆਦਰਸ਼ਾਂ ਨੇ ਅਤੇ ਇਸ ਦੀ ਆਪਣੀ ਵਧਦੀ ਹੋਈ ਸ਼ਕਤੀ ਨੇ ਇਸ ਅੰਦੋਲਨ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

ਭਾਰਤੀ ਵਪਾਰ ਸੰਘ ਦੇ ਦੋ ਮੁੱਖ ਪੱਖ-ਮਜ਼ਦੂਰਾਂ ਦੀ ਉਦਯੋਗਿਕ ਸੌਦੇਬਾਜ਼ੀ ਅਤੇ ਇਸ ਦੇ ਸਿਧਾਂਤਕ ਅਨੁਰੂਪਣ ਨੂੰ ਬ੍ਰਿਹਦ ਰਾਸ਼ਟਰਵਾਦੀਆਂ ਦੇ ਸਾਮਰਾਜ ਦੇ ਵਿਰੁੱਧ ਲੜੇ ਜਾ ਰਹੇ ਸੰਘਰਸ਼ ਅਤੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ ਸੰਦਰਭ ਵਿੱਚ ਵੇਖਣਾ ਹੋਵੇਗਾ।

ਨੋਟ

ਇਹ ਵਿਧੀ ਦੀ ਵਿਡੰਬਣਾ ਹੈ ਕਿ ਭਾਰਤੀ ਉਦਯੋਗਾਂ ਵਿੱਚ ਕੰਮ ਕਰਣ ਵਾਲੇ ਮਜ਼ਦੂਰਾਂ ਦੀ ਸਥਿਤੀ ਸੁਧਾਰਣ ਦੇ ਲਈ ਸਭ ਤੋਂ ਪਹਿਲੀ ਮੰਗ ਭਾਰਤ ਵਿੱਚ ਮਜ਼ਦੂਰਾਂ ਤੋਂ ਨਹੀਂ ਬਲਕਿ ਲੰਕਾਸ਼ਾਇਰ ਵਿੱਚ ਕੱਪੜਾ ਕਾਰਖਾਨਿਆਂ ਦੇ ਮਾਲਿਕਾਂ ਵੱਲੋਂ ਆਈ। ਓਨਾਂ ਨੂੰ ਡਰ ਸੀ ਕਿ ਭਾਰਤੀ ਕੱਪੜਾ ਉਦਯੋਗ ਸਸਤੀ ਮਜ਼ਦੂਰੀ ਦੇ ਕਾਰਣ ਓਨਾਂ ਦਾ ਪ੍ਰਤੀਯੋਗੀ ਨਾ ਬਣ ਜਾਵੇ । ਅਤੇ ਓਨਾਂ ਨੇ ਇੱਕ ਆਯੋਗ ਦੀ ਮੰਗ ਕੀਤੀ ਜੋ ਭਾਰਤੀ ਕਾਰਖਾਨਿਆਂ ਵਿੱਚ ਮਜ਼ਦੂਰਾਂ ਦੀ ਸਥਿਤੀ ਦਾ ਅਧਿਅਯਨ ਕਰੇ।ਪਹਿਲਾ ਆਯੋਗ 1875 ਵਿੱਚ ਨਿਯੁਕਤ ਹੋਇਆ। ਅਤੇ ਪਹਿਲਾ ਕਾਰਖਾਨਿਆ ਦਾ ਕਾਨੂੰਨ 1881 ਵਿੱਚ ਪਾਰਿਤ ਕੀਤਾ ਗਿਆ। ਇਸ ਕਾਨੂੰਨ ਦੇ ਅਧੀਨ 7 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਕਾਰਖਾਨੇ ਵਿੱਚ ਨਹੀਂ ਲਗਾਇਆ ਜਾ ਸਕਦਾ ਸੀ ਅਤੇ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੰਮ ਕਰਣ ਦੇ ਘੰਟਿਆਂ ਨੂੰ ਵੀ ਸੀਮਿਤ ਕੀਤਾ ਗਿਆ। ਅਤੇ ਇਹ ਵੀ ਕਿਹਾ ਗਿਆ ਕਿ ਖਤਰਨਾਕ ਮਸ਼ੀਨਾਂ ਦੇ ਚਾਰੇ ਪਾਸੇ ਬਾੜਾ ਲਗਾਓਣਾ ਚਾਹੀਦਾ ਹੈ। ਇਸੇ ਤਰਾਂ ਦੂਜਾ ਕਾਰਖਾਨਾ ਕਾਨੂੰਨ 1891 ਵਿੱਚ ਪਾਰਿਤ ਹੋਇਆ ਅਤੇ ਉਸ ਵਿੱਚ ਔਰਤਾਂ ਦੇ ਕੰਮ ਕਰਣ ਦਾ ਸਮਾਂ 11 ਘੰਟੇ ਕਰ ਦਿੱਤਾ ਗਿਆ, ਜਿਸ ਵਿੱਚ ਇੱਕ ਡੇੜ ਘੰਟੇ ਦਾ ਮੱਧ ਅਵਕਾਸ਼ ਨਿਸ਼ਚਿਤ ਕੀਤਾ ਗਿਆ। ਬੱਚਿਆ ਦੇ ਕੰਮ ਕਰਣ ਲਈ ਨਿਊਨਤਮ ਉਮਰ 7 ਅਤੇ 12 ਤੋਂ ਵਧਾ ਕੇ 9 ਅਤੇ 14 ਕਰ ਦਿੱਤੀ ਗਈ। ਇਸੇ ਤਰਾਂ ਦੀਆਂ ਪਰਿਸਥਿਤੀਆਂ ਵਿੱਚ 1909 ਅਤੇ 1911 ਦੇ ਪਟਸਨ ਦੇ ਕਾਰਖਾਨਿਆਂ ਲਈ ਕਾਨੂੰਨ ਬਣੇ। ਇਸੇ ਤਰਾਂ 20ਵੀਂ ਸ਼ਤਾਬਦੀ ਦੇ ਆਰੰਭਿਕ ਸਾਲਾਂ ਵਿੱਚ ਭਾਰਤੀ ਮਜ਼ਦੂਰਾਂ ਨੇ ਉਭਰਦੀ ਹੋਈ ਰਾਜਨੀਤਿਕ ਜਾਗ੍ਰਿਤੀ ਦਾ ਵੀ ਪ੍ਰਦਰਸ਼ਨ ਕੀਤਾ। ਬੰਬਈ ਦੇ ਮਜ਼ਦੂਰਾਂ ਨੇ ਲੋਕਮਾਨ ਤਿਲਕ ਨੂੰ ਜੇਲ ਦੰਡ ਦਿੱਤੇ ਜਾਣ ਦੇ ਵਿਰੋਧ ਵਿੱਚ 6 ਦਿਨ ਦੀ ਰਾਜਨੀਤਿਕ ਹੜਤਾਲ ਕੀਤੀ। ਇਸ ਕੰਮ ਤੋਂ ਪ੍ਰਭਾਵਿਤ ਹੋ ਕੇ ਲੇਨਿਨ ਨੂੰ ਕਹਿਣਾ ਪਿਆ ਕਿ ਭਾਰਤੀ ਪ੍ਰੋਲਤਾਰੀ ਪਹਿਲਾਂ ਹੀ ਏਨਾ ਪਰਿਪੱਕਵ ਅਰਥਾਤ ਸਰਵਹਾਰਾ ਵਰਗ ਹੋ ਗਿਆ ਹੈ ਕਿ ਓਹ ਵਰਗ ਜਾਗਰੂਕ ਅਤੇ ਰਾਜਨੀਤਿਕ ਜਨ-ਸੰਘਰਸ਼ ਚਲਾ ਸਕਦਾ ਹੈ।

### ਪਹਿਲਾ ਵਿਸ਼ਵ ਯੁੱਧ ਅਤੇ ਗਠਿਤ ਵਪਾਰ ਸੰਘਵਾਦ (First World War and Organised Trade Unionism)

ਪਹਿਲਾ ਵਿਸ਼ਵ ਯੁੱਧ ਵਿੱਚ ਵਸਤੂਆਂ ਦੇ ਮੁੱਲ ਵਧੇ, ਉਦਯੋਗਪਤੀਆਂ ਨੂੰ ਅਭੁਤਪੂਰਵ ਲਾਭ ਹੋਇਆ ਪ੍ਰੰਤੂ ਮਜ਼ਦੂਰਾਂ ਦੀ ਮਜ਼ਦੂਰੀ ਨਿਊਨਤਮ ਹੀ ਰਹੀ। ਔਸਤ ਲਾਭਾਂਸ਼ ਜ਼ੋ ਪਟਸਨ ਦੇ ਕਾਰਖਾਨਿਆਂ ਨੇ 1915-24 ਤੱਕ ਦਿੱਤਾ ਓਹ 140% ਸੀ (1919 ਵਿੱਚ 420%) ਜਦੋਂ ਕਿ ਮਜ਼ਦੂਰ ਦੀ ਔਸਤ ਮਜ਼ਦੂਰੀ ਕੇਵਲ 12 ਪੌਂਡ ਸਾਲਾਨਾ ਰਹੀ। ਇਸ ਤਰਾਂ ਸੂਤੀ ਕੱਪੜਾ ਕਾਰਖਾਨਿਆਂ ਨੇ ਔਸਤ ਲਾਭਾਂਸ਼ 120% ਦਿੱਤਾ ਅਤੇ ਉੱਚੇ ਤੋਂ ਉੱਚਾ 365%।

ਇਸੇ ਵਿੱਚ ਮਹਾਤਮਾ ਗਾਂਧੀ ਦਾ ਰਾਸ਼ਟਰ ਦੇ ਰੰਗਮੰਚ ਤੇ ਆਗਮਨ ਹੋਇਆ। ਅਤੇ ਓਨਾਂ ਨੇ ਆਪਣੇ ਅੰਦੋਲਨ ਦੇ ਆਧਾਰ ਨੂੰ ਵਿਸਤ੍ਰਿਤ ਕਰਣ ਦਾ ਪ੍ਰਯਤਨ ਕੀਤਾ। ਓਨਾਂ ਨੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਆਪਣੇ ਅੰਦੋਲਨ ਵਿੱਚ ਸ਼ਾਮਿਲ ਕੀਤਾ। ਇਹ ਅਨੁਭਵ ਕੀਤਾ ਗਿਆ ਕਿ ਮਜ਼ਦੂਰਾਂ ਨੂੰ ਰਾਸ਼ਟਰੀ ਵਪਾਰ ਸੰਘ ਵਿੱਚ ਗਠਿਤ ਕੀਤਾ ਜਾਵੇ ਅਤੇ ਓਨਾਂ ਨੂੰ ਵੀ ਰਾਸ਼ਟਰੀ ਅੰਦੋਲਨ ਵਿੱਚ ਲਿਆਂਦਾ ਜਾਵੇ। ਲਗਭਗ ਉਸੇ ਸਮੇਂ ਰੂਸ ਵਿੱਚ ਅਕਤੂਬਰ ਕ੍ਰਾਂਤੀ ਹੋਈ ਅਤੇ ਅੰਤਰਰਾਸ਼ਟਰੀ ਸਾਮਵਾਦੀ ਸੰਗਠਨ ਦਾ ਗਠਨ ਹੋਇਆ।ਜਿਨਾਂ ਨੇ ਸੰਸਾਰ ਦੇ ਮਜ਼ਦੂਰਾਂ ਨੂੰ ਸੰਦੇਸ਼ ਦਿੱਤਾ ਕਿ ਉਦਯੋਗਪਤੀਆਂ ਨੂੰ ਓਨਾਂ ਦੇ ਉਦਯੋਗਾਂ ਤੋਂ ਵੰਚਿਤ ਕਰ ਦਿਓ ਅਤੇ ਪ੍ਰੋਲਤਾਰੀ ਕ੍ਰਾਂਤੀ ਲਿਆਓ। ਯੁੱਧ ਤੋਂ ਬਾਅਦ ਰਾਸ਼ਟਰ ਸੰਘ ਦਾ ਅਤੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦਾ ਗਠਨ ਹੋਇਆ ਜਿਸ ਵਿੱਚ ਮਜ਼ਦੂਰਾਂ ਦੀ ਸਮੱਸਿਆ ਨੂੰ ਅੰਤਰਰਸ਼ਟਰੀ ਭੂਮਿਕਾ ਮਿਲ ਗਈ। ਵਪਾਰ ਸੰਘ ਦਾ ਰਾਸ਼ਟਰੀ ਸਤਰ ਤੇ ਗਠਨ ਕਰਣ ਲਈ ਪਹਿਲ ਰਾਸ਼ਟਰੀ ਨੇਤਾਵਾਂ ਨੇ ਕੀਤੀ ਅਤੇ 31 ਅਕਤੂਬਰ, 1920 ਨੂੰ All India Trade Union Congress-A.I.T.U.G. -- ਦਾ ਗਠਨ ਕੀਤਾ ਗਿਆ। ਉਸ ਸਾਲ ਦੇ ਭਾਰਤੀ ਰਾਸ਼ਟਰੀ ਕਾਂਗਰਸ ਦੇ ਪ੍ਰਧਾਨ ਲਾਲਾ ਲਾਜਪਤ ਰਾਏ ਹੀ ਇਸ ਟ੍ਰੇਡ ਯੂਨਿਅਨ ਕਾਂਗਰਸ ਦੇ ਪ੍ਰਧਾਨ ਬਣਾਏ ਗਏ।ਇਸ ਤੋਂ ਬਾਅਦ ਵੀ ਰਾਸ਼ਟਰੀ ਨੇਤਾਵਾਂ ਨੇ ਇਸ ਸੰਗਠਨ ਨਾਲ ਆਪਣਾ ਸਮੀਪ ਸੰਬੰਧ ਬਣਾਈ ਰੱਖਿਆ। ਅਤੇ ਸੀ.ਆਰ. ਦਾਸ, ਵੀ.ਵ.ੀ ਗਿਰੀ, ਸਰੋਜਿਨੀ ਨਾਇਡੂ, ਜਵਾਹਰ ਲਾਲ ਨਹਿਰੂ ਅਤੇ ਸੁਭਾਸ਼ ਚੰਦਰ ਬੋਸ ਨੇ ਵਾਰੀ ਵਾਰੀ ਇਸ ਦੇ ਅਧਿਵੇਸ਼ਨਾਂ ਵਿੱਚ ਪ੍ਰਧਾਨ ਦੇ ਰੂਪ ਵਿੱਚ ਕੰਮ ਕੀਤਾ । 1927 ਤੱਕ ਅਖਿਲ ਭਾਰਤੀ ਟ੍ਰੇਡ ਯੂਨਿਅਨ ਕਾਂਗਰਸ ਦੇ ਨਾਲ 57 ਮਜ਼ਦੂਰ ਸੰਘਾਂ ਦਾ ਸੰਬੰਧ ਸਥਾਪਿਤ ਹੋ ਗਿਆ। ਜਿਨਾਂ ਦੀ ਮੈਂਬਰ ਸੰਖਿਆ 1,50,555 ਸੀ। ਆਰੰਭਿਕ ਦਿਨਾਂ ਵਿੱਚ ਇਸ ਸੰਸਥਾ ਤੇ ਬ੍ਰਿਟਿਸ਼ ਮਜ਼ਦੂਰ ਦਲ ਦੇ ਸਮਾਜਵਾਦੀ ਲੋਕਤੰਤਰਵਾਦੀ ਵਿਚਾਰਾਂ ਦਾ ਪ੍ਰਭਾਵ ਸੀ ਕੁਝ ਸਮਾਜਵਾਦੀ ਝੁਕਾਵ ਹੁੰਦੇ ਹੋਏ ਵੀ ਇਹ ਲੋਕ ਐਨ.ਐਮ. ਜ਼ੋਸ਼ੀ ਜਿਹੇ ਨਰਮ ਦਲੀ ਲੋਕਾਂ ਦੇ ਪ੍ਰਭਾਵ ਵਿੱਚ ਰਹੇ। ਜ਼ੋਸ਼ੀ ਜਿਹੇ ਲੋਕਾਂ ਦਾ ਵਿਚਾਰ ਸੀ ਕਿ ਮਜ਼ਦੂਰ ਸੰਗਠਨਾਂ ਦੀ ਰਾਜਨੀਤਿਕ ਗਤੀਵਿਧੀਆਂ ਕੇਵਲ ਮਜਦੂਰਾਂ ਦੀ ਆਰਥਿਕ ਅਵਸਕਾ ਸੁਧਾਰਣ ਦੀ ਸੀਮਾ ਤੋਂ ਅੱਗੇ ਨਹੀਂ ਜਾਣੀਆਂ ਚਾਹੀਦੀਆਂ । ਗਾਂਧੀ ਜੀ ਦੇ ਅਹਿੰਸਾਵਾਦ, ਪ੍ਰਨਿਆਸਵਾਦ ਅਤੇ ਵਰਗ ਸਹਿਯੋਗ ਦਾ ਇਸ ਅੰਦੋਲਨ ਤੇ ਬਹੁਤ ਪ੍ਰਭਾਵ ਪਿਆ।ਅਤੇ ਹੜਤਾਲ ਦੇ ਹਥਿਆਰ ਦਾ ਪ੍ਰਯੋਗ ਕਦੇ ਕਦੇ ਹੀ ਕੀਤਾ ਗਿਆ। 1926 ਵਿੱਚ ਵਪਾਰ ਸੰਘ ਅਧਿਨਿਯਮ ਵਿੱਚ ਇਹ ਸਵੀਕਾਰ ਕਰ ਲਿਆ ਗਿਆ ਕਿ ਹੜਤਾਲ ਸੰਘਾਂ ਦਾ ਵੈਧ ਹਥਿਆਰ ਹੈ ਪ੍ਰੰਤੂ ਓਨਾਂ ਤੇ ਕੁਝ ਪ੍ਰਤੀਬੰਧ ਲਗਾ ਦਿੱਤਾ ਗਿਆ।

1920 ਤੋਂ ਬਾਅਦ ਸਾਮਵਾਦੀ ਅੰਦੋਲਨ ਦੇ ਉੱਥਾਨ ਤੋਂ ਬਾਅਦ ਵਪਾਰ ਸੰਘ ਅੰਦੋਲਨ ਵਿੱਚ ਕੁਝ ਕ੍ਰਾਂਤੀਕਾਰੀ ਅਤੇ ਸੈਨਿਕ ਭਾਵਨਾ ਆ ਗਈ। ਸਾਮਵਾਦੀ ਅੰਤਰਰਾਸ਼ਟਰੀ ਸੰਗਠਨ ਦੀ ਚੌਥੀ ਕਾਂਗਰਸ ਨੇ ਅਖਿਲ ਭਾਰਤੀ ਟ੍ਰੇਡ ਯੂਨਿਅਨ ਕਾਂਗਰਸ ਨੂੰ ਸੰਦੇਸ਼ ਭੇਜਿਆ ਕਿ ਓਨਾਂ ਨੂੰ ਇੱਕ ਦਿਨ ਦੇ ਉਚਿਤ ਕੰਮ ਲਈ 'ਉਚਿਤ ਮਜ਼ਦੂਰੀ' ਤੋਂ ਹੀ ਸੰਤੁਸ਼ਟ ਨਹੀਂ ਹੋਣਾ ਚਾਹੀਦਾ ਬਲਕਿ ਓਨਾਂ

ਨੋਟ

ਦਾ ਅੰਤਿਮ ਉਦੇਸ਼ ਅਰਥਾਤ ਪੂੰਜੀਵਾਦ ਅਤੇ ਸਾਮਰਾਜਵਾਦ ਨੂੰ ਖਤਮ ਕਰਣ ਲਈ ਪ੍ਰਯਤਨ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਭਾਰਤੀ ਸਾਮਵਾਦੀਆਂ ਨੂੰ ਆਦੇਸ਼ ਦਿੱਤਾ ਗਿਆ ਕਿ ਓਹ ਲੋਕ ਵਪਾਰ ਸੰਘ ਅੰਦੋਲਲ ਨੂੰ 'ਵਰਗ ਆਧਾਰ ਤੇ ਗਠਿਤ ਕਰਣ ਅਤੇ ਇਸ ਵਿੱਚ ਜੋ ਵੀ ਹੋਰ ਤੱਤ ਹਨ, ਓਨਾ ਨੂੰ ਕੱਢ ਦੇਣਾ ਚਾਹੀਦਾ ਹੈ।'

1926–27 ਦੇ ਦਿਨਾਂ ਵਿੱਚ ਅਖਿਲ ਭਾਰਤੀ ਟ੍ਰੇਡ ਯੂਨਿਅਨ ਕਾਂਗਰਸ ਵਿੱਚ ਦੋ ਗੁੱਟ ਹੋ ਗਏ– ਇੱਕ 'ਸੁਧਾਰਵਾਦੀ' ਅਤੇ ਦੂਜਾ (ਕ੍ਰਾਂਤੀਕਾਰੀ) ਜਿਨਾਂ ਨੂੰ ਜਨੀਵਾ ਐਮਸਟਰਡਮ ਧੁਰੀ ਅਤੇ ਮਾਸਕੋ ਗੁੱਟ ਵੀ ਕਹਿੰਦੇ ਸਲ। ਇਸ ਵਿੱਚ ਪਹਿਲੇ ਗੁੱਟ ਦੀ ਇੱਛਾ ਇਹ ਸੀ ਕਿ ਓਹ ਅੰਤਰਰਾਸ਼ਟਰੀ ਫੇਡਰੇਸ਼ਨ ਓਫ ਟ੍ਰੇਡ ਯੂਨਿਅਨਸ ਤੋਂ ਆਪਣੇ ਆਪ ਨੂੰ ਸੰਲਗਨ ਕਰਾਵੇ ਜਿਸਦਾ ਮੁੱਖ ਦਫਤਰ ਐਮਸਟਰਡਮ ਵਿੱਚ ਸੀ। ਅਤੇ ਦੂਜੇ ਦਲ ਦੀ ਇੱਛਾ ਸੀ ਕਿ ਓਹ ਆਪਣੇ ਆਪ ਨੂੰ ਲਾਲ ਅੰਤਰਰਾਸ਼ਟਰੀ ਮਜ਼ਦੂਰ ਸੰਘ ਨਾਲ ਸੰਲਗਨ ਕਰਾਏ ਜਿਸਦਾ ਸੰਚਾਲਨ ਮਾਸਕੋ ਤੋਂ ਹੁੰਦਾ ਸੀ। ਸ਼ਾਇਦ ਸਾਮਵਾਦੀ ਦਾ ਪ੍ਰਭਾਵ ਜ਼ਿਆਦਾ ਸੀ। 1928 ਵਿੱਚ ਦੇਸ਼ ਵਿਚ ਅਭੂਤਪੂਰਵ ਉਦਯੋਗਿਕ ਅਸ਼ਾਂਤੀ ਰਹੀ। ਕੁਲ 203 ਹੜਤਾਲਾਂ ਹੋਈਆਂ, ਜਿਨਾਂ ਵਿੱਚ 5,06,851 ਲੋਕ ਸ਼ਾਮਿਲ ਹੋਏ ਅਤੇ 3,16,47,404 ਕਾਰਜ ਦਿਨਾਂ ਦੀ ਹਾਨੀ ਹੋਈ। ਇਹ ਹੜਤਾਲਾਂ ਆਰਥਿਕ ਮੰਗਾਂ ਨਾਲ ਨਹੀਂ ਬਲਕਿ ਰਾਜਨੀਤਿਕ ਵਿਚਾਰਾਂ ਨਾਲ ਪ੍ਰੇਰਿਤ ਸਨ। ਸਾਮਵਾਦੀ ਪੱਤ੍ਰਿਕਾ (ਕ੍ਰਾਂਤੀ) ਨੇ ਗਰਜ ਕੇ ਕਿਹਾ, "ਜਦੋਂ ਤੱਕ ਪੂੰਜੀਵਾਦ ਖਤਮ ਨਹੀਂ ਹੋਵੇਗਾ, ਸ਼ਾਂਤੀ ਨਹੀਂ ਹੋਵੇਗੀ।" ਸੰਲਗਨਤਾ ਦੇ ਪ੍ਰਸ਼ਨ ਤੇ ਵੀ ਸਾਮਵਾਦੀ ਦ੍ਰਿਸ਼ਟੀਕੋਣ ਪ੍ਰਬਲ ਰਿਹਾ। ਨਿਸ਼ਚਾ ਹੋਇਆ ਕਿ ਅਖਿਲ ਭਾਰਤੀ ਟ੍ਰੇਡ ਯੂਨਿਅਨ ਕਾਂਗਰਸ ਨੂੰ ਸਰਵਪ੍ਰਸ਼ਾਂਤ ਸਚਿਵਾਲਿਆ ਅਤੇ ਮਾਸਕੋ ਵਿੱਚ ਤੀਜੇ ਅੰਤਰਰਾਸ਼ਟਰੀ ਸੰਮੇਲਨ ਵਿੱਚ ਸੰਲਗਨ ਕੀਤਾ ਜਾਵੇ। ਇਸ ਨਿਰਣੇ ਦੇ ਵਿਰੋਧ ਵਿੱਚ ਜ਼ੋਸ਼ੀ ਦੀ ਅਗਵਾਈ ਵਿੱਚ ਨਰਮਦਲੀ ਲੋਕ ਇਸ ਸੰਘ ਤੋਂ ਬਾਹਰ ਆ ਗਏ। ਅਤੇ ਓਨਾਂ ਨੇ 1929 ਵਿੱਚ ਅਖਿਲ ਭਾਰਤੀ ਟ੍ਰੇਡ ਯੂਨਿਅਨ ਫੈਡਰੇਸ਼ਨ ਸਥਾਪਿਤ ਕੀਤੀ।

1929 ਵਿੱਚ ਹੀ ਇੱਕ ਮਜ਼ਦੂਰ ਅਧਿਨਿਸਮ ਬਣਾਇਆ ਗਿਆ ਜਿਸਦੇ ਅਨੁਸਾਰ ਹੋਰ ਗੱਲਾਂ ਤੋਂ ਇਲਾਵਾ ਡਾਕ, ਰੇਲਵੇ, ਪਾਣੀ ਅਤੇ ਬਿਜਲੀ ਸੰਭਰਣ ਜਿਹੀਆਂ ਸਾਰਵਜਨਿਕ ਉਪਯੋਗੀ ਸੇਵਾਵਾਂ ਵਿੱਚ ਉਸ ਸਮੇਂ ਤੱਕ ਹੜਤਾਲ ਨਹੀਂ ਹੋ ਸਕਦੀ ਸੀ, ਜਦੋਂ ਤੱਕ ਕਿ ਹਰ ਮਜ਼ਦੂਰ ਲਿਖਿਤ ਰੂਪ ਵਿੱਚ ਇੱਕ ਮਹੀਨੇ ਦੀ ਪੂਰਵ ਸੂਚਨਾ ਨਾ ਦੇ ਦੇਵੇ। ਇੱਕ ਹੋਰ ਵਿਧੇਅਕ ਜਿਸ ਨੂੰ ਸਾਰਵਜਨਿਕ ਸੁਰੱਖਿਆ ਵਿਧੇਅਕ ਕਹਿੰਦੇ ਸਨ, ਵਿਧਾਨ ਸਭਾ ਵਿੱਚ ਰਾਸ਼ਟਰਵਾਦੀਆਂ ਦੀ ਸਹਾਇਤਾ ਨਾਲ ਗਿਰਾ ਦਿੱਤਾ ਗਿਆ। 1929 ਵਿੱਚ ਅਖਿਲ ਭਾਰਤੀ ਟ੍ਰੇਡ ਯੂਨਿਅਨ ਕਾਂਗਰਸ ਵਿੱਚ ਇੱਕ ਹੋਰ ਵਿਭਾਜਨ ਹੋਇਆ ਅਤੇ ਸਾਮਵਾਦੀਆਂ ਨੇ ਲਾਲ ਟ੍ਰੇਡ ਯੂਨਿਅਨ ਕਾਂਗਰਸ ਦਾ ਗਠਨ ਕੀਤਾ।

### ਸਟ੍ਰੇਚੀ ਆਯੋਗ ਦੀਆਂ ਸਿਫਾਰਿਸ਼ਾਂ

1880 ਵਿੱਚ ਲਿਟਨ ਸਰਕਾਰ ਨੇ ਸਰ ਰਿਚਰਡ ਸਟ੍ਰੇਚੀ ਦੀ ਅਧਿਅਕਸ਼ਤਾ ਵਿੱਚ ਇੱਕ ਆਯੋਗ ਨਿਯੁਕਤ ਕੀਤਾ ਜਿਸਨੇ ਸਾਧਾਰਣ ਸਿਧਾਂਤ ਨਿਰਧਾਰਣ ਕਰਨੇ ਸਨ ਅਤੇ ਵਿਸ਼ੇਸ਼ ਕਰਕੇ ਬਚਾਅ ਅਤੇ ਪ੍ਰਤੀਰੱਖਿਅਣ ਦੇ ਲਈ ਸੁਝਾਵ ਦੇਣੇ ਸਨ। ਆਯੋਗ ਨੇ ਨਿਮਨਲਿਖਿਤ ਸਿਫਾਰਿਸ਼ਾਂ ਕੀਤੀਆ–

1. ਭੁੱਖ ਤੋਂ ਪ੍ਰਭਾਵਿਤ ਹੋਣ ਤੋਂ ਪਹਿਲਾਂ ਹੀ ਲੋਕਾਂ ਨੂੰ ਕੰਮ ਮਿਲੇ ਅਤੇ ਓਨਾਂ ਦੀ ਮਜ਼ਦੂਰੀ ਸਮੇਂ ਸਮੇਂ ਤੇ ਦੁਬਾਰਾ ਨਿਸ਼ਚਿਤ ਕੀਤੀ ਜਾਵੇ ਤਾਂ ਕਿ ਲੋਕਾਂ ਨੂੰ ਖਾਣਾ ਮਿਲ ਸਕੇ।
2. ਬੇਸਹਾਰਾ ਗਰੀਬਾਂ ਨੂੰ ਭੋਜਨ ਦੇਣਾ ਸਰਕਾਰ ਦਾ ਕਰਤੱਵ ਹੈ ਅਤੇ ਇਸ ਦੇ ਲਈ ਭਿੰਨ ਭਿੰਨ ਵਰਗਾਂ ਦੀ ਸੂਚੀ ਤਿਆਰ ਕੀਤੀ ਜਾਵੇ। ਇਹ ਮਦਦ ਪੱਕੇ ਹੋਏ ਭੋਜਨ, ਅੰਨ ਜਾਂ ਪੈਸੇ ਦੇ ਰੂਪ ਵਿੱਚ ਹੋ ਸਕਦੀ ਹੈ। ਪ੍ਰੰਤੂ ਓਨਾਂ ਨੂੰ ਦਰਿਦੱਰਸ਼ਾਲਾਵਾਂ ਅਤੇ ਸਹਾਇਤਾਂ ਸ਼ਿਵਿਰਾਂ ਵਿੱਚ ਰਹਿਣਾ ਪਵੇਗਾ।
3. ਪ੍ਰਭਾਵਿਤ ਖੇਤਰਾਂ ਵਿੱਚ ਅੰਨ ਦੇ ਸੰਭਰਣ ਤੇ ਨਿਗਾਹ ਰੱਖਣੀ ਚਾਹੀਦੀ ਹੈ। ਨਿਜੀ ਵਪਾਰੀਆਂ ਤੇ ਵਿਸ਼ਵਾਸ ਰੱਖਣਾ ਚਾਹੀਦਾ ਹੈ ਅਤੇ ਅੰਨ ਦਾ ਨਿਰਯਾਤ ਤਾਂ ਹੀ ਰੋਕਣਾ ਚਾਹੀਦਾ ਹੈ ਜਦੋਂ ਇਹ ਨਿਸ਼ਚਿਤ ਹੋ ਜਾਵੇ ਕਿ ਅਜਿਹਾ ਕਰਣ ਨਾਲ ਸਾਰੇ ਦੇਸ਼ ਵਿੱਚ ਅੰਨ ਦੀ ਸਥਿਤੀ ਠੀਕ ਰਹੇਗੀ।
4. ਭੂਮੀ ਕਰ ਅਤੇ ਹੋਰ ਕਿਰਾਇਆਂ ਵਿੱਚ ਕਮੀ ਅਤੇ ਛੂਟ ਦੀ ਨੀਤੀ ਵੀ ਨਿਰਧਾਰਿਤ ਕੀਤੀ ਗਈ।
5. ਅਕਾਲ ਸਹਾਇਤਾ ਦਾ ਖਰਚ ਪ੍ਰਾਂਤੀਅ ਸਰਕਾਰਾਂ ਨੂੰ ਸਹਿਣਾ ਪਵੇਗਾ। ਜੇਕਰ ਜ਼ਰੂਰੀ ਹੋਵੇ ਤਾਂ ਕੇਂਦਰੀ ਸਹਾਇਤਾ ਵੀ ਮਿਲੇਗੀ।
6. ਘੋਰ ਸੂਖੇ ਦੀ ਸਥਿਤੀ ਵਿੱਚ ਦੁਧਾਰੂ ਪਸ਼ੂਆਂ ਨੂੰ ਅਧਿਕ ਹਰੇ–ਭਰੇ ਪ੍ਰਦੇਸ਼ਾਂ ਵਿੱਚ ਸਥਾਨਾਂਤਰਿਤ ਕਰਨ ਦਾ ਵੀ ਪ੍ਰਬੰਧ ਕੀਤਾ ਗਿਆ।

ਸਰਕਾਰ ਨੇ ਆਯੋਗ ਦੀਆਂ ਸਿਫਾਰਿਸ਼ਾਂ ਸਾਧਾਰਣ ਰੂਪ ਵਿੱਚ ਸਵੀਕਾਰ ਕਰ ਲਈਆਂ ਅਤੇ ਇੱਕ ਅਕਾਲ ਕੋਸ਼ ਸਥਾਪਿਤ ਕਰਣ ਲਈ ਰਾਜਸਵ ਦੇ ਹੋਰ ਸਰੋਤਾਂ ਦਾ ਪਤਾ ਲਗਾਓਣ ਦਾ ਪ੍ਰਯਤਨ ਕੀਤਾ ਗਿਆ। 1833 ਵਿੱਚ ਅਕਾਲ ਸੰਹਿਤਾ ਵੀ ਨਿਸ਼ਚਿਤ ਕੀਤੀ ਗਈ ਸੀ ਜੋ ਕਿ ਪ੍ਰਾਂਤੀ ਅਕਾਲ ਸੰਹਿਤਾ ਦਾ ਆਧਾਰ ਬਣੀ ਜੋ ਕਾਲਾਂਤਰ ਵਿੱਚ ਬਣਾਈ ਗਈ। ਇਸ ਵਿੱਚ ਸਾਧਾਰਣ ਅਵਸਥਾ ਵਿੱਚ ਬਚਾਵ ਅਤੇ ਰਾਹਤ ਕੰਮਾਂ ਦੇ ਆਰੰਭ ਹੋਣ ਦੀ ਸਥਿਤੀ ਵਿੱਚ ਸੁਝਾਵ ਦਿੱਤੇ ਗਏ ਸਨ। ਇਸ ਵਿੱਚ ਅਕਾਲ ਗ੍ਰਸਤ ਜ਼ਿਲਾ ਘੋਸ਼ਿਤ ਕਰਣ ਤੋਂ ਲੈ ਕੇ ਹੋਰ ਸਾਰੇ ਅਧਿਕਾਰੀਆਂ ਦੇ ਕਰਤੱਵਾਂ ਦੀ ਸੂਚੀ ਬਣਾਈ ਗਈ ਸੀ। 1883 ਅਤੇ 1896 ਦੇ ਅਕਾਲਾਂ ਵਿੱਚ ਇਨਾਂ ਸੰਹਿਤਾਵਾਂ ਵਿੱਚ ਦਿੱਤੇ ਗਏ ਸੁਝਾਵਾਂ ਨੂੰ ਪਰਖਣ ਅਤੇ ਸੰਸ਼ੋਧਿਤ ਕਰਣ ਦਾ ਮੌਕਾ ਮਿਲਿਆ।

**1896-97 ਦੇ ਅਕਾਲ:** 1880 ਅਤੇ 1896 ਦੇ ਵਿੱਚ ਦੋ ਅਕਾਲ ਅਤੇ ਸੂਖੇ ਪਏ। ਪ੍ਰੰਤੂ 1896-97 ਦੇ ਮਹਾਨ ਅਕਾਲ ਨੇ ਸਾਰੇ ਪ੍ਰਾਂਤਾਂ ਨੂੰ ਘੱਟ ਜਾਂ ਅਧਿਕ ਰੂਪ ਵਿੱਚ ਪ੍ਰਭਾਵਿਤ ਕੀਤਾ।3 ਕਰੋੜ 40 ਲੱਖ ਲੋਕ ਪ੍ਰਭਾਵਿਤ ਹੋਏ। ਮੱਧ ਪ੍ਰਾਂਤ ਦੇ ਅਤਿਰਿਕਤ, ਜਿੱਥੇ ਮ੍ਰਿਤਕਾਂ ਦੀ ਸੰਖਿਆ ਬਹੁਤ ਜ਼ਿਆਦਾ ਸੀ, ਬਾਕੀ ਸਥਾਨਾਂ ਤੇ ਮਦਦ ਕੰਮ ਕਾਫੀ ਹੱਦ ਤੱਕ ਸਫਲ ਰਹੇ। ਕੁਝ ਭਾਗਾਂ ਵਿੱਚ ਸਹਾਇਤਾ ਕੰਮ ਵਿਸਤਾਰ ਨਾਲ ਕੀਤੇ ਗਏ ਅਤੇ ਲੋਕਾਂ ਨੂੰ ਘਰਾਂ ਵਿੱਚ ਸਹਾਇਤਾ ਪਹੁੰਚਾਈ ਗਈ। ਕੁਲ ਖਰਚ 7 ਕਰੋੜ 27 ਲੱਖ ਹੋਇਆ। ਪੰਜਾਬ ਦੇ ਉਪਗਵਰਨਰ ਸਰ ਜੇਮਜ਼ ਲਾਯਲ ਦੀ ਅਧਿਅਕਸ਼ਤਾ ਵਿੱਚ ਸਥਾਨਿਕ ਆਯੋਗ ਨੇ 1880 ਦੇ ਆਯੋਗ ਨਾਲ ਸਹਿਮਤੀ ਪ੍ਰਗਟ ਕੀਤੀ ਪ੍ਰੰਤੂ ਕੁਝ ਖੇਤਰਾਂ ਵਿੱਚ ਥੋੜੇ ਪਰਿਵਰਤਨ ਕੀਤੇ ਗਏ। ਜਿਸ ਨਾਲ ਸਮਕਾਲੀਨ ਉਪਾਵਾਂ ਵਿੱਚ ਕੁਝ ਲਚੀਲਾਪਨ ਆਇਆ।

**1899-1900 ਦਾ ਅਕਾਲ:** ਪਹਿਲੇ ਦੁਰਭਾਗ ਤੋਂ ਤੁਰੰਤ ਬਾਅਦ ਇੱਕ ਹੋਰ ਵਿਪੱਤੀ 1899-1900 ਵਿੱਚ ਆਈ। ਇਸ ਨਾਲ 1,89,000 ਵਰਗਮੀਲ ਦਾ ਖੇਤਰ ਅਤੇ 2 ਕਰੋੜ 80 ਲੱਖ ਲੋਕ ਪ੍ਰਭਾਵਿਤ ਹੋਏ। ਅਧਿਕਾਰੀਆਂ ਨੇ ਦੁਰਭਾਗ ਦੇ ਆਰੰਭਿਕ ਕਾਲ ਵਿੱਚ ਸਹਾਇਤਾ ਕੰਮ ਆਰੰਭ ਕਰਣ ਤੋਂ ਮਨਾ ਕਰ ਦਿੱਤਾ ਅਤੇ ਫਿਰ ਜਦੋਂ ਆਰੰਭ ਕੀਤੇ ਤਾਂ ਇੰਨੇ ਅਧਿਕ ਲੋਕ ਸ਼ਿਵਿਰਾਂ ਵਿੱਚ ਆ ਗਏ, ਕਿ ਸਾਰੀ ਵਿਵਸਥਾ ਅਸਤ-ਵਿਅਸਤ ਹੋ ਗਈ। ਸਹਾਇਤਾ ਖਰਚ ਲਗਭਗ 10 ਕਰੋੜ ਰੁਪਏ ਹੋਇਆ।

**ਮੇਕਡਾਨਲ ਆਯੋਗ ਦੀਆਂ ਸਿਫਾਰਿਸ਼ਾਂ:** ਲਾਰਡ ਕਰਜ਼ਨ ਨੇ ਸਰ ਐਨਥਨੀ ਮੈਕਡਾਨਲ ਦੀ ਅਧਿਅਕਸ਼ਤਾ ਵਿੱਚ ਇੱਕ ਆਯੋਗ ਨਿਯੁਕਤ ਕੀਤਾ, ਜਿਸਨੇ 1901 ਵਿੱਚ ਆਪਣੀ ਰਿਪੋਰਟ ਦਿੱਤੀ। ਇਸ ਵਿੱਚ ਸਹਾਇਤਾ ਦੇ ਸਵੀਕ੍ਰਿਤ ਨਿਯਮਾਂ ਦਾ ਸੰਖੇਪ ਰੂਪ ਵਿੱਚ ਵਰਣਨ ਕੀਤਾ ਗਿਆ ਸੀ। ਇਸ ਵਿੱਚ ਨੈਤਿਕ ਨੀਤੀ ਦੇ ਲਾਭਾਂ, ਪਸ਼ੂ ਅਤੇ ਬੀਜਾਂ ਦੇ ਲਈ ਜਲਦੀ ਧਨ ਵੰਡਣ ਅਤੇ ਅਸਥਾਈ ਖੂਹ ਖੋਦਣ ਦੀ ਵਿਵਸਥਾ ਦੇ ਲਾਭਾਂ ਤੇ ਬਲ ਦਿੱਤਾ ਗਿਆ ਸੀ। ਇਸ ਵਿੱਚ ਪ੍ਰਭਾਵਿਤ ਖੇਤਰ ਵਿੱਚ ਇੱਕ ਦੁਰਭਾਗ ਆਯੁਕਤ ਦੀ ਨਿਯੁਕਤੀ ਦਾ ਸੁਝਾਅ ਸੀ। ਇਸ ਵਿੱਚ ਅਰਾਜਕੀਅ ਸਹਾਇਤਾ ਦਾ ਅਧਿਕ ਮਾਤਰਾ ਵਿੱਚ ਉਪਯੋਗ ਅਤੇ ਵੱਡੇ ਵੱਡੇ ਕੰਮਾਂ ਦੀ ਥਾਂ ਤੇ ਗ੍ਰਾਮ ਸਤਰ ਦੇ ਕੰਮਾਂ ਨੂੰ ਆਰੰਭ ਕਰਣ ਦਾ ਸੁਝਾਵ ਸੀ। ਆਯੋਗ ਨੇ ਹੋਰ ਚੰਗੀ ਪਰਿਵਹਿਨ ਸੁਵਿਧਾਵਾਂ, ਕਿਸਾਨ ਬੈਂਕਾਂ, ਸਿੰਚਾਈ ਵਿਵਸਥਾ ਅਤੇ ਉੱਤਮ ਖੇਤੀ ਸਾਧਨਾਂ ਦੀ ਜ਼ਰੂਰਤ ਤੇ ਬਲ ਦਿੱਤਾ ਗਿਆ ਸੀ।

ਇਸ ਆਯੋਗ ਦੀਆਂ ਮੁੱਖ ਸਿਫਾਰਿਸ਼ਾਂ ਸਵੀਕਾਰ ਕਰ ਲਈਆਂ ਗਈਆ ਅਤੇ ਕਰਜ਼ਨ ਦੇ ਭਾਰਤ ਛੱਡਣ ਤੋਂ ਪਹਿਲਾਂ ਉਸਨੇ ਅਕਾਲ ਤੋਂ ਨਿਬਟਣ ਲਈ ਕਈ ਉਪਾਅ ਕੀਤੇ।1901 ਅਤੇ 1941 ਦੇ ਵਿੱਚ ਬਹੁਤ ਸਾਰੇ ਅਕਾਲ ਅਤੇ ਸੂਖੇ ਦੀਆਂ ਸਥਿਤੀਆਂ ਅਨੁਭਵ ਕੀਤੀਆਂ ਗਈਆਂ ਜੋ ਕਿ ਸਥਾਨਿਕ ਹੀ ਸਨ। ਪ੍ਰੰਤੂ 1906-07 ਵਿੱਚ ਅਤੇ 1907-08 ਦੇ ਦੁਰਭਾਗ ਅਧਿਕ ਗੰਭੀਰ ਸਨ।

**ਬੰਗਾਲ ਦਾ ਅਕਾਲ 1942-43:** 1942-43 ਵਿੱਚ ਬੰਗਾਲ ਵਿੱਚ ਇੱਕ ਭੀਸ਼ਣ ਅਕਾਲ ਪਿਆ ਜਿਸਦੇ ਫਲਸਰੂਪ ਸੈਂਕੜਾਂ ਲੋਕ ਮੌਤ ਦੇ ਆਗੋਸ਼ ਵਿੱਚ ਚਲੇ ਗਏ ।ਵਾਸਤਵ ਵਿੱਚ ਇਸ ਅਕਾਲ ਦਾ ਕਾਰਣ 1938 ਤੋਂ ਬਾਅਦ ਦੂਜੇ ਵਿਸ਼ਵ ਯੁੱਧ ਦੇ ਕਾਰਣ ਬਰਮਾ ਤੋਂ ਚਾਵਲ ਦਾ ਆਯਾਤ ਬੰਦ ਹੋ ਗਿਆ ਅਤੇ ਬੰਗਾਲ ਕਿਓਂਕਿ ਬਰਮਾ ਦੇ ਸਮੀਪ ਸੀ, ਇਸ ਲਈ ਉੱਥੇ ਅੰਨ ਦਾ ਇੱਧਰ ਉੱਧਰ ਆਓਣਾ ਜਾਣਾਂ ਬੰਦ ਹੋ ਗਿਆ। ਫਲਸਰੂਪ ਬੰਗਾਲ ਵਿੱਚ ਖਾਦ ਪਦਾਰਥਾਂ ਦੀ ਕਮੀ ਹੋ ਗਈ ਅਤੇ ਭੀਸ਼ਣ ਅਕਾਲ ਪੈ ਗਿਆ। ਪ੍ਰੰਤੂ ਇਸ ਵਿੱਚ ਦੈਵਯੋਗ ਦੀ ਥਾਂ ਤੇ ਮਾਨਵ ਜ਼ਿਆਦਾ ਉੱਤਰਦਾਈ ਸੀ। ਰਾਹਤ ਕੰਮ ਦੇਰ ਨਾਲ ਆਰੰਭ ਹੋਏ ਅਤੇ ਨਾਕਾਫੀ ਸਨ।ਦੂਜੇ, ਯੁੱਧ ਪ੍ਰਚਾਰ ਅਤੇ ਯੁੱਧ ਖਰਚ ਦੇ ਕਾਰਣ ਵੀ ਇਸ ਗੱਲ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ। ਕੇਂਦਰੀ ਸਰਕਾਰ ਨੇ ਇਸ ਵਿੱਚ ਪ੍ਰਾਂਤੀ ਸਰਕਾਰ ਦੀ ਜ਼ਿਆਦਾ ਸਹਾਇਤਾ ਨਹੀਂ ਕੀਤੀ ਅਤੇ ਧਨ ਦੀ ਕਮੀ ਕਾਰਣ ਰਾਹਤ ਕੰਮ ਸੀਮਿਤ ਰਹੇ।

**ਸਵ-ਮੁੱਲਾਂਕਣ (Self-Assessment)**

**ਸਹੀ ਵਿਕਲਪ ਚੁਣੋ- (Choose the correct option)-**

1. ਚੰਪਾਰਣ ਵਿੱਚ ਕਿਸਾਨਾਂ ਦੀ ਵਾਸਤਵਿਕ ਸਥਿਤੀ ਦੀ ਜਾਂਚ ਗਾਂਧੀ ਜੀ ਨੇ ਕਿਸ ਦੇ ਨਾਲ ਕੀਤੀ-
   (*a*) ਸਰੋਜਨੀ ਨਾਇਡੂ (*b*) ਰਾਜੇਂਦਰ ਪ੍ਰਸਾਦ (*c*) ਬੀ.ਜੀ. ਤਿਲਕ (*d*) ਐਨੀ ਬੇਸੇਂਟ
2. ਕੇਰਾ (ਖੇੜਾ) ਅੰਦੋਲਨ ਕਦੋਂ ਸ਼ੁਰੂ ਹੋਇਆ?
   (*a*) 1916 (*b*) 1617 (*c*) 1918 (*d*) 1920
3. ਮਾਪਿਲਾ ਵਿਦਰੋਹ ਕਿਸ ਪ੍ਰਦੇਸ਼ ਵਿੱਚ ਸ਼ੁਰੂ ਹੋਇਆ?
   (*a*) ਤਮਿਲਨਾਡੂ (*b*) ਆਂਧਰ ਪ੍ਰਦੇਸ਼ (*c*) ਕੇਰਲ (*d*) ਕਰਨਾਟਕ
4. ਮਾਪਿਲਾਵਾਂ ਨੇ ਕਿਸ ਨੂੰ ਆਪਣਾ ਨੇਤਾ ਚੁਣਿਆ?
   (*a*) ਅਲੀ ਬੰਧੂਆਂ ਨੂੰ (*b*) ਅਲੀ ਮੁਸਲਿਆਰ ਨੂੰ
   (*c*) ਅਬੁਲਕਲਾਮ ਆਜ਼ਾਦ ਨੂੰ (*d*) ਮੁਹੰਮਦ ਇਕਬਾਲ ਨੂੰ

ਨੋਟ

5. ਐਰਨਾਲਡ ਤਾਲੁਕਾ ਦੇ ਮੈਜਿਸਟ੍ਰੇਟ ਦੁਆਰਾ ਮਸਜਿਦ ਵਿੱਚ ਘੁਸ ਕੇ ਅਲੀ ਮੁਸਲਿਆਰ ਨੂੰ ਗ੍ਰਿਫਤਾਰ ਕਰਣ ਦੀ ਕੋਸ਼ਿਸ਼ ਕਦੋਂ ਕੀਤੀ ਗਈ ?
   (*a*) 20 ਅਗਸਤ, 1921 ਨੂੰ (*b*) 20 ਅਗਸਤ, 1922 ਨੂੰ
   (*c*) 22 ਅਗਸਤ, 1921 ਨੂੰ (*d*) 22 ਅਗਸਤ, 1922 ਨੂੰ

## 8.3 ਸਾਰ ਅੰਸ਼ (Summary)

- ਭਾਰਤੀ ਰਾਜਨੀਤੀ ਵਿੱਚ ਗਾਂਧੀ ਜੀ ਦੇ ਆਗਮਨ ਨਾਲ ਦੇਸ਼ ਨੂੰ ਨਵੀਂ ਆਰਥਿਕ ਅਤੇ ਰਾਜਨੀਤਿਕ ਦਿਸ਼ਾ ਮਿਲੀ। ਕਿਓਂਕਿ ਓਹ ਆਪਣੇ ਅੰਦੋਲਨ ਦੇ ਆਧਾਰ ਨੂੰ ਵੱਡਾ ਬਣਾਓਣਾ ਚਾਹੁੰਦੇ ਸਨ, ਇਸ ਲਈ ਓਹਨਾਂ ਨੇ ਗ੍ਰਾਮੀਣ ਜਨਤਾ ਅਤੇ ਕਿਸਾਨਾਂ ਨੂੰ ਵੀ ਇਸ ਅੰਦੋਲਨ ਵਿੱਚ ਸ਼ਾਮਿਲ ਕਰਣ ਦਾ ਪ੍ਰਯਤਨ ਕੀਤਾ।
- ਉੱਤਰ ਬਿਹਾਰ ਦੇ ਚੰਪਾਰਨ ਜਿਲੇ ਦੇ ਯੂਰਪੀ ਨੀਲ ਦੇ ਉਤਪਾਦਕ ਬਿਹਾਰੀ ਕਿਸਾਨਾਂ ਦਾ ਅਨੇਕ ਤਰਾਂ ਨਾਲ ਉਤਪੀੜਨ ਕਰਦੇ ਸਨ, ਜੋ ਲਗਭਗ ਉਸੇ ਪ੍ਰਕਾਰ ਦਾ ਸੀ ਜਿਵੇਂ ਬੰਗਾਲ ਵਿੱਚ ਸੀ। ਗਾਂਧੀ ਜੀ ਨੇ ਬਾਬੂ ਰਾਜੇਂਦਰ ਪ੍ਰਸਾਦ ਦੀ ਮਦਦ ਨਾਲ ਕਿਸਾਨਾਂ ਦੀ ਵਾਸਤਵਿਕ ਸਥਿਤੀ ਦੀ ਜਾਂਚ ਕੀਤੀ। ਓਹਨਾਂ ਨੇ ਕਿਸਾਨਾਂ ਨੂੰ ਅਹਿੰਸਾਤਮਕ ਅਸਹਿਯੋਗ ਅੰਦੋਲਨ ਦੀ ਸਿਖਿਆ ਦਿੱਤੀ।
- ਕੇਰਾ ਅੰਦੋਲਨ ਤਾਂ ਮੁੱਖ ਤੌਰ ਤੇ ਬੰਬਈ ਸਰਕਾਰ ਦੇ ਵਿਰੁੱਧ ਸੀ। 1918 ਦੀ ਬਸੰਤ ਰੁੱਤ ਵਿੱਚ ਫਸਲਾਂ ਨਸ਼ਟ ਹੋ ਗਈਆਂ ਅਤੇ ਸੂਖੇ ਦੇ ਕਾਰਣ ਇਸ ਪ੍ਰਦੇਸ਼ ਦੇ ਕਿਸਾਨਾਂ ਨੂੰ ਬਹੁਤ ਕਸ਼ਟ ਹੋਇਆ। ਬੰਬਈ ਸਰਕਾਰ ਨੇ ਭੂਮੀ ਕਰ ਮੰਗਿਆ। ਜਦੋਂ ਕਿ ਭੂਮੀ ਕਰ ਨਿਯਮਾਂ ਵਿੱਚ ਇਹ ਸਪਸ਼ਟ ਕਿਹਾ ਗਿਆ ਸੀ ਕਿ ਜੇਕਰ ਫਸਲ ਸਾਧਾਰਣ ਤੋਂ 25% ਘੱਟ ਹੋਵੇ ਤਾਂ ਭੂਮੀ ਕਰ ਵਿੱਚ ਪੂਰੀ ਤਰਾਂ ਛੂਟ ਮਿਲੇਗੀ, ਸਰਕਾਰ ਛੂਟ ਦੇਣ ਨੂੰ ਤਿਆਰ ਨਹੀਂ ਸੀ।
- ਦੱਖਣ ਮਾਲਾਬਾਰ (ਕੇਰਲ ਰਾਜ) ਦੇ ਮੁਸਲਮਾਨ ਪੱਟੇਦਾਰਾਂ (ਕਨਾਮਦਾਰ) ਅਤੇ ਖੇਤੀਹਰਾਂ (ਵੇਰੁਮਪੱਟਮਦਾਰ) ਨੂੰ ਮੋਪਲਾ ਕਹਿੰਦੇ ਸਨ। ਆਰੰਭ ਵਿੱਚ ਇਹ ਲੋਕ ਹਿੰਦੂਆਂ ਦੀ ਨਿਮਨ ਜਾਤੀ ਤਿਰੂਆ ਤੋਂ ਸਨ ਅਤੇ ਮੁਸਲਮਾਨ ਬਣ ਗਏ ਸਨ।
- 19ਵੀਂ ਸ਼ਤਾਬਦੀ ਵਿੱਚ ਮੋਪਲਾਵਾਂ ਦੀਆਂ ਖੇਤੀ ਸ਼ਿਕਾਇਤਾਂ ਵਧ ਗਈਆਂ ਜਿਨਾਂ ਵਿੱਚ ਅਤਿਆਧਿਕ ਮਾਲਗੁਜ਼ਾਰੀ, ਪੱਟੇਦਾਰੀ ਦੀ ਅਸੁਰੱਖਿਆ, ਨਵੀਨੀਕਰਣ ਦੇ ਸਮੇਂ ਅਤਿਆਧਿਕ ਧਨ ਦੀ ਮੰਗ ਅਤੇ ਸਮੇਂ ਤੇ ਜ਼ਿਮੀਦਾਰਾਂ ਦੀ ਵਸੂਲੀ ਸ਼ਾਮਿਲ ਸਨ।
- 1921 ਦੇ ਮੋਪਲਾ ਵਿਦਰੋਹ ਦੇ ਦੋ ਕਾਰਣ ਸਨ। ਇੱਕ ਤਾਂ ਮੋਪਲਾਵਾਂ ਉੱਤੇ ਜ਼ਿਮੀਦਾਰਾਂ ਦਾ ਅੱਤਿਆਚਾਰ ਅਤੇ ਦੂਜਾ, ਅੰਗਰੇਜੀ ਸਰਕਾਰ ਦੀਆਂ ਖਿਲਾਫਤ ਵਿਦਰੋਹੀ ਨੀਤੀਆਂ ਸਨ।
- ਮੋਪਲਾਵਾਂ ਨੇ ਅਲੀ ਮੁਸਲਿਆਰ ਨੂੰ, ਜੋ ਓਨਾਂ ਦੇ ਇੱਕ ਸਰਵਮਾਨ ਧਾਰਮਿਕ ਨੇਤਾ ਸਨ, ਆਪਣੇ ਰਾਜਾ ਦੀ ਪਦਵੀ ਦੇ ਕੇ ਵਿਦਰੋਹ ਕਰ ਦਿੱਤਾ। ਥਾਂ-ਥਾਂ ਤੇ ਸਰਕਾਰੀ ਭਵਨਾਂ ਉੱਤੇ ਖਿਲਾਫਤ ਦੇ ਝੰਡੇ ਲਹਿਰਾ ਦਿੱਤੇ ਗਏ ਅਤੇ ਮੋਪਲਾ ਵਿਦਰੋਹ ਆਰੰਭ ਹੋ ਗਿਆ।
- ਵਿਦਰੋਹ ਦਾ ਤਤਕਾਲਿਕ ਕਾਰਣ ਐਰਨਾਡ ਤਾਲੁਕਾ ਦੇ ਜਿਲਾ ਮੈਜਿਸਟ੍ਰੇਟ ਨੇ ਜੁਟਾਇਆ। ਓਨਾਂ ਨੇ 20 ਅਗਸਤ, 1921 ਨੂੰ ਤਿਰੂਰਾਂਗੜੀ ਵਿੱਚ ਸਥਿਤ ਇੱਕ ਮਸਜਿਦ ਵਿੱਚ ਘੁਸ ਕੇ ਅਲੀ ਮੁਸਲਿਆਰ ਨੂੰ ਬੰਦੀ ਬਣਾਓਣ ਦਾ ਪ੍ਰਯਤਨ ਕੀਤਾ ਸੀ।
- 1921 ਦੇ ਅੰਤ ਤੱਕ ਮੋਪਲਾ ਵਿਦਰੋਹ ਕ੍ਰੂਰਤਾਪੂਰਵਕ ਦਬਾ ਦਿੱਤਾ ਗਿਆ। ਲਗਭਗ 2337 ਮੋਪਲਾ ਮਾਰੇ ਗਏ ਅਤੇ 1652 ਆਹਤ ਹੋਏ । ਇਹ ਆਂਕੜੇ ਸਰਕਾਰੀ ਸਨ, ਜਦੋਂ ਕਿ ਗੈਰ-ਸਰਕਾਰੀ ਅਨੁਮਾਨਾਂ ਦੇ ਅਨੁਸਾਰ ਜ਼ਖਮੀਆਂ ਦੀ ਸੰਖਿਆ 10,000 ਤੱਕ ਸੀ। ਪਿੱਛੇ ਲਗਭਗ 3000 ਮੋਪਲਾਵਾਂ ਨੂੰ ਆਜੀਵਨ ਕਾਲੇਪਾਣੀ ਦੇ ਕਾਰਾਵਾਸ ਦੀ ਸਜ਼ਾ ਦਿੱਤੀ ਗਈ।
- ਮੋਪਲਾ ਵਿਦਰੋਹ ਅਤਿਅੰਤ ਕ੍ਰੂਰਤਾ ਨਾਲ ਦਬਾਇਆ ਗਿਆ। ਅਤੇ ਫਿਰ ਇਹ ਲੋਕ ਨਾ ਕਿਸੇ ਕਿਸਾਨੀ ਅੰਦੋਲਨ ਅਤੇ ਨਾ ਹੀ ਕਿਸੇ ਰਾਜਨੀਤਿਕ ਅੰਦੋਲਨ ਵਿੱਚ ਸ਼ਾਮਿਲ ਹੋਏ।
- ਪ੍ਰੰਤੂ ਇਸ ਵਿਦਰੋਹ ਦਾ ਸਭ ਤੋਂ ਘਿਣੌਣਾ ਪੱਖ ਸੀ, ਹਿੰਦੂਆਂ ਨੂੰ ਬਲਪੂਰਵਕ ਮੁਸਲਮਾਨ ਬਣਾਓਣਾ। ਵਿਦਰੋਹ ਸ਼ਾਂਤ ਹੋਣ ਤੇ ਜਦੋਂ ਇਨਾਂ ਲੋਕਾਂ ਨੇ ਦੁਬਾਰਾ ਹਿੰਦੂ ਧਰਮ ਵਿੱਚ ਵਾਪਿਸ ਆਓਣ ਦੀ ਸੋਚੀ, ਤਾਂ ਸਥਾਨਿਕ ਕੱਟਰ-ਪੰਥੀਆਂ ਨੇ ਓਨਾਂ ਨੂੰ ਨਾਲ ਮਿਲਾਓਣ ਤੋਂ ਮਨਾਹੀ ਕਰ ਦਿੱਤੀ। ਇਹ ਲੋਕ ਜੋ ਕਲ ਤੱਕ ਜ਼ਿਮੀਦਾਰ ਸਨ, ਹੁਣ ਦਾਣੇ ਨੂੰ ਤਰਸ ਰਹੇ ਸਨ। ਜਦੋਂ ਇਹ ਸਮਾਚਾਰ ਲਗਭਗ 3000 ਕਿ. ਮੀ. ਦੂਰ ਬਸੇ ਡੀ.ਏ.ਵੀ. ਕਾਲੇਜ, ਲਾਹੌਰ (ਹੁਣ ਪਾਕਿਸਤਾਨ) ਦੇ ਪ੍ਰਬੰਧਕਰਤਾ ਮਹਾਤਮਾ ਹੰਸਰਾਜ ਨੂੰ ਮਿਲਿਆ ਤਾਂ ਓਨਾਂ ਨੇ ਆਪਣੀ ਸਿੱਖਿਆ ਸੰਸਥਾਵਾਂ ਅਤੇ ਆਰਿਆ ਸਮਾਜ ਤੋਂ ਕਾਰਜਕਰਤਾਵਾਂ ਨੂੰ ਭੇਜਿਆ, ਜਿਨਾਂ ਨੇ ਪਹਿਲਾਂ ਇਨਾਂ ਨੂੰ ਅੰਨ ਅਤੇ ਕੱਪੜੇ ਦੀ ਮਦਦ ਦਿੱਤੀ ਅਤੇ ਫਿਰ ਕਾਂਚੀ ਦੇ ਸ਼ੰਕਰਾਚਾਰਿਆ ਤੋਂ ਇੱਕ ਆਦੇਸ਼ ਕਢਵਾਇਆ ਕਿ ਇਹ ਬਲਪੂਰਵਕ ਧਰਮ ਪਰਿਵਰਤਿਤ ਹਿੰਦੂ ਹੀ ਹਨ ਅਤੇ ਇਨਾਂ ਨੂੰ ਹਿੰਦੂ ਧਰਮ ਵਿੱਚ ਦੁਬਾਰਾ ਪ੍ਰਵੇਸ਼ ਮਿਲੇ।

ਨੋਟ

- ਯੂ. ਪੀ. ਅਤੇ ਬਿਹਾਰ ਵਿੱਚ ਜ਼ਿਮੀਦਾਰਾਂ ਦੇ ਸ਼ੋਸ਼ਣ ਦੇ ਵਿਰੁੱਧ ਵੀਰਤਾਪੂਰਣ ਅੰਦੋਲਨ ਕੀਤੇ ਗਏ। 1936 ਵਿੱਚ ਬਿਹਾਰ ਵਿੱਚ 'ਬਾਕਾਸ਼ਤ' (ਆਪ ਜੋਤੀ ਹੋਈ) ਭੂਮੀ ਦੇ ਵਿਰੁੱਧ ਅੰਦੋਲਨ ਆਰੰਭ ਕੀਤਾ ਗਿਆ। 'ਬਾਕਾਸ਼ਤ' ਓਹ ਭੂਮੀ ਹੁੰਦੀ ਸੀ, ਜੋ ਜ਼ਿਮੀਦਾਰ ਦੀ ਆਪਣੀ ਭੂਮੀ ਹੁੰਦੀ ਸੀ ਅਤੇ ਜਿਸ ਵਿੱਚੋਂ ਜ਼ਿਮੀਦਾਰ ਫਸਲ ਦਾ ਭਾਗ ਲੈਂਦਾ ਸੀ ਨਾ ਕਿ ਧਨ।
- 18 ਅਕਤੂਬਰ, 1937 ਨੂੰ ਕਿਸਾਨ ਸਭਾਵਾਂ ਨੇ ਸੱਤਿਆਗ੍ਰਹੀਆਂ ਤੇ ਹੋਏ ਅੱਤਿਆਚਾਰ ਦੇ ਵਿਰੁੱਧ ਕਿਸਾਨ ਦਿਵਸ ਮਨਾਇਆ।
- ਜਦੋਂ 1937 ਵਿੱਚ ਲੋਕਪ੍ਰਿਅ ਸਰਕਾਰਾਂ ਬਣੀਆਂ ਤਾਂ ਕਿਸਾਨਾਂ ਨੇ ਇਨਾਂ ਤੋਂ ਬਹੁਤ ਆਸ਼ਾਵਾਂ ਰੱਖੀਆਂ, ਪ੍ਰੰਤੂ ਓਨਾਂ ਨੂੰ ਨਿਰਾਸ਼ਾ ਹੋਈ। ਆਪਣੀਆਂ ਮੰਗਾਂ ਵੱਲ ਧਿਆਨ ਆਕਰਸ਼ਿਤ ਕਰਣ ਲਈ ਬਿਹਾਰ ਵਿਧਾਨ ਸਭਾ ਦੇ ਅਧਿਵੇਸ਼ਨ ਦੇ ਪਹਿਲੇ ਦਿਨ 23,000 ਕਿਸਾਨ, ਵਿਧਾਨ ਸਭਾ ਭਵਨ ਦੇ ਅੱਗੇ ਇੱਕਠੇ ਹੋ ਗਏ। ਓਨਾਂ ਦਾ ਨਾਰਾ ਸੀ– "ਸਾਨੂੰ ਪਾਣੀ ਦਿਓ, ਅਸੀਂ ਪਿਆਸੇ ਹਾਂ, ਸਾਨੂੰ ਰੋਟੀ ਦਿਓ, ਅਸੀਂ ਭੁੱਖੇ ਹਾਂ, ਸਾਡੇ ਸਾਰੇ ਕਰਜ਼ੇ ਛੱਡ ਦਿਓ। ਸਾਨੂੰ ਜ਼ਿਮੀਦਾਰਾਂ ਦੇ ਸ਼ੋਸ਼ਣ ਤੋਂ ਬਚਾਓ।"
- ਕਿਸਾਨ ਸਭਾ ਦੇ ਅਤਿਵਾਦੀ (radical) ਤੱਤ ਇਹ ਚਾਹੁੰਦੇ ਸਨ ਕਿ ਕਾਂਗਰਸ ਦੀਆਂ ਅਸੰਤੋਸ਼ਪੂਰਣ ਨੀਤੀਆਂ ਦੇ ਕਾਰਣ ਕਾਂਗਰਸ ਨਾਲ ਸੰਬੰਧ ਤੋੜ ਲਿਆ ਜਾਵੇ, ਪ੍ਰੰਤੂ ਕਾਂਗਰਸ ਦੇ ਨੇਤਾਵਾਂ ਨੇ ਵਿਦੇਸ਼ੀਆਂ ਵਿਰੁੱਧ ਏਕਤਾ ਬਣਾਏ ਰੱਖੀ। ਦੁਖੀ ਹੋ ਕੇ ਸਵਾਮੀ ਸਹਿਜਾਨੰਦ ਨੇ 1945 ਵਿੱਚ ਕਿਸਾਨ ਸਭਾ ਤੋਂ ਤਿਆਗਪੱਤਰ ਦੇ ਦਿੱਤਾ ਜਿਸਦੇ ਫਲਸਰੂਪ ਕਿਸਾਨ ਸਭਾਵਾਂ ਉੱਤੇ ਕਮਿਊਨਿਸਟ ਪਾਰਟੀ ਦਾ ਪ੍ਰਭੁੱਤਵ ਛਾ ਗਿਆ।
- ਸਾਡੀ ਸੁਤੰਤਰਤਾ ਦੇ ਪਹਿਲੇ 10 ਸਾਲਾਂ ਵਿੱਚ ਤਿੰਨ ਪ੍ਰਮੁੱਖ ਕਿਸਾਨ ਅੰਦੋਲਨ ਚੱਲੇ; ਬੰਗਾਲ ਦਾ ਤੇਭਾਗਾ ਅੰਦੋਲਨ, ਹੈਦਰਾਬਾਦ ਦਾ ਦੱਕਣ ਦਾ ਤੇਲੰਗਾਨਾ ਅੰਦੋਲਨ ਅਤੇ ਪੱਛਮੀ ਭਾਰਤ ਵਿੱਚ ਵਰਲੀ ਵਿਦਰੋਹ। ਤੇਭਾਗਾ ਅੰਦੋਲਨ ਵਿੱਚ ਲੰਬੇ ਕਾਲ ਤੱਕ ਵਰਗਦਾਰ (ਫਸਲ ਦੇ ਭਾਗੀਦਾਰ) ਅਧਿਆਰ ਗਰੀਬ ਕਿਸਾਨ, ਜੋਤਦਾਰਾਂ (ਧਨੀ ਕਿਸਾਨਾਂ), ਸਾਹੂਕਾਰਾਂ, ਵਪਾਰੀਆਂ ਅਤੇ ਅੰਗਰੇਜੀ ਪ੍ਰਸ਼ਾਸਕਾਂ ਦੇ ਵਿਰੁੱਧ ਅੰਦੋਲਨ ਕਰਦੇ ਰਹੇ। ਸੁਹਰਾਵਰਦੀ ਦੀ ਸਰਕਾਰ ਨੇ ਇੱਕ ਵਰਗਦਾਰੀ ਵਿਧੇਅਕ ਪਾਰਿਤ ਕੀਤਾ ਜਿਸ ਨਾਲ ਭਾਟਕ ਦੇਣਵਾਲਿਆਂ ਨੂੰ ਰਾਹਤ ਮਿਲੀ।

## 8.4 ਸ਼ਬਦਕੋਸ਼ (Keywords)

- ਕਾਫਿਰ : ਜੋ ਖੁਦਾ ਨੂੰ ਨਾ ਮੰਨਦਾ ਹੋਵੇ, ਨਾਸਤਿਕ
- ਗਾਜ਼ੀ : ਧਰਮ ਯੋਧਾ, ਵੱਡਾ ਵੀਰ।
- ਮਾਲਗੁਜ਼ਾਰੀ : ਇੱਕ ਪ੍ਰਕਾਰ ਦਾ ਕਰ ਜੋ ਕਿਸਾਨਾਂ ਤੋਂ ਵਸੂਲਿਆ ਜਾਂਦਾ ਸੀ।

## 8.5 ਅਭਿਆਸ ਪ੍ਰਸ਼ਨ (Review Questions)

1. 20ਵੀਂ ਸ਼ਤਾਬਦੀ ਦੇ ਪੂਰਵਾਰਧ ਵਿੱਚ ਹੋਣ ਵਾਲੇ ਕਿਸਾਨੀ ਅੰਦੋਲਨਾਂ ਦੀ ਵਿਆਖਿਆ ਕਰੋ।
2. ਮਾਪਿਲਾ ਵਿਦਰੋਹ ਦਾ ਚਰਿੱਤਰ ਧਾਰਮਿਕ ਸੀ। ਵਿਵੇਚਨਾ ਕਰੋ।
3. 1930 ਤੋਂ 1940 ਦੇ ਦਸ਼ਕ ਵਿੱਚ ਹੋਣ ਵਾਲੇ ਕਿਸਾਨੀ ਅੰਦੋਲਨ ਦਾ ਵਰਣਨ ਕਰੋ।

**ਉੱਤਰ : ਸਵ-ਮੁੱਲਾਂਕਣ (Answers: Self Assessment)**

(1) (*b*) (2) (*c*) (3) (*c*) (4) (*c*) (5) (*a*)

## 8.6 ਸੰਦਰਭ ਪੁਸਤਕਾਂ (Further Readings)


ਬੁਕਸ

1. ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗ੍ਰੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ
2. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
3. ਆਧੁਨਿਕ ਭਾਰਤ, ਐਸ. ਕੇ. ਪਾਂਡੇ, ਪ੍ਰਯਾਗ ਅਕਾਦਮੀ ਇਲਾਹਾਬਾਦ

ਨੋਟ

# ਇਕਾਈ 9: ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ, ਹੋਮਰੂਲ ਆਂਦੋਲਨ, ਨਰਮਪੰਥੀ ਅਤੇ ਗਰਮਪੰਥੀ (Establishment of the Indian National Congress, Home Rule Movement, Moderates and Extremists)

**ਵਿਸ਼ੇ ਵਸਤੂ (Contents)**

ਉਦੇਸ਼ (Objectives)

ਜਾਣਕਾਰੀ (Introduction)

9.1 ਕਾਂਗਰਸ ਦੀ ਸਥਾਪਨਾ, ਇਸਦੀ ਸਥਾਪਨ ਦੇ ਲਈ ਉਤਰਦਾਈ ਕਾਰਕ ਅਤੇ ਇਸਦੀ ਉਤਪਤੀ ਦੇ ਸਿਧਾਂਤ (Establishment of Congress, Factors responsible for its Foundation and Theories of its Origin)

9.2 ਹੋਮਰੂਲ ਆਂਦੋਲਨ ਲੋਕਮਾਨਿਆ ਤਿਲਕ ਅਤੇ ਏਨੀ ਬੇਸੇਟ ਦੀ ਭੂਮਿਕਾ ਅਤੇ ਇਸਦਾ ਪਤਨ (Home Rule Movement: Role of Lokmanya Tilak and Annie Besant and its Fall out)

9.3 ਨਰਮਪੰਥੀ ਅਤੇ ਗਰਮਪੰਥੀ (Moderats and Extremists)

9.4 ਸਾਰ ਅੰਸ਼ (Summary)

9.5 ਸ਼ਬਦਕੋਸ਼ (Keywords)

9.6 ਅਭਿਆਸ-ਪ੍ਰਸ਼ਨ (Review Questions)

9.7 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਕਾਂਗਰਸ ਪਾਰਟੀ ਦੀ ਸਥਾਪਨਾ ਦੇ ਲਈ ਉਤਰਦਾਈ ਕਾਰਕਾਂ ਅਤੇ ਇਸਦੀ ਉਤਪਤੀ ਦੇ ਸਿਧਾਂਤ ਦੀ ਵਿਆਖਿਆ ਕਰਨ ਵਿਚ;
- ਹੋਮ ਰੂਲ ਆਂਦੋਲਨ ਦਾ ਵਿਸ਼ਲੇਸ਼ਣ ਕਰਨ ਵਿਚ;
- ਨਰਮਪੰਥੀ ਤੇ ਗਰਮਪੰਥੀ ਅਵਧਾਰਨਾ ਨੂੰ ਸਮਝਣ ਵਿਚ;

## ਜਾਣਕਾਰੀ (Introduction)

ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ ਦਸੰਬਰ 1885 ਵਿਚ ਹੋਈ। ਉਸ ਸਮੇ ਦੇ 72 ਰਾਜਨੀਤਕ ਕਾਰਜਕਰਤਾਵਾਂ ਨੇ ਇਸਦੀ ਨੀਹ ਰੱਖੀ ਸੀ। ਅਖਿਲ ਭਾਰਤੀ ਪੱਧਰ ਉਤੇ ਇਹ ਭਾਰਤੀ ਰਾਸ਼ਟਰਵਾਦ ਦੀ ਪਹਿਲੀ ਸੁਨਿਯੋਜਿਤ ਅਭਿਵਿਅਕਤੀ ਸੀ। ਇੱਕ ਅਵਕਾਸ਼ ਪ੍ਰਾਪਤ ਅੰਗ੍ਰੇਜ਼ ਆਈ.ਸੀ.ਐਸ. ਅਧਿਕਾਰੀ ਏ.ਓ. ਹਿਊਮ ਨੇ ਕਾਂਗਰਸ ਦੀ ਸਥਾਪਨਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਸਵਾਲ ਉਠਦਾ ਹੈ ਕਿ ਇਨ੍ਹਾਂ 72 ਲੋਕਾਂ ਨੇ ਕਾਂਗਰਸ ਦੀ ਸਥਾਪਨਾ ਕਿਉ ਕੀਤੀ ਅਤੇ ਇਸਦੇ ਲਈ ਇਹੀ ਸਮਾਂ ਕਿਉਂ ਚੁਣਿਆ?

ਇਸ ਸਵਾਲ ਦੇ ਨਾਲ ਇਕ ਮਿਥਕ ਅਰਸੇ ਨਾਲ ਜੁੜਿਆ ਰਿਹਾ ਹੈ। ਅਪਣੈ ਟਾਪ ਵਿਚ ਕਾਫੀ ਦਮਦਾਰ ਹੈ, ਇਹ ਮਿਥਕ। 'ਸੁਰੱਖਿਆ ਵਾਲਵ' ਦਾ ਇਹ ਮਿਥਕ ਪਿਛਲੀ ਕਈ ਪੀੜੀਆਂ ਤੋ ਵਿਦਿਆਰਥੀਆਂ ਤੇ ਰਾਜਨੀਤਕ ਕਾਰਜਕਰਤਾਵਾਂ ਨੂੰ ਘੁੱਟੀ ਵਿਚ ਪਿਆਇਆ ਜਾ ਰਿਹਾ ਹੈ। ਪ੍ਰੰਤੂ ਇਤਿਹਾਸ ਦੇ ਸਚ ਨੂੰ ਜੇਕਰ ਅਸੀ ਲੱਭੀਏ, ਤਾਂ ਪਤਾ ਚਲੇਗਾ ਕਿ ਇਸ ਮਿਥਕ ਵਿਚ ਇੰਨਾ ਦਮ ਨਹੀ ਹੈ, ਜਿੰਨਾ ਕਿ ਆਮਤੌਰ ਤੇ ਇਸਦੇ ਬਾਰੇ ਵਿਚ ਮੰਨਿਆਂ ਜਾਂਦਾ ਰਿਹਾ ਹੈ।

ਨੋਟ

ਮਿਥਕ ਇਹ ਹੈ ਕਿ ਏ.ਓ. ਹਿਊਮ ਅਤੇ ਉਸਦੇ ਸਾਥੀਆਂ ਨੇ ਅੰਗ੍ਰੇਜ਼ ਸਰਕਾਰ ਦੇ ਇਸ਼ਾਰੇ ਉਤੇ ਹੀ ਭਾਰਤੀ ਰਾਸ਼ਟਰੀ ਕਾਂਗਰਸ ਦੀ ਸਕਾਪਨਾ ਕੀਤੀ ਸੀ। ਤਤਕਾਲੀਨ ਵਾਇਸਰਾਏ ਲਾਰਡ ਡਫਰਿਨ ਦੇ ਨਿਰਦੇਸ਼, ਮਾਰਗ ਦਰਸ਼ਨ ਅਤੇ ਸਲਾਹ 'ਤੇ ਹੀ ਹਿਊਮ ਨੇ ਇਸ ਸੰਗਠਨ ਨੂੰ ਜਨਮ ਦਿੱਤਾ ਸੀ, ਤਾਂਕਿ ਉਸ ਸਮੇ ਭਾਰਤੀ ਜਨਤਾ ਵਿਚ ਪੈਦਾ ਤੇ ਵਧਦੇ ਹੋਏ ਅਸੰਤੋਸ਼ ਨੂੰ ਹਿੰਸਾ ਦੇ ਜਵਾਲਾਮੁਖੀ ਦੇ ਰੂਪ ਵਿਚ ਬਾਹਰ ਆਉਣ ਅਤੇ ਫੁੱਟਣ ਤੋ ਰੋਕਿਆ ਜਾ ਸਕੇ ਅਤੇ 'ਅੰਸਤੋਸ਼ ਦੀ ਹਵਾ' ਨੂੰ ਬਿਨਾ ਕਿਸੇ ਖਤਰੇ ਦੇ ਬਾਹਰ ਕੱਢਣ ਦੇ ਲਈ ਸੁਰਖਿਅਤ, ਸ਼ਾਲੀਨ, ਸ਼ਾਂਤੀਪੂਰਨ ਅਤੇ ਸੰਵੈਧਾਨਿਕ ਨਿਕਾਸ ਜਾਂ 'ਸੁਰੱਖਿਆ ਵਾਲਵ' ਉਪਲਬਧ ਕਰਾਇਆ ਜਾ ਸਕੇ। ਇਸ ਤਰ੍ਹਾਂ ਭਾਰਤੀ ਜਨਤਾ ਵਿਚ ਖੁਦਬੁਦਾਤੀ ਇਕ ਕ੍ਰਾਂਤੀਕਾਰੀ ਯੋਗਤਾ ਦਾ ਗਲਾ ਘੁੱਟ ਦਿੱਤਾ ਗਿਆ। ਯਾਨਿ ਇਸ ਮਿਥਕ ਦਾ ਸਾਰ ਸੰਖੇਪ ਇਹ ਹੈ ਕਿ ਉਸ ਸਮੇ ਇਕ ਹਿੰਸਕ ਕ੍ਰਾਂਤੀ ਦਸਤਕ ਦੇ ਰਹੀ ਸੀ, ਜੋ ਕਾਂਗਰਸ ਦੀ ਸਥਾਪਨਾ ਦੇ ਕਾਰਨ ਟਲ ਗਈ। ਭਾਰਤੀ ਇਤਿਹਾਸ ਦੇ ਜ਼ਿਆਦਾਤਰ ਲੇਖਕਾਂ ਨੇ ਇਹ ਗੱਲ ਸਵੀਕਾਰ ਕੀਤੀ ਹੈ। ਇਸੀ ਨਿਸ਼ਕਰਸ਼ ਦੇ ਕਾਰਨ ਉਦਾਰਵਾਦੀ ਲੇਖਕ ਕਾਂਗਰਸ ਦੀ ਸਥਾਪਨਾ ਨੂੰ ਸਹੀ ਕਦਮ ਦਸਦੇ ਹਨ, ਤੇ ਪ੍ਰਗਤੀਸ਼ੀਲ ਇਸਦਾ ਇਸਤੇਮਾਲ ਇਹ ਸਾਬਤ ਕਰਨ ਦੇ ਲਈ ਕਰਦੇ ਹਨ ਕਿ ਕਾਂਗਰਸ ਅਗਰ ਸਮਰਾਜਵਾਦ ਦੇ ਪ੍ਰਤੀ ਨਿਸ਼ਠਾਵਾਨ ਨਹੀ ਰਹੀ, ਤਾਂ ਵੀ ਘੱਟ ਤੋ ਘੱਟ ਉਹ ਸਮਝੋਤਾਵਾਦੀ ਤੇ ਰਹੀ ਹੈ ਜਦ ਕਿ ਘੋਰ ਦੱਖਣਪੰਥੀਆਂ ਦੁਆਰਾ ਇਸ ਮਿਥਕ ਦਾ ਇਸਤੇਮਾਲ ਇਹ ਸਿਧ ਕਰਨ ਦੇ ਲਈ ਕੀਤਾ ਜਾਂਦਾ ਰਿਹਾ ਹੈ ਕਿ ਕਾਂਗਰਸ ਸ਼ੁਰੂ ਤੋ ਹੀ ਗੈਰ ਰਾਸ਼ਟਰਵਾਦੀ ਰਹੀ ਹੈ। ਇਹ ਸਾਰੇ ਲੋਕ ਇਕ ਗੱਲ ਤੇ ਸਹਿਮਤ ਹਨ ਉਹ ਇਹ ਕਿ ਕਾਂਗਰਸ ਦਾ ਜਨਮ ਜਿਸ ਤਰੀਕੇ ਨਾਲ ਹੋਇਆ, ਉਸ ਤਰੀਕੇ ਨੇ ਇਸਦੇ ਬੁਨਿਆਦੀ ਚਰਿੱਤਰ ਅਤੇ ਭਵਿੱਖ ਵਿਚ ਉਸਦੇ ਕਾਰਜਾਂ ਉਤੇ ਨਿਰਣਾਇਕ ਪ੍ਰਭਾਵ ਪਾਇਆ।

## 9.1 ਕਾਂਗਰਸ ਦੀ ਸਥਾਪਨਾ, ਇਸਦੀ ਸਥਾਪਨਾ ਦੇ ਲਈ ਉਤਰਦਾਈ ਕਾਰਕ ਅਤੇ ਇਸਦੀ ਉਤਪਤੀ ਦੇ ਸਿਧਾਂਤ (Stablishment of Congress, Factors responsible for its Foundation and Theories of its Origin)

'ਯੰਗ ਇੰਡੀਆ' ਵਿਚ 1916 ਵਿੱਚ ਪ੍ਰਕਾਸ਼ਤ ਅਪਣੇ ਲੇਖ ਵਿਚ ਨਰਮਪੰਥੀ ਨੇਤਾ ਲਾਲਾ ਲਾਜਪਤ ਰਾਏ ਨੇ 'ਸੁਰੱਖਿਆ ਵਾਲਵ' ਦੀ ਇਸ ਪਰਿਕਲਪਨਾ ਦਾ ਇਸਤੇਮਾਲ ਕਾਂਗਰਸ ਦੇ ਨਰਮਪੰਥੀ ਪੱਖ ਉਤੇ ਮਾਰ ਕਰਨ ਦੇ ਲਈ ਕੀਤਾ ਸੀ। 'ਸੁਰੱਖਿਆ ਵਾਲਵ' ਦੀ ਪਰਿਕਲਪਨਾ ਉਤੇ ਲੰਬੀ ਚਰਚਾ ਕਰਦੇ ਹੋਏ ਆਪਣੇ ਲੇਖ ਵਿਚ ਉਨ੍ਹਾਂ ਨੇ ਕਿਹਾ ਸੀ ਕਿ "ਕਾਂਗਰਸ ਲਾਰਡ ਡਫਰਿਨ ਦੇ ਦਿਮਾਗ ਦੀ ਉਪਜ ਹੈ।" ਇਸਦੇ ਬਾਅਦ ਆਪਣੀ ਗੱਲ ਅੱਗੇ ਵਧਾਉਦੇ ਹੋਏ ਉਨ੍ਹਾਂ ਨੇ ਲਿਖਿਆ ਸੀ ਕਿ "ਕਾਂਗਰਸ ਦੀ ਸਥਾਪਨਾ ਦਾ ਉਦੇਸ਼ ਰਾਜਨੀਤਕ ਆਜ਼ਾਦੀ ਹਾਸਲ ਕਰਨ ਤੋਂ ਕਿਤੇ ਜ਼ਿਆਦਾ ਇਹ ਸੀ ਕਿ ਉਸ ਸਮੇਜ਼ ਬ੍ਰਿਟਿਸ਼ ਸਮਰਾਜ ਉਤੇ ਆਸਨ ਖਤਰਿਆਂ ਤੋਜ਼ ਉਸ ਨੂੰ ਬਚਾਇਆ ਜਾ ਸਕੇ। ਕਾਂਗਰਸ ਦੇ ਲਈ ਬ੍ਰਿਟਿਸ਼ ਸਮਰਾਜ ਦੇ ਹਿਤ ਪਹਿਲੇ ਸਥਾਨ ਉਤੇ ਸੀ ਅਤੇ ਭਾਰਤ ਦੇ ਹਿਤ ਦੂਜੇ ਸਥਾਨ ਤੇ। ਕੋਈ ਇਹ ਨਹੀਂ ਕਹਿ ਸਕਦਾ ਕਿ ਕਾਂਗਰਸ ਆਪਣੇ ਆਦਰਸ਼ (ਅੰਗ੍ਰੇਜ਼ੀ ਸਮਰਾਜ ਦੇ ਪ੍ਰਤੀ ਨਿਸ਼ਠਾ) ਦੇ ਪ੍ਰਤੀ ਇਮਾਨਦਾਰ ਨਹੀਂ ਰਹੀ ਹੈ।" ਲੇਖ ਦੇ ਉਪਸੰਹਾਰ ਵਿਚ ਉਨ੍ਹਾਂ ਨੇ ਕਿਹਾ ਸੀ, "ਇਸ ਲਈ ਇਹ ਹੈ ਕਿ ਕਾਂਗਰਸ ਦੀ ਉਤਪਤੀ-ਗ੍ਰੰਥੀ ਅਤੇ ਪ੍ਰਗਤੀਸ਼ੀਲ ਰਾਸ਼ਟਰਵਾਦੀਆਂ ਦੀ ਦ੍ਰਿਸ਼ਟੀ ਤੋਂ ਇਸ ਨੂੰ ਨਿਰਦੋਸ਼ ਠਹਿਰਾਉਣ ਦੇ ਲਈ ਇੰਨਾ ਕਾਫੀ ਹੈ।"

ਇਸਦੇ ਕਰੀਬ 25-30 ਸਾਲਾਂ ਬਾਅਦ ਇਸ ਵਿਸ਼ੇ 'ਤੇ ਰਜਨੀਪਾਮ ਦੱਤ ਦੇ 'ਪ੍ਰਮਾਣਿਕ ਅਧਿਐਨ' ਨੇ ਤਾਂ 'ਸੁਰੱਖਿਆ ਵਾਲਵ' ਦੇ ਮਿਥਕ ਨੂੰ ਵਾਮਪੰਥੀ ਦੇ 'ਕੱਚੇ ਮਾਲ' ਦੇ ਰੂਪ ਵਿਚ ਹੀ ਸਥਾਪਤ ਕਰ ਦਿੱਤਾ। ਇਸ ਮਿਥਕ ਨੂੰ ਬੜੇ ਜ਼ੋਰਦਾਰ ਢੰਗ ਨਾਲ ਉਠਾਉਂਦੇ ਹੋਏ ਉਨ੍ਹਾਂ ਲਿਖਿਆ ਕਿ ਸਰਕਾਰ ਦੀ ਸਿੱਧੀ ਪਹਿਲ ਅਤੇ ਮਾਰਗ-ਦਰਸ਼ਨ ਦੇ ਦੁਆਰਾ ਕਾਂਗਰਸ ਹੋਂਦ ਵਿਚ ਆਈ। ਇਸਦੇ ਲਈ "ਵਾਇਸਰਾਏ ਦੇ ਨਾਲ ਮਿਲ ਕੇ ਇੱਕ ਗੁਪ-ਚੁਪ ਯੋਜਨਾ" ਤਿਆਰ ਕੀਤੀ ਗਈ ਸੀ, ਤਾਂਕਿ ਉਸ ਸਮੇਂ ਉਠ ਰਹੀ "ਬ੍ਰਿਟਿਸ਼-ਵਿਰੋਧੀ ਲਹਿਰ ਅਤੇ ਜਨ ਅਸੰਤੋਸ਼ ਦੀ ਤਾਕਤਾਂ ਨਾਲ ਬ੍ਰਿਟਿਸ਼ ਸ਼ਾਸਨ ਦੀ ਰੱਖਿਆ ਦੇ ਲਈ ਇਸਦਾ (ਕਾਂਗਰਸ ਦਾ) ਇਸਤੇਮਾਲ ਹਥਿਆਰ ਦੇ ਤੌਰ 'ਤੇ" ਕੀਤਾ ਜਾਵੇ। ਇਹ ਇਕ ਆਸਚ ਕ੍ਰਾਂਤੀ ਨੂੰ ਅਸਫਲ ਕਰਨ ਦੀ ਕੋਸ਼ਿਸ਼, ਜਾਂ ਇੰਜ ਕਹੀਏ ਕਿ ਕ੍ਰਾਂਤੀ ਦੇ ਆਉਣ ਦੀ ਕੀਤੀ ਗਈ ਪੇਸ਼ਬੰਦੀ ਸੀ। ਠੀਕ ਹੈ ਕਿ ਸਮੇਂ ਰਹਿੰਦੇ ਹੀ ਕਾਂਗਰਸ ਇਕ ਰਾਸ਼ਟਰਵਾਦੀ ਸੰਗਠਨ ਦੇ ਰੂਪ ਵਿਚ ਤਬਦੀਲ ਹੋ ਗਈ, ਇਸਦੇ "ਨਿਸ਼ਠਾਵਾਨ ਚਰਿੱਤਰ ਉਤੇ ਰਾਸ਼ਟਰੀ ਚਰਿੱਤਰ ਹਾਵੀ ਹੋਣ ਲੱਗਾ" ਅਤੇ ਇਹ ਜਨ ਅੰਦੋਲਨਾਂ ਦੀ ਵਾਹਕ ਬਣ ਗਈ ਲੇਕਿਨ ਇਸਦੇ ਜਨਮ ਦੇ ਸਮੇਂ ਦਾ 'ਕਲੰਕ' ਇਸਦੀ ਰਾਜਨੀਤੀ ਉਤੇ ਇਕ ਸਥਾਈ ਦਾਗ ਛੱਡ ਗਿਆ। ਇੱਕ ਸੰਗਠਨ ਦੇ ਰੂਪ ਵਿਚ ਇਸਦਾ ਇਹ 'ਦੋਹਰਾ ਚਰਿੱਤਰ' ਕਿ ਇਸ ਨੂੰ ਸਰਕਾਰ ਨੇ ਬਣਾਇਆ ਅਤੇ ਫਿਰ ਇਹ ਸਮਰਾਜ-ਵਿਰੋਧੀ ਅੰਦੋਲਨ ਦੀ ਆਗੂ ਬਣੀ, "ਇਸਦੇ ਸਮੂਚੇ ਇਤਿਹਾਸ ਵਿਚ ਨਜਰ ਆਉਂਦਾ ਹੈ।" ਇਸਨੇ ਸਮਰਾਜਵਾਦ ਦੇ ਖਿਲਾਫ ਸੰਘਰਸ਼ ਕੀਤਾ ਅਤੇ ਉਸਦੇ ਨਾਲ ਸਹਿਯੋਗ ਵੀ ਕੀਤਾ। ਇਸਨੇ ਜਨ ਅੰਦੋਲਨਾਂ ਦੀ ਅਗਵਾਈ ਕੀਤੀ ਅਤੇ ਜਦੋਂ ਜਨਤਾ ਨੇ ਕ੍ਰਾਂਤੀ ਦੇ ਰਸਤੇ ਉਤੇ ਵਧਣਾ ਸ਼ੁਰੂ ਕੀਤਾ ਤਾਂ ਉਸ ਨੂੰ ਧੋਖਾ ਦੇ ਕੇ ਸਮਰਾਜਵਾਦ ਦਾ ਸਾਥ ਦਿੱਤਾ।

ਸ੍ਰੀ ਦੱਤ ਦੇ ਅਨੁਸਾਰ ਇਸ ਤਰ੍ਹਾਂ ਕਾਂਗਰਸ ਦੇ ਦੋ ਰੁਖ ਸੀ- "ਇੱਕ ਪੱਖ ਤੇ ਜਨ ਅੰਦੋਲਨ ਦੇ 'ਖਤਰੇ' ਦੇ ਖਿਲਾਫ ਸਮਰਾਜਵਾਦ ਦੇ ਸਹਿਯੋਗ ਦਾ ਸੀ ਅਤੇ ਦੂਸਰਾ ਪੱਖ ਰਾਸ਼ਟਰੀ ਸੰਘਰਸ਼ ਵਿਚ ਜਨਤਾ ਦੀ ਅਗਵਾਈ ਦਾ ਸੀ।" ਗੋਖਲੇ ਤੋਂ ਲੈ ਕੇ ਗਾਂਧੀ ਤਕ,

ਨੋਟ

ਕਾਂਗਰਸ ਦੀ ਅਗਵਾਈ ਦਾ ਦੋਹਰਾਪਨ ਦਰਅਸਲ ਭਾਰਤੀ ਬਰਜੂਆ ਵਰਗ ਦੇ ਦੋਹਰੇ ਅਤੇ ਢੁਲਮੁਲ ਚਰਿੱਤਰ ਨੂੰ ਹੀ ਪ੍ਰਤੀਬਿੰਬਤ ਕਰਦਾ ਹੈ, 'ਜੋ ਬ੍ਰਿਟਿਸ਼ ਬਰਜੂਆ ਦੇ ਖਿਲਾਫ ਸੰਘਰਸ਼ਰਤ ਰਹਿੰਦੇ ਹੋਏ ਅਤੇ ਭਾਰਤ ਦੇ ਲੋਕਾਂ ਦੀ ਅਗਵਾਈ ਕਰਨ ਦੀ ਇੱਛਾ ਰਖਦੇ ਹੋਏ ਵੀ ਇਸਦੇ ਪ੍ਰਤੀ ਆਸ਼ੰਕਿਤ ਸੀ ਕਿ 'ਬਹੁਤ ਤੇਜੀ ਨਾਲ' ਅੱਗੇ ਵਧਣ ਵਿਚ, ਸਮਰਾਜਵਾਦੀਆ ਦੁਆਰਾ ਭੋਗੀ ਜਾ ਰਹੀ ਸਹੂਲਤਾਂ ਦੇ ਖਾਤਮੇ ਦੇ ਨਾਲ, ਉਸ ਨੂੰ ਹਾਸਲ ਸਹੂਲਤਾਂ ਵੀ ਖਤਮ ਹੋ ਸਕਦੀ ਹੈ।" ਇਸ ਤਰ੍ਹਾਂ ਕਾਂਗਰਸ ਵਾਸਤਰਿਕ ਕ੍ਰਾਂਤੀ ਯਾਨੀ ਹਿੰਸਕ ਕ੍ਰਾਂਤੀ ਦ ਵਿਰੋਧ ਦਾ ਹਥਿਆਰ ਬਣ ਗਈ। ਲੇਕਿਨ ਕਾਂਗਰਸ ਦੀ ਇਹ ਭੂਮਿਕਾ ਗਾਂਧੀ ਦੇ ਸਮੇਂ ਨਾਲ ਨਹੀਂ ਸ਼ੁਰੂ ਹੋਈ, ਬਲਕਿ "ਇਹ ਗੱਲ ਤਾਂ ਸਮਰਾਜਵਾਦ ਨੇ ਇਸਦੇ ਜਨਮ ਦੇ ਸਮੇਂ ਹੀ ਇਸਦੀ ਨਿਰਦਿਸ਼ਟ ਸਰਕਾਰੀ ਭੂਮਿਕਾ ਦੇ ਤੌਰ 'ਤੇ ਇਸ ਨੂੰ ਘੁੱਟੀ ਵਿਚ ਪਿਆਈ ਗਈ ਸੀ। ਇਸ ਦੋਹਰੀ ਭੂਮਿਕਾ ਦੀ ਉਚ ਪਰਿਣਤੀ ਮਾਉਂਟਬੇਟਨ ਸਮਝੌਤੇ ਦੇ ਰੂਪ ਵਿਚ ਇਸਦੇ ਅੰਤਿਮ ਆਤਮ-ਸਮਰਪਣ ਦੇ ਤੌਰ 'ਤੇ ਹੋਈ।"

ਇਸਦੇ ਪਹਿਲੇ 1939 ਵਿਚ ਰਾਸ਼ਟਰੀ ਸਵੈਮਸੇਵਕ ਸੰਘ ਦੇ ਤੌਰ 'ਤੇ ਸੰਘਚਾਲਕ ਐਮ.ਐਸ ਗੋਲਵਲਕਰ ਨੇ ਵੀ ਧਰਮ-ਨਿਰਪੱਖਤਾ ਦੇ ਕਾਰਨ ਉਸਨੂੰ ਗੈਰ-ਰਾਸ਼ਟਰਵਾਦੀ ਠਹਿਰਾਉਣ ਦੇ ਲਈ ਸੁਰੱਖਿਆ ਵਾਲਵ ਦੀ ਇਸ ਪਰਿਕਲਪਨਾ ਦਾ ਇਸਤੇ ਮਾਲ ਕੀਤਾ ਸੀ। ਉਨ੍ਹਾਂ ਨੇ ਆਪਣੇ ਪੈਂਫ 'ਵੀ' (ਹਮ) ਵਿੱਚ ਕਿਹਾ ਸੀ ਕਿ ਹਿੰਦੂ ਰਾਸ਼ਟਰੀ ਚੇਤਨਾ ਨੂੰ ਉਨ੍ਹਾਂ ਲੋਕਾਂ ਨੇ ਤਬਾਹ ਕਰ ਦਿੱਤਾ ਜੋ 'ਰਾਸ਼ਟਰਵਾਦੀ' ਹੋਣ ਦਾ ਦਾਵਾ ਕਰਦੇ ਹਨ ਅਤੇ ਜਿਨ੍ਹਾਂ ਨੇ 'ਲੋਕਤੰਤਰ ਦੇ ਸਿਧਾਂਤਾਂ' ਨੂੰ ਵਾਧਾ ਦਿੱਤਾ ਅਤੇ ਇਹ ਗਲਤ ਧਾਰਣਾ ਫੈਲਾਈ ਕਿ "ਸਾਡੇ ਪੁਰਾਣੇ ਦੁਸ਼ਮਣ ਅਤੇ ਹਮਲਾਵਰ ਮੁਸਲਮਾਲ ਵੀ ਕਈ ਤਰ੍ਹਾਂ ਨਾਲ ਹਿੰਦੂਆਂ ਦੇ ਸਮਾਨ ਹਨ।" ਇਸਦਾ ਨਤੀਜਾ ਇਹ ਹੋਇਆ ਕਿ "ਅਸੀਂ ਆਪਦੇ ਦੁਸ਼ਮਨਾਂ ਨੂੰ ਆਪਣਾ ਮਿੱਤਰ ਮੰਨ ਲਿਆ ਅਤੇ ਇਸ ਤਰ੍ਹਾਂ ਅਸੀਂ ਸੱਚੀ ਰਾਸ਼ਟਰੀਅਤਾ ਦੀ ਜੜਾਂ ਖੁਦ ਆਪਣੇ ਹੱਥਾਂ ਨਾਲ ਪੁੱਟ ਸੁੱਟੀ।" ਸੱਚ ਤਾਂ ਇਹ ਹੈ ਕਿ ਭਾਰਤ ਵਿਚ ਚਲ ਰਿਹਾ ਸੰਘਰਸ਼ ਕੇਵਲ ਭਾਰਤੀਆਂ ਅਤੇ ਅੰਗ੍ਰੇਜ਼ਾਂ ਵਿਚ ਨਹੀਂ ਹੈ, ਬਲਕਿ ਇਹ 'ਇਕ ਤ੍ਰਿਕੋਣੀ ਸੰਘਰਸ਼ ਹੈ। ਹਿੰਦੂਆਂ ਨੂੰ ਇਕ ਤਰਫ ਲੈ ਜਾਣ ਦੇ ਲਈ, ਗੋਲਵਲਕਰ ਦੇ ਅਨੁਸਾਰ, ਹਿਊਮ, ਕਾਟਨ ਅਤੇ ਵੇਡਰਬਰਨ ਦੁਆਰਾ 1885 ਵਿਚ ਤੈਅ ਕੀਤੀ ਗਈ ਨੀਤੀਆਂ ਹੀ ਜ਼ਿੰਮੇ ਵਾਰ ਸੀ-"ਇਨ੍ਹਾਂ ਲੋਕਾਂ ਨੇ ਉਸ ਸਮੇਂ 'ਉਬਲ ਰਹੇ ਰਾਸ਼ਟਰਵਾਦ' ਦੇ ਖਿਲਾਫ 'ਸੁਰੱਖਿਆ ਵਾਲਵ' ਦੇ ਤੌਰ 'ਤੇ ਕਾਂਗਰਸ ਦੀ ਸਥਾਪਨਾ ਕੀਤੀ। ਉਸ ਸਮੇਂ ਜਾਗ ਰਹੇ ਇਕ ਵਿਸ਼ਾਲ ਦੇਵ ਨੂੰ ਸੁਵਾਂ ਦੇਣ ਦੇ ਲਈ ਇਹ ਇਕ ਖਿਡੌਣਾ ਸੀ, ਰਾਸ਼ਟਰੀ ਚੇਤਨਾ ਨੂੰ ਤਬਾਹ ਕਰ ਦੇਣ ਦਾ ਹਥਿਆਰ ਸੀ ਅਤੇ ਜਿੱਥੇ ਤਕ ਉਨ੍ਹਾਂ ਲੋਕਾਂ ਦੇ ਉਦੇਸ਼ ਦੀ ਗਲ ਹੈ ਉਹ ਇਸ ਵਿਚ ਪੂਰੀ ਤਰ੍ਹਾਂ ਸਫਲ ਰਹੇ।"

ਉਦਾਰਵਾਦੀ ਸੀ.ਐਫ. ਐਂਡਰੂਜ਼ ਅਤੇ ਗਿਰੀਜਾ ਮੁਖਰਜੀ ਨੇ ਵੀ 1938 ਵਿਚ ਪ੍ਰਕਾਸ਼ਤ 'ਭਾਰਤ ਵਿਚ ਕਾਂਗਰਸ ਦਾ ਉਦੇ ਅਤੇ ਵਿਕਾਸ' ਵਿਚ ਸੁਰੱਖਿਆ ਵਾਲਵ ਦੀ ਗੱਲ ਪੂਰੀ ਤਰ੍ਹਾਂ ਸਵੀਕਾਰ ਕੀਤੀ ਹੈ। ਹਾਂ, ਉਨ੍ਹਾਂ ਨੂੰ ਇਸ ਗੱਲ ਦਾ ਸੰਤੋਖ ਜਰੂਰ ਹੈ ਕਿ ਇਸ ਨਾਲ 'ਵਿਅਰਥ ਦੇ ਖੂਨ-ਖਰਾਬੇ' ਨੂੰ ਟਾਲਣ ਵਿਚ ਮਦਦ ਮਿਲੀ। 1947 ਦੇ ਪਹਿਲੇ ਅਤੇ ਬਾਅਦ ਵਿਚ ਦੱਸਾਂ ਵਿਦਵਾਨਾਂ ਅਤੇ ਸੈਂਕੜੇ ਲੇਖਕਾਂ ਨੇ ਇਨ੍ਹਾਂ ਚਾਰ ਵਿਚਾਰਧਾਰਾਵਾਂ ਵਿਚੋਂ ਹੀ ਕਿਸੀ-ਨ-ਕਿਸੀ ਨੂੰ ਦੁਹਰਾਇਆ ਹੈ।

## ਹਿਊਮ ਅਤੇ ਉਹ ਗੋਪਨੀਅ ਰਿਪੋਰਟ

ਸੁਰੱਖਿਆ ਵਾਲਵ ਦੀ ਇਸ ਪਰਿਕਲਪਨਾ ਨੂੰ ਇਤਿਹਾਸਕ ਸਾਖਿਅ ਬਣਾ ਦੇਣ ਵਿਚ ਸੱਤ ਖੰਡਾਂ ਵਾਲੀ ਉਸ 'ਗੋਪਨੀਅ ਰਿਪੋਰਟ' ਦੀ ਨਿਰਣਾਇਕ ਭੂਮਿਕਾ ਰਹੀ, ਜਿਸਦੇ ਬਾਰੇ ਵਿਚ ਹਿਊਮ ਦਾ ਕਹਿਣਾ ਹੈ ਕਿ 1878 ਦੀ ਗਰਮੀਆਂ ਵਿਚ ਸ਼ਿਮਲਾਵਿਚ ਉਨ੍ਹਾਂ ਨੇ ਇਸ ਨੂੰ ਪੜ੍ਹਿਆ ਸੀ ਅਤੇ ਇਸ ਨੂੰ ਪੜ੍ਹਣ ਤੋਜ਼ ਬਾਅਦ ਉਨ੍ਹਾਂ ਨੂੰ ਇਸਦਾ ਪੱਕਾ ਯਕੀਨ ਹੋ ਗਿਆ ਕਿ ਭਾਰਤ ਵਿਚ "ਅਸੰਤੋਖ ਉਬਲ ਰਿਹਾ ਹੈ" ਅਤੇ ਇਕ ਵੱਡੀ ਸਾਜਸ਼ ਰਚੀ ਜਾ ਰਹੀ ਹੈ। ਨੀਵੇਂ ਤਬਕੇ ਦੇ ਲੋਕ ਬ੍ਰਿਟਿਸ਼ ਸ਼ਾਸਨ ਨੂੰ ਹਿੰਸਾ ਦੇ ਦੁਆਰਾ ਪੁੱਟ ਸੁੱਟਣ ਵਾਲੇ ਹਨ।"

ਇਸ ਤੋਂ ਪਹਿਲਾਂ ਕਿ ਅਸੀਂ ਇਨ੍ਹਾਂ ਸੱਤ ਖੰਡਾਂ ਦੇ ਰਹੱਸ ਦੀ ਛਾਨਬੀਨ ਕਰੀਏ, ਇਹ ਜਾਣ ਲੈਣਾ ਵਧੀਆ ਹੋਏਗਾ ਕਿ ਇਸ ਰਿਪੋਰਟ ਦੀ ਚਰਚਾ ਸਭ ਤੋਂ ਪਹਿਲਾਂ ਕਿਵੇਂ ਸ਼ੁਰੂ ਹੋਈ ਅਤੇ ਬਾਅਦ ਵਿਚ ਇਹ ਗਲ ਕਿਵੇਂ ਅੱਗੇ ਵਧੀ। ਵੇਡਰਬਰਨ ਨੇ ਏ.ਓ. ਹਿਊਮ ਦੀ ਜੀਵਨੀ ਲਿਖੀ ਸੀ, ਜੋ 1913 ਵਿਚ ਪ੍ਰਕਾਸ਼ਤ ਹੋਈ। ਸਭ ਤੋਂ ਪਹਿਲਾਂ ਇਸ ਜੀਵਨੀ ਵਿਚ ਸੱਤ ਖੰਡਾਂ ਦੀ ਇਸ ਗੋਪਨੀਅ ਰਿਪੋਰਟ ਦੀ ਚਰਚਾ ਕੀਤੀ ਗਈ ਸੀ। ਹਿਊਮ ਦੇ ਕੋਲ ਕਾਂਗਰਸ ਦੀ ਸਥਾਪਨਾ ਨਾਲ ਸੰਬੰਧਤ ਜੋ ਦਸਤਾਵੇਜ ਸੀ, ਉਨ੍ਹਾਂ ਵਿਚ ਵੇਡਰਬਰਨ ਨੂੰ ਇਕ ਇਸ ਤਰ੍ਹਾਂ ਦਾ ਦਸਤਾਵੇਜ ਮਿਲਿਆ, ਜਿਸ ਉਤੇ ਕੋਈ ਤਾਰੀਖ ਨਹੀਂ ਪਈ ਸੀ। ਵੇਡਰਬਰਨ ਨੇ ਹਿਊਮ ਦੀ ਜੀਵਨੀ ਵਿਚ ਇਸ ਦਸਤਾਵੇਜ ਦਾ ਵਿਸਤਾਰ ਵਿਚ ਹਵਾਲਾ ਦਿੱਤਾ ਹੈ। ਲਾਲਾ ਲਾਜਪਤ ਰਾਏ ਦੇ ਅਨੁਸਾਰ, ਇਸ ਤੱਥ ਦੇ ਬਾਵਜੂਦ ਕਿ "ਹਿਊਮ ਆਜਾਦੀ ਦੇ ਪ੍ਰੇਮੀ ਹਨ," ਉਹ ਸਭ ਤੋਂ ਪਹਿਲਾਂ ਤੇ ਇਕ "ਅੰਗ੍ਰੇਜ਼ ਦੇਸ਼ਭਗਤ" ਹੀ ਸੀ। ਜਦੋਂ ਉਨ੍ਹਾਂ ਨੇ ਵੇਖਿਆ ਕਿ ਬ੍ਰਿਟਿਸ਼ ਸ਼ਾਸਨ ਉਤੇ ਇਕ "ਗੰਭੀਰ ਮੁਸ਼ਕਿਲ ਆਉਣ ਵਾਲੀ ਹੈ" ਤਾਂ ਉਨ੍ਹਾਂ ਨੇ ਅੰਸਤੋਖ ਦੇ ਸੁਰੱਖਿਅਤ ਨਿਕਾਸ ਦੇ ਲਈ ਇਕ ਸੁਰੱਖਿਆ ਵਾਲਵ ਬਣਾਉਣ ਦਾ ਫੈਸਲਾ ਕੀਤਾ।

ਆਪਣੀ ਇਸ ਗੱਲ ਤੋਂ ਸਾਬਤ ਕਰਨ ਦੇ ਲਈ ਲਾਲਾ ਲਾਜਪਤ ਰਾਏ ਨੇ ਹਿਊਮ ਦੇ ਦਸਤਾਵੇਜ ਤੋਂ ਇਕ ਲੰਮਾ ਅੰਸ਼ ਉਧਰਿਤ ਕੀਤਾ, ਜੋ ਵੇਡਰਬਰਨ ਦੀ ਕਿਤਾਬ ਦੇ ਪੰਨਾ 80-81 'ਤੇ ਛਪਿਆ ਸੀ। ਹਿਊਮ ਦੇ ਦਸਤਾਵੇਜ ਦੇ ਇਸ ਅੰਸ਼ ਦੇ ਨਾਲ ਵੇਡਰਬਰਨ ਨੇ ਆਪਣੀ ਟਿੱਪਣੀਆਂ ਵੀ ਦਿੱਤੀਆਂ ਸੀ। ਕਿਉਂਕਿ ਬਾਅਦ ਦੇ ਸਾਰੇ ਲੇਖਕਾਂ ਨੇ ਇਸ ਅੰਸ਼ ਨੂੰ ਉਧਰਿਤ ਕੀਤਾ ਹੈ ਜਾਂ ਇਸ ਦਾ ਹਵਾਲਾ ਦਿੱਤਾ ਹੈ, ਇਸ ਲਈ ਇਹ ਜਰੂਰੀ ਹੈ ਕਿ ਇਸ ਅੰਸ਼ ਨੂੰ ਅਸੀਂ ਇੱਥੇ ਫਿਰ ਤੋਂ ਉਧਰਿਤ ਕਰੀਏ। ਹਿਊਮ ਨੇ ਲਿਖਿਆ-

ਮੈਨੂੰ ਇਸ ਰਿਪੋਰਟ ਦੇ ਕਈ ਖੰਡ ਦਿਖਾਏ ਗਏ, ਜਿਸ ਵਿਚ ਛੋਟੀ-ਵੱਡੀ ਬਹੁਤ ਸਾਰੀ ਪ੍ਰਵਿਸ਼ਠੀਆਂ ਸਨ-ਕਈ ਤਰ੍ਹਾਂ ਦੀ ਸੂਚਨਾਵਾਂ ਦੇ ਆਧਾਰ 'ਤੇ ਇਹ ਪ੍ਰਵਿਸ਼ਠੀਆਂ ਦਰਜ ਕੀਤੀਆਂ ਗਈਆਂ ਸੀ। ਇਹ ਜਾਂ ਤੇ ਇਨ੍ਹਾਂ ਸੂਚਨਾਵਾਂ ਦਾ ਅੰਗ੍ਰੇਜ਼ੀ ਅਨੁਵਾਦ ਸੀ ਜਾਂ ਅੰਗ੍ਰੇਜ਼ੀ ਵਿਚ ਉਨ੍ਹਾਂ ਨੂੰ ਸੰਖੇਪ ਵਿਚ ਲਿਖ ਦਿੱਤਾ ਗਿਆ ਸੀ। ਇਨ੍ਹਾਂ ਸਾਰੀਆਂ ਸੂਚਨਾਵਾਂ ਨੂੰ ਜਿਲੇਵਾਰ ਕ੍ਰਮਬੱਧ ਕੀਤਾ ਗਿਆ ਸੀ... ਕਿਹਾ ਜਾਂਦਾ ਹੈ ਕਿ ਉਸ ਸਮੇਂ ਤੀਹ ਹਜ਼ਾਰ ਤੋਂ ਵੀ ਜ਼ਿਆਦਾ ਮੁਖਬਰਾਂ ਦੁਆਰਾ ਭੇਜੀ ਗਈਆਂ ਸੂਚਨਾਵਾਂ ਦੇ ਆਧਾਰ 'ਤੇ ਇਹ ਅਸੰਖ ਪ੍ਰਵਿਸ਼ਠੀਆਂ ਇਸ ਵਿਸਤਾਰਿਤ ਰਿਪੋਰਟ ਵਿਚ ਕੀਤੀ ਗਈ ਸੀ। ਉਨ੍ਹਾਂ (ਹਿਊਮ ਨੇ) ਲਿਖਿਆ ਹੈ ਕਿ ਇਸ ਰਿਪੋਰਟ ਦੇ ਇਹ ਖੰਡ ਸਿਰਫ ਇਕ ਹਫਤੇ ਤਕ ਉਨ੍ਹਾਂ ਦੇ ਕਬਜ਼ੇ ਵਿਚ ਰਹੇ... ਇਸ ਵਿਚ ਕੀਤੀਆਂ ਗਈਆਂ ਜ਼ਿਆਦਾਤਰ ਪ੍ਰਵਿਸ਼ਠੀਆਂ ਸਮਾਜ ਦੇ ਨੀਵੇਂ ਤਬਕੇ ਦੇ ਵਿੱਚ ਹੋਣ ਵਾਲੀ ਗੱਲਬਾਤ ਦੇ ਆਧਾਰ 'ਤੇ ਤਿਆਰ ਕੀਤੀ ਗਈ ਦੱਸੀਆਂ ਜਾਂਦੀਆਂ ਹਨ, ਅਤੇ ਇਨ੍ਹਾਂ ਸਾਰੀਆਂ ਪ੍ਰਵਿਸ਼ਠੀਆਂ ਨਾਲ ਇਹ ਪਤਾ ਚਲਦਾ ਹੈ ਕਿ ਮੌਜੂਦਾ ਹਾਲਾਤ ਨਾਲ ਇਨ੍ਹਾਂ ਗਰੀਬ ਲੋਕਾਂ ਵਿਚ ਨਿਰਾਸ਼ਾ ਘਰ ਕਰ ਗਈ ਹੈ ਅਤੇ ਉਨ੍ਹਾਂ ਨੂੰ ਲਗਦਾ ਹੈ ਕਿ ਭੁੱਖ ਉਨ੍ਹਾਂ ਨੂੰ ਮਾਰ ਦੇਵੇਗੀ। ਹੁਣ ਉਹ ਕੁਝ ਕਰਨਾ ਚਾਹੁੰਦੇ ਹਨ, ਇਕਜੁਟ ਹੋਣਾ ਚਾਹੁੰਦੇ ਹਨ ਅਤੇ ਜੋ ਕੁਝ ਉਹ ਕਰਨਾ ਚਾਹੁੰਦੇ ਹਨ, ਉਹ ਹੈ ਹਿੰਸਕ ਸੰਘਰਸ਼। ਪੜ੍ਹੇ-ਲਿਖੇ ਲੋਕਾਂ ਦਾ ਇਕ ਛੋਟਾ ਵਰਗ ਵੀ ਇਨ੍ਹਾਂ ਲੋਕਾਂ ਦੇ ਨਾਲ ਹੈ। ਇਹ ਸਿੱਖਿਅਤ ਤਬਕਾ ਤੰਗ ਆਕੇ ਸ਼ਾਇਦ ਅਨੁਚਿਤ ਰੂਪ ਨਾਲ ਸਰਕਾਰ ਦੇ ਵਿਰੁੱਧ ਹੈ। ਇਹ ਸਿੱਖਿਅਤ ਤਬਕਾ ਵੀ ਅੰਦੋਲਨ ਵਿਚ ਸ਼ਾਮਲ ਹੋਏਗਾ, ਉਨ੍ਹਾਂ ਨੂੰ ਅਗਵਾਈ ਪ੍ਰਦਾਨ ਕਰੇਗਾ ਅਤੇ ਅਸੰਤੋਖ ਦੇ ਵਿਸਫੋਟ ਨੂੰ ਰਾਸ਼ਟਰੀ ਵਿਦਰੋਹ ਦੇ ਰਸਤੇ 'ਤੇ ਮੋੜ ਦੇਵੇਗਾ।

ਲਾਲਾ ਲਾਜਪਤ ਰਾਏ ਨੇ ਹਾਲਾਂਕਿ ਇਸ ਕਿਤਾਬ ਵਿਚ ਉਧਰਣ ਦੇ ਦਿੱਤੇ, ਸੱਤ ਖੰਡਾਂ ਦੀ ਇਸ ਰਿਪੋਰਟ ਦੇ ਚਰਿੱਤਰ ਅਤੇ ਉਤਪਤੀ ਆਦਿ ਦੇ ਬਾਰੇ 'ਚ ਉਨ੍ਹਾਂ ਨੇ ਕੁਝ ਨਹੀਂ ਲਿਖਿਆ ਸੀ। ਲੇਕਿਨ ਬਹੁਤ ਜਲਦੀ ਹੀ ਇਸ ਰਿਪੋਰਟ ਦੇ ਬਾਰੇ ਵਿਚ ਤਰ੍ਹਾਂ-ਤਰ੍ਹਾਂ ਦੀ ਗੱਲਾਂ ਸਾਹਮਣੇ ਆਉਣ ਲੱਗੀਆਂ। 1933 ਵਿਚ ਗੁਰਮੁਖ ਨਿਹਾਲ ਸਿੰਘ ਨੇ ਇਨ੍ਹਾਂ ਸੱਤ ਖੰਡਾਂ ਨੂੰ 'ਸਰਕਾਰੀ ਰਿਪੋਰਟ' ਦੱਸਿਆ, ਤੇ ਦੂਜੇ ਪਾਸੇ ਐਂਡਰੂਜ਼ ਅਤੇ ਮੁਖਰਜੀ ਨੇ ਕਿਹਾ ਕਿ "ਇਹ ਸੀ.ਆਈ.ਡੀ. ਦੁਆਰਾ ਤਿਆਰ ਕੀਤੀ ਗਈ ਗੋਪਨੀਅ ਰਿਪੋਰਟਾਂ ਸੀ" ਅਤੇ ਹਿਊਮ ਨੂੰ ਇਹ ਰਿਪੋਰਟਾਂ 'ਉਨ੍ਹਾਂ ਦੀ ਸਰਕਾਰੀ ਹੈਸੀਅਤ' ਦੇ ਤਹਿਤ ਮਿਲੀ ਸੀ। ਲੇਕਿਨ ਰਜਨੀ ਪਾਮ ਦੱਤ ਇਨ੍ਹਾਂ ਸਾਰਿਆਂ ਲੋਕਾਂ ਤੋਂ ਵੀ ਇਕ ਕਦਮ ਅੱਗੇ ਵੱਧ ਗਏ। ਉਨ੍ਹਾਂ ਨੇ ਲਾਲਾ ਲਾਜਪਤ ਰਾਏ ਦੁਆਰਾ ਵੇਡਰਬਰਨ ਦੀ ਕਿਤਾਬ ਨਾਲ ਉਧਰਿਤ ਅੰਸ਼ਾਂ ਨੂੰ ਕਰਦੇ ਹੋਏ ਲਿਖਿਆ, "ਹਿਊਮ ਨੂੰ ਉਨ੍ਹਾਂ ਦੀ ਸਰਕਾਰੀ ਹੈਸੀਅਤ ਦੇ ਤਹਿਤ ਪੁਲਿਸ ਦੀ ਇਹ ਗੋਪਨੀਅ ਰਿਪੋਰਟਾਂ ਹਾਸਲ ਹੋਈਆਂ ਸੀ।" ਇਨ੍ਹਾਂ ਲੋਕਾਂ ਦੇ ਇਸ ਕਪੋਲ-ਕਲਪਿਤ ਸਾਖਿਅ ਨੂੰ ਬਾਅਦ ਦੇ ਇਤਿਹਾਸਕਾਰਾਂ ਨੇ ਜਿਨ੍ਹਾਂ ਵਿਚ ਡਫਰਿਨ ਨੇ 1888 ਵਿਚ ਸੈਂਟ ਐਂਡਰੂਜ਼ ਦਿਵਸ ਉਤੇ ਭੋਜਨ ਦੇ ਸਮੇਂ ਆਪਣੇ ਭਾਸ਼ਨ ਵਿਚ ਸਾਰਵਜਨਿਕ ਰੂਪ ਵਿਚ ਕਾਂਗਰਸ ਉਤੇ ਆਰੋਪ ਲਗਾਇਆ ਸੀ ਕਿ ਉਹ ਆਪਣੇ ਨਿਹਿਤ ਸਵਾਰਥਾਂ ਦੇ ਲਈ ਸਮਾਜਕ ਸੁਧਾਰਾਂ ਨੂੰ ਨਜ਼ਰਅੰਦਾਜ਼ ਕਰ ਰਾਜਨੀਤਿਕ ਅੰਦੋਲਨ ਚਲਾ ਰਹੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਸਮਾਜਕ ਸੁਧਾਰਾਂ ਨਾਲ ਕਰੋੜਾਂ ਲੋਕਾਂ ਦਾ ਭਲਾ ਹੋਏਗਾ। ਇਸ ਤੋਂ ਪਹਿਲਾਂ ਵਿਦੇਸ਼ ਸਚਿਵ ਦੇ ਨਾਮ ਇਕ ਨਿਜੀ ਚਿੱਠੀ ਵਿੱਚ ਵੀ ਡਫਰਿਨ ਨੇ ਇਹੀ ਗੱਲਾਂ ਲਿਖੀਆਂ ਸਨ।

ਡਫਰਿਨ ਦੇ ਨਿਜੀ ਦਸਤਾਵੇਜਾਂ (ਇਹ ਦਸਤਾਵੇਜ 1950 ਤੋਂ ਹੀ ਲੋਕਾਂ ਦੇ ਪੜ੍ਹਣ ਦੇ ਲਈ ਉਪਲਬਧ ਹਨ) ਜੇਕਰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਸਾਫ ਪਤਾ ਚਲੇਗਾ ਕਿ ਕਾਂਗਰਸ ਦੇ ਗਠਨ ਵਿਚ ਡਫਰਿਨ ਦੀ ਭੂਮਿਕਾ ਜਾਂ ਕਾਂਗਰਸ ਨੂੰ ਉਨ੍ਹਾਂ ਦੇ ਸਹਿਯੋਗ ਦੀ ਗੱਲ ਬਿਲਕੁਲ ਝੂਠੀ ਹੈ। ਹਿਊਮ ਨੇ ਕਦੀ ਵੀ ਸਮਾਜਕ ਮੁੱਦਿਆਂ 'ਤੇ ਚਰਚਾ ਦੇ ਲਈ ਬੈਠਕਾਂ ਕਰਦੇ ਰਹੇ। ਇਸਦਾ ਸਬੂਤ ਡਫਰਿਨ ਦਾ ਇਹ ਪੱਤਰ ਹੈ ਜੋ ਉਨ੍ਹਾਂ ਨੇ ਹਿਊਮ ਨਾਲ ਪਹਿਲੀ ਵਾਰ ਮਿਲਣ ਤੋਂ ਬਾਅਦ ਬੰਬਈ ਦੇ ਗਵਰਨਰ ਲਾਰਡ ਰੇ ਨੂੰ ਲਿਖਿਆ ਸੀ। ਪੱਤਰ ਵਿਚ ਲਿਖਿਆ ਸੀ: ਹਿਊਮ ਨੇ ਮੈਨੂੰ ਦੱਸਿਆ ਹੈ ਕਿ ਉਹ ਅਤੇ ਉਨ੍ਹਾਂ ਦੇ ਮਿੱਤਰ ਇਕ ਰਾਜਨੀਤਿਕ ਸੰਮੇਲਨ ਆਯੋਜਤ ਕਰਨ ਜਾ ਰਹੇ ਹਨ। ਜਿੱਕੇ ਤਕ ਮੈਂ ਸਮਝਦਾਂ ਹਾਂ, ਠੀਕ ਉਸੇ ਤਰਾਂ ਜਿਵੇਂ ਕੈਥੋਲਿਕ ਵਿਮੁਕਤੀ ਤੋਂ ਪਹਿਲੇ ਓ ਕੋਨੇਲ ਨੇ ਕੀਤਾ ਸੀ।"

ਜਦੋਂ ਆਪ ਡਫਰਿਨ ਅਤੇ ਉਨ੍ਹਾਂ ਦੇ ਉਦਾਰਵਾਦੀ ਸਹਿਯੋਗੀ (ਬੰਬਈ ਅਤੇ ਮਦਰਾਸ ਦੇ ਗਵਰਨਰ) ਵੀ ਕਾਂਗਰਸ ਨਾਲ ਹਮਦਰਦੀ ਨਹੀਂ ਰਖਦੇ ਸੀ, ਤਾਂ ਉਨ੍ਹਾਂ ਦੇ ਰੂੜੀਵਾਦੀ ਸਹਿਯੋਗੀਆਂ ਅਲਫ੍ਰੇਡ, ਜੇ.ਬੀ. ਲਾਇਲ, ਡੀ.ਐਮ. ਵਾਲੇਸ, ਏ. ਕੋਲਵਿਨ ਅਤੇ ਐਸ.ਸੀ. ਬੇਲੇ ਦੀ ਗੱਲ ਹੀ ਛੱਡ ਦਿਉ।

1885 ਵਿਚ ਉਨ੍ਹਾਂ ਨੇ ਰੇ (Reay) ਨੂੰ ਚਿੱਠੀ ਲਿਖ ਕੇ ਚੇਤਾਵਨੀ ਦਿੱਤੀ ਸੀ ਕਿ ਹਿਊਮ ਦੀ ਕਾਂਗਰਸ ਤੋਂ ਸਾਵਧਾਨ ਰਹੋ। "ਸੁਧਾਰਵਾਦੀਆਂ ਅਤੇ ਦੱਖਣਪੰਥੀਆਂ ਵਿਚੋਂ ਕਿਸੇ ਦੇ ਵੀ ਲਾਗੇ ਨਾ ਜਾਓ।" ਜੂਨ 1885 ਵਿਚ ਰੇ ਨੇ ਇਸਦਾ ਜਵਾਬ ਲਿਖਿਆ। ਨਵੀਂ ਰਾਜਨੀਤਿਕ ਸਰਗਰਮੀ ਨਾਲ ਡਰੇ ਹੋਏ ਰੇ ਨੇ ਡਫਰਿਨ ਨੂੰ ਭਾਰਤੀ ਪ੍ਰਤੀਨਿਧੀਆਂ ਤੋਂ ਸਾਵਧਾਨ ਰਹਿਣ ਲਈ ਕਿਹਾ। ਉਨ੍ਹਾਂ ਨੂੰ ਲੱਗਿਆ ਕਿ ਭਾਰਤੀ ਜਨਤਾ ਨੇ ਇਕ 'ਭਾਰਤੀ ਰਾਸ਼ਟਰੀ ਦਲ' ਦਾ ਗਠਨ ਕੀਤਾ ਹੈ। ਉਨ੍ਹਾਂ ਨੇ ਭਾਰਤੀ ਪ੍ਰਤੀਨਿਧੀਆਂ ਦੀ ਤੁਲਨਾ ਆਇਰਲੈਂਡ ਦੇ ਪ੍ਰਤੀਨਿਧੀਆਂ ਨਾਲ ਕੀਤੀ।

ਕੀ ਤੁਸੀਂ ਜਾਣਦੇ ਹੋ — ਡਫਰਿਨ ਨੇ 1888 ਵਿਚ ਹੀ ਪਹਿਲੀ ਵਾਰ ਕਾਂਗਰਸ ਦੀ ਅਲੋਚਨਾ ਕੀਤੀ ਹੋਵੇ, ਐਸੀ ਗੱਲ ਨਹੀਂ ਹੈ। 1888 ਵਿਚ ਉਨ੍ਹਾਂ ਨੇ ਰੇ (Reay) ਨੂੰ ਲਿਖਿਆ ਸੀ ਕਿ "ਅਸੀਂ ਕਾਂਗਰਸ ਨੂੰ ਸਾਬਤ ਨਹੀਂ ਰਹਿਣ ਦੇਵਾਂਗੇ।"

ਨੋਟ

ਵਾਸਤਵ ਵਿਚ ਮਈ 1885 ਦੇ ਬਾਅਦ ਤੋਂ ਹੀ ਡਫਰਿਨ, ਹਿਊਮ ਨਾਲ ਨਫਰਤ ਕਰਨ ਲੱਗੇ ਸੀ ਅਤੇ ਉਨ੍ਹਾਂ ਤੋਂ ਦੂਰ ਰਹਿਣ ਲੱਗੇ ਸੀ। ਇਹੀ ਨਹੀਂ, ਇਸਦੇ ਬਾਅਦ ਤੋਂ ਡਫਰਿਨ ਨੇ ਬੰਗਾਲੀ ਬਾਬੂਆਂ ਅਤੇ ਮਰਾਠੀ ਬ੍ਰਾਹਮਣਾਂ ਉਤੇ ਹਮਲਾ ਬੋਲਣਾ ਸ਼ੁਰੂ ਕਰ ਦਿੱਤਾ। ਡਫਰਿਨ ਦਾ ਮੰਨਣਾ ਸੀ ਕਿ ਇਨ੍ਹਾਂ ਦਾ ਉਦੇਸ਼ ਸੰਦੇਹ ਵਾਲਾ ਹੈ ਅਤੇ ਇਹ ਭਾਰਤ ਵਿਚ ਆਇਰਲੈਂਡ-ਵਰਗਾ ਕ੍ਰਾਂਤੀਕਾਰੀ ਵਿਦਰੋਹੀ ਅੰਦੋਲਨ ਚਲਾਉਣਾ ਚਾਹੁੰਦੇ ਹਨ। ਮਈ-ਜੂਨ 1886 ਵਿਚ ਡਫਰਿਨ ਨੇ ਹਿਊਮ ਨੂੰ ਧੋਖੇਵਾਜ, ਪਾਗਲ, ਬੇਈਮਾਨ ਤੇ ਹੋਰ ਪਤਾ ਨਹੀਂ ਕੀ ਕੀ ਕਿਹਾ। ਹਿਊਮ ਦਾ ਕਸੂਰ ਸਿਰਫ ਇੰਨਾ ਸੀ ਕਿ ਉਹ ਹਿੰਦੁਸਤਾਨ ਵਿਚ 'ਹੋਮ ਰੂਲ' ਅੰਦੋਲਨ ਦੇ ਮੁੱਖ ਪ੍ਰੇਰਕ ਹੋ ਗਏ ਸਨ।

1870 ਦੇ ਦਸ਼ਕ ਦੇ ਅੰਤ ਵਿਚ ਅਤੇ 1880 ਦੇ ਦਸ਼ਕ ਦੇ ਸ਼ੁਰੂ ਵਿਚ ਭਾਰਤੀ ਜਨਤਾ ਰਾਜਨੀਤਿਕ ਤੌਰ ਉਤੇ ਕਾਫੀ ਜਾਗਰੂਕ ਹੋ ਚੁੱਕੀ ਸੀ। 1885 ਵਿਚ ਇਸ ਰਾਜੀਤਿਕ ਚੇਤਨਾ ਨੇ ਕਰਵਟ ਬਦਲੀ। ਭਾਰਤੀ ਰਾਜਨੀਤਿਕ ਅਤੇ ਰਾਜਨੀਤੀ ਵਿਚ ਸ਼ਾਮਲ ਬੁੱਧੀਜੀਵੀ, ਸੰਕੀਰਣ ਹਿਤਾਂ ਦੇ ਲਈ ਆਵਾਜ਼ ਉਠਾਉਣ ਦੇ ਬਜਾਏ ਰਾਸ਼ਟਰੀ ਹਿਤਾਂ ਦੇ ਲਈ ਰਾਸ਼ਟਰੀ ਪੱਧਰ ਉਤੇ ਸੰਘਰਸ਼ ਕਰਨ ਨੂੰ ਛਟਪਟਾਉਣ ਲਗੇ ਸੀ। ਉਨ੍ਹਾਂ ਦੀ ਇਸ ਕੋਸ਼ਿਸ਼ ਨਾਲ ਸਫਲਤਾ ਮਿਲੀ, ਇਕ 'ਰਾਸ਼ਟਰੀ ਦਲ' ਦਾ ਗਠਨ ਹੋਇਆ-ਇਕ ਐਸਾ ਦਲ, ਜੋ ਰਾਸ਼ਟਰੀ ਚੇਤਨਾ ਦਾ ਪ੍ਰਤੀਕ ਸੀ, ਭਾਰਤੀ ਰਾਜਨੀਤੀ ਦੇ ਲਈ ਇਕ ਪਲੇਟਫਾਰਮ, ਇਕ ਸੰਗਠਨ, ਇਕ ਮੁਖਿਆਲਾ।

ਇਸ 'ਰਾਸ਼ਟਰੀ ਦਲ' ਦੇ ਗਠਨ ਲਈ ਜੋ ਰਾਜਨੀਤਿਕ ਗਤੀਵਿਧੀਆਂ ਹੋ ਰਹੀਆਂ ਸੀ, ਅੰਗ੍ਰੇਜ਼ ਸਰਕਾਰ ਉਸ ਨਾਲ ਬਖੂਬੀ ਜਾਣੂ ਸੀ। ਉਸ ਨੂੰ ਪਹਿਲਾਂ ਹੀ ਮਹਿਸੂਸ ਹੋ ਗਿਆ ਸੀ ਕਿ ਕੀ ਹੋਣਾ ਵਾਲਾ ਹੈ। ਰਾਜਨੀਤੀ ਵਿਚ ਸ਼ਾਮਲ ਭਾਰਤੀਆਂ ਨੂੰ ਸੰਦੇਹ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ। ਹਕੂਮਤ ਨੂੰ ਲਗਿਆ ਕਿ ਅਸਹਿਯੋਗ, ਦੇਸ਼ਦ੍ਰੋਹ ਅਤੇ ਆਇਰਲੈਂਡ ਦੀ ਤਰ੍ਹਾਂ ਦੇ ਅੰਦੋਲਨਾਂ ਦਾ ਸ਼ੁਰੂ ਹੋਣ ਵਾਲਾ ਹੈ।

ਵਿਦੇਸ਼ੀ ਹਕੂਮਤ ਦਾ ਸੰਦੇਹ ਤਤਕਾਲੀਕ ਨਹੀਂ ਸੀ। ਇਸਦਾ ਠੋਸ ਇਤਿਹਾਸਕ ਆਧਾਰ ਸੀ। ਉਸ ਸਮੇਂ ਦੀ ਰਾਸ਼ਟਰੀ ਮੰਗਾਂ ਸਨ-ਵਿਦੇਸ਼ੋਂ ਸੂਤੀ ਕਪੜਿਆਂ ਉਤੇ ਆਇਆਤ ਸ਼ੁਲਕ ਵਿਚ ਕਮੀ ਨਾ ਕਰਨਾ, ਹਥਿਆਰ ਰੱਖਣ ਦਾ ਅਧਿਕਾਰ ਦੇਣਾ, ਪ੍ਰੈਸ ਦੀ ਆਜਾਦੀ, ਸੈਨਾ ਉਤੇ ਖਰਚੇ ਵਿਚ ਕਟੌਤੀ, ਕੁਦਰਤੀ ਮਾਰਾਂ ਦੇ ਸ਼ਿਕਾਰ ਲੋਕਾਂ ਦੀ ਸਹਾਇਤਾ ਲਈ ਹੋਰ ਜ਼ਿਆਦਾ ਰਾਸ਼ੀ ਦਾ ਵੰਡਣਾ, ਪ੍ਰਸ਼ਾਸਨਿਕ ਸੇਵਾ ਦਾ ਭਾਰਤੀਕਰਨ, ਅਰਧਸੈਨਿਕ ਬਲਾਂ ਤੇ ਸਵੈਛਿਕ ਸੰਗਠਨਾਂ ਵਿਚ ਭਾਰਤੀਆਂ ਨੂੰ ਵੀ ਸ਼ਾਮਲ ਹੋਣ ਦਾ ਅਧਿਕਾਰ, ਭਾਰਤੀ ਜੱਜਾਂ ਨੂੰ ਯੂਰੋਪੀ ਨਾਗਰਿਕਾਂ 'ਤੇ ਅਪਰਾਧਕ ਮੁਕੱਦਮੇ ਦੀ ਸੁਣਵਾਈ ਦਾ ਅਧਿਕਾਰ, ਅੰਗ੍ਰੇਜ਼ ਮਤਦਾਤਾਵਾਂ ਦੇ ਵਿਚ ਇਸ ਤਰ੍ਹਾਂ ਦਾ ਪ੍ਰਚਾਰ ਕਿ ਉਹ ਉਸੀ ਦਲ ਨੂੰ ਵੋਟ ਦੇਣ ਜੋ ਭਾਰਤੀਆਂ ਦੇ ਹਿਤਾਂ ਦਾ ਖਿਆਲ ਰੱਖਣ। ਉਨ੍ਹਾਂ ਮੰਗਾਂ ਨੂੰ ਜੇਕਰ ਅਲੱਗ-ਅਲੱਗ ਕਰਕੇ ਦੇਖਿਆ ਜਾਏ, ਤਾਂ ਇਹ ਬਹੁਤ ਪੱਧਰੀਆਂ ਲੱਗਣਗੀਆਂ, ਪਰ ਬ੍ਰਿਟਿਸ਼ ਹਕੂਮਤ ਇਨ੍ਹਾਂ ਮੰਗਾਂ ਨੂੰ ਵੀ ਆਸਾਨੀ ਨਾਲ ਮੰਨਣ ਵਾਲੀ ਨਹੀਂ ਸੀ ਕਿਉਂਕਿ ਉਸ ਨੂੰ ਲਗਦਾ ਸੀ ਕਿ ਜੇਕਰ ਇਹ ਮੰਗਾਂ ਮੰਨ ਲਈਆਂ ਤਾਂ ਭਾਰਤੀ ਜਨਤਾ ਉਤੇ ਅੰਗ੍ਰੇਜ਼ੀ ਹਕੂਮਤ ਦਾ ਸ਼ਿਕੰਜਾ ਢਿੱਲਾ ਹੋ ਜਾਵੇਗਾ।

> ਨੋਟਸ 1885 ਵਿਚ ਭਾਰਤੀ ਰਾਸ਼ਅਟਰੀ ਕਾਂਗਰਸ ਦੀ ਸਥਾਪਨਾ ਨਾ ਤੇ ਅਨੋਖੀ ਘਟਨਾ ਸੀ ਤੇ ਨਾ ਹੀ ਕੋਈ ਇਤਿਹਾਸਕ ਦੁਰਘਟਨਾ। 1860 ਅਤੇ 1870 ਦੇ ਦਸ਼ਕ ਤੋਂ ਹੀ ਭਾਰਤੀਆਂ ਵਿਚ ਰਾਜਨੀਤਿਕ ਚੇਤਨਾ ਪੈਦਾ ਹੋਣ ਲੱਗੀ ਸੀ। ਕਾਂਗਰਸ ਦੀ ਸਥਾਪਨਾ ਇਸ ਵਧਦੀ ਚੇਤਨਾ ਦੀ ਪਰਾਕਾਸ਼ਠਾ ਸੀ।

1875 ਤੋਂ 1885 ਦੇ ਦੌਰਾਨ ਭਾਰਤ ਵਿਚ ਜੋ ਨਵੀਂ ਰਾਜਨੀਤਿਕ ਚੇਤਨਾ ਪੈਦਾ ਹੋਈ, ਉਹ ਮੁੱਖ ਤੌਰ 'ਤੇ ਨੌਜਵਾਨ ਵਰਗ ਦੀ ਦੇਣ ਸੀ। ਇਹ ਨੋਜਵਾਨ ਜ਼ਿਆਦਾ ਲੜਾਕੂ ਅਤੇ ਰਾਸ਼ਟਰਵਾਦੀ ਸੀ। ਇਨ੍ਹਾਂ ਵਿਚ ਜ਼ਿਆਦਾਤਰ ਇਸੇ 10 ਸਾਲਾਂ ਦੇ ਅੰਦਰ ਰਾਜਨੀਤੀ ਵਿਚ ਆਏ ਸਨ। ਇਨ੍ਹਾਂ ਨੇ ਇਕ ਨਵਾਂ ਸੰਗਠਨ ਬਣਾਇਆ, ਕਿਉਂਕਿ ਇਨ੍ਹਾਂ ਨੂੰ ਲੱਗਿਆ ਕਿ ਪੁਰਾਣੇ ਸੰਗਠਨ ਦਕੀਆਨੂਸੀ ਹੋ ਗਏ ਹਨ, ਉਨ੍ਹਾਂ ਦਾ ਜਨ-ਆਧਾਰ ਵੀ ਠੋਸ ਨਹੀਂ ਹੈ। ਨਾ ਉਨ੍ਹਾਂ ਦੇ ਕੋਲ ਕੋਈ ਠੋਸ ਪ੍ਰੋਗਰਾਮ ਹੈ, ਨਾ ਨੀਤੀਆਂ। ਬਤੌਰ ਉਦਾਹਰਣ ਬੰਗਾਲ ਦਾ 'ਬ੍ਰਿਟਿਸ਼-ਇੰਡੀਅਨ ਐਸੋਸੀਏਸ਼ਨ' ਹੋਲੀ-ਹੋਲੀ ਜਮੀਦਾਰਾਂ ਦੇ ਹਿਤਾਂ ਦਾ ਪੋਸ਼ਕ ਬਣ ਗਿਆ ਸੀ ਅਤੇ ਅੰਗ੍ਰੇਜ਼ਾਂ ਦੇ ਖਿਲਾਫ ਉਸਦੀ ਆਵਾਜ਼ ਮਧਮ ਪੈ ਗਈ ਸੀ। 'ਬਾਂਬੇ ਐਸੋਸੀਏਸ਼ਨ' ਅਤੇ 'ਮਦਰਾਸ ਨੇਟਿਵ ਐਸੋਸੀਏਸ਼ਨ' ਦੱਖਣਪੰਥੀ ਹੋਰ ਮਰਨ-ਆਸਨ ਹੋ ਗਏ ਸੀ।

ਇਹੀ ਕਾਰਣ ਸੀ ਕਿ 1876 ਵਿਚ ਬੰਗਾਲ ਦੇ ਨੌਜਵਾਨ ਰਾਸ਼ਟਰਵਾਦੀਆਂ ਨੇ ਸੁਰਿੰਦਰਨਾਥ ਬਨਰਜੀ ਅਤੇ ਆਨੰਦ ਮੋਹਨ ਬੋਸ ਦੀ ਅਗਵਾਈ ਵਿਚ 'ਇੰਡੀਅਨ ਐਸੋਸੀਏਸ਼ਨ' ਦਾ ਗਠਨ ਕੀਤਾ। ਮਦਰਾਸ ਦੇ ਨੌਜਵਾਨ ਨੇਤਾਵਾਂ-ਐਮ.ਵੀ. ਹਾਘਵ ਚੇਰਿਆਰ, ਵੀ. ਸੁਬ੍ਰਹਮਨੀਅਮ ਅਈਅਰ, ਪੀ. ਆਨੰਦ ਚਾਰਲੂ ਆਦਿ ਨੇ 1884 ਵਿਚ 'ਮਦਰਾਸ ਮਹਾਜਨ ਸਭਾ' ਦਾ ਗਠਨ ਕੀਤਾ। ਬੰਬਈ ਵਿਚ ਨੌਜਵਾਨ ਰਾਸ਼ਟਰਵਾਦੀ ਬੁੱਧੀਜੀਵੀ ਨੇਤਾ ਕੇ.ਟੀ. ਤੇਲੰਗ ਅਤੇ ਫਿਰੋਜਸ਼ਾਹ ਮਹਿਤਾ ਰਾਜਨੀਤਿਕ ਮਤਭੇਦਾਂ ਦੇ ਕਾਰਨ ਪੁਰਾਣੇ ਨੇਤਾਵਾਂ ਭਾਈ ਫ੍ਰਾਮਵੀ ਅਤੇ ਦਿਨਸ਼ਾ ਪੇਟਿਟ ਤੋਂ ਵੱਖ ਹੋ ਗਏ ਤੇ 1885 ਵਿਚ 'ਬਾਂਬੇ ਪ੍ਰੈਸੀਡੇਂਸੀ ਐਸੋਸੀਏਸ਼ਨ' ਦਾ ਗਠਨ ਕੀਤਾ। ਪੁਰਾਣੇ ਸੰਗਠਨਾਂ ਵਿਚ ਸਿਰਫ ਇਕ ਸੰਗਠਨ 'ਪੂਨਾ ਸਾਰਵਜਨਿਕ ਸਭਾ' ਦੀ ਹੋਂਦ ਬਰਕਰਾਰ ਰਹੀ, ਕਿਉਂਕਿ ਇਸਦੀ ਅਗਵਾਈ ਪਹਿਲਾਂ ਤੋਂ ਹੀ ਰਾਸ਼ਟਰਵਾਦੀ ਬੁੱਧੀਜੀਵੀਆਂ ਦੇ ਹੱਥਾਂ ਵਿਚ ਸੀ। ਇਨ੍ਹਾਂ ਸਾਲਾਂ ਦੌਰਾਨ ਦੇਸ਼ ਵਿਚ ਇਕ ਨਵੀਂ ਰਾਜਨੀਤਿਕ ਚੇਤਨਾ ਅੰਗੜਾਈ

ਨੋਟ

ਲੈਣ ਲੱਗੀ ਸੀ। ਨਵੇਂ ਰਾਜਨੀਤਿਕ ਜੀਵਨ ਦੀ ਉਤਪਤੀ ਦਾ ਸੰਦੇਸ਼ ਮਿਲਖਣ ਲੱਗਾ ਸੀ। ਇਹ ਸੰਦੇਸ਼ ਦੇਕੇ ਆਏ ਰਾਸ਼ਟਰਵਾਦੀ ਅਖਬਾਰ–'ਹਿੰਦੂ', 'ਟ੍ਰਿਬਿਊਨ', 'ਬੰਗਾਲੀ' 'ਮਰਾਠਾ' ਅਤੇ 'ਕੇਸਰੀ'। ਇਹ ਸਾਰੇ ਰਾਸ਼ਟਰਵਾਦੀ ਅਖਬਾਰ ਇਸੇ ਦੌਰਾਨ ਨਿਕਲਣੇ ਸ਼ੁਰੂ ਹੋਏ ਅਤੇ 1918 ਤਕ ਭਾਰਤੀ ਰਾਜਨੀਤੀ ਉਤੇ ਛਾਏ ਰਹੇ। 'ਅੰਮ੍ਰਿਤ ਬਾਜਾਰ ਪੱਤ੍ਰਿਕਾ' ਹੀ ਇਕ ਅਪਵਾਦ ਸੀ। ਇਸਦਾ ਪ੍ਰਕਾਸ਼ਨ ਪਹਿਲਾਂ ਤੋਂ ਹੀ ਰਿਹਾ ਸੀ। 1878 ਵਿਚ ਇਹ ਅੰਗ੍ਰੇਜ਼ੀ ਭਾਸ਼ਾ ਦਾ ਅਖਬਾਰ ਹੋ ਗਿਆ।

1885 ਆਉਂਦੇ–ਆਉਂਦੇ ਇਕ ਅਖਿਲ ਭਾਰਤੀ ਰਾਜਨੀਤਿਕ ਸੰਗਠਨ ਦਾ ਜਨਮ ਆਵਸ਼ਕ ਹੋ ਗਿਆ, ਇਕ ਇਤਿਹਾਸਕ ਜ਼ਰੂਰਤ। ਦੇਸ਼ ਦੇ ਸਾਰੇ ਰਾਸ਼ਟਰਵਾਦੀਆਂ ਨੇ ਇਸ ਜ਼ਰੂਰਤ ਨੂੰ ਬਹੁਤ ਸ਼ਿੱਦਤ ਦੇ ਨਾਲ ਮਹਿਸੂਸ ਕੀਤਾ। 1877 ਦੇ ਬਾਅਦ ਇਸ ਉਦੇਸ਼ ਦੀ ਪ੍ਰਾਪਤੀ ਦੇ ਲਈ ਜੋ ਵੀ ਕੋਸ਼ਿਸ਼ਾਂ ਕੀਤੀਆਂ ਗਈਆਂ, ਉਸ 'ਤੇ ਅੱਜ ਦੇ ਕਈ ਇਤਿਹਾਸਕਾਰ ਵਿਸਤ੍ਰਿਤ ਰੂਪ ਵਿਚ ਲਿਖ ਚੁੱਕੇ ਹਨ। 1883 ਦੇ ਬਾਅਦ ਇਨ੍ਹਾਂ ਕੋਸ਼ਿਸ਼ਾਂ ਵਿਚ ਕਾਫੀ ਤੇਜ਼ੀ ਆਈ ਅਤੇ ਰਾਜਨੀਤਿਕ ਗਤੀਵਿਧੀਆਂ ਨੇ ਜੋਰ ਫੜਿਆ। ਕਲਕੱਤਾ ਤੋਂ ਪ੍ਰਕਾਸ਼ਤ 'ਇੰਡੀਅਨ ਮਿਰਰ' ਨੇ ਤਾਂ ਇਸ ਸਵਾਲ ਨੂੰ ਲੈ ਕੇ ਜਿਹਾਦ ਛੇੜ ਦਿੱਤਾ ਸੀ। ਦਸੰਬਰ 1883 ਵਿਚ 'ਇੰਡੀਅਨ ਐਸੋਸੀਏਸ਼ਨ' ਨੇ 'ਅਖਿਲ ਭਾਰਤੀ ਰਾਸ਼ਟਰੀ ਸੰਮੇਲਨ' ਦਾ ਆਯੋਜਨ ਕੀਤਾ ਸੀ ਅਤੇ ਦਸੰਬਰ 1885 ਵਿਚ ਦੂਜਾ ਸੰਮੇਲਨ ਕਰਣ ਦੀ ਘੋਸ਼ਣਾ ਕੀਤੀ ਸੀ (ਇਹੀ ਕਾਰਨ ਸੀ ਕਿ ਅਖਿਲ ਭਾਰਤੀ ਰਾਸ਼ਟਰੀ ਸੰਮੇਲਨ ਨਾਲ ਜੁੜੇ ਸੁਰੇਂਦਰਨਾਥ ਬਨਰਜੀ 1885 ਵਿਚ ਭਾਰਤੀ ਰਾਸ਼ਟਰੀ ਕਾਂਗਰਸ ਦੇ ਸਥਾਪਨਾ ਸਤਰ ਵਿਚ ਸ਼ਾਮਲ ਨਾ ਹੋ ਸਕੇ)।

ਇਸ ਵਿਚ ਭਾਰਤੀਆਂ ਵਿਚ ਕਾਫੀ ਆਤਮ ਵਿਸ਼ਵਾਸ ਆ ਚੁੱਕਾ ਸੀ। ਇਸ ਤੋਂ ਪਹਿਲਾਂ ਦੇ 10 ਸਾਲਾਂ ਦੇ ਦੌਰਾਨ ਤਮਾਮ ਅੰਦੋਲਨਾਂ ਨਾਲ ਉਨ੍ਹਾਂ ਵਿਚ ਲੜਾਕੂ ਪ੍ਰਵਿਰਤੀ ਆ ਗਈ ਸੀ। 1875 ਦੇ ਬਾਅਦ ਤੋਂ 'ਕਪੜਾ ਆਇਆਤ ਸ਼ੁਲਕ' ਨੂੰ ਲੈ ਕੇ ਅੰਦੋਲਨ ਚਲਦਾ ਰਿਹਾ। ਇਹ ਅੰਦੋਲਨ ਭਾਰਤੀ ਕਪੜਾ–ਉਦਯੋਗ ਦੇ ਹਿਤ ਵਿਚ ਆਇਆਤ ਸ਼ੁਲਕ ਨੂੰ ਬਰਕਰਾਰ ਰੱਖਣ ਦੇ ਲਈ ਚਲਾਇਆ ਜਾ ਰਿਹਾ ਸੀ। 1877–1878 ਦੇ ਦੌਰਾਨ ਸਰਕਾਰੀ ਨੌਕਰੀਆਂ ਦੇ ਭਾਰਤੀਕਰਨ ਦੇ ਲਈ ਜਬਰਦਸਤ ਅੰਦੋਲਨ ਚਲਿਆ। ਸਰਕਾਰ ਨੇ ਜਦ 'ਵਰਨਾਕੂਲਰ ਪ੍ਰੈਸ ਐਕਟ' ਦੇ ਦੁਆਰਾ ਪ੍ਰੈਸ ਉੱਤੇ ਨਿਯੰਤਰਣ ਕਰਨਾ ਚਾਹਿਆ, ਤਾਂ ਪ੍ਰੈਸ ਨੇ ਅੰਦੋਲਨ ਛੇੜਿਆ। 'ਆਰਮਸ–ਐਕਟ' ਦੇ ਦੁਆਰਾ ਜਦ ਭਾਰਤੀਆਂ ਦਾ ਹਥਿਆਰ ਰੱਖਣ ਦਾ ਅਧਿਕਾਰ ਲੈ ਲਿਆ ਜਾਣ ਲੱਗਾ ਤਾਂ ਅੰਦੋਲਨ ਛਿੜ ਗਿਆ।

ਸੰਨ 1881–82 ਵਿਚ 'ਬਾਗਾਨ ਮਜ਼ਦੂਰ ਅਤੇ ਸਵਦੇਸ਼ੀ ਆਬਰਜਨ ਅਧਿਨਿਅਮ' ਦੇ ਖਿਲਾਫ ਅੰਦੋਲਨ ਚਲਾਇਆ ਗਿਆ। ਇਸ ਕਾਨੂੰਨ ਦੇ ਬਾਗਾਨ ਮਜ਼ਦੂਰਾਂ ਨੂੰ ਇਕ ਤਰ੍ਹਾਂ ਨਾਲ ਦਾਸ ਬਣਾ ਦਿੱਤਾ ਗਿਆ ਸੀ। 1883 ਵਿਚ 'ਇਲਬਰਟ ਵਿਧੇਅਕ' ਦੇ ਸਮਰਥਣ ਵਿਚ ਅੰਦੋਲਨ ਹੋਇਆ। ਇਸ ਵਿਧੇਅਕ ਵਿਚ ਇਹ ਪ੍ਰਾਵਧਾਨ ਸੀ ਕਿ ਭਾਰਤੀ ਜੱਜ ਯੁਰੋਪੀ ਨਾਗਰਿਕਾਂ ਉਤੇ ਅਪਰਾਧਕ ਮੁਕੱਦਮੇ ਦੀ ਸੁਨਵਾਈ ਕਰ ਸਕਦੇ ਹਨ। ਯੁਰੋਪੀ ਨਾਗਰਿਕਾਂ ਨੇ ਇਸ ਵਿਧੇਅਕ ਨੂੰ ਪਾਸ ਨਹੀਂ ਹੋਣ ਦਿੱਤਾ, ਲੇਕਿਨ ਇਸ ਨਾਲ ਭਾਰਤੀਆਂ ਨੇ ਇਕ ਰਾਜਨੀਤਿਕ ਸਬਕ ਜ਼ਰੂਰ ਸਿੱਖਿਆ। ਭਾਰਤੀਆਂ ਦੀ ਹਾਰ ਦਾ ਕਾਰਣ ਸੀ ਕਿ ਇਨ੍ਹਾਂ ਦਾ ਕੋਈ ਦੇਸ਼ਵਿਆਪੀ ਸੰਗਠਨ ਨਹੀਂ ਸੀ, ਜਦਕਿ ਯੁਰੋਪੀ ਨਾਗਰਿਕਾਂ ਦਾ ਵਿਰੋਧ ਸੰਗਠਤ ਸੀ।

ਭਾਰਤ ਅਤੇ ਬ੍ਰਿਟੇਨ ਵਿਚ ਇਕੋ ਵੇਲੇ ਰਾਜਨੀਤਿਕ ਅੰਦੋਲਨ ਚਲਾਉਣ ਦੇ ਉਦੇਸ਼ ਨਾਲ ਜੁਲਾਈ 1883 ਵਿਚ ਦੇਸ਼ਵਿਆਪੀ ਸਤਰ 'ਤੇ ਧਨ ਇਕੱਠਾ ਕਰਨ ਦਾ ਕੰਮ ਸ਼ੁਰੂ ਹੋਇਆ। 1885 ਵਿਚ ਭਾਰਤੀਆਂ ਨੇ, ਸਵੈਛਿਕ ਸੰਗਠਨਾਂ ਵਿਚ ਭਾਗੀਦਾਰੀ ਲਈ ਅੰਦੋਲਨ ਛੇੜਿਆ ਅਤੇ ਉਸ ਤੋਂ ਬਾਅਦ ਅੰਗ੍ਰੇਜ਼ ਮਤਦਾਤਾਵਾਂ ਨੂੰ ਬ੍ਰਿਟੇਨ ਭੇਜਿਆ ਗਿਆ, ਜਿੱਥੇ ਉਨ੍ਹਾਂ ਨੇ ਸਾਰਵਜਨਿਕ ਸਭਾਵਾਂ ਵਿਚ ਭਾਸ਼ਣ ਦਿੱਤਾ।

ਇਸ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਕਾਂਗਰਸ ਦੀ ਸਥਾਪਨਾ, 1885 ਤੋਂ ਪਹਿਲਾਂ ਦੇ ਕੁਝ ਸਾਲਾਂ ਤੋਂ ਦੇਸ਼ ਵਿਚ ਚਲ ਰਹੇ ਰਾਜਨੀਤਿਕ ਕਾਰਜ ਅਤੇ ਗਤੀਵਿਧੀਆਂ ਦੀ ਸਵਾਭਾਵਿਕ ਪਰਿਨਤੀ ਸੀ। ਉਸ ਸਮੇਂ ਤਕ ਦੇਸ਼ ਦੀ ਰਾਜਨੀਤਿਕ ਪਰਿਨਤੀ ਐਸੀ ਬਣ ਗਈ ਸੀ ਕਿ ਇਹ ਜ਼ਰੂਰੀ ਹੋ ਗਿਆ ਸੀ ਕਿ ਕੁਝ ਬੁਨਿਆਦੀ ਕੰਮ ਅਤੇ ਨਿਸ਼ਾਨੇ ਤੈ ਕੀਤੇ ਜਾਣ ਅਤੇ ਉਨ੍ਹਾਂ ਦੇ ਲਈ ਸੰਘਰਸ਼ ਸ਼ੁਰੂ ਕੀਤਾ ਜਾਵੇ। ਇਨ੍ਹਾਂ ਨਿਸ਼ਾਨਿਆਂ ਨੂੰ ਹਾਸਲ ਕਰਨ ਦੇ ਲਈ ਇਹ ਜ਼ਰੂਰੀ ਸੀ ਕਿ ਦੇਸ਼ ਦੇ ਰਾਜਨੀਤਿਕ ਕਾਰਜਕਰਤਾ ਮੰਚ ਉਤੇ ਆਉਣ। ਅਖਿਲ ਭਾਰਤੀ ਆਧਾਰ ਉਤੇ ਗਠਤ ਕੋਈ ਇਕ ਸੰਗਠਨ ਹੀ ਐਸਾ ਮੰਚ ਪ੍ਰਦਾਨ ਕਰ ਸਕਦਾ ਸੀ। ਇਹ ਸਾਰੇ ਨਿਸ਼ਾਨੇ ਇਕ–ਦੂਜੇ 'ਤੇ ਆਧਾਰਤ ਸਨ ਅਤੇ ਇਨ੍ਹਾਂ ਨੂੰ ਤਾਂ ਹੀ ਹਾਸਲ ਕੀਤਾ ਜਾ ਸਕਦਾ ਸੀ। ਜਦ ਰਾਸ਼ਟਰੀ ਸਤਰ 'ਤੇ ਕੋਈ ਕੋਸ਼ਿਸ਼ ਸ਼ੁਰੂ ਕੀਤੀ ਜਾਂਦੀ। 28 ਦਸੰਬਰ 1885 ਨੂੰ ਬੰਬਈ ਵਿਚ ਹੋਏ ਸੰਮੇਲਨ ਵਿਚ ਜਿਨ੍ਹਾਂ ਲੋਕਾਂ ਨੇ ਹਿੱਸਾ ਲਿਆ ਸੀ, ਉਨ੍ਹਾਂ ਲਈ ਇਹ ਬੁਨਿਆਦੀ ਲਕਸ਼ ਹੀ ਸਭ ਤੋਂ ਮਹੱਤਵਪੂਰਨ ਸੀ ਅਤੇ ਉਹ ਇਹ ਉਮੀਦ ਲੈ ਕੇ ਹੀ ਉਥੇ ਗਏ ਸਨ ਕਿ ਇਨ੍ਹਾਂ ਨਿਸ਼ਾਨੇ ਨੁ ਹਾਸਲ ਕਰਨ ਦੀ ਪ੍ਰਕ੍ਰਿਆ ਦੀ ਸ਼ੁਰੂਆਤ ਬੰਬਈ ਤੋਂ ਹੋ ਸਕੇਗੀ। ਕਾਂਗਰਸ ਦੀ ਸਫਲਤਾ ਜਾਂ ਅਸਫਲਤਾ ਅਤੇ ਬਾਅਦ ਦੇ ਸਾਲਾਂ ਵਿਚ ਉਸਦੇ ਚਰਿੱਤਰ ਦਾ ਨਿਰਧਾਰਣ, ਬਜਾਇ ਇਸਦੇ ਕਿ ਉਸਦੀ ਸਥਾਪਨਾ ਕਿਨ੍ਹਾਂ ਲੋਕਾਂ ਨੇ ਕੀਤੀ, ਇਸ ਨਾਲ ਕੀਤਾ ਜਾਣਾ ਚਾਹੀਦਾ ਹੈ ਕਿ ਆਪਣੀ ਸਥਾਪਨਾ ਦੇ ਸ਼ੁਰੂਆਤ ਵਿਚ ਇਨ੍ਹਾਂ ਨਿਸ਼ਾਨਿਆਂ ਨੂੰ ਹਾਸਲ ਕਰਨ ਵਿਚ ਉਹ ਕਿੱਥੇ ਤਕ ਸਫਲ ਰਹੀ।

## ਰਾਸ਼ਟਰ ਦਾ ਨਿਰਮਾਣ

ਉਸ ਸਮੇਂ ਭਾਰਤ ਨੇ ਰਾਸ਼ਟਰ ਬਣਨ ਦੀ ਪ੍ਰਕ੍ਰਿਆ ਦੇ ਰਸਤੇ ਉਤੇ ਕਦਮ ਵਧਾਇਆ ਹੀ ਸੀ। ਭਾਰਤੀ ਰਾਸ਼ਟਰੀ ਅੰਦੋਲਨ ਦੇ ਪ੍ਰੇਰਣਤਾਵਾਂ ਦੇ ਸਾਹਮਣੇ ਪਹਿਲਾ ਨਿਸ਼ਾਨਾ ਇਹੀ ਸੀ ਕਿ ਭਾਰਤੀਆਂ ਨੂੰ ਇਕ ਰਾਸ਼ਟਰ ਦੇ ਰੂਪ ਵਿਚ ਜੋੜਨ ਅਤੇ ਭਾਰਤੀ ਜਨਤਾ

ਨੋਟ

ਦੇ ਰੂਪ ਵਿਚ ਉਸਦੀ ਪਛਾਣ ਬਣਾਉਣ ਦੀ ਇਹ ਪ੍ਰਕ੍ਰਿਆ ਅੱਗੇ ਵਧਾਈ ਜਾਵੇ। ਉਪਨਿਵੇਸ਼ਵਾਦੀ ਪ੍ਰਸ਼ਾਸਕ ਅਤੇ ਉਨ੍ਹਾਂ ਦੇ ਅਨੁਯਾਈ ਤਦ ਅਕਸਰ ਇਹ ਕਿਹਾ ਕਰਦੇ ਸਨ ਕਿ ਭਾਰਤ "ਇਕ ਨਹੀਂ ਹੋ ਸਕਦਾ" ਜਾਂ ਅਜਾਦ ਨਹੀਂ ਹੋ ਸਕਦਾ ਕਿਉਂਕਿ ਇਹ ਇਕ ਰਾਸ਼ਟਰ ਨਹੀਂ ਹੈ, ਬਲਕਿ ਇਹ ਮਹਿਜ ਇਕ ਭੋਗੋਲਿਕ ਸ਼ਬਦਾਵਲੀ ਹੈ ਅਤੇ ਸੈਂਕੜਿਆਂ ਵੱਖ-ਵੱਖ ਧਰਮਾਂ ਤੇ ਜਾਤਾਂ ਦੇ ਲੋਕਾਂ ਦਾ ਸਮੂਹ ਹੈ। ਨਵੀਂ ਪੀੜੀ ਨੂੰ ਇਹ ਜਿੰਮੇਵਾਰੀ ਦਿੱਤੀ ਜਾਣੀ ਹੈ ਕਿ ਉਹ ਆਪਣੀ ਸਫਲਤਾਵਾਂ ਦੇ ਦੁਆਰਾ ਦੇਸ਼ ਦੀ ਸੇਵਾ ਕਰੇ। ਸਾਨੂੰ ਯਾਨਿ ਵਰਤਮਾਨ ਪੀੜੀ ਦੇ ਲੋਕਾਂ ਨੂੰ ਇਸੀ ਗੱਲ ਦਾ ਸੰਤੋਖ ਹੋਣਾ ਚਾਹੀਦਾ ਹੈ ਕਿ ਅਸੀਂ ਮੁੱਖ ਤੌਰ 'ਤੇ ਆਪਣੀ ਅਸਫਲਤਾਵਾਂ ਦੇ ਦੁਆਰਾ ਦੇਸ਼ ਦੀ ਸੇਵਾ ਤੇ ਕੀਤੀ। ਹਾਲਾਂਕਿ ਇਹ ਕਾਫੀ ਮੁਸ਼ਕਿਲ ਹੈ, ਫਿਰ ਵੀ ਇਨ੍ਹਾਂ ਅਸਫਲਤਾਵਾਂ ਦੇ ਵਿਚੋਂ ਹੀ ਉਹ ਸ਼ਕਤੀ ਉਭਰੇਗੀ ਜੋ ਅੱਗੇ ਚਲ ਕੇ ਮਹਾਨ ਨਿਸ਼ਾਨਿਆਂ ਅਤੇ ਕਾਰਜਾਂ ਨੂੰ ਪੂਰਾ ਕਰੇਗੀ।"

## ਹਿਊਮ ਦੀ ਭੂਮਿਕਾ

ਹੁਣ ਇਕ ਵਾਰ ਅਸੀਂ ਹਿਊਮ ਦੀ ਤਰਫ ਵਾਪਸ ਆਉਂਦੇ ਹਾਂ। ਆਖਿਰ ਕੀ ਸੀ ਹਿਊਮ ਦੀ ਭੂਮਿਕਾ? ਜੇਕਰ ਕਾਂਗਰਸ ਦੀ ਸਥਾਪਨਾ ਕਰਨ ਵਾਲੇ ਲੋਕਾਂ ਵਿਚ ਇੰਨੀ ਹੀ ਯੋਗਤਾ ਅਤੇ ਦੇਸ਼ਭਗਤੀ ਸੀ, ਤਾਂ ਉਨ੍ਹਾਂ ਨੂੰ ਕੀ ਜ਼ਰੂਰਤ ਸੀ ਕਿ ਉਹ ਹਿਊਮ ਨੂੰ ਕਾਂਗਰਸ ਦਾ ਮੁੱਖ ਸੰਗਠਨ ਕਰਤਾ ਬਣਾਉਂਦੇ? ਇਸ ਸਵਾਲ ਦਾ ਤਾਂ ਠੀਕ ਜਵਾਬ ਉਸ ਸਮੇਂ ਦੀ ਹਾਲਤ ਵਿਚ ਹੀ ਛੁਪਿਆ ਹੈ। ਭਾਰਤੀ ਉਪਮਹਾਦੀਪ ਦੇ ਵਿਸਤ੍ਰਿਤ ਆਕਾਰ ਦੀ ਤੁਲਨਾ ਵਿਚ, 1880 ਦੇ ਦਸ਼ਕ ਦੀ ਸ਼ੁਰੂਆਤ ਵਿਚ ਰਾਜਨੀਤਿਕ ਸੋਚ ਰੱਖਣ ਵਾਲੇ ਲੋਕ ਬਹੁਤ ਘੱਟ ਸੀ ਅਤੇ ਬ੍ਰਿਟਿਸ਼ ਸ਼ਾਸਕਾਂ ਦੇ ਖੁਲੇ ਵਿਰੋਧ ਦੀ ਪਰੰਪਰਾ ਦੀ ਜੜਾਂ ਵੀ ਤਦ ਕਿਤੇ ਵੀ ਜੰਮ ਨਹੀਂ ਸਕੀਆਂ ਸਨ।

ਦਾਦਾਭਾਈ ਨੌਰੋਜੀ, ਨਿਆਇਮੂਰਤੀ ਰਾਨਾਡੇ, ਫਿਰੋਜ਼ਸ਼ਾਹ ਮੇਹਤਾ ਜੀ, ਸੁਬ੍ਰਹਮਣੀਅਮ ਅਈਅਰ ਹੋਰ ਇਕ ਸਾਲ ਬਾਅਦ ਆਏ ਸੁਰੇਂਦਰਨਾਥ ਬਨਰਜੀ ਵਰਗੇ ਉਤਸਾਹੀ ਹੋਰ ਨੇਤਾਵਾਂ ਨੇ ਇਸਲਈ ਹਿਊਮ ਕੋਲੋਂ ਸਹਿਯੋਗ ਲਿਆ ਕਿ ਉਹ ਬਿਲਕੁਲ ਸ਼ੁਰੂ-ਸ਼ੁਰੂ ਵਿਚ ਹੀ ਸਰਕਾਰ ਨਾਲ ਦੁਸ਼ਮਣੀ ਨਹੀਂ ਮੋਲ ਲੈਂਦਾ ਚਾਹੁੰਦੇ ਸਨ। ਉਨ੍ਹਾਂ ਦਾ ਸੋਚਣਾ ਸੀ ਕਿ ਅਗਰ ਕਾਂਗਰਸ ਵਰਗੇ ਸਰਕਾਰ-ਵਿਰੋਧੀ ਸੰਗਠਨ ਦਾ ਮੁੱਖ ਸੰਗਠਨਕਰਤਾ ਐਸਾ ਆਦਮੀ ਹੋਵੇ ਜੋ ਅਵਕਾਸ਼ ਪ੍ਰਾਪਤ ਬ੍ਰਿਟਿਸ਼ ਅਧਿਕਾਰੀ ਹੋਵੇ ਤਾਂ ਇਸ ਸੰਗਠਨ ਦੇ ਪ੍ਰਤੀ ਸਰਕਾਰ ਨੂੰ ਸ਼ਕ-ਸ਼ੁਬਹਾ ਘੱਟ ਹੋਏਗਾ ਅਤੇ ਇਸ ਕਾਰਨ ਕਾਂਗਰਸ ਉਤੇ ਸਰਕਾਰੀ ਹਮਲੇ ਦੀ ਗੁੰਜਾਇਸ਼ ਘੱਟ ਹੋਏਗੀ।

ਦੂਜੇ ਸ਼ਬਦਾਂ ਵਿਚ ਅਗਰ ਹਿਊਮ ਅਤੇ ਦੂਜੇ ਅੰਗ੍ਰੇਜ਼ ਉਦਾਰਵਾਦੀਆਂ ਨੇ ਕਾਂਗਰਸ ਦਾ ਇਸਤੇਮਾਲ 'ਸੁਰੱਖਿਆ ਵਾਲਵ' ਦੇ ਤੌਰ ਉਤੇ ਕਰਨਾ ਵੀ ਚਾਹਿਆ, ਤਾਂ ਕਾਂਗਰਸ ਦੇ ਨੇਤਾਵਾਂ ਨੇ ਉਨ੍ਹਾਂ ਦਾ ਸਾਥ ਇਸ ਉਮੀਦ ਨਾਲ ਲਿੱਤਾ ਕਿ ਹਿ ਲੋਕ ਕਾਂਗਰਸ ਦੇ ਲਈ 'ਤੜਿਤ ਚਾਲਕ' ਵਰਗਾ ਕੰਮ ਕਰਨਗੇ ਅਤੇ ਅੰਦੋਲਨ ਉਤੇ ਡਿੱਗਣ ਵਾਲੀ ਦਮਨ ਦੀ ਬਿਜਲੀ ਤੋਂ ਉਸ ਨੂੰ ਬਚਾ ਸਕਣਗੇ ਅਤੇ ਜਿਸ ਤਰ੍ਹਾਂ ਕਿ ਬਾਅਦ ਵਿਚ ਹਾਲਾਤ ਗਵਾਹ ਹਨ, ਇਸ ਮਾਮਲੇ ਵਿਚ ਕਾਂਗਰਸ ਦੇ ਨੇਤਾਵਾਂ ਦਾ ਅੰਦਾਜ਼ਾ ਅਤੇ ਉਮੀਦਾਂ ਹੀ ਠੀਕ ਨਿਕਲੀਆਂ।

### ਸਵ-ਮੁਲਾਂਕਣ (Self Assessment)

1. **ਠੀਕ ਵਿਕਲਪ ਚੁਣੋ (Choose the Correct Option)-**

   1. ਕਾਂਗਰਸ ਉਤੇ ਸੁਰੱਖਿਆ ਵਾਲਰ ਸਿਧਾਂਤ ਕਿਸਨੇ ਦਿੱਤਾ ਸੀ?

      (*a*) ਬੀ.ਜੀ. ਤਿਲਕ (*b*) ਲਾਲਾ ਲਾਜਪਤ ਰਾਏ (*c*) ਸੁਰੇਂਦਰਨਾਥ ਬਨਰਜੀ (*d*) ਗੋਪਾਲਕ੍ਰਿਸ਼ਨ ਗੋਖਲੇ

   2. ਕਾਂਗਰਸ ਦੀ ਸਥਾਪਨਾ ਦਸੰਬਰ 1885 ਵਿਚ ਕਿਸਨੇ ਕੀਤੀ?

      (*a*) ਏ.ਓ. ਹਿਊਮ (*b*) ਡਫਰਿਨ (*c*) ਵੇਡਰਬਰਨ (*d*) ਲਾਰਡ ਰੇ

   3. ਸੁਰੇਂਦਰਨਾਥ ਬਨਰਜੀ ਅਤੇ ਆਨੰਦ ਮੋਹਨ ਬੋਸ ਦੀ ਅਗਵਾਈ ਵਿਚ 'ਇੰਡੀਅਨ ਐਸੋਸੀਏਸ਼ਨ' ਦੀ ਸਥਾਪਨਾ ਕਦੋਂ ਹੋਈ?

      (*a*) 1872 (*b*) 1874 (*c*) 1876 (*d*) 1878

   4. 'ਇੰਡੀਅਨ ਮਿਰਰ' ਕਿੱਥੋਂ ਪ੍ਰਕਾਸ਼ਤ ਹੋਇਆ ਸੀ?

      (*a*) ਬੰਬਈ (*b*) ਕਲਕੱਤਾ (*c*) ਇਲਾਹਾਬਾਦ (*d*) ਦਿੱਲੀ

   5. ਇੰਡੀਅਨ ਐਸੋਸੀਏਸ਼ਨ ਨੇ ਪਹਿਲਾਂ 'ਅਖਿਲ ਭਾਰਤੀ ਰਾਸ਼ਟਰੀ ਸੰਮੇਲਨ' ਦਾ ਆਯੋਜਨ ਕਦੋਂ ਕੀਤਾ?

      (*a*) 1883 (*b*) 1884 (*c*) 1885 (*d*) 1888

ਨੋਟ

## 9.2 ਹੋਮਰੂਲ ਅੰਦੋਲਨ: ਲੋਕਮਾਨਿਆ ਤਿਲਕ ਤੇ ਐਨੀਬੇਸੇਂਟ ਦੀ ਭੂਮਿਕਾ ਅਤੇ ਇਸਦਾ ਪਤਨ (Home Rule Movement: Role of Lokmanya and Annie Besant, its Fallout)

ਬਾਲ ਗੰਗਾਧਰ ਤਿਲਕ ਛੇ ਸਾਲ ਦੀ ਲੰਮੀ ਸਜਾ ਕੱਟਣ ਤੋਂ ਬਾਅਦ 16 ਜੂਨ, 1914 ਨੂੰ ਜੇਲ ਤੋਂ ਛੁੱਟੇ। ਕੈਦ ਦਾ ਜ਼ਿਆਦਾਤਰ ਸਮਾਂ ਮੰਡਾਲੇ ਜੇਲ (ਬਰਮਾ) ਵਿਚ ਬੀਤਿਆ ਸੀ। ਭਾਰਤ ਵਾਪਸ ਆਏ, ਤਾਂ ਉਨ੍ਹਾਂ ਨੂੰ ਲੱਗਿਆ ਕਿ ਉਹ ਜਿਸ ਦੇਸ਼ ਨੂੰ ਛੱਡ ਕੇ ਗਏ ਸੀ, ਉਹ ਕਾਫੀ ਬਦਲ ਗਿਆ ਹੈ। ਸਵਦੇਸ਼ੀ ਅੰਦੋਲਨ ਦੇ ਕ੍ਰਾਂਤੀਕਾਰੀ ਨੇਤਾ ਅਰਵਿੰਦ ਘੋਸ਼ ਸੰਨਿਆਸ ਦੀ ਰਾਹ ਫੜ ਪੋਂਡੀਚੇਰੀ ਪਹੁੰਚ ਗਏ ਸੀ ਅਤੇ ਲਾਲਾ ਲਾਜਪਤ ਰਾਏ ਅਮਰੀਕਾ ਵਿਚ ਸੀ। ਭਾਰਤੀ ਰਾਸ਼ਟਰੀ ਕਾਂਗਰਸ ਸੂਰਤ ਦੇ ਵਿਭਾਜਨ, ਸਵਦੇਸ਼ੀ ਅੰਦੋਲਨਕਾਰੀਆਂ ਉਤੇ ਅੰਗ੍ਰੇਜ਼ੀ ਹਕੂਮਤ ਦੇ ਦਮਨਕਾਰੀ ਹਮਲਿਆਂ ਅਤੇ 1909 ਦੇ ਸੰਵਿਧਾਨਿਕ ਸੁਧਾਰਾਂ ਦੇ ਕਾਰਨ ਨਰਮਪੰਥੀ ਰਾਸ਼ਟਰਵਾਦੀ ਦੀ ਨਿਰਾਸ਼ਾ ਦੇ ਇਕੱਠੇ ਸਦਮੇ ਤੋਂ ਅਜੇ ਤਕ ਉਬਰ ਨਹੀਂ ਸਕੀ ਸੀ।

ਤਿਲਕ ਨੇ ਸੋਚਿਆ ਸਭ ਤੋਂ ਪਹਿਲਾਂ ਤਾਂ ਕਾਂਗਰਸ ਵਿਚ ਫਿਰ ਤੋਂ ਸ਼ਾਮਲ ਹੋਇਆ ਜਾਵੇ ਅਤੇ ਬਾਕੀ ਨਰਮਪੰਥੀਆਂ ਨੂੰ ਵੀ ਇਸ ਵਿਚ ਵਾੜਿਆ ਜਾਵੇ। ਤਿਲਕ ਨੂੰ ਇਹ ਵਿਸ਼ਵਾਸ ਹੋ ਚਲਿਆ ਸੀ ਕਿ ਭਾਰਤੀ ਰਾਸ਼ਟਰੀ ਕਾਂਗਰਸ, ਭਾਰਤੀ ਰਾਸ਼ਟਰੀ ਅੰਦੋਲਨ ਦਾ ਪ੍ਰਆਇ ਬਣ ਚੁੱਕੀ ਹੈ ਅਤੇ ਬਿਨਾਂ ਇਸਦੀ ਇਜਾਜਤ ਦੇ ਕੋਈ ਵੀ ਰਾਜਨੀਤਿਕ ਅੰਦੋਲਨ ਸਫਲ ਨਹੀਂ ਹੋ ਸਕਦਾ। ਨਰਮਪੰਥੀਆਂ ਨੂੰ ਸਮਝਾਉਣ-ਬੁਝਾਉਣ ਵਿਚ, ਉਨ੍ਹਾਂ ਦਾ ਵਿਸ਼ਵਾਸ ਜਿੱਤਣ ਤੇ ਭਵਿੱਖ ਵਿਚ ਅੰਗ੍ਰੇਜ਼ੀ ਹਕੂਮਤ ਦਮਨ ਦਾ ਰਸਤਾ ਨਾ ਅਖਤਿਆਰ ਕਰੇ, ਇਸ ਉਦੇਸ਼ ਤੋਂ ਉਨ੍ਹਾਂ ਨੇ ਘੋਸ਼ਣਾ ਕੀਤੀ, "ਮੈਂ ਸਾਫ-ਸਾਫ ਕਹਿੰਦਾ ਹਾਂ ਕਿ ਅਸੀਜ਼ ਲੋਕ ਹਿੰਦੁਸਤਾਨ ਵਿਚ ਪ੍ਰਸ਼ਾਸਨ-ਵਿਵਸਥਾ ਦਾ ਸੁਧਾਰ ਚਾਹੁੰਦੇ ਹਾਂ, ਜਿਵੇਂ ਕਿ ਆਇਰਲੈਂਡ ਵਿਚ ਉਥੇ ਦੇ ਅੰਦੋਲਨਕਾਰੀ ਮੰਗ ਕਰ ਰਹੇ ਹਨ। ਅੰਗ੍ਰੇਜ਼ੀ ਹਕੂਮਤ ਨੂੰ ਪੁੱਟ ਸੁਟਣ ਦਾ ਸਾਡਾ ਇਰਾਦਾ ਕੋਈ ਨਹੀਂ ਹੈ। ਇਸ ਗੱਲ ਨੂੰ ਕਹਿਣ ਵਿਚ ਮੈਨੂੰ ਕੋਈ ਹਿਚਕ ਨਹੀਂ ਹੈ ਕਿ ਭਾਰਤ ਦੇ ਭਿੰਨ-ਭਿੰਨ ਭਾਗਾਂ ਵਿਚ ਜੋ ਹਿੰਸਾਤਮਕ ਘਟਨਾਵਾਂ ਹੋਈਆਂ ਹਨ, ਨਾ ਕੇਵਲ ਮੇਰੀ ਵਿਚਾਰਧਾਰਾ ਦੇ ਉਲਟ ਹੈ, ਬਲਕਿ ਇਨ੍ਹਾਂ ਦੇ ਕਾਰਨ ਸਾਡੇ ਰਾਜਨੀਤਿਕ ਵਿਕਾਸ ਦੀ ਪ੍ਰਕ੍ਰਿਆ ਵੀ ਹੋਲੀ ਹੋਈ ਹੈ।" ਉਨ੍ਹਾਂ ਨੇ ਅੰਗ੍ਰੇਜ਼ੀ ਹਕੂਮਤ ਦੇ ਪ੍ਰਤੀ ਆਪਣੀ ਨਿਸ਼ਠਾ ਦੁਹਰਾਈ ਅਤੇ ਭਾਰਤੀ ਜਨਤਾ ਨੂੰ ਅਪੀਲ ਕੀਤੀ ਕਿ ਉਹ ਸੰਕਟ ਦੀ ਘੜੀ ਵਿਚ ਅੰਗ੍ਰੇਜ਼ੀ ਹਕੂਮਤ ਦਾ ਸਾਥ ਦੇਣ।

ਨਰਮਪੰਥੀ ਖੇਮੇ ਦੇ ਤਮਾਮ ਨੇਤਾ ਹੁਣ ਮਹਿਸੂਸ ਕਰਨ ਲੱਗੇ ਸਨ ਕਿ 1907 ਵਿਚ, ਸੂਰਤ ਵਿਚ ਜੋ ਕੁਝ ਉਨ੍ਹਾਂ ਨੇ ਕੀਤਾ, ਉਹ ਗਲਤ ਸੀ। ਉਹ ਕਾਂਗਰਸ ਦੀ ਅਕਰਮਣਤਾ ਤੋਂ ਵੀ ਦੁਖੀ ਹਨ। ਇਨ੍ਹਾਂ ਨੂੰ ਤਿਲਕ ਦੀ ਅਪੀਲ ਬਹੁਤ ਚੰਗੀ ਲੱਗੀ। ਇਸਤੋਂ ਅਲਾਵਾ ਇਨ੍ਹਾਂ ਉਤੇ ਏਨੀ ਬੇਸੇਂਟ ਦਾ ਲਗਾਤਾਰ ਦਵਾਅ ਪੈ ਰਿਹਾ ਸੀ ਕਿ ਦੇਸ਼ ਵਿਚ ਰਾਸ਼ਟਰਵਾਦੀ ਰਾਜਨੀਦਿਤਕ ਅੰਦੋਲਨ ਨੂੰ ਫਿਰ ਤੋਂ ਤੇਜ ਕਰੋ। ਏਨੀ ਬੇਸੇਂਟ ਹੁਣੇ ਹਾਲ ਹੀ ਵਿਚ ਕਾਂਗਰਸ ਵਿਚ ਸ਼ਾਮਲ ਹੋਈ ਸੀ। 1914 ਵਿਚ ਉਹ 66 ਸਾਲਾਂ ਦੀ ਸੀ, ਉਨ੍ਹਾਂ ਦੇ ਰਾਜਨੀਤਿਕ ਜੀਵਨ ਦੀ ਸ਼ੁਰੂਆਤ ਇੰਗਲੈਂਡ ਵਿਚ ਹੋਈ ਸੀ, ਜਿੱਥੇ ਉਨ੍ਹਾਂ ਨੇ ਸੁਤੰਤਰ ਚਿੰਤਨ (ਫ੍ਰੀ ਥਾਟ), ਉਗ੍ਰ-ਸੁਧਾਰਵਾਦ (ਰੈਡੀਕਲਿਜਮ), ਫਬਿਅਨਵਾਦ ਅਤੇ ਬ੍ਰਹਮਵਿਦਿਆ (ਥਿਓਸਾਫੀ) ਦੇ ਪ੍ਰਚਾਰ ਵਿਚ ਹਿੱਸਾ ਲਿਆ। 1893 ਵਿਚ ਉਹ ਭਾਰਤ ਆਈ, ਉਦੇਸ਼ ਸੀ 'ਥਿਓ-ਸੋਫੀਕਲ ਸੋਸਾਇਟੀ' ਦੇ ਲਈ ਕੰਮ ਕਰਨਾ। ਉਨ੍ਹਾਂ ਨੇ ਮਦਰਾਸ ਦੇ ਇਕ ਉਪਨਗਰ ਅਡਿਆਰ ਵਿਚ ਆਪਣਾ ਦਫਤਰ ਖੋਲਿਆ ਅਤੇ 1907 ਤੋਂ ਬ੍ਰਹਮਵਿਦਿਆ (ਥਿਓਸੋਫੀ) ਦਾ ਪ੍ਰਚਾਰ ਕਰਨ ਲੱਗੀ। ਕੁਝ ਸਮੇਜ਼ ਵਿਚ ਹੀ ਉਨ੍ਹਾਂ ਨੇ ਸਮਰਥਕਾਂ ਦੀ ਇਕ ਵੱਡੀ ਗਿਣਤੀ ਤਿਆਰ ਕਰ ਲਈ। ਇਸ ਵਿਚ ਜ਼ਿਆਦਾਤਰ ਉਨ੍ਹਾਂ ਸਮੁਦਾਵਾਂ ਦੇ ਸਿਖਿਅਤ ਵਿਅਕਤੀ ਸ਼ਾਮਲ ਹੋਏ ਸਨ, ਜਿਨ੍ਹਾਂ ਵਿਚ ਅਜੇ ਤਕ ਸਾਂਸਕ੍ਰਿਤਕ ਪੁਨਰਜਾਗਰਣ ਨਈਂ ਹੋਇਆ ਸੀ। 1914 ਵਿਚ ਏਨੀ ਬੇਸੇਂਟ ਨੇ ਆਪਣੀ ਗਤੀਵਿਧੀਆਂ ਦਾ ਦਾਇਰਾ ਵਧਾਉਣ ਦਾ ਨਿਰਣਾ ਲਿਆ ਅਤੇ 'ਆਇਰਲੈਂਡ ਦੀ ਹੋਮਰੂਲ ਲੀਗ' ਦੀ ਤਰ੍ਹਾਂ ਭਾਰਤ ਵਿਚ ਵੀ ਸਵੈਸ਼ਾਸਨ ਦੀ ਮੰਗ ਨੂੰ ਲੈ ਕੇ ਅੰਦੋਲਨ ਚਲਾਉਣ ਦੀ ਯੋਜਨਾ ਬਣਾਈ। ਉਨਾਂ ਨੂੰ ਲੱਗਿਆ ਕਿ ਇਸਦੇ ਲਈ ਕਾਂਗਰਸ ਦੀ ਆਗਿਆ ਅਤੇ ਗਰਮਪੰਥੀ ਅੰਦੋਲਨਕਾਰੀਆਂ ਦਾ ਸਹਿਯੋਗ ਲੈਣਾ ਜ਼ਰੂਰੀ ਹੈ। ਗਰਮਪੰਥੀਆਂ ਦਾ ਸਹਿਯੋਗ ਪਾਉਣ ਦੇ ਲਈ ਉਨ੍ਹਾਂ ਨੂੰ ਕਾਂਗਰਸ ਵਿਚ ਸ਼ਾਮਲ ਕਰਨਾ ਜ਼ਰੂਰੀ ਸੀ। ਏਨੀ ਬੇਸੇਂਟ ਕਾਂਗਰਸ ਦੇ ਨਰਮਪੰਥੀ ਨੇਤਾਵਾਂ ਨੂੰ ਸਮਝਾਉਣ ਲਗੀ ਕਿ ਉਹ ਤਿਲਕ ਤੇ ਉਨ੍ਹਾਂ ਦੇ ਗਰਮਪੰਥੀ ਸਹਿਯੋਗੀਆਂ ਨੂੰ ਕਾਂਗਰਸ ਵਿਚ ਸ਼ਾਮਲ ਹੋਣ ਦੀ ਇਜ਼ਾਜਤ ਦੇ ਦੇਣ।

ਲੇਕਿਨ 1914 ਦੇ ਕਾਂਗਰਸ ਅਧਿਵੇਸ਼ਨ ਨੇ ਉਨ੍ਹਾਂ ਦੀ ਕੋਸ਼ਿਸ਼ਾਂ ਉਤੇ ਪਾਣੀ ਫੇਰ ਦਿੱਤਾ। ਫਿਰੋਜਸ਼ਾਹ ਮੇਹਤਾ ਅਤੇ ਬੰਬਈ ਦੇ ਉਨ੍ਹਾਂ ਦੇ ਨਰਮਪੰਥੀ ਸਮਰਥਕਾਂ ਨੇ ਗੋਖਲੇ ਅਤੇ ਬੰਗਾਲ ਦੇ ਨਰਮਪੰਥੀਆਂ ਨੂੰ, ਗਰਮਪੰਥੀਆਂ ਨੂੰ ਬਾਹਰ ਰੱਖਣ ਲਈ ਮਨਾ ਲਿਆ। ਇਸਦੇ ਬਾਅਦ ਤਿਲਕ ਅਤੇ ਏਨੀ ਬੇਸੇਂਟ ਨੇ ਖੁਦ ਆਪਣੇ ਬੂਤੇ ਉਤੇ ਰਾਜਨੀਤਿਕ ਅੰਦੋਲਨ ਚਲਾਉਣ ਦਾ ਫੈਸਲਾ ਲਿਆ ਅਤੇ ਨਾਲ ਹੀ ਨਾਲ ਉਹ ਕਾਂਗਰਸ ਉਤੇ ਦਬਾਅ ਵੀ ਪਾਉਂਦੀ ਰਹੀ ਕਿ ਉਹ ਗਰਮਪੰਥੀਆਂ ਨੂੰ ਦੁਬਾਰਾ ਆਪਣਾ ਸਦੱਸ ਬਣਾ ਲਵੇ।

1915 ਦੇ ਸ਼ੁਰੂ ਵਿਚ ਏਨੀ ਬੇਸੇਂਟ ਨੇ ਦੋ ਅਖਬਾਰਾਂ-'ਨਿਉ ਇੰਡੀਆ' (New India) ਅਤੇ 'ਕਾਮਨਵੀਲ' (Commonweal) ਦੇ ਦੁਆਰਾ ਅੰਦੋਲਨ ਛੇੜ ਦਿੱਤਾ। ਜਨਸਭਾਵਾਂ ਅਤੇ ਸੰਮੇਲਨ ਆਯੋਜਿਤ ਕੀਤੇ। ਉਨ੍ਹਾਂ ਦੀ ਮੰਗ ਸੀ ਕਿ ਜਿਸ ਤਰ੍ਹਾਂ ਨਾਲ ਗੋਰੇ ਉਪਨਿਵੇਸ਼ ਵਿਚ ਉਥੋਂ ਦੀ ਜਨਤਾ ਨੂੰ ਆਪਣੀ ਸਰਕਾਰ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ, ਭਾਰਤੀ ਜਨਤਾ ਨੂੰ ਵੀ ਸਵੈਸ਼ਾਸਨ ਦਾ ਅਧਿਕਾਰ ਮਿਲੇ। ਅਪ੍ਰੈਲ 1915 ਦੇ ਬਾਅਦ ਏਨੀ ਬੇਸੇਂਟ ਨੇ ਹੋਰ ਵੀ ਤਕੜਾ ਤੇ ਜੁਝਾਰੂ ਰੁਖ ਅਖਤਿਆਰ ਕੀਤਾ।

ਨੋਟ

ਇੰਨੇ ਵਿਚ ਲੋਕਮਾਨਿਆ ਤਿਲਕ ਨੇ ਵੀ ਆਪਣੀ ਰਾਜਨੀਤਿਕ ਗਤੀਵਿਧੀ ਸ਼ੁਰੂ ਕਰ ਦਿੱਤੀ ਲੇਕਿਨ ਉਹ ਕਾਫੀ ਸਾਵਧਾਨ ਸਨ। ਉਹ ਨਹੀਜ਼ ਚਾਹੁੰਦੇ ਸੀ ਕਿ ਕਾਂਗਰਸ ਦਾ ਨਰਮਪੰਥੀ ਖੇਮਾ ਨਰਾਜ ਹੋਵੇ ਜਾਂ ਕਾਂਗਰਸ ਨੂੰ ਇਹ ਲੱਗੇ ਕਿ ਤਿਲਕ ਦੀ ਗਤੀਵਿਧੀਆਂ ਕਾਂਗਰਸ ਦੀ ਨੀਤੀਆਂ ਨਾਲ ਮੇਲ ਨਹੀਂ ਖਾਂਦੀ। ਉਨ੍ਹਾਂ ਦੀ ਦਿਲੀ ਖਾਹਸ਼ ਕਾਂਗਰਸ ਵਿਚ ਕਿਸੇ ਤਰ੍ਹਾਂ ਸ਼ਾਮਲ ਹੋਣ ਦੀ ਸੀ। ਤਿਲਕ ਨੇ 1915 ਵਿਚ ਪੂਨਾ ਵਿਚ ਆਪਣੇ ਸਮਰਥਕਾਂ ਨੂੰ ਇਕ ਸੰਮੇਲਨ ਬੁਲਾਇਆ, ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਪੇਂਡੂ ਜਨਤਾ ਨੂੰ ਕਾਂਗਰਸ ਦੇ ਉਦੇਸ਼ਾਂ ਅਤੇ ਉਸਦੀ ਗਤੀਵਿਧੀਆਂ ਨਾਲ ਜਾਣੂ ਕਰਾਉਣ ਲਈ ਇਕ ਸੰਸਥਾਨ ਦਾ ਗਠਨ ਕੀਤਾ ਜਾਵੇ। ਇਸ ਫੈਸਲੇ ਦੇ ਬਾਅਦ ਉਸੇ ਸਾਲ ਅਗਸਤ ਅਤੇ ਸਤੰਬਰ ਵਿਚ ਮਹਾਰਾਸ਼ਟਰ ਦੇ ਕਈ ਨਗਰਾਂ ਵਿਚ, ਜੋ ਸਥਾਨਕ ਸੰਗਠਨ ਬਣੇ, ਉਹ ਰਾਜਨੀਤਿਕ ਗਤੀਵਿਧੀ ਨੂੰ ਤੇਜ ਕਰਣ ਦੀ ਬਜਾਏ ਸਾਰੀ ਸ਼ਕਤੀ ਕਾਂਗਰਸ ਵਿਚ ਏਕਤਾ ਸਥਾਪਤ ਕਰਨ ਉਤੇ ਖਰਚ ਕਰਦੇ ਰਹੇ। ਉਹ ਬਰਾਬਰ ਜੋਰ ਦਿੰਦੇ ਰਹੇ ਕਿ ਕਿਸੇ ਤਰ੍ਹਾਂ ਵੀ ਅੰਦੋਲਨ ਲਈ ਕਾਂਗਰਸ ਵਿਚ ਏਕਤਾ ਜ਼ਰੂਰੀ ਹੈ। ਨਰਮਪੰਥੀ ਕਾਂਗਰਸ ਦੇ ਕੁਝ ਰੂੜੀਵਾਦੀਆਂ ਉਤੇ ਦਬਾਅ ਪਾਉਣ ਦੇ ਲਈ ਤਿਲਕ ਨੇ ਕਦੀ-ਕਦੀ ਧਮਕੀ ਦਾ ਵੀ ਸਹਾਰਾ ਲਿਆ, ਪਰ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਜ਼ਿਆਦਾਤਰ ਨਰਮਪੰਥੀ ਨੇਤਾਵਾਂ ਨੂੰ ਉਹ ਸਮਝਾ-ਬੁਝਾ ਕੇ ਮਨਾ ਲੈਣਗੇ।

## ਗਰਮਪੰਥੀਆਂ ਦੀ ਸਫਲਤਾ

ਦਿਸੰਬਰ 1915 ਵਿਚ ਕਾਂਗਰਸ ਦਾ ਸਾਲਾਨਾ ਅਧਿਵੇਸ਼ਨ ਹੋਇਆ ਅਤੇ ਤਿਲਕ ਤੇ ਏਨੀ ਬੇਸੇਂਟ ਦੀਆਂ ਕੋਸ਼ਿਸ਼ਾਂ ਨਾਲ ਸਫਲਤਾ ਮਿਲੀ। ਗਰਮਪੰਥੀਆਂ ਨੂੰ ਕਾਂਗਰਸ ਵਿਚ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ। ਫਿਰੋਜਸ਼ਾਹ ਮੇਹਤਾ ਦੇ ਦੇਹਾਂਤ ਕਾਰਨ ਬੰਬਈ ਦੇ ਨਰਮਪੰਥੀ ਦਾ ਵਿਰੋਧ ਬੇਅਸਰ ਸਾਬਤ ਹੋਇਆ। ਗੋਖਲੇ ਦਾ ਵੀ ਦੇਹਾਂਤ ਹੋ ਚੁੱਕਾ ਸੀ। ਗਰਮਪੰਥੀਆਂ ਨੂੰ ਕਾਂਗਰਸ ਵਿਚ ਵਾਪਸ ਲਿਆਉਣ ਵਿਚ ਤਾਂ ਏਨੀ ਬੇਸੇਂਟ ਸਫਲ ਰਹੀ, ਪਰ 'ਹੋਮ ਰੂਲ ਲੀਗ' ਦੇ ਗਠਨ ਦੇ ਆਪਣੇ ਪ੍ਰਸਤਾਵ ਉਤੇ ਉਹ ਕਾਂਗਰਸ ਅਤੇ ਮੁਸਲਿਮ ਲੀਗ ਦੀ ਮੰਜੂਰੀ ਨਹੀ ਲੈ ਸਕੀ। ਲੇਕਿਨ ਸਥਾਨਕ ਪੱਧਰ ਉਤੇ ਕਾਂਗਰਸ ਸਮੀਤੀਆਂ ਨੂੰ ਪੁਨਰ-ਜੀਵਤ ਕਰਨ ਦੇ ਲਈ ਪ੍ਰਚਾਰ-ਕਾਰਜਾਂ ਦੇ ਉਨ੍ਹਾਂ ਦੇ ਪ੍ਰਸਤਾਵ ਨੂੰ ਕਾਂਗਰਸ ਨੇ ਮੰਨ ਲਿਆ। ਪਰੰਤੂ ਉਨ੍ਹਾਂ ਨੇ ਉਸ ਸਮੇਂ ਦੀ ਕਾਂਗਰਸ ਦਾ ਚਰਿੱਤਰ ਅਤੇ ਉਸਦੀ ਤਾਕਤ ਦਾ ਪਤਾ ਸੀ। ਉਹ ਜਾਣਦੀ ਸੀ ਕਿ ਕਾਂਗਰਸ ਨੇ ਇਨ੍ਹਾਂ ਪ੍ਰੋਗਰਾਮਾਂ ਦੀ ਮੰਜੂਰੀ ਤਾਂ ਦੇ ਦਿੱਤੀ ਹੈ, ਪਰੰਤੂ ਉਹ ਇਸ ਉਤੇ ਅਮਲ ਨਹੀਂ ਕਰੇਗੀ, ਇਸ ਲਈ ਉਨ੍ਹਾਂ ਨੇ ਆਪਣੇ ਪ੍ਰਸਤਾਵ ਦੇ ਨਾਲ ਇਹ ਸ਼ਰਤ ਵੀ ਰੱਖੀ ਸੀ ਕਿ ਜੇ ਸਤੰਬਰ 1916 ਤਕ ਕਾਂਗਰਸ ਇਨ੍ਹਾਂ ਪ੍ਰੋਗਰਾਮਾਂ ਉਤੇ ਅਮਲ ਨਹੀਂ ਕਰੇਗੀ, ਤਾਂ ਉਹ ਖੁਦ ਆਪਣਾ ਸੰਗਠਨ (ਲੀਗ) ਬਣਾ ਲਵੇਗੀ।

ਤਿਲਕ ਨੂੰ ਕਾਂਗਰਸ ਵਿਚ ਵਾਪਸ ਆਉਣ ਦਾ ਅਧਿਕਾਰ ਮਿਲ ਗਿਆ ਸੀ ਅਤੇ ਉਨ੍ਹਾਂ ਨੇ ਕਾਂਗਰਸ ਨਾਲ ਕਿਸੇ ਤਰ੍ਹਾਂ ਦਾ ਕੋਈ ਵਾਦਾ ਵੀ ਨਹੀਂ ਕੀਤਾ ਸੀ, ਇਸ ਲਈ ਉਨ੍ਹਾਂ ਨੇ ਅਪ੍ਰੈਲ 1916 ਵਿਚ ਬੇਲਗਾਂਵ ਵਿਚ ਹੋਏ ਪ੍ਰਾਂਤੀਏ ਸੰਮੇਲਨ ਵਿਚ 'ਹੋਮ ਰੂਲ ਲੀਗ' ਦੇ ਗਠਨ ਦੀ ਘੋਸ਼ਣਾ ਕਰ ਦਿੱਤੀ। ਏਨੀ ਬੇਸੇਂਟ ਦੇ ਸਮਰਥਕ ਵੀ ਹੁਣ ਕੁਸਮੁਸਾਉਣ ਲੱਗੇ। ਉਹ ਸਤੰਬਰ ਤਕ ਇੰਤਜਾਰ ਕਰਨ ਨੂ ਤਿਆਰ ਨਹੀਂ ਸੀ। ਉਨ੍ਹਾਂ ਏਨੀ ਬੇਸੇਂਟ ਉਤੇ ਦਬਾਅ ਪਾ ਕੇ 'ਹੋਮ ਰੂਲ ਗਰੁੱਪ' ਦੀ ਸਥਾਪਨਾ ਦੀ ਆਗਿਆ ਲੈ ਲਈ। ਜਮੁਨਾਦਾਸ ਦਵਾਰਕਾਦਾਸ, ਸ਼ੰਕਰਲਾਲ ਬੈਂਕਰ ਅਤੇ ਇੰਦੂਲਾਲ ਯਾਗਨਿਕ ਨੇ ਬੰਬਈ ਦੇ ਇਕ ਅਖਬਾਰ 'ਯੰਗ ਇੰਡੀਆ' ਦਾ ਪ੍ਰਕਾਸ਼ਨ ਸ਼ੁਰੂ ਕਰ ਦਿੱਤਾ ਅਤੇ ਅੰਗ੍ਰੇਜ਼ੀ ਤੇ ਖੇਤਰੀ ਭਾਸ਼ਾਵਾਂ ਵਿਚ ਪਰਚੇ ਕੱਢਣ ਲਈ ਦੇਸ਼ ਦੇ ਕੋਨੇ-ਕੋਨੇ ਤੋਂ ਚੰਦਾ ਇਕੱਠਾ ਕਰਨ ਲੱਗੇ। ਏਨੀ ਬੇਸੇਂਟ ਨੇ ਸੰਤਬਰ ਤਕ ਇੰਤਜਾਰ ਕੀਤਾ। ਕਾਂਗਰਸ ਪੂਰੀ ਤਰ੍ਹਾਂ ਨਿਸ਼ਕ੍ਰਿਅ ਸੀ। ਉਨ੍ਹਾਂ ਨੇ 'ਹੋਮ ਰੂਲ ਲੀਗ' ਦੀ ਸਥਾਪਨਾ ਦੀ ਘੋਸ਼ਣਾ ਕਰ ਦਿੱਤੀ ਅਤੇ ਆਪਣੇ ਸਮਰਥਕ ਜਾਰਜ ਅਰੁੰਡੇਲ ਨੂੰ ਸੰਗਠਨ-ਸਚਿਵ ਨਿਯੁਕਤ ਕੀਤਾ। ਤਿਲਕ ਅਤੇ ਏਨੀ ਬੇਸੇਂਟ ਨੇ ਆਪਣੀ-ਆਪਣੀ 'ਲੀਗ' ਲਈ ਕਾਰਜ ਖੇਤਰਾਂ ਦੀ ਵੰਡ ਵੀ ਕਰ ਦਿੱਤੀ, ਜਿਸ ਨਾਲ ਕੋਈ ਗੜਬੜੀ ਨਾ ਹੋਵੇ। ਤਿਲਗ ਦੀ 'ਲੀਗ' ਦੇ ਜਿੰਮੇ ਆਇਆ ਕਰਨਾਟਕ, ਮਹਾਰਾਸ਼ਟਰ (ਬੰਬਈ ਛੱਡ ਕੇ), ਮੱਧ ਪ੍ਰਾਂਤ ਅਤੇ ਬੇਰਾਰ। ਦੇਸ਼ ਦੇ ਬਾਕੀ ਹਿੱਸੇ ਏਨੀ ਬੇਸੇਂਟ ਦੀ 'ਲੀਗ' ਦੇ ਜਿੰਮੇ ਆਏ। ਇਨ੍ਹਾਂ ਦੋਵਾਂ ਨੇ ਆਪਣਾ ਮਿਲਾਪ ਨਹੀਂ ਕੀਤਾ। ਕਾਰਣ, ਬਕੌਲ ਏਨੀ ਬੇਸੇਂਟ, "ਉਨ੍ਹਾਂ ਦੇ (ਤਿਲਕ) ਕੁਝ ਸਮਰਥਕ ਮੈਨੂੰ ਪਸੰਦ ਨਹੀਂ ਕਰਦੇ ਸੀ ਅਤੇ ਮੇਰੇ ਕੁਝ ਸਮਰਥਕ ਉਨ੍ਹਾਂ ਨੂੰ ਨਾਪਸੰਦ ਕਰਦੇ ਸੀ। ਲੇਕਿਨ ਮੇਰੇ ਤੇ ਉਨ੍ਹਾਂ ਦੇ ਵਿਚ ਕਿਸੇ ਤਰ੍ਹਾਂ ਦਾ ਕੋਈ ਝਗੜਾ ਨਹੀਂ ਸੀ।"

ਤਿਲਕ ਨੇ ਮਹਾਰਾਸ਼ਟਰ ਦਾ ਦੌਰਾ ਕੀਤਾ। 'ਹੋਮ ਰੂਲ ਅੰਦੋਲਨ' ਦਾ ਖੂਬ ਪ੍ਰਚਾਰ ਕੀਤਾ। ਜਨਤਾ ਨੂੰ ਸਮਝਾਇਆ ਕਿ ਇਸਦੀ ਜ਼ਰੂਰਤ ਕਿਉਂ ਹੈ, ਇਸਦੇ ਉਦੇਸ਼ ਕੀ ਹਨ। ਉਨ੍ਹਾਂ ਦੇ ਸ਼ਬਦਾਂ ਵਿਚ-"ਭਾਰਤ ਉਸ ਬੇਟੇ ਦੀ ਤਰ੍ਹਾਂ ਹੈ, ਜੋ ਹੁਣ ਜਵਾਨ ਹੋ ਚੱਕਿਆ ਹੈ। ਸਮੇਂ ਦਾ ਤਕਾਜਾ ਹੈ ਕਿ ਬਾਪ ਜਾਂ ਪਾਲਕ ਇਯ ਬੇਟੇ ਨੂੰ ਉਸਦਾ ਵਾਜਬ ਹਕ ਦੇ ਦਵੇ। ਭਾਰਤੀ ਜਨਤਾ ਨੂੰ ਹੁਣ ਆਪਣਾ ਹਕ ਲੈਣਾ ਹੀ ਹੋਏਗਾ। ਉਨ੍ਹਾਂ ਨੂੰ ਇਸਦਾ ਪੂਰਾ ਅਧਿਕਾਰ ਹੈ।" ਤਿਲਕ ਨੇ ਖੇਤਰੀ ਭਾਸ਼ਾ ਵਿਚ ਸਿਖਿਆ ਅਤੇ ਭਾਸ਼ਾਈ ਰਾਜਾਂ ਦੀ ਮੰਗ ਨੂੰ 'ਸਵਰਾਜ' ਦੀ ਮੰਗ ਨਾਲ ਜੋੜ ਦਿਤਾ। ਉਨ੍ਹਾਂ ਨੇ ਕਿਹਾ, "ਮਰਾਠੀ, ਤੇਲਗੂ, ਕੰਨੜ ਤੇ ਹੋਰ ਭਾਸ਼ਾਵਾਂ ਦੇ ਆਧਾਰ ਉਤੇ ਪ੍ਰਾਂਤਾਂ ਦੇ ਗਠਨ ਦੀ ਮੰਗ ਦਾ ਅਰਥ ਹੀ ਹੈ ਕਿ ਸਿਖਿਆ ਦਾ ਮਾਧਿਅਮ ਖੇਤਰੀ ਭਾਸ਼ਾ ਹੋਵੇ। ਕੀ ਅੰਗ੍ਰੇਜ਼ ਆਪਣੇ ਉਥੇ ਦੇ ਲੋਕਾਂ ਨੂੰ ਫ੍ਰਾਂਸੀਸੀ ਵਿਚ ਸਿਖਿਆ ਦਿੰਦੇ ਹਨ? ਕੀ ਜਰਮਨ ਆਪਣੇ ਲੋਕਾਂ ਨੂੰ ਅੰਗ੍ਰੇਜੀ ਵਿਚ ਸਿਖਿਆ ਦਿੰਦੇ ਹਨ ਜਾਂ ਤੁਰਕ ਫ੍ਰੈਂਚ ਵਿਚ ਸਿਖਿਆ ਦਿੰਦੇ ਹਨ?" 1915 ਵਿਚ ਬੰਬਈ ਦੇ ਪ੍ਰਾਂਤੀਏ ਸੰਮੇਲਨ ਵਿਚ ਤਿਲਕ ਨੇ ਗੋਖਲੇ ਦੇ ਦੇਹਾਂਤ ਤੇ ਸ਼ੋਕ ਪ੍ਰਸਤਾਵ ਰਖਿਆ। ਵੀ.ਵੀ. ਅਲੂਰ ਇਸਦਾ ਸਮਰਥਨ ਕਰਨ ਲਈ ਜਿਵੇਂ ਹੀ ਖੜੇ ਹੋਏ, ਤਿਲਕ ਨੇ ਕਿਹਾ, "ਕੰਨੜ ਭਾਸ਼ਾ ਦਾ ਅਧਿਕਾਰ ਜਤਾਉਣ ਲਈ ਕੰਨੜ ਵਿਚ ਬੋਲੋ।" ਇਸ ਨਾਲ ਪਤਾ ਚਲਦਾ ਹੈ ਕਿ ਤਿਲਕ ਵਿਚ ਖੇਤਰੀ ਜਾਂ ਮਰਾਠੀ ਸੰਕੀਰਣਤਾ ਨਹੀਂ ਸੀ।

ਨੋਟ

ਗੈਰ-ਬ੍ਰਾਹਮਣਾਂ ਦੇ ਪ੍ਰਤੀਨਿਧੀਤਵ ਅਤੇ ਛੂਆਛੂਤ ਦੇ ਮਾਮਲੇ ਵਿਚ ਤਿਲਕ ਜਾਤੀਵਾਦੀ ਨਹੀਂ ਸੀ। ਮਹਾਰਾਸ਼ਟਰ ਦੇ ਗੈਰ-ਬ੍ਰਾਹਮਣਾਂ ਨੇ ਇਕ ਵਾਰ ਜਦੋਂ ਸਰਕਾਰ ਨੂੰ ਵੱਖਰੇ ਤੌਰ ਤੇ ਗੱਲ ਕੀਤੀ ਤੇ ਕਿਹਾ ਕਿ ਉਂਲਤ ਵਰਗਾਂ ਦੀ ਮੰਗਾਂ ਨਾਲ ਉਨ੍ਹਾਂ ਦਾ ਕੋਈ ਸੰਬੰਧ ਨਹੀਂ ਹੈ, ਤਾਂ ਕਈ ਲੋਕਾਂ ਨੇ ਇਸਦਾ ਵਿਰੋਧ ਕੀਤਾ। ਲੇਕਿਨ ਤਿਲਕ ਨੇ ਇਨ੍ਹਾਂ ਵਿਰੋਧ ਕਰਨ ਵਾਲਿਆਂ ਨੂੰ ਸਮਝਾਇਆ, "ਤੁਸੀਂ ਲੋਕ ਧੀਰਜ ਨਾਲ ਕੰਮ ਲਵੋ। ਜੇਕਰ ਅਸੀਂ ਉਨ੍ਹਾਂ ਨੂੰ ਸਮਝਾ ਸਕੇ ਕਿ ਅਸੀਂ ਉਨ੍ਹਾਂ ਦੇ ਨਾਲ ਹਾਂ ਅਤੇ ਉਨ੍ਹਾਂ ਦੀ ਮੰਗਾਂ ਤੇ ਸਾਡੀਆਂ ਮੰਗਾਂ ਵਿਚ ਕੋਈ ਫਰਕ ਨਹੀਂ ਹੈ, ਤਾਂ ਮੈਨੂੰ ਪੱਕਾ ਵਿਸ਼ਵਾਸ ਹੈ ਕਿ ਅਸਮਾਨਤਾ ਮਿਟਾਂਵੁਣ ਲਈ ਛਿੜਿਆ ਉਨ੍ਹਾਂ ਦਾ ਅੰਦੋਲਨ ਸਾਡੇ ਸੰਘਰਸ਼ ਨਾਲ ਜੁੜ ਜਾਏਗਾ।" ਉਨ੍ਹਾਂ ਨੇ ਗੈਰ-ਬ੍ਰਾਹਮਣਾਂ ਨੂੰ ਸਮਝਾਇਆ ਕਿ ਝਗੜਾ ਬ੍ਰਾਹਮਣਾਂ ਅਤੇ ਗੈਰ-ਬ੍ਰਾਹਮਣਾਂ ਦਾ ਨਹੀਂ ਹੈ, ਭੇਦ-ਸਿਖਿਅਤ ਅਤੇ ਅਸਿਖਿਅਤ ਦੇ ਵਿੱਚ ਹੈ। ਬ੍ਰਾਹਮਣ ਗੈਰ-ਬ੍ਰਾਹਮਣ ਦੀ ਤੁਲਨਾ ਵਿਚ ਜ਼ਿਆਦਾ ਸਿਖਿਅਤ ਹਨ, ਇਸ ਲਈ ਗੈਰਬ੍ਰਾਹਮਣਾਂ ਦੀ ਵਕਾਲਤ ਕਰਨ ਵਾਲੀ ਸਰਕਾਰ ਵੀ ਮਜਬੂਰ ਹੋਕੇ ਸਰਕਾਰੀ ਨੌਕਰੀਆਂ ਵਿਚ ਬ੍ਰਾਹਮਣਾਂ ਨੂੰ ਹੀ ਭਰਤੀ ਕਰਦੀ ਹੈ। ਸਰਕਾਰ ਬ੍ਰਾਹਮਣਾਂ ਦੇ ਪ੍ਰਤੀ ਆਪਣੇ ਨਿਰੰਕੁਸ਼ ਰਵਈਏ ਦੇ ਬਾਵਜੂਦ, ਉਨ੍ਹਾਂ ਨੂੰ ਪ੍ਰਸ਼ਾਸਨ ਵਿਚ ਜਗਾਹ ਦੇ ਰਹੀ ਹੈ, ਕਿਉਂਕਿ ਉਹ ਮੰਨਦੀ ਹੈ ਕਿ ਪੜ੍ਹੇ-ਲਿਖੇ ਲੋਕ ਹੀ ਪ੍ਰਸ਼ਾਸਨ ਚਲਾ ਸਕਦੇ ਹਨ। ਛੂਆਛੂਤ ਉਲਮੂਲਨ ਦੇ ਲਈ ਆਯੋਜਿਤ ਇਕ ਸੰਮੇਲਨ ਵਿਚ ਤਿਲਕ ਨੇ ਕਿਹਾ ਸੀ, "ਜੇਕਰ ਭਗਵਾਨ ਵੀ ਛੂਆਛੂਤ ਨੂੰ ਬਰਦਾਸ਼ਤ ਕਰਨ, ਤਾਂ ਮੈਂ ਭਗਵਾਨ ਨੂੰ ਨਹੀਂ ਮੰਨਾਂਗਾ।"

ਤਿਲਕ ਦੇ ਉਸ ਸਮੇਂ ਦਿੱਤੇ ਗਏ ਭਾਸ਼ਣਾਂ ਵਿਚ ਕਿਤੋਂ ਵੀ ਧਾਰਮਿਕ ਅਪੀਲ ਨਹੀਂ ਝਲਕਦੀ। 'ਹੋਮ ਰੂਲ' ਦੀ ਮੰਗ ਪੂਰੀ ਤਰ੍ਹਾਂ ਧਰਮਨਿਰਪੇਖਤਾ ਉਤੇ ਆਧਾਰਤ ਸੀ। ਤਿਲਕ ਦਾ ਕਹਿਣਾ ਸੀ ਕਿ ਅੰਗ੍ਰੇਜ਼ਾਂ ਨਾਲ ਵਿਰੋਧ ਦਾ ਕਾਰਨ ਇਹ ਨਹੀਂ ਹੈ ਕਿ ਉਹ ਕਿਸੀ ਦੂਸਰੇ ਧਰਮ ਦੇ ਮੰਨਣ ਵਾਲੇ ਹਨ, ਉਨ੍ਹਾਂ ਦਾ ਵਿਰੋਧ ਤਾਂ ਅਸੀ ਇਸ ਲਈ ਕਰਦੇ ਹਾਂ, ਕਿਉਂਕਿ ਉਹ ਭਾਰਤੀ ਜਨਤਾ ਦੇ ਹਿਤ ਵਿਚ ਕੋਈ ਕੰਮ ਨਹੀਂ ਕਰ ਰਹੇ ਹਨ। ਤਿਲਕ ਦੇ ਸ਼ਬਦਾਂ ਵਿਚ, "ਅੰਗ੍ਰੇਜ਼ ਹੋਵੇ ਜਾਂ ਮੁਸਲਮਾਨ, ਜੇ ਉਹ ਇਸ ਦੇ ਸ਼ ਦੀ ਜਨਤਾ ਦੇ ਹਿਤ ਲਈ ਕੰਮ ਦਰਦਾ ਹੈ, ਤਾਂ ਉਹ ਸਾਡੇ ਲਈ ਪਰਾਇਆ ਨਹੀਂ। ਇਸ ਪਰਾਏਪਨ ਦਾ ਧਰਮ ਜਾਂ ਕਿੱਤੇ ਨਾਲ ਕੋਈ ਰਿਸ਼ਤਾ ਨਹੀਂ ਹੈ। ਇਹ ਸਿੱਧੇ-ਸਾਦੇ ਹਿਤਾਂ ਨਾਲ ਜੁੜਿਆ ਪ੍ਰਸ਼ਨ ਹੈ...।"

ਤਿਲਕ ਨੇ ਛੇ ਮਰਾਠੀ ਅਤੇ ਦੋ ਅੰਗ੍ਰੇਜ਼ੀ ਪਰਚੇ ਕੱਢ ਕੇ, ਆਪਣੇ ਪ੍ਰਚਾਰ ਕਾਰਜ ਨੂੰ ਹੋਰ ਤੇਜ਼ ਕਰ ਦਿੱਤਾ। ਇਨ੍ਹਾਂ ਪਰਚਿਆਂ ਦੀਆਂ 47 ਹਜ਼ਾਰ ਕਾਪੀਆਂ ਵੇਚੀਆਂ ਗਈਆਂ। ਬਾਅਦ ਵਿਚ ਇਨ੍ਹਾਂ ਪਰਚਿਆਂ ਨੂੰ ਗੁਜਰਾਤੀ ਅਤੇ ਕੰਨੜ ਭਾਸ਼ਾ ਵਿਚ ਵੀ ਛਾਪਿਆ ਗਿਆ। 'ਲੀਗ' ਦੀਆਂ ਛੇ ਸ਼ਾਖਾਵਾਂ ਬਣਾਈਆਂ ਗਈਆਂ। ਮੱਧ ਮਹਾਰਾਸ਼ਟਰ, ਬੰਬਈ ਨਗਰ, ਕਰਨਾਟਕ ਅਤੇ ਮੱਧ ਪ੍ਰਾਂਤ ਵਿਚ ਇਕ-ਇਕ ਤੇ ਬੇਰਾਰ ਵਿਚ ਦੋ।

ਹੋਮ ਰੂਲ ਅੰਦੋਲਨ ਨੇ ਜਿਵੇਂ ਜੋਰ ਫੜਨਾ ਸ਼ੁਰੂ ਕੀਤਾ, ਸਰਕਾਰ ਨੇ ਦਬਾਅਪੂਰਬਕ ਕਾਰਵਾਈਆਂ ਤੇਜ ਕਰ ਦਿਤੀਆਂ। ਇਸ ਅੰਦੋਲਨ ਉਤੇ ਵਾਰ ਕਰਨ ਲਈ ਸਰਕਾਰ ਨੇ ਇਕ ਵਿਸ਼ੇਸ਼ ਦਿਨ ਚੁਣਿਆ। 23 ਜੁਲਾਈ 1916 ਤਿਲਕ ਦਾ 60ਵਾਂ ਜਨਮਦਿਨ ਸੀ। ਇਕ ਵੱਡੇ ਸਮਾਰੋਹ ਦਾ ਆਯੋਜਨ ਕੀਤਾ ਗਿਆ ਅਤੇ ਤਿਲਕ ਨੂੰ ਇਕ ਲੱਖ ਰੁਪਏ ਦੀ ਥੈਲੀ ਭੇਟ ਕੀਤੀ ਗਈ। ਸਰਕਾਰ ਨੇ ਵੀ ਇਸ ਅਵਸਰ ਉਤੇ ਉਨ੍ਹਾਂ ਨੂੰ ਇਨਾਮ ਦਿਤਾ। ਉਨਾਂ ਨੂੰ ਇਕ 'ਕਾਰਨ ਦੱਸੋ ਨੋਟਿਸ' ਦਿਤਾ ਗਿਆ, ਜਿਸ ਵਿਚ ਲਿਖਿਆ ਸੀ ਕਿ ਤੁਹਾਡੀ ਗਤੀਵਿਧੀਆਂ ਦੇ ਚਲਦੇ ਤੁਹਾਡੇ ਉਤੇ ਪ੍ਰਤੀਬੰਧ ਕਿਉਂ ਨਾ ਲਗਾ ਦਿਤਾ ਜਾਵੇ। ਉਨ੍ਹਾਂ ਨੂੰ 60 ਹਜ਼ਾਰ ਦਾ ਮੁਚਲਕਾ ਭਰਨ ਨੂੰ ਕਿਹਾ ਗਿਆ। ਤਿਲਕ ਲਈ ਸ਼ਾਇਦ ਇਹ ਸਭ ਤੋਂ ਮਹੱਤਵਪੂਰਨ ਇਨਾਮ ਸੀ। ਉਨ੍ਹਾਂ ਨੇ ਕਿਹਾ, "ਹੁਣ ਹੋਮ ਰੂਲ ਅੰਦੋਲਨ ਜੰਗਲ ਵਿਚ ਅੱਗ ਦੀ ਤਰ੍ਹਾਂ ਫੈਲੇਗਾ। ਸਰਕਾਰੀ ਦਮਨ ਵਿਦਰੋਹ ਦੀ ਅੱਗ ਨੂੰ ਹੋਰ ਭੜਕਾਏਗਾ।"

ਤਿਲਕ ਦੀ ਤਰਫ ਤੋਂ ਮੁਹੰਮਦ ਅਲੀ ਜਿੰਨਾ ਦੀ ਅਗਵਾਈ ਵਿਚ ਵਕੀਲਾਂ ਦੀ ਇਕ ਪੂਰੀ ਟੀਮ ਨੇ ਮੁਕੱਦਮਾ ਲੜਿਆ। ਮਜਿਸਟ੍ਰੇਟ ਦੀ ਅਦਾਲਤ ਵਿਚ ਤਾਂ ਤਿਲਕ ਮੁਕੱਦਮਾ ਹਾਰ ਗਏ ਪਰ ਨਵੰਬਰ ਵਿਚ ਹਾਈ ਕੋਰਟ ਨੇ ਉਨ੍ਹਾਂ ਨੂੰ ਨਿਰਦੋਸ਼ ਕਰਾਰ ਦਿਤਾ। ਇਸ ਜਿੱਤ ਦੀ ਸਾਰੇ ਤਰਫੋਂ ਸ਼ਲਾਘਾ ਹੋਈ। ਗਾਂਧੀ ਦੇ 'ਯੰਗ ਇੰਡੀਆ' ਅਖਬਾਰ ਨੇ ਲਿਖਿਆ, "ਇਹ ਅਭਿਵਿਅਕਤੀ ਦੀ ਆਜਾਦੀ ਦੀ ਬਹੁਤ ਵੱਡੀ ਜਿੱਤ ਹੈ। ਹੋਮ ਰੂਲ ਅੰਦੋਲਨ ਲਈ ਇਕ ਬਹੁਤ ਵੱਡੀ ਸਫਲਤਾ ਹੈ।" ਇਸ ਅਵਸਰ ਦਾ ਤਿਲਕ ਨੇ ਵੀ ਫਾਇਦਾ ਚੁਕਿਆ ਅਤੇ ਆਪਣੇ ਸਾਰਵਜਨਿਕ ਭਾਸ਼ਣਾਂ ਵਿਚ ਕਹਿਣ ਲਗ ਕਿ ਹੋਮ ਰੂਲ ਜਾਂ ਸਵੈਸ਼ਾਸਨ ਦੀ ਮੰਗ ਪ੍ਰਗਟ ਕਰਨ ਦੇ ਲਈ ਸਰਕਾਰ ਨੇ ਆਗਿਆ ਦੇ ਦਿਤੀ ਹੈ। ਤਿਲਕ ਅਤੇ ਉਨਾਂ ਸਹਿਯੋਗੀਆਂ ਨੇ ਪ੍ਰਚਾਰ ਕਾਰਜ ਤੇਜ ਕਰ ਦਿਤਾ ਤੇ ਅਪ੍ਰੈਲ 1917 ਤਕ ਉਨ੍ਹਾਂ ਨੇ 14 ਹਜ਼ਾਰ ਮੈਂਬਰ ਬਣਾ ਲਏ।

ਏਨੀ ਬੇਸੇਂਟ ਦੀ 'ਲੀਗ' ਨੇ ਵੀ ਸਤੰਬਰ 1916 ਤੋਂ ਕੰਮ ਸ਼ੁਰੂ ਕਰ ਦਿਤਾ ਪਰ ਉਨ੍ਹਾਂ ਦਾ ਸੰਗਠਨ ਬਹੁਤ ਢਿੱਲਾ ਸੀ। ਕੋਈ ਵੀ ਤਿੰਨ ਵਿਅਕਤੀ ਮਿਲ ਕੇ ਕਿਤੇ ਵੀ ਸ਼ਾਖਾ ਖੋਲ ਸਕਦੇ ਸਨ, ਜਦਕਿ ਤਿਲਕ ਦੀ ਲੀਗ ਦਾ ਸੰਗਠਨ ਬਹੁਤ ਮਜਬੂਤ ਸੀ, ਸਾਰੀਆਂ ਛੇ ਸ਼ਾਖਾਵਾਂ ਦੇ ਕੰਮ ਅਤੇ ਕਾਰਜਖੇਤਰ ਨਿਰਧਾਰਤ ਸਨ। ਏਨੀ ਬੇਸੇਂਟ ਦੀ ਲੀਗ ਦੀ ਦੋ ਸੌ ਸ਼ਾਖਾਵਾਂ ਸਨ। ਕੁਝ ਸ਼ਾਖਾਵਾਂ ਕਸਬਿਆਂ ਅਤੇ ਨਗਰਾਂ ਵਿਚ ਸੀ, ਬਾਕੀ ਪਿੰਡਾਂ ਵਿਚ। ਇਕ ਸ਼ਾਖਾ ਦੇ ਤਹਿਤ ਕੁਝ ਕੁ ਪਿੰਡ ਹੀ ਆਉਂਦੇ ਸਨ। ਹਾਲਾਂਕਿ ਕਾਰਜਕਾਰੀ ਪਰੀਸ਼ਦ ਦੀ ਚੋਣ ਕੀਤੀ ਜਾਂਦੀ ਸੀ, ਲੇਕਿਨ ਸਾਰਾ ਕੰਮ ਏਨੀ ਬੇਸੇਂਟ ਅਤੇ ਉਨ੍ਹਾਂ ਦੇ ਸਹਿਯੋਗੀ ਅਰੁੰਡੇਲ, ਸੀ.ਪੀ. ਰਾਮਾਸਵਾਮੀ ਅਈਅਰ ਤੇ ਬੀ.ਪੀ. ਵਾਡੀਆ ਦੇਖਦੇ ਸੀ। ਮੈਂਬਰਾਂ ਨੂੰ ਨਿਰਦੇਸ਼ ਦੇਣ ਦਾ ਕੋਈ ਸੰਗਠਤ ਤਰੀਕਾ ਨਹੀਂ ਅਪਣਾਇਆ ਗਿਆ। ਜਾਂ ਤੇ ਵਿਅਕਤੀਗਤ ਰੂਪ ਨਾਲ ਮੈਂਬਰਾਂ ਨੂੰ ਨਿਰਦੇਸ਼ ਦੇ ਦਿਤੇ ਜਾਂਦੇ ਜਾਂ ਫਿਰ 'ਨਿਊ ਇੰਡੀਆ' ਵਿਚ ਅਰੁੰਡੇਲ ਦੇ ਲੇਖਾਂ ਨੂੰ ਪੜ੍ਹ ਕੇ ਲੋਕ ਜਾਣਦੇ ਕਿ ਉਨ੍ਹਾਂ ਨੂੰ ਕੀ ਕਰਨਾ ਹੈ। ਏਨੀ ਬੇਸੇਂਟ ਦੀ ਲੀਗ ਤਿਲਕ ਦੀ ਲੀਗ ਦੀ ਤੁਲਨਾ ਵਿਚ ਮੈਂਬਰ ਬਣਾਉਣ ਵਿਚ ਵੀ ਪਿੱਛੇ ਰਹੀ। ਮਾਰਚ 1917 ਤਕ ਉਨ੍ਹਾਂ ਦੀ ਲੀਗ

ਨੋਟ

ਦੇ ਮੈਂਬਰਾਂ ਦੀ ਗਿਣਤੀ ਸਿਰਫ ਸੱਤ ਹਜ਼ਾਰ ਸੀ। ਜਵਾਹਰਲਾਲ ਨਹਿਰੂ (ਇਲਾਹਾਬਾਦ), ਬੀ. ਚਕ੍ਰਵਰਤੀ ਅਤੇ ਜੇ ਬਨਰਜੀ (ਕਲਕੱਤਾ) ਵੀ ਇਸ ਵਿਚ ਸ਼ਾਮਲ ਹੋ ਗਏ।

ਫਿਲਹਾਲ ਸ਼ਾਖਾਵਾਂ ਦੀ ਗਿਣਤੀ ਨਾਲ ਲੀਗ ਦੀ ਤਾਕਤ ਦਾ ਅੰਦਾਜਾ ਲਗਾਉਣਾ ਕਠਿਨ ਹੈ, ਕਿਉਂਕਿ ਇਨ੍ਹਾਂ ਵਿਚੋਂ ਕੁਝ ਤਾਂ ਕਾਫੀ ਮਸ਼ਗੂਲ ਸਨ ਅਤੇ ਕੁਝ ਨਿਸ਼ਕ੍ਰਿਅ ਕਿਉਂਕਿ ਉਹ ਜ਼ਿਆਦਾਤਰ 'ਥਿਓਸੋਫੀਕਲ ਸੋਸਾਇਟੀ' ਦੀ ਗਤੀਵਿਧੀਆਂ ਤਕ ਹੀ ਸੀਮਤ ਸਨ। ਬਤੌਰ ਉਦਾਹਰਨ, ਮਦਰਾਸ ਨਗਰ ਵਿਚ ਸ਼ਾਖਾਵਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਸੀ, ਲੇਕਿਨ ਬੰਬਈ, ਉੱਤਰ ਪ੍ਰਦੇਸ਼ ਦੇ ਨਗਰਾਂ ਅਤੇ ਗੁਜਰਾਜਤ ਦੇ ਪੇਂਡੂ ਇਲਾਕਿਆਂ ਦੀ ਸ਼ਾਖਾਵਾਂ ਕਾਫੀ ਕੰਮ ਕਰ ਰਹੀਆਂ ਸਨ, ਹਾਲਾਂਕਿ ਉਨ੍ਹਾਂ ਦੀ ਗਿਣਤੀ ਘੱਟ ਸੀ।

ਇਨ੍ਹਾਂ ਸਾਰੀ ਗਤੀਵਿਧੀਆਂ ਦਾ ਇਕ ਮਾਤਰ ਲਕਸ਼ ਸੀ 'ਹੋਮ ਰੂਲ' ਦੀ ਮੰਗ ਦੇ ਲਈ ਵੱਡੇ ਪੱਧਰ ਤੇ ਅੰਦੋਲਨ ਛੇੜਨਾ। ਇਸਦੇ ਲਈ ਰਾਜਨੀਤਿਕ ਸਿਖਿਆ ਦੇਣਾ ਅਤੇ ਰਾਜਨੀਤਿਕ ਬਹਿਸ ਸ਼ੁਰੂ ਕਰਨਾ ਬਹੁਤ ਜ਼ਰੂਰੀ ਸੀ। ਅਰੁੰਡੇਲ ਨੇ 'ਨਿਊ ਇੰਡੀਆ' ਦੇ ਮਾਧਿਅਮ ਨਾਲ ਆਪਣੇ ਸਮਰਥਕਾਂ ਨੂੰ ਰਾਜੀਤਿਕ ਬਹਿਸ ਛੇੜਨ ਰਾਸ਼ਟਰੀ ਰਾਜਨੀਤੀ ਦੇ ਬਾਰੇ ਜਾਣਕਾਰੀ ਦੇਣ ਵਾਲੇ ਪੁਸਤਾਕਾਲਿਆਂ ਦੀ ਸਥਾਪਨਾ, ਵਿਦਿਆਰਥੀਆਂ ਨੂੰ ਰਾਜਨੀਤਿਕ ਸਿਖਿਆ ਦੇਣ ਲਈ ਕਲਾਸਾਂ ਦਾ ਆਯੋਜਨ, ਪਰਚੇ ਵੰਡਣੇ, ਚੰਦਾ ਇਕੱਠਾ ਕਰਨ, ਸਮਾਜਕ ਕਾਰਜ ਕਰਨ, ਰਾਜਨੀਤਿਕ ਸਭਾਵਾਂ ਦੇ ਆਯੋਜਨ, ਦੋਸਤਾਂ ਦੇ ਵਿਚ 'ਹੋਮ ਰੂਲ' ਦੇ ਸਮਰਥਣ ਵਿਚ ਤਰਕ ਦੇਣ ਅਤੇ ਉਨ੍ਹਾਂ ਨੇ ਅੰਦੋਲਲ ਵਿਚ ਭਾਗੀਦਾਰ ਬਣਨ ਲਈ ਕਾਰਜ ਕਰਨ ਨੂੰ ਕਿਹਾ। ਕਈ ਸ਼ਾਖਾਵਾਂ ਨੇ ਇਸ ਉਤੇ ਅਮਲ ਕੀਤਾ। ਰਾਜਨੀਤਿਕ ਬਹਿਸ ਚਲਾਉਣ ਉਤੇ ਵਿਸ਼ੇਸ਼ ਰੂਪ ਨਾਲ ਧਿਆਨ ਦਿਤਾ ਗਿਆ।

ਹੋਮ ਰੂਲ ਦਾ ਪ੍ਰਚਾਰ ਕਿੰਨਾ ਤੇਜ ਹੋਇਆ, ਇਸਦਾ ਅੰਦਾਜ਼ਾ ਇਸ ਤੱਥ ਨਾਲ ਲਗਾ ਸਕਦੇ ਹਾਂ ਕਿ ਸਤੰਬਰ 1916 ਤਕ (ਏਨੀ ਬੇਸੇਂਟ ਦੀ ਲੀਗ ਦੀ ਸਥਾਪਨਾ ਤਕ) 'ਪ੍ਰਚਾਰ ਫੰਡ' ਨਾਲ ਛਾਪੇ ਜਾਣ ਵਾਲੇ ਤਿੰਨ ਲੱਖ ਪਰਚੇ ਵੰਡੇ ਜਾ ਚੁਕੇ ਸਨ। ਇਹ 'ਪ੍ਰਚਾਰ ਫੰਡ' ਕੁਝ ਮਹੀਨੇ ਪਹਿਲਾਂ ਹੀ ਸਥਾਪਤ ਕੀਤਾ ਗਿਆ ਸੀ। ਇਨ੍ਹਾਂ ਪਰਚਿਆਂ ਵਿਚ ਤਤਕਾਲੀਨ ਸਰਕਾਰ ਦਾ ਕੱਚਾ ਚਿੱਠਾ ਹੁੰਦਾ ਸੀ ਅਤੇ ਸਵਰਾਜ ਦ ਸਮਰਥਣ ਵਿਚ ਤਰਕ ਦਿਤੇ ਜਾਂਦੇ ਸੀ। ਏਨੀ ਬੇਸੇਂਟ ਦੀ ਲੀਗ ਦੀ ਸਥਾਪਾ ਦੇ ਬਾਅਦ ਇਨ੍ਹਾਂ ਪਰਚਿਆਂ ਨੂੰ ਫਿਰ ਛਾਪਿਆ ਗਿਆ। ਕਈ ਖੇਤਰੀ ਭਾਸ਼ਾਵਾਂ ਵਿਚ ਵੀ ਇਨ੍ਹਾਂ ਦਾ ਪ੍ਰਕਾਸ਼ਨ ਹੋਇਆ। ਨਾਲ–ਨਾਲ ਜਨਸਭਾਵਾਂ ਦਾ ਆਯੋਜਨ ਤੇ ਭਾਸ਼ਣ ਦਾ ਕ੍ਰਮ ਵੀ ਜਾਰੀ ਰਿਹਾ। ਜਦ ਵੀ ਕਿਸੇ ਮੁਦੇ ਨੂੰ ਲੈ ਕੇ ਦੇਸ਼ ਵਿਆਪੀ ਪ੍ਰਤੀਰੋਧ ਦੀ ਬੇਨਤੀ ਕੀਤੀ ਜਾਂਦੀ, ਲੀਗ ਦੀ ਸਾਰੀ ਸ਼ਾਖਾਵਾਂ ਇਸਦਾ ਸਮਰਥਣ ਕਰਦੀਆਂ। ਨਵੰਬਰ 1916 ਵਿਚ, ਜਦ ਏਨੀ ਬੇਸੇਂਟ ਉਤੇ ਬੇਰਾਰ ਤੇ ਮੱਧ ਪ੍ਰਾਂਤ ਵਿਚ ਜਾਣ ਉਤੇ ਪ੍ਰਤੀਬੰਧ ਲਗਾਇਆ ਗਿਆ, ਤਾਂ ਅਰੁੰਡੇਲ ਦੀ ਅਪੀਲ ਤੇ ਲੀਗ ਦੀ ਤਮਾਮ ਸ਼ਾਖਾਵਾਂ ਨੇ ਵਿਰੋਧ ਬੈਠਕਾਂ ਆਯੋਜਿਤ ਕੀਤੀਆਂ ਅਤੇ ਵਾਇਸਰਾਏ ਤੇ ਗ੍ਰਹਿ ਸਚਿਵ ਨੂੰ ਵਿਰੋਧ ਪ੍ਰਸਤਾਵ ਭੇਜੇ। ਇਸੇ ਤਰ੍ਹਾਂ 1917 ਵਿਚ, ਜਦ ਤਿਲਕ ਉਤੇ ਪੰਜਾਬ ਤੇ ਦਿੱਲੀ ਜਾਣ ਉਤੇ ਪ੍ਰਤੀਬੰਧ ਲਗਾਇਆ ਗਿਆ ਤਾਂ ਪੂਰੇ ਦੇਸ਼ ਵਿਚ ਵਿਰੋਧ ਬੈਠਕਾਂ ਹੋਈਆਂ। ਲੀਗ ਦੀ ਤਮਾਮ ਸ਼ਾਖਾਵਾਂ ਨੇ ਇਸਦਾ ਡਟ ਕੇ ਵਿਰੋਧ ਕੀਤਾ।

ਕਾਂਗਰਸ ਦੀ ਅਕਰਮਣਤਾ ਤੋਂ ਦੁਖੀ ਅਨੇਕ ਨਰਮਪੰਥੀ ਕਾਂਗਰਸ ਵੀ 'ਹੋਮ ਰੂਲ' ਅੰਦੋਲਨ ਵਿਚ ਸ਼ਾਮਲ ਹੋ ਗਏ। ਗੋਖਲੇ ਦੀ 'ਸਰਵੈਂਟ ਆਫ ਇੰਡੀਆ ਸੋਸਾਇਟੀ' ਦੇ ਮੈਂਬਰਾਂ ਨੂੰ ਲੀਗ ਦਾ ਮੈਂਬਰ ਬਣਨ ਦੀ ਇਜ਼ਾਜਤ ਨਹੀਂ ਸੀ, ਲੇਕਿਨ ਉਨ੍ਹਾਂ ਨੇ ਜਨਤਾ ਦੇ ਵਿਚ ਭਾਸ਼ਣ ਦੇਕੇ ਅਤੇ ਪਰਚੇ ਵੰਡ ਕੇ 'ਹੋਮ ਰੂਲ' ਅੰਦੋਲਨ ਦਾ ਸਮਰਥਣ ਕੀਤਾ। ਉੱਤਰ ਪ੍ਰਦੇਸ਼ ਵਿਚ ਅਨੇਕ ਨਰਮਪੰਥੀ ਰਾਸ਼ਟਰਵਾਦੀਆਂ ਨੇ ਲਖਨਊ ਕਾਂਗਰਸ ਸੰਮੇਲਨ (1916) ਦੀ ਤਿਆਰੀ ਦੇ ਸਿਲਸਿਲੇ ਵਿਚ ਹੋਮ ਰੂਲ ਲੀਗ ਦੇ ਕਾਰਜਕਰਤਾਵਾਂ ਦੇ ਨਾਲ ਪਿੰਡਾਂ–ਕਸਬਿਆਂ ਦਾ ਦੌਰਾ ਕੀਤਾ। ਇਨ੍ਹਾਂ ਦੀਆਂ ਜ਼ਿਆਦਾਤਰ ਬੈਠਕਾਂ ਸਥਾਨਕ ਅਦਾਲਤਾਂ ਦੇ ਪੁਸਤਕਾਲਿਆਂ ਵਿਚ ਹੁੰਦੀਆਂ, ਜਿੱਥੇ ਵਿਦਿਆਰਥੀ, ਵਿਉਪਾਰੀ ਤੇ ਹੋਰ ਕਿੱਤਿਆਂ ਨਾਲ ਜੁੜੇ ਹੋਏ ਲੋਕ ਇਕੱਠੇ ਹੁੰਦੇ। ਅਗਰ ਬੈਠਕ ਕਿਸੇ ਬਾਜਾਰ ਦੇ ਦਿਨ ਹੁੰਦੀ ਤਾਂ ਇਸ ਵਿਚ ਪਿੰਡਾਂ ਤੋਂ ਆਏ ਕਿਸਾਨ ਵੀ ਸ਼ਰੀਕ ਹੁੰਦੇ। ਇਨ੍ਹਾਂ ਬੈਠਕਾਂ ਵਿਚ ਹਿੰਦੁਸਤਾਨ ਦੀ ਗਰੀਬੀ ਅਤੇ ਬੇਹਾਲੀ ਦਾ ਮੁੱਦਾ ਚੁਕਿਆ ਜਾਂਦਾ। ਅਤੀਤ ਦੀ ਸਮਰਿਦੀ ਦੀ ਯਾਦ ਦਵਾਈ ਜਾਂਦੀ ਅਤੇ ਯੂਰੋਪ ਦੇ ਸੁਤੰਤਰਤਾ ਅੰਦੋਲਨਾਂ ਉਤੇ ਪ੍ਰਕਾਸ਼ ਪਾਇਆ ਜਾਂਦਾ, ਉਸ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ ਜਾਂਦੀ। ਇਨ੍ਹਾਂ ਬੈਠਕਾਂ ਵਿਚ ਹਿੰਦੀ ਭਾਸ਼ਾ ਦਾ ਇਸਤੇਮਾਲ ਕੀਤਾ ਜਾਂਦਾ ਸੀ। ਨਰਮਪੰਥੀਆਂ ਦਾ ਹੋਮ ਰੂਲ ਲੀਗ ਨੂੰ ਸਮਰਥਨ ਦੇਣਾ, ਕੋਈ ਅਚਰਜ ਦੀ ਗੱਲ ਨਹੀਂ ਸੀ, ਕਿਉਂਕਿ ਲੀਗ, ਨਰਮਪੰਥੀਆਂ ਦੇ ਰਾਜਨੀਤਿਕ ਪ੍ਰਚਾਰ ਤੇ ਸਿਖਿਅਕ ਪ੍ਰੋਗਰਾਮਾਂ ਨੂੰ ਹੀ ਅਸਲੀ ਜਾਮਾ ਪਵਾ ਰਹੀ ਸੀ।

1916 ਵਿਚ ਕਾਂਗਰਸ ਦਾ ਲਖਨਊ ਅਧਿਵੇਸ਼ਨ ਹੋਮ ਰੂਲ ਲੀਗ ਦੇ ਮੈਂਬਰਾਂ ਲਈ ਆਪਣੀ ਤਾਕਤ ਦਿਖਾਉਣ ਦਾ ਇਕ ਚੰਗਾ ਮੌਕਾ ਸੀ। ਤਿਲਕ ਦੇ ਸਮਰਥਕਾਂ ਨੇ ਤਾਂ ਇਕ ਪਰੰਪਰਾ ਹੀ ਬਣਾ ਦਿੱਤੀ, ਜਿਸ ਉਤੇ ਕਾਂਗਰਸ ਬਹੁਤ ਸਾਲ ਤਕ ਟਿਕੀ ਰਹੀ। ਉਨ੍ਹਾਂ ਦੇ ਸਮਰਥਕਾਂ ਨੇ ਲਖਨਊ ਪਹੁੰਚਣ ਲਈ ਇਕ ਟ੍ਰੇਨ ਬੁਕ ਕੀਤੀ, ਜਿਸਨੂੰ ਕੁਝ ਲੋਕਾਂ ਨੇ 'ਕਾਂਗਰਸ ਸਪੈਸ਼ਲ' ਦਾ ਨਾਮ ਦਿਤਾ, ਤੇ ਕੁਝ ਨੇ 'ਹੋਮ ਰੂਲ ਸਪੈਸ਼ਲ' ਕਿਹਾ। ਅਰੁੰਡੇਲ ਨੇ ਲੀਗ ਦੇ ਹਰ ਮੈਂਬਰ ਨੂੰ ਕਿਹਾ ਸੀ ਕਿ ਉਹ ਲਖਨਊ ਅਧਿਵੇਸ਼ਨ ਦਾ ਮੈਂਬਰ ਬਣਨ ਦੀ ਹਰ ਸੰਭਵ ਕੋਸ਼ਿਸ਼ ਕਰਨ।

## ਕਾਂਗਰਸ–ਲੀਗ ਸਮਝੌਤਾ

ਲਖਨਊ ਕਾਂਗਰਸ ਅਧਿਵੇਸ਼ਨ ਵਿਚ ਤਿਲਕ ਨੂੰ ਦੁਬਾਰਾ ਕਾਂਗਰਸ ਵਿਚ ਸ਼ਾਮਲ ਕਰ ਲਿਆ ਗਿਆ। ਮੁਖੀ ਅੰਬਿਕਾਚਰਣ ਮਜੂਮਦਾਰ ਨੇ ਕਿਹਾ, "10 ਸਾਲਾਂ ਦੇ ਦੁਖਦ ਵਖਰਾਪਨ ਤੇ ਗਲਤਫਹਿਮੀ ਦੇ ਕਾਰਨ ਬੇਵਜਾਹ ਦੇ ਵਿਵਾਦਾਂ ਵਿਚ ਭਟਕਣ

ਤੋਂ ਬਾਅਦ ਭਾਰਤੀ ਰਾਸ਼ਟਰੀ ਦਲ ਦੇ ਦੋਵੇਂ ਪਾਸੇ ਹੁਣ ਇਹ ਮਹਿਸੂਸ ਕੀਤਾ ਹੈ ਕਿ ਵਖਰਾਪਨ ਉਨ੍ਹਾਂ ਦੀ ਹਾਰ ਹੈ ਤੇ ਏਕਤਾ ਉਨਾਂ ਦੀ ਜਿੱਤ। ਹੁਣ ਭਰਾ-ਭਰਾ ਫਿਰ ਮਿਲ ਗਏ ਹਨ।"

ਇਸੇ ਅਧਿਵੇਸ਼ਨ ਵਿਚ ਮਹੱਤਵਪੂਰਨ 'ਕਾਂਗਰਸ-ਲੀਗ' ਸਮਝੌਤਾ ਹੋਇਆ, ਜੋ 'ਲਖਨਊ ਪੈਕਟ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਸਮਝੌਤੇ ਵਿਚ ਏਨੀ ਬੇਸੇਂਟ ਅਤੇ ਤਿਲਕ ਨੇ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ। ਮਨਮੋਹਨ ਮਾਲਵੀਆ ਸਮੇਤ ਕਈ ਵਰਿਸ਼ਠ ਨੇਤਾ ਇਸਦੇ ਬਿਲਕੁਲ ਖਿਲਾਫ ਸਨ। ਉਨ੍ਹਾਂ ਦਾ ਆਰੋਪ ਸੀ ਕਿ ਇਹ ਸਮਝੋਤਾ ਮੁਸਲਿਮ ਲੀਗ ਨੂੰ ਬਹੁਤ ਤਵੱਜੋਂ ਦਿੰਦਾ ਹੈ। ਤਿਲਕ ਨੇ ਇਸ ਆਰੋਪ ਉਤੇ ਕਿਹਾ, "ਕੁਝ ਮਹਾਨੁਭਾਵਾਂ ਦਾ ਇਹ ਆਰੋਪ ਹੈ ਕਿ ਅਸੀਜ਼ ਹਿੰਦੂ ਆਪਣੇ ਮੁਸਲਮਾਨ ਭਰਾਵਾਂ ਨੂੰ ਜਿਆਦਾ ਤਵੱਜੋ ਦੇ ਰਹੇ ਹਾਂ। ਮੈਂ ਕਹਿੰਦਾ ਹਾਂ ਕਿ ਜੇ ਸਵੈਸ਼ਾਸਨ ਦਾ ਅਧਿਕਾਰ ਕੇਵਲ ਮੁਸਲਿਮ ਵਰਗ ਨੂੰ ਦਿਤਾ ਜਾਵੇ ਤਾਂ ਮੈਨੂੰ ਕੋਈ ਏਤਰਾਜ ਨਹੀਂ ਹੋਏਗਾ, ਰਾਜਪੂਤਾਂ ਨੂੰ ਇਹ ਅਧਿਕਾਰ ਮਿਲੇ, ਤਾਂ ਪਰਵਾਹ ਨਹੀਂ। ਜੇ ਇਹ ਅਧਿਕਾਰ ਹਿੰਦੁਆਂ ਦੇ ਸਭ ਤੋਂ ਪਿਛੜੇ ਵਰਗਾਂ ਨੂੰ ਵੀ ਦਿਤਾ ਜਾਵੇ ਸਾਨੂੰ ਕੋਈ ਏਤਰਾਜ ਨਹੀਂ। ਮੇਰਾ ਇਹ ਬਿਆਨ ਸਮੂਚੀ ਭਾਰਤੀ ਰਾਸ਼ਟਰੀ ਭਾਵਨਾ ਦਾ ਪ੍ਰਤੀਨਿਧੀਤਵ ਕਰਦਾ ਹੈ। ਜਦ ਵੀ ਤੁਸੀਂ ਕਿਸੇ ਤੀਜੀ ਪਾਰਟੀ ਤੋਂ ਲੜ ਰਹੇ ਹੁੰਦੇ ਹੋ, ਤਾਂ ਸਭ ਤੋਂ ਜ਼ਰੂਰੀ ਹੁੰਦੀ ਹੈ, ਆਪਸੀ ਏਕਤਾ, ਜਾਤੀ ਏਕਤਾ, ਧਾਰਮਿਕ ਏਕਤਾ ਅਤੇ ਸਾਰੀਆਂ ਰਾਜਨੀਤਿਕ ਵਿਚਾਰਧਾਰਾਵਾਂ ਦੀ ਏਕਤਾ।"

ਤਿਲਕ ਨੂੰ ਬਹੁਤ ਰੂੜੀਵਾਦੀ ਹਿੰਦੂ ਮੰਨਿਆ ਜਾਂਦਾ ਸੀ। ਉਹ ਭਾਰਤੀ ਪ੍ਰਾਚਿਯ ਵਿਦਿਆ ਦੇ ਵੱਡੇ ਵਿਦਵਾਨ ਸਨ। ਜਦ ਉਨ੍ਹਾਂ ਨੇ ਇਸ ਤਰਾਂ ਦਾ ਬਿਆਨ ਦਿਤਾ, ਤਾਂ ਕਿਸੇ ਪਾਸੋਂ ਵਿਰੋਧ ਕਰਨ ਦੀ ਹਿੰਮਤ ਨਹੀਂ ਹੋਈ। ਹਾਲਾਂਕਿ ਮੁਸਲਮਾਨਾਂ ਦੇ ਲਈ ਅਲੱਗ ਨਿਰਵਾਚਨ ਖੇਤਰਾਂ ਦੇ ਸਿਧਾਂਤ ਨੁ ਸਵੀਕਾਰਨਾ ਵਿਵਾਦਪੂਰਨ ਸੀ, ਲੇਕਿਨ ਇਹ ਇਸ ਲਈ ਸਵੀਕਾਰ ਕੀਤਾ ਗਿਆ ਕਿ ਕਿਤੇ ਘੱਟ-ਗਿਣਤੀ ਵਰਗ ਨੂੰ ਇਹ ਨਾ ਲਗੇ ਕਿ ਬਹੁ-ਗਿਣਤੀ ਉਨ੍ਹ ਉਤੇ ਪ੍ਰਭੂਤਵ ਸਥਾਪਤ ਕਰਨਾ ਚਾਹੁੰਦੇ ਹਨ।

ਲਖਨਊ ਕਾਂਗਰਸ ਅਧਿਵੇਸ਼ਨ ਨੇ ਸੰਵੈਧਾਨਿਕ ਸੁਧਾਰਾਂ ਦੀ ਮੰਗ ਫਿਰ ਚੁਕੀ। ਮੈਂਬਰਾਂ ਦਾ ਮੰਨਣਾ ਸੀ ਕਿ ਸਵਸ਼ਾਸਨ ਦੇ ਲਕਸ਼ ਦੀ ਪ੍ਰਾਪਤੀ ਵਿਚ ਇਹ ਮੰਗ ਸਹਾਇਕ ਹੋਏਗੀ। ਹਾਲਾਂਕਿ ਇਸ ਮੰਗ ਵਿਚ ਉਹ ਸਾਰੀ ਚੀਜਾਂ ਸ਼ਾਮਲ ਨਹੀਂ ਸੀ, ਜਿਵੇਂ ਕਿ ਹੋਮਰੂਲ ਲੀਗ ਦੇ ਮੈਂਬਰ ਚਾਹੁੰਦੇ ਸਨ, ਲੇਕਿਨ ਉਨਾਂ ਨੇ ਇਸ ਤੇ ਕੋਈ ਵਿਵਾਦ ਨਹੀਂ ਖੜਾ ਕੀਤਾ। ਉਹ ਹਰ ਹਾਲ ਵਿਚ ਕਾਂਗਰਸ ਵਿਚ ਏਕਤਾ ਬਣਾ ਕੇ ਰਖਣਾ ਚਾਹੁੰਦੇ ਸਨ। ਤਿਲਕ ਨੇ ਇਕ ਹੋਰ ਪ੍ਰਸਤਾਵ ਰਖਿਆ ਕਿ ਕਾਂਗਰਸ ਅਧਿਵੇਸ਼ਨ ਦੇ ਨਿਰਨੈ ਅਤੇ ਪ੍ਰੋਗਰਾਮਾਂ ਨੂੰ ਅਮਲੀ ਰੂਪ ਦੇਣ ਲਈ ਇਕ ਕਾਰਜਕਾਰਣੀ ਦਾ ਗਠਨ ਕੀਤਾ ਜਾਵੇ। ਪਰ ਨਰਮਪੰਥੀਆਂ ਦੇ ਵਿਰੋਧ ਦੇ ਕਾਰਨ ਇਹ ਪ੍ਰਸਤਾਵ ਮੰਜੂਰ ਨਾ ਹੋ ਸਕਿਆ। ਵਾਸਤਵ ਵਿਚ ਤਿਲਕ ਚਾਹੁੰਦੇ ਸਨ ਕਿ ਕਾਂਗਰਸ ਅਕਰਮਣਿਅ ਨਾ ਰਹੇ, ਥੋੜਾ ਸਜੀਵ ਬਣੇ ਤੇ ਕੰਮ ਕਰੇ।

ਤਿਲਕ ਦਾ ਪ੍ਰਸਤਾਵ ਤਾਂ ਨਾਮੰਜ਼ੂਰ ਹੋ ਗਿਆ, ਪਰ ਚਾਰ ਸਾਲ ਬਾਅਦ ਜਦ 1920 ਵਿਚ ਮਹਾਤਮਾ ਗਾਂਧੀ ਨੇ ਕਾਂਗਰਸ ਸੰਵਿਧਾਨ ਨੂੰ ਸੋਧ ਕੇ ਉਸਨੂੰ ਨਵਾਂ ਰੂਪ ਦਿਤਾ-ਇਕ ਐਸਾ ਸਰੂਪ, ਜੋ ਕਿਸੇ ਅੰਦੋਲਨ ਨੂੰ ਲੰਬੇ ਸਮੇਂ ਤਕ ਚਲਾਉਣ ਦੇ ਲਈ ਜ਼ਰੂਰੀ ਸੀ- ਤਾਂ ਉਨ੍ਹਾਂ ਨੇ ਵੀ ਤਿਲਕ ਦੇ ਇਸੀ ਪ੍ਰਸਤਾਵ ਨੂੰ ਮੰਨਣ ਜਰੂਰੀ ਸਮਝਿਆ।

ਕਾਂਗਰਸ ਅਧਿਵੇਸ਼ਨ ਦੀ ਸਮੀਖਿਆ ਦੇ ਤੁਰੰਤ ਬਾਅਦ ਉਸੇ ਪੰਡਾਲ ਵਿਚ ਦੋਵਾਂ ਹੋਮ ਰੂਲ ਲੀਗਾਂ ਦੀ ਬੈਠਕ ਹੋਈ ਜਿਸ ਵਿਚ ਲਗਭਗ ਇਕ ਹਜ਼ਾਰ ਪ੍ਰਤੀਨਿਧੀਆਂ ਨੇ ਭਾਗ ਲਿਆ। 'ਕਾਂਗਰਸ ਲੀਗ' ਸਮਝੌਤੇ ਦੀ ਸ਼ਲਾਘਾ ਕੀਤੀ ਗਈ ਅਤੇ ਤਿਲਕ ਤੇ ਏਨੀ ਬੇਸੇਂਟ ਨੇ ਬੈਠਕ ਨੂੰ ਸੰਬੋਧਨ ਕੀਤਾ। ਲਖਨਊ ਤੋਂ ਆਉਂਦੇ ਸਮੇਂ ਇਨ੍ਹਾਂ ਦੋਵਾਂ ਨੇਤਾਵਾਂ ਨੇ ਉੱਤਰ, ਮੱਧ ਅਤੇ ਪੂਰਬੀ ਭਾਰਤ ਦੇ ਅਨੇਕ ਖੇਤਰਾਂ ਦਾ ਦੌਰਾ ਕੀਤਾ।

## ਸਰਕਾਰੀ ਦਮਨ

**ਹੋਮ ਰੂਲ ਅੰਦੋਲਨ** ਦੇ ਵਧਦੇ ਪ੍ਰਭਾਵ ਨੂੰ ਦੇਖ ਕੇ ਸਰਕਾਰ ਦਾ ਚਿੰਤਤ ਹੋਣਾ ਸਵਾਭਾਵਿਕ ਸੀ। ਮਦਰਾਸ ਸਰਕਾਰ ਜਰਾ ਜ਼ਿਆਦਾ ਹੀ ਸਖਤ ਹੋ ਗਈ। ਉਸਨੇ ਵਿਦਿਆਰਥੀਆਂ ਦੇ ਰਾਜਨੀਤਿਕ ਬੈਠਕਾਂ ਵਿਚ ਭਾਗ ਲੈਣ ਤੇ ਪ੍ਰਤੀਬੰਧ ਲਗਾ ਦਿਤਾ। ਪੂਰੇ ਦੇਸ਼ ਵਿਚ ਇਸਦਾ ਵਿਰੋਧ ਹੋਇਆ। ਤਿਲਕ ਨੇ ਕਿਹਾ, "ਸਰਕਾਰ ਨੂੰ ਪਤਾ ਹੈ ਕਿ ਦੇਸ਼ ਪ੍ਰੇਮ ਦੀ ਭਾਵਨਾ ਵਿਦਿਆਰਥੀਆਂ ਨੂੰ ਜ਼ਿਆਦਾ ਉਤੇਜਿਤ ਕਰਦੀ ਹੈ। ਵੈਸੇ ਵੀ ਕੋਈ ਵੀ ਦੇਸ਼ ਨੌਜਵਾਨ ਵਰਗ ਦੀ ਤਾਕਤ ਨਾਲ ਹੀ ਉਂਨਤੀ ਕਰ ਸਕਦਾ ਹੈ।"

ਮਦਰਾਸ ਸਰਕਾਰ ਨੇ ਜੂਨ 1917 ਵਿਚ ਏਨੀ ਬੇਸੇਂਟ, ਜਾਰਜ ਅਰੁੰਡੇਲ ਤੇ ਵੀ.ਪੀ. ਵਾਡੀਆ ਨੂੰ ਗਿਰਫਤਾਰ ਕਰ ਲਿਆ। ਇਸਦੇ ਖਿਲਾਫ ਦੇਸ਼ ਵਿਆਪੀ ਪ੍ਰਦਰਸ਼ਨ ਹੋਏ। ਸਰ ਐਸ. ਸੁਬ੍ਰਹਮਮਣੀਅਮ ਅਈਅਰ ਨੇ ਸਰਕਾਰੀ ਉਪਾਧੀ (ਨਾਈਟਹੁਡ) ਅਸਵੀਕਾਰ ਕਰ ਦਿਤੀ। ਮਦਨਮੋਹਨ ਮਾਲਵੀਆ, ਸਰੇਂਦਰਨਾਥ ਬਨਰਜੀ ਅਤੇ ਮੁਹੰਮਦ ਅਲੀ ਜਿੰਨਾ ਵਰਗੇ ਤਮਾਮ ਨਰਮਪੰਥੀ ਨੇਤਾ, ਜੋ ਹੁਣ ਤਕ ਲੀਗ ਵਿਚ ਸ਼ਾਮ ਨਹੀਂ ਸੀ, ਇਸ ਵਿਚ ਸ਼ਾਮਲ ਹੋ ਗਏ ਅਤੇ ਉਨ੍ਹਾਂ ਨੇ ਬੇਸੇਂਟ ਤੇ ਹੋਰ ਨੇਤਾਵਾਂ ਦੀ ਗਿਰਫਤਾਰੀ ਦੇ ਖਿਲਾਫ ਆਵਾਜ਼ ਚੁਕੀ। 28 ਜੁਲਾਈ 1917 ਨੂੰ ਕਾਂਗਰਸ ਦੀ ਇਕ ਬੈਠਕ ਵਿਚ ਤਿਲਕ ਨੇ ਕਿਹਾ ਕਿ ਜੇ ਸਰਕਾਰ ਇਨ੍ਹਾਂ ਲੋਕਾਂ ਨੂੰ ਤੁਰੰਤ ਰਿਹਾ ਨਹੀਂ ਕਰਦੀ ਹੈ, ਤਾਂ ਸ਼ਾਂਤੀਪੂਰਨ ਅਸਹਿਯੋਗ ਅੰਦੋਲਨ ਚਲਾਇਆ ਜਾਵੇ। ਇਸ ਪ੍ਰਸਤਾਵ ਨੂੰ ਸਾਰੀਆਂ ਪ੍ਰਾਂਤੀਏ ਕਾਂਗਰਸ ਸਮੀਤੀਆਂ ਦ ਕੋਲ ਮੰਜ਼ੂਰੀ ਲਈ ਭੇਜਿਆ ਗਿਆ। ਬੇਰਾਰ ਅਤੇ ਮਦਰਾਸ ਦੀ ਕਾਂਗਰਸ ਸਮੀਤੀਆਂ ਤਾਂ ਇਸ ਉਤੇ ਤੁਰੰਤ ਕਾਰਵਾਹੀ ਦੇ ਪੱਖ ਵਿਚ ਸੀ, ਪਰੰਤੂ ਬਾਕੀ ਸਮੀਤੀਆਂ ਕੋਈ ਨਿਰਣਾ ਕਰਨ ਤੋਂ ਪਹਿਲਾਂ ਥੋੜਾ ਇੰਤਜਾਰ ਕਰਨ ਦੇ ਪੱਖ ਵਿਚ ਸੀ। ਗਾਂਧੀਜੀ ਦੇ ਕਹਿਣ ਉਤੇ ਸ਼ੰਕਰਲਾਲ ਬੈਂਕਰ ਅਤੇ ਜਮਨਾਦਾਸ, ਦਵਾਰਕਾਦਾਸ ਨੇ ਐਸੇ ਇਕ ਹਜ਼ਾਰ ਲੋਕਾਂ ਦੇ ਦਸਤਖਤ

ਨੋਟ

ਇਕੱਠੇ ਕੀਤੇ ਜੋ ਸਰਕਾਰੀ ਆਦੇਸ਼ਾਂ ਦੀ ਉਲੰਘਣਾ ਕਰਕੇ, ਜਲੂਸ ਦੀ ਸ਼ਕਲ ਵਿਚ ਜਾ ਕੇ ਏਨੀ ਬੇਸੇਂਟ ਨਾਲ ਮਿਲਣਾ ਚਾਹੁੰਦੇ ਸਨ। ਇਨ੍ਹਾਂ ਲੋਕਾਂ ਨੇ 'ਸਵਰਾਜ' ਦੇ ਸਮਰਥਨ ਵਿਚ ਕਿਸਾਨਾਂ ਅਤੇ ਮਜਦੂਰਾਂ ਦੇ ਹਸਤਾਖਰ ਕਰਾਉਣਾ ਸ਼ੁਰੂ ਕੀਤਾ। ਗੁਜਰਾਤ ਦੇ ਕਸਬਿਆਂ ਅਤੇ ਪਿੰਡਾਂ ਦਾ ਦੌਰਾ ਕੀਤਾ ਅਤੇ ਉਥੇ ਲੀਗ ਦੀ ਸ਼ਾਖਾਵਾਂ ਸਥਾਪਤ ਕਰਨ ਵਿਚ ਮਦਦ ਕੀਤੀ। ਹੋਮ ਰੂਲ ਲੀਗ ਦੇ ਮੈਂਬਰਾਂ ਦੀ ਗਿਣਤੀ ਵਿਚ ਅਪ੍ਰਤੱਖ ਵਾਧਾ ਹੋਇਆ।

ਇਸ ਪ੍ਰਕਾਰ ਸਰਕਾਰੀ ਦਮਨ ਨੇ ਅੰਦੋਲਨ ਨੂੰ ਹੋਰ ਵਾਧਾ ਦਿਤਾ, ਅੰਦੋਲਨਕਾਰੀਆਂ ਨੂੰ ਹੋਰ ਜੁਝਾਰੂ ਬਣਾਇਆ। ਮਾਂਟਾਗਿਉ ਨੇ ਆਪਣੀ ਡਾਇਰੀ ਵਿਚ ਲਿਖਿਆ ਹੈ, "ਸ਼ਿਵ ਨੇ ਆਪਣੀ ਪਤਨੀ ਨੂੰ 52 ਟੁਕੜਿਆਂ ਵਿਚ ਕੱਟਿਆ, ਭਾਰਤ ਸਰਕਾਰ ਨੇ ਜਦੋ ਏਨੀ ਬੇਸੇਂਟ ਨੂੰ ਗਿਰਫਤਾਰ ਕੀਤਾ, ਤਾਂ ਉਸਦੇ ਨਾਲ ਠੀਕ ਇੰਜ ਹੀ ਹੋਇਆ।"

ਇਨ੍ਹਾਂ ਘਟਨਾਵਾਂ ਤੋਂ ਬਾਅਦ ਇੰਗਲੈਂਡ ਦੀ ਸਰਕਾਰ ਨੇ ਆਪਣੀ ਨੀਤੀਆਂ ਬਦਲੀਆਂ। ਹੁਣ ਉਸਦਾ ਰੁਖ ਸਮਝੌਤਾਵਾਦੀ ਹੋ ਗਿਆ। ਨਵੇਂ ਗ੍ਰਹਿ ਸਚਿਵ ਮਾਂਟਾਗਿਉ ਨੇ ਹਾਉਸ ਆਫ ਕਾਮੰਸ ਵਿਚ ਇਤਿਹਾਸਕ ਘੋਸ਼ਣਾ ਕੀਤੀ, "ਬ੍ਰਿਟਿਸ਼ ਸ਼ਾਸਨ ਦੀ ਨੀਤੀ ਹੈ ਕਿ ਭਾਰਤ ਦੇ ਪ੍ਰਸ਼ਾਸਨ ਵਿਚ ਭਾਰਤੀ ਜਨਤਾ ਨੂੰ ਭਾਗੀਦਾਰ ਬਣਾਇਆ ਜਾਵੇ ਅਤੇ ਸਵਸ਼ਾਸਨ ਲਈ ਵਿਭਿੰਨ ਸੰਸਥਾਨਾਂ ਦਾ ਕ੍ਰਮਿਕ ਵਿਕਾਸ ਕੀਤਾ ਜਾਵੇ, ਜਿਸ ਨਾਲ ਭਾਰਤ ਵਿਚ ਬ੍ਰਿਟਿਸ਼ ਸਮਰਾਜ ਨਾਲ ਜੁੜੀ ਕੋਈ ਉਤਰਦਾਈ ਸਰਕਾਰ ਸਥਾਪਤ ਕੀਤੀ ਜਾ ਸਕੇ।" ਇਹ ਬਿਆਨ ਮੋਰਲੇ ਦੇ ਬਿਆਨ ਨਾਲ ਇਕਦਮ ਉਲਟ ਸੀ। 1909 ਵਿਚ ਸੰਵੈਧਾਕਿ ਸੁਘਾਰਾਂ ਨੂੰ ਪਾਰਲੀਮੈਂਟ ਵਿਚ ਰਖਦੇ ਸਮੇਂ ਮੋਰਲੇ ਨੇ ਸਾਫ-ਸਾਫ ਕਿਹਾ ਸੀ ਕਿ ਇਨ੍ਹਾਂ ਸੁਧਾਰਾਂ ਦਾ ਉਦੇਸ਼ ਦੇਸ਼ ਵਿਚ 'ਸਵਰਾਜ' ਦੀ ਸਥਾਪਨਾ ਕਤਈ ਨਹੀਂ ਹੈ। ਮਾਂਟਾਗਿਉ ਦੀ ਘੋਸ਼ਣਾ ਦਾ ਸਭ ਤੋਂ ਵੱਡਾ ਫਾਇਦਾ ਇਹ ਹੋਇਆ ਕਿ ਹੁਣ ਹੋਮ ਰੂਲ ਜਾਂ ਸਵਰਾਜ ਦੀ ਮੰਗ ਨੂੰ ਦੇਸ਼ਦ੍ਰੋਹੀ ਨਹੀਂ ਕਿਹਾ ਜਾ ਸਕਦਾ ਸੀ। ਲੇ ਕਿਨ ਇਸਦਾ ਅਰਥ ਇਹ ਵੀ ਨਹੀਂ ਸੀ ਕਿ ਬ੍ਰਿਟਿਸ਼ ਹਕੂਮਤ ਸਵਰਾਜ ਦੀ ਮੰਗ ਮੰਨਣ ਹੀ ਜਾ ਰਹੀ ਸੀ। ਮਾਂਟਾਗਿਉ ਦੀ ਘੋਸ਼ਣਾ ਵਿਚ ਇਹ ਗੱਲ ਵੀ ਸੀ ਕਿ ਸਵਸ਼ਾਸਨ ਦੀ ਸਥਾਪਨਾ ਤਦੇ ਹੋਏਗੀ, ਜਦ ਉਸਦਾ ਠੀਕ ਸਮਾਂ ਆਏਗਾ ਤੇ ਸਮਾਂ ਆਇਆ ਹੈ ਜਾਂ ਨਹੀਂ ਇਸਦਾ ਫੈਸਲਾ ਅੰਗ੍ਰੇਜ਼ੀ ਹਕੂਮਤ ਕਰੇਗੀ। ਅੰਗ੍ਰੇਜ਼ੀ ਹਕੂਮਤ ਦੇ ਲਈ ਇੰਨੀ ਛੂਟ ਕਾਫੀ ਸੀ। ਇਸ ਨਾਲ ਸਾਫ ਜਾਹਿਰ ਸੀ ਕਿ ਉਹ ਭਾਰਤੀਆਂ ਦੇ ਹਥ ਵਿਚ ਨਿਕਟ ਭਵਿੱਖ ਚ ਸੱਤਾ ਸੌਂਪਣ ਨਹੀਂ ਜਾ ਰਹੀ ਹੈ।

ਸਤੰਬਰ 1917 ਵਿਚ ਏਨੀ ਬੇਸੇਂਟ ਨੂੰ ਰਿਹਾ ਕਰ ਦਿਤਾ ਗਿਆ ਇਸ ਸਮੇਂ ਏਨੀ ਬੇਸੇਂਟ ਦੀ ਲੋਕਪ੍ਰਿਅਤਾ ਚਰਮ ਸੀਮਾ ਉਤੇ ਸੀ। ਦਸੰਬਰ 1917 ਵਿਚ ਕਾਂਗਰਸ ਦੇ ਸਾਲਾਨਾ ਅਧਿਵੇਸ਼ਨ ਵਿਚ ਤਿਲਕ ਦੇ ਪ੍ਰਸਤਾਵ ਉਤੇ ਉਨ੍ਹਾਂ ਨੂੰ ਮੁਖੀ ਚੁਣਿਆ ਗਿਆ।

ਲੇਕਿਨ 1918 ਵਿਚ ਅਨੇਕ ਕਾਰਨਾਂ ਨਾਲ ਹੋਮਰੂਲ ਅੰਦੋਲਨ ਕਮਜ਼ੋਰ ਪੈ ਗਿਆ, 1917 ਵਿਚ ਭਾਰੀ ਸਫਲਤਾ ਮਿਲਣ ਦੇ ਬਾਵਜੂਦ ਇਹ ਅੰਦੋਲਨ ਮ੍ਰਿਤ ਹੋ ਗਿਆ। ਏਨੀ ਬੇਸੇਂਟ ਦੀ ਗਿਰਫਤਾਰੀ ਨਾਲ ਉਤੇਜਿਤ ਹੋ ਕੇ ਜੋ ਨਰਮਪੰਥੀ ਇਸ ਅੰਦੋਲਨ ਵਿਚ ਸ਼ਾਮਲ ਹੋਏ ਸੀ, ਉਨ੍ਹਾਂ ਦੀ ਰਿਹਾਈ ਦੇ ਬਾਅਦ ਨਿਸ਼ਕ੍ਰਿਅ ਹੋ ਗਏ। ਸਰਕਾਰ ਨੇ ਸੁਧਾਰਾਂ ਦੀ ਦਿਲਾਸਾ ਦਿਤੀ ਸੀ। ਇਨ੍ਹਾਂ ਨੇਤਾਵਾਂ ਨੂ ਲਗਿਆ ਕਿ ਹੁਣ ਅੰਦੋਲਨ ਦੀ ਜਰੂਰਤ ਨਹੀਂ ਹੈ। ਇਸਦੇ ਅਲਾਵਾ ਕਾਨੂੰਨ ਨਿਸ਼ੇਧ ਅੰਦੋਲਨ ਚਲਾਉਣ ਦੀ ਚਰਚਾ ਨਾਲ ਵੀ ਉਹ ਨਾਰਾਜ ਸੀ। ਇਸ ਲਈ ਇਨ੍ਹਾਂ ਨੇ ਸਤੰਬਰ 1918 ਦੇ ਬਾਅਦ ਤੋਂ ਕਾਂਗਰਸ ਦੀ ਬੈਠਕਾਂ ਵਿਚ ਭਾਗ ਲੈਣਾ ਛੱਡ ਦਿੱਤਾ। 1918 ਵਿਚ ਸੁਧਾਰ-ਯੋਜਨਾਵਾਂ ਦੀ ਘੋਸ਼ਣਾ ਨਾਲ ਰਾਸ਼ਟਰਵਾਦੀ ਖੇਮੇ ਵਿਚ ਇਕ ਹੋਰ ਦਰਾਰ ਪੈ ਗਈ। ਕੁਝ ਲੋਕਾਂ ਦਾ ਮੰਨਣਾ ਸੀ ਕਿ ਇਸ ਵਿਚ ਕਈ ਕਮੀਆਂ ਤਾਂ ਹਨ ਪਰ ਇਸ ਨੂੰ ਅਜਮਾਉਣਾ ਚਾਹੀਦਾ ਹੈ। ਇਨ੍ਹਾਂ ਸੁਧਾਰਾਂ ਅਤੇ ਸ਼ਾਂਤੀਪੂਰਨ ਅਸਹਿਯੋਗ ਅੰਦੋਲਨ ਦੇ ਮੁੱਦਿਆਂ ਉਤੇ ਖੁਦ ਏਨੀ ਬੇਸੇਂਟ ਦੁਵਿਧਾ ਵਿਚ ਸੀ। ਕਦੀ ਤੇ ਉਹ ਇਸ ਨੂੰ ਗਲਤ ਕਹਿੰਦੀ ਤੇ ਕਦੀ ਆਪਣੇ ਸਮਰਥਕਾਂ ਨੂੰ ਦਬਾਅ ਦੇ ਕਾਰਨ ਠੀਕ ਕਹਿੰਦੀ। ਸ਼ੁਰੂ ਵਿਚ ਤਿਲਕ ਦੇ ਨਾਲ ਏਨੀ ਬੇਸੇਂਟ ਨੇ ਵੀ ਕਿਹਾ ਕਿ ਇਨ੍ਹਾਂ ਸੁਧਾਰ ਯੋਜਨਾਵਾਂ ਨੂੰ ਭਾਰਤੀ ਜਨਤਾ ਮੰਜੂਰ ਨ ਕਰੇ, ਇਹ ਉਸਦਾ ਅਪਮਾਨ ਹੈ, ਪਰ ਬਾਅਦ ਵਿਚ ਉਨ੍ਹਾਂ ਨੇ ਇਸ ਨੂੰ ਮੰਨ ਲੈਣ ਦੀ ਅਪੀਲ ਕੀਤੀ। ਤਿਲਕ ਕਾਫੀ ਸਮੇਂ ਤਕ ਆਪਣੇ ਨਿਰਣੇ ਉਤੇ ਅੜੇ ਰਹੇ, ਲੇਕਿਨ ਏਨੀ ਬੇਸੇਂਟ ਦੀ ਢੁਲਮੁਲ ਨੀਤੀਆਂ ਅਤੇ ਨਰਮਪੰਥੀਆਂ ਦੇ ਰੁਖ ਵਿਚ ਬਦਲਾਹ ਦੇ ਕਾਰਨ ਉਹ ਇਕੱਲੇ ਆਪਣੇ ਬੂਤੇ ਤੇ ਇਨ੍ਹਾਂ ਸੁਧਾਰਾਂ ਦਾ ਵਿਰੋਧ ਕਰਦੇ ਹੋਏ ਅੰਦੋਲਨ ਦੀ ਗੱਡੀ ਵੀ ਅੱਗੇ ਖਿੱਚਣ ਵਿਚ ਅਸਮਰਥ ਹੋ ਗਏ ਅਤੇ ਸਾਲ ਦੇ ਅੰਤ ਵਿਚ ਇੰਗਲੈਂਡ ਚਲੇ ਗਏ। ਉਥੇ ਉਨ੍ਹਾਂ ਨੇ 'ਇੰਡੀਅਨ ਅਨਰੇਸਟ' ਦੇ ਲੇਖਕ ਚਿਰਾਲ ਉਤੇ ਮਾਨਹਾਨੀ ਦਾ ਮੁਕਦਮਾ ਦਾਇਰ ਕਰ ਰਖਿਆ ਸੀ। ਇਸੇ ਮੁਕਦਮੇ ਦੀ ਪੈਰਵੀ ਦੇ ਚੱਕਰ ਵਿਚ ਉਹ ਕਈ ਮਹੀਨੇ ਤਕ ਇੰਗਲੈਂਡ ਵਿਚ ਪਏ ਰਹੇ। ਏਨੀ ਬੇਸੇਂਟ ਇਕ ਸਸ਼ਕਤ ਅਗਵਾਈ ਦੇਣ ਵਿਚ ਅਸਮਰਥ ਸੀ ਅਤੇ ਤਿਲਕ ਵਿਦੇਸ਼ ਵਿਚ ਸੀ। ਨਤੀਜਨ 'ਹੋਮ ਰੂਲ ਅੰਦੋਲਨ' ਆਗੂ ਰਹਿਤ ਹੋ ਗਿਆ।

ਹੋਮ ਰੂਲ ਅੰਦੋਲਨ ਦੀ ਸਭ ਤੋਂ ਵੱਡੀ ਉਪਲਬਧੀ ਇਹ ਰਹੀ ਕਿ ਇਸਨੇ ਭਾਵੀ ਰਾਸ਼ਟਰੀ ਅੰਦੋਲਨ ਦੇ ਲਈ ਜੁਝਾਰੂ ਯੋਧਾ ਤਿਆਰ ਕੀਤੇ। ਮਹਾਤਮਾ ਗਾਂਧੀ ਦੀ ਅਗਵਾਈ ਵਿਚ ਇਹੀ ਜੁਝਾਰੂ ਅੰਦੋਲਨਕਾਰੀ ਆਜਾਦੀ ਦੀ ਮਸ਼ਾਲ ਲੈਕੇ ਅੱਗੇ ਵਧੇ। ਹੋਮ ਰੂਲ ਅੰਦੋਲਨ ਨੇ ਉਤਰ ਪ੍ਰਦੇਸ਼, ਗੁਜਰਾਤ, ਸਿੰਧ, ਮਦਰਾਸ, ਮੱਧ ਪ੍ਰਾਂਤ ਅਤੇ ਬੇਰਾਰ ਵਰਗੇ ਅਨੇਕ ਨਵੇਂ ਖੇਤਰਾਂ ਨੂੰ ਰਾਸ਼ਟਰੀ ਅੰਦੋਲਨ ਵਿਚ ਸ਼ਾਮਲ ਕੀਤਾ।

1919 ਵਿਚ ਪਹਿਲੇ ਵਿਸ਼ਵ ਯੁਧ ਦੀ ਸਮਾਪਤੀ ਦੇ ਨਾਲ ਹਿੰਦੁਸਤਾਨ ਵਿਚ ਆਜਾਦੀ ਦੀ ਲੜਾਈ ਲੜਣ ਲਈ ਇਕ ਨਵੀਂ ਪੀੜੀ ਤਿਆਰ ਹੋ ਗਈ ਸੀ। ਇਨ੍ਹਾਂ ਨੇ ਹੋਮ ਰੂਲ ਅੰਦੋਲਨਕਾਰੀਆਂ ਨੇ ਹੀ ਤਿਆਰ ਕੀਤਾ ਸੀ ਪਰ ਉਹ ਇਨ੍ਹਾਂ ਦੀ ਰਹਿਨੁਮਾਈ ਨਾ ਕਰ ਸਕੇ। ਇਸ ਪੀੜੀ ਨੂੰ ਤਲਾਸ਼ ਸੀ ਕਿਸੀ ਰਹਿਨੁਮਾ ਦੀ। ਮੋਹਨਦਾਸ ਕਰਮਚੰਦ ਗਾਂਧੀ ਨੇ ਜਦ ਆਜਾਦੀ ਦੀ ਲੜਾਈ ਦੀ ਵਾਗਡੋਰ ਸੰਭਾਲੀ ਤਾਂ ਇਨ੍ਹਾਂ ਨੌਜਵਾਨਾਂ ਨੂੰ ਇਕ ਐਸਾ ਨੇਤਾ ਮਿਲਿਆ, ਜੋ ਦੱਖਣੀ ਅਫਰੀਕਾ ਵਿਚ ਭਾਰਤੀਆਂ

ਦੇ ਸੰਘਰਸ਼ ਦੀ ਅਗਵਾਈ ਕਰ ਚੁਕਾ ਸੀ ਅਤੇ ਚੰਪਾਰਨ (ਬਿਹਾਰ), ਅਹਿਮਦਾਬਾਦ ਅਤੇ ਖੇੜਾ ਵਿਚ ਕਿਸਾਨਾਂ ਤੇ ਮਜਦੂਰਾ ਦੇ ਹਿਤਾਂ ਲਈ ਸੰਘਰਸ਼ ਕਰ ਚੁਕਿਆ ਸੀ। 1919 ਵਿਚ ਜਦ ਗਾਂਧੀਜੀ ਨੇ 'ਰੋਲਟ ਐਕਟ' ਦੇ ਖਿਲਾਫ ਸਤਿਆਗ੍ਰਹਿ ਦੀ ਅਪੀਲ ਕੀਤੀ, ਤਾਂ ਉਹ ਸਾਰੇ ਲੋਕ ਇਸ ਵਿਚ ਸ਼ਾਮਲ ਹੋ ਗਏ, ਜਿਨ੍ਹਾਂ ਨੂੰ ਹੋਮ ਰੂਲ ਅੰਦੋਲਨ ਨੇ ਰਾਜਨੀਤਿਕ ਰੂਪ ਵਿਚ ਜਾਗਰੂਕ ਬਣਾਇਆ ਸੀ।

**ਸਵ-ਮੁਲਾਂਕਣ (Self Assessment)**

**2. ਖਾਲੀ ਥਾਂਵਾਂ ਦੀ ਪੂਰਤੀ ਕਰੋ (Choose the Correct Option)–**

1. ਬਾਲ ਗੰਗਾਧਰ ਤਿਲਕ .................. ਦੀ ਲੰਮੀ ਸਜਾ ਦੇ ਬਾਅਦ 16 ਜੂਨ, 1914 ਨੂੰ ਮਾਂਡਲੇ ਜੇਲ ਤੋਂ ਵਾਪਸ ਆਏ ਸੀ।
2. 1915 ਵਿਚ ਏਨੀ ਬੇਸੇਂਟ ਨੇ ਦੋ ਅਖਬਾਰਾਂ 'ਨਿਊ ਇੰਡੀਆ ਅਤੇ .................. ਦੇ ਮਾਧਿਅਮ ਨਾਲ ਅੰਦੋਲਨ ਨੂੰ ਅੱਗੇ ਵਧਾਇਆ।
3. ਤਿਲਕ ਨੇ ਅਪ੍ਰੈਲ 1916 ਵਿਚ ................ ਵਿਚ ਹੋਏ ਪ੍ਰਾਂਤੀਏ ਸੰਮੇਲਨ ਵਿਚ ਹੋਮ ਰੂਲ ਲੀਗ ਦੇ ਗਠਨ ਦੀ ਘੋਸ਼ਣਾ ਕੀਤੀ।
4. 23 ਜੁਲਾਈ 1916 ਨੂੰ ਤਿਲਕ ਦਾ ......... ਜਨਮਦਿਨ ਸੀ।
5. ਏਨੀ ਬੇਸੇਂਟ ਦੀ ਲੀਗ ਨੇ ........... ਨਾਲ ਕੰਮ ਕਰਨਾ ਸ਼ੁਰੂ ਕਰ ਦਿਤਾ।

## 9.3 ਨਰਮਪੰਥੀ ਅਤੇ ਗਰਮਪੰਥੀ (Moderats and Extremists)

ਉਦਾਰਵਾਦੀ ਰਾਜਨੀਤੀ ਅਤੇ ਰਾਜਨੀਤਿਕ ਭਿਖਿਆਵ੍ਰਿਤੀ ਦਾ ਯੁਗ (Period of Moderate Politics or Tea Party Politics of Political Mendicancy)–ਇਸ ਯੁਗ ਵਿਚ ਦਾਦਾ ਭਾਈ ਨੌਰੋਜੀ, ਫਿਰੋਜਸ਼ਾਹ ਮੇਹਤਾ, ਦਨਿਸ਼ਾ ਵਾਚਾ, ਵੋਮੇਸ਼ ਅਤੇ ਸਰੇਂਦਰਨਾਥ ਬੈਨਰਜੀ ਵਰਗੇ ਨੇਤਾ ਕਾਂਗਰਸ ਦੀ ਰਾਜਨੀਤੀ ਉਤੇ ਛਾਏ ਹੋਏ ਸੀ ਤੇ ਉਹ ਲੋਕ 'ਉਦਾਰਵਾਦੀ ਤੇ ਪਰਿਮਿਤ ਰਾਜਨੀਤੀ' (moderate politics) ਵਿਚ ਵਿਸ਼ਵਾਸ ਕਰਦੇ ਸੀ ਅਤੇ ਉਨ੍ਹਾਂ ਨੂੰ ਉਦਾਰਵਾਦੀ (moderates) ਦੀ ਸੰਗਿਆ ਦਿਤੀ ਗਈ ਤਾਂਕਿ ਉਨ੍ਹਾਂ ਨੂੰ ਆਰੰਭਕ ਵੀਹਵੀਂ ਸ਼ਤਾਬਦੀ ਦੇ ਨਵੀਨ ਰਾਸ਼ਟਰਵਾਦੀਆਂ ਤੋਂ (ਜਿਨ੍ਹਾਂ ਨੂੰ ਉਗ੍ਰਵਾਦੀ ਅਥਵਾ extremists ਕਹਿੰਦੇ ਸੀ) ਅਲੱਗ ਕੀਤਾ ਜਾ ਸਕੇ। ਇਹ ਲੋਕ ਆਪਣੀ ਰਾਜਨੀਤੀ ਦੀ ਵਿਆਖਿਆ 'ਉਦਾਰਵਾਦ ਅਤੇ ਸੰਜਮ' (Liberalism and moderation) ਦੇ ਸਮਨਵੇ ਨਾਲ ਕਰਦੇ ਸੀ। ਇਹ ਲੋਕ ਭਾਰਤੀਆਂ ਲਈ ਧਰਮ ਅਤੇ ਜਾਤੀ ਦੇ ਪੱਖਪਾਤ ਦਾ ਅਭਾਵ, ਮਨੁੱਖ ਵਿਚ ਸਮਾਨਤਾ, ਕਾਨੂੰਨ ਦੇ ਸਾਹਮਣੇ ਬਰਾਬਰੀ, ਨਾਗਰਿਕ ਸੁਤੰਤਰਤਾਵਾਂ ਦਾ ਪ੍ਰਸਾਰ ਅਤੇ ਪ੍ਰਤੀਨਿਧੀ ਸੰਸਥਾਵਾਂ ਦੇ ਵਿਕਾਸ ਦੀ ਇੱਛਾ ਕਰਦੇ ਸੀ। ਉਨ੍ਹਾਂ ਦੇ ਢੰਗਾਂ ਦੇ ਵਿਸ਼ੇ ਵਿਚ ਮਹਾਦੇਵ ਗੋਵਿੰਦ ਰਾਨਾਡੇ ਨੇ ਲਿਖਿਆ ਸੀ, "ਸੰਜਮ ਦਾ ਅਰਥ ਇਹ ਹੈ ਕਿ ਉਸ ਚੀਜ ਦੀ ਅਤੇ ਉਨ੍ਹਾਂ ਆਦੇਸ਼ਾਂ ਦੀ ਝੂਠੀ ਉਮੀਦ ਹੀ ਨਾ ਕਰੋ ਜੋ ਮਿਲਣੀ ਮੁਸ਼ਕਿਲ ਹੈ, ਤੇ ਲਾਗਲੀ ਚੀਜ ਦੀ ਤਰਫ ਸਮਝੌਤੇ ਤੇ ਨਿਆਸੰਗਤ ਭਾਰਵਨਾ ਨਾਲ ਪ੍ਰੇਰਿਤ ਹੋਕੇ ਦਿਨ-ਪ੍ਰਤੀਦਿਨ ਅੱਗੇ ਵਧਦੇ ਜਾਓ।" ਇਸ ਪ੍ਰਕਾਰ ਉਦਾਰਵਾਦੀ ਦਲ ਕ੍ਰਮਿਕ (gradualism) ਅਤੇ ਸੰਵੈਧਾਨਿਕ ਨੀਤੀਆਂ (constitutionalism) ਵਿਚ ਵਿਸ਼ਵਾਸ ਕਰਦਾ ਸੀ।

ਇਸ ਕਾਲ ਵਿਚ ਕਾਂਗਰਸ ਉਤੇ ਸਮ੍ਰਿਧੀਸ਼ਾਲੀ, ਮੱਧਵਰਗੀ ਬੁੱਧੀਜੀਵੀਆਂ ਦਾ ਜਿਸ ਵਿਚ ਵਕੀਲ, ਡਾਕਟਰ, ਇੰਜੀਨਿਅਰ, ਪੱਤਰਕਾਰ ਅਤੇ ਸਾਹਿੱਤਕ ਵਿਅਕਤੀ ਸ਼ਾਮਲ ਸਨ, ਇਨ੍ਹਾਂ ਮੱਧਵਰਗੀ ਲੋਕਾਂ ਦੇ ਢੰਗ ਹੀ, ਜੋ ਸੰਵੈਧਾਨਿਕ ਹੀ ਹੁੰਦੇ ਹਨ, ਇਸ ਯੁਗ ਦੇ ਰਾਸ਼ਟਰੀ ਸੰਘਰਸ਼ ਦੇ ਮੁੱਖ ਢੰਗ ਸੀ। ਉਪਾਧੀਆਂ ਅਤੇ ਵੱਡੀਆਂ-ਵੱਡੀਆਂ ਪਦਵੀਆਂ ਇਨ੍ਹਾਂ ਲੋਕਾਂ ਦੇ ਲਈ ਵਿਸ਼ੇਸ਼ ਆਕਰਸ਼ਨ ਰਖਦੇ ਸਨ। ਕਾਂਗਰਸ ਵਿਚ ਆਉਣ ਵਾਲੇ ਪ੍ਰਤੀਨਿਧੀ ਵੱਡੇ-ਵੱਡੇ ਨਗਰਾਂ ਤੋਂ ਆਉਂਦੇ ਸੀ ਅਤੇ ਇਨ੍ਹਾਂ ਦਾ ਜਨ-ਸਾਧਾਰਨ ਨਾਲ ਕੋਈ ਸੰਪਰਕ ਨਹੀਂ ਸੀ। ਇਕ ਵਾਰ ਫਿਰੋਜਸ਼ਾਹ ਮੇਹਤਾ ਨੇ ਆਪ ਕਿਹਾ ਸੀ, "ਕਾਂਗਰਸ ਦੀ ਆਵਾਜ ਨਹੀਂ ਹੈ। ਪਰੰਤੂ ਇਹ ਉਨ੍ਹਾਂ ਦੇ ਨਾਲ ਰਹਿਣ ਵਾਲੇ ਹੋਰ ਦੇਸ਼ਵਾਸੀਆਂ ਦਾ ਫਰਜ ਹੈ ਕਿ ਉਹ ਇਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਵਿਅਕਤ ਕਰਣ ਤੇ ਉਨ੍ਹਾਂ ਦੇ ਉਪਚਾਰ ਦਾ ਯਤਨ ਕਰਨ।"

ਹਿਊਮ ਨੇ ਕਾਂਗਰਸ ਡਰਫਿਨ (1884-88) ਨਾਲ ਸਲਾਹ ਕਰਕੇ ਹੀ ਆਰੰਭ ਕੀਤੀ ਸੀ। ਕਾਂਗਰਸ ਦੇ ਨੇਤਾ ਅੰਗ੍ਰੇਜ਼ੀ ਇਤਿਹਾਸ ਅਤੇ ਸੰਸਕ੍ਰਿਤੀ ਨਾਲ ਬਹੁਤ ਪ੍ਰਭਾਵਿਤ ਸੀ ਅਤੇ ਅੰਗ੍ਰੇਜ਼ੀ ਸੰਪਰਕ ਨੂੰ 'ਈਸ਼ਵਰ ਦੀ ਬਹੁਤ ਕਿਰਪਾ' ਮੰਨਦੇ ਸੀ। ਉਨ੍ਹਾਂ ਨੂੰ ਪੂਰਨ ਵਿਸ਼ਵਾਸ ਸੀ ਕਿ ਅੰਗ੍ਰੇਜ਼ੀ ਸ਼ਾਸਨ ਭਾਰਤ ਦੇ ਹਿਤ ਵਿਚ ਹੈ, ਅਤੇ ਉਹ ਲੋਕ ਅੰਗ੍ਰੇਜ਼ੀ ਸਰਕਾਰ ਨੂੰ ਦੁਸ਼ਮਣ ਨਹੀਂ ਆਪਣਾ ਮਿੱਤਰ ਸਮਝਦੇ ਸਨ। ਉਹ ਉਮੀਦ ਕਰਦੇ ਸੀ ਕਿ ਕਾਲਾਂਤਰ ਵਿਚ ਅੰਗ੍ਰੇਜ ਉਨ੍ਹਾਂ ਨੂੰ ਆਪਣੀ ਪਰੰਪਰਾਵਾਂ ਦੇ ਅਨੁਸਾਰ ਸਵਸ਼ਾਸਨ ਕਰਨ ਦੇ ਯੋਗ ਬਣਾ ਦੇਣਗੇ। 1886 ਵਿਚ ਦਾਦਾ ਭਾਈ ਨੌਰੋਜੀ ਨੇ ਕਾਂਗਰਸ ਦੇ ਮੁਖੀ ਪਦ ਤੋਂ ਭਾਸ਼ਣ ਦਿੰਦੇ ਹੋਏ ਅੰਗ੍ਰੇਜ਼ੀ ਰਾਜ ਦੇ ਫਾਇਦਿਆਂ ਦਾ ਵਿਸਤਾਰ ਸਹਿਤ ਬਿਆਨ ਕੀਤਾ ਅਤੇ ਪ੍ਰਤੀਨਿਧੀਆਂ ਨੇ ਜ਼ੋਰ-ਜ਼ੋਰ ਨਾਲ ਤਾੜੀਆਂ ਵਜਾ ਕੇ ਉਸਦਾ

ਨੋਟ

ਸਵਾਗਤ ਕੀਤਾ। ਹਿਊਮ ਸਾਹਿਬ ਦੇ ਕਹਿਣ ਉਤੇ ਸੰਮੇਲਨ ਨੇ ਮਹਾਰਾਣੀ ਵਿਕਟੋਰੀਆ ਦੇ ਲਈ ਤਿੰਨ ਵਾਰ ਜੈ ਧੁਨੀ ਕੀਤੀ ਅਤੇ ਉਨ੍ਹਾਂ ਦੀ ਦੀਰਘ ਆਯੂ ਲਈ ਪ੍ਰਾਰਥਨਾ ਕੀਤਾ। ਆਨੰਦ ਬੋਸ ਨੇ ਕਾਂਗਰਸ ਮੁਖੀ ਦੇ ਰੂਪ ਵਿਚ (1898) ਇਹ ਘੋਸ਼ਣਾ ਕੀਤੀ, ਕਿ "ਸਿਖਿਅਤ ਵਰਗ ਇੰਗਲੈਂਡ ਦਾ ਦੁਸ਼ਮਣ ਨਹੀਂ ਪਰ ਉਸਦੇ ਸਨਮੁਖ ਵੱਡੇ ਕਾਰਜ ਵਿਚ ਉਸਦਾ ਪ੍ਰਾਕ੍ਰਿਤਕ ਅਤੇ ਜ਼ਰੂਰੀ ਸਹਿਯੋਗੀ ਹੈ।" ਤੇ ਇਹ ਸਮਝਿਆ ਜਾਂਦਾ ਸੀ ਕਿ ਭਾਰਤ ਦੀ ਤਰੱਕੀ ਵਿਚ ਰੋਕ ਅੰਗ੍ਰੇਜ਼ੀ ਉਪਨਿਵੇਸ਼ਵਾਦੀ ਨੀਤੀ ਨਹੀਂ ਸਗੋਂ ਭਾਰਤੀਆਂ ਦਾ ਸਮਾਜਕ ਅਤੇ ਆਰਥਿਕ ਪਿਛੜਾਪਨ ਸੀ ਅਤੇ ਪ੍ਰਤੀਕ੍ਰਿਆਵਾਦੀ ਐਂਗਲੋ-ਇੰਡੀਅਨ ਨੌਕਰਸ਼ਾਹੀ ਹੀ ਸੀ।

ਇਹ ਉਦਾਰਵਾਦੀ ਦਲ ਅੰਗ੍ਰੇਜ਼ੀ ਸਮਰਾਜ ਦੇ ਬਣੇ ਰਹਿਣ, ਤੇ ਉਸਨੂੰ ਸੁਦ੍ਰਿੜ ਕਰਨ ਦੇ ਪੱਖ ਵਿਚ ਸੀ। ਉਨ੍ਹਾਂ ਨੂੰ ਡਰ ਸੀ ਕਿ ਅੰਗ੍ਰੇਜ਼ ਦੇ ਜਾਣ ਉਤੇ ਅਵਿਵਸਥਾ ਫੈਲ ਜਾਏਗੀ। ਅੰਗ੍ਰੇਜ਼ੀ ਰਾਜ ਸ਼ਾਂਤੀ ਅਤੇ ਵਿਵਸਥਾ ਦਾ ਸੂਚਕ ਸੀ ਤੇ ਭਾਰਤ ਵਿਚ ਬਹੁਤ ਲੰਮੇ ਸਮੇਂ ਤਕ ਇਸਦਾ ਬਣਿਆ ਰਹਿਣਾ ਪਰਮ ਆਵੱਸ਼ਕ ਹੈ। ਇਸੇ ਭਾਵਨਾ ਨੂੰ ਵਿਅਕਤ ਕਰਦੇ ਹੋਏ ਗੋਖਲੇ ਨੇ ਕਿਹਾ ਸੀ, "ਅੰਗ੍ਰੇਜ਼ ਨੌਕਰਸ਼ਾਹੀ ਕਿੰਨੀ ਬੁਰੀ ਕਿਉਂ ਨਾ ਹੋਵੇ... ਪਰੰਤੂ ਅੱਜ ਕੇਵਲ ਅੰਗ੍ਰੇਜ਼ ਹੀ ਵਿਵਸਥਾ ਬਣਾ ਕੇ ਰੱਖਣ ਵਿਚ ਸਫਲ ਹਨ ਅਤੇ ਵਿਵਸਥਾ ਦੇ ਬਿਨਾ ਕੋਈ ਤਰੱਕੀ ਸੰਭਵ ਹੀ ਨਹੀਂ।" ਇਸ ਉਦਾਰਵਾਦੀ ਦਲ ਦੇ ਲੋਕ ਵਾਸਤਵ ਵਿਚ ਵਿਸ਼ਵਾਸ ਕਰਦੇ ਸਨ ਕਿ ਤਰੱਕੀ ਕੇਵਲ ਅੰਗ੍ਰੇਜ਼ੀ ਦੇਖਰੇਖ ਵਿਚ ਹੀ ਸੰਭਵ ਹੈ ਇਸ ਲਈ ਇਹ ਲੋਕ ਕਰਾਉਣ ਦੇ ਪ੍ਰਤੀ ਰਾਜਭਗਤ ਸਨ। ਇਕ ਵਾਰ ਕਾਂਗਰਸ ਮੁਖੀ ਬਦਰੂਦੀਨ ਤੈਅਬਜੀ ਨੇ ਕਿਹਾ "ਮਹਾਰਾਣੀ ਦੀ ਕਰੋੜਾਂ ਪਰਜਾ ਵਿਚੋਂ ਕੋਈ ਹੋਰ ਲੋਕ ਇੰਨੇ ਰਾਜਭਗਤ ਨਹੀਂ ਜਿੰਨੇ ਭਾਰਤੀ ਸਿਖਿਅਤ ਲੋਕ।" ਤੇ ਇਹ ਲੋਕ ਅੰਗ੍ਰੇਜ਼ੀ ਸਮਰਾਜ ਨੂੰ ਸ਼ਕਤੀਹੀਨ ਬਣਾਉਣ ਨੂੰ ਉਧਤ ਨਹੀਂ ਸਨ, ਕਰਾਉਨ ਦੇ ਪ੍ਰਤੀ ਰਾਜਭਗਤੀ ਉਨ੍ਹਾਂ ਦਾ ਰਾਜਨੀਤਿਕ ਧਰਮ ਸੀ। ਸਮਕਾਲੀਨ ਕਾਂਗਰਸੀ ਵਿਸ਼ਵਾਸ ਕਰਦੇ ਸਨ ਕਿ ਅੰਗ੍ਰੇਜ਼ ਨਿਆਂ ਪ੍ਰਿਅ ਲੋਕ ਹਨ ਅਤੇ ਉਹ ਭਾਰਤ ਨਾਲ ਨਿਆਂ ਹੀ ਕਰਣਗੇ। ਭਾਰਤੀਆਂ ਦੀ ਸ਼ਿਕਾਇਤਾਂ ਅੰਗ੍ਰੇਜ਼ ਨੌਕਰਸ਼ਾਹੀ ਦੇ ਕਾਰਨ ਅਤੇ ਅੰਗ੍ਰੇਜ਼ਾਂ ਨੂੰ ਸਾਡੀਆਂ ਸ਼ਿਕਾਇਤਾਂ ਦੀ ਪੂਰੀ ਜਾਣਕਾਰੀ ਨਾ ਹੋਣ ਦੇ ਕਾਰਨ ਨਾਲ ਹੈ। ਇਨ੍ਹਾਂ ਲੋਕਾਂ ਨੇ ਇੰਗਲੈਂਡ ਵਿਚ ਪ੍ਰਚਾਰ ਵਾਲੇ ਪਾਸੇ ਵਿਸ਼ੇਸ਼ ਧਿਆਨ ਦਿਤਾ। ਉਨ੍ਹਾਂ ਨੇ ਆਪਣਾ ਪੱਖ ਤਿਆਰ ਕੀਤਾ ਅਤੇ ਉਸਨੂੰ ਅੰਗ੍ਰੇਜ਼ ਜਨਤਾ ਦੇ ਸਨਮੁਖ ਰੱਖਣ ਦਾ ਯਤਨ ਕੀਤਾ। ਇੰਡੀਅਨ ਨੈਸ਼ਨਲ ਕਾਂਗਰਸ ਦੀ ਇਕ ਬ੍ਰਿਟਿਸ਼ ਸਮੀਤੀ ਲੰਦਨ ਵਿਚ ਬਣਾਈ ਗਈ ਅਤੇ ਉਸਨੇ ਭਾਰਤੀ ਮਾਮਲਿਆਂ ਨਾਲ ਅੰਗ੍ਰੇਜ਼ਾਂ ਨੂੰ ਅਵਗਤ ਕਰਾਉਣ ਦੇ ਉਦੇਸ਼ ਨਾਲ 'ਇੰਡੀਆ' ਨਾਮ ਦੀ ਇਕ ਸਪਤਾਹਿਕ ਪੱਤ੍ਰਿਕਾ ਕੱਢੀ। ਦਾਦਾ ਭਾਈ ਨੌਰੋਜੀ ਬਾਰ-ਬਾਰ ਇਹੀ ਕਹਿੰਦੇ ਸੀ ਕਿ ਅੰਗ੍ਰੇਜ਼ ਵਾਸਤਵ ਵਿਚ ਭਾਰਤ ਦਾ ਭਲਾ ਚਾਹੁੰਦੇ ਹਨ ਅਤੇ ਜੇ ਅਸੀਂ ਕੁਝ ਉੱਚੀ ਆਵਾਜ਼ ਵਿਚ ਆਪਣੀ ਗੱਲ ਕਹੀਏ ਤਾਂ ਇਹ ਨਿਸਫਲ ਨਹੀਂ ਜਾਏਗੀ। ਅਤੇ ਇਹ ਵੀ ਨਿਰਣਾ ਲਿੱਤਾ ਗਿਆ ਕਿ ਇੰਡੀਅਨ ਨੈਸ਼ਨਲ ਕਾਂਗਰਸ ਦਾ ਅਧਿਵੇਸ਼ਨ 1892 ਵਿਚ ਲੰਦਨ ਚ ਕੀਤਾ ਜਾਵੇ ਪਰੰਤੂ 1891 ਵਿਚ ਅੰਗ੍ਰੇਜ਼ੀ ਚੋਣਾਂ ਹੋਣੀਆਂ ਨਿਸ਼ਚਿਤ ਹੋਈਆਂ ਤੇ ਮਾਮਲਾ ਟਾਲ ਦਿਤਾ ਗਿਆ ਤੇ ਫਿਰ ਕਦੀ ਨਹੀਂ ਚੁਕਿਆ ਗਿਆ।

ਇਸ ਕਾਲ ਵਿਚ ਕਾਂਗਰਸ ਨੇ ਦੇਸ਼ ਦੀ ਸੁਤੰਤਰਤਾ ਦੀ ਮੰਗ ਨਹੀਂ ਕੀਤੀ, ਕੇਵਲ ਭਾਰਤੀਅ ਲਈ ਕੁਝ ਰਿਆਸਤਾਂ ਹੀ ਮੰਗੀਆਂ। ਇਹ ਸੱਚ ਹੈ ਕਿ ਉਨੀਂਵੀ ਸ਼ਤਾਬਦੀ ਦੇ ਅੰਤਿਮ ਦਸ਼ਕ ਵਿਚ ਲੋਕਮਾਨਿਆ ਤਿਲਕ ਨੇ ਸਵਰਾਜ ਸ਼ਬਦ ਦਾ ਪ੍ਰਯੋਗ ਕੀਤਾ। ਪਰੰਤੂ ਨਾ ਤੇ ਇਹ ਸ਼ਬਦ ਹੀ ਲੋਕਪ੍ਰਿਅ ਹੋਇਆ ਅਤੇ ਨਾ ਹੀ ਇਸਦਾ ਕਾਂਗਰਸ ਦੇ ਪ੍ਰਸਤਾਵਾਂ ਵਿਚ ਉਲੇਖ ਸੀ। ਸੁਰੇਂਦਰਨਾਥ ਬੈਨਰਜੀ ਨੇ ਵੀ ਕਾਂਗਰਸ ਦੇ 1895 ਦੇ ਪੂਨਾ ਅਧਿਵੇਸ਼ਨ ਦੇ ਮੁਖੀ ਪਦ ਤੋਂ ਇਹੀ ਕਿਹਾ ਸੀ ਕਿ ਅਸੀਂ ਪ੍ਰਤੀਨਿਧੀ ਸੰਸਥਾਵਾਂ (representative institutions) ਨਹੀਂ ਮੰਗਦੇ ਸਿਰਫ ਇਹ ਕਿ "ਪੜ੍ਹੇ-ਲਿਖੇ ਲੋਕਾਂ ਨੂੰ-ਜੋ ਆਪਣੀ ਸਿਖਿਆ-ਦਿਖਿਆ ਦੇ ਕਾਰਨ ਇਨ੍ਹਾਂ ਨੂੰ ਸਮਝਦੇ ਅਤੇ ਅਨੁਸਾਰ ਕਰਨ ਦੀ ਯੋਗਤਾ ਰਖਦੇ ਹਨ-ਇਹ ਕੁਝ ਪਰਿਵਰਤਤ ਰੂਪ ਵਿਚ ਵਰਦਾਨ ਦੇ ਰੂਪ ਵਿਚ ਦੇ ਦਿਤੀ ਜਾਵੇ।" ਕਾਂਗਰਸ ਦੀ ਮੰਗਾਂ, ਵਿਧਾਨ ਪਰਿਸ਼ਦਾਂ ਦਾ ਵਿਸਤਾਰ, ਉਨ੍ਹਾਂ ਦੀਆਂ ਜ਼ਿਆਦਾ ਸ਼ਕਤੀਆਂ ਭਾਰਤੀਆਂ ਦੇ ਲਈ ਜ਼ਿਆਦਾ ਪ੍ਰਤੀਨਿਧੀਤਵ ਵਾਏਸਰਾਏ ਤੇ ਗਵਰਨਰਾਂ ਦੀ ਕਾਰਜਕਾਰਨੀ ਵਿਚ ਭਾਰਤੀਆਂ ਨੂੰ ਪ੍ਰਤੀਨਿਧੀਤਵ, ਸਿਵਿਲ ਸੇਵਾ (civil service) ਵਿਚ ਜ਼ਿਆਦਾ ਭਰਤੀ ਇਸ ਲਈ ਭਾਰਤ ਅਤੇ ਇੰਗਲੈਂਡ ਵਿਚ ਨਾਲ-ਨਾਲ ਪਰੀਖਿਆਵਾਂ ਆਦਿ-ਆਦਿ ਤਕ ਹੀ ਸੀਮਤ ਸਨ। ਇਹ ਮੰਗਾਂ ਹੀਨ ਤੋਂ ਹੀਨ ਸ਼ਬਦਾਂ ਵਿਚ ਜਾਚਨਾ ਦੇ ਰੂਪ ਵਿਚ ਪ੍ਰਸਤੁਤ ਕੀਤੀਆਂ ਜਾਂਦੀਆਂ ਸਨ ਅਤੇ ਕਾਂਗਰਸ ਕੇਵਲ ਸੰਵਧਾਨਿਕ ਢੰਗਾਂ ਦਾ ਹੀ ਪ੍ਰਯੋਗ ਕਰਦੀ ਸੀ।

ਕਾਂਗਰਸ ਦੇ ਪ੍ਰਤੀ ਅਧਿਕਾਰੀ-ਵਰਗ ਦਾ ਰੁਖ (civil service)-ਕਾਂਗਰਸ ਦੇ ਇਸ ਨਰਮ ਰੁਖ ਤਟਸਥਾ ਦਾ ਸੀ। ਇਸ ਭਾਵਨਾ ਨਾਲ ਪ੍ਰੇਰਿਤ ਹੋ ਕੇ ਡਫਰਿਨ ਨੇ ਇੰਡੀਅਨ ਨੈਸ਼ਨਲ ਕਾਂਗਰਸ ਕਲਕੱਤਾ ਅਧਿਵੇਸ਼ਨ (1886) ਦੇ ਪ੍ਰਤੀਨਿਧੀਆਂ ਨੂੰ ਇਕ ਉਦਿਆਨ ਭੋਜ਼ (garden party) ਦਿਤਾ ਸੀ ਜਿਸ ਵਿਚ ਸਪਸ਼ਟ ਕੀਤਾ ਗਿਆ ਸੀ ਕਿ ਇਹ ਸੱਦਾ-ਪੱਤਰ ਕਾਂਗਰਸ ਦੇ ਪ੍ਰਤੀਨਿਧੀਆਂ ਨੂੰ ਨਹੀਂ ਸਗੋਂ ਕਲਕੱਤਾ ਆਏ ਹੋਏ ਵਿਸ਼ਿਸ਼ਠ ਦਰਸ਼ਕਾਂ ਨੂੰ ਹੈ। 1887 ਵਿਚ ਮਦਰਾਸ ਦੇ ਗਵਰਨ ਨੇ ਕਾਂਗਰਸ ਦੇ ਤੀਜੇ ਅਧਿਵੇਸ਼ਨ ਲਈ ਮਦਰਾਸ ਵਿਚ ਸਹੂਲਤਾਂ ਪ੍ਰਦਾਨ ਕੀਤੀਆਂ ਪਰੰਤੂ 1887 ਦੇ ਬਾਅਦ ਸਰਕਾਰ ਦਾ ਰੁਖ ਕਠੋਰ ਹੁੰਦਾ ਗਿਆ। ਕਾਂਗਰਸ ਨੇ ਇਕ ਪੁਸਤਕਾ (pamphlet) ਪ੍ਰਕਾਸ਼ਤ ਕੀਤੀ ਜਿਸਦਾ ਸਿਰਲੇਖ ਸੀ 'ਇਕ ਤਮਿਲ ਕਾਂਗਰਸ ਪ੍ਰਸ਼ਨੋਤਰ ਰੂਪੀ ਸਿਖਿਆ, (A Tamil cogress catechism) ਇਸ ਵਿਚ ਦੋ ਵਿਅਕਤੀਆ ਦੇ ਵਿਚ ਪ੍ਰਸ਼ਨੋਤਰ ਦੇ ਰੂਪ ਵਿਚ ਤਾਨਾਸ਼ਾਹੀ ਰਾਜਪੱਧਤੀ ਅਤੇ ਅਨੇਅਤਰਵਾਸੀ ਭੂਮੀਪਤੀਆਂ (A Tamil cogress catechism) ਦੀ ਅਲੋਚਨਾ ਕਰ ਉਤੇ ਕਾਂਗਰਸ ਦਾ ਸਰਕਾਰ ਨਾਲ ਖੁਲਾ ਵਿਰੋਧ ਹੋ ਗਿਆ। ਅਧਿਕਾਰੀ ਵਰਗ ਨੇ ਸਰ ਸਈਅਦ ਅਹਿਮਦ ਖਾਂ ਤੇ ਬਨਾਰਸ ਦੇ ਰਾਜਾ

ਨੋਟ

ਸ਼ਿਵਪ੍ਰਸਾਦ ਨੂੰ ਪ੍ਰੇਰਣਾ ਦਿਤੀ ਕਿ ਉਹ ਕਾਂਗਰਸ ਦੇ ਪ੍ਰਚਾਰ ਦਾ ਪ੍ਰਤੀਰੋਧ ਕਰਨ ਲਈ ਕਿ ਸੰਗਠਤ ਭਾਰਤੀ ਦੇਸ਼ਭਗਤ ਮੰਡਲ (United Indian Patriotic Association) ਦਾ ਗਠਨ ਕਰੇ। ਡਰਫਿਨ ਨੇ ਕਾਂਗਰਸ ਦੇ ਰਾਸ਼ਟਰੀ ਚਰਿੱਤਰ ਨੂੰ ਚੁਣੌਤੀ ਦਿਤੀ ਅਤੇ ਕਿਹਾ ਇਹ ਤਾਂ ਕੇਵਲ ਇਕ "ਸੁਰੱਖਿਆਦਰਸ਼ੀ ਘੱਟ ਗਿਣਤੀ" ਦਾ ਪ੍ਰਤੀਨਿਧੀਤਵ ਕਰਦੀ ਹੈ ਅਤੇ ਕਾਂਗਰਸ ਦੀ ਮੰਗਾਂ ਨੂੰ ਅਗਿਆਤ ਵਿਚ ਛਲਾਂਗ (jump into the unknown) ਦੀ ਸੰਗਿਆ ਦਿਤੀ ਗਈ। 1890 ਵਿਚ ਸਰਕਾਰੀ ਸੇਵਕਾਂ ਨੂੰ ਕਾਂਗਰਸ ਵਿਚ ਸ਼ਾਮਲ ਹੋਣ ਦੀ ਆਗਿਆ ਨਹੀਂ ਰਹੀ। ਲਾਰਡ ਕਰਜਨ ਨੇ ਤਾਂ ਇਥੇ ਤਕ ਕਹਿ ਦਿਤਾ ਸੀ ਕਿ "ਕਾਂਗਰਸ ਆਪਣੇ ਪਤਨ ਦੇ ਪਾਸੇ ਲੜਖੜਾਂਦੀ ਹੋਈ ਜਾ ਰਹੀ ਹੈ" ਅਤੇ ਕਰਜ਼ਨ ਦੀ ਮਹੱਤਵਕਾਂਖਿਆ ਵਿਚੋਂ ਇਕ ਇਹ ਸੀ ਕਿ "ਉਹ ਉਸਦੀ ਸ਼ਾਤੀ ਨਾਲ ਮ੍ਰਿਤੂ ਵਿਚ ਸਹਾਇਤਾ ਕਰ ਸਕੇ।"

ਉਦਾਰਵਾਦੀ ਦਲ ਦੀ ਨੀਤੀਆਂ ਦਾ ਮੁਲਾਂਕਣ-ਵੀਹਵੀਂ ਸ਼ਤਾਬਦੀ ਦੇ ਆਰੰਭਕ ਸਾਲਾਂ ਵਿਚ ਉਗ੍ਰਵਾਦੀਆਂ ਨੇ ਇਸ ਕਾਲ ਦੀ ਉਪਲਬਧੀਆਂ ਦੀ ਨਿੰਦਾ ਕੀਤੀ। ਇਸਨੂੰ ਰਾਜਨੀਤਿਕ ਭਿਖਿਆਵ੍ਰਿਤੀ (political mendicancy) ਦਾ ਨਾਮ ਦਿਤਾ ਗਿਆ। ਲਾਲਾ ਲਾਜਪਤ ਰਾਏ ਨੇ ਇਸਨੂੰ ਅਵਸਰਵਾਦੀ ਅੰਦੋਲਨ ਕਿਹਾ। "ਜ਼ਿਆਦਾ ਤੋਂ ਜ਼ਿਆਦਾ ਇਸ ਨਾਲ ਪਖੰਡ ਅਤੇ ਦੇਸ਼ਦ੍ਰੋਹ ਨੂੰ ਵਾਧਾ ਮਿਲਿਆ ਹੈ। ਕੁਝ ਲੋਕਾਂ ਨੂੰ ਦੇਸ਼ਭਗਤੀ ਦੇ ਨਾਮ ਉਤੇ ਵਿਉਪਾਰ ਕਰਨ ਦਾ ਅਵਸਰ ਮਿਲਿਆ।"

ਇਨ੍ਹਾਂ ਉਦਾਰਵਾਦੀ ਦਲ ਵਾਲਿਆਂ ਦੇ ਵਿਰੁਧ ਸਭ ਤੋਂ ਵੱਡਾ ਦੋਸ਼ 'ਕਰਾਉ ਦੇ ਪ੍ਰਤੀ ਰਾਜਭਗਤੀ' ਸੀ। ਵੈਸੇ ਤੇ ਉਦਾਰਵਾਦੀ ਲੋਕ ਵਿਸ਼ਵਾਸ ਕਰਦੇ ਸੀ ਕਿ ਭਾਰਤ ਵਿਚ ਰਾਸ਼ਟਰੀਅਤਾ ਦੇ ਕੁਝ ਜਰੂਰੀ ਤੱਤ ਵਿੱਦਮਾਨ ਨਹੀਂ ਹਨ ਅਤੇ ਉਹ ਨਿਕਟ ਭਵਿੱਖ ਵਿਚ ਅੰਗ੍ਰੇਜ਼ੀ ਰਾਜ ਦਾ ਕੋਈ ਵਿਕਲਪ ਨਹੀਂ ਸੋਚ ਸਕਦੇ ਸੀ। ਉਹ ਰਾਸ਼ਟਰੀ ਹਿਤਾਂ ਨੂੰ ਨੁਕਸਾਨ। 1887 ਵਿਚ ਵਿਪਿਨਚੰਦਰ ਪਾਲ ਨੇ ਕਿਹਾ ਸੀ, "ਮੈਂ ਅੰਗ੍ਰੇਜ਼ਾਂ ਦਾ ਰਾਜਭਗਤ ਹਾਂ ਕਿਉਂਕਿ ਮੇਰੇ ਲਈ ਅੰਗ੍ਰੇਜ਼ੀ ਸਮਰਾਜ ਦੇ ਪ੍ਰਤੀ ਰਾਜਭਗਤੀ ਵਾਸਤਵ ਵਿਚ ਆਪਣੇ ਦੇਸ਼ ਅਤੇ ਉਸਦੇ ਵਾਸੀਆਂ ਦੇ ਪ੍ਰਤੀ ਰਾਜਭਗਤੀ ਦੋਵੇਂ ਅਭਿੰਨ ਹਨ। ਮੈਂ ਅੰਗ੍ਰੇਜ਼ ਦੇ ਪ੍ਰਤੀ ਰਾਜਭਗਤ ਹਾਂ ਕਿਉਂਕਿ ਮੈਂ ਸ਼ਵਸ਼ਾਸਨ ਨੂੰ ਪਿਆਰ ਕਰਦਾ ਹਾਂ।

ਜੇਕਰ ਅਸੀਂ ਦਾਦਾ ਭਾਈ ਨੌਰੋਜੀ, ਸਰ ਫਿਰੋਜਸ਼ਾਹ ਮੇਹਤਾ, ਸਰ ਦੀਨਸ਼ਾ ਵਾਚਾ, ਗੋਪਾਲ ਕ੍ਰਿਸ਼ਨ ਗੋਖਲੇ, ਸੁਰੇਂਦਰਨਾਥ ਬੈਨਰਜੀ ਵਰਗੇ ਲੋਕਾਂ ਨਾਲ ਨਿਆਂ ਕਰੀਏ ਤਾਂ ਸਾਨੂੰ ਸਵੀਕਾਰ ਕਰਨਾ ਪਵੇਗਾ ਕਿ ਇਹ ਲੋਕ ਸਮਕਾਲੀਨ ਭਾਰਤੀ ਸਮਾਜ ਦੇ ਸਭ ਤੋਂ ਵਧ ਪ੍ਰਗਤੀਵਾਦੀ ਤੱਤ ਸਨ ਅਤੇ ਸੱਚੇ ਦੇਸ਼ਭਗਤ ਸਨ। ਉਹ ਭਾਰਤੀ ਸਮਾਜ ਨੂੰ ਸੁਧਾਰਣ ਦਾ ਬਹੁਤ ਜਤਨ ਕਰਦੇ ਰਹੇ। ਇਨ੍ਹਾਂ ਲੋਕਾਂ ਨੇ 1886 ਵਿਚ ਇਕ ਲੋਕ ਸੇਵਾ ਆਯੋਗ (Public Sevice Commisssion) ਨਿਯੁਕਤ ਕਰਵਾਇਆ ਅਤੇ 1892 ਵਿਚ ਭਾਰਤੀ ਪਰਿਸ਼ਦਾਂ ਦਾ ਅਧਿਨਿਅਮ (Indian Councils Act) ਪਾਰਿਤ ਕਰਵਾਇਆ। ਦੋਨਾਂ ਨਾਲ ਹੀ ਲੋਕਾਂ ਨੂੰ ਨਿਰਾਸ਼ਾ ਹੋਈ ਤਥਾ ਮੂਲਭੂਤ ਸੰਵਿਧਾਨ ਵਿਚ ਕੋਈ ਪਰਿਵਰਤਨ ਨਹੀਂ ਹੋਇਆ। ਉਨ੍ਹਾਂ ਨੇ ਸਿਵਿਲ ਸੇਵਾ ਦੇ ਲਈ ਇੰਗਲੈਂਡ ਅਤੇ ਭਾਰਤ ਵਿਚ ਇਕ ਹੀ ਸਮੇਂ ਵਿਚ ਪਰੀਖਿਆ ਕਰਾਉਣ ਦੀ ਮੰਗ ਕੀਤੀ। ਸਰਕਾਰ ਨੇ ਉਨ੍ਹਾਂ ਦੀ ਬੇਨਤੀ ਉਤੇ ਭਾਰਤੀ ਖਰਚੇ ਦੀ ਸਮੀਖਿਆ ਦੇ ਲਈ ਵੈਲਬਾਈ ਆਯੋਗ (Welby Commission) ਵੀ ਨਿਯੁਕਤ ਕੀਤਾ ਇਨ੍ਹਾਂ ਲੋਕਾਂ ਨੇ ਕਠਿਨ ਮਿਹਨਤ ਕੀਤਾ। ਉਨ੍ਹਾਂ ਦੇ ਕੰਮ ਕਰਨ ਦੇ ਢੰਗਾਂ-ਪ੍ਰਾਰਥਨਾ, ਜਾਚਨਾ, ਅਤੇ ਵਿਰੋਧ (prayer, fietition and protest) ਪ੍ਰਗਟ ਕਰਨਾ-ਸਾਰਿਆਂ ਨਾਲ ਰਾਜਨੀਤਿਕ ਪ੍ਰੋੜਤਾ ਆਈ ਅਤੇ ਭਾਰਤ ਵਿਚ ਰਾਸ਼ਟਰ-ਭਾਵਨਾ ਵਧੀ।

ਉਦਾਰਵਾਦੀ ਦਲ ਦੀ ਸਭ ਤੋਂਜ਼ ਮਹਾਨ ਸੇਵਾ ਉਸ ਸਮੇਂ ਹੋਈ ਜਦ ਇਨ੍ਹਾਂ ਲੋਕਾਂ ਨੇ ਅੰਗ੍ਰੇਜ਼ੀ ਸਮਰਾਜ ਦੇ ਭਾਰਤ ਉਤੇ ਆਰਥਿਕ ਪ੍ਰਭਾਵ ਦਾ ਮੁਲਾਂਕਣ ਕੀਤਾ ਉਨ੍ਹਾਂ ਨੇ ਭਾਰਤੀ ਗਰੀਬੀ (Indian poverty) ਦੇ ਪਾਸੇ ਧਿਆਨ ਆਕਰਸ਼ਿਤ ਕੀਤਾ ਅਤੇ ਇਹ ਦਸਿਆ ਕਿ ਇਹ ਗਰੀਬੀ ਅੰਗ੍ਰੇਜੀ ਓਪਨਿਵੇਸ਼ਕ ਸ਼ੋਸ਼ਣ ਦੇ ਕਾਰਨ ਹੀ ਹੈ। ਦਾਦਾ ਭਾਈ ਨੌਰੋਜੀ, ਦੱਤ ਤੇ ਵਾਵਾ ਦੁਆਰਾ ਪ੍ਰਤੀਪਾਦਤ "ਨਿਕਾਸ ਦਾ ਸਿਧਾਂਤ" (drain theory) ਅੰਗ੍ਰੇਜ਼ਾਂ ਦੀ ਭਾਰਤ ਵਿਚ ਆਰਥਿਕ ਭੂਮਿਕਾ ਉਤੇ ਦੋਸ਼ਪੂਰਨ ਸੀ। ਇਸ ਸਿਧਾਂਤ ਦਾ ਕਲਾਂਤਰ ਵਿਚ ਉਗ੍ਰਵਾਦੀ ਦਲ ਵਾਲਿਆਂ ਨੇ ਅੰਗ੍ਰੇਜ਼ਾਂ ਨੂੰ ਬਦਨਾਮ ਕਰਨ ਦੇ ਲਈ ਪ੍ਰਚੁਰ ਇਸਤੇਮਾਲ ਕੀਤਾ।

## ਗਰਮੀਪੰਥੀ (Extremist)

ਉਨੀਂਵੀਂ ਸ਼ਤਾਬਦੀ ਦੇ ਅੰਤਿਮ ਅਤੇ ਵੀਹਵੀਂ ਸ਼ਦਾਬਦੀ ਦੇ ਆਰੰਭਕ ਸਾਲਾਂ ਵਿਚ ਭਾਰਤੀ ਰਾਸ਼ਟਰੀ ਕਾਂਗਰਸ ਵਿਚ ਇਕ ਨਵੇਂ ਅਤੇ ਤਰੁਣ ਦਲ ਦਾ ਉਦੇ ਹੋਇਆ, ਜੋ ਪੁਰਾਣੇ ਨੇਤਾਵਾਂ ਦੇ ਆਰਸ਼ ਤੇ ਢੰਗਾਂ ਦਾ ਤਕੜਾ ਅਲੋਚਕ ਸੀ। ਇਹ 'ਕ੍ਰੋਧੀ ਤਰੁਣ ਲੋਕ" (angry youngmen) ਚਾਹੁੰਦੇ ਸਨ ਕਿ ਕਾਂਗਰਸ ਦਾ ਧੇਅ ਸਵਰਾਜ ਹੋਣਾ ਚਾਹੀਦਾ ਜਿਸ ਨੂੰ ਉਹ ਆਤਮਵਿਸ਼ਵਾਸ ਅਤੇ ਆਤਮ ਨਿਰਭਰਤਾ ਨਾਲ ਪ੍ਰਾਪਤ ਕਰਨ। ਇਸ ਦਲ ਨੂੰ ਪੁਰਾਣੇ ਉਦਾਰਵਾਦੀ ਦੀ ਤੁਲਣਾ ਵਿਚ ਉਗ੍ਰਵਾਦੀ ਕਹਿੰਦੇ ਸਨ।

ਕਾਂਗਰਸ ਵਿਚ ਫੁੱਟ ਦੀ ਪ੍ਰਕ੍ਰਿਆ ਉਸ ਸਮੇਂ ਆਰੰਭ ਹੋਈ ਜਦੋਂ ਲੋਕਮਾਨਿਆ ਤਿਲਕ ਦਾ ਸਮਾਜ ਸੁਧਾਰ ਦੇ ਪ੍ਰਸ਼ਨ ਉਤੇ ਉਗ੍ਰਵਾਦੀ ਦਲ ਅਤੇ 'ਸੁਧਾਰਕਾਂ' ਨਾਲ ਝਗੜਾ ਹੋਇਆ। ਜੁਲਾਈ 1895 ਵਿਚ ਤਿਲਕ ਅਤੇ ਉਸਦੇ ਸਹਿਯੋਗੀਆਂ ਨੇ ਪੂਨਾ ਸਾਰਵਜਨਿਕ ਸਭਾ ਵਿਚ ਰਾਨਾਡੇ ਅਤੇ ਗੋਖਲੇ ਦੇ ਅਧਿਕਾਰ ਨੂੰ ਚੁਣੌਤੀ ਦੇਕੇ ਉਸਨੂੰ ਸਮਾਪਤ ਕਰ ਦਿਤਾ ਅਤੇ ਗੋਖਲੇ ਨੇ ਇਕ ਤਰਫ ਵਖਰਾ ਰਾਜਨੀਤਿਕ ਸੰਗਠਨ 'ਦੱਕਨ ਸਭਾ' (The Deccan Sabha) ਸਥਾਪਤ ਕਰ ਲਈ। ਤਿਲਕ ਨੇ ਗੋਖਲੇ ਦੇ ਰਾਸ਼ਟਰੀ ਰਾਜਨੀਤੀ ਵਿਚ 'ਖਿਮਾ ਜਾਚਨਾ' ਦੇ ਪ੍ਰਸ਼ਨ ਉਤੇ 'ਇਕ ਕੱਚਾ ਨਰਕਟ' ਕਹਿ ਕੇ ਬਦਨਾਮ ਕੀਤਾ।

ਨੋਟ

ਵਾਸਤਵ ਵਿਚ ਤਿਲਕ ਸਮਕਾਲੀਨ ਕਾਂਗਰਸੀ ਨੇਤਾਵਾਂ ਨਾਲੋਂ ਭਿੰਨ ਮਿੱਟੀ ਦੇ ਬਣੇ ਸਨ। ਉਹ ਸਰਕਾਰ ਦੀ ਅਲੋਚਨਾ ਵਿਚ ਬਹੁਤ ਸਪਸ਼ਟ ਬੁਲਾਰੇ ਸਨ ਅਤੇ ਆਪਣੇ ਵਿਸ਼ਵਾਸ ਲਈ ਕੁਰਬਾਨੀ ਕਰਨ ਨੂੰ ਅੱਗੇ ਸਨ। ਉਹ ਪਹਿਲੇ ਕਾਂਗਰਸੀ ਨੇਤਾ ਸੀ ਜਿਨ੍ਹਾਂ ਨੇ ਦੇਸ਼ ਲਈ ਕਈ ਵਾਰ ਜੇਲ ਯਾਤਰਾ ਕੀਤੀ। 1882 ਵਿਚ ਉਨਾਂ ਨੇ ਸਰਕਾਰ ਦੇ ਕੋਲਹਾਪੁਰ ਦੇ ਮਹਾਰਾਜਾ ਨਾਲ ਵਰਤਾਓ ਉਤੇ ਬਹੁਤ ਸਖਤ ਭਾਸ਼ਾ ਦਾ ਇਸਤੇਮਾਲ ਕੀਤੀ ਅਤੇ ਚਾਰ ਮਹੀਨਿਆਂ ਦੀ ਸਜਾ ਭੋਗੀ। 1897 ਵਿਚ ਫਿਰ ਉਨ੍ਹਾਂ ਨੂੰ ਸਰਕਾਰ ਦੇ ਵਿਰੁੱਧ ਅਸੰਤੋਖ ਫੈਲਾਉਣ ਲਈ 18 ਮਹੀਨਿਆਂ ਦੀ ਸਖਤ ਸਜਾ ਹੋਈ। ਦਸੰਬਰ 1897 ਵਿਚ ਅਮਰਾਵਤੀ ਵਿਚ ਹੋਏ ਕਾਂਗਰਸ ਅਧਿਵੇਸ਼ਨ ਵਿਚ ਤਿਲਕ ਦੇ ਸਹਿਯੋਗੀਆਂ ਨੇ ਇਕ ਪ੍ਰਸਤਾਵ ਪਾਰਿਤ ਕਰਵਾਉਣ ਦਾ ਜਤਨ ਕੀਤਾ, ਜਿਸ ਵਿਚ ਤਿਲਕ ਦੀ ਮੁਕਤੀ ਦੀ ਮੰਗ ਕੀਤੀ ਸੀ। ਉਦਾਰਵਾਦੀ ਦਲ ਦੇ ਲੋਕਾਂ ਨੇ ਇਸਦੀ ਆਗਿਆ ਨਹੀਂ ਦਿਤੀ। ਇਸੇ ਪ੍ਰਕਾਰ ਮਦਰਾਸ ਅਧਿਵੇਸ਼ਨ (ਦਸੰਬਰ 1898) ਵਿਚ ਤਿਲਕ ਦੀ ਸ਼ਲਾਘਾ ਕਰਨ ਦਾ ਪ੍ਰਸਤਾਵ ਵੀ ਉਦਾਰਵਾਦੀ ਦਲ ਵਾਲਾਂ ਨੇ ਪਾਰਿਤ ਨਹੀਂ ਹੋਣ ਦਿਤਾ। ਅਗਲੇ ਸਾਲ ਲਖਨਊ ਅਧਿਵੇਸ਼ਨ ਵਿਚ ਜਦੋ ਤਿਲਕ ਨੇ ਬੰਬਈ ਦੇ ਗਵਰਰ ਦੀ ਨਿੰਦਾ ਕਰਨ ਦਾ ਪ੍ਰਸਤਾਵ ਰਖਿਆ ਤੇ ਉਹ ਵੀ ਉਦਾਰਵਾਦੀ ਦਲ ਵਾਲਿਆਂ ਨੇ ਪਾਰਿਤ ਨਹੀਂ ਹੋਣ ਦਿਤਾ। ਹੁਣ ਇਹ ਸਪਸ਼ਟ ਸੀ ਕਿ ਉਦਾਰਵਾਦੀ ਦਲ ਵਾਲੇ ਲੋਕ ਤਿਲਕ ਅਤੇ ਉਸਦੇ ਸਹਿਯੋਗੀਆਂ ਨੂੰ ਕਾਂਗਰਸ ਵਿਚ ਸਾਰੇ ਮਹੱਤਵਪੂਰਨ ਪਦਾਂ ਤੋਂ ਦੂਰ ਰਖਣਾ ਚਾਹੁੰਦੇ ਸਨ ਅਤੇ ਕਾਂਗਰਸ ਦੇ ਇਤਿਹਾਸ ਵਿਚ ਇਹੀ ਇਕ ਐਸੇ ਨੇਤਾ ਸਨ ਜਿਨ੍ਹਾਂ ਨੂੰ ਕਾਂਗਰਸ ਦਾ ਮੁਖੀ ਬਣਨ ਦਾ ਅਵਸਰ ਨਹੀਂ ਦਿਤਾ ਗਿਆ।

## ਗਰਮਪੰਥ ਦੇ ਉਦੇ ਦੇ ਕਾਰਨ (Causes of the Rise of Extremism)

ਬੰਕਿਮਚੰਦਰ ਚਟਰਜੀ ਵਰਗੇ ਲੋਕਾਂ ਨੇ ਕਾਂਗਰਸ ਦੀ ਨੀਤੀਆਂ ਦਾ ਵਿਰੋਧ ਕੀਤਾ ਸੀ ਅਤੇ ਕਿਹਾ ਸੀ ਕਿ "ਕਾਂਗਰਸ ਦੇ ਲੋਕ ਪਦਾਂ ਦੇ ਭੁੱਖੇ ਰਾਜਨੀਤਕ" ਹਨ। ਅਰਵਿੰਦ ਘੋਸ਼ ਨੇ ਵੀ 1993-94 ਵਿਚ ਇਕ ਲੇਖਾਂ ਦੀ ਲੜੀਆਂ ਵਿਚ ਇਹ ਕਿਹਾ ਸੀ ਕਿ ਕਾਂਗਰਸ ਮਜ਼ਦੂਰ ਵਰਗ (proletariate) ਤੋਂ ਦੂਰ ਹੈ, ਅਰਾਸ਼ਟਰਵਾਦੀ ਤੋਂ ਦੂਰ ਹੈ, ਅਰਾਸ਼ਟਰਵਾਦੀ ਹੈ ਅਤੇ ਇਹ ਪੂਰਨ ਅਸਫਲ ਰਹੀ ਹੈ ਤੇ ਇਸਦੀ ਸ਼ਾਸਕਾਂ ਨੂੰ ਨਾਖੁਸ਼ ਕਰਨ ਦੇ ਡਰ ਤੋਂ ਸਪਸ਼ਟ ਨਾ ਕਹਿਣ ਦੀ ਨੀਤੀ ਨੂੰ 'ਕਾਇਰਤਾ' ਦੀ ਸੰਗਿਆ ਦਿਤੀ। ਉਸਦੇ ਅਨੁਸਾਰ ਕਾਂਗਰਸ ਸਾਹ ਰੋਗ ਨਾਲ ਮਰਨ ਹੀ ਵਾਲੀ ਹੈ।

ਜਿਨ੍ਹਾਂ ਤੱਤਾਂ ਦੇ ਕਾਰਨ ਉਗ੍ਰਵਾਦ ਦਾ ਉਦੇ ਹੋਇਆ, ਉਨ੍ਹਾਂ ਵਿਚ ਪ੍ਰਮੁੱਖ ਹੇਠ ਲਿਖੇ ਹਨ-

1. **ਅੰਗ੍ਰੇਜ਼ੀ ਰਾਜ ਦੀ ਪ੍ਰਕ੍ਰਿਤੀ ਨੂੰ ਠੀਕ-ਠਾਕ ਸਮਝਣਾ**-ਆਰੰਭਕ ਕਾਲ ਦੇ ਨੇਤਾਵਾਂ ਨੇ ਆਪਣੇ ਅਣਥਕ ਅਧਿਐਨ ਅਤੇ ਲੇਖਾਂ ਦੁਆਰਾ ਲੋਕਾਂ ਨੂੰ ਭਾਰਤ ਵਿਚ ਅੰਗ੍ਰੇਜ਼ੀ ਰਾਜ ਦੇ ਸੱਚੇ ਸਰੂਪ ਨੂੰ ਸਮਝਾਉਣ ਦਾ ਜਤਨ ਕੀਤਾ। ਉਨ੍ਹਾਂ ਨੇ ਆਂਕੜਿਆਂ ਤੋਂ ਇਹ ਸਿੱਧ ਕੀਤਾ ਕਿ ਅੰਗ੍ਰੇਜ਼ੀ ਰਾਜ ਅਤੇ ਉਸਦੀ ਨੀਤੀਆਂ ਹੀ ਭਾਰਤ ਦੀ ਗਰੀਬੀ ਦਾ ਮੂਲ ਕਾਰਨ ਹਨ। ਦਾਦਾ ਭਾਈ ਨੌਰੋਜੀ ਨੇ ਅੰਗ੍ਰੇਜ਼ੀ ਰਾਜ ਦੀ ਸ਼ੋਸ਼ਕ ਨੀਤੀਆਂ ਦਾ ਅਨਾਵਰਣ ਕਰ ਦਿਤਾ ਅਤੇ ਕਿਹਾ ਕਿ ਉਹ ਰਾਜ ਭਾਰਤ ਨੂੰ ਦਿਨ ਪ੍ਰਤੀਦਿਨ ਲੁਟਣ ਵਿਚ ਰੱਤੇ ਹਨ। ਇਸੇ ਪ੍ਰਕਾਰ ਆਨੰਦ ਚਾਰਲੂ, ਆਰ.ਐਨ. ਮੁਧੋਲਕਰ, ਦਿਨਸ਼ਾ ਵਾਚਾ, ਗੋਪਾਲ ਕ੍ਰਿਸ਼ਨ ਗੋਖਲੇ, ਮਦਨਮੋਹਨ ਮਾਲਵੀਆ ਆਦਿ ਹੋਰ ਰਾਸ਼ਟਰੀ ਨੇਤਾਵਾਂ ਨੇ ਅੰਗ੍ਰੇਜ਼ੀ ਰਾਜ ਦੇ ਢੋਲ ਦੀ ਪੋਲ ਖੋਲ ਦਿੱਤੀ ਅਤੇ ਦਸਿਆ ਕਿ ਇਸ ਰਾਜ ਦਾ ਅਸਲ ਰੂਪ ਵਿਚ ਕੇਵਲ ਸ਼ੋਸ਼ਕ ਹੀ ਹੈ। ਸ੍ਰੀ ਰਮੇਸ਼ਚੰਦਰ ਦੱਤ ਅਤੇ ਜੀ.ਬੀ. ਜੋਸ਼ੀ ਨੇ ਅੰਗ੍ਰੇਜ਼ੀ ਭੂਮੀ ਟੈਕਸ ਵਿਵਸਥਾ ਦਾ ਠੀਕ-ਠਾਕ ਮੁਲਾਂਕਣ ਕੀਤਾ। ਸ੍ਰੀ ਸੁਰੇਂਦਰਨਾਥ ਬੈਨਰਜੀ ਨੇ ਇਹ ਸਪਸ਼ਟ ਕੀਤਾ ਕਿ ਸੇਵਾਵਾਂ ਦੀ ਭਰਤੀ ਵਿਚ ਅੰਗੇਜ਼ੀ ਦੀ ਕਥਨੀ ਤੇ ਕਰਨੀ ਵਿਚ ਬਹੁਤ ਜ਼ਿਆਦਾ ਅੰਤਰ ਹੈ। ਕਾਂਗਰਸ ਦੇ ਦੂਜੇ ਅਧਿਵੇਸ਼ਨ ਵਿਚ ਹੀ ਭਾਰਤ ਦੀ ਵਧਦੀ ਹੋਈ ਗਰੀਬੀ ਦੇ ਪਾਸੇ ਧਿਆਨ ਕਰਵਾਇਆ ਗਿਆ ਅਤੇ ਇਹ ਪ੍ਰਸਤਾਵ ਹਰ ਸਾਲ ਪਾਰਿਤ ਕੀਤਾ ਗਿਆ ਜਾਂਦਾ ਸੀ। ਇਸਦੇ ਲਈ ਉਨ੍ਹਾਂ ਨੇ ਸੈਨਿਕ ਅਤੇ ਅਸੈਨਿਕ ਪਦਾਂ ਉਤੇ ਉਚੀ-ਉਚੀ ਤਨਖਾਹ (ਜੋ ਸਮਕਾਲੀਨ ਸੰਸਾਰ ਵਿਚ ਸਭ ਤੋਂ ਜ਼ਿਆਦਾ ਸੀ) ਗ੍ਰਹਿ ਸ਼ਾਸਨ ਦੇ ਵਧਦੇ ਹੋਏ ਖਰਚੇ ਭੇਦਭਾਵ ਪੂਰਨ ਆਇਆਤ ਤੇ ਨਿਰਿਆਤ ਦੀ ਨੀਤੀ, ਅਦੂਰਦਰਸ਼ੀ ਭੂਮੀ ਕਰ ਨੀਤੀ, ਭਾਰਤ ਦੇ ਉਦਯੋਗੀਕਰਨ ਦੇ ਪ੍ਰਤੀ ਉਦਾਸੀਨਤਾ ਅਤੇ ਭਾਰਤੀਆਂ ਨੂੰ ਚੰਗੇ ਪਦਾਂ ਤੇ ਸੇਵਾਵਾਂ ਤੋਂ ਦੂਰ ਰਖਣਾ ਆਦਿ ਤੱਥਾਂ ਨੂੰ ਉਤਰਦਾਈ ਠਹਿਰਾਇਆ। ਰਾਨਾਡੇ ਦੀ 'ਐੱਸੇ ਇਨ ਇੰਡੀਅਨ ਇਕਨੋਮਿਕਸ' ਦਾਦਾ ਭਾਈ ਨੌਰੋਜੀ ਦੀ 'ਇੰਡੀਅਨ ਪਾਵਰਟੀ ਐਂਡ ਅਨਬ੍ਰਿਟਿਸ਼ ਰੂਲ ਆਫ ਇੰਡੀਆ (1910)' ਅਤੇ ਆਰ.ਸੀ. ਦੱਤ ਦੀ 'ਇਕੋਨੋਮਿਕ ਹਿਸਟਰੀ ਆਫ ਇੰਡੀਆ (1901)' ਆਦਿ ਪੁਸਤਕਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਨਵੀਂ ਪੀੜੀ ਦੇ ਨੇਤਾਵਾਂ ਨੇ ਇਨ੍ਹਾਂ ਪੁਸਤਕਾਂ ਦੇ ਤੱਥਾਂ ਨੂੰ ਲੈ ਕੇ ਅੰਗ੍ਰੇਜ਼ੀ ਰਾਜ ਦੀ ਅਲੋਚਨਾ ਕੀਤੀ।

2. **ਵਧਦੇ ਹੋਏ ਪਛਮੀਕਰਨ ਦੇ ਵਿਰੁਧ ਪ੍ਰਤੀਕ੍ਰਿਆ**-ਇਸ ਨਵੀਨ ਨੇਤਾ ਪੀੜੀ ਨੇ ਵਧਦੇ ਹੋਏ ਪਛਮੀਕਰਨ ਉਤੇ ਗਹਿਰੀ ਚਿੰਤਾ ਵਿਅਕਤ ਕੀਤੀ। ਭਾਰਤੀ ਜੀਵਨ, ਚਿੰਤਨ ਅਤੇ ਰਾਜਨੀਤੀ ਵਿਚ ਪੱਛਮ ਦਾ ਪ੍ਰਭਾਵ ਵਧ ਰਿਹਾ ਸੀ। ਭਾਰਤੀ ਸੰਸਕ੍ਰਿਤੀ ਦਾ ਪ੍ਰਭਾਵ ਘਟ ਹੋ ਰਿਹਾ ਸੀ। ਇਨ੍ਹਾਂ ਲੋਕਾਂ ਦਾ ਬੋਧਿਕ ਅਤੇ ਭਾਵਨਾਤਮਕ ਪ੍ਰੇਰਣਾ ਦਾ ਸ੍ਰੋਤ ਭਾਰਤ ਸੀ ਅਤੇ ਉਨ੍ਹਾਂ ਨੇ ਭਾਰਤੀ ਇਤਿਹਾਸ ਦੇ ਵੀਰਾਂ ਦੀ ਕਹਾਣੀਆਂ ਤੋਂ ਪ੍ਰੇਰਣਾ ਲਿਤੀ। ਬੰਕਿਮਚੰਦਰ, ਵਿਵੇਕਾਨੰਦ ਅਤੇ ਸਵਾਮੀ ਦਇਆਨੰਦ ਦੇ ਲੇਖਾਂ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਸੀ। ਬੰਕਿਮਚੰਦਰ ਨੇ 1886 ਵਿਚ ਲਿਖੇ ਕ੍ਰਿਸ਼ਨ ਚਰਿੱਤਰ ਭਾਗ ਪਹਿਲੇ ਵਿਚ ਭਾਰਤ ਦੇ ਉਸ ਵਰਗੇ ਪੁਰਖ ਦੀ ਅਗਵਾਈ ਵਿਚ ਭਾਰਤ ਦੀ ਏਕਤਾ ਦੇ ਸਰੂਪਨ ਦੇਖੇ। ਉਨ੍ਹਾਂ ਨੇ ਸ੍ਰੀਕ੍ਰਿਸ਼ਨ ਨੂੰ ਇਕ ਵੀਰ ਯੋਧਾ, ਇਕ ਚਤੁਰ ਨੀਤੀ, ਅਤੇ ਸਫਲ ਸਮਰਾਜ-ਨਿਰਮਾਤਾ ਦੇ ਰੂਪ ਵਿਚ ਦੇਖਿਆ। ਵਿਵੇਕਾਨੰਦ ਨੇ ਭਾਰਤੀ ਵੇਦਾਂਤ ਨਾਲ ਸੰਸਾਰ ਨੂੰ ਚਕਾਚੌਂਧ ਕਰ ਦਿਤਾ ਅਤੇ ਆਪਣੀ ਪ੍ਰਾਚੀਨ ਪਰੰਪਰਾਵਾਂ ਅਤੇ ਵਿਰਾਸਤ ਵਿਚ ਇਕ ਨਵੀਂ ਆਸਥਾ ਉਤਪੰਨ ਕੀਤੀ ਤੇ ਇਕ ਨਵਾਂ ਆਤਮਵਿਸ਼ਵਾਸ ਜਗਾਇਆ। ਸਵਾਮੀ

ਦਇਆਨੰਦ ਨੇ ਪੱਛਮੀ ਵਿਸ਼ਿਟਤਾ ਦੀ ਪੋਲ ਖੋਲ ਦਿਤੀ। ਉਨ੍ਹਾਂ ਨੇ ਵੈਦਿਕ ਸੰਸਕ੍ਰਿਤੀ ਦਾ ਉਹ ਰੂਪ ਦਰਸਾਇਆ ਜੋ ਉਸ ਸਮੇਂ ਤਕ ਅਣਦੇਖਿਆ ਕੀਤੀ ਜਾਂਦਾ ਸੀ। ਉਨ੍ਹਾਂ ਨੇ ਦਸਿਆ ਕਿ ਜਿਸ ਸਮੇਂ ਯੂਰੋਪਵਾਸੀ ਅਸੱਭਿਅ ਤੇ ਅਗਿਆਨ ਦੇ ਖੱਡੇ ਵਿਚ ਡਿਗ ਸਨ, ਵੈਦਿਕ ਕਾਲ ਵਿਚ ਭਾਰਤ ਵਿਚ ਇਕ ਉਚ ਸਭਿਅਤਾ, ਸੰਸਕ੍ਰਿਤੀ ਦਰਸ਼ਲ ਤੇ ਧਰਮ ਦਾ ਵਿਕਾਸ ਹੋ ਗਿਆ ਸੀ ਅਤੇ ਇਸ ਪ੍ਰਕਾਰ ਉਨ੍ਹਾਂਨੇ ਇਕ ਨਵੇਂ ਆਤਮਵਿਸ਼ਵਾਸ ਨੂੰ ਜਗਾਇਆ ਤੇ ਚਿੱਟੀਆਂ ਜਾਤੀਆਂ ਦੀਆਂ ਕਾਲੀਆਂ ਅਤੇ ਬਰਾਊਨ ਜਾਤੀਆਂ ਤੋਂ ਸ਼੍ਰੇਸ਼ਠਤਾ ਦੀ ਭਾਵਨਾ ਨੂੰ ਚੁਣੋਤੀ ਦਿਤੀ ਉਸਤਾ ਰਾਜਨੀਤਿਕ ਸੰਦੇਸ਼ "ਭਾਰਤ ਭਾਰਤੀਆਂ ਦੇ ਲਈ ਹੈ।"

**3. ਕਾਂਗਰਸ ਦੀ ਉਪਲਬਧੀਆਂ ਨਾਲ ਅਸੰਤੋਖ–**ਕਾਂਗਰਸ ਦੇ ਪਹਿਲੇ ਪੰਦਰਾਂ-ਵੀਹ ਸਾਲਾਂ ਦੀ ਉਪਲਬਧੀਆਂ ਨਾਲ ਤਰੁਣ ਲੋਕ ਸੰਤੁਸ਼ਟ ਨਹੀਂ ਸਨ। ਉਨਾਂ ਦਾ ਅੰਗ੍ਰੇਜ਼ਾਂ ਦੀ ਨਿਆਂਪ੍ਰਿਅਤਾ ਅਤੇ ਬਰਾਬਰੀ ਦੀ ਭਾਵਨਾ ਉਤੇ ਕੋਈ ਵਿਸ਼ਵਾਸ ਨਹੀਂ ਰਹਿ ਗਿਆ ਸੀ। ਉਹ ਲੋਕ ਸ਼ਾਂਤੀ ਵਾਲੇ ਅਤੇ ਸੰਵੈਧਾਨਿਕ ਢੰਗਾ ਦੇ ਅਲੋਚਕ ਬਣ ਗਏ ਸਨ ਤੇ ਉਹ ਸਮਝਦੇ ਸਨ ਕਿ ਜਾਚਨਾ, ਪ੍ਰਾਥਨਾ ਤੇ ਪ੍ਰਤੀਵਾਦ (Patition, Prayer and Protest) ਕਰਨ ਦੀ ਨੀਤੀ ਨਾਲ ਕੁਝ ਨਹੀਂ ਮਿਲਣ ਵਾਲਾ। ਉਨ੍ਹਾਂ ਨੇ ਯੂਰੋਪੀ ਸਮਰਾਜਵਾਦ ਨੂੰ ਖਤਮ ਕਰਨ ਲਈ ਯੂਰੋਪੀ ਢੰਗ ਹੀ ਅਪਨਾਉਣ ਤੇ ਬਲ ਦਿਤਾ।

1905 ਵਿਚ ਲਾਲਾ ਲਾਜਪਤ ਰਾਏ ਨੇ ਇੰਗਲੈਂਡ ਤੋਂ ਵਾਪਸ ਆਉਣ ਤੇ ਆਪਣੇ ਦੇਸ਼ਵਾਸੀਆਂ ਨੂੰ ਇਹ ਦਸਿਆ ਕਿ ਅੰਗ੍ਰੇਜ਼ੀ ਪ੍ਰਜਾਤੰਤਰ ਆਪਣੀ ਹੀ ਸਮਸਿਆਵਾਂ ਵਿਚ ਇੰਨਾ ਉਲਝਿਆ ਹੋਇਆ ਹੈ ਕਿ ਉਨ੍ਹਾਂ ਦੇ ਕੋਲ ਸਾਡੀਆਂ ਸਮਸਿਆਵਾਂ ਲਈ ਕੋਈ ਸਮਾਂ ਨਹੀਂ। ਉਥੋਂ ਦੇ ਸਮਾਚਾਰ ਪੱਤਰ ਸਾਡਾ ਪੱਖ ਪ੍ਰਸਤੁਤ ਨਹੀਂ ਕਰਾਂਗੇ ਅਤੇ ਉਥੇ ਕਿਸੇ ਨੂੰ ਆਪਣੀ ਗਲ ਸੁਣਾਉਣ ਦਾ ਅਵਸਰ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਆਪ ਸੁਤੰਤਰਤਾ ਚਾਹੁੰਦੇ ਹਾਂ ਤਾਂ ਆਪ ਕੰਮ ਕਰਨਾ ਪਵੇਗਾ ਅਤੇ ਆਪਣੀ ਤਤਪਰਤਾ ਦੇ ਸਪਸ਼ਟ ਪ੍ਰਮਾਣ ਦੇਣੇ ਹੋਣਗੇ।[1]

ਕਾਂਗਰਸ ਦਾ ਤਰੁਣ ਦਲ ਜਿਸਨੂੰ ਰਾਸ਼ਟਰਵਾਦੀ ਉਗ੍ਰਵਾਦੀ ਵੀ ਕਹਿੰਦੇ ਸਨ, ਪੁਰਾਣੀ ਪੀੜੀ ਨਾਲ ਪੂਰਨਤਾ ਨਾਖੁਸ਼ ਸੀ। ਉਸਦੇ ਅਨੁਸਾਰ ਕਾਂਗਰਸ ਦਾ ਰਾਜਨੀਤਿਕ ਧਰਮ, ਕੇਵਲ ਕਰਾਉਨ ਦੇ ਪ੍ਰਤੀ ਰਾਜਭਗਤੀ ਪ੍ਰਗਟ ਕਰਨਾ, ਉਦੇਸ਼ ਕੇਵਲ ਆਪਣੇ ਲਈ ਪ੍ਰਾਂਤਕ ਤੇ ਕੇਂਦਰੀ ਵਿਧਾਨ ਪਰਿਸ਼ਦਾਂ ਵਿਚ ਮੈਂਬਰਸ਼ਿਪ ਪ੍ਰਾਪਤ ਕਰਨਾ ਅਤੇ ਪ੍ਰੋਗਰਾਮ ਕੇਵਲ ਜ਼ਿਆਦਾ ਭਾਸ਼ਣ ਦੇਣਾ ਤੇ ਸਾਲ ਦੇ ਦਸੰਬਰ ਮਹੀਨੇ ਵਿਚ ਕਾਂਗਰਸ ਵਿਚ ਅਧਿਵੇਸ਼ਨ ਵਿਚ ਉਪਸਥਿਤ ਹੋਣਾ ਸੀ। ਉਨ੍ਹਾਂ ਤੇ ਇਹ ਦੋਸ਼ ਲਗਾਇਆ ਗਿਆ ਕਿ ਉਹ ਕੇਵਲ ਮੱਧ ਵਰਗੀ ਬੁੱਧੀਜੀਵੀਆਂ ਦੇ ਲਈ ਕੰਮ ਕਰਦੇ ਹਨ ਅਤੇ ਕਾਂਗਰਸ ਦੀ ਮੈਂਬਰਸ਼ਿਪ ਇਨ੍ਹਾਂ ਮੱਧ ਵਰਗੀ ਲੋਕਾਂ ਤਕ ਹੀ ਸੀਮਤ ਹੈ। ਉਨ੍ਹਾਂ ਨੂੰ ਡਰ ਹੈ ਕਿ ਜੇ ਜਨ ਸਾਧਾਰਨ ਇਸ ਅੰਦੋਲਨ ਵਿਚ ਆ ਗਏ ਤਾਂ ਉਨ੍ਹਾਂ ਦੀ ਅਗਵਾਈ ਖਤਮ ਹੋ ਜਾਏਗੀ। ਇਸਲਈ ਉਦਾਰਵਾਦੀ ਦਲ ਵਾਲਿਆਂ ਨੂੰ ਦੇਸ਼ਭਗਤੀ ਦੇ ਨਾਮ ਉਤੇ ਵਿਉਪਾਰ ਕਰਨ ਦਾ ਦੋਸ਼ੀ ਠਹਿਰਾਇਆ ਗਿਆ। ਤਿਲਕ ਨੇ ਕਾਂਗਰਸ ਨੂੰ ਚਾਪਲੂਸਾਂ ਦਾ ਸੰਮੇਲਨ (Congress of flatterers)[2] ਅਤੇ ਕਾਂਗਰਸ ਦੇ ਅਧਿਵੇਸ਼ਨ ਨੂੰ ਛੁੱਟੀਆਂ ਦਾ ਮਨੋਰੰਜਨ (a holiday recreation) ਦਸਿਆ ਅਤੇ ਲਾਲਾ ਲਾਜਪਤ ਰਾਏ ਨੇ ਕਾਂਗਰਸ ਸੰਮੇਲਨਾਂ ਨੂੰ "ਸਿਖਿਅਤ ਭਾਰਤੀਆਂ ਦਾ ਸਾਲਾਨਾ ਰਾਸ਼ਟਰੀ ਮੇਲਾ"[3] (The annual national festival of educated Indians) ਦੋਵੇਂ ਹੀ ਕਾਂਗਰਸ ਦੇ ਕੰਮਾਂ ਦੇ ਸਖਤ ਅਲੋਚਕ ਸਨ। ਤਿਲਕ ਨੇ ਤਾਂ ਇਥੋਂ ਤਕ ਕਿਹਾ ਸੀ, "ਜੇਕਰ ਅਸੀਂ ਸਾਲ ਵਿਚ ਇਕ ਵਾਰ ਡੱਡੂ ਦੀ ਭਾਂਤ ਟਰ-ਟਰ ਕਰੀਏ ਤਾਂ ਸਾਨੂੰ ਕੁਝ ਨਹੀਂ ਮਿਲੇਗਾ।"

**4. ਭਾਰਤ ਦੀ ਵਿਗੜਦੀ ਹੋਈ ਆਰਥਿਕ ਸਥਿਤੀ–**ਉਨੀਵੀਂ ਸ਼ਤਾਬਦੀ ਦੇ ਅੰਤਿਮ ਸਾਲਾਂ ਵਿਚ ਭਾਰਤ ਦੀ ਵਿਗੜਦੀ ਹੋਈ ਆਰਥਿਕ ਸਥਿਤੀ ਨੇ ਭਾਰਤੀ ਰਾਸ਼ਟਰੀ ਪ੍ਰਕ੍ਰਿਆ ਵਿਚ ਉਗ੍ਰਵਾਦ ਦੇ ਉਦੇ ਵਿਚ ਵਿਸ਼ੇਸ਼ ਯੋਗਦਾਨ ਦਿਤਾ। 1896-97 ਅਤੇ 1899-1900 ਦੇ ਭਿਆਨਕ ਅਕਾਲ ਅਤੇ ਮਹਾਰਾਸ਼ਟਰ ਦੀ ਪਲੇਗ ਨਾਲ ਲੱਖਾਂ ਲੋਕ ਮਰ ਗਏ। ਸਰਕਾਰੀ ਸਹਾਇਤਾ ਕਾਰਜ ਬਹੁਤ ਥੋੜਾ ਸੀ ਅਤੇ ਬਹੁਤ ਹੋਲੀ-ਹੋਲੀ ਹੁੰਦਾ ਸੀ ਤੇ ਵਿਵਸਥਾ ਵੀ ਠੀਕ ਨਹੀਂ ਸੀ। ਤਿਲਕ ਦੇ ਅਨੁਸਾਰ ਸਰਕਾਰੀ ਅਧਿਕਾਰੀ ਕਠੋਰ ਤੇ ਭ੍ਰਸ਼ਟ ਸਨ ਅਤੇ ਸਹਾਇਕ ਦੇ ਸਥਾਨ ਉਤੇ ਨੁਕਸਾਨਦਾਇਕ ਸਨ। ਉਨ੍ਹਾਂ ਨੇ ਤਾਂ ਇਥੋਂ ਤਕ ਕਿਹਾ, "ਪਲੇਗ ਸਾਡੇ ਲਈ ਸਰਕਾਰੀ ਜਤਨਾਂ ਤੋਂ ਘਟ ਨਿਰਦਈ ਹੈ। 4 ਦੱਕਨ ਵਿਚ ਦੰਗੇ ਹੋ ਗਏ। ਸਰਕਾਰ ਨੇ ਲੋਕ ਮਤ ਤੇ ਦੰਗਿਆਂ ਨੂੰ ਦਬਾਉਣ ਦਾ ਜਤਨ ਕੀਤਾ। ਜਨਤਾ ਨੇ ਅਕਾਲਾਂ ਨੂੰ ਵੀ ਸਰਕਾਰ ਦੀ ਨੀਤੀਆਂ ਦਾ ਨਤੀਜਾ ਹੀ ਦਸਿਆ। 1983 ਦੀ ਕਾਂਗਰਸ ਦੇ ਮੁਖੀ ਭਾਸ਼ਣ ਵਿਚ ਲਾਲ ਮੋਹਨ ਘੋਸ਼ ਨੇ 1902 ਦੇ ਦਰਬਾਰ ਦਾ ਉਲੇਖ ਇਸ ਤਰ੍ਹਾਂ ਕੀਤਾ, "ਇਕ ਸਰਕਾਰ ਦਾ ਗਰੀਬ ਜਨਤਾ ਉਤੇ ਭਾਰੀ ਟੈਕਸ ਲਗਾ ਕੇ ਇਕ ਵੱਡੇ ਸਮਾਰੋਹ ਦਾ ਮਨਾਉਣਾ ਜਿਸ ਵਿਚ ਆਤਸ਼ਬਾਜ਼ੀ ਅਤੇ ਭਵਿਅ ਦ੍ਰਿਸ਼ਾਂ ਉਤੇ ਰੁਪਇਆ ਖਰਚ ਕੀਤਾ ਜਾਵੇ, ਜਦਕਿ ਲੱਖਾਂ ਲੋਕ ਭੁੱਖ ਨਾਲ ਮਰ ਰਹੇ ਹਨ, ਇਸ ਤੋਂ ਜ਼ਿਆਦਾ ਹਿਰਦੇਹੀਨਤਾ ਕੁਝ ਨਹੀਂ ਹੋ ਸਕਦੀ।"

**5. ਸਮਕਾਲੀਨ ਅੰਤਰ-ਰਾਸ਼ਟਰੀ ਪ੍ਰਭਾਵ–**ਵਿਦੇਸ਼ ਵਿਚ ਹੋਈਆਂ ਘਟਨਾਵਾਂ ਦਾ ਤਰੁਣ ਲੋਕਾਂ ਉਤੇ ਜ਼ਿਆਦਾ ਪ੍ਰਭਾਵ ਹੋਇਆ। ਭਾਰਤੀਆਂ ਦੇ ਨਾਲ ਅੰਗ੍ਰੇਜ਼ੀ ਉਪਨਿਵੇਸ਼ਾਂ ਵਿਚ-ਵਿਸ਼ੇਸ਼ਕਰ ਦੱਖਣੀ ਅਫਰੀਕਾ ਵਿਚ ਹੋਏ ਦੁਰਵਿਉਹਾਰ ਨਾਲ ਅੰਗ੍ਰੇਜ਼-ਵਿਰੋਧੀ ਭਾਵਨਾਵਾਂ ਜਾਗ ਗਈਆਂ। ਇਸਤੋ ਇਲਾਵਾ ਮਿਸਰ, ਇਰਾਨ, ਤੁਰਕੀ, ਅਤੇ ਰੂਸ ਵਿਚ ਰਾਸ਼ਟਰਵਾਦੀ ਅੰਦੋਲਨਾਂ ਦਾ ਪ੍ਰਭਾਵ ਹੋਇਆ ਇਥੋਪੀਆ ਦਾ ਇਟਲੀ ਨੂੰ ਹਰਾਉਣਾ (1896) ਅਤੇ ਜਾਪਾਨ ਦੀ ਰੂਸ ਉਤੇ ਜਿੱਤ (1905) ਦਾ ਭਾਰਤੀ ਰਾਸ਼ਟਰਵਾਦੀਆਂ ਉਤੇ ਜ਼ਿਆਦਾ ਪ੍ਰਭਾਵ ਹੋਇਆ। ਯੁਰੋਪ ਅਜਿੱਤ ਦਾ ਜਾਦੂ ਟੁੱਟ ਚੁਕਾ ਸੀ।

**6. ਕਰਜ਼ਨ ਦੀ ਪ੍ਰਤੀਕ੍ਰਿਆਵਾਦੀ ਨੀਤੀਆਂ–**ਕਰਜ਼ਨ ਦੇ ਭਾਰਤ ਵਿਚ 7 ਸਾਲ ਦਾ ਸ਼ਾਸਨ "ਸ਼ਿਸ਼ਟਮੰਡਲਾਂ, ਭੁੱਲਾਂ ਤੇ ਆਯੋਗਾਂ" (missions, omissions and commissions) ਲਈ ਪ੍ਰਸਿੱਧ ਸੀ ਜਿਸਦੀ ਭਾਰਤੀਆਂ ਦੇ ਮਨ ਉਤੇ ਸਖਤ ਪ੍ਰਤੀਕ੍ਰਿਆ ਹੋਈ। ਕਰਜ਼ਨ ਨੇ ਭਾਰਤ ਨੂੰ ਇਕ ਰਾਸ਼ਟਰ ਨਹੀਂ ਮੰਨਿਆ ਅਤੇ ਕਾਂਗਰਸ ਦੇ ਸਾਰੇ ਕੰਮ ਨੂੰ ਕੇਵਲ "ਮਨ ਦੇ

ਨੋਟ

ਉਦਗਾਰ ਕੱਢਣਾ" (letting off go gas) ਹੀ ਮੰਨਿਆ। ਉਸਦੀ ਦ੍ਰਿਸ਼ਟੀ ਵਿਚ ਭਾਰਤੀ ਚਰਿੱਤਰ ਦਾ ਮੁਲ ਬਹੁਤ ਘੱਟ ਸੀ। ਉਹ ਉਨ੍ਹਾਂ ਨੂੰ ਝੂਠੇ ਅਤੇ ਮੱਕਾਰ ਹੀ ਮੰਨਦਾ ਸੀ। ਉਸਨੇ ਕਲਕੱਤਾ ਵਿਸ਼ਵਵਿਦਿਆਲਾ ਦੇ ਦਿਖਿਆਂਤ ਸਮਾਰੋਹ ਵਿਚ ਬੋਲਦੇ ਹੋਏ ਕਿਹਾ ਸੀ, "ਸੱਚ ਦਾ ਮਾਨ ਪੱਛਮ ਵਿਚ ਜ਼ਿਆਦਾ ਸੀ ਅਤੇ ਪੂਰਬ ਵਿਚ ਐਸਾ ਬਹੁਤ ਸਮੇਂ ਦੇ ਬਾਅਦ ਹੋਇਆ ਹੈ।" ਉਸਦੇ ਜ਼ਿਆਦਾਤਰ ਅਧਿਨਿਅਮਾਂ ਵਿਚ ਜਾਤੀ ਸ਼੍ਰੇਸ਼ਠਤਾ ਦੀ ਭਾਵਨਾ ਝਲਕਦੀ ਸੀ ਅਤੇ 1902 ਦਾ ਦਿੱਲੀ ਦਰਬਾਰ ਬਹੁਤ ਅਖਰਾ ਵਿਸ਼ੇਸ਼ਕਰ ਇਸ ਲਈ ਕਿ ਦੇਸ਼ ਅਜੇ ਅਕਾਲ ਦੇ ਪ੍ਰਭਾਵ ਨਾਲ ਪੂਰਨ ਰੂਪ ਨਾਲ ਸੰਭਲ ਵੀ ਨਹੀਂ ਸਕਿਆ ਸੀ।

**7. ਬੰਗਾਲ ਦਾ ਵਿਭਾਜਨ–** ਸੰਭਵ ਤੌਰ ਤੇ ਕਰਜ਼ਨ ਦਾ ਸਭ ਤੋਂ ਘਿਰਣਾ ਵਾਲਾ ਕੰਮ ਬੰਗਾਲ ਨੂੰ ਦੋ ਭਾਗਾਂ ਅਤੇ ਬੰਗਾਲ ਤੇ ਪੂਰਬੀ ਬੰਗਾਲ ਅਤੇ ਅਸਮ ਵਿਚ ਵਿਭਾਜਨ ਕਰਨਾ ਸੀ (1905)। ਇਹ ਕੰਮ ਬੰਗਾਲ ਅਤੇ ਰਾਸ਼ਟਰੀ ਕਾਂਗਰਸ ਦੇ ਸਖਤ ਵਿਰੋਧ ਦੀ ਉਪੇਖਿਆ ਕਰਕੇ ਕੀਤਾ ਗਿਆ। ਇਸ ਨਾਲ ਇਹ ਸਿੱਧ ਹੋ ਗਿਆ ਕਿ ਕਰਜਨ ਤੇ ਲੰਦਨ ਸਥਿਤ ਗ੍ਰਹਿ ਸਰਕਾਰ ਭਾਰਤ ਦੇ ਲੋਕ ਮਤ ਦੀ ਕਿਸ ਤਰ੍ਹਾਂ ਨਿਰਾਦਰੀ ਕਰਦੇ ਸਨ। ਇਹ ਸਪਸ਼ਟ ਸੀ ਕਿ ਵੰਡ ਧਰਮ ਦੇ ਨਾਮ ਉਤੇ ਕੀਤੀ ਗਈ ਅਤੇ ਹਿੰਦੂ-ਮੁਸਲਿਮ ਦਵੇਸ਼ ਨੂੰ ਕੁਰੇਦਣ ਦਾ ਜਤਨ ਸੀ। ਹੁਣ ਇਹ ਸਪਸ਼ਟ ਸੀ ਕਿ ਜਾਚਨਾ ਅਤੇ ਪ੍ਰਤੀਰੋਧ ਪ੍ਰਗਟ ਕਰਨ ਨਾਲ ਕੁਝ ਨਹੀਂ ਹੋਣ ਵਾਲਾ।

### ਗਰਮਪੰਥੀ ਦਲ ਦੇ ਉਦੇਸ਼ (Objectives of the Extremist Group)

ਭਾਰਤੀ ਰਾਜਨੀਤੀ ਵਿਚ ਇਕ ਨਵਾਂ ਦੌਰ, ਦੋ ਰੂਪ ਵਿਚ ਪ੍ਰਗਟ ਹੋਇਆ–(1) ਕਾਂਗਰਸ ਦੇ ਅੰਦਰ ਉਗ੍ਰਵਾਦੀ ਦਲ ਦਾ ਉਦੇ, (2) ਦੇਸ਼ ਵਿਚ ਆਤੰਕਵਾਦੀ ਅਤੇ ਕ੍ਰਾਂਤੀਕਾਰੀ ਦਲ ਦਾ ਉਦੇ।

ਚਾਰ ਪ੍ਰਮੁੱਖ ਕਾਂਗਰਸ ਨੇਤਾਵਾਂ–ਲੋਕਮਾਨਿਆ ਤਿਲਕ, ਵਿਪਿਨਚੰਦਰ ਪਾਲ, ਅਰਵਿੰਦ ਘੋਸ਼ ਅਤੇ ਲਾਲਾ ਲਾਜਪਤ ਰਾਏ–ਨੇ ਇਸ ਨਵੇਂ ਦਲ ਦੀਆਂ ਨੀਤੀਆਂ ਦੀ ਪਰੀਭਾਸ਼ਾ ਕੀਤੀ, ਇਨ੍ਹਾਂ ਦੀਆਂ ਇੱਛਾਵਾਂ ਨੂੰ ਵਿਅਕਤ ਕੀਤਾ ਅਤੇ ਇਨ੍ਹਾਂ ਦੇ ਕੰਮ ਦਾ ਮਾਰਗਦਰਸ਼ਨ ਕੀਤਾ। ਤਿਲਕ ਨੇ ਇਹ ਕਹਿ ਕੇ ਕਿ "ਸਵਰਾਜ ਮੇਰਾ ਜਨਮਸਿੱਧ ਅਧਿਕਾਰ ਹੈ ਅਤੇ ਮੈਂ ਇਸਨੂੰ ਲੈ ਕੇ ਰਹਾਂਗਾ" ਇਨ੍ਹਾਂ ਲੋਕਾਂ ਨੂੰ ਇਕ ਨਾਰਾ ਦਿਤਾ। ਉਨ੍ਹਾਂ ਨੇ ਕਿਹਾ ਸੀ–"ਸਵਰਾਜ ਤੇ ਸਵੈਸ਼ਾਸਨ, ਸਵੈ ਧਰਮ ਲਈ ਜਰੂਰੀ ਹੈ। ਸਵਰਾਜ ਦੇ ਬਿਨਾਂ ਕੋਈ ਸਮਾਜਕ ਸੁਧਾਰ ਨਹੀਂ ਹੋ ਸਕਦੇ, ਨਾ ਕੋਈ ਉਦਯੋਗਿਕ ਪ੍ਰਗਤੀ, ਨਾ ਕੋਈ ਉਪਯੋਗੀ ਸਿਖਿਆ ਅਤੇ ਨਾ ਹੀ ਰਾਸ਼ਟਰੀ ਜੀਵਨ ਦੀ ਪਰੀਪੂਰਨਤਾ। ਇਹੀ ਅਸੀਂ ਚਾਹੁੰਦੇ ਹਾਂ ਤੇ ਇਸ ਲਈ ਈਸ਼ਵਰ ਨੇ ਮੈਨੂੰ ਇਸ ਸੰਸਾਰ ਵਿਚ ਭੇਜਿਆ ਹੈ।"

ਵਿਪਿਨਚੰਦਰ ਪਾਲ ਨੇ ਇਸ ਦਲ ਦੀ ਮੰਗਾਂ ਦੀ ਇਨ੍ਹਾਂ ਸ਼ਬਦਾਂ ਵਿਚ ਵਿਆਖਿਆ ਕੀਤੀ–"ਦੇਸ਼ ਵਿਚ ਨਵਾਂ ਸੁਧਾਰ ਨਹੀਂ ਪਰ ਪੁਨਰਗਠਨ ਦੀ ਜ਼ਰੂਰਤ ਹੈ। ਇੰਗਲੈਂਡ ਨੂੰ ਭਾਰਤੀ ਸਰਕਾਰ ਦੀ ਨੀਤੀ ਨਿਰਮਾਣ ਦਾ ਅਧਿਕਾਰ ਛੱਡ ਦੇਣਾ ਚਾਹੀਦਾ ਅਤੇ ਇਕ ਵਿਦੇਸ਼ੀ ਸਰਕਾਰ ਨੂੰ ਜੋ ਕਾਨੂੰ ਚਾਹੇ ਬਣਾ ਸਕਣ ਦਾ ਤੇ ਆਪਣੀ ਇੱਛਾ ਨਾਲ ਜੈਸਾ ਚਾਹੁੰਣ ਸ਼ਾਸਨ ਕਰਨ, ਇਹ ਅਧਿਕਾਰ ਤਿਆਗ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੀ ਇੱਛਾ ਨਾਲ ਟੈਕਸ ਲਗਾਉਣ, ਅਤੇ ਆਪਣੀ ਇੱਛਾ ਨਾਲ ਧਨ ਨੂੰ ਖਰਚ ਕਰਨ ਦਾ ਅਧਿਕਾਰ ਵੀ ਛੱਡਦਾ ਹੋਵੇਗਾ।"

ਅਰਵਿੰਦ ਘੋਸ਼ ਸਵਰਾਜ ਨੂੰ "ਭਾਰਤ ਦੇ ਪ੍ਰਾਚੀਨ ਜੀਵਨ ਵਿਚ ਆਧੁਨਿਕ ਪਰੀਸਥਿਤੀਆਂ ਵਿਚ ਪਰੀਪੂਰਨ ਹੋਣਾ ਅਤੇ ਰਾਸ਼ਟਰੀ ਗੌਰਵ ਦਾ ਸਤਯੁਗ ਮੰਨਦੇ ਸੀ ਜਿਸ ਵਿਚ ਭਾਰਤ ਇਕ ਗੁਰੂ ਅਤੇ ਮਾਰਗਦਰਸ਼ਕ ਦੇ ਰੂਪ ਵਿਚ ਆਪਣੀ ਭੂਮਿਕਾ ਨਿਭਾਏ ਲੋਕਾਂ ਦੀ ਆਤਮ ਮੁਕਤੀ ਹੋਵੇ ਤਾਂਕਿ ਰਾਜਨੀਤਿਕ ਜੀਵਨ ਵਿਚ ਵੇਦਾਂਤ ਦੇ ਆਦਰਸ਼ ਪ੍ਰਾਪਤ ਕੀਤੇ ਜਾ ਸਕਣ, ਇਹੀ ਭਾਰਤ ਲਈ ਸੱਚਾ ਸਵਰਾਜ ਹੋਏਗਾ। ਉਨ੍ਹਾਂ ਦੇ ਅਨੁਸਾਰ, "ਰਾਜਨੀਤਿਕ ਸੁਤੰਤਰਤਾ, ਇਕ ਰਾਸ਼ਟਰ ਦਾ ਜੀਵਨ ਸਵਾਸ ਹੈ। ਬਿਨਾਂ ਰਾਜਨੀਤਿਕ ਸੁਤੰਤਰਤਾ ਦੇ ਸਮਾਜਕ ਅਤੇ ਸਿਖਿਅਕ ਸੁਧਾਰ, ਉਦਯੋਗਿਕ ਪ੍ਰਸਾਰ, ਇਕ ਜਾਤੀ ਦੀ ਨੈਤਿਕ ਤਰੱਕੀ ਆਦਿ ਦੀ ਗੱਲ ਸੋਚਣਾ ਮੂਰਖਤਾ ਦੀ ਚਰਮ ਸੀਮਾ ਹੈ।"

ਲਾਜਪਤ ਰਾਏ ਦੇ ਅਨੁਸਾਰ, "ਜਿਵੇਂ ਦਾਸ ਦੀ ਆਤਮਾ ਨਹੀਂ ਹੁੰਦਾ ਇਸੇ ਪ੍ਰਕਾਰ ਦਾਸ ਜਾਤ ਦੀ ਕੋਈ ਆਤਮਾ ਨਹੀਂ ਹੁੰਦੀ। ਅਤੇ ਆਤਮਾ ਦੇ ਬਿਨਾ ਮਨੁੱਖ ਕੇਵਲ ਪਸ਼ੂ ਹੈ। ਇਸ ਲਈ ਦੇਸ਼ ਲਈ ਸਵਰਾਜ ਪਰਮ ਜਰੂਰੀ ਹੈ ਤੇ ਸੁਧਾਰ ਅਤੇ ਉਤਮ ਰਾਜ ਇਸਦੇ ਵਿਕਲਪ ਨਹੀਂ ਹੋ ਸਕਦੇ।"

## 9.4 ਸਾਰ ਅੰਸ਼ (Summary)

- ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ ਦਸੰਬਰ 1885 ਵਿਚ ਹੋਈ। ਉਸ ਸਮੇ ਦੇ 72 ਰਾਜਨੀਤਕ ਕਾਰਜਕਰਤਾਵਾਂ ਨੇ ਇਸਦੀ ਨੀਹ ਰੱਖੀ ਸੀ। ਅਖਿਲ ਭਾਰਤੀ ਪੱਧਰ ਉਤੇ ਇਹ ਭਾਰਤੀ ਰਾਸ਼ਟਰਵਾਦ ਦੀ ਪਹਿਲੀ ਸੁਨਿਯੋਜਿਤ ਅਭਿਵਿਅਕਤੀ ਸੀ। ਇੱਕ ਅਵਕਾਸ਼ ਪ੍ਰਾਪਤ ਅੰਗ੍ਰੇਜ਼ ਆਈ.ਸੀ.ਐਸ. ਅਧਿਕਾਰੀ ਏ.ਓ. ਹਿਊਮ ਨੇ ਕਾਂਗਰਸ ਦੀ ਸਥਾਪਨਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਸਵਾਲ ਉਠਦਾ ਹੈ ਕਿ ਇਨ੍ਹਾਂ 72 ਲੋਕਾਂ ਨੇ ਕਾਂਗਰਸ ਦੀ ਸਥਾਪਨਾ ਕਿਉ ਕੀਤੀ ਅਤੇ ਇਸਦੇ ਲਈ ਇਹੀ ਸਮਾਂ ਕਿਉ ਚੁਣਿਆ?

- 'ਯੰਗ ਇੰਡੀਆ' ਵਿਚ 1916 ਵਿੱਚ ਪ੍ਰਕਾਸ਼ਤ ਅਪਣੇ ਲੇਖ ਵਿਚ ਨਰਮਪੰਥੀ ਨੇਤਾ ਲਾਲਾ ਲਾਜਪਤ ਰਾਏ ਨੇ 'ਸੁਰੱਖਿਆ ਵਾਲਵ' ਦੀ ਇਸ ਪਰਿਕਲਪਨਾ ਦਾ ਇਸਤੇਮਾਲ ਕਾਂਗਰਸ ਦੇ ਨਰਮਪੰਥੀ ਪੱਖ ਉਤੇ ਮਾਰ ਕਰਨ ਦੇ ਲਈ ਕੀਤਾ ਸੀ। 'ਸੁਰੱਖਿਆ ਵਾਲਵ' ਦੀ ਪਰਿਕਲਪਨਾ ਉਤੇ ਲੰਬੀ ਚਰਚਾ ਕਰਦੇ ਹੋਏ ਆਪਣੇ ਲੇਖ ਵਿਚ ਉਨ੍ਹਾਂ ਨੇ ਕਿਹਾ ਸੀ ਕਿ "ਕਾਂਗਰਸ ਲਾਰਡ ਡਫਰਿਨ ਦੇ ਦਿਮਾਗ ਦੀ ਉਪਜ ਹੈ।"
- ਇਸਦੇ ਕਰੀਬ 25-30 ਸਾਲਾਂ ਬਾਅਦ ਇਸ ਵਿਸ਼ੇ 'ਤੇ ਰਜਨੀਪਾਮ ਦੱਤ ਦੇ 'ਪ੍ਰਮਾਣਿਕ ਅਧਿਐਨ' ਨੇ ਤਾਂ 'ਸੁਰੱਖਿਆ ਵਾਲਵ' ਦੇ ਮਿਥਕ ਨੂੰ ਵਾਮਪੰਥੀ ਦੇ 'ਕੱਚੇ ਮਾਲ' ਦੇ ਰੂਪ ਵਿਚ ਹੀ ਸਥਾਪਤ ਕਰ ਦਿੱਤਾ।
- ਇਸਦੇ ਲਈ "ਵਾਇਸਰਾਏ ਦੇ ਨਾਲ ਮਿਲ ਕੇ ਇੱਕ ਗੁਪ-ਚੁਪ ਯੋਜਨਾ" ਤਿਆਰ ਕੀਤੀ ਗਈ ਸੀ, ਤਾਂਕਿ ਉਸ ਸਮੇਂ ਉਠ ਰਹੀ "ਬ੍ਰਿਟਿਸ਼-ਵਿਰੋਧੀ ਲਹਿਰ ਅਤੇ ਜਨ ਅਸੰਤੋਸ਼ ਦੀ ਤਾਕਤਾਂ ਨਾਲ ਬ੍ਰਿਟਿਸ਼ ਸ਼ਾਸਨ ਦੀ ਰੱਖਿਆ ਦੇ ਲਈ ਇਸਦਾ (ਕਾਂਗਰਸ ਦਾ) ਇਸਤੇਮਾਲ ਹਥਿਆਰ ਦੇ ਤੌਰ 'ਤੇ" ਕੀਤਾ ਜਾਵੇ।
- ਇੱਕ ਸੰਗਠਨ ਦੇ ਰੂਪ ਵਿਚ ਇਸਦਾ ਇਹ 'ਦੋਹਰਾ ਚਰਿੱਤਰ' ਕਿ ਇਸ ਨੂੰ ਸਰਕਾਰ ਨੇ ਬਣਾਇਆ ਅਤੇ ਫਿਰ ਇਹ ਸਮਰਾਜ-ਵਿਰੋਧੀ ਅੰਦੋਲਨ ਦੀ ਆਗੂ ਬਣੀ, "ਇਸਦੇ ਸਮੂਚੇ ਇਤਿਹਾਸ ਵਿਚ ਨਜਰ ਆਉਂਦਾ ਹੈ।" ਇਸਨੇ ਸਮਰਾਜਵਾਦ ਦੇ ਖਿਲਾਫ ਸੰਘਰਸ਼ ਕੀਤਾ ਅਤੇ ਉਸਦੇ ਨਾਲ ਸਹਿਯੋਗ ਵੀ ਕੀਤਾ।
- ਗੋਲਵਲਕਰ ਦੇ ਅਨੁਸਾਰ, ਹਿਊਮ, ਕਾਟਨ ਅਤੇ ਵੇਡਰਬਰਨ ਦੁਆਰਾ 1885 ਵਿਚ ਤੈਅ ਕੀਤੀ ਗਈ ਨੀਤੀਆਂ ਹੀ ਜ਼ਿੰਮੇਵਾਰ ਸੀ - "ਇਨ੍ਹਾਂ ਲੋਕਾਂ ਨੇ ਉਸ ਸਮੇਂ 'ਉਬਲ ਰਹੇ ਰਾਸ਼ਟਰਵਾਦ' ਦੇ ਖਿਲਾਫ 'ਸੁਰੱਖਿਆ ਵਾਲਵ' ਦੇ ਤੌਰ 'ਤੇ ਕਾਂਗਰਸ ਦੀ ਸਥਾਪਨਾ ਕੀਤੀ। ਉਸ ਸਮੇਂ ਜਾਗ ਰਹੇ ਇਕ ਵਿਸ਼ਾਲ ਦੇਵ ਨੂੰ ਸੁਵਾਂ ਦੇਣ ਦੇ ਲਈ ਇਹ ਇਕ ਖਿਡੌਣਾ ਸੀ, ਰਾਸ਼ਟਰੀ ਚੇਤਨਾ ਨੂੰ ਤਬਾਹ ਕਰ ਦੇਣ ਦਾ ਹਥਿਆਰ ਸੀ ਅਤੇ ਜਿੱਥੇ ਤਕ ਉਨ੍ਹਾਂ ਲੋਕਾਂ ਦੇ ਉਦੇਸ਼ ਦੀ ਗਲ ਹੈ ਉਹ ਇਸ ਵਿਚ ਪੂਰੀ ਤਰ੍ਹਾਂ ਸਫਲ ਰਹੇ।"
- ਜਦੋਂ ਆਪ ਡਫਰਿਨ ਅਤੇ ਉਨ੍ਹਾਂ ਦੇ ਉਦਾਰਵਾਦੀ ਸਹਿਯੋਗੀ (ਬੰਬਈ ਅਤੇ ਮਦਰਾਸ ਦੇ ਗਵਰਨਰ) ਵੀ ਕਾਂਗਰਸ ਨਾਲ ਹਮਦਰਦੀ ਨਹੀਂ ਰਖਦੇ ਸੀ,
- 1885 ਵਿਚ ਉਨ੍ਹਾਂ ਨੇ ਰੇ (Reay) ਨੂੰ ਚਿੱਠੀ ਲਿਖ ਕੇ ਚੇਤਾਵਨੀ ਦਿੱਤੀ ਸੀ ਕਿ ਹਿਊਮ ਦੀ ਕਾਂਗਰਸ ਤੋਂ ਸਾਵਧਾਨ ਰਹੋ। "ਸੁਧਾਰਵਾਦੀਆਂ ਅਤੇ ਦੱਖਣਪੰਥੀਆਂ ਵਿਚੋਂ ਕਿਸੇ ਦੇ ਵੀ ਲਾਗੇ ਨਾ ਜਾਓ।" ਜੂਨ 1885 ਵਿਚ ਰੇ ਨੇ ਇਸਦਾ ਜਵਾਬ ਲਿਖਿਆ। ਨਵੀਂ ਰਾਜਨੀਤਿਕ ਸਰਗਰਮੀ ਨਾਲ ਡਰੇ ਹੋਏ ਰੇ ਨੇ ਡਫਰਿਨ ਨੂੰ ਭਾਰਤੀ ਪ੍ਰਤੀਨਿਧੀਆਂ ਤੋਂ ਸਾਵਧਾਨ ਰਹਿਣ ਲਈ ਕਿਹਾ।
- ਵਾਸਤਵ ਵਿਚ ਮਈ 1885 ਦੇ ਬਾਅਦ ਤੋਂ ਹੀ ਡਫਰਿਨ, ਹਿਊਮ ਨਾਲ ਨਫਰਤ ਕਰਨ ਲੱਗੇ ਸੀ ਅਤੇ ਉਨ੍ਹਾਂ ਤੋਂ ਦੂਰ ਰਹਿਣ ਲੱਗੇ ਸੀ। ਇਹੀ ਨਹੀਂ, ਇਸਦੇ ਬਾਅਦ ਤੋਂ ਡਫਰਿਨ ਨੇ ਬੰਗਾਲੀ ਬਾਬੂਆਂ ਅਤੇ ਮਰਾਠੀ ਬ੍ਰਾਹਮਣਾਂ ਉਤੇ ਹਮਲਾ ਬੋਲਣਾ ਸ਼ੁਰੂ ਕਰ ਦਿੱਤਾ। ਡਫਰਿਨ ਦਾ ਮੰਨਣਾ ਸੀ ਕਿ ਇਨ੍ਹਾਂ ਦਾ ਉਦੇਸ਼ ਸੰਦੇਹ ਵਾਲਾ ਹੈ ਅਤੇ ਇਹ ਭਾਰਤ ਵਿਚ ਆਇਰਲੈਂਡ-ਵਰਗਾ ਕ੍ਰਾਂਤੀਕਾਰੀ ਵਿਦਰੋਹੀ ਅੰਦੋਲਨ ਚਲਾਉਣਾ ਚਾਹੁੰਦੇ ਹਨ।
- 1885 ਵਿਚ ਭਾਰਤੀ ਰਾਸ਼ਅਟਰੀ ਕਾਂਗਰਸ ਦੀ ਸਥਾਪਨਾ ਨਾ ਤੇ ਅਨੋਖੀ ਘਟਨਾ ਸੀ ਤੇ ਨਾ ਹੀ ਕੋਈ ਇਤਿਹਾਸਕ ਦੁਰਘਟਨਾ। 1860 ਅਤੇ 1870 ਦੇ ਦਸ਼ਕ ਤੋਂ ਹੀ ਭਾਰਤੀਆਂ ਵਿਚ ਰਾਜਨੀਤਿਕ ਚੇਤਨਾ ਪੈਦਾ ਹੋਣ ਲੱਗੀ ਸੀ। ਕਾਂਗਰਸ ਦੀ ਸਥਾਪਨਾ ਇਸ ਵਧਦੀ ਚੇਤਨਾ ਦੀ ਪਰਾਕਾਸ਼ਠਾ ਸੀ।
- ਬਾਲ ਗੰਗਾਧਰ ਤਿਲਕ ਛੇ ਸਾਲ ਦੀ ਲੰਮੀ ਸਜਾ ਕੱਟਣ ਤੋਂ ਬਾਅਦ 16 ਜੂਨ, 1914 ਨੂੰ ਜੇਲ ਤੋਂ ਛੁੱਟੇ। ਕੈਦ ਦਾ ਜ਼ਿਆਦਾਤਰ ਸਮਾਂ ਮੰਡਾਲੇ ਜੇਲ (ਬਰਮਾ) ਵਿਚ ਬੀਤਿਆ ਸੀ। ਭਾਰਤ ਵਾਪਸ ਆਏ, ਤਾਂ ਉਨ੍ਹਾਂ ਨੂੰ ਲੱਗਿਆ ਕਿ ਉਹ ਜਿਸ ਦੇਸ਼ ਨੂੰ ਛੱਡ ਕੇ ਗਏ ਸੀ, ਉਹ ਕਾਫੀ ਬਦਲ ਗਿਆ ਹੈ।
- ਤਿਲਕ ਨੇ ਸੋਚਿਆ ਸਭ ਤੋਂ ਪਹਿਲਾਂ ਤਾਂ ਕਾਂਗਰਸ ਵਿਚ ਫਿਰ ਤੋਂ ਸ਼ਾਮਲ ਹੋਇਆ ਜਾਵੇ ਅਤੇ ਬਾਕੀ ਨਰਮਪੰਥੀਆਂ ਨੂੰ ਵੀ ਇਸ ਵਿਚ ਵਾੜਿਆ ਜਾਵੇ। ਤਿਲਕ ਨੂੰ ਇਹ ਵਿਸ਼ਵਾਸ ਹੋ ਚਲਿਆ ਸੀ ਕਿ ਭਾਰਤੀ ਰਾਸ਼ਟਰੀ ਕਾਂਗਰਸ, ਭਾਰਤੀ ਰਾਸ਼ਟਰੀ ਅੰਦੋਲਨ ਦਾ ਪ੍ਰਆਇ ਬਣ ਚੁੱਕੀ ਹੈ ਅਤੇ ਬਿਨਾਂ ਇਸਦੀ ਇਜਾਜਤ ਦੇ ਕੋਈ ਵੀ ਰਾਜਨੀਤਿਕ ਅੰਦੋਲਨ ਸਫਲ ਨਹੀਂ ਹੋ ਸਕਦਾ।
- ਏਨੀ ਬੇਸੇਂਟ ਹੁਣੇ ਹਾਲ ਹੀ ਵਿਚ ਕਾਂਗਰਸ ਵਿਚ ਸ਼ਾਮਲ ਹੋਈ ਸੀ। 1914 ਵਿਚ ਉਹ 66 ਸਾਲਾਂ ਦੀ ਸੀ, ਉਨ੍ਹਾਂ ਦੇ ਰਾਜਨੀਤਿਕ ਜੀਵਨ ਦੀ ਸ਼ੁਰੂਆਤ ਇੰਗਲੈਂਡ ਵਿਚ ਹੋਈ ਸੀ, ਜਿੱਥੇ ਉਨ੍ਹਾਂ ਨੇ ਸੁਤੰਤਰ ਚਿੰਤਨ (ਫ੍ਰੀ ਥਾਟ), ਉਗ੍ਰ-ਸੁਧਾਰਵਾਦ (ਰੈਡੀਕਲਿਜਮ), ਫਬਿਅਨਵਾਦ ਅਤੇ ਬ੍ਰਹਮਵਿਦਿਆ (ਥਿਓਸਾਫੀ) ਦੇ ਪ੍ਰਚਾਰ ਵਿਚ ਹਿੱਸਾ ਲਿਆ।
- 1914 ਵਿਚ ਏਨੀ ਬੇਸੇਂਟ ਨੇ ਆਪਣੀ ਗਤੀਵਿਧੀਆਂ ਦਾ ਦਾਇਰਾ ਵਧਾਉਣ ਦਾ ਨਿਰਣਾ ਲਿਆ ਅਤੇ 'ਆਇਰਲੈਂਡ ਦੀ ਹੋਮਰੂਲ ਲੀਗ' ਦੀ ਤਰ੍ਹਾਂ ਭਾਰਤ ਵਿਚ ਵੀ ਸਵੈਸ਼ਾਸਨ ਦੀ ਮੰਗ ਨੂੰ ਲੈ ਕੇ ਅੰਦੋਲਨ ਚਲਾਉਣ ਦੀ ਯੋਜਨਾ ਬਣਾਈ। ਉਨਾਂ ਨੂੰ ਲੱਗਿਆ ਕਿ ਇਸਦੇ ਲਈ ਕਾਂਗਰਸ ਦੀ ਆਗਿਆ ਅਤੇ ਗਰਮਪੰਥੀ ਅੰਦੋਲਨਕਾਰੀਆਂ ਦਾ ਸਹਿਯੋਗ ਲੈਣਾ ਜ਼ਰੂਰੀ ਹੈ।

ਨੋਟ

- 1915 ਦੇ ਸ਼ੁਰੂ ਵਿਚ ਏਨੀ ਬੇਸੇਂਟ ਨੇ ਦੋ ਅਖਬਾਰਾਂ–'ਨਿਉ ਇੰਡੀਆ' (New India) ਅਤੇ 'ਕਾਮਨਵੀਲ' (Commonweal) ਦੇ ਦੁਆਰਾ ਅੰਦੋਲਨ ਛੇੜ ਦਿੱਤਾ। ਜਨਸਭਾਵਾਂ ਅਤੇ ਸੰਮੇਲਨ ਆਯੋਜਿਤ ਕੀਤੇ। ਉਨ੍ਹਾਂ ਦੀ ਮੰਗ ਸੀ ਕਿ ਜਿਸ ਤਰ੍ਹਾਂ ਨਾਲ ਗੋਰੇ ਉਪਨਿਵੇਸ਼ ਵਿਚ ਉਥੋਂ ਦੀ ਜਨਤਾ ਨੂੰ ਆਪਣੀ ਸਰਕਾਰ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ, ਭਾਰਤੀ ਜਨਤਾ ਨੂੰ ਵੀ ਸਵੈਸ਼ਾਸਨ ਦਾ ਅਧਿਕਾਰ ਮਿਲੇ। ਅਪ੍ਰੈਲ 1915 ਦੇ ਬਾਅਦ ਏਨੀ ਬੇਸੇਂਟ ਨੇ ਹੋਰ ਵੀ ਤਕੜਾ ਤੇ ਜੁਝਾਰੂ ਰੁਖ ਅਖਤਿਆਰ ਕੀਤਾ।
- ਤਿਲਕ ਨੇ 1915 ਵਿਚ ਪੂਨਾ ਵਿਚ ਆਪਣੇ ਸਮਰਥਕਾਂ ਨੂੰ ਇਕ ਸੰਮੇਲਨ ਬੁਲਾਇਆ, ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਪੇਂਡੂ ਜਨਤਾ ਨੂੰ ਕਾਂਗਰਸ ਦੇ ਉਦੇਸ਼ਾਂ ਅਤੇ ਉਸਦੀ ਗਤੀਵਿਧੀਆਂ ਨਾਲ ਜਾਣੂ ਕਰਾਉਣ ਲਈ ਇਕ ਸੰਸਥਾਨ ਦਾ ਗਠਨ ਕੀਤਾ ਜਾਵੇ।
- ਦਿਸੰਬਰ 1915 ਵਿਚ ਕਾਂਗਰਸ ਦਾ ਸਾਲਾਨਾ ਅਧਿਵੇਸ਼ਨ ਹੋਇਆ ਅਤੇ ਤਿਲਕ ਤੇ ਏਨੀ ਬੇਸੇਂਟ ਦੀਆਂ ਕੋਸ਼ਿਸ਼ਾਂ ਨਾਲ ਸਫਲਤਾ ਮਿਲੀ। ਗਰਮਪੰਥੀਆਂ ਨੂੰ ਕਾਂਗਰਸ ਵਿਚ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ। ਫਿਰੋਜਸ਼ਾਹ ਮੇਹਤਾ ਦੇ ਦੇਹਾਂਤ ਕਾਰਨ ਬੰਬਈ ਦੇ ਨਰਮਪੰਥੀ ਦਾ ਵਿਰੋਧ ਬੇਅਸਰ ਸਾਬਤ ਹੋਇਆ। ਗੋਖਲੇ ਦਾ ਵੀ ਦੇਹਾਂਤ ਹੋ ਚੁੱਕਾ ਸੀ। ਗਰਮਪੰਥੀਆਂ ਨੂੰ ਕਾਂਗਰਸ ਵਿਚ ਵਾਪਸ ਲਿਆਉਣ ਵਿਚ ਤਾਂ ਏਨੀ ਬੇਸੇਂਟ ਸਫਲ ਰਹੀ, ਪਰ 'ਹੋਮ ਰੂਲ ਲੀਗ' ਦੇ ਗਠਨ ਦੇ ਆਪਣੇ ਪ੍ਰਸਤਾਵ ਉਤੇ ਉਹ ਕਾਂਗਰਸ ਅਤੇ ਮੁਸਲਿਮ ਲੀਗ ਦੀ ਮੰਜ਼ੂਰੀ ਨਹੀ ਲੈ ਸਕੀ।

## 9.5 ਸ਼ਬਦਕੋਸ਼ (Keywords)

- ਜੁਝਾਰੂ : ਸੰਘਰਸ਼ ਕਰਣ ਵਾਲ਼ਾ
- ਤਵੱਜੋ : ਇੱਜ਼ਤ ਦੇਣਾ
- ਖੇਮਾ : ਪਾਰਟੀ, ਦਲ

## 9.6 ਅਭਿਆਸ ਪ੍ਰਸ਼ਨ (Review Questions)

1. ਕਾਂਗਰਸ ਪਾਰਟੀ ਦੀ ਸਥਾਪਨਾ ਦੇ ਪਿੱਛੇ ਹਿਊਮ ਦੇ ਕੀ ਉਦੇਸ਼ ਸਨ। ਸਪਸ਼ਟ ਕਰੋ।
2. ਕਾਂਗਰਸ ਸਥਾਪਨਾ ਦੇ ਸੇਫਟੀ ਵਾਲਵ ਸਿਧਾਂਤ ਦੀ ਵਿਆਖਿਆ ਕਰੋ।
3. ਹੋਮ ਰੂਲ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ? ਲੋਕਮਾਨਯ ਤਿਲਕ ਅਤੇ ਐਨੀ ਬੇਸੈਂਟ ਦੀ ਭੂਮਿਕਾ ਦੀ ਵਿਆਖਿਆ ਕਰੋ।
4. ਨਰਮਪੰਥੀ ਅਤੇ ਗਰਮਪੰਥੀ ਨੇਤਾ ਕੌਣ ਸਨ ਅਤੇ ਸੁਤੰਤਰਤਾ ਅੰਦੋਲਨ ਵਿੱਚ ਇਹਨਾਂ ਦੀ ਭੂਮਿਕਾ ਸਪਸ਼ਟ ਕਰੋ।

**ਉੱਤਰ : ਸਵ-ਮੁੱਲਾਂਕਣ (Answers: Self Assessment)**

| | | | | | |
|---|---|---|---|---|---|
| 1. | 1. (*b*) | 2. (*a*) | 3. (*c*) | 4. (*b*) | 5. (*a*) |
| 2. | 1. 6 ਸਾਲ | 2. ਕਾਮਨਵੀਲ | 3. ਬੇਲਗਾਂਵ | 4. 60ਵਾਂ | 5. ਸਿਤੰਬਰ 16 |

## 9.7 ਸੰਦਰਭ ਪੁਸਤਕਾਂ (Further Readings)

ਬੁਕਸ
1. ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗ੍ਰੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ
2. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
3. ਆਧੁਨਿਕ ਭਾਰਤ, ਐਸ. ਕੇ. ਪਾਂਡੇ, ਪ੍ਰਯਾਗ ਅਕਾਦਮੀ ਇਲਾਹਾਬਾਦ

ਨੋਟ

# ਇਕਾਈ 10: ਰਾਸ਼ਟਰੀ ਅੰਦੋਲਨ ਅਤੇ ਭਾਰਤੀ ਸੁਤੰਤਰਤਾ: (National Movement and Indian Independence)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
10.1 ਅਸਹਿਯੋਗ ਅੰਦੋਲਨ (Non-Co-operation Movement)
10.2 ਸਵਿਨੇਅ ਅਵਗਿਆ ਅੰਦੋਲਨ (Civil disobidience Movement)
10.3 ਭਾਰਤ ਛੱਡੋ ਅੰਦੋਲਨ (Quit India Movement)
10.4 ਭਾਰਤੀ ਸੁਤੰਤਰਤਾ ਅਤੇ ਵੰਡ (Indian Independence and Partition)
10.5 ਸਾਰ ਅੰਸ਼ (Summary)
10.6 ਸ਼ਬਦਕੋਸ਼ (Keywords)
10.7 ਅਭਿਆਸ-ਪ੍ਰਸ਼ਨ (Review Questions)
10.8 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਅਸਹਿਯੋਗ ਅੰਦੋਲਨ ਦੀ ਵਿਆਖਿਆ ਕਰਨ ਵਿਚ;
- ਸਵਿਨੇਅ ਅਵਗਿਆ ਅਤੇ ਭਾਰਤ ਛੱਡੋ ਅੰਦੋਲਨ ਦਾ ਵਿਵੇਚਨ ਕਰਨ ਵਿਚ;
- ਭਾਰਤੀ ਸੁਤੰਤਰਤਾ ਅਤੇ ਵੰਡ ਦਾ ਵਿਸ਼ਲੇਸ਼ਣ ਕਰਨ ਵਿਚ।

## ਜਾਣਕਾਰੀ (Introduction)

ਵੀਹਵੀਂ ਸਦੀ ਦੇ ਦੂਜੇ ਦਸ਼ਕ ਦਾ ਅੰਤਿਮ ਸਾਲ ਯਾਨੀ 1920 ਭਾਰਤੀ ਜਨਤਾ ਲਈ ਨਿਰਾਸ਼ਾ ਅਤੇ ਦੁਖਦ ਦਾ ਸਾਲ ਸੀ। ਜਨਤਾ ਉਮੀਦ ਲਗਾ ਕੇ ਬੈਠੀ ਸੀ ਕਿ ਪਹਿਲੇ ਵਿਸ਼ਵ ਯੁਧ ਦੀ ਸਮਾਪਤੀ ਦੇ ਬਾਅਦ ਹਕੂਮਤ ਉਨ੍ਹਾਂ ਲਈ ਕੁਝ ਕਰੇਗੀ, ਪ੍ਰੰਤੂ ਰੋਲਟ ਐਕਟ, ਜਲਿਆਂਵਾਲਾ ਬਾਗ ਕਾਂਡ ਅਤੇ ਪੰਜਾਬ ਵਿਚ ਮਾਰਸ਼ਲ ਲਾ ਨੇ ਉਸਦੀ ਸਾਰੀ ਉਮੀਦਾਂ ਉਤੇ ਪਾਣੀ ਫੇਰ ਦਿਤਾ। ਜਨਤਾ ਸਮਝ ਗਈ ਕਿ ਅੰਗ੍ਰੇਜ਼ੀ ਹਕੂਮਤ ਸਿਵਾਇ ਦਮਨ ਦੇ ਉਸਨੂੰ ਕੁਝ ਨਹੀ ਦਵੇਗੀ।

ਮਾਟਾਂਗਿਉ ਚੇਮਸਫੋਰਡ ਸੁਧਾਰਾਂ ਦਾ ਮਕਸਦ ਵੀ ਦੂਹਰੀ ਸ਼ਾਸਨ ਪ੍ਰਣਾਲੀ ਲਾਗੂ ਕਰਨਾ ਸੀ, ਨਾ ਕਿ ਜਨਤਾ ਨੂੰ ਰਾਹਤ ਦੇਣਾ। ਇਸ ਨਾਲ ਵੀ ਅਸੰਤੋਖ ਉਭਰਿਆ। ਮੁਸਲਮਾਨਾਂ ਨੂੰ ਮਹਿਸੂਸ ਹੋਣ ਲਗਾ ਕਿ ਅੰਗ੍ਰੇਜ਼ੀ ਹਕੂਮਤ ਨੇ ਉਨ੍ਹਾਂ ਨੂੰ ਵੀ ਧੋਖਾ ਦਿਤਾ ਹੈ। ਪਹਿਲੇ ਵਿਸ਼ਵ ਯੁਧ ਵਿਚ ਮੁਸਲਮਾਨਾਂ ਦਾ ਸਹਿਯੋਗ ਲੈਣ ਦੇ ਲਈ ਅੰਗ੍ਰੇਜ਼ਾਂ ਨੇ ਤੁਰਕੀ ਦੇ ਪ੍ਰਤੀ ਉਦਾਰ ਰਵਈਆ ਅਪਨਾਉਣ ਦਾ ਵਾਇਦਾ ਕੀਤਾ ਸੀ, ਪਰ ਬਾਅਦ ਵਿਚ ਉਹ ਮੁਕਰ ਗਏ।

ਭਾਰਤ ਦੇ ਮੁਸਲਮਾਨ ਤੁਰਕੀ ਦੇ ਖਲੀਫਾ ਨੂੰ ਆਪਣਾ ਧਰਮਗੁਰੂ ਮੰਨਦੇ ਸਨ। ਉਨ੍ਹਾਂ ਨੂੰ ਲਗਿਆ ਕਿ ਹੁਣ ਤੁਰਕੀ ਦੇ ਧਰਮ ਅਸਥਾਨਾਂ ਉਤੇ ਖਲੀਫਾ ਦਾ ਨਿਅੰਤਰਣ ਨਹੀਂ ਰਹਿ ਜਾਏਗਾ। ਭਾਰਤੀ ਮੁਸਲਮਾਨ ਇਸ ਨਾਲ ਬਹੁਤ ਦੁਖੀ ਹੋਏ। ਗਾਂਧੀ ਜੀ ਅਤੇ ਉਨ੍ਹਾਂ ਵਰਗੇ ਤਮਾਮ ਲੋਕ, ਜੋ ਇਹ ਉਮੀਦ ਲਗਾ ਕੇ ਬੈਠੇ ਸਨ ਕਿ ਜਲਿਆਂਵਾਲਾ ਬਾਗ ਕਾਂਡ ਅਤੇ ਪੰਜਾਬ ਵਿਚ ਉਪਦ੍ਰਵਾਂ ਦੀ ਨਿਰਪੱਖ ਜਾਂਚ ਹੋਏਗੀ ਅਤੇ ਬ੍ਰਿਟਿਸ਼ ਸਰਕਾਰ ਅਤੇ ਜਨਤਾ ਇਸਦੀ ਇਕ ਆਵਾਜ਼ ਵਿਚ ਨਿੰਦਾ ਕਰੇਗੀ, ਹੁਣ ਨਿਰਾਸ਼ ਹੋ ਚਲੇ ਸੀ। 'ਹੰਟਰ ਕਮੇਟੀ' ਦੁਆਰਾ ਇਨ੍ਹਾਂ ਘਟਨਾਵਾਂ ਦੀ ਜਾਂਚ ਜਿਸ ਤਰ੍ਹਾਂ ਕੀਤੀ ਜਾ ਰਹੀ ਸੀ, ਉਸ ਨਾਲ ਇਹ ਲੋਕ ਕਾਫੀ ਦੁਖੀ ਸੀ। ਉਧਰ ਬ੍ਰਿਟਿਸ਼ ਸੰਸਦ ਵਿਸ਼ੇਸ਼ਕਰ 'ਹਾਉਸ ਆਫ ਲਾਰਡਸ' ਵਿਚ ਜਨਰਲ ਡਾਇਰ ਦੇ ਕਾਰਨਾਮਿਆਂ ਨੂੰ ਉਚਿਤ ਕਰਾਰ ਦਿਤਾ ਗਿਆ ਸੀ ਅਤੇ 'ਮੋਰਨਿੰਗ ਪੋਸਟ' ਨੇ ਡਾਇਰ ਲਈ 30 ਹਜ਼ਾਰ ਪੋਂਡ ਦਾ ਕੋਸ਼ ਇਕੱਠਾ ਕੀਤਾ ਸੀ। ਇਹ ਸਾਰੀ ਕਾਰਗੁਜ਼ਾਰੀਆਂ ਅੰਗ੍ਰੇਜ਼ੀ ਹਕੂਮਤ ਦਾ ਪਰਦਾਫਾਸ਼ ਕਰਨ ਲਈ ਕਾਫੀ ਸਨ।

ਨੋਟ

ਅਪ੍ਰੈਲ 1920 ਤਕ ਬ੍ਰਿਟਿਸ਼ ਸਰਕਾਰ ਦੇ ਕੋਲ ਆਪਣੇ ਗਲਤ ਕਦਮਾਂ ਨੂੰ ਸਹੀ ਠਹਿਰਾਉਣ ਦੇ ਸਾਰੇ ਤਰਕ ਮੁਕ ਗਏ ਸੀ। ਖਿਲਾਫਤ ਨੇਤਾਵਾਂ ਨੂੰ ਸਾਫ-ਸਾਫ ਕਹਿ ਦਿਤਾ ਗਿਆ ਸੀ ਕਿ ਉਹ ਹੁਣ ਹੋਰ ਜ਼ਿਆਦਾ ਉਮੀਦ ਨਾ ਰਖਣ। ਤੁਰਕੀ ਦੇ ਨਾਲ 1920 ਵਿਚ ਹੋਈ ਸੰਧੀ ਇਸ ਗੱਲ ਦਾ ਸਬੂਤ ਸੀ ਕਿ ਤੁਰਕੀ ਦੇ ਵੰਡ ਦਾ ਫੈਸਲਾ ਅੰਤਿਮ ਹੈ। ਗਾਂਧੀ ਜੀ ਨੂੰ ਇਸ ਨਾਲ ਵੀ ਗਹਿਰਾ ਦੁੱਖ ਪਹੁੰਚਿਆ। ਉਹ ਖਿਲਾਫਤ ਨੇਨੇਤਾਵਾਂ ਦੇ ਮਿੱਤਰ ਸੀ। ਨਵੰਬਰ 1919 ਵਿਚ ਖਿਲਾਫਤ ਸੰਮੇਲਨ ਵਿਚ ਉਨ੍ਹਾਂ ਨੂੰ ਵਿਸ਼ੇਸ਼ ਮਹਿਮਾਨ ਦੇ ਰੂਪ ਵਿਚ ਬੁਲਾਇਆ ਗਿਆ ਸੀ। ਗਾਂਧੀ ਜੀ ਨੂੰ ਵੀ ਅਹਿਸਾਸ ਹੋਇਆ ਕਿ ਅੰਗ੍ਰੇਜ਼ਾ ਨੇ ਧੋਖਾ ਦਿੱਤਾ ਹੈ।

1920 ਵਿਚ ਗਾਂਧੀ ਜੀ ਨੇ ਖਿਲਾਫ ਕਮੇਟੀ ਨੂੰ ਅੰਗ੍ਰੇਜ਼ੀ ਹਕੂਮਤ ਦੇ ਖਿਲਾਫ ਅਹਿੰਸਕ ਅਸਹਿਯੋਗ ਅੰਦੋਲਨ ਛੇੜਣ ਦੀ ਸਲਾਹ ਦਿਤੀ। 9 ਜੂਨ 1920 ਨੂੰ ਇਲਾਹਾਬਾਦ ਵਿਚ ਖਿਲਾਫਤ ਕਮੇਟੀ ਨੇ ਇਸ ਸਲਾਹ ਨੂੰ ਸਰਬ ਸੰਮਤੀ ਨਾਲ ਸਵੀਕਾਰ ਕਰ ਲਿਆ ਅਤੇ ਗਾਂਧੀਜੀ ਨੂੰ ਇਸ ਅੰਦੋਲਨ ਦੀ ਅਗਵਾਈ ਕਰਨ ਦਾ ਅਧਿਕਾਰ ਸੌਂਪਿਆ।

ਇਸ ਵਿਚ ਕਾਂਗਰਸ ਨੂੰ ਵੀ ਮਹਿਸੂਸ ਹੋਣ ਲਗਾ ਸੀ ਕਿ ਸੰਵਿਧਾਨਿਕ ਤੌਰ ਤਰੀਕਿਆਂ ਨਾਲ ਕੁਝ ਹਾਸਲ ਹੋਣ ਵਾਲਾ ਨਹੀਂ ਹੈ। ਪੰਜਾਬ ਉਪਦ੍ਰਵਾਂ ਦੀ ਜਾਂਚ ਕਰਨ ਵਾਲੀ ਕਮੇਟੀ ਦੀ ਰਿਪੋਰਟ ਨਾਲ ਵੀ ਕਾਂਗਰਸ ਨੂੰ ਨਿਰਾਸ਼ਾ ਹੀ ਹੱਥ ਲਗੀ। ਕਾਂਗਰਸ ਨੇ ਖੁਦ ਇਨ੍ਹਾਂ ਘਟਨਾਵਾਂ ਦੀ ਜਾਂਚ ਕਰਾਈ ਅਤੇ ਸੱਚ ਦਾ ਪਤਾ ਲਗਾਇਆ। ਇਸ ਤਰ੍ਹਾਂ ਬ੍ਰਿਟਿਸ਼ ਹਕੂਮਤ ਦੇ ਰਵੱਈਏ ਤੋਂ ਦੁਖੀ ਕਾਂਗਰਸ ਵੀ ਅਸਹਿਯੋਗ ਅੰਦੋਲਨ ਦਾ ਰਸਤਾ ਅਖਤਿਆਰ ਕਰਨ ਨੂੰ ਤਿਆਰ ਸੀ। ਮਈ 1920 ਵਿਚ ਅਖਿਲ ਭਾਰਤੀ ਕਾਂਗਰਸ ਕਮੇਟੀ ਦੀ ਬੈਠਕ ਹੋਈ ਅਤੇ ਸਤੰਬਰ ਵਿਚ ਕਾਂਗਰਸ ਦਾ ਵਿਸ਼ੇਸ਼ ਅਧਿਵੇਸ਼ਨ ਆਯੋਜਿਤ ਕਰਨ ਦਾ ਫੈਸਲਾ ਕੀਤਾ ਗਿਆ। ਉਦੇਸ਼ ਸੀ-ਅੱਗੇ ਦੀ ਰਣਨੀਤੀ ਤੈਅ ਕਰਨਾ।

ਦੇਸ਼ ਦੀ ਜਨਤਾ ਵੀ ਅੰਗ੍ਰੇਜ਼ੀ ਹਕੂਮਤ ਤੋਂ ਖਾਰ ਖਾਏ ਬੈਠੀ ਸੀ। ਇਸ ਤੋਂ ਪਹਿਲਾਂ ਦੇ ਚਾਰ ਦਸ਼ਕਾਂ ਦੇ ਰਾਸ਼ਟਰੀ ਅੰਦੋਲਨ ਨੇ ਜਨਤਾ ਦੇ ਇਕ ਬਹੁਤ ਵੱਡੇ ਤਬਕੇ ਨੂੰ ਰਾਜਨੀਤਿਕ ਰੂਪ ਵਿਚ ਸ਼ਾਮਲ ਕੀਤਾ ਸੀ। ਅੰਗ੍ਰੇਜ਼ੀ ਹਕੂਮਤ ਦੀ ਧੋਖੇਬਾਜੀ ਅਤੇ ਦਮਨ ਨਾਲ ਜਨਤਾ ਤੜਫ ਉਠੀ ਸੀ। ਉਸਨੂੰ ਲਗ ਰਿਹਾ ਸੀ ਕਿ ਹੁਣ ਚੁੱਪ ਰਹਿਣਾ ਕਾਇਰਤਾ ਹੋਵੇਗੀ।

ਇਸਦੇ ਅਲਾਵਾ ਆਰਥਿਕ ਮੁਸ਼ਕਿਲਾਂ ਨੇ ਵੀ ਜਨਤਾ ਨੂੰ ਸੰਘਰਸ਼ ਲਈ ਉਕਸਾਇਆ। ਪਹਿਲੇ ਵਿਸ਼ਵ ਯੁੱਧ ਦੇ ਕਾਰਨ ਮਹਿੰਗਾਈ ਬਹੁਤ ਵਧ ਗਈ ਸੀ। ਨਗਰਾਂ ਅਤੇ ਕਸਬਿਆਂ ਵਿਚ ਰਹਿਣ ਵਾਲੇ ਮਜ਼ਦੂਰ ਦਸਤਕਾਰ, ਮੱਧ ਵਰਗ ਅਤੇ ਨੀਵੇਂ-ਮੱਧ ਵਰਗ ਸਾਰੇ ਪਰੇਸ਼ਾਨ ਸਨ। ਖਾਣ ਦੀ ਕਮੀ ਤਾਂ ਸੀ ਹੀ, ਕੀਮਤਾਂ ਵੀ ਅਸਮਾਨ ਛੂਹ ਰਹੀਆਂ ਸਨ। ਮੁਦਰਾਸਫੀਤੀ ਲਗਾਤਾਰ ਵਧਦੀ ਜਾ ਰਹੀ ਸੀ। ਵਿਸ਼ਵਯੁਧ ਸਮਾਪਤ ਹੋਣ ਦੇ ਬਾਅਦ ਵੀ ਇਹ ਕ੍ਰਮ ਖਤਮ ਨਹੀਂ ਹੋਇਆ। ਪਿੰਡਾਂ ਵਿਚ ਕਿਸਾਨ ਅਤੇ ਖੇਤੀਹਰ ਮਜਦੂਰ ਸੁੱਕਾ, ਮਹਾਮਾਰੀ ਅਤੇ ਪਲੇਗ ਨਾਲ ਜੂਝ ਰਹੇ ਸਨ। ਇਨ੍ਹਾਂ ਮਹਾਮਾਰੀਆਂ ਦੀ ਚਪੇਟ ਵਿਚ ਆਕੇ ਹਜ਼ਾਰਾਂ ਲੋਕ ਮਰ ਗਏ। ਇਸ ਤਰ੍ਹਾਂ ਸ਼ਹਿਰਾਂ-ਪਿੰਡਾਂ ਅਤੇ ਕਸਬਿਆਂ ਵਿਚ, ਸਾਰੀ ਜਗ੍ਹਾ ਅੰਗ੍ਰੇਜ਼ੀ ਹਕੂਮਤ ਦੇ ਖਿਲਾਫ ਲੋਕ ਤੜਫ ਰਹੇ ਸੀ। ਵਿਰੋਧ ਦੀ ਇਸ ਉਰਜਾ ਨੂੰ ਸਹੀ ਦਿਸ਼ਾ ਦੇਣ ਭਰ ਦੀ ਜ਼ਰੂਰਤ ਸੀ।

ਪਹਿਲੀ ਅਗਸਤ 1920 ਨੂੰ ਅੰਦੋਲਨ ਛਿੜ ਗਿਆ। ਗਾਂਧੀ ਜੀ ਨੇ 22 ਜੂਨ ਨੂੰ ਹੀ ਵਾਇਸਰਾਏ ਨੂੰ ਇਕ ਨੋਟਿਸ ਦਿਤਾ ਸੀ, ਜਿਸ ਵਿਚ ਲਿਖਿਆ ਸੀ, "ਕੁਸ਼ਾਸਨ ਕਰਨ ਵਾਲੇ ਸ਼ਾਸਕ ਨੂੰ ਸਹਿਯੋਗ ਦੇਣ ਤੋਂ ਇਨਕਾਰ ਕਰਨ ਦਾ ਅਧਿਕਾਰ ਹਰ ਆਦਮੀ ਨੂੰ ਹੈ।" ਪਹਿਲੀ ਅਗਸਤ ਨੂੰ ਹੀ ਸਵੇਰੇ ਤਿਲਕ ਦਾ ਦੇਹਾਂਤ ਹੋ ਗਿਆ। ਤਿਲਕ ਦੇ ਦੇਹਾਂਤ ਉਤੇ ਸ਼ੋਕ ਅਤੇ ਅੰਦੋਲਨ ਦੀ ਸ਼ੁਰੂਆਤ ਦੋਵਾਂ ਲੋਕਾਂ ਨੇ ਉਪਵਾਸ ਰਖਿਆ।

ਸਤੰਬਰ ਵਿਚ ਕਲਕੱਤਾ ਵਿਚ ਕਾਂਗਰਸ ਦਾ ਅਧਿਵੇਸ਼ਨ ਹੋਇਆ। ਕਈ ਵਰਿਸ਼ਠ ਨੇਤਾਵਾਂ ਦੇ ਵਿਰੋਧ ਦੇ ਬਾਵਜੂਦ ਅਸਹਿਯੋਗ ਅੰਦੋਲਨ ਨੂੰ ਕਾਂਗਰਸ ਨੇ ਮੰਜੂਰੀ ਦੇ ਦਿਤੀ, ਇਸ ਨੂੰ ਆਪਣਾ ਅੰਦੋਲਨ ਮੰਨ ਲਿਆ। ਵਿਰੋਧੀਆਂ ਵਿਚ ਪ੍ਰਮੁੱਖ ਸੀ.ਆਰ. ਦਾਸ। ਉਨ੍ਹਾਂ ਦਾ ਵਿਰੋਧ ਵਿਧਾਨ ਪਰਿਸ਼ਦਾਂ (ਲੇਜਿਸਲੇਟਿਵ ਅਸੈਂਬਲੀ) ਦੇ ਬਹਿਸ਼ਕਾਰ ਨੂੰ ਲੈ ਕੇ ਸੀ। ਕੁਝ ਹੀ ਦਿਨ ਬਾਅਦ ਉਨ੍ਹਾਂ ਦੀਆਂ ਚੋਣਾਂ ਹੋਣ ਵਾਲੀਆਂ ਸਨ। ਪ੍ਰੰਤੂ ਬਹਿਸ਼ਕਾਰ ਦੇ ਵਿਚਾਰ ਨਾਲ ਅਸਹਿਮਤੀ ਰਖਣ ਵਾਲਿਆਂ ਨੇ ਵੀ ਕਾਂਗਰਸ ਦੇ ਅਨੁਸ਼ਾਸਨ ਦਾ ਪਾਲਨ ਕੀਤਾ ਅਤੇ ਚੋਣਾਂ ਵਿਚ ਭਾਗ ਨਹੀਂ ਲਿਆ। ਜ਼ਿਆਦਾਤਰ ਮਤਦਾਤਾਵਾਂ ਨੇ ਵੀ ਇਸਦਾ ਬਹਿਸ਼ਕਾਰ ਕੀਤਾ।

## 10.1 ਅਸਹਿਯੋਗ ਅੰਦੋਲਨ (Non-Co-operation Movement)

ਦਸੰਬਰ ਵਿਚ ਨਾਗਪੁਰ ਵਿਚ ਕਾਂਗਰਸ ਦਾ ਸਾਲਾਨਾ ਅਧਿਵੇਸ਼ਨ ਹੋਇਆ। ਇਸ ਸਮੇਂ ਤਕ ਕਾਂਗਰਸ ਵਿਚ ਅੰਦਰੂਨੀ ਵਿਰੋਧ ਲਗਭਗ ਖਤਮ ਹੋ ਚੁੱਕਾ ਸੀ। ਵਿਧਾਨ ਪਰਿਸ਼ਦਾਂ ਦੀਆਂ ਚੋਣਾਂ ਹੋ ਚੁਕੀਆਂ ਸਨ, ਇਸ ਲਈ ਇਸਦੇ ਬਹਿਸ਼ਕਾਰ ਦਾ ਵਿਵਾਦ ਵਾਲਾ ਮੁੱਦਾ ਵੀ ਖਤਮ ਹੋ ਗਿਆ ਸੀ। ਸੀ.ਆਰ. ਦਾਸ ਨੇ ਵੀ ਇਸ ਸੰਮੇਲਨ ਵਿਚ ਅਸਹਿਯੋਗ ਅੰਦੋਲਨ ਨਾਲ ਸੰਬਧ ਪ੍ਰਸਤਾਵ ਰਖਿਆ। ਇਹ ਪ੍ਰਸਤਾਵ ਕਾਫੀ ਲੰਮਾ-ਚੌੜਾ ਸੀ। ਅਸਹਿਯੋਗ ਅੰਦੋਲਨ ਪ੍ਰੋਗਰਾਮ ਦੇ ਤਹਿਤ ਤਮਾਮ ਚੀਜ਼ਾਂ ਆਉਂਦੀਆ ਸੀ, ਜਿਵੇਂ ਉਪਾਧੀਆਂ ਅਤੇ ਮਾਨਪੱਤਰ ਦਾ ਵਾਪਸ ਕਰਨਾ, ਸਰਕਾਰੀ ਸਕੂਲਾਂ, ਕਾਲਜਾਂ, ਅਦਾਲਤਾਂ, ਵਿਦੇਸ਼ੀ ਕੱਪੜਿਆਂ ਦਾ ਬਹਿਸ਼ਕਾਰ। ਇਸ ਪ੍ਰਸਤਾਵ ਵਿਚ ਇਹ ਵੀ ਕਿਹਾ ਗਿਆ ਕਿ ਬਾਅਦ ਵਿਚ ਜਨਤਾ ਨੂੰ ਸਰਕਾਰੀ ਨੌਕਰੀਆਂ ਤੋਂ ਅਸਤੀਫਾ ਦੇਣ ਅਤੇ ਕਾਨੂੰਨ ਦੀ ਅਵਗਿਆ—ਜਿਸ ਵਿਚ ਟੈਕਸ ਅਦਾਇਗੀ ਨਾ ਕਰਨਾ ਵੀ ਸ਼ਾਮਲ ਹੋਵੇ- ਦੇ ਲਈ ਵੀ ਕਿਹਾ ਜਾ ਸਕਦਾ

ਸੀ। ਰਾਸ਼ਟਰੀ ਵਿਦਿਆਲਾਂ ਦੀ ਸਥਾਪਨਾ ਅਤੇ ਸਥਾਨਕ ਵਿਵਾਦਾਂ ਦੇ ਨਿਪਟਾਰੇ ਦੇ ਲਈ ਪੰਚਾਇਤਾਂ ਦੇ ਗਠਨ ਦਾ ਵੀ ਪ੍ਰਸਤਾਵ ਸੀ। ਹੱਥ ਨਾਲ ਕਤਾਈ-ਬੁਣਾਈ ਨੂੰ ਉਤਸਾਹ ਦੇਣ ਅਤੇ ਹਿੰਦੂ-ਮੁਸਲਿਮ ਏਕਤਾ ਨੂੰ ਵਾਧਾ ਦੇਣ ਤੇ ਵਿਸ਼ੇਸ਼ ਜੋਰ ਦੇਣ ਦੀ ਗੱਲ ਕਹੀ ਗਈ ਸੀ। ਛੂਆਛੂਤ ਨੂੰ ਮਿਟਾਉਣ ਅਤੇ ਹਰ ਹਾਲ ਵਿਚ ਅਹਿੰਸਾ ਦਾ ਪਾਲਨ ਕਰਨ ਦਾ ਸਖਤ ਨਿਰਦੇਸ਼ ਸੀ। ਗਾਂਧੀ ਜੀ ਨੇ ਦਿਲਾਸਾ ਦਿੱਤਾ ਕਿ ਜੇਕਰ ਇਨ੍ਹਾਂ ਪ੍ਰੋਗਰਾਮਾਂ ਤੇ ਪੂਰੀ ਤਰ੍ਹਾਂ ਅਮਲ ਹੋਇਆ, ਤਾਂ ਇਕ ਸਾਲ ਦੇ ਅੰਦਰ ਹੀ ਆਜਾਦੀ ਮਿਲ ਜਾਏਗੀ। ਇਸ ਤਰ੍ਹਾਂ ਨਾਗਪੁਰ ਕਾਂਗਰਸ ਸੰਮੇਲਨ ਨੇ ਜਨ ਅੰਦੋਲਨ ਦੇ ਸੰਵਿਧਾਨ ਦੇ ਤਰੀਕੇ ਅਪਣਾਉਣ ਦੀ ਘੋਸ਼ਣਾ ਕਰ ਦਿਤੀ। ਕ੍ਰਾਂਤੀਕਾਰੀ ਆਤੰਕਵਾਦੀਆਂ ਦੇ ਤਮਾਮ ਗੁਟਾਂ ਨੇ (ਜ਼ਿਆਦਾਤਰ ਬੰਗਾਲ ਦੇ) ਇਸ ਅੰਦੋਲਨ ਨੂੰ ਸਮਰਥਣ ਦਿਤਾ।

ਨਵੇਂ ਪ੍ਰੋਗਰਾਮਾਂ ਉਤੇ ਅਮਲ ਕਰਨ ਲਈ ਕਾਂਗਰਸ ਦੇ ਸੰਗਠਨਾਤਮਕ ਢਾਂਚੇ ਵਿਚ ਵੀ ਕਈ ਪਰਿਵਰਤਨ ਕੀਤੇ ਗਏ, ਉਦੇਸ਼ ਵੀ ਬਦਲ ਗਿਆ। ਪਹਿਲੇ ਉਪਦੇਸ਼ ਸੀ ਸੰਵੈਧਾਨਿਕ ਅਤੇ ਵੈਧਾਨਿਕ ਤਰੀਕਿਆਂ ਨਾਲ ਸਵੈਸ਼ਾਸਨ (ਸੇਲਫ ਗਵਰਨਮੈਂਟ) ਦੀ ਪ੍ਰਾਪਤੀ, ਹੁਣ ਉਦੇਸ਼ ਸੀ ਅਹਿੰਸਕ ਅਤੇ ਉਚਿਤ ਤਰੀਕਿਆਂ ਨਾਲ ਸਵਰਾਜ ਦੀ ਪ੍ਰਾਪਤੀ। ਗਾਂਧੀ ਜੀ ਦੁਆਰਾ ਤਿਆਰ ਕਾਂਗਰਸ ਦੇ ਨਵੇਂ ਸੰਵਿਧਾਨ ਨੇ ਵੀ ਕਾਂਗਰਸ ਦੇ ਚਰਿੱਤਰ ਨੂੰ ਕਾਫੀ ਹਦ ਤਕ ਬਦਲਿਆ।

ਹੁਣ ਕਾਂਗਰਸ ਦੇ ਰੋਜ਼ਮੱਰਾ ਦੇ ਕੰਮ ਨੂੰ ਦੇਖਣ ਲਈ 15 ਮੈਂਬਰੀ ਕਾਰਜਕਾਰਣੀ ਗਠਿਤ ਕੀਤੀ ਗਈ। ਤਿਲਕ ਨੇ 1916 ਵਿਚ ਹੀ ਇਸਦਾ ਪ੍ਰਸਤਾਵ ਰਖਿਆ ਸੀ, ਪਰ ਨਰਮਪੰਥੀ ਕਾਂਗਰਸੀਆਂ ਦੇ ਵਿਰੋਧ ਦੇ ਕਾਰਨ ਇਸਨੂੰ ਮੰਜੂਰੀ ਹੀ ਮਿਲੀ। ਗਾਂਧੀ ਜੀ ਜਾਣਦੇ ਸੀ ਕਿ ਕਿਸੇ ਅੰਦੋਲਨ ਨੂ ਲੰਮੇ ਸਮੇਂ ਤਕ ਚਲਾਉਣ ਲਈ ਕੋਈ ਐਸੀ ਕਮੇਟੀ ਹੋਣੀ ਚਾਹੀਦੀ ਹੈ, ਜੋ ਸਾਲ ਭਰ ਸਾਰਾ ਕੰਮਕਾਜ ਦੇਖਦੀ ਰਹੇ। ਸਥਾਨਕ ਪੱਧਰ ਤੇ ਪ੍ਰੋਗਰਾਮ ਉਤੇ ਅਮਲੀ ਜਾਮਾ ਪਾਉਣ ਲਈ ਪ੍ਰਦੇਸ਼ ਕਾਂਗਰਸ ਸਮੀਤੀਆਂ ਦਾ ਗਠਨ ਕੀਤਾ ਗਿਆ। ਇਹਨਾਂ ਦਾ ਗਠਨ ਭਾਸ਼ਾਈ ਆਧਾਰ ਤੇ ਕੀਤਾ ਗਿਆ, ਜਿਸ ਨਾਲ ਇਸ ਵਿਚ ਸਥਾਨਕ ਲੋਕਾਂ ਦੀ ਜ਼ਿਆਦਾ ਤੋਂ ਜ਼ਿਆਦਾ ਭਾਗੀਦਾਰੀ ਹੋਵੇ। ਇਸ ਦੇ ਬਾਅਦ ਕਾਂਗਰਸ ਨੇ ਪਿੰਡਾਂ-ਕਸਬਿਆਂ ਤਕ ਪਹੁੰਚਣ ਦਾ ਨਿਸ਼ਾਨਾ ਬਣਾਇਆ। ਇਸ ਤਰ੍ਹਾਂ ਕਾਂਗਰਸ ਸੰਗਠਨ ਦਾ ਦਾਇਰਾ ਵੀ ਵਧਿਆ ਅਤੇ ਉਸਦਾ ਵਿਕੇਂਦਰੀਕਰਨ ਵੀ ਹੋਇਆ। ਕਾਂਗਰਸ ਨੇ ਇਹ ਵੀ ਤੈਅ ਕੀਤਾ ਕਿ ਜਿਥੇ ਤਕ ਸੰਭਵ ਹੋਵੇ, ਹਿੰਦੀ ਨੂੰ ਹੀ ਬਤੌਰ ਸੰਪਰਕ ਭਾਸ਼ਾ ਇਸਤੇਮਾਲ ਕੀਤਾ ਜਾਵੇ।

**ਕੀ ਤੁਸੀਂ ਜਾਣਦੇ ਹੋ** ਪਿੰਡਾਂ ਅਤੇ ਕਸਬਿਆਂ ਵਿਚ ਵੀ ਕਾਂਗਰਸ ਸਮੀਤੀਆਂ ਗਠਤ ਕੀਤੀ ਗਈਆਂ। ਮੈਂਬਰਸ਼ਿਪ ਫੀਸ ਚਾਰ ਆਨੇ ਸਾਲ ਦੀ ਕਰ ਦਿਤੀ ਗਈ ਜਿਸ ਨਾਲ ਗਰੀਬ ਲੋਕ ਵੀ ਮੈਂਬਰ ਬਣ ਸਕਣ।

ਕਾਂਗਰਸ ਦੁਆਰਾ ਇਸਨੂੰ ਅਪਣਾਉਣ ਦੇ ਫਲਸਰੂਪ ਅਸਹਿਯੋਗ ਅੰਦੋਲਨ ਦੀ ਨਵੀਂ ਸ਼ਕਤੀ ਭਰੀ। ਜਨਵਰੀ 1921 ਤੋਂ ਪੂਰੇ ਦੇਸ਼ ਵਿਚ ਅੰਦੋਲਨ ਦੀ ਲੋਕਪ੍ਰਿਅਤਾ ਵਧਣ ਲਗੀ। ਗਾਂਧੀ ਜੀ ਨੇ ਖਿਲਾਫਤ ਨੇਤਾ ਅਲੀ ਭਾਈਆਂ ਦੇ ਨਾਲ ਪੂਰੇ ਦੇਸ਼ ਦਾ ਦੌਰਾ ਕੀਤਾ, ਸੈਂਕੜੇ ਸਭਾਵਾਂ ਵਿਚ ਭਾਸ਼ਣ ਦਿੱਤੇ ਅਤੇ ਰਾਜਨੀਤਿਕ ਕਾਰਜਕਰਤਾਵਾਂ ਨਾਲ ਮੁਲਾਕਾਤ ਕੀਤੀ, ਉਨ੍ਹਾਂ ਨਾਲ ਗੱਲਬਾਤ ਕੀਤੀ। ਪਹਿਲੇ ਮਹੀਨੇ ਵਿਚ ਹੀ ਹਜ਼ਾਰਾਂ ਵਿਦਿਆਰਥੀਆਂ ਨੇ (ਇਕ ਆਂਕੜੇ ਦੇ ਅਨੁਸਾਰ 90,000) ਸਰਕਾਰੀ ਸਕੂਲਾਂ ਅਤੇ ਕਾਲਜਾਂ ਨੂੰ ਛੱਡ ਦਿੱਤਾ ਅਤੇ ਰਾਸ਼ਟਰੀ ਸਕੂਲਾਂ ਅਤੇ ਕਾਲਜਾਂ ਵਿਚ ਭਰਤੀ ਹੋ ਗਏ। ਉਸ ਸਮੇਂ ਦੇਸ਼ ਵਿਚ 800 ਰਾਸ਼ਟਰੀ ਸਕੂਲ ਅਤੇ ਕਾਲਜ ਸਨ। ਸਿਖਿਆ ਦਾ ਬਹਿਸ਼ਕਾਰ ਪੱਛਮੀ ਬੰਗਾਲ ਵਿਚ ਸਭ ਤੋਂ ਜ਼ਿਆਦਾ ਸਫਲ ਰਿਹਾ। ਕਲਕੱਤਾ ਦੇ ਵਿਦਿਆਰਥੀਆਂ ਨੇ ਰਾਜਵਿਆਪੀ ਹੜਤਾਲ ਕੀਤੀ। ਉਨ੍ਹਾਂ ਦੀ ਮੰਗ ਸੀ ਕਿ ਸਕੂਲਾਂ ਦੇ ਪ੍ਰਬੰਧਕ ਸਰਕਾਰ ਨਾਲ ਆਪਣਾ ਰਿਸ਼ਤਾ ਤੋੜਣ। ਸੀ.ਆਰ. ਦਾਸ ਨੇ ਇਸ ਅੰਦੋਲਨ ਨੂੰ ਬਹੁਤ ਉਤਸਾਹਿਤ ਕੀਤਾ ਅਤੇ ਸੁਭਾਸ਼ਚੰਦਰ ਬੋਸ 'ਨੈਸ਼ਨਲ ਕਾਲਜ' (ਕਲਕੱਤਾ) ਦੇ ਪ੍ਰਿੰਸੀਪਲ ਬਣ ਗਏ। ਪੰਜਾਬ ਵਿਚ ਵੀ ਵੱਡੇ ਪੈਮਾਨੇ ਉਤੇ ਸਿਖਿਆ ਦਾ ਬਹਿਸ਼ਕਾਰ ਕੀਤਾ ਗਿਆ। ਬੰਗਾਲ ਦੇ ਬਾਅਦ ਇਸੇ ਦਾ ਨੰਬਰ ਸੀ। ਲਾਲਾ ਲਾਜਪਤ ਰਾਏ ਨੇ ਇਥੇ ਵੱਡਾ ਕੰਮ ਕੀਤਾ, ਹਾਲਾਂਕਿ ਸ਼ੁਰੂ ਵਿਚ ਉਹ ਇਸਦੇ ਸਮਰਥਕ ਨਹੀਂ ਸੀ। ਬੰਬਈ, ਉੱਤਰ ਪ੍ਰਦੇਸ਼, ਬਿਹਾਰ, ਉੜੀਸਾ, ਅਸਮ ਵਿਚ ਵੀ ਇਸ ਪ੍ਰੋਗਰਾਮ ਉਤੇ ਕਾਫੀ ਅਮਲ ਹੋਇਆ, ਪ੍ਰੰਤੂ ਮਦਰਾਸ ਵਿਚ ਇਸ ਨੂੰ ਸਫਲਤਾ ਨਹੀਂ ਮਿਲੀ।

ਵਕੀਲਾਂ ਨੇ ਵੱਡੇ ਪੈਮਾਨੇ ਉਤੇ ਅਦਾਲਤਾਂ ਦਾ ਬਹਿਸ਼ਕਾਰ ਤਾਂ ਨਹੀਂ ਕੀਤਾ, ਪ੍ਰੰਤੂ ਦੇਸ਼ ਦੇ ਜਾਨੇ-ਮਾਨੇ ਵਕੀਲਾਂ, ਜਿਵੇਂ ਸੀ.ਆਰ. ਦਾਸ, ਮੋਤੀਲਾਲ ਨਹਿਰੂ, ਐਮ.ਆਰ. ਜੈਕਰ, ਕਿਚਲੂ, ਵਲੱਭ ਭਾਈ ਪਟੇਲ, ਸੀ. ਰਾਜਗੋਪਾਲਾਚਾਰੀ, ਟੀ. ਪ੍ਰਕਾਸ਼ਮ ਅਤੇ ਆਸਫ ਅਲੀ ਦੇ ਵਕਾਲਤ ਛੱਡਣ ਨਾਲ ਲੋਕ ਬਹੁਤ ਉਤਸਾਹਤ ਹੋਏ। ਗਿਣਤੀ ਦੀ ਦ੍ਰਿਸ਼ਟੀ ਨਾਲ ਇਸ ਵਾਰ ਵੀ ਬੰਗਾਲ ਪਹਿਲੇ ਨੰਬਰ ਤੇ ਰਿਹਾ, ਉਸਦੇ ਬਾਅਦ ਆਂਧਰ, ਉੱਤਰ ਪ੍ਰਦੇਸ਼, ਕਰਨਾਟਕ ਅਤੇ ਪੰਜਾਬ।

ਪ੍ਰਭੂਦਾਸ ਗਾਂਧੀ ਮਹਾਤਮਾ ਗਾਂਧੀ ਦੇ ਨਾਲ ਦੇਸ਼ ਦੇ ਦੌਰੇ ਤੇ ਗਏ ਸਨ। ਉਹ ਦਸਦੇ ਹਨ ਕਿ ਦੂਰ ਦਰਾਜ ਦੇ ਸਟੇਸ਼ਨਾਂ ਉਤੇ, ਜਦੋਂ ਗੱਡੀ ਖੜੀ ਹੁੰਦੀ, ਤਾਂ ਗਾਂਧੀ ਜੀ ਸਟੇਸ਼ਨ ਤੇ ਖੜੇ ਲੋਕਾਂ ਨੂੰ ਕਹਿੰਦੇ ਕਿ ਤੁਸੀਂ ਲੋਕ ਪੂਰਾ ਕਪੜਾ ਨਾ ਸਹੀ, ਵਿਰੋਧ ਜਤਾਉਣ ਲਈ ਆਪਣੀ ਪਗੜੀ, ਦੁਪੱਟਾ ਜਾਂ ਟੋਪੀ ਨੂੰ ਹੀ ਉਤਾਰ ਦੇਵੋ। ਲੋਕ ਫੋਰਨ ਆਪਣਾ ਦੁਪੱਟਾ, ਟੋਪੀ ਜਾਂ ਪਗੜੀ ਜਿਸ ਦੇ ਕੋਲ ਜੋ ਹੁੰਦਾ, ਉਤਾਰ ਦਿੰਦੇ।

ਨੋਟ

ਨੋਟਸ ਬਹਿਸ਼ਕਾਰ ਅੰਦੋਲਨ ਵਿਚ ਸਭ ਤੋਂ ਜ਼ਿਆਦਾ ਸਫਲ ਸੀ-ਵਿਦੇਸ਼ੀ ਕਪੜਿਆਂ ਦੇ ਬਹਿਸ਼ਕਾਰ ਦਾ ਪ੍ਰੋਗਰਾਮ। ਕਾਰਜਕਰਤਾ ਘਰ-ਘਰ ਜਾ ਕੇ ਵਿਦੇਸ਼ੀ ਕਪੜੇ ਇਕੱਠੇ ਕਰਦੇ, ਸਥਾਨਕ ਲੋਕ ਇਕ ਜਗਾ ਇਕੱਠੇ ਹੁੰਦੇ ਅਤੇ ਇਨ੍ਹਾਂ ਕਪੜਿਆਂ ਦੀ ਹੋਲੀ ਜਲਾਈ ਜਾਂਦੀ।

ਪ੍ਰਭੂਦਾਸ ਗਾਂਧੀ ਦਸਦੇ ਹਨ ਕਿ ਜਿਵੇਂ ਹੀ ਸਾਡੀ ਗੱਡੀ ਅੱਗੇ ਵਧਦੀ, ਇਨ੍ਹਾਂ ਕਪੜਿਆਂ ਦੀ ਹੋਲੀ ਜਲਾਈ ਜਾਂਦੀ। ਟ੍ਰੇਨ ਦੀ ਖਿੜਕੀ ਤੋਂ ਲਪਟਾਂ ਉਠਦੀਆਂ ਦਿਖਾਈ ਦਿੰਦੀਆਂ। ਵਿਦੇਸ਼ੀ ਕਪੜੇ ਵੇਚਣ ਵਾਲੀ ਦੁਕਾਨਾਂ ਉਤੇ ਧਰਨਾ ਵੀ ਬਹਿਸ਼ਕਾਰ ਅੰਦੋਲਨ ਵਿਚ ਸ਼ਾਮਲ ਸੀ। ਇਸਦਾ ਨਤੀਜਾ ਇਹ ਹੋਇਆ ਕਿ 1920-21 ਵਿਚ ਜਿਥੇ ਇਕ ਅਰਬ ਦੋ ਕਰੋੜ ਮੁੱਲ ਦੇ ਵਿਦੇਸ਼ੀ ਕਪੜਿਆਂ ਦਾ ਆਯਾਤ ਸੀ, ਉਥੇ 1921-22 ਵਿਚ ਇਹ ਘਟ ਕੇ 57 ਕਰੋੜ ਹੋ ਗਿਆ।

ਇਸ ਅੰਦੋਲਨ ਵਿਚ ਇਕ ਹੋਰ ਕਾਰਵਾਈ, ਜੋ ਬਹੁਤ ਲੋਕਪ੍ਰਿਅ ਹੋਈ, ਉਹ ਸੀ ਤਾੜੀ ਦੀ ਦੁਕਾਨਾਂ ਉਤੇ ਧਰਨਾ। ਹਾਲਾਂਕਿ ਇਹ ਮੂਲ ਪ੍ਰੋਗਰਾਮ ਨਹੀਂ ਸੀ। ਸਰਕਾਰ ਨੂੰ ਇਸ ਨਾਲ ਬਹੁਤ ਆਰਥਿਕ ਨੁਕਸਾਨ ਪਹੁੰਚਿਆ ਅਤੇ ਉਹ ਮਜਬੂਰ ਹੋ ਕੇ ਇਸਦੇ ਪ੍ਰਚਾਰ ਵਿਚ ਜੁਟ ਗਈ। ਉਹ ਦੱਸਣ ਲਗੀ ਕਿ ਤਾੜੀ ਪੀਣ ਦੇ ਕਿੰਨੇ ਫਾਇਦੇ ਹਨ। ਬਿਹਾਰ ਅਤੇ ਉੜੀਸਾ ਦੀ ਸਰਕਾਰ ਨੇ ਤਾਂ ਇਤਿਹਾਸ ਦੇ ਬੰਦਿਆਂ ਦੇ ਨਾਂ ਤਕ ਗਿਣਵਾਏ ਕਿ ਕਿੰਨੇ ਮਹਾਨ-ਮਹਾਨ ਲੋਕ ਸ਼ਰਾਬ ਦਾ ਸੇਵਨ ਕਰਦੇ ਸਨ। (ਮੂਸਾ, ਸਿਕੰਦਰ, ਜੂਲੀਅਸ ਸੀਜ਼ਰ, ਨੇਪੋਲੀਅਨ, ਸ਼ੇਕਸਪੀਅਰ, ਗਲੈਡਸਟਾਨ, ਟੇਨੀਸਨ ਅਤੇ ਬਿਸਮਾਰਕ ਦਾ ਨਾਮ ਲਿਆ ਗਿਆ)।

ਮਾਰਚ 1921 ਵਿਚ ਵਿਜੇਵਾੜਾ ਵਿਚ ਕਾਂਗਰਸ ਸੰਮੇਲਨ ਹੋਇਆ। ਕਾਰਜਕਰਤਾਵਾਂ ਨੂੰ ਆਦੇਸ਼ ਦਿਤਾ ਗਿਆ ਕਿ ਉਹ ਅਗਲੇ ਤਿੰਨ ਮਹੀਨੇ ਤਕ ਆਪਣਾ ਸਾਰਾ ਧਿਆਨ ਕੋਸ਼ ਇਕੱਠਾ ਕਰਨ, ਮੈਂਬਰ ਬਣਾਉਣ ਅਤੇ ਚਰਖਾ ਵੰਡਣ ਉਤੇ ਦੇਣ। ਮੈਂਬਰਸ਼ਿਪ ਦਾ ਲਕਸ਼ ਇਕ ਕਰੋੜ ਰਖਿਆ ਗਿਆ ਸੀ। ਇਹ ਲਕਸ਼ ਤਾਂ ਪੂਰਾ ਨਹੀਂ ਹੋਇਆ, ਪ੍ਰੰਤੂ ਗਿਣਤੀ 50 ਲੱਖ ਤਕ ਪਹੁੰਚਾ ਦਿਤੀ ਗਈ। 'ਤਿਲਕ ਸਵਰਾਜ ਫੰਡ' ਆਪਣੇ ਲਕਸ਼ ਤੋਂ ਵੀ ਅਗੇ ਨਿਕਲ ਗਿਆ। ਇਕ ਕਰੋੜ ਤੋਂ ਜ਼ਿਆਦਾ ਰੁਪਏ ਇਕੱਠੇ ਕਰ ਲਏ ਗਏ। ਚਰਖੇ ਅਤੇ ਖਾਦੀ ਦਾ ਖੂਬ ਪ੍ਰਚਾਰ ਹੋਇਆ। ਖਾਦੀ ਤਾਂ ਰਾਸ਼ਟਰੀ ਅੰਦੋਲਨ ਦੀ ਪ੍ਰਤੀਕ ਬਣ ਗਈ। ਵਿਦਿਆਰਥੀਆਂ ਦੀ ਇਕ ਸਭਾ ਵਿਚ ਗਾਂਧੀ ਜੀ ਖਾਦੀ ਪਹਿਨਣ ਦੀ ਅਪੀਲ ਕਰ ਰਹੇ ਸਨ, ਤਾਂ ਕੁਝ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਖਾਦੀ ਬਹੁਤ ਮਹਿੰਗੀ ਹੈ। ਗਾਂਧੀ ਜੀ ਨੇ ਸੁਝਾਅ ਦਿੱਤਾ ਕਿ ਘੱਟ ਕਪੜੇ ਪਾਓ, ਗਾਂਧੀਜੀ ਨੇ ਖੁਦ ਉਸ ਦਿਨ ਤੋਂ ਕੁਰਤਾ ਤੇ ਧੋਤੀ ਪਾਉਣਾ ਛਡ ਦਿਤਾ, ਲੰਗੋਟੀ ਪਾਉਣ ਲਗੇ ਅਤੇ ਜੀਵਨ ਭਰ ਅਧਨੰਗੇ ਫਕੀਰ ਦੀ ਤਰ੍ਹਾਂ ਰਹੇ।

ਜੁਲਾਈ 1921 ਵਿਚ ਸਰਕਾਰ ਦੇ ਸਾਹਮਣੇ ਇਕ ਨਵੀਂ ਚੁਣੌਤੀ ਆ ਖੜੀ ਹੋਈ। 8 ਜੁਲਾਈ ਨੂੰ ਕਰਾਚੀ ਵਿਚ ਖਿਲਾਫਤ ਸੰਮੇਲਨ ਵਿਚ ਮੁਹੰਮਦ ਅਲੀ ਨੇ ਘੋਸ਼ਣਾ ਕੀਤੀ ਕਿ ਕਿਸੀ ਵੀ ਮੁਸਲਮਾਨ ਦਾ ਸੈਨਾ ਵਿਚ ਰਹਿਣਾ ਧਰਮ ਦੇ ਖਿਲਾਫ ਹੈ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਇਸ ਸੰਦੇਸ਼ ਨੂੰ ਹਰ ਮੁਸਲਮਾਨ ਸੈਨਿਕ ਤਕ ਪਹੁੰਚਾਉਣ। ਇਸ ਭਾਸ਼ਣ ਦੇ ਤੁਰੰਤ ਬਾਅਦ ਮੁਹੰਮਦ ਅਲੀ ਆਪਣੇ ਸਾਥੀਆਂ ਸਮੇਤ ਗਿਰਫਤਾਰ ਕਰ ਲਏ ਗਏ। ਇਸ ਗਿਰਫਤਾਰੀ ਦਾ ਨਤੀਜਾ ਇਹ ਹੋਇਆ ਕਿ ਇਸਦੇ ਵਿਰੋਧ ਵਿਚ ਆਯੋਜਿਤ ਸਭਾਵਾਂ ਵਿਚ ਇਸ ਅਪੀਲ ਨੂੰ ਬਾਰ-ਬਾਰ ਦੁਹਰਾਇਆ ਗਿਆ, ਉਸਦਾ ਖੂਬ ਪ੍ਰਚਾਰ ਹੋਇਆ।

4 ਅਕਤੂਬਰ ਨੂੰ ਗਾਂਧੀ ਸਮੇਤ ਕਾਂਗਰਸ ਦੇ 47 ਵਰਿਸ਼ਠ ਨੇਤਾਵਾਂ ਨੇ ਇਕ ਬਿਆਨ ਜਾਰੀ ਕਰ ਮੁਹੰਮਦ ਅਲੀ ਦੇ ਬਿਆਨ ਦੀ ਇਕ ਤਰ੍ਹਾਂ ਨਾਲ ਪੁਸ਼ਟੀ ਤਾਂ ਕੀਤੀ ਹੀ, ਨਾਲ ਹੀ ਇਹ ਵੀ ਕਿਹਾ ਕਿ ਹਰ ਭਾਰਤੀ ਨਾਗਰਿਕ ਅਤੇ ਸੈਨਿਕ ਦਾ ਫਰਜ਼ ਹੈ ਕਿ ਉਹ ਦਮਨਕਾਰੀ ਸੱਤਾ ਤੋਂ ਆਪਣਾ ਨਾਤਾ ਤੋੜ ਲੈਣ, ਉਸਨੂੰ ਕਿਸੇ ਤਰ੍ਹਾਂ ਦਾ ਸਹਿਯੋਗ ਨਾ ਦੇਣ। ਅਗਲੇ ਦਿਨ ਕਾਂਗਰਸ ਕਾਰਜਕਾਰਣੀ ਨੇ ਇਸ ਤਰ੍ਹਾਂ ਦਾ ਇਕ ਪ੍ਰਸਤਾਵ ਪਾਸ ਕੀਤਾ ਅਤੇ 16 ਅਕਤੂਬਰ ਨੂੰ ਪੂਰੇ ਦੇਸ਼ ਵਿਚ ਵਿਭਿੰਨ ਕਾਂਗਰਸ ਸਮੀਤੀਆਂ ਦੀ ਬੈਠਕ ਵਿਚ ਇਸਨੂੰ ਮੰਜ਼ੂਰੀ ਦਿਤੀ ਗਈ। ਸਰਕਾਰ ਨੇ ਆਪਣੀ ਹਾਰ ਮੰਨ ਲਈ, ਬਹੁਤ ਬੇਇਜ਼ਤੀ ਹੋਈ, ਉਸਨੇ ਇਸ ਘਟਨਾ ਨੂੰ ਅਣਦੇਖਾ ਕਰ ਦਿਤਾ।

ਇਸਦੇ ਬਾਅਦ ਹੋਈ ਪ੍ਰਿੰਸ ਆਫ ਵੇਲਸ ਦੀ ਭਾਰਤ ਯਾਤਰਾ, ਜੋ 17 ਨਵੰਬਰ 1921 ਨੂੰ ਸ਼ੁਰੂ ਹੋਈ ਸੀ। ਜਿਸ ਦਿਨ ਉਹ ਬੰਬਈ ਆਏ, ਪੂਰੇ ਭਾਰਤ ਵਿਚ ਹੜਤਾਲ ਸੀ। ਉਸੇ ਦਿਨ ਗਾਂਧੀ ਜੀ ਨੇ ਬੰਬਈ ਵਿਚ ਐਲਫਿੰਸਟਨ ਮਿਲ ਦੇ ਬਰਾਮਦੇ ਵਿਚ ਮਜ਼ਦੂਰਾਂ ਦੀ ਸਭਾ ਵਿਚ ਭਾਸ਼ਣ ਦਿਤਾ। ਵਿਦੇਸ਼ੀ ਕਪੜਿਆਂ ਦੀ ਹੋਲੀ ਜਲਾਈ ਗਈ। ਪ੍ਰੰਤੂ ਦੁਰਭਾਗ ਨਾਲ ਇਸੇ ਦਿਨ ਬੰਬਈ ਦੀ ਸੜਕਾਂ ਉਤੇ ਖੂਨ-ਖਰਾਬਾ ਹੋ ਗਿਆ। ਗਾਂਧੀ ਜੀ ਦੀ ਸਭਾ ਤੋਂ ਵਾਪਸ ਆਉਣ ਵਾਲਿਆਂ ਅਤੇ ਪ੍ਰਿੰਸ ਦੇ ਸਵਾਗਤ ਸਮਾਰੋਹ ਵਿਚ ਭਾਗ ਲੈਣ ਵਾਲਿਆਂ ਵਿਚ ਸੰਘਰਸ਼ ਹੋ ਗਿਆ। ਸ਼ਹਿਰ ਵਿਚ ਦੰਗਾ ਭੜਕ ਉਠਿਆ ਅਤੇ ਇਸਦੇ ਜ਼ਿਆਦਾਤਰ ਸ਼ਿਕਾਰ ਹੋਏ ਪਾਰਸੀ, ਈਸਾਈ, ਅਤੇ ਐਂਗਲੋ-ਇੰਡੀਅਨ। ਇਨ੍ਹਾਂ ਨੂੰ ਅੰਗ੍ਰੇਜ਼ੀ ਹਕੂਮਤ ਦਾ ਸਮਰਥਕ ਮੰਨਿਆਂ ਜਾਂਦਾ ਸੀ। ਤਿੰਨ ਦਿਨਾਂ ਤਕ ਹਿੰਸਾਤਮਕ ਵਾਰਦਾਤਾਂ ਹੁੰਦੀਆਂ ਰਹੀਆਂ। ਹਿੰਸਾ ਅਤੇ ਪੁਲਿਸ ਦੁਆਰਾ ਗੋਲੀ ਚਲਾਏ ਜਾਣ ਵਿਚ 58 ਵਿਅਕਤੀ ਮਾਰੇ ਗਏ। ਗਾਂਧੀ ਜੀ ਜਦ ਤਿੰਨ ਦਿਨ ਤਕ ਅਨਸ਼ਨ ਤੇ ਬੈਠੇ, ਤਾਂ ਕਿਤੇ ਜਾ ਕੇ ਹਿੰਸਾ ਦੀ ਅੱਗ ਠੰਡੀ ਪਈ। ਗਾਂਧੀ ਜੀ ਇਨ੍ਹਾਂ ਹਿੰਸਾਤਮਕ ਵਾਰਦਾਤਾਂ ਨਾਲ ਬਹੁਤ ਦੁਖੀ ਹੋਏ।

'ਪ੍ਰਿੰਸ ਆਫ ਵੇਲਸ' ਜਿੱਥੇ ਵੀ ਗਏ, ਵੀਰਾਨ ਸੜਕਾਂ ਅਤੇ ਬੰਦ ਦਰਵਾਜਿਆਂ ਨੇ ਹੀ ਉਨ੍ਹਾਂ ਦਾ ਸਵਾਗਤ ਕੀਤਾ। ਅਸਹਿਯੋਗ ਅੰਦੋਲਨਕਾਰੀਆਂ ਦਾ ਹੌਂਸਲਾ ਵਧਦਾ ਹੀ ਜਾ ਰਿਹਾ ਸੀ। ਕਾਂਗਰਸ ਦੀ ਸਵੈਸੇਵੀ ਕੋਰ, ਦਿਨ ਬ ਦਿਨ ਸ਼ਕਤੀਸ਼ਾਲੀ ਹੁੰਦੀ ਜਾ ਰਹੀ ਸੀ, ਮਾਨੋ ਸਮਾਂਤਰ ਪੁਲਿਸ ਦਸਤੇ ਦਾ ਗਠਨ ਹੋ ਰਿਹਾ ਹੋਵੇ। ਵਰਦੀ ਅਤੇ ਕੰਮ ਦੇ ਤਰੀਕੇ ਦੇਖ, ਸਰਕਾਰ ਦਾ ਚਿੰਤਤ ਹੋਣਾ ਸੁਭਾਵਕ ਸੀ। ਕਾਂਗਰਸ ਨੇ ਪ੍ਰਦੇਸ਼ ਕਾਂਗਰਸ ਸਮੀਤੀਆਂ ਨੂੰ ਇਹ ਇਜਾਜ਼ਤ ਦੇ ਦਿਤੀ ਸੀ ਕਿ ਜਦ ਵੀ ਉਨ੍ਹਾਂ ਨੂੰ ਲਗੇ ਕਿ ਜਨਤਾ ਕਾਨੂੰਨ ਅਵਗਿਆ ਅੰਦੋਲਨ ਦੇ ਲਈ ਤਿਆਰ ਹੈ, ਉਹ ਅੰਦੋਲਨ ਛੇੜ ਸਕਦੀ ਹੈ। ਮਿਦਨਾਪੁਰ (ਬੰਗਾਲ) ਅਤੇ ਗੁਂਟੂਰ ਜ਼ਿਲੇ (ਆਂਧਰ) ਦੇ ਚਿਰਾਲਾ–ਪਿਰਾਲਾ ਅਤੇ ਪੇਡਾਨੰਡੀਪਾਡੂ ਤਾਲੁਕਾ ਵਿਚ ਤਾਂ ਟੈਕਸ ਅਦਾ ਨਾ ਕਰਨ ਦਾ ਅੰਦੋਲਨ ਛਿੜ ਗਿਆ ਸੀ।

ਅਸਹਿਯੋਗ ਅੰਦੋਲਨ ਅਪ੍ਰਤੱਖ ਰੂਪ ਨਾਲ ਵੀ ਪ੍ਰਭਾਵ ਪਾ ਰਿਹਾ ਸੀ। ਅਵਧ (ਉਤਰ ਪ੍ਰਦੇਸ਼) ਵਿਚ ਕਿਸਾਨ ਸਭਾ ਅਤੇ ਕਿਸਾਨ ਅੰਦੋਲਨ 1918 ਵਿਚ ਹੀ ਜ਼ੋਰ ਫੜਦੇ ਜਾ ਰਹੇ ਸਨ। ਅਸਹਿਯੋਗ ਦੇ ਪ੍ਰਚਾਰ ਨਾਲ, ਜਿਸਨੂੰ ਕਰਦੇ ਹੋਏ ਜਵਾਹਰਲਾਲ ਨਹਿਰੂ ਵੀ ਅਵਧ ਦੇ ਦੇਹਾਤਾਂ ਵਿਚ ਘੁੰਮ ਰਹੇ ਸੀ, ਇਸਨੂੰ ਬਲ ਮਿਲਿਆ। ਕੁਝ ਹੀ ਦਿਨਾਂ ਵਿਚ ਇਹ ਪਤਾ ਲਗਾਉਣਾ ਮੁਸ਼ਕਿਲ ਹੋ ਗਿਆ ਕਿ ਬੈਠਕ ਕਿਸਾਨ ਸਭਾ ਦੀ ਹੈ ਜਾਂ ਅਸਹਿਯੋਗ ਅੰਦੋਲਨਕਾਰੀਆਂ ਦੀ। ਕੇਰਲ ਵਿਚ ਮਲਾਬਾਰ ਵਿਚ ਅਸਹਿਯੋਗ ਅੰਦੋਲਨ ਅਤੇ ਖਿਲਾਫਤ ਅੰਦੋਲਨ ਨੇ ਖੇਤੀਹਰ ਮੁਸਲਮਾਨਾਂ ਨੂੰ ਉਨ੍ਹਾਂ ਨੂੰ ਉਨ੍ਹਾਂ ਦੀ ਜਮੀਨ ਦੇ ਮਾਲਕਾਂ ਦੇ ਖਿਲਾਫ ਸੰਘਰਸ਼ ਛੇੜਣ ਦੇ ਲਈ ਭੜਕਾਇਆ, ਪ੍ਰੰਤੂ ਦੁਰਭਾਗ ਨਾਲ ਅੰਦੋਲਨ ਨੇ ਇਥੇ ਕਿਤੇ–ਕਿਤੇ ਸੰਪਰਦਾਇਕਤਾ ਦਾ ਰੁਖ ਅਖਤਿਆਰ ਕਰ ਲਿਆ।

ਅਸਮ ਵਿਚ ਚਾਹ–ਬਗਾਨਾਂ ਦੇ ਮਜਦੂਰ ਹੜਤਾਲ ਤੇ ਚਲੇ ਗਏ। ਸਰਕਾਰ ਨੇ ਜਦ ਹੜਤਾਲੀ ਮਜਦੂਰਾਂ ਉਤੇ ਗੋਲੀ ਚਲਾਈ ਤਾਂ ਸਟੀਮਰ ਤੇ ਕੰਮ ਕਰਨ ਵਾਲੇ ਮਜਦੂਰ ਵੀ ਹੜਤਾਲ ਤੇ ਚਲੇ ਗਏ। ਅਸਮ–ਬੰਗਾਲ ਰੇਲਵੇ ਕਰਮਚਾਰੀਆਂ ਨੇ ਵੀ ਹੜਤਾਲ ਕਰਕੇ ਇਨ੍ਹਾਂ ਦਾ ਸਾਥ ਦਿਤਾ। ਬੰਗਾਲ ਦੇ ਰਾਸ਼ਟਰਵਾਦੀ ਨੇਤਾ ਜੇ.ਐਮ. ਸੇਨਗੁਪਤ ਨੇ ਇਸ ਦੌਰਾਨ ਮਹੱਤਵਪੂਰਨ ਭੂਮਿਕਾ ਨਿਭਾਈ। ਮਿਦਨਾਪੁਰ ਵਿਚ ਇਕ ਗੋਰੀ ਜਮੀਂਦਾਰੀ ਕੰਪਨੀ ਦੇ ਖਿਲਾਫ ਕਾਸ਼ਤਕਾਰਾਂ ਦੀ ਹੜਤਾਲ ਦੀ ਅਗਵਾਈ ਕੀਤੀ, ਕਲਕੱਤਾ ਮੈਡੀਕਲ ਕਾਲਜ ਦੇ ਇਕ ਵਿਦਿਆਰਥੀ ਨੇ। ਆਂਧਰ ਵਿਚ ਵਣ–ਕਾਨੂੰਨ ਦੇ ਖਿਲਾਫ ਅੰਦੋਲਨ ਛਿੜਿਆ। ਰਾਜਸਥਾਨ ਵਿਚ ਕਿਸਾਨਾਂ ਅਤੇ ਆਦੀਵਾਸੀਆਂ ਨੇ ਅੰਦੋਲਨ ਛੇੜਿਆ। ਪੰਜਾਬ ਵਿਚ ਅਕਾਲੀਆਂ ਨੇ ਗੁਰਦੁਵਾਰਿਆਂ ਉਤੇ ਭ੍ਰਸ਼ਟ ਮਹੰਤਾਂ ਦੇ ਕਬਜ਼ੇ ਦੇ ਖਿਲਾਫ ਅੰਦੋਲਨ ਛੇੜਿਆ। ਇਹ ਵਾਸਤਵ ਵਿਚ ਦੇਸ਼ਵਿਆਪੀ ਅਸਹਿਯੋਗ ਅੰਦੋਲਨ ਦਾ ਹੀ ਇਕ ਹਿੱਸਾ ਸੀ। ਤਮਾਮ ਦਮਨ ਦੇ ਬਾਵਜੂਦ ਅਕਾਲੀ ਅੰਦੋਲਨਕਾਰੀ ਅਹਿੰਸਾ ਦੇ ਰਸਤੇ ਤੋਂ ਡਿੱਗੇ ਨਹੀਂ। ਇਸ ਤਰ੍ਹਾਂ ਦੇ ਹਜ਼ਾਰ ਉਦਾਹਰਣ ਦਿਤੇ ਜਾ ਸਕਦੇ ਹਨ। ਸਾਡਾ ਕਹਿਣ ਦਾ ਮਕਸਦ ਸਿਰਫ ਇੰਨਾ ਹੈ ਕਿ ਅਸਹਿਯੋਗ ਅੰਦੋਲਨ ਨੇ ਤਮਾਮ ਸਥਾਨਕ ਅੰਦੋਲਨਾਂ ਨੂੰ ਜਨਮ ਦਿੱਤਾ ਅਤੇ ਜੋ ਪਹਿਲੇ ਤੋਂ ਚਲ ਰਹੇ ਸਨ ਉਨਾਂ ਨੂੰ ਹੋਰ ਤਾਕਤ ਦਿੱਤੀ। ਗੱਲ ਇਹ ਹੈ ਕਿ ਇਹ ਅੰਦੋਲਨ ਕਿਤੇ–ਕਿਤੇ ਅਸਹਿਯੋਗ ਅੰਦੋਲਨ ਦੀ ਨੀਤੀਆਂ ਅਤੇ ਅਹਿੰਸਾ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੇ ਸਨ।

ਐਸੀ ਹਾਲਤ ਵਿਚ ਸਰਕਾਰ ਸਮਝ ਗਈ ਕਿ ਹੁਣ ਮਾਮਲੇ ਨੂੰ ਅਣਦੇਖਾ ਕਰਨ ਨਾਲ ਕੰਮ ਚਲਣ ਵਾਲਾ ਨਹੀਂ ਹੈ, ਦਮਨ ਦਾ ਰਸਤਾ ਅਖਤਿਆਰ ਕਰਨਾ ਹੀ ਹੋਵੇਗਾ। ਸਤੰਬਰ 1920 ਵਿਚ ਜਦ ਅੰਦੋਲਨ ਸ਼ੁਰੂ ਹੋਇਆ ਸੀ, ਸਰਕਾਰ ਦਾ ਮੰਨਣਾ ਸੀ ਕਿ ਦਮਨ ਨਾਲ ਵਿਦਰੋਹ ਦੀ ਅੱਗ ਹੋਰ ਭੜਕੇਗੀ ਅਤੇ ਜੋ ਲੋਕ ਮਾਰੇ ਜਾਣਗੇ, ਉਨ੍ਹਾਂ ਨੂੰ ਜਨਤਾ ਸ਼ਹੀਦ ਦਾ ਦਰਜ਼ਾ ਦੇਵੇਗੀ। ਮਈ 1921 ਵਿਚ ਨਵੇਂ ਵਾਇਸਰਾਏ ਲਾਰਡ ਰੈਡਿੰਗ ਨੇ ਗਾਂਧੀ ਜੀ ਨਾਲ ਮੁਲਾਕਾਤ ਕੀਤੀ ਅਤੇ ਗਾਂਧੀ ਜੀ ਨੂੰ ਕਿਹਾ ਕਿ ਉਹ ਅਲੀ ਭਰਾਵਾਂ ਨੂੰ ਆਪਣੇ ਭਾਸ਼ਣਾਂ ਵਿਚ ਹਿੰਸਾ ਭੜਕਾਉਣ ਵਾਲੀ ਗੱਲਾਂ ਨਾ ਕਹਿਣ ਲਈ ਮਨਾਓ। ਸਰਕਾਰ ਦਾ ਉਦੇਸ਼ ਸੀ–ਗਾਂਧੀ ਜੀ ਅਤੇ ਅਲੀ ਭਰਾਵਾਂ ਵਿਚ ਆਪਸੀ ਫੁੱਟ ਪਾਉਣਾ। ਪ੍ਰੰਤੂ ਉਹ ਇਸ ਵਿਚ ਅਸਫਲ ਹੋਏ ਅਤੇ ਗਾਂਧੀ–ਰੈਡਿੰਗ ਗੱਲਬਾਤ ਇਥੇ ਹੀ ਖਤਮ ਹੋ ਗਈ। ਦਿਸੰਬਰ ਆਉਂਦੇ–ਆਉਂਦੇ ਸਰਕਾਰ ਨੂੰ ਮਹਿਸੂਸ ਹੋ ਗਿਆ ਕਿ ਮਾਮਲਾ ਹੱਥ ਵਿਚੋਂ ਨਿਕਲਦਾ ਜਾ ਰਿਹਾ ਹੈ। ਉਸਨੇ ਆਪਣੀ ਨੀਤੀਆਂ ਵਿੱਚ ਪਰਿਵਰਤਨ ਦੀ ਘੋਸ਼ਣਾ ਕੀਤੀ। ਸਵੈਸੇਵੀ ਸੰਗਠਨਾਂ ਨੂੰ ਗੈਰ ਕਾਨੂੰਨੀ ਘੋਸ਼ਿਤ ਕੀਤਾ ਗਿਆ ਅਤੇ ਇਸਦੇ ਮੈਂਬਰਾਂ ਨੂੰ ਗਿਰਫਤਾਰ ਕੀਤਾ ਜਾਣ ਲਗਾ।

ਸਭ ਤੋਂ ਪਹਿਲਾਂ ਸੀ.ਆਰ. ਦਾਸ ਨੂੰ ਗਿਰਫਤਾਰ ਕੀਤਾ ਗਿਆ ਅਤੇ ਬਾਅਦ ਵਿਚ ਉਨ੍ਹਾਂ ਦੀ ਪਤਨੀ ਬਾਸੰਤੀ ਦੇਵੀ ਨੂੰ। ਇਸ ਗਿਰਫਤਾਰੀ ਦਾ ਬੰਗਾਲ ਵਿਚ ਵਿਆਪਕ ਪੈਮਾਨੇ ਉਤੇ ਵਿਰੋਧ ਹੋਇਆ ਅਤੇ ਹਜ਼ਾਰਾਂ ਲੋਕਾਂ ਨੇ ਗਿਰਫਤਾਰੀਆਂ ਦਿੱਤੀਆਂ। ਅਗਲੇ ਦੋ ਮਹੀਨੇ ਦੇ ਅੰਦਰ ਪੂਰੇ ਦੇਸ਼ ਵਿਚ ਲਗਭਗ 30 ਹਜ਼ਾਰ ਲੋਕ ਗਿਰਫਤਾਰ ਕੀਤੇ ਗਏ। ਬਾਅਦ ਵਿਚ ਤਾਂ ਵੱਡੇ ਨੇਤਾਵਾਂ ਵਿਚੋਂ ਕੇਵਲ ਗਾਂਧੀ ਜੀ ਹੀ ਬਾਹਰ ਰਹਿ ਗਏ ਸਨ।

ਦਿਸੰਬਰ ਦੇ ਮੱਧ ਵਿਚ ਮਾਲਵੀਆ ਜੀ ਦੇ ਮਾਧਿਅਮ ਨਾਲ ਗੱਲਬਾਤ ਕਰਕੇ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਇਸ ਦੇ ਨਾਲ ਜੋ ਸ਼ਰਤਾਂ ਜੁੜੀਆਂ ਹੋਈਆਂ ਸਨ, ਖਿਲਾਫਤ ਅੰਦੋਲਨਕਾਰੀਆਂ ਦੇ ਹਿਤਾਂ ਦੇ ਵਿਰੁਧ ਸਨ। ਗਾਂਧੀ ਜੀ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਵੈਸੇ ਵੀ ਬ੍ਰਿਟੇਨ ਦੀ ਸਰਕਾਰ ਸਮਝੌਤੇ ਦੇ ਮੂਡ ਵਿਚ ਨਹੀਂ ਸੀ ਅਤੇ ਉਸਨੇ ਵਾਇਸਰਾਏ ਲਾਰਡ ਰੈਡਿੰਗ ਨੂੰ ਆਦੇਸ਼ ਦਿਤਾ ਕਿ ਉਹ ਗੱਲਬਾਤ ਨੂੰ ਉਥੇ ਹੀ ਖਤਮ ਕਰ ਦੇਣ।

## ਚੌਰੀਚੌਰਾ ਕਾਂਡ

ਉੱਧਰ ਗਾਂਧੀ ਜੀ ਉੱਤੇ ਰਾਸ਼ਟਰੀ ਪੱਧਰ ਤੇ ਕਾਨੂੰਨ ਦੀ ਸਵਿਨੇਅ ਅਵਗਿਆ ਅੰਦੋਲਨ ਛੇੜਨ ਦੇ ਲਈ ਲਗਾਤਾਰ ਦਬਾਅ ਪੈ ਰਿਹਾ ਸੀ। ਦਿਸੰਬਰ 1921 ਵਿਚ ਅਹਿਮਦਾਬਾਦ ਕਾਂਗਰਸ ਸੰਮੇਲਨ ਵਿਚ ਹੀ ਕਾਂਗਰਸ ਨੇ ਭਾਵੀ ਰਣਨੀਤੀ ਤੈਅ ਕਰਨ ਦੀ

ਨੋਟ

ਪੂਰੀ ਜ਼ਿੰਮੇਵਾਰੀ ਗਾਂਧੀ ਜੀ ਉਤੇ ਸੌਂਪ ਦਿਤੀ। ਉਧਰ ਸਰਕਾਰ ਦੇ ਰਵਈਏ ਵਿਚ ਕੋਈ ਪਰਿਵਰਤਨ ਨਹੀਂ ਦਿਖਾਈ ਦੇ ਰਿਹਾ ਸੀ। ਜਨਵਰੀ 1922 ਵਿਚ ਸਰਬ ਦਲਾਂ ਦੇ ਸੰਮੇਲਨ ਦੀ ਅਪੀਲ ਅਤੇ ਵਾਇਸਰਾਏ ਦੇ ਨਾਂ ਗਾਂਧੀ ਜੀ ਦੇ ਪੱਤਰ ਦਾ ਸਰਕਾਰ ਉਤੇ ਕੋਈ ਅਸਰ ਨਹੀਂ ਪੈ ਰਿਹਾ ਸੀ। ਗਾਂਧੀ ਜੀ ਨੇ ਲਿਖਿਆ ਕਿ ਜੇਕਰ ਸਰਕਾਰ ਨਾਗਰਿਕ ਸੁਤੰਤਰਤਾ ਬਹਾਲ ਨਹੀਂ ਕਰੇਗੀ, ਰਾਜਨੀਤਿਕ ਬੰਦੀਆਂ ਨੂੰ ਰਿਹਾ ਨਹੀਂ ਕਰੇਗੀ, ਤਾਂ ਉਹ ਦੇਸ਼ ਵਿਆਪੀ ਸਵਿਨੇਅ ਅਵਗਿਆ ਅੰਦੋਲਨ ਛੇੜਨ ਨੂੰ ਮਜਬੂਰ ਹੋ ਜਾਣਗੇ। ਸਰਕਾਰ ਉਤੇ ਜਦੋਂ ਕਿਸੇ ਤਰ੍ਹਾਂ ਦਾ ਕੋਈ ਅਸਰ ਨਹੀਂ ਹੋਇਆ, ਤਾਂ ਗਾਂਧੀ ਜੀ ਨੇ ਮਜਬੂਰ ਹੋ ਕੇ ਸਵਿਨੇਅ ਅਵਗਿਆ ਅੰਦੋਲਣ ਛੇੜਨ ਦੀ ਘੋਸ਼ਣਾ ਕੀਤੀ। ਇਹ ਅੰਦੋਲਨ ਬਾਰਦੋਲੀ ਤਾਲੁਕਾ (ਸੂਰਤ) ਨਾਲ ਸ਼ੁਰੂ ਹੋਣ ਵਾਲਾ ਸੀ। ਗਾਂਧੀਜੀ ਨੇ ਦੇਸ਼ ਦੀ ਜਨਤਾ ਨੂੰ ਅਪੀਲ ਕੀਤੀ ਕਿ ਉਹ ਪੂਰੀ ਤਰ੍ਹਾਂ ਅਨੁਸ਼ਾਸਿਤ ਅਤੇ ਸ਼ਾਂਤ ਰਹਿਣ, ਜਿਸ ਨਾਲ ਸਾਰਾ ਧਿਆਨ ਬਾਰਦੋਲੀ ਉਤੇ ਹੀ ਕੇਂਦ੍ਰਿਤ ਕੀਤਾ ਜਾ ਸਕੇ।ਪ੍ਰੰਤੂ ਇਸ ਤਰ੍ਹਾਂ ਹੋਇਆ ਨਹੀਂ। ਚੌਰਾਚੌਰੀ (ਗੋਰਖਪੁਰ, ਉਤਰ ਪ੍ਰਦੇਸ਼) ਕਾਂਡ ਨੇ ਬਾਰਦੋਲੀ ਵਿਚ ਪ੍ਰਸਤਾਵਿਤ ਅੰਦੋਲਨ ਨੂੰ ਛੇ ਸਾਲਾਂ ਲਈ ਰੋਕ ਦਿਤਾ।

5 ਫਰਵਰੀ 1922 ਨੂੰ ਚੌਰੀਚੌਰਾ ਵਿਚ ਕਾਂਗਰਸ ਅਤੇ ਖਿਲਾਫਤ ਦਾ ਇਕ ਜਲੂਸ ਕੱਢਿਆ ਗਿਆ ਸੀ। ਕੁਝ ਪੁਲਿਸ ਵਾਲਿਆਂ ਨੇ ਇਨ੍ਹਾਂ ਦੇ ਨਾਲ ਬੁਰਾ ਵਿਵਹਾਰ ਕੀਤਾ, ਜਿਸਦਾ ਨਤੀਜਾ ਇਹ ਹੋਇਆ ਕਿ ਜਲੂਸ ਵਿਚ ਸ਼ਾਮਲ ਇਕ ਜੱਥੇ ਨੇ ਪੁਲਿਸ ਉਤੇ ਹਮਲਾ ਬੋਲ ਦਿਤਾ। ਪੁਲਿਸ ਨੇ ਗੋਲੀ ਚਲਾਈ। ਪੁਲਿਸ ਦੀ ਗੋਲੀਬਾਰੀ ਵਿਚ ਜਲੂਸ ਵਿਚ ਸ਼ਾਮਲ ਸਾਰੇ ਲੋਕ ਉਤੇਜਿਤ ਹੋ ਗਏ ਅਤੇ ਪੁਲਿਸ ਉਤੇ ਹਮਲਾ ਬੋਲ ਦਿਤਾ। ਸਿਪਾਹੀ ਭੱਜ ਕੇ ਥਾਣੇ ਵਿਚ ਵੜ ਗਏ, ਤਾਂ ਭੀੜ ਨੇ ਥਾਣੇ ਨੂੰ ਅੱਗ ਲਗਾ ਦਿਤੀ। ਜੋ ਸਿਪਾਹੀ ਭੱਜਣ ਦੀ ਕੋਸ਼ਿਸ਼ ਵਿੱਚ ਬਾਹਰ ਆਏ ਉਨ੍ਹਾਂ ਨੂੰ ਭੀੜ ਨੇ ਮਾਰ ਸੁਟਿਆ ਅਤੇ ਅੱਗ ਵਿਚ ਸੁਟ ਦਿਤਾ। 22 ਪੁਲਿਸਕਰਮੀ ਮਾਰੇ ਗਏ। ਇਸ ਘਟਨਾ ਦੀ ਖਬਰ ਮਿਲਦੇ ਹੀ ਗਾਂਧੀ ਜੀ ਨੇ ਅੰਦੋਲਨ ਵਾਪਸ ਲੈਣ ਦੀ ਘੋਸ਼ਣਾ ਕਰ ਦਿਤੀ। ਉਨ੍ਹਾਂ ਨੇ ਕਾਂਗਰਸ ਕਾਰਜਕਾਰਣੀ ਦੇ ਇਸ ਫੈਸਲੇ ਨੂੰ ਸਵੀਕਾਰ ਕਰਨ ਦੀ ਅਪੀਲ ਕੀਤੀ। 12 ਫਰਵਰੀ 1922 ਨੂੰ ਅਸਹਿਯੋਗ ਅੰਦੋਲਨ ਖਤਮ ਹੋ ਗਿਆ।

ਮੋਤੀਲਾਲ ਨਹਿਰੂ, ਸੀ.ਆਰ. ਦਾਸ, ਜਵਾਹਰਲਾਲ ਨਹਿਰੂ, ਸੁਭਾਸ਼ਚੰਦਰ ਬੋਸ ਤੇ ਹੋਰ ਨੇਤਾ ਇਹ ਖਬਰ ਸੁਣ ਕੇ ਹੈਰਾਨ ਰਹਿ ਗਏ। ਉਨ੍ਹਾਂ ਨੂੰ ਇਹ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਇਕ ਦੂਰ ਦਰਾਜ ਦੇ ਪਿੰਡ ਵਿਚ ਕੁਝ ਲੋਕਾਂ ਦੀ ਗਲਤ ਹਰਕਤਾਂ ਦਾ ਖਾਮਿਆਜਾ ਪੂਰਾ ਦੇਸ਼ ਕਿਉਂ ਭੁਗਤੇ। ਕਈ ਲੋਕਾਂ ਨੂੰ ਪਤਾ ਲੱਗਾ ਕਿ ਮਹਾਤਮਾ ਗਾਂਧੀ ਵਿਚ ਹੁਣ ਅਗਵਾਈ ਦੀ ਯੋਗਤਾ ਨਹੀਂ ਰਹਿ ਗਈ ਹੈ। ਉਹ ਅਸਫਲ ਹੋ ਗਏ ਹਨ ਅਤੇ ਉਨ੍ਹਾਂ ਦੀ ਲੋਕਪ੍ਰਿਅਤਾ ਦੇ ਦਿਨ ਹੁਣ ਖਤਮ ਹੋ ਰਹੇ ਹਨ।

ਬ੍ਰਿਤਾਨੀ ਮਾਰਕਸਵਾਦ ਰਜਨੀਪਾਮ ਦੱਤ ਅਤੇ ਉਨ੍ਹਾਂ ਦੀ ਬਣਾਈ ਹੋਈ ਪਰੰਪਰਾ ਉਤੇ ਚਲਣ ਵਾਲੇ ਕਈ ਹੋਰ ਟੀਕਾਕਾਰਾਂ ਨੇ ਵੀ ਗਾਂਧੀ ਜੀ ਦੇ ਨਿਰਣੇ ਦੀ ਅਲੋਚਨਾ ਕੀਤੀ। ਗਾਂਧੀ ਜੀ ਦੇ ਇਸ ਨਿਰਣੇ ਨੂੰ ਉਹ ਬਤੌਰ ਸਬੂਤ ਪੇਸ਼ ਕਰਦੇ ਹਨ ਕਿ ਗਾਂਧੀ ਜੀ ਅਮੀਰ ਵਰਗਾਂ ਦੇ ਹਿਤਾਂ ਦਾ ਖਿਆਲ ਰਖਦੇ ਸਨ। ਇਨ੍ਹਾਂ ਦਾ ਤਰਕ ਹੈ ਕਿ ਗਾਂਧੀ ਨੇ ਇਹ ਨਿਰਣਾ ਮਹਿਜ ਇਸ ਲਈ ਨਹੀਂ ਕੀਤਾ ਕਿ ਚੌਰੀਚੌਰਾ ਦੀ ਘਟਨਾ ਉਨ੍ਹਾਂ ਦੇ ਅਹਿੰਸਕ ਸਿਧਾਂਤ ਦੇ ਵਿਰੁਧ ਸੀ, ਬਲਕਿ ਉਨ੍ਹਾਂ ਨੂੰ ਇਹ ਮਹਿਸੂਸ ਹੋਣ ਲਗਾ ਸੀ ਕਿ ਭਾਰਤੀ ਜਨਤਾ ਹੁਣ ਜੁਝਾਰੂ ਸੰਘਰਸ਼ ਦੇ ਲਿਈ ਤਿਆਰ ਹੋ ਰਹੀ ਹੈ, ਅਮੀਰ ਸ਼ੋਸ਼ਕਾਂ ਦੇ ਖਿਲਾਫ ਕਮਰ ਕਸ ਰਹੀ ਹੈ। ਗਾਂਧੀ ਨੂੰ ਲਗਿਆ ਕਿ ਅੰਦੋਲਨ ਦੀ ਵਾਗਡੋਰ ਉਨ੍ਹਾਂ ਦੇ ਹਥਾਂ ਚੋਂ ਨਿਕਲ ਕੇ ਲੜਾਕੂ ਤਾਕਤਾਂ ਦੇ ਹੱਥਾਂ ਵਿਚ ਜਾਣ ਵਾਲੀ ਹੈ। ਉਨ੍ਹਾਂ ਨੂੰ ਲਗਿਆ ਕਿ ਪੂੰਜੀਪਤੀਆਂ ਅਤੇ ਜਮੀਨ ਦੇ ਸਵਾਮੀਆਂ ਦੇ ਖਿਲਾਫ ਲੜਾਈ ਹੋਣ ਹੀ ਵਾਲੀ ਹੈ। ਇਨ੍ਹਾਂ ਦੇ ਹਿਤਾਂ ਨੂੰ ਮੱਦੇਨਜਰ ਰਖਦੇ ਹੋਏ ਉਨ੍ਹਾਂ ਨੇ ਅੰਦੋਲਨ ਵਾਪਸ ਲਿਆ। ਇਹ ਲੋਕ ਆਪਦੇ ਤਰਕ ਦੇ ਲਈ 'ਬਾਰਦੋਲੀ ਪ੍ਰਸਤਾਵ' (12 ਫਰਵਰੀ 1922 ਨੂੰ ਬਾਰਦੋਲੀ ਵਿਚ ਕਾਂਗਰਸ ਕਾਰਜਕਾਰਣੀ ਦੀ ਬੈਠਕ ਹੋਈ ਸੀ, ਜਿਥੇ ਇਹ ਪ੍ਰਸਤਾਵ ਪਾਰਿਤ ਹੋਇਆ ਜੋ ਬਾਰਦੋਲੀ ਪ੍ਰਸਤਾਵ ਦੇ ਨਾਂ ਨਾਲ ਮਸ਼ਹੂਰ ਹੈ) ਨੂੰ ਬਤੌਰ ਸਬੂਤ ਪੇਸ਼ ਕਰਦੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਗਾਂਧੀ ਜੀ ਨੇ ਅੰਦੋਲਨ ਵਾਪਸ ਲੈਣ ਦੀ ਘੋਸ਼ਣਾ ਦੇ ਨਾਲ-ਨਾਲ ਕਿਸਾਨਾਂ ਕੋਲੋ ਟੈਕਸ ਅਤੇ ਕਾਸ਼ਤਕਾਰਾਂ ਕੋਲੋ ਲਗਾਨ ਦੇਣ ਦੀ ਅਪੀਲ ਵੀ ਕੀਤੀ ਸੀ। ਅੰਦੋਲਨ ਵਾਪਸ ਲੈਣ ਦੇ ਪਿਛੇ ਗਾਂਧੀ ਦਾ ਅਸਲੀ ਮਕਸਦ ਇਹੀ ਸੀ।

ਸਾਡੇ ਖਿਆਲ ਵਿਚ ਗਾਂਧੀ ਜੀ ਦੇ ਅਲੋਚਕਾਂ ਨੇ ਉਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਨਿਆਂ ਨਹੀਂ ਕੀਤਾ। ਇਕ ਦੂਰ ਦਰਾਜ ਦੇ ਪਿੰਡ ਵਿਚ ਹਿੰਸਾਤਮਕ ਵਾਰਦਾਤ ਅੰਦੋਲਨ ਵਾਪਸ ਲੈਣ ਦਾ ਕਾਰਨ ਨਹੀਂ ਹੋ ਸਕਦੀ, ਇਹ ਤਰਕ ਵਜ਼ਨਦਾਰ ਨਹੀਂ ਦਿਖਦਾ। ਗਾਂਧੀ ਨੇ ਬਾਰ-ਬਾਰ ਕਿਹਾ ਸੀ ਕਿ ਬਾਰਦੋਲੀ ਵਿਚ ਅਵਗਿਆ ਅੰਦੋਲਨ ਦੇ ਦੌਰਾਨ ਦੇਸ਼ ਦੇ ਹੋਰ ਹਿਸਿਆਂ ਵਿਚ ਕਿਸੇ ਵੀ ਤਰ੍ਹਾਂ ਦਾ ਅੰਦੋਲਨ ਨਹੀਂ ਹੋਣਾ ਚਾਹੀਦਾ-ਅਹਿੰਸਕ ਅੰਦੋਲਨ ਵੀ ਨਹੀਂ। ਆਂਧਰ ਪ੍ਰਦੇਸ਼ ਕਾਂਗਰਸ ਕਮੇਟੀ ਨੇ ਕੁਝ ਜ਼ਿਲਾ ਇਕਾਈਆਂ ਨੂੰ ਅਵਗਿਆ ਅੰਦੋਲਨ ਚਲਾਉਣ ਦੀ ਆਗਿਆ ਦੇ ਦਿੱਤੀ ਸੀ। ਗਾਂਧੀ ਜੀ ਨੇ ਨਿਰਦੇਸ਼ ਦਿਤਾ ਕਿ ਉਹ ਆਪਣੀ ਆਗਿਆ ਵਾਪਸ ਲੈ ਲੈਣ।

ਗਾਂਧੀ ਜੀ ਸ਼ਾਇਦ ਸੋਚਦੇ ਸਨ ਕਿ ਇਸ ਸਮੇਂ ਦੇਸ਼ਵਿਆਪੀ ਅੰਦੋਲਨ ਛੇੜਣ ਨਾਲ ਹਿੰਸਾ ਭੜਕ ਉਠਣ ਦਾ ਖਤਰਾ ਹੈ, ਜਿਵੇਂ ਕਿ 1921 ਵਿਚ ਬੰਬਈ ਵਿੱਚ ਅਤੇ ਬਾਅਦ ਵਿੱਚ ਚੌਰੀਚੌਰਾ ਵਿਚ ਹੋਇਆ ਸੀ। ਇਸ ਤਰ੍ਹਾਂ ਦੀ ਵਾਰਦਾਤਾਂ ਨਾਲ ਸਰਕਾਰ ਨੂੰ ਪੂਰੇ ਦੇਸ਼ ਵਿਚ ਅੰਦੋਲਨ ਦੇ ਖਿਲਾਫ ਦਮਨਾਤਮਕ ਕਦਮ ਚੁਕਣ ਦਾ ਬਹਾਨਾ ਮਿਲਦਾ। ਗਾਂਧੀ ਜੀ ਨੂੰ ਅਸ਼ੰਕਾ ਸੀ ਕਿ ਇਸ ਤਰ੍ਹਾਂ ਦੀ ਕਾਰਵਾਈਆਂ ਨਾਲ ਅਹਿੰਸਕ ਅਸਹਿਯੋਗ ਅੰਦੋਲਨ ਦੀ ਰਣਨੀਤੀ ਵਿਫਲ ਹੋ ਜਾਏਗੀ। ਅਹਿੰਸਕ ਅੰਦੋਲਨ ਦੀ ਰਣਨੀਤੀ ਇਹ ਸੀ ਕਿ ਦਮਨਕਾਰੀ ਸੱਤਾ ਜੇਕਰ ਇਸ ਅੰਦੋਲਨ ਦੇ ਖਿਲਾਫ ਦਮਨਾਤਮਕ ਕਾਰਵਾਈ ਕਰੇਗੀ ਤਾਂ ਉਸਦਾ ਚਰਿੱਤਰ ਬੇਨਕਾਬ ਹੋ ਜਾਵੇਗਾ ਕਿਉਂਕਿ ਅਹਿੰਸਕ ਅਤੇ ਨਿਹੱਥੇ ਲੋਕਾਂ ਉਤੇ ਹਮਲੇ ਨਾਲ ਪੂਰਾ ਜਨਮਤ ਉਨ੍ਹਾਂ ਦੇ ਖਿਲਾਫ ਹੋ ਜਾਏਗਾ।

ਇਸ ਪ੍ਰਕਾਰ ਇਹ ਕਹਿਣਾ ਗਲਤ ਹੈ ਕਿ ਚੌਰੀਚੌਰਾ ਕਾਂਡ ਅਤੇ ਬਾਰਦੋਲੀ ਅੰਦੋਲਨ ਪ੍ਰਕਰਣ ਦਾ ਕੋਈ ਆਪਸੀ ਸੰਬੰਧ ਨਹੀਂ ਸੀ। ਬਾਰਦੋਲੀ ਅੰਦੋਲਨ ਨੂੰ ਦਬਾਉਣ ਲਈ ਸਰਕਾਰ ਨੂੰ ਚੌਰੀਚੌਰਾ ਦੀ ਘਟਨਾ ਦਾ ਬਹਾਨਾ ਮਿਲ ਜਾਂਦਾ, ਸਰਕਾਰ ਹੀ ਇਹ ਸੰਬੰਧ ਬਣਾ ਦਿੰਦੀ।

ਗਾਂਧੀ ਜੀ ਦਾ ਸ਼ਾਇਦ ਅੰਦਾਜਾ ਸੀ ਕਿ ਚੌਰੀਚੌਰਾ ਕਾਂਡ ਨੇ, ਬਾਰਦੋਲੀ ਨਾਲ ਵਿਆਪਕ ਅਵਗਿਆ ਅੰਦੋਲਨ ਛੇੜਨ ਦੀ ਸੰਭਾਵਨਾ ਨੂੰ ਕਾਫੀ ਹਦ ਤਕ ਘੱਟ ਕਰ ਦਿਤਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਇਸ ਸਮੇਂ ਬਾਰਦੋਲੀ ਵਿਚ ਅੰਦੋਲਨ ਸ਼ੁਰੂ ਹੋਇਆ, ਤਾਂ ਸਰਕਾਰ ਚੌਰੀਚੌਰਾ ਕਾਂਡ ਦਾ ਬਹਾਨਾ ਲੈ ਕੇ ਕਾਰਜਕਰਤਾਵਾਂ ਦਾ ਦਮਨ ਕਰੇਗੀ ਅਤੇ ਅਵਗਿਆ ਅੰਦੋਲਨ ਸ਼ੁਰੂ ਵਿਚ ਹੀ ਅਸਫਲ ਹੋ ਜਾਏਗਾ। ਅੰਦੋਲਨ ਵਾਪਸ ਲੈਣ ਦੇ ਪਿਛੇ ਗਾਂਧੀ ਜੀ ਦੀ ਮੰਸ਼ਾ ਅੰਦੋਲਨ ਦੀ ਊਰਜਾ ਨੂੰ ਬਰਕਰਾਰ ਰਖਣ ਤੇ ਜਨਤਾ ਨੂੰ ਉਤਸਾਹਿਤ ਹੋਣ ਤੋਂ ਬਚਾਉਣ ਦੀ ਸੀ। ਹਾਲਾਂਕਿ ਅੰਦੋਲਨ ਵਾਪਸ ਲੈਣ ਦੀ ਘੋਸ਼ਣਾ ਨਾਲ ਵੀ ਜਨਤਾ ਦਾ ਇਕ ਬਹੁਤ ਵੱਡਾ ਤਬਕਾ ਨਿਰਾਸ਼ ਹੋਇਆ ਸੀ, ਪ੍ਰੰਤੂ ਜੇਕਰ ਸੱਤਾ ਨੂੰ ਦਮਨ ਦਾ ਬਹਾਨਾ ਮਿਲਦਾ ਅਤੇ ਉਹ ਦਮਨ ਉੱਤੇ ਉਤਾਰੂ ਹੋ ਜਾਂਦੀ, ਤਾਂ ਜਨਤਾ ਵਿਚ ਇਸ ਨਾਲ ਕਿਤੇ ਜ਼ਿਆਦਾ ਨਿਰਾਸ਼ਾ ਵਿਆਪਤ ਹੁੰਦੀ (ਜਿਵੇਂ 1932 ਵਿਚ ਹੋਇਆ)।

ਇਹ ਨਹੀਂ ਭੁਲਣਾ ਚਾਹੀਦਾ ਕਿ ਅਸਹਿਯੋਗ ਅੰਦੋਲਨ, ਅੰਗ੍ਰੇਜ਼ੀ ਹਕੂਮਤ ਦੇ ਖਿਲਾਫ ਦੇਸ਼ਵਿਆਪੀ ਜਨਸੰਘਰਸ਼ ਦੀ ਪਹਿਲੀ ਕੋਸ਼ਿਸ਼ ਸੀ। ਸ਼ੁਰੂਆਤੀ ਦੌਰ ਵਿਚ ਇਸ ਉੱਤੇ ਕਿਸੇ ਤਰ੍ਹਾਂ ਦਾ ਹਮਲਾ ਮਾਰੂ ਸਿਧ ਹੁੰਦਾ। ਅੰਦੋਲਨਕਾਰੀਆਂ ਵਿਚ ਹੀ ਨਹੀਂ, ਜਨਤਾ ਵਿਚ ਵੀ ਨਿਰਾਸ਼ਾ ਵਿਆਪਤ ਹੋ ਜਾਂਦੀ।

ਦੂਜਾ ਤਰਕ ਕਿ, ਗਾਂਧੀ ਜੀ ਨੇ ਲੜਾਕੂ ਤਾਕਤਾਂ ਦੇ ਵਧਦੇ ਪ੍ਰਭਾਵ ਤੋਂ ਡਰ ਕੇ ਅੰਦੋਲਨ ਵਾਪਸ ਲਿਆ, ਸੱਚਾਈ ਤੋਂ ਦੂਰ ਹੈ। ਚੌਰੀਚੌਰਾ ਕਾਂਡ ਨੂੰ ਬਤੌਰ ਸਬੂਤ ਪੇਸ਼ ਕੀਤਾ ਜਾਂਦਾ ਹੈ। ਪਰ ਚੌਰੀਚੌਰਾ ਵਿਚ ਪੁਲਿਸ ਥਾਣੇ ਉਤੇ ਹਮਲਾ ਕਰਨ ਵਾਲੀ ਭੀੜ ਨੇ ਐਸਾ ਕੋਈ ਕੰਮ ਨਹੀਂ ਕੀਤਾ ਸੀ, ਜਿਸ ਨਾਲ ਇਹ ਲੱਗੇ ਕਿ ਇਹ ਲੋਕ ਜਮੀਦਾਰਾਂ, ਪੂੰਜੀਪਤੀਆਂ ਦੇ ਖਿਲਾਫ ਸੰਗਠਿਤ ਹੋ ਰਹੇ ਸੀ ਜਾਂ ਸੰਘਰਸ਼ ਕਰ ਰਹੇ ਸੀ। ਆਰਥਿਕ ਸੰਬੰਧਾਂ ਦੇ ਖਿਲਾਫ ਅੰਦੋਲਨ ਛੇੜਨ ਵਰਗੀ ਵੀ ਕੋਈ ਗਲ ਨਹੀਂ ਸੀ। ਇਹ ਲੋਕ ਪੁਲਿਸ ਦੇ ਦੁਰਵਿਵਹਾਰ ਨਾਲ ਨਾਰਾਜ ਹੋ ਗਏ ਸੀ ਅਤੇ ਆਪਣਾ ਗੁੱਸਾ ਉਨ੍ਹਾਂ ਨੇ ਪੁਲਿਸ ਤੇ ਹੀ ਉਤਾਰਿਆ। ਉੱਤਰ ਪ੍ਰਦੇਸ਼ ਅਤੇ ਮਾਲਾਬਾਰ ਵਿਚ ਕਿਸਾਨ ਅੰਦੋਲਨ ਤਾਂ ਬਹੁਤ ਪਹਿਲੇ ਹੀ ਖਤਮ ਹੋ ਚੁਕਿਆ ਸੀ। ਅਵਧ ਦੇ ਪੇਂਡੂ ਇਲਾਕਿਆਂ ਵਿਚ ਕਿਤੇ-ਕਿਤੇ ਏਕਾ ਅੰਦੋਲਨ ਚਲ ਰਿਹਾ ਸੀ, ਪਰ ਇਹ ਜਮੀਦਾਰੀ ਨੂੰ ਪੁੱਟ ਸੁੱਟਣ ਲਈ ਸੀ। ਇਸ ਅੰਦੋਲਨ ਦੀ ਮੰਗ ਸੀ ਕਿ ਜਮੀਦਾਰ ਅਵੈਧ ਟੈਕਸ ਨਾ ਵਸੂਲ ਕਰਨ ਅਤੇ ਮਨਮਾਨੇ ਢੰਗ ਨਾਲ ਮਾਲਗੁਜ਼ਾਰੀ ਨਾ ਵਧਾਉਣ। ਏਕਾ ਅੰਦੋਲਨ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਮੈਂਬਰਾਂ ਨੂੰ ਜੋ ਕਸਮ ਦਿਲਵਾਈ ਜਾਂਦੀ ਸੀ ਉਸ ਵਿਚ ਇਕ ਕਸਮ ਇਹ ਵੀ ਸੀ ਕਿ 'ਅਸੀਂ ਖਰੀਫ ਅਤੇ ਰਬੀ ਵਿਚ ਨਿਅਮਿਤ ਰੂਪ ਨਾਲ ਲਗਾਨ ਦਿੰਦੇ ਰਹਾਂਗੇ।' ਆਂਧਰ ਦੇ ਗੁੰਟੂਰ ਜ਼ਿਲੇ ਵਿਚ ਟੈਕਸ-ਅਦਾਇਗੀ ਨਾ ਕਰਨ ਦਾ ਅੰਦੋਲਨ ਤਾਂ ਅਸਹਿਯੋਗ ਅੰਦੋਲਨ ਦਾ ਹੀ ਇਕ ਹਿੱਸਾ ਸੀ। ਇਹ ਸਰਕਾਰ ਦੇ ਖਿਲਾਫ ਸੀ ਅਤੇ ਪੂਰੀ ਤਰਾਂ ਅਹਿੰਸਕ ਸੀ। ਇਸ ਤਰ੍ਹਾਂ ਇਹ ਪਤਾ ਨਹੀਂ ਲਗ ਸਕਦਾ ਕਿ ਉਹ ਕਿਹੜੀਆਂ ਜੁਝਾਰੂ ਤੇ ਲੜਾਕੂ ਤਾਕਤਾਂ ਸਨ, ਜਿਨ੍ਹਾਂ ਨਾਲ ਗਾਂਧੀ ਜੀ ਡਰ ਗਏ ਸਨ।

ਤੀਜਾ ਤਰਕ ਇਹ ਹੈ ਕਿ ਬਾਰਦੋਲੀ ਪ੍ਰਸਤਾਵ ਨੇ ਕਿਸਾਨਾਂ ਅਤੇ ਕਾਸ਼ਤਕਾਰਾਂ ਕੋਲੋਂ ਟੈਕਸ ਅਤੇ ਲਗਾਨ ਦੀ ਅਦਾਇਗੀ ਕਰਨ ਨੂੰ ਕਿਹਾ ਅਤੇ ਜਮੀਦਾਰਾਂ ਨੂੰ ਇਹ ਵਿਸ਼ਵਾਸ ਦਵਾਇਆ ਕਿ ਉਨ੍ਹਾਂ ਦੇ ਅਧਿਕਾਰਾਂ ਨੂੰ ਘੱਟ ਕਰਨ ਦਾ ਕਾਂਗਰਸ ਦਾ ਇਰਾਦਾ ਨਹੀਂ ਹੈ। ਆਰੋਪ ਹੈ ਕਿ ਅੰਦੋਲਨ ਵਾਪਸ ਲੈਣ ਦੇ ਪਿਛੇ ਵਾਸਤਵਿਕ ਉਦੇਸ਼ ਜਮੀਦਾਰਾਂ ਦੇ ਹਿਤਾਂ ਦੀ ਰਖਿਆ ਕਰਨਾ ਸੀ, ਇਹ ਆਰੋਪ ਗਲਤ ਹੈ। ਕਾਂਗਰਸ ਦਾ ਇਸਦੇ ਪਿਛੇ ਕੋਈ 'ਛੁਪਿਆ ਮੰਤਵ' ਨਹੀਂ ਸੀ। ਸਚ ਤਾਂ ਇਹ ਹੈ ਕਿ ਪੂਰੇ ਅੰਦੋਲਨ ਦੇ ਦੌਰਾਨ ਕਾਂਗਰਸ ਨੇ ਕਦੀ ਵੀ ਜ਼ਮੀਦਾਰ ਦੇ ਅਧਿਕਾਰ ਉਤੇ ਪ੍ਰਸ਼ਨ ਚਿਨ੍ਹ ਲਗਾਇਆ ਹੀ ਨਹੀਂ ਸੀ, ਅਤੇ ਬਾਰਦੋਲੀ ਪ੍ਰਸਤਾਵ ਨੇ ਇਸ ਮੁੱਦੇ ਉਤੇ ਕਾਂਗਰਸ ਦੀ ਨੀਤੀਆਂ ਦੀ ਮਹਿਜ ਪੁਸ਼ਟੀ ਕੀਤੀ ਸੀ। ਟੈਕਸ ਨਾ ਅਦਾ ਕਰਨ ਦਾ ਅੰਦੋਲਨ ਦਾ ਇਕ ਹਿੱਸਾ ਸੀ। ਜਦੋਂ ਅਸਹਿਯੋਗ ਅੰਦੋਲਨ ਵਾਪਸ ਲੈ ਲਿਆ ਗਿਆ, ਤਾਂ ਟੈਕਸ ਅਦਾ ਨਾ ਕਰਨ ਦਾ ਅੰਦੋਲਨ ਕਿਵੇਂ ਚਲਦਾ?

ਗਾਂਧੀ ਜੀ ਦੁਆਰਾ ਅੰਦੋਲਨ ਵਾਪਸ ਲੈਣ ਦੇ ਪਿਛੇ ਸ਼ਾਇਦ ਇਕ ਹੋਰ ਕਾਰਨ ਸੀ। 1921 ਦੀ ਦੂਜੀ ਛਮਾਹੀ ਦੇ ਸ਼ੁਰੂ ਹੁੰਦੇ-ਹੁੰਦੇ ਅੰਦੋਲਨ ਕਮਜ਼ੋਰ ਪੈਣ ਲਗਾ। ਵਿਦਿਆਰਥੀ ਸਕੂਲਾਂ ਵਿਚ ਅਤੇ ਵਕੀਲ ਅਦਾਲਤਾਂ ਵਿਚ ਆਉਣ ਲਗੇ ਸੀ। ਵਪਾਰੀ ਵਰਗ ਵਿਦੇਸ਼ੀ ਕਪੜਿਆਂ ਦੇ 'ਸਟਾਕ' ਨਾਲ ਚਿੰਤਿਤ ਹੋਣ ਲੱਗਾ ਸੀ, ਬੈਠਕਾਂ ਅਤੇ ਰੈਲੀਆਂ ਵਿਚ ਲੋਕਾਂ ਦੀ ਗਿਣਤੀ ਘੱਟ ਹੁੰਦੀ ਜਾ ਰਹੀ ਸੀ। ਹਾਲਾਂਕਿ ਕੁਝ ਸਥਾਨਾਂ ਜਿਵੇਂ ਬਾਰਦੋਲੀ (ਗੁਜਰਾਤ) ਅਤੇ ਗੁੰਟੂਰ (ਆਂਧਰ) ਵਿਚ ਰਾਜਨੀਤਿਕ ਗਤੀਵਿਧੀਆਂ ਕਾਫੀ ਤੇਜ਼ ਸਨ ਅਤੇ ਲੋਕ ਸੰਘਰਸ਼ ਦੇ ਲਈ ਤਿਆਰ ਸਨ।ਪ੍ਰੰਤੂ 1921 ਦੇ ਸ਼ੁਰੂ ਵਿਚ ਪੂਰੇ ਦੇਸ਼ ਵਿਚ ਅੰਦੋਲਨ ਦੇ ਪ੍ਰਤੀ ਜੋ ਉਤਸਾਹ ਸੀ। ਹੁਣ ਉਹ ਨਹੀਂ ਰਹਿ ਗਿਆ ਸੀ।

ਕਾਰਜਸ਼ੀਲ ਰਾਜਨੀਤਿਕ ਕਾਰਜਕਰਤਾ ਅਤੇ ਨੇਤਾ ਤਾਂ ਚਾਹੁੰਦੇ ਸਨ ਕਿ ਅੰਦੋਲਨ ਨੂੰ ਅਗੇ ਵਧਾਇਆ ਜਾਵੇ, ਉਸਨੂੰ ਤੇਜ਼ ਕੀਤਾ ਜਾਵੇ, ਪਰ ਕਿਸੇ ਜਨ ਅੰਦੋਲਨ ਦੀ ਸਫਲਤਾ ਜਾਂ ਅਸਫਲਤਾ ਇਸ ਗਲ ਉੱਤੇ ਨਿਰਭਰ ਕਰਦੀ ਹੈ ਕਿ ਜਨਤਾ ਦਾ ਕਿੰਨਾ ਵੱਡਾ ਹਿੱਸਾ ਇਸ ਵਿਚ ਸ਼ਾਮਲ ਹੈ। ਅਸੀਂ ਇਹ ਗੱਲ ਦਾਵੇ ਦੇ ਨਾਲ ਨਹੀਂ ਕਹਿ ਰਹੇ ਹਾਂ ਕਿ ਗਾਂਧੀ ਜੀ ਨੇ ਅੰਦੋਲਨ ਦੇ ਪ੍ਰਤੀ ਘਟਦੇ ਉਤਸਾਹ ਦੇ ਕਾਰਨ ਹੀ ਇਸਨੂੰ ਵਾਪਸ ਲਿਆ ਕਿਉਂਕਿ ਇਸ ਵਿਸ਼ੇ ਉਤੇ ਸ਼ੋਧ ਕਾਰਜ ਅਜੇ ਅਪੂਰਣ ਹੈ, ਅਤੇ ਸਾਡਾ ਕਹਿਣਾ ਹੈ ਕਿ ਇਸ ਬਾਰੇ ਵਿਚ ਕੋਈ ਨਿਸ਼ਕਰਸ਼ ਕੱਢਦੇ ਸਮੇਂ ਇਸ ਸੰਭਾਵਨਾ ਨੂੰ ਵੀ ਧਿਆਨ ਵਿਚ ਰਖਿਆ ਜਾਵੇ।

ਨੋਟ

ਗਾਂਧੀ ਦੇ ਅਲੋਚਕ ਅਕਸਰ ਇਹ ਭੁਲ ਜਾਂਦੇ ਹਨ ਕਿ ਕੋਈ ਵੀ ਜਨਅੰਦੋਲਨ ਲਗਾਤਾਰ ਨਹੀਂ ਚਲਦਾ। ਉਸ ਵਿਚ ਪੜਾਅ ਆਉਂਦਾ ਹੈ। ਕੁਝ ਪੌੜੀਆਂ ਚੜ੍ਹਨ ਦੇ ਬਾਅਦ ਉਹ ਸੁਸਤਾਉਂਦਾ ਹੈ, ਥਕਾਵਟ ਦੂਰ ਕਰਦਾ ਹੈ ਅਤੇ ਅੱਗੇ ਵਧਣ ਦੇ ਲਈ ਜਰੂਰੀ ਊਰਜਾ ਜੁਟਾਉਂਦਾ ਹੈ। ਇਸਦਾ ਮੂਲ ਕਾਰਨ ਇਹ ਹੈ ਕਿ ਜਨਤਾ ਦੀ ਦਮਨ ਸਹਿਣ ਅਤੇ ਕੁਰਬਾਨੀ ਕਰਨ ਦੀ ਸ਼ਕਤੀ ਅਸੀਮਤ ਨਹੀਂ ਹੁੰਦੀ। ਇਸ ਤਰ੍ਹਾਂ ਕਦੀ ਅੰਦੋਲਨ ਵਾਪਸ ਲੈਣ ਦੀ ਘੋਸ਼ਣਾ ਜਾਂ ਕਦੀ ਸਮਝੌਤਾਵਾਦੀ ਰੁਖ ਅਖਤਿਆਰ ਕਰਨਾ ਜਨਤਾ ਉਤੇ ਆਧਾਰਤ ਰਾਜਨੀਤਿਕ ਸੰਘਰਸ਼ ਦੀ ਸਹੀ ਰਣਨੀਤੀ ਹੈ। ਅੰਦੋਲਨ ਨੂੰ ਵਾਪਸ ਲੈਣਾ ਵਿਸ਼ਵਾਸਘਾਤ ਨਹੀਂ ਕਰਦਾ, ਇਹ ਤਾਂ ਰਣਨੀਤੀ ਦਾ ਹਿੱਸਾ ਹੈ। ਹਾਂ ਇਸ ਗੱਲ ਤੇ ਬਹਿਸ ਹੋ ਸਕਦੀ ਹੈ ਕਿ ਅੰਦੋਲਨ ਸਹੀ ਸਮੇਂ ਉਤੇ ਵਾਪਸ ਲਿਆ ਗਿਆ ਹੈ ਜਾਂ ਗਲਤ ਸਮੇਂ ਉਤੇ।

ਵਾਪਸ ਲੈਣ ਦਾ ਸਮਾਂ ਆ ਹੀ ਗਿਆ ਹੈ, ਐਸਾ ਸੋਚਣ ਦੇ ਲਈ ਸ਼ਾਇਦ ਗਾਂਧੀ ਜੀ ਦੇ ਸਾਹਮਣੇ ਕਾਫੀ ਕਾਰਣ ਸੀ। ਗਾਂਧੀ ਜੀ ਨੇ ਜਦੋਂ ਇਹ ਨਿਰਣਾ ਕੀਤਾ, ਤਾਂ ਅੰਦੋਲਨ ਨੂੰ ਲਗਭਗ ਇਕ ਸਾਲ ਤੋਂ ਜ਼ਿਆਦਾ ਹੋ ਚੁਕਾ ਸੀ, ਅੰਗ੍ਰੇਜ਼ੀ ਸਰਕਾਰ ਦਾ ਅੜੀਅਲ ਰਵਈਆ ਬਰਕਰਾਰ ਸੀ। ਇਸ ਤੋਂ ਪਹਿਲਾਂ ਕਿ ਅੰਦੋਲਨ ਦੀ ਆਪਣੀ ਕਮਜ਼ੋਰੀਆਂ ਉਭਰ ਕੇ ਸਾਹਮਣੇ ਆਉਂਦੀਆਂ ਅਤੇ ਸਮਰਪਣ ਦੀ ਨੌਬਤ ਆਉਂਦੀ, ਚੌਰੀਚੌਰਾ ਕਾਂਡ ਨੇ ਅੰਦੋਲਨ ਵਾਪਸ ਲੈਣ ਦਾ ਇਕ ਮੌਕਾ ਦਿਤਾ।

ਗਾਂਧੀ ਜੀ ਨੇ ਵਾਇਦਾ ਕੀਤਾ ਸੀ ਜੇਕਰ ਉਨ੍ਹਾਂ ਦੀਆਂ ਨੀਤੀਆਂ ਉਤੇ ਠੀਕ ਢੰਗ ਨਾਲ ਅਮਲ ਕੀਤਾ ਗਿਆ, ਤਾਂ ਇਕ ਸਾਲ ਵਿਚ ਸਵਰਾਜ ਦੀ ਸਥਾਪਨਾ ਹੋ ਜਾਵੇਗੀ। ਸਾਲ ਖਤਮ ਹੋ ਗਿਆ। ਸਵਰਾਜ ਦੀ ਗੱਲ ਤਾਂ ਦੂਰ, ਅੰਗ੍ਰੇਜ਼ੀ ਹਕੂਮਤ ਛੋਟੀ-ਮੋਟੀ ਰਿਆਇਤਾਂ ਵੀ ਦੇਣ ਨੂੰ ਤਿਆਰ ਨਹੀਂ ਸੀ, ਲੇਕਿਨ ਕੀ ਸਮੂਚਾ ਸੰਘਰਸ਼ ਨਿਰਰਥਕ ਸੀ? ਅੰਦੋਲਨ ਅਸਫਲ ਰਿਹਾ? ਇਸਦਾ ਜਵਾਬ 'ਹਾਂ' ਵਿਚ ਨਹੀਂ ਦਿਤਾ ਜਾ ਸਕਦਾ।

ਅਸਹਿਯੋਗ ਅੰਦੋਲਨ ਦੀਆਂ ਅਨੇਕ ਸਫਲਤਾਵਾਂ-ਉਪਲਬਧੀਆਂ ਹਨ। ਇਸੇ ਅੰਦੋਲਨ ਨੇ ਪਹਿਲੀ ਵਾਰ ਦੇਸ਼ ਦੀ ਜਨਤਾ ਨੂੰ ਇਕੱਠਾ ਕੀਤਾ। ਹੁਣ ਭਾਰਤੀ ਰਾਸ਼ਟਰੀ ਕਾਂਗਰਸ ਉਤੇ ਕੋਈ ਇਹ ਆਰੋਪ ਨਹੀਂ ਲਗਾ ਸਕਦਾ ਸੀ ਕਿ ਉਹ ਕੁਝ ਮੁੱਠੀ ਭਰ ਲੋਕਾਂ ਦਾ ਪ੍ਰਤੀਨਿਧੀਤਵ ਕਰਦੀ ਹੈ। ਹੁਣ ਇਨ੍ਹਾਂ ਦੇ ਨਾਲ ਕਿਸਾਨ, ਮਜਦੂਰ, ਦਸਤਕਾਰ, ਵਪਾਰੀ, ਬਿਜਨਸ ਵਾਲੇ, ਕਰਮਚਾਰੀ, ਮਰਦ, ਔਰਤਾਂ, ਬੱਚੇ, ਬੁੱਢੇ ਸਾਰੇ ਲੋਕ ਸਨ। ਪੂਰੇ ਦੇਸ਼ ਵਿਚ ਕਿਤੇ ਕੋਈ ਐਸੀ ਜਗਾ ਨਹੀਂ ਸੀ, ਜਿਥੇ ਇਸ ਅੰਦੋਲਨ ਦਾ ਅਸਰ ਨਾ ਪਿਆ ਹੋਵੇ। ਗਲ ਇਹ ਹੈ ਕਿਤੇ ਅਸਰ ਤੇਜ਼ ਸੀ, ਕਿਤੇ ਘੱਟ।

ਇਸੇ ਅੰਦੋਲਨ ਨੇ ਇਹ ਦਿਖਾਇਆ ਕਿ ਹਿੰਦੁਸਤਾਨ ਦੀ ਉਹ ਜਨਤਾ, ਜਿਸਨੂੰ ਫਿਰੰਗੀ ਮੂਰਖ, ਦੀਨ-ਹੀਣ ਸਮਝਦੇ ਸਨ। ਆਧੁਨਿਕ ਰਾਸ਼ਟਰਵਾਦੀ ਰਾਜਨੀਤੀ ਦੀ ਵਾਹਕ ਹੋ ਸਕਦੀ ਹੈ, ਰਾਜਨੀਤਿਕ ਸੰਘਰਸ਼ ਸ਼ੁਰੂ ਕਰ ਸਕਦੀ ਹੈ। ਭਾਰਤੀ ਜਨਤਾ ਦੇ ਤਿਆਗ ਅਤੇ ਕੁਰਬਾਨੀ ਨੇ ਦਮਨਕਾਰੀ ਸੱਤਾ ਨੂੰ ਜਤਾ ਦਿਤਾ ਕਿ ਦੇਸ਼ ਦੀ ਆਜਾਦੀ ਦੀ ਭੁੱਖ ਪੜ੍ਹੇ-ਲਿਖਿਆ ਨੂੰ ਹੀ ਨਹੀਂ, ਅਨਪੜ੍ਹ ਜਨਤਾ ਨੂੰ ਵੀ ਸਤਾਉਂਦੀ ਹੈ। ਆਜਾਦੀ ਦੇ ਲਈ ਗੁਲਾਮ ਦੇਸ਼ ਦਾ ਹਰ ਨਾਗਰਿਕ ਸੰਘਰਸ਼ ਕਰੇਗਾ। ਇਹ ਗਲ ਅਲਗ ਹੈ ਕਿ ਸਾਰੇ ਲੋਕ ਆਜਾਦੀ ਦੇ ਲਈ ਸੰਘਰਸ਼ ਦੇ ਸਾਰੇ ਦਾਅ ਪੇਚ ਇੱਕ ਦਮ ਨਾਲ ਨਹੀਂ ਸਮਝ ਸਕਦੇ ਸਨ, ਅਨੁਸ਼ਾਸਨ ਨਹੀਂ ਵਰਤ ਪਾਉਂਦੇ ਸਨ, ਪ੍ਰੰਤੂ ਅਸਹਿਯੋਗ ਅੰਦੋਲਨ ਦੀ ਸਭ ਤੋਂ ਵਡੀ ਸਫਲਤਾ ਇਹੀ ਰਹੀ ਕਿ ਉਸਨੇ ਜਨਤਾ ਨੂੰ ਆਧੁਨਿਕ ਰਾਜਨੀਤੀ ਨਾਲ ਪਰੀਚਿਤ ਕਰਾਇਆ, ਆਜ਼ਾਦੀ ਦੀ ਭੁਖ ਜਗਾਈ। ਇਹ ਪਹਿਲਾ ਅਵਸਰ ਸੀ, ਜਦ ਰਾਸ਼ਟਰੀਅਤਾ ਨੇ ਪਿੰਡਾਂ, ਕਸਬਿਆਂ, ਸਕੂਲਾਂ ਸਾਰਿਆਂ ਨੂੰ ਪ੍ਰਭਾਵ ਵਿਚ ਲੈ ਲਿਆ। ਸ਼ੁਰੂਆਤੀ ਦੌਰ ਸੀ ਉਹ। ਕਮੀਆਂ ਤਮਾਮ ਸਨ, ਇਸਲਈ ਸਫਲਤਾਵਾਂ ਵੀ ਘੱਟ ਮਿਲੀਆਂ। ਪ੍ਰੰਤੂ ਜੋ ਕੁਝ ਵੀ ਹਾਸਲ ਹੋਇਆ, ਉਹ ਆਗਾਮੀ ਸੰਘਰਸ਼ ਦੀ ਪੁਸ਼ਠਭੂਮੀ ਤਿਆਰ ਕਰਨ ਵਿਚ ਸਹਾਇਕ ਹੋਇਆ।

ਮਾਲਾਬਾਰ ਦੀ ਘਟਨਾਵਾਂ ਦੇ ਬਾਵਜੂਦ ਇਸ ਅੰਦੋਲਨ ਵਿਚ ਵਡੇ ਪੈਮਾਨੇ ਤੇ ਮੁਸਲਮਾਨਾਂ ਦੀ ਭਾਗੀਦਾਰੀ ਅਤੇ ਸੰਪਰਦਾਇਕ ਏਕਤਾ ਅੰਦੋਲਨ ਦੀ ਕੋਈ ਛੋਟੀ ਉਪਲਬਧੀ ਨਹੀਂ ਸੀ। ਮੁਸਲਮਾਨਾਂ ਦੀ ਭਾਗੀਦਾਰੀ ਨੇ ਹੀ ਇਸ ਅੰਦੋਲਨ ਨੂੰ ਜਨਅੰਦੋਲਨ ਦਾ ਸਰੂਪ ਦਿਤਾ, ਕੁਝ ਖੇਤਰਾਂ ਵਿਚ ਤਾਂ ਗਿਰਫਤਾਰ ਲੋਕਾਂ ਵਿਚੋਂ ਦੋ ਤਿਹਾਈ ਮੁਸਲਮਾਨ ਸਨ। ਪ੍ਰੰਤੂ ਦੁਰਭਾਗ ਦੀ ਗੱਲ ਤਾਂ ਇਹ ਹੈ ਕਿ ਬਾਅਦ ਦੇ ਸਾਲਾਂ ਵਿਚ, ਜਦੋਂ ਸੰਪਰਦਾਇਕਤਾ ਨੇ ਜ਼ੋਰ ਫੜ ਲਿਆ, ਤਾਂ ਰਾਸ਼ਟਰੀ ਅੰਦੋਲਨਾਂ ਵਿਚ ਸੰਪਰਦਾਇਕ ਸਦਭਾਵਨਾ ਦਾ ਚਰਿਤਰ ਬਰਕਰਾਰ ਨਾ ਰਹਿ ਸਕਿਆ। ਅਸਹਿਯੋਗ ਅੰਦੋਲਨ ਵਿਚ ਗਾਂਧੀ ਜੀ ਤੇ ਹੋਰ ਨੇਤਾ ਮਸਜ਼ਿਦਾਂ ਵਿਚ ਭਾਸ਼ਣ ਦਿੰਦੇ ਸਨ, ਗਾਂਧੀ ਜੀ ਨੇ ਮੁਸਲਮਾਨ ਔਰਤਾਂ ਦੀ ਸਭਾ ਵਿਚ ਭਾਸ਼ਣ ਕੀਤਾ। ਪ੍ਰੰਤੂ ਇਹ ਸੌਹਾਰਦ ਅਤੇ ਏਕਤਾ ਆਜਾਦੀ ਦੇ ਲਈ ਬਾਅਦ ਦੇ ਸੰਘਰਸ਼ਾਂ ਵਿਚ ਨਹੀਂ ਦਿਖੀ।

ਫਿਲਹਾਲ, 12 ਫਰਵਰੀ 1922 ਨੂੰ ਅੰਦੋਲਨ ਵਿਚ ਜੋ ਪੜਾਅ ਆਇਆ ਸੀ, ਉਹ ਅਸਥਾਈ ਸਾਬਤ ਹੋਇਆ। ਮਾਟਾਂਗਿਊ ਅਤੇ ਬਰਕੇਨਹੇਡ ਨੇ ਚੁਣੌਤੀ ਦਿਤੀ ਸੀ ਕਿ "ਭਾਰਤ, ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਸੱਤਾ ਨੂੰ ਚੁਣੌਤੀ ਨਹੀ ਦੇ ਸਕਦਾ ਅਤੇ ਜੇਕਰ ਚੁਣੌਤੀ ਦਿਤੀ ਗਈ, ਤਾਂ ਇਸਦਾ ਉੱਤਰ ਪੂਰੀ ਤਾਕਤ ਨਾਲ ਦਿੱਤਾ ਜਾਵੇਗਾ।" ਗਾਂਧੀ ਜੀ ਨੇ ਅੰਦੋਲਨ ਵਾਪਸ ਲੈਣ ਦੇ ਬਾਅਦ 23 ਫਰਵਰੀ 1922 ਨੂੰ 'ਯੰਗ ਇੰਡੀਆ' ਵਿਚ ਆਪਣੇ ਲੇਖ ਵਿੱਚ ਇਸ ਚੁਣੌਤੀ ਦਾ ਉੱਤਰ ਦਿਤਾ। "ਅੰਗ੍ਰੇਜ਼ਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ 1920 ਵਿਚ ਛਿੜਿਆ ਸੰਘਰਸ਼ ਅੰਤਿਮ ਸੰਘਰਸ਼ ਹੈ, ਨਿਰਣਾਇਕ ਸੰਘਰਸ਼ ਹੈ, ਫੈਸਲਾ ਹੋ ਕੇ ਰਹੇਗਾ, ਚਾਹੇ ਇਕ ਮਹੀਨਾ ਲਗ ਜਾਏ ਜਾਂ ਇਕ ਸਾਲ ਲਗ ਜਾਵੇ, ਕਈ ਮਹੀਨੇ ਲਗ ਜਾਣ ਜਾਂ ਕਈ ਸਾਲ ਲਗ ਜਾਣ। ਅੰਗ੍ਰੇਜ਼ੀ ਹਕੂਮਤ ਚਾਹੇ ਉੰਨਾਂ ਹੀ ਦਮਨ ਕਰੇ ਜਿੰਨਾ 1857 ਦੇ ਵਿਦਰੋਹ ਦੇ ਸਮੇਂ ਕੀਤਾ ਸੀ, ਫੈਸਲਾ ਹੋ ਕੇ ਰਹੇਗਾ।"

ਨੋਟ

## ਸਵ-ਮੁਲਾਂਕਣ (Self Assessment)

1. **ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks) -**
   1. ਅਸਹਿਯੋਗ ਅੰਦੋਲਨ ਸਿਤੰਬਰ......... ਵਿਚ ਆਰੰਭ ਹੋਇਆ।
   2. 5 ਫਰਵਰੀ 1922 ਨੂੰ ਚੌਰੀਚੌਰਾ ਨਾਮਕ ਸਥਾਨ ਉਤੇ ਭੀੜ ਨੇ ......... ਨੂੰ ਥਾਣੇ ਵਿਚ ਜਿੰਦਾ ਜਲਾ ਦਿਤਾ।
   3. ਗਾਂਧੀ ਜੀ ਨੇ .............. ਨੂੰ ਅੰਦੋਲਨ ਵਾਪਸ ਲੈ ਲਿਆ।
   4. ਬਹਿਸ਼ਕਾਰ ਅੰਦੋਲਨ ਵਿਚ ਸਭ ਤੋਂ ਸਫਲ ਸੀ ............ ਦਾ ਬਹਿਸ਼ਕਾਰ ਅੰਦੋਲਨ।
   5. ਅਸਹਿਯੋਗ ਅੰਦੋਲਨ ਵਿਚ ਇਕ ਹੋਰ ਕਾਰਵਾਈ ਲੋਕਪ੍ਰਿਅ ਹੋਈ, ਉਹ ਸੀ ......... ਉਤੇ ਧਰਨਾ।

## 10.2 ਸਵਿਨੇਅ ਅਵਗਿਆ ਅੰਦੋਲਨ 1930-31 (Civil Disobidience Movement)

ਕਾਂਗਰਸ ਦੀ ਕਾਰਜਕਾਰਣੀ ਦੀ 1929 ਵਿਚ ਹੋਈ ਲਾਹੌਰ ਕਾਂਗਰਸ ਵਿਚ ਇਹ ਅਧਿਕਾਰ ਦਿਤਾ ਗਿਆ ਸੀ ਕਿ ਉਹ ਦੇਸ਼ ਵਿਚ ਸਵਿਨੇਅ ਅਵਗਿਆ (ਸਿਵਿਲ ਨਾਫਰਮਾਨੀ) ਅੰਦੋਲੋਨ ਛੇੜੇ। ਇਸ ਅੰਦੋਲਨ ਵਿਚ ਟੈਕਸ ਨਾ ਅਦਾ ਕਰਨਾ ਸ਼ਾਮਲ ਸੀ। ਇਸ ਨੇ ਵਿਧਾਨ ਸਭਾ ਦੇ ਮੈਂਬਰਾਂ ਨਾਲ ਵਿਧਾਇਕ ਪਦ ਤੋਂ ਅਸਤੀਫਾ ਦੇਣ ਦਾ ਵੀ ਆਹਵਾਨ ਕੀਤਾ ਸੀ। 1930 ਦੀ ਫਰਵਰੀ ਵਿਚ ਸਾਬਰਮਤੀ ਆਸ਼ਰਮ ਵਿਚ ਕਾਂਗਰਸ ਕਾਰਜਕਾਰਣੀ ਸਮੀਤੀ ਦੀ ਬੈਠਕ ਹੋਈ ਜਿਸ ਵਿਚ ਗਾਂਧੀ ਜੀ ਨੂੰ ਇਸ ਗੱਲ ਦਾ ਅਧਿਕਾਰ ਦਿਤਾ ਗਿਆ ਕਿ ਉਹ ਆਪਣੀ ਇੱਛਾ ਨਾਲ ਜਦੋ ਤੇ ਜਿਸ ਪਾਸੇ ਤੋਂ ਚਾਹੁਣ, ਸਵਿਨੇਅ ਅਵਗਿਆ ਅੰਦੋਲਨ ਦਾ ਸ਼ੁਭ ਆਰੰਭ ਕਰ ਸਕਦੇ ਹਨ। ਗਾਂਧੀ ਜੀ ਜਨ-ਅੰਦੋਲਨਾਂ ਦੇ ਮੰਨੇ ਹੋਏ ਵਿਸ਼ੇਸ਼ ਵਿਅਕਤੀ ਸਨ, ਉਹ "ਗੰਭੀਰਤਾ ਨਾਲ ਜਨ ਸੰਘਰਸ਼ ਛੇੜਣ ਲਈ ਪ੍ਰਭਾਵੀ ਤਰੀਕਾ ਤਲਾਸ਼ ਕਰ ਰਹੇ ਸਨ।" ਹਰ ਪ੍ਰਕਾਰ ਨਾਲ ਘੱਟ ਤੋਂ ਘੱਟ ਮੰਗਾਂ ਵਾਲੀ 31 ਜਨਵਰੀ ਦੀ ਉਨ੍ਹਾਂ ਦੀ ਚੇਤਾਵਨੀ ਭਰੀ ਮੰਗ ਨੂੰ, ਜਿਸ ਵਿਚ ਘੱਟ ਤੋਂ ਘੱਟ ਮੰਗਾਂ ਦਾ 11-ਸੂਤਰੀ ਮੰਗਪੱਤਰ ਪੇਸ਼ ਕੀਤਾ ਗਿਆ ਸੀ, ਲਾਰਡ ਇਰਵਿਨ ਨੇ ਅਣਦੇਖਾ ਕਰ ਦਿਤਾ ਸੀ। ਇਸ ਲਈ ਹੁਣ ਸਿਰਫ ਇਕ ਹੀ ਰਸਤਾ ਬਚਿਆ ਸੀ - ਸਵਿਨੇਅ ਅਵਗਿਆ ਦਾ।

ਫਰਵਰੀ ਦੇ ਅੰਤ ਵਿਚ ਜਿਵੇਂ-ਜਿਵੇਂ ਗਾਂਧੀ ਜੀ ਨੇ ਨਮਕ ਦੀ ਗੱਲ ਕਰਨੀ ਸ਼ੁਰੂ ਕੀਤੀ, ਸਤਿਆਗ੍ਰਹਿ ਦਾ ਸੂਤਰ ਸਪਸ਼ਟ ਹੋਣ ਲਗਾ ਅਤੇ 2 ਮਾਰਚ ਨੂੰ ਗਾਂਧੀ ਜੀ ਨੇ ਵਾਇਸਰਾਏ ਨੂੰ ਆਪਣਾ ਪੱਤਰ ਲਿਖਿਆ ਜਿਸ ਵਿਚ ਉਨ੍ਹਾਂ ਨੇ ਵਿਸਤਾਰ ਨਾਲ ਸਪਸ਼ਟ ਕੀਤਾ ਕਿ ਉਹ ਕਿਉਂ ਬ੍ਰਿਟਿਸ਼ ਰਾਜ ਨੂੰ ਅਭਿਸ਼ਾਪ ਮੰਨਦੇ ਹਨ। "ਲਗਾਤਾਰ ਸ਼ੋਸ਼ਣ ਕਰਨ ਵਾਲੀ ਵਿਵਸਥਾ ਕਾਇਮ ਕਰਕੇ ਇਸਨੇ ਅਣਗਿਣਤ ਦੀਨਹੀਣ ਲੋਕਾਂ ਨੂੰ ਦਰਿੱਦ੍ਰ ਬਣਾ ਦਿਤਾ ਹੈ... ਰਾਜਨੀਤਿਕ ਰੂਪ ਨਾਲ ਇਸਦੇ ਕਾਰਨ ਸਾਡੀ ਅਵਸਥਾ ਜਮੀਨੀ ਗੁਲਾਮਾਂ ਵਰਗੀ ਹੋ ਗਈ ਸੀ। ਇਸਨੇ ਸਾਡੀ ਸੰਸਕ੍ਰਿਤੀ ਦੀਆਂ ਚੂਲਾਂ ਹਿਲਾ ਦਿਤੀਆ ਹਨ... ਇਸਦੇ ਕਾਰਨ ਸਾਡਾ ਆਧਿਆਤਮਕ ਪਤਨ ਹੋਇਆ ਹੈ।" ਇਸਦੇ ਬਾਅਦ ਗਾਂਧੀ ਜੀ ਨੇ ਆਪਣੀ ਭਾਵੀ ਕਾਰਜਯੋਜਨਾ ਦੀ ਸੂਚਨਾ ਦਿਤੀ ਸੀ, ਜਿਵੇਂ ਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਹਰ ਸਤਿਆਗ੍ਰਹੀ ਨੂੰ ਕਰਨਾ ਚਾਹੀਦਾ ਹੈ-

> '...ਇਸ ਮਹੀਨੇ ਦੀ 11ਵੀਂ ਤਰੀਕ ਨੂੰ ਮੈਂ ਆਸ਼ਰਮ ਦੇ ਆਪਣੇ ਕੁਝ ਐਸੇ ਸਹਿਯੋਗੀ ਕਾਰਜਕਰਤਾਵਾਂ ਨੂੰ ਲਵਾਂਗਾ, ਜਿਨ੍ਹਾਂ ਨੂੰ ਮੈਂ ਲੈ ਸਕਦਾ ਹਾਂ ਅਤੇ ਨਮਕ ਕਾਨੂੰਨ ਤੋੜਾਂਗਾ। ਮੈਂ ਜਾਣਦਾ ਹਾਂ ਕਿ ਤੁਸੀ ਮੈਨੂੰ ਗਿਰਫਤਾਰ ਕਰਕੇ ਮੈਨੂੰ ਇਸ ਤਰ੍ਹਾਂ ਕਰਨ ਤੋਂ ਰੋਕ ਸਕਦੇ ਹੋ ਪਰ ਮੈਨੂੰ ਉਮੀਦ ਹੈ ਕਿ ਮੇਰੇ ਬਾਅਦ ਵੀ ਹਜ਼ਾਰਾਂ-ਲੱਖਾਂ ਲੋਕ ਇਸ ਕੰਮ ਨੂੰ ਇਕਦਮ ਅਨੁਸ਼ਾਸਤ ਢੰਗ ਨਾਲ ਕਰਨ ਲਈ ਤਿਆਰ ਰਹਿਣਗੇ। ਇਸ ਨਮਕ ਕਾਨੂੰਨ ਨੂੰ ਤੋੜਨ ਵਿਚ ਉਨ੍ਹਾਂ ਨੂੰ ਜੋ ਵੀ ਸਜਾ ਦਿਤੀ ਜਾਵੇਗੀ ਉਸ ਨੂੰ ਭੁਗਤਣ ਲਈ ਤਿਆਰ ਰਹਾਂਗੇ, ਐਸਾ ਕਾਨੂੰਨ ਜੋ ਕਾਨੂੰਨ ਦੀ ਪੁਸਤਕ ਵਿਚ ਕਲੰਕ ਵਰਗਾ ਹੈ।"

ਇਸਦੀ ਯੋਜਨਾ ਬਹੁਤ ਸਮਝਦਾਰੀ ਨਾਲ ਬਣਾਈ ਗਈ ਜਦ ਕਿ ਸ਼ੁਰੂ ਵਿਚ ਇਸਦੀ ਘੋਸ਼ਣਾ ਦੇ ਸਮੇਂ ਬਹੁਤ ਘੱਟ ਲੋਕਾਂ ਨੇ ਇਸਦੇ ਮਹੱਤਵ ਨੂੰ ਸਮਝਿਆ ਸੀ। ਗਾਂਧੀ ਜੀ ਨੂੰ, ਸਾਬਰਮਤੀ ਆਸ਼ਰਮ ਦੇ ਆਪਣੇ 78 ਸਹਿਯੋਗੀਆਂ ਦੇ ਨਾਲ ਅਹਿਮਦਾਬਾਦ ਮੁਖਿਆਲਾ ਤੋਂ ਗੁਜਰਾਤ ਦੇ ਪਿੰਡਾਂ ਵਿਚ ਹੁੰਦੇ ਹੋਏ 240 ਮੀਲ ਦੀ ਯਾਤਰਾ ਕਰਨੀ ਸੀ। ਉਨ੍ਹਾਂ ਦੇ ਇਸ ਕਾਰਜ ਦੇ ਸਹਿਯੋਗੀਆਂ ਵਿਚ ਭਾਰਤ ਦੇ ਸਾਰੇ ਖੇਤਰਾਂ ਅਤੇ ਧਰਮ ਦੇ ਲੋਕ ਸ਼ਾਮਲ ਸਨ। ਦਾਂਡੀ ਵਿਚ ਸਮੁੰਦਰ ਦੇ ਕਿਨਾਰੇ ਪਹੁੰਚ ਕੇ ਗਾਂਧੀ ਜੀ ਨੂੰ ਨਮਕ ਕਾਨੂੰਨ ਤੋੜਨਾ ਸੀ। ਉਪਰੋਂ ਨੁਕਸਾਨਰਹਿਤ ਦਿਖਣ ਵਾਲਾ ਅੰਦੋਲਨ ਭਿਅੰਕਰ ਸਾਬਤ ਹੋਇਆ। ਭਵਿਖ ਵਿਚ ਹੋਣ ਵਾਲੀ ਇਸ ਨਾਟਕੀ ਘਟਨਾ ਦੀ ਉਮੀਦ ਵਿਚ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਪਹਿਲਾਂ ਤੋਂ ਹੀ ਸਾਬਰਮਤੀ ਆਸ਼ਰਮ ਵਿਚ ਇਕੱਤਰ ਹੋਣ ਲਗੇ ਸੀ। ਗਾਂਧੀ ਜੀ ਨੇ ਅਤਿਅੰਤ ਮਿਹਨਤ ਨਾਲ ਲੋਕਾਂ ਨੂੰ ਆਪਣੀ ਯੋਜਨਾ ਸਮਝਾਈ, ਭਵਿੱਖ ਦੀ ਕਾਰਵਾਹੀ ਦੇ ਲਈ ਨਿਰਦੇਸ਼ ਦਿਤੇ, ਲੋਕਾਂ ਨੂੰ ਅਹਿੰਸਾ ਦਾ ਮਹੱਤਵ ਸਮਝਾਇਆ ਅਤੇ ਇਸ ਗੱਲ ਲਈ ਤਿਆਰ ਕੀਤਾ ਕਿ ਸਰਕਰ ਨਾਲ ਉਨ੍ਹਾਂ ਨੂੰ ਕਿਸ ਗੱਲ ਦੀ ਉਮੀਦ ਕਰਨੀ ਚਾਹੀਦੀ ਹੈ ਅਤੇ ਕਿਸੇ ਗੱਲ ਦੀ ਉਮੀਦ ਨਹੀਂ ਕਰਨੀ ਚਾਹੀਦੀ-

ਨੋਟ

ਜਿਥੇ ਵੀ ਹੋ ਸਕੇ ਨਮਕ ਕਾਨੂੰਨ ਨੂੰ ਲੈ ਕੇ ਸਿਵਿਲ ਨਾਫਰਮਾਨੀ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਸ਼ਰਾਬ ਅਤੇ ਵਿਦੇਸ਼ੀ ਕੱਪੜਿਆਂ ਦੀ ਦੁਕਾਨਾਂ ਦੇ ਸਾਹਮਣੇ ਧਰਨਾ ਦਿਤਾ ਜਾਣਾ ਚਾਹੀਦਾ ਹੈ। ਜੇਕਰ ਸਾਡੇ ਲੋਕਾਂ ਵਿਚ ਅਪੇਕਸ਼ਿਤ ਸ਼ਕਤੀ ਹੋਵੇ ਤਾਂ ਅਸੀਂ ਟੈਕਸ ਅਦਾ ਕਰਨਾ ਅਸਵੀਕਾਰ ਕਰ ਸਕਦੇ ਹਾਂ। ਵਕੀਲ ਆਪਣੀ ਵਕਾਲਤ ਬੰਦ ਕਰ ਸਕਦੇ ਹਨ। ਆਮ ਲੋਕ ਆਪਣੇ ਮੁਕੱਦਮੇ ਕਚਹਿਰੀ ਤਕ ਨਾ ਲੈ ਜਾਕੇ ਉਸਦਾ ਬਹਿਸ਼ਕਾਰ ਕਰ ਸਕਦੇ ਹਨ। ਸਰਕਾਰੀ ਨੌਕਰ ਆਪਣੇ ਪਦਾਂ ਤੋਂ ਅਸਤੀਫਾ ਦੇ ਸਕਦੇ ਹਨ... ਮੈਂ ਕੇਵਲ ਇਕ ਸ਼ਰਤ ਰਖਦਾ ਹਾਂ। ਸਵਰਾਜ ਪਾਉਣ ਦੀ ਸਚ ਅਤੇ ਅਹਿੰਸਾ ਦੀ ਸਾਡੀ ਪ੍ਰਤਿਗਿਆ ਦਾ ਇਮਾਨਦਾਰੀ ਨਾਲ ਪਾਲਣ ਕੀਤਾ ਜਾਣਾ ਚਾਹੀਦਾ ਹੈ।

ਸਿਵਿਲ ਨਾਫਰਮਾਨੀ ਦੀ ਤਾਕਤ ਦੀ ਵਿਆਖਿਆ ਕਰਦੇ ਹੋਏ ਗਾਂਧੀ ਜੀ ਨੇ ਕਿਹਾ–

"ਮੰਨ ਲਓ ਕਿ ਭਾਰਤ ਦੇ 7 ਲੱਖ ਪਿੰਡਾਂ ਵਿਚੋਂ ਹਰ ਇਕ ਨਾਲ ਦਸ ਵਿਅਕਤੀ ਸਤਿਆਗ੍ਰਹਿ ਵਿਚ ਭਾਗ ਲੈ ਕੇ ਨਮਕ ਕਾਨੂੰਨ ਤੋੜਦੇ ਹਨ, ਵੈਸੀ ਸਥਿਤੀ ਵਿਚ ਤੁਹਾਡੇ ਵਿਚਾਰ ਵਿਚ ਇਹ ਸਰਕਾਰ ਕੀ ਕਰ ਸਕਦੀ ਹੈ। ਭਿਅੰਕਰ ਤਾਨਾਸ਼ਾਹ ਵੀ, ਤੁਸੀਂ ਸੋਚੋ ਕਿ ਸ਼ਾਂਤੀਪੂਰਣ ਢੰਗ ਨਾਲ ਪ੍ਰਤੀਰੋਧ ਕਰਨ ਵਾਲੀ ਵਿਸ਼ਾਲ ਜਨ ਸੇਨਾ ਨੂੰ ਤੋਪ ਦੀ ਨਲੀ ਨਾਲ ਨਹੀਂ ਉੜਾ ਸਕਦਾ। ਜੇ ਕਰ ਤੁਸੀਂ ਥੋੜਾ ਬਹੁਤ ਵੀ ਇਸ ਕੰਮ ਵਿਚ ਲਗ ਗਏ, ਤਾਂ ਅਸੀਂ ਤੁਹਾਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਬਹੁਤ ਘੱਟ ਸਮੇਂ ਵਿਚ ਅਸੀਂ ਇਸ ਸਰਕਾਰ ਨੂੰ ਥਕਾ ਦੇਵਾਂਗੇ।"

ਗਾਂਧੀ ਜੀ ਨੇ ਇਹ ਵੀ ਸਪਸ਼ਟ ਕੀਤਾ ਕਿ ਕਿਸ ਪ੍ਰਕਾਰ ਅਹਿੰਸਾ ਦੇ ਕਾਰਨ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਦੀ ਇਸ ਵਿਚ ਭਾਗੀਦਾਰੀ ਸੰਭਵ ਹੈ ਅਤੇ ਇਸ ਨਾਲ ਸਰਕਾਰ ਅਜੀਬ ਕਸ਼ਮਕਸ਼ ਵਿਚ ਫਸ ਜਾਵੇਗੀ। 10 ਮਾਰਚ ਨੂੰ ਆਸ਼ਰਮ ਪਹੁੰਚੀ ਜਨਤਾ ਦੀ ਭੀੜ ਨੂੰ ਸੰਬੋਧਿਤ ਕਰਦੇ ਹੋਏ ਗਾਂਧੀ ਜੀ ਨੇ ਕਿਹਾ ਸੀ–

"ਭਾਵੇਂ ਲੜਾਈ ਇਕ ਦੋ ਦਿਨਾਂ ਬਾਅਦ ਆਰੰਭ ਹੋਣ ਵਾਲੀ ਹੈ, ਕਿਵੇਂ ਸੰਭਵ ਹੋਇਆ ਕਿ ਤੁਸੀਂ ਬੇਖਟਕੇ ਇਥੇ ਪਹੁੰਚ ਗਏ? ਮੈਂ ਨਹੀਂ ਸਮਝਦਾ ਕਿ ਜੇਕਰ ਆਪ ਨੂੰ ਗੋਲੀ ਅਤੇ ਬੰਬ ਦਾ ਸਾਹਮਣਾ ਕਰਨਾ ਹੁੰਦਾ ਤਾਂ ਆਪ ਵਿਚੋਂ ਕੋਈ ਵੀ ਵਿਅਕਤੀ ਇਥੇ ਦਿਖਾਈ ਨਹੀਂ ਦਿੰਦਾ। ਕਿਉਂ? ਮੰਨ ਲਵੋ ਕਿ ਜੇਕਰ ਇਹ ਘੋਸ਼ਣਾ ਕਰਦਾ ਕਿ ਮੈਂ ਅਹਿੰਸਕ ਅਭਿਆਨ ਆਰੰਭ ਕਰਨ ਜਾ ਰਿਹਾ ਹਾਂ ਜਰੂਰੀ ਨਹੀਂ ਕਿ ਇਸ ਵਿਚ ਭਾਗੀਦਾਰ ਲੋਕ ਬੰਦੂਕਾਂ ਨਾਲ ਲੈਸ ਹੋਣ, ਉਹ ਲਾਠੀ, ਡੰਡੇ ਅਤੇ ਪੱਥਰਾਂ ਨਾਲ ਵੀ ਲੈਸ ਹੋ ਸਕਦੇ ਹਨ। ਤਾਂ ਕੀ ਤੁਸੀਂ ਸੋਚਦੇ ਹੋ ਕਿ ਸਰਕਾਰ ਮੈਨੂੰ ਖੁੱਲਾ ਛੱਡ ਦਿੰਦੀ? ਕੀ ਇਤਿਹਾਸ ਵਿਚ ਤੁਸੀਂ ਐਸੀ ਮਿਸਾਲ ਪੇਸ਼ ਕਰ ਸਕਦੇ ਹੋ ਚਾਹੇ ਅਮਰੀਕਾ ਹੋਵੇ, ਇੰਗਲੈਂਡ ਹੋਵੇ ਭਾਵੇਂ ਰੂਸ ਹੋਵੇ ਜਿਥੇ ਦੀ ਰਾਜਸੱਤਾ ਨੇ ਹਿੰਸਾਪੂਰਨ ਵਿਦਰੋਹ ਨੂੰ ਇਕ ਦਿਨ ਲਈ ਵੀ ਬਰਦਾਸ਼ਤ ਕੀਤਾ ਹੋਵੇ? ਪਰ ਇਥੇ ਤੁਸੀਂ ਦੇਖ ਰਹੇ ਹੋ ਕਿ ਸਰਕਾਰ ਦੁਵਿਧਾ ਅਤੇ ਪਰੇਸ਼ਾਨੀ ਵਿਚ ਪੈ ਗਈ ਹੈ।"

ਆਪਣੇ ਸਮਰਪਿਤ ਕਾਰਜਕਰਤਾਵਾਂ ਦੇ ਨਾਲ ਹੱਥ ਵਿਚ ਲਾਠੀ ਲੈ ਕੇ ਗਾਂਧੀ ਜੀ ਨੇ ਜਦੋਂ ਇਹ ਯਾਤਰਾ ਸ਼ੁਰੂ ਕੀਤੀ ਤਾਂ ਇਸ ਦ੍ਰਿਸ਼ ਵਿਚ ਕੁਝ ਐਸਾ ਜਾਦੂ ਸੀ ਕਿ ਲੋਕਾਂ ਦਾ ਮਨ ਅੰਦੋਲਿਤ ਹੋ ਉਠਿਆ। ਗਾਂਧੀ ਜੀ ਦੇ ਅਗੇ ਵਧਣ ਦਾ ਸਮਾਚਾਰ ਅਖਬਾਰਾਂ ਦੇ ਜ਼ਰੀਏ ਦੇਸ਼ ਦੇ ਕੋਨੇ-ਕੋਨੇ ਤਕ ਪਹੁੰਚਣ ਲਗਾ। ਉਨ੍ਹਾਂ ਦੇ ਵਿਆਖਿਆਨਾਂ ਦੇ ਬਾਰੇ ਵਿਚ, ਹਜ਼ਾਰਾਂ ਲੋਕਾਂ ਦੁਆਰਾ ਉਨ੍ਹਾਂ ਦਾ ਸਵਾਗਤ ਕਰਨ ਅਤੇ ਯਾਤਰਾ ਵਿਚ ਉਨ੍ਹਾਂ ਦੇ ਨਾਲ ਹੋ ਲੈਣ ਦੇ ਵਿਸ਼ੇ ਵਿਚ, ਮਾਰਗ ਵਿਚ ਤੋਰਣ-ਦੁਆਰ ਆਦਿ ਬਣਾ ਕੇ ਅਤੇ ਉਸ ਉਤੇ ਝੰਡੇ ਆਦਿ ਲਗਾ ਕੇ ਉਨ ਦੇ ਪ੍ਰਤੀ ਪਿਆਰ ਜਤਾਉਣ ਦੇ ਬਾਰੇ ਵਿਚ, ਜਿਥੋਂ ਗਾਂਧੀ ਜੀ ਗੁਜਰਦੇ ਸਨ ਉਥੇ ਸੜਕ ਦੇ ਕਿਨਾਰੇ ਬੈਠ ਚਰਖਾ ਚਲਾ ਕੇ ਉਨ੍ਹਾਂ ਦੇ ਪ੍ਰਤੀ ਲੋਕਾਂ ਦੁਆਰਾ ਸਨਮਾਨ ਜਤਾਉਣ ਦੇ ਬਾਰੇ ਵਿਚ, ਗਾਂਧੀਜੀ ਦੀ ਬੇਨਤੀ ਤੇ ਗੁਜਰਾਤ ਦੇ 300 ਗ੍ਰਾਮ ਅਧਿਕਾਰੀਆਂ ਦੁਆਰਾ ਆਪਣੇ ਪਦਾਂ ਤੋਂ ਤਿਆਗ ਪੱਤਰ ਦੇਣ ਦੇ ਬਾਰੇ ਵਿਚ ਵੀ ਖਬਰਾਂ ਅਖਬਾਰਾਂ ਨੇ ਪ੍ਰਕਾਸ਼ਤ ਕੀਤੀਆਂ ਅਤੇ ਸਮੂਚੇ ਦੇਸ਼ ਨੂੰ ਇਨ੍ਹਾਂ ਗਤੀਵਿਧੀਆਂ ਨਾਲ ਅਵਗਤ ਕਰਾਇਆ। ਹਜ਼ਾਰਾਂ ਕਾਂਗਰਸ ਕਾਰਜਕਰਤਾਵਾਂ ਨੇ ਵਿਆਖਿਆਨਾਂ ਦੇ ਜਰੀਏ ਜਨਤਾ ਦੇ ਸਾਹਮਣੇ ਇਸਦੀ ਜੀਵੰਤ ਤਸਵੀਰ ਪੇਸ਼ ਕੀਤੀ। ਜਦ ਗਾਂਧੀ ਜੀ ਦਾਂਡੀ ਪਹੁੰਚੇ ਤਦ ਸਮੂਚਾ ਦੇਸ਼ ਉਤੇਜਿਤ ਹੋ ਕੇ ਉਮੀਦ ਭਰੀ ਨਜ਼ਰਾਂ ਨਾਲ ਦੇਖਣ ਲੱਗਾ ਸੀ ਅਤੇ ਗਾਂਧੀ ਜੀ ਦੁਆਰਾ ਅੰਤਿਮ ਨਿਰਦੇਸ਼ ਦਾ ਇੰਤਜਾਰ ਕਰਨ ਲਗਾ ਸੀ। 1930 ਨੂੰ 6 ਅਪ੍ਰੈਲ ਦੇ ਦਿਨ ਇਕ ਮੁੱਠੀ ਨਮਕ ਹੱਥ ਵਿਚ ਲੈ ਕੇ ਗਾਂਧੀ ਜੀ ਨੇ ਸਿਵਿਲ ਨਾਫਰਮਾਨੀ ਅੰਦੋਲਨ ਦਾ ਸ੍ਰੀਗਣੇਸ਼ ਕੀਤਾ। ਇਹ ਐਸਾ ਅੰਦੋਲਨ ਸੀ ਜੋ ਰਾਸ਼ਟਰੀ ਅੰਦੋਲਨ ਦੇ ਇਤਿਹਾਸ ਵਿਚ ਆਮ ਜਨਤਾ ਦੀ ਭਾਗੀਦਾਰੀ ਦੀ ਦ੍ਰਿਸ਼ਟੀ ਵਿਚ ਬੇਮਿਸਾਲ ਸੀ।

ਜਿਸ ਸਮੇਂ ਗਾਂਧੀ ਜੀ ਦਾਂਡੀ ਵੱਲ ਅਗੇ ਵਧ ਰਹੇ ਸਨ, ਉਸ ਸਮੇਂ ਕਾਂਗਰਸ ਦੇ ਨੇਤਾ ਅਤੇ ਕਾਰਜਕਰਤਾ ਵਿਭਿੰਨ ਪਧਰਾਂ ਉਤੇ ਸੰਗਠਨ-ਸੰਬੰਧੀ ਕਠਿਨ ਕੰਮਾਂ ਵਿਚ ਵਿਅਸਤ ਸਨ। ਸਵੈਸੇਵਕਾਂ ਅਤੇ ਮੈਂਬਰ ਦੀ ਭਰਤੀ ਕਰ ਰਹੇ ਸਨ, ਨਿਚਲੇ ਪਧਰ ਉੱਤੇ ਕਾਂਗਰਸ ਸਮੀਤੀਆਂ ਦਾ ਗਠਨ ਕਰ ਰਹੇ ਸਨ, ਕੋਸ਼ ਇਕਤਰ ਕਰ ਰਹੇ ਸਨ ਅਤੇ ਪਿੰਡਾਂ ਤੇ ਕਸਬਿਆਂ ਵਿਚ ਘੁੰਮ ਘੁੰਮ ਕੇ ਰਾਸ਼ਟਰੀ ਸੰਦੇਸ਼ ਪਹੁੰਚਾ ਰਹੇ ਸਨ। ਨਮਕ ਸਤਿਆਗ੍ਰਹਿ ਦੀ ਸ਼ੁਰੂਆਤ ਦੇ ਲਈ ਤਿਆਰੀਆਂ ਕੀਤੀਆਂ ਗਈਆਂ, ਸਥਾਨਾਂ ਦੀ ਚੋਣ ਕੀਤੀ ਗਈ, ਸਵੈਸੇਵਕਾਂ ਨੂੰ ਤਿਆਰ ਕੀਤਾ ਗਿਆ ਅਤੇ ਸੰਘਰਸ਼ ਦੇ ਲਈ ਸਾਧਨਾਂ ਦਾ ਹਿਸਾਬ ਲਗਾਇਆ ਗਿਆ।

ਇਕ ਵਾਰ ਜਦੋਂ ਗਾਂਧੀ ਜੀ ਨੇ ਦਾਂਡੀ ਵਿਚ ਨਮਕ ਹੱਥ ਵਿਚ ਲੈ ਕੇ ਇਸ ਦੀ ਸ਼ੁਰੂ ਹੋਣ ਦੀ ਰਸਮ ਪੂਰੀ ਕਰ ਦਿਤੀ ਤਾਂ ਨਮਕ ਕਾਨੂੰਨ ਤੋੜਨ ਦਾ ਸਤਿਆਗ੍ਰਹਿ ਸਮੂਚੇ ਦੇਸ਼ ਵਿਚ ਸ਼ੁਰੂ ਹੋ ਗਿਆ। ਤਮਿਲਨਾਡੂ ਵਿਚ ਤੰਜੋਰ ਦੇ ਸਮੁੰਦਰੀ ਤਟ ਉਤੇ ਚਕਰਵਰਤੀ ਰਾਜਗੋਪਾਲਚਾਰੀ ਨੇ, ਤ੍ਰਿਚਿਨਾਪੱਲੀ ਤੋਂ ਵੇਦਾਰਣਿਅਮ ਦੀ ਨਮਕ ਯਾਤਰਾ ਆਰੰਭ ਕੀਤੀ ਅਤੇ 30 ਅਪ੍ਰੈਲ ਨੂੰ ਜਦੋਂ ਉਨ੍ਹਾਂ

ਨੂੰ ਗਿਰਫਤਾਰ ਕੀਤਾ ਗਿਆ ਤਾਂ ਉਨ੍ਹਾਂ ਦੇ ਸ਼ਿਵਰ ਵਿਚ ਇੰਨੇ ਜ਼ਿਆਦਾ ਲੋਕ ਇਕੱਤਰ ਹੋ ਚੁਕੇ ਸਨ ਕਿ ਉਨ੍ਹਾਂ ਦੀ ਮਦਦ ਨਾਲ ਇਹ ਸਤਿਆਗ੍ਰਹਿ ਕਾਫੀ ਸਮੇਂ ਤਕ ਚਲਦਾ ਰਿਹਾ। ਮਾਲਾਬਾਰ ਵਿਚ ਵੈਕਮ ਸਤਿਆਗ੍ਰਹਿ ਦੇ ਨਾਇਕ ਨੇ ਨਮਕ ਕਾਨੂੰਨ ਤੋੜਨ ਲਈ ਕਾਲੀਕਟ ਤੋਂ ਪਇਆਨਰ ਤੱਕ ਦੀ ਯਾਤਰਾ ਕੀਤੀ। ਸਤਿਆਗ੍ਰਹੀਆਂ ਦਾ ਇਕ ਦਲ ਆਸਾਮ ਦੇ ਸਿਲਹਟ ਸਥਾਨ ਤੋਂ ਬੰਗਾਲ ਦੇ ਨੋਵਾਖਾਲੀ ਸਮੁੰਦਰ ਤਟ ਤਕ ਨਮਕ ਬਣਾਉਣ ਦੇ ਲਈ ਪਹੁੰਚਿਆ ਸੀ। ਆਂਧਰ ਪ੍ਰਦੇਸ਼ ਦੇ ਵਿਭਿੰਨ ਜ਼ਿਲਿਆਂ ਵਿਚ ਨਮਕ ਸਤਿਆਗ੍ਰਹਿ ਦੇ ਮੁਖਿਆਲਾ ਦੇ ਰੂਪ ਵਿਚ ਕੰਮ ਕਰਨ ਦੇ ਉਦੇਸ਼ ਨਾਲ 'ਸ਼ਿਵਿਰਮ' (ਸੈਨਿਕ ਸ਼ਿਵਿਰਾਂ ਦੀ ਤਰਜ ਉਤੇ) ਸਥਾਪਤ ਕੀਤੇ ਗਏ ਸਨ ਅਤੇ ਸਤਿਆਗ੍ਰਹੀਆਂ ਦੇ ਜਥੇ ਪਿੰਡਾਂ ਤੋਂ ਹੁੰਦੇ ਸਮੁੰਦਰ ਤਟ ਦੀ ਤਰਫ ਨਮਕ ਕਾਨੂੰਨ ਨੂੰ ਚੁਣੋਤੀ ਦੇਣ ਦੇ ਲਈ ਵਧਦੇ ਚਲੇ ਗਏ ਸੀ। ਵਾਪਸ ਆਉਂਦੇ ਸਮੇਂ ਉਹ ਦੂਜੇ-ਦੂਜੇ ਪਿੰਡ ਤੋਂ ਹੁੰਦੇ ਹੋਏ ਆਏ ਸਨ। ਨਮਕ ਕਾਨੂੰਨ ਭੰਗ ਕਰਨ ਉਤੇ ਸਰਕਾਰ ਗਾਂਧੀ ਜੀ ਨੂੰ ਗਿਰਫਤਾਰ ਕਰਨ ਵਿਚ ਅਸਫਲ ਰਹੀ। ਸਥਾਨਕ ਪੱਧਰ ਦੇ ਨੇਤਾਵਾਂ ਨੇ ਇਸਨੂੰ ਆਪਣੇ ਪੱਖ ਵਿਚ ਇਸਤੇਮਾਲ ਕੀਤਾ ਅਤੇ ਲੋਕਾਂ ਨੂੰ ਇਹ ਸਮਝਾ ਕੇ ਪ੍ਰਭਾਵਤ ਕੀਤਾ ਕਿ "ਸਾਡੇ ਲੋਕਾਂ ਤੋਂ ਸਰਕਾਰ ਭੈਭੀਤ ਹੋ ਗਈ ਹੈ।" ਅਤੇ ਇਹ ਕਿ "ਜਦ ਤੋਂ ਨਮਕ ਸਤਿਆਗ੍ਰਹਿ ਆਰੰਭ ਹੋਇਆ ਹੈ, ਸਰਕਾਰ ਗਾਇਬ ਹੋ ਗਈ ਹੈ। ਇਹ ਕਿਤੇ ਜਾ ਕੇ ਛੁਪ ਗਈ ਹੈ ਤੇ ਗਾਂਧੀ ਜੀ ਦੀ ਸਰਕਾਰ ਕਾਇਮ ਹੋ ਗਈ ਹੈ।" 14 ਅਪ੍ਰੈਲ ਨੂੰ ਨਮਕ ਕਾਨੂੰਨ ਤੋੜਣ ਦੇ ਜੁਰਮ ਵਿਚ ਜਵਾਹਰਲਾਲ ਨਹਿਰੂ ਨੂੰ ਗਿਰਫਤਾਰ ਕਰ ਲਿਆ ਗਿਆ। ਇਸਦੇ ਜਵਾਬ ਵਿਚ ਮਦਰਾਸ, ਕਲਕੱਤਾ ਅਤੇ ਕਰਾਚੀ ਆਦਿ ਨਗਰਾਂ ਵਿਚ ਪ੍ਰਦਰਸ਼ਨ ਹੋਏ ਅਤੇ ਪ੍ਰਦਰਸ਼ਨਕਾਰੀਆਂ ਦੀ ਵਿਸ਼ਾਲ ਭੀੜ ਅਤੇ ਪੁਲਿਸ ਦੇ ਵਿਚ ਟਕਰਾਵ ਹੋਏ।

ਪੇਸ਼ਾਵਰ (ਪੱਛਮੋਤਰ ਪ੍ਰਾਂਤ) ਵਿਚ ਜਨ ਆਕਰੋਸ਼ ਦੀ ਅਭਿਵਿਅਕਤੀ ਕਈ ਰੂਪਾਂ ਵਿਚ ਦੇਖਣ ਨੂੰ ਮਿਲੀ ਜਿਥੇ ਕਾਂਗਰਸ ਨੇਤਾਵਾਂ ਦੀ ਗਿਰਫਤਾਰੀ ਨੂੰ ਲੈ ਕੇ ਜਨਤਾ ਨੇ ਅਭੂਤਪੂਰਵ ਪ੍ਰਦਰਸ਼ਨ ਕੀਤਾ। ਇਸ ਇਲਾਕੇ ਵਿਚ ਖਾਨ ਅਫਦੁਲ ਗਫਾਰ ਖਾਂ ਸਾਲਾਂ ਤੋਂ ਕਾਰਜਸ਼ੀਲ ਸਨ ਅਤੇ ਉਨ੍ਹਾਂ ਦੁਆਰਾ ਜਨਤਾ ਵਿਚ ਕੀਤੇ ਗਏ ਕੰਮ ਦੀ ਵਜਾਹ ਨਾਲ ਅਹਿੰਸਕ ਕ੍ਰਾਂਤੀਕਾਰੀਆਂ ਦੇ ਬਹਾਦੁਰ ਜੱਥੇ ਯਾਨੀ ਖੁਦਾਈ ਖਿਦਮਤਗਾਰਾਂ ਦੇ ਦਲ ਤਿਆਰ ਹੋਏ ਸਨ। ਇਹ ਲੋਕ 'ਲਾਲ ਕੁਰਤੀ' ਦੇ ਨਾਂ ਨਾਲ ਜਾਣੇ ਜਾਂਦੇ ਸਨ। ਸਿਵਿਲ ਨਾਫਰਮਾਨੀ ਅੰਦੋਲਨ ਵਿਚ ਇਨ੍ਹਾਂ ਦੀ ਭੂਮਿਕਾ ਕਾਫੀ ਕਾਰਜਸ਼ੀਲ ਸੀ। ਉਸ ਜਮਾਨੇ ਵਿਚ ਉਨ੍ਹਾਂ ਦੇ ਕੰਮ ਦੇ ਕਾਰਨ ਜੋ ਮਾਹੌਲ ਬਣਿਆ ਸੀ, ਪੇਸ਼ਾਵਰ ਵਿਚ ਜਨ-ਉਭਾਰ ਦੇ ਪਿਛੇ ਉਸਦਾ ਬਹੁਤ ਵਡਾ ਹੱਥ ਸੀ ਜਿਸਦੇ ਕਾਰਨ ਇਕ ਹਫਤੇ ਤੋਂ ਵੀ ਜ਼ਿਆਦਾ ਸਮੇਂ ਤਕ ਪੇਸ਼ਾਵਰ ਉਤੇ ਆਮ ਲੋਕਾਂ ਦਾ ਕਬਜ਼ਾ ਰਿਹਾ। ਪੇਸ਼ਾਵਰ ਦੀ ਘਟਨਾਵਾਂ ਇਸ ਲਈ ਵੀ ਕਾਫੀ ਮਹੱਤਵਪੂਰਨ ਸਨ ਕਿ ਗੜਵਾਲ ਰੈਜੀਮੈਂਟ ਦੇ ਸਿਪਾਹੀਆਂ ਨੇ ਨਿਹੱਥੀ ਭੀੜ ਉਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿਤਾ ਸੀ।

ਹੌਲੀ-ਹੌਲੀ ਇਹ ਗੱਲ ਸਾਫ ਹੁੰਦੀ ਜਾ ਰਹੀ ਸੀ ਕਿ ਸਰਕਾਰ ਦੁਆਰਾ ਖੇਡਿਆ ਗਿਆ ਜੂਆ ਉਸ ਲਈ ਫਾਇਦੇਮੰਦ ਨਹੀਂ ਹੋਇਆ। ਸਰਕਾਰ ਨੇ ਸੋਚਿਆ ਸੀ ਕਿ ਜੇਕਰ ਅੰਦੋਲਨ ਵਿਚ ਹਸਤਖੇਪ ਨਾ ਕੀਤਾ ਗਿਆ ਤਾਂ ਇਹ ਆਪਣੇ ਆਪ ਟਾਂਏ ਟਾਂਏ ਫਿਸ ਹੋ ਜਾਏਗਾ ਅਤੇ ਗਾਂਧੀ ਜੀ ਦੀ ਨਮਕ ਦੀ ਰਣਨੀਤੀ ਦਾ ਕੋਈ ਨਤੀਜਾ ਨਹੀਂ ਨਿਕਲੇਗਾ। ਸਰਕਾਰ ਨੂੰ ਪਤਾ ਹੀ ਨਹੀਂ ਸੀ ਕਿ ਇਸ ਅੰਦੋਲਨ ਦੇ ਪ੍ਰਤੀ ਉਹ ਕੀ ਰਸਤਾ ਅਪਣਾਏ ਅਤੇ ਜਿਵੇਂ ਕਿ ਗਾਂਧੀ ਜੀ ਨੇ ਅੰਦਾਜਾ ਲਾਇਆ ਸੀ, ਸਰਕਾਰ "ਭਰਮਿਤ ਅਤੇ ਹੈਰਾਨ" ਰਹਿ ਗਈ ਸੀ। ਸਰਕਾਰ ਜਿਸ ਦੁਵਿਧਾ ਵਿਚ ਫਸੀ ਸੀ, ਉਸਨੂੰ ਉਸ ਦੁਬਿਧਾ ਵਿਚ ਪਾਉਣ ਲਈ ਹੀ ਗਾਂਧੀ ਜੀ ਨੇ ਅਹਿੰਸਾਤਮਕ ਤਰੀਕੇ ਦੇ ਸਵਿਨੇਅ ਅਵਗਿਆ ਅੰਦੋਲਨ ਦੀ ਰਣਨੀਤੀ ਬਣਾਈ ਸੀ। ਸਰਕਾਰ ਜਬਰਦਸਤ ਸੰਕਟ ਵਿਚ ਸੀ, "ਇਸਨੂੰ ਦਬਾਉਣ ਵਿਚ ਸੰਕਟ ਅਤੇ ਨਾ ਦਬਾਉਣ ਵਿਚ ਵੀ ਸੰਕਟ, ਯਾਨੀ ਕਿ ਜੇਕਰ ਸਰਕਾਰ ਇਸ ਅੰਦੋਲਨ ਨੂੰ ਨਹੀਂ ਦਬਾਉਂਦੀ ਤਾਂ ਖੁਲੇਆਮ ਉਸਦੇ ਕਾਨੂੰਨ ਦੀ ਧੱਜੀਆਂ ਉੜ ਜਾਂਦੀਆਂ ਹਨ, ਇਸ ਨਾਲ ਪ੍ਰਸ਼ਾਸਨ ਦੀ ਤਾਕਤ ਕਮਜ਼ੋਰ ਹੁੰਦੀ ਹੈ ਅਤੇ ਜਨਤਾ ਉਤੇ ਪਕੜ ਢਿਲੀ ਹੁੰਦੀ ਹੈ। ਪਰੰਤੂ ਜੇਕਰ ਸਰਕਾਰ ਇਸਦਾ ਦਮਨ ਕਰਦੀ ਹੈ ਤਾਂ ਲੋਕਾਂ ਦੀ ਨਿਗਾਹ ਵਿਚ ਇਸਦੀ ਇਕ ਨਿਰਸ਼ੰਸ ਅਤੇ ਜਨ-ਵਿਰੋਧੀ ਸਰਕਾਰ ਦੀ ਛਵੀ ਬਣਦੀ ਹੈ, ਐਸੀ ਸਰਕਾਰ ਜਿਸਨੇ ਸ਼ਾਂਤੀਪੂਰਨ ਅੰਦੋਲਨ ਨੂੰ ਦਬਾਉਣ ਲਈ ਹਿੰਸਕ ਤਰੀਕਾ ਅਖਤਿਆਰ ਕੀਤਾ ਹੈ। ਜੇਕਰ ਅਸੀਂ ਕੁਝ ਜ਼ਿਆਦਾ ਕਹੀਏ ਤਾਂ ਕਾਂਗਰਸ ਚੀਖ ਕੇ ਕਹੇਗੀ 'ਦਮਨ ਹੋ ਰਿਹਾ ਹੈ', ਅਤੇ ਜੇਕਰ ਅਸੀਂ ਨਾਮਮਾਤਰ ਦਾ ਪ੍ਰਤੀਰੋਧ ਕਰੀਏ ਤਾਂ ਕਾਂਗਰਸ ਕਹੇਗੀ-'ਅਸੀਂ ਜਿੱਤ ਗਏ' ਮਦਰਾਸ ਦੇ ਇਕ ਸਰਕਾਰੀ ਅਧਿਕਾਰੀ ਨੇ 1930 ਵਿਚ ਆਪਣੀ ਦੁਵਿਧਾਗ੍ਰਸਤ ਸਥਿਤੀ ਨੂੰ ਵਿਅਕਤ ਕਰਦੇ ਹੋਏ ਇਹ ਗਲ ਕਹੀ ਸੀ। ਦੋਵਾਂ ਹੀ ਸਥਿਤੀਆਂ ਵਿਚ ਬ੍ਰਿਟਿਸ਼ ਸਰਕਾਰ ਦੇ ਪ੍ਰਭੁਤਵ ਨੂੰ ਧੱਕਾ ਲਗਣਾ ਸੀ।

ਤੇਜੀ ਨਾਲ ਫੈਲਦੇ ਹੋਏ ਅੰਦੋਲਨ ਦੇ ਕਾਰਨ ਸਰਕਾਰ ਨੂੰ ਆਪਣੇ ਚਿਹਰੇ ਉਤੇ ਪਈ ਪਰਜਾ-ਵਾਤਸਲਤਾ ਦਾ ਨਕਾਬ ਚੁਕਣਾ ਪਵੇਗਾ ਅਤੇ ਉਸਨੇ ਫੌਜ ਦਾ ਇਸਤੇਮਾਲ ਕੀਤਾ। ਅਧਿਕਾਰੀਆਂ, ਗਵਰਨਰਾਂ ਅਤੇ ਸੈਨਿਕ ਅਧਿਕਾਰੀਆਂ ਦੀ ਤਰਫੋਂ ਦਬਾਅ ਪੈਣ ਲਗੇ ਸੀ। ਅੰਤਤ: 4 ਮਈ ਨੂੰ ਵਾਇਸਰਾਏ ਨੇ ਆਦੇਸ਼ ਜਾਰੀ ਕੀਤਾ ਕਿ ਗਾਂਧੀ ਜੀ ਨੂੰ ਗਿਰਫਤਾਰ ਕੀਤਾ ਜਾਵੇ। ਗਾਂਧੀ ਜੀ ਨੇ ਐਲਾਨ ਕੀਤਾ ਸੀ ਕਿ 'ਧਰਾਸਨਾ ਨਮਕ ਨਿਰਮਾਣਸ਼ਾਲਾ' ਉਤੇ ਆਪਣੇ ਸਾਥੀਆਂ ਨੂੰ ਲੈ ਕੇ ਉਹ ਹਮਲਾ ਬੋਲਣਗੇ ਅਤੇ ਇਸ ਤਰ੍ਹਾਂ ਉਹ ਆਪਣਾ ਨਮਕ ਕਾਨੂੰਨ ਤੋੜਨ ਦਾ ਕੰਮ ਜਾਰੀ ਰਖਣਗੇ। ਇਸ ਪ੍ਰਕਾਰ ਪ੍ਰਸ਼ਾਸਨ ਨੂੰ ਮਜਬੂਰ ਹੋਣਾ ਪਿਆ ਪ੍ਰੰਤੂ ਗਿਰਫਤਾਰੀ ਦੇ ਸਮੇਂ ਦੀ ਚੋਣ ਬਹੁਤ ਗਲਤ ਸੀ। ਤਾਂ ਇਸ ਨਾਲ ਸਰਕਾਰ ਨੂੰ ਉਹ ਲਾਭ ਨਹੀਂ ਮਿਲਿਆ ਹੁੰਦਾ ਅਤੇ ਗਾਂਧੀ ਜੀ ਨੂੰ ਅੰਦੋਲਨ ਵਿਚ ਤੇਜ਼ੀ ਲਿਆਉਣ ਤੋਂ ਰੋਕ ਦਿਤਾ ਹੁੰਦਾ, ਨਾ ਇਸਨੂੰ ਸਰਕਾਰ ਦੀ ਇਸ ਨੀਤੀ ਨੂੰ ਸਫਲਤਾ ਮਿਲੀ ਕਿ ਇਹ ਤਾਂ ਆਪਣੇ ਆਪ ਹੀ ਖਤਮ ਹੋ ਜਾਏਗਾ। ਜਿਸਦਾ ਸਰਕਾਰ ਨੂੰ ਫਾਇਦਾ ਮਿਲੇਗਾ। ਅੰਦੋਲਨ ਵਿਚ ਤੇਜੀ ਆਉਣ ਤੋਂ ਬਾਅਦ ਨਤੀਜਾ ਉਲਟਾ ਹੋਇਆ ਅਤੇ ਇਸ ਨਾਲ ਗਤੀਵਿਧੀਆਂ ਵਿਚ ਹੋਰ ਤੇਜੀ ਆ ਗਈ। ਇਹ ਸਰਕਾਰ ਦੇ ਲਈ ਬੇਸ਼ੁਮਾਰ ਪਰੇਸ਼ਾਨੀਆਂ ਦਾ ਕਾਰਨ ਬਣਿਆ।

ਨੋਟ

ਗਾਂਧੀ ਜੀ ਦੀ ਗਿਰਫਤਾਰੀ ਦਾ ਲੋਕਾਂ ਨੇ ਜ਼ਬਰਦਸਤ ਵਿਰੋਧ ਕੀਤਾ। ਬੰਬਈ ਵਿਚ ਲੋਕਾਂ ਦੀ ਬਹੁਤ ਵਡੀ ਭੀੜ ਸੜਕਾਂ ਅਤੇ ਗਲੀਆਂ ਵਿਚ ਨਿਕਲ ਆਈ। ਇਹ ਭੀੜ ਇੰਨੀ ਜ਼ਿਆਦਾ ਸੀ ਕਿ ਪੁਲਿਸ ਨੂੰ ਪਿਛੇ ਹਟਣਾ ਪਿਆ। ਇਸ ਵਿਚ ਰੇਲਵੇ ਅਤੇ ਸੂਤੀ ਮਿਲਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਹਜ਼ਾਰਾਂ ਦੀ ਗਿਣਤੀ ਵਿਚ ਜਮਾ ਸੀ। ਕਪੜਾ ਵਪਾਰੀਆਂ ਨੇ ਛੇ ਦਿਨ ਦੀ ਹੜਤਾਲ ਰਖੀ। ਦਿੱਲੀ ਅਤੇ ਕਲਕੱਤਾ ਵਿਚ ਪੁਲਿਸ ਨਾਲ ਟਕਰਾਵ ਹੋਏ ਅਤੇ ਗੋਲੀ ਵੀ ਚਲੀ। ਪਰ ਮਹਾਰਾਸ਼ਟਰ ਦੇ ਸ਼ੋਲਾਪੁਰ ਨਗਰ ਵਿਚ ਇਸਦੀ ਪ੍ਰਕ੍ਰਿਆ ਸਭ ਤੋਂ ਉਗ੍ਰ ਸੀ। ਇਸ ਕਸਬੇ ਵਿਚ ਸੂਤੀ ਮਿਲ ਮਜ਼ਦੂਰਾਂ ਦੀ ਤਾਦਾਦ ਬਹੁਤ ਜ਼ਿਆਦਾ ਸੀ। 7 ਮਈ ਤੋਂ ਉਹ ਹੜਤਾਲ ਤੇ ਚਲੇ ਗਏ ਅਤੇ ਕਸਬੇ ਦੇ ਹੋਰ ਨਾਗਰਿਕਾਂ ਦੇ ਨਾਲ ਮਿਲ ਕੇ ਉਨ੍ਹਾਂ ਲੋਕਾਂ ਨੇ ਸ਼ਰਾਬ ਦੀ ਦੁਕਾਨਾਂ ਜਲਾਈਆਂ ਤੇ ਉਨ੍ਹਾਂ ਸਾਰਿਆਂ ਪ੍ਰਤੀਸ਼ਠਾਨਾਂ ਉਤੇ ਹਮਲਾ ਕਰਨ ਲਈ ਨਿਕਲ ਪਏ ਜੋ ਸਰਕਾਰ ਦੀ ਸ਼ਕਤੀ ਦੇ ਪ੍ਰਤੀਕ ਸਨ ਯਾਨੀ ਰੇਲਵੇ ਸਟੇਸ਼ਨ ਅਤੇ ਨਗਰਪਾਲਿਕਾ ਦੇ ਭਵਨ ਆਦਿ। ਉਨ੍ਹਾਂ ਲੋਕਾਂ ਨੇ ਕਸਬੇ ਉਤੇ ਕਬਜਾ ਕਰ ਲਿਆ ਅਤੇ ਲਗਭਗ ਇਕ ਸਮਨਾਂਤਰ ਸਰਕਾਰ ਕਾਇਕ ਕਰ ਲਈ ਤੇ 16 ਮਈ ਨੂੰ ਮਾਰਸ਼ਲ ਲਾ ਲਾਗੂ ਕਰਨ ਤੋਂ ਬਾਅਦ ਹੀ ਇਸਨੂੰ ਖਤਮ ਕੀਤਾ ਜਾ ਸਕਿਆ ਸੀ।

ਟਾਸਕ ਲਾਲ ਕੁਰਤੀ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ?

21 ਮਈ ਨੂੰ ਸਰੋਜਿਨੀ ਨਾਇਡੂ (ਜਿਨ੍ਹਾਂ ਨੂੰ ਅਖਿਲ ਭਾਰਤੀ ਕਾਂਗਰਸ ਦੀ ਪਹਿਲੀ ਮਹਿਲਾ ਮੁਖੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਸੀ), ਗਾਂਧੀ ਜੀ ਦੇ ਅਫਰੀਕਾ ਸੰਘਰਸ਼ ਦੇ ਦਿਨਾਂ ਵਿਚ ਦੋਸਤ ਇਮਾਮ ਸਾਹਿਬ ਤੇ ਗਾਂਧੀਜੀ ਦੇ ਪੁੱਤਰ ਮਣੀਲਾਲ 2000 ਕਾਰਜਕਰਤਾਵਾਂ ਨੂੰ ਆਪਦੇ ਨਾਲ ਲੈ ਕੇ ਇਨ੍ਹਾਂ ਦੀ ਅਗਵਾਈ ਕਰਦੇ ਹੋਏ ਉਸ ਘੇਰੇ ਦੀ ਤਰਫ ਦ੍ਰਿੜਤਾਪੂਰਬਕ ਵਧੇ ਜਾ ਧਰਾਸਨਾ ਨਮਕ ਕਾਰਖਾਨੇ ਦੀ ਰਖਿਆ ਲਈ ਬਣਾਇਆ ਗਿਆ ਸੀ। ਜਿਵੇਂ ਹੀ ਉਹ ਨਜਦੀਕ ਪਹੁੰਚੇ ਉਵੇਂ ਹੀ ਲੋਹੇ ਦੀ ਮੁਠਵਾਲੀ ਲਾਠੀ ਲੈ ਕੇ ਪੁਲਿਸ ਅਗੇ ਵਧੀ ਅਤੇ ਨਿਹੱਥੇ ਸਤਿਆਗ੍ਰਹੀਆਂ ਉਤੇ ਤਕ ਤਕ ਲਾਠੀ ਚਲਾਉਂਦੀ ਰਹੀ ਜਦ ਤਕ ਕਿ ਫੱਟੜ ਹੋਕੇ ਉਹ ਜ਼ਮੀਨ ਤੇ ਨਹੀਂ ਡਿਗ ਨਹੀਂ ਪਏ। ਫੱਟੜਾਂ ਨੂੰ ਉਥੋਂ ਹਟਾਉਣ ਦਾ ਕੰਮ ਉਨ੍ਹਾਂ ਦੇ ਹੋਰ ਸਤਿਆਗ੍ਰਹੀ ਸਾਥੀਆਂ ਨੇ ਕੀਤਾ ਅਤੇ ਉਨ੍ਹਾਂ ਦੀ ਜਗਾਹ ਦੂਜਾ ਜੱਥਾ ਅਗੇ ਵਧਿਆ। ਉਨ੍ਹਾਂ ਨਾਂਲ ਵੀ ਉਹੀ ਹੋਇਆ ਤੇ ਇਹੀ ਕ੍ਰਮ ਅਗੇ ਤਕ ਜਾਰੀ ਰਿਹਾ। ਇਸੀ ਤਰ੍ਹਾਂ ਜੱਥਾ ਅਗੇ ਵਧਦਾ ਰਿਹਾ। ਥੋੜੇ ਸਮੇਂ ਬਾਅਦ ਉਸ ਘੇਰੇ ਨੂੰ ਤੋੜਨ ਦੀ ਬਜਾਏ ਲੋਕ ਰਸਤੇ ਵਿਚ ਬੈਠ ਜਾਂਦੇ ਸੀ ਤੇ ਪੁਲਿਸ ਦੀ ਲਾਠੀਆਂ ਦਾ ਇੰਤਜਾਰ ਕਰਦੇ ਸੀ। ਰਖਿਆ ਲਈ ਕਿਸੇ ਨੇ ਆਪਣਾ ਹੱਥ ਤਕ ਨਹੀਂ ਚੁਕਿਆ। 11 ਵਜੇ ਦੁਪਹਿਰ ਤਕ, ਜਦਕਿ ਛਾਂ ਵਿਚ ਤਾਪਮਾਨ 46 ਫਾਰੇਨਹਾਈਟ ਸੀ, 320 ਲੋਕ ਫੱਟੜ ਹੋ ਚੁਕੇ ਸਨ ਤੇ ਦੋ ਲੋਕ ਆਪਣੀ ਜਾਨ ਗਵਾ ਚੁਕੇ ਸਨ। ਅਮਰੀਕੀ ਪੱਤਰਕਾਰ ਮਿਲਰ ਨੇ ਇਸਦਾ ਬਿਓਰਾ ਦਿਤਾ ਹੈ। ਉਸਦੇ ਬਿਓਰੇ ਵਿਚ ਭਾਰਤੀ ਰਾਸ਼ਟਰਵਾਦ ਦੀ ਖੁਸ਼ਬੂ ਹੈ ਜਿਸ ਨੂੰ ਕਈ ਦੇਸ਼ਾਂ ਤਕ ਪਹੁੰਚਾਇਆ ਸੀ ਅਤੇ ਉਸਦੇ ਦੁਆਰਾ ਸਤਿਆਗ੍ਰਹੀਆਂ ਦੀ ਬਹਾਦਰੀ ਪ੍ਰਦਰਸ਼ਨ ਦੇ ਲੇਖ ਨੇ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਸਪਸ਼ਟ ਕੀਤਾ ਕਿ ਅਹਿੰਸਾਤਮਕ ਪ੍ਰਤੀਰੋਧ ਕੋਈ ਕਾਇਰਾਂ ਦਾ ਕੰਮ ਨਹੀਂ ਹੈ। ਉਸਦੇ ਵਿਵਰਣ ਦਾ ਸੰਖੇਪ ਇਸ ਪ੍ਰਕਾਰ ਹੈ–

"ਵੀਹ-ਇਕ ਦੇਸ਼ਾਂ ਵਿਚ ਸਮਾਚਾਰ ਭੇਜਣ ਦੇ ਆਪਣੇ ਕਾਰਜਕਾਲ ਦੇ 18 ਸਾਲਾਂ ਦੇ ਦੌਰਾਨ ਮੈਂ ਅਸੰਖ ਨਾਗਰਿਕ ਵਿਦਰੋਹ ਦੇਖੇ ਹਨ, ਦੰਗੇ ਗਲੀ-ਕੂਚਿਆਂ ਵਿਚ ਮਾਰਕਾਟ ਤੇ ਵਿਦਰੋਹ ਦੇਖੇ ਹਨ, ਲੇਕਿਨ ਧਰਾਸਨਾ ਵਰਗਾ ਭਿਆਨਕ ਦ੍ਰਿਸ਼ ਆਪਣੇ ਜੀਵਨ ਵਿਚ ਕਦੀ ਨਹੀਂ ਦੇਖਿਆ ਹੈ।"

ਨਮਕ ਸਤਿਆਗ੍ਰਹਿ ਦੇ ਨਵੇਂ ਰੂਪ ਨੂੰ ਜਨਤਾ ਨੇ ਬੜੇ ਉਤਸਾਹ ਨਾਲ ਅਪਨਾ ਲਿਆ ਅਤੇ ਦੇਖਦੇ-ਦੇਖਦੇ ਇਹ ਜਨ ਅੰਦੋਲਨ ਵਿਚ ਬਦਲ ਗਿਆ। ਬੰਬਈ ਦੇ ਬਾਹਰੀ ਕਿਨਾਰੇ ਉਤੇ ਸਥਿਤ ਬੜਾਲਾ ਵਿਚ ਨਮਕ ਦੇ ਕਾਰਖਾਨਿਆਂ ਉਤੇ ਹਮਲਾ ਬੋਲਿਆ ਗਿਆ। 1 ਜੂਨ ਨੂੰ 15,000 ਲੋਕਾਂ ਦੀ ਭੀੜ ਨੇ ਸਾਮੂਹਿਕ ਕਾਰਵਾਹੀ ਕਰ ਦਿਤੀ, ਇਹ ਕਾਰਵਾਹੀ ਪੂਰਬਵਰਤੀ ਕਾਰਜ ਦੀ ਪਹਿਣਤੀ ਸੀ। ਇਹ ਲੋਕ ਬਹਾਦੁਰੀ ਨਾਲ ਪੁਲਿਸ ਨੂੰ ਚੁਣੋਤੀ ਦਿੰਦੇ ਹੋਏ ਘੇਰਾ ਤੋੜ ਕੇ ਉਥੋਂ ਨਮਕ ਲੈ ਗਏ। ਕਰਨਾਟਕ ਵਿਚ 10,000 ਲੋਕਾਂ ਨੇ ਸੈਨੀਕੱਰਟਾ ਨਮਕ ਕਾਰਖਾਨੇ ਉਤੇ ਹਮਲਾ ਬੋਲਿਆ ਅਤੇ ਲਾਠੀਆਂ ਤੇ ਗੋਲੀਅ ਖਾਧੀਆਂ। ਮਦਰਾਸ ਵਿਚ ਨਮਕ ਕਾਨੂੰਨ ਤੋੜਣ ਦੇ ਕਾਰਨ ਜਨਤਾ ਤੇ ਪੁਲਿਸ ਵਿਚ ਟਕਰਾਅ ਹੋਏ ਅਤੇ 23 ਅਪ੍ਰੈਲ ਨੂੰ ਸਮੁੰਦਰ ਦੇ ਕਿਨਾਰੇ ਵਿਰੋਧ ਜਤਾਉਣ ਲਈ ਜਨਸਭਾ ਆਯੋਜਿਤ ਕੀਤੀ ਗਈ। ਇਸ ਪ੍ਰਦਰਸ਼ਨ ਵਿਚ ਜਨਤਾ ਨੂੰ ਆਸੇ-ਪਾਸੇ ਕਰਨ ਦੇ ਲਈ ਪੁਲਿਸ ਨੇ ਲਾਠੀਆਂ ਤੇ ਗੋਲੀਆਂ ਦਾ ਇਸਤੇਮਾਲ ਕੀਤਾ ਸੀ ਤੇ ਤਿੰ ਲੋਕਾਂ ਦੀ ਮੌਤ ਹੋ ਗਈ ਸੀ। ਇਸ ਘਟਨਾ ਨਾਲ ਪੂਰਾ ਸ਼ਹਿਰ ਦੋ ਹਿਸਿਆਂ ਵਿਚ ਵੰਡ ਗਿਆ। ਇਥੋਂ ਤਕ ਕਿ ਉਦਾਰ ਤੋਂ ਉਦਾਰ ਵਿਅਕਤੀ ਨੇ ਵੀ ਇਸ ਦੀ ਨਿੰਦਾ ਕੀਤੀ ਤੇ ਉਹ ਰਾਸ਼ਟਰਵਾਦੀ ਕਾਂਗਰਸੀਆਂ ਦਾ ਸਮਰਥਰਕ ਬਣ ਗਿਆ। ਆਂਧਰ ਪ੍ਰਦੇਸ਼ ਵਿਚ ਔਰਤਾਂ ਦੇ ਜੱਥੇ ਮੀਲਾਂ ਚਲ ਕੇ ਨਮਕ ਕਾਨੂੰਨ ਨੂੰ ਚੁਣੋਤੀ ਦੇਣ ਪਹੁੰਚੇ ਸੀ ਅਤੇ ਬੰਗਾਲ ਵਿਚ ਪੁਰਾਣੇ ਗਾਂਧੀਵਾਦੀ ਆਸ਼ਰਮਾਂ ਵਿਚ ਨਗਰਾਂ ਤੋਂ ਬਹੁਤ ਗਿਣਤੀ ਵਿਚ ਸਵੈਮਸੇਵਕਾਂ ਦੇ ਆਉਣ ਨਾਲ ਫਿਰ ਤੋਂ ਜਾ ਆ ਗਈ। ਇਸ ਨਾਲ ਮਿਦਨਾਂਪੁਰ ਦੇ ਇਲਾਕੇ ਵਿਚ ਨਮਕ ਸਤਿਆਗ੍ਰਹਿ ਕਾਫੀ ਸਮੇਂ ਤਕ ਚਲਦਾ ਰਿਹਾ। ਇਸਦੇ ਨਾਲ ਦੂਜੇ ਇਲਾਕਿਆਂ ਵਿਚ ਵੀ ਨਮਕ ਸਤਿਗ੍ਰਹਿ ਚਲਾਇਆ ਗਿਆ। ਉੜੀਸਾ ਵਿਚ ਬਾਲਾਸੋਰ, ਪੁਰੀ ਅਤੇ ਕਟਕ ਜ਼ਿਲੇ ਗੈਰਕਾਨੂੰਨੀ ਤੌਰ ਉਤੇ ਨਮਕ ਨਿਰਮਾਣ ਦੇ ਮੁੱਖ ਕੇਂਦਰ ਬਣੇ ਰਹੇ।

ਇਸ ਦੌਰ ਵਿਚ ਰਾਜਸੱਤਾ ਨੂੰ ਦਿਤੀ ਜਾਣ ਵਾਲੀ ਅਨੇਕ ਪ੍ਰਕਾਰ ਦੀਆਂ ਚੁਣੋਤੀਆਂ ਨੂੰ ਵਾਧਾ ਦੇਣ ਲਈ 'ਨਮਕ ਸਤਿਆਗ੍ਰਹਿ' ਨੇ ਆਰੰਭ ਵਿਚ ਉਤਪ੍ਰੇਰਕ ਦਾ ਕੰਮ ਕੀਤਾ। ਗਿਰਫਤਾਰੀ ਦੇ ਪਹਿਲੇ ਹੀ ਗਾਂਧੀਜੀ ਨੇ ਜੋਰਦਾਰ ਤਰੀਕਿਆਂ ਨਾਲ ਵਿਦੇਸ਼ੀ ਕਪੜਿਆਂ ਤੇ ਸ਼ਰਾਬ ਦੇ ਬਹਿਸ਼ਕਾਰ ਦੀ ਬੇਨਤੀ ਕੀਤੀ ਸੀ। ਉਨ੍ਹਾਂ ਨੇ ਔਰਤਾਂ ਨੂੰ ਵਿਸ਼ੇਸ਼ ਰੂਪ ਚ ਇਸ ਵਿਚ ਅਗੇ ਹੋਕੇ ਭੂਮਿਕਾ ਨਿਭਾਉਣ ਲਈ ਕਿਹਾ ਸੀ। ਗਾਂਧੀਜੀ ਨੇ ਇਕ ਵਾਰ ਕਿਹਾ ਸੀ, "ਔਰਤਾਂ ਨੂੰ ਕਮਜ਼ੋਰ ਕਹਿਣਾ ਉਨ੍ਹਾਂ ਦਾ ਅਪਮਾਨ ਹੈ ਇਹ ਮਰਦਾਂ ਦਾ ਔਰਤਾਂ ਦੇ ਪ੍ਰਤੀ ਅਨਿਆਂ ਹੈ।" 1930 ਵਿਚ ਭਾਰਤ ਦੀ ਔਰਤਾਂ ਨੇ ਵਿਸ਼ੇਸ਼ ਰੂਪ ਵਿਚ ਇਹ ਦਿਖਾ ਦਿਤਾ ਕਿ ਉਹ ਸ਼ਕਤੀ ਤੇ ਸਾਮਰਥ ਵਿਚ ਕਿਸੇ ਤੋਂ ਘਟ ਨਹੀਂ ਹਨ। ਜੋ ਔਰਤਾਂ ਇਕੱਲੇ ਕਦੀ ਆਪਣੀ ਦੇਹਰੀ ਤੋਂ ਬਾਹਰ ਨਹੀਂ ਨਿਕਲੀ ਸੀ, ਜੋ ਪਰਦੇ ਵਿਚ ਰਹੀ ਸੀ, ਉਹ ਨੌਜਵਾਨ ਮਾਤਾਵਾਂ ਅਤੇ ਵਿਧਵਾਵਾਂ ਤੇ ਅਣਵਿਆਹੀਆਂ ਲੜਕੀਆਂ ਅਕਸਰ ਸਵੇਰੇ ਤੋਂ ਲੈ ਕੇ ਸ਼ਾਮ ਤਕ ਸ਼ਰਾਬ ਦੀ ਦੁਕਾਨਾਂ ਦੇ ਸਾਹਮਣੇ ਅਤੇ ਵਿਦੇਸ਼ੀ ਕਪੜਿਆਂ ਦੀ ਦੁਕਾਨਾਂ ਤੇ ਨਸ਼ੀਲੇ ਪਦਾਰਥਾਂ ਦੀ ਦੁਕਾਨਾਂ ਦੇ ਅਗੇ ਧਰਨਾ ਦਿੰਦੇ ਨਜਰ ਆਉਂਦੀਆਂ ਸਨ। ਉਸ ਸਮੇਂ ਇਹ ਦ੍ਰਿਸ਼ ਬਹੁਤ ਆਮ ਸੀ। ਉਹ ਚੁਪਚਾਪ ਲੇਕਿਨ ਦ੍ਰਿੜਤਾਪੂਰਬਕ ਲੋਕਾਂ ਨੂੰ (ਗ੍ਰਾਹਕਾਂ ਨੂੰ) ਬੇਨਤੀ ਕਰਦੀਆ ਸਨ, ਕਿ ਉਹ ਆਪਣਾ ਦ੍ਰਿਸ਼ਟੀਕੋਣ ਬਦਲਣ।

ਵਿਦੇਸ਼ੀ ਕਪੜਿਆਂ ਅਤੇ ਸ਼ਰਾਬ ਦੇ ਬਹਿਸ਼ਕਾਰ ਵਿਚ ਵਿਦਿਆਰਥੀਆਂ ਤੇ ਨੌਜਵਾਨਾਂ ਦੀ ਭੂਮਿਕਾ ਵੀ ਕਾਫੀ ਮਹੱਤਵਪੂਰਨ ਸੀ। ਉਦਾਹਰਨ ਲਈ ਬੰਬਈ ਵਿਚ ਕੰਮ-ਕਾਰ ਵਾਲੇ ਇਲਾਕਿਆਂ ਵਿਚ ਨਿਅਮਿਤ ਰੂਪ ਵਿਚ ਕਾਂਗਰਸ ਦੇ ਸੰਤਰੀਆਂ ਨੂੰ ਨਿਯੁਕਤ ਕੀਤਾ ਜਾਂਦਾ ਸੀ ਕਿ ਉਹ ਦੇਖਣ ਕਿ ਕੋਈ ਵੀ ਵਿਉਪਾਰੀ ਜਾਂ ਵਿਕ੍ਰੇਤਾ ਵਿਦੇਸ਼ੀ ਸਮਾਨ ਦੇ ਬਹਿਸ਼ਕਾਰ ਦੇ ਸਤਿਆਗ੍ਰਹਿ ਦਾ ਉਲੰਘਣਾ ਨਾ ਕਰੇ। ਇਸ ਬਹਿਸ਼ਕਾਰ ਨੂੰ ਕ੍ਰਿਆਸ਼ੀਲ ਕਰਨ ਵਿਚ ਵਿਉਪਾਰੀਆਂ ਦੇ ਸੰਗਠਨ ਖੁਦ ਵੀ ਕਾਫੀ ਕਾਰਜਸ਼ੀਲ ਸਨ। ਕਈ ਮਿਲਮਾਲਕਾਂ ਨੇ ਵਿਦੇਸ਼ੀ ਧਾਗੇ ਦਾ ਇਸਤੇਮਾਲ ਬੰਦ ਕਰ ਦਿਤਾ ਅਤੇ ਕਸਮ ਖਾਧੀ ਕਿ ਉਹ ਕੋਈ ਐਸਾ ਮੋਟਾ ਕਪੜਾ ਨਹੀਂ ਬਣਾਉਣਗੇ ਜਿਸਦੀ ਸਪਰਧਾ ਖਾਦੀ ਨਾਲ ਹੋਵੇ। ਜਿਨ੍ਹਾਂ ਲੋਕਾਂ ਨੇ ਇਸਦਾ ਉਲੰਘਣ ਕੀਤਾ, ਉਸ ਉਤੇ ਸੰਘ/ਸੰਗਠਨ ਦੀ ਤਰਫੋਂ ਦੰਡ ਲਗਾਏ ਗਏ, ਉਨ੍ਹਾਂ ਦਾ ਸਮਾਜਕ ਬਹਿਸ਼ਕਾਰ ਕੀਤਾ ਗਿਆ। ਕਾਂਗਰਸ ਨੇ ਉਨ੍ਹਾਂ ਨੂੰ 'ਕਾਲੀ ਸੂਚੀ' ਵਿਚ ਰਖਿਆ ਅਤੇ ਉਨ੍ਹਾਂ ਦੀਆਂ ਦੁਕਾਨਾਂ ਦੇ ਸਾਹਮਦੇ ਧਰਨੇ ਦਿਤੇ ਗਏ। ਸ਼ਰਾਬ ਦੇ ਬਹਿਸ਼ਕਾਰ ਦੇ ਕਾਰਨ ਆਬਕਾਰੀ ਸ਼ੁਲਕ ਘਟ ਹੋ ਗਿਆ। ਇਸ ਨਾਲ ਸਰਕਾਰੀ ਰਾਜਸਵ ਨੂੰ ਕਾਫੀ ਨੁਕਸਾਨ ਹੋਇਆ। ਇਸ ਅੰਦੋਲਨ ਨੇ ਇਕ ਤਰ੍ਹਾਂ ਤਾਂ ਜਨ ਅੰਦੋਲਨ ਦਾ ਰੂਪ ਗ੍ਰਹਿਣ ਕੀਤਾ ਅਤੇ ਤਾੜੀ ਦੇ ਦਰਖਤਾਂ ਦਾ ਸਿਰ ਲੋਕਾਂ ਨੇ ਕਟ ਸੁਟਿਆ।

ਸ਼ਰਾਬ ਅਤੇ ਨਸ਼ੀਲੀ ਚੀਜ਼ਾ ਦੇ ਬਹਿਸ਼ਕਾਰ ਦਾ ਕਾਰਨ ਭਾਰਤੀ ਜਨਤਾ ਦੇ ਵਿਚ ਉਹ ਲੋਕਪ੍ਰਿਅ ਪਰੰਪਰਾ ਸੀ ਜਿਸ ਵਿਚ ਮਦਿਰਾ ਨਾ ਪੀਣ ਨੂੰ ਗੁਣ ਮੰਨਿਆਂ ਜਾਂਦਾ ਸੀ ਅਤੇ ਉਸ ਵਿਅਕਤੀ ਨੂੰ ਸਨਮਾਨ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਸੀ। ਇਸ ਪਰੰਪਰਾ ਦੀ ਡੂੰਘੀਆਂ ਜੜਾਂ ਨੂੰ ਇਸ ਤਥ ਨਾਲ ਸਮਝਿਆ ਜਾ ਸਕਦਾ ਹੈ ਕਿ ਜੋ ਵੀ ਨੀਵੀਂ ਜਾਤ ਦੇ ਲੋਕ ਜਾਤੀਗਤ ਸੋਪਾਨ ਵਿਚ ਉਤੇ ਉਠਦਾ ਚਾਹੁੰਦੇ ਹਨ ਤਾਂ ਸ਼ਰਾਬ ਛਡ ਕੇ ਉਚੀ ਜਾਤ ਦੇ ਹੋਣ ਦੀ ਹੈਸੀਅਤ ਕਾਇਮ ਕਰਨ ਦੀ ਕੋਸ਼ਿਸ਼ ਕਰਦੇ ਹਨ। ਮਾਸ ਖਾਣਾ ਵੀ ਛਡ ਦਿੰਦੇ ਹਨ।

ਟੈਕਸ ਨਾ ਅਦਾ ਕਰਨ ਦੇ ਅਭਿਆਨ ਦਾ ਮੁਖ ਸਥਾਨ ਪੂਰਬੀ ਭਾਰਤ ਸੀ ਜਿਥੇ ਚੌਕੀਦਾਰਾਂ ਲਈ ਟੈਕਸ ਅਦਾ ਕਰਨ ਤੋਂ ਲੋਕਾਂ ਨੂੰ ਮਨਾ ਕਰ ਦਿਤਾ। ਖਾਸ ਤੌਰ ਤੇ ਪਿੰਡਾਂ ਤੋਂ ਜੋ ਟੈਕਸ ਦਿਤਾ ਗਿਆ ਸੀ ਉਸਦਾ ਇਕ ਹਿੱਸਾ ਚੌਕੀਦਾਰਾਂ ਲਈ ਹੋਇਆ ਕਰਦਾ ਸੀ। ਚੌਕੀਦਾਰ ਪਿੰਡ ਦੇ ਰਖਿਅਕ ਹੁੰਦੇ ਸਨ ਅਤੇ ਪੁਲਿਸ ਬਲ ਦੀ ਛੋਟੀ ਇਕਾਈ ਦੇ ਪੂਰਕ ਦੇ ਰੂਪ ਵਿਚ ਕੰਮ ਕਰਦੇ ਰਹਿੰਦੇ ਸਨ। ਪੂਰਬੀ ਖੇਤਰ ਵਿਚ ਇਨ੍ਹਾਂ ਦੀ ਮੁਖ ਭੂਮਿਕਾ ਸੀ। ਇਨ੍ਹਾਂ ਚੌਕੀਦਾਰਾਂ ਨਾਲ ਲੋਕ ਬਹੁਤ ਨਫਰਤ ਕਰਦੇ ਸਨ ਕਿਉਂਕਿ ਸਰਕਾਰ ਦੀ ਤਰਫੋਂ ਇਹ ਖੁਫੀਆਗਿਰੀ ਕਰਦੇ ਸਨ ਤੇ ਜ਼ਮੀਦਾਰਾਂ ਦੇ ਇਹ ਪਾਲਤੂ ਹੁੰਦੇ ਸਨ। ਇਸ ਟੈਕਸ ਦੇ ਖਿਲਾਫ ਅਤੇ ਚੌਕੀਦਾਰਾਂ ਤੇ ਚੌਕੀਦਾਰ ਪੰਚਾਇਤ ਦੇ ਪ੍ਰਭਾਵਸ਼ਾਲੀ ਮੈਂਬਰਾਂ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਜ਼ਬਰਦਸਤ ਅੰਦੋਲਨ ਚਲਾਇਆ ਗਿਆ। ਇਹ ਹੀ ਮੈਂਬਰ ਚੌਕੀਦਾਰਾਂ ਨੂੰ ਨਿਯੁਕਤ ਕਰਦੇ ਸਨ। ਇਸ ਅੰਦੋਲਨ ਦਾ ਸ਼੍ਰੀਗਣੇਸ਼ ਮਈ ਦੇ ਮਹੀਨੇ ਵਿਚ ਬਿਹਾਰ ਵਿਚ ਕੀਤਾ ਗਿਆ ਕਿਉਂਕਿ ਸਮੁੰਦਰ ਨਾ ਹੋਣ ਦੇ ਕਾਰਣ ਉਥੇ ਨਮਕ ਅੰਦੋਲਨ ਦੀ ਕੋਈ ਗੁੰਜਾਇਸ਼ ਨਹੀਂ ਸੀ। ਉਦਾਹਰਣ ਦੇ ਰੂਪ ਵਿਚ ਮੁੰਗੇਰ, ਭਾਗਲਪੁਰ ਅਤੇ ਸਾਰਨ ਜ਼ਿਲਿਆਂ ਵਿਚ ਟੈਕਸ ਅਦਾ ਕਰਨ ਤੋਂ ਲੋਕਾਂ ਨੂੰ ਮਨਾ ਕਰ ਦਿਤਾ ਗਿਆ ਤੇ ਚੌਕੀਦਾਰਾਂ ਨੂੰ ਤਿਆਗ-ਪੱਤਰ ਦੇਣ ਲਈ ਪ੍ਰੇਰਿਤ ਕੀਤਾ ਗਿਆ। ਜਿਨ੍ਹਾਂ ਲੋਕਾਂ ਨੇ ਕੋਈ ਆਨਾਕਾਨੀ ਕੀਤੀ ਜਾਂ ਪ੍ਰਤੀਰੋਧ ਜਤਾਇਆ, ਉਨ੍ਹਾਂ ਦਾ ਸਮਾਜਿਕ ਬਹਿਸ਼ਕਾਰ ਕੀਤਾ ਗਿਆ। ਸਰਕਾਰ ਨੇ ਕੁਝ ਰੁਪਇਆਂ ਦੇ ਬਦਲੇ ਸੈਂਕੜੇ ਹਜ਼ਾਰਾਂ ਦੀ ਸੰਪਤੀ ਜ਼ਬਤ ਕਰਕੇ ਇਸਦਾ ਬਦਲਾ ਲਿਆ। ਲੋਕਾਂ ਨੂੰ ਮਾਰਿਆ-ਕੁਟਿਆ ਗਿਆ, ਤਸੀਹੇ ਦਿਤੇ ਗਏ। ਮਾਮਲਾ ਤਦੋਂ ਆਪਣੀ ਚਰਮ ਸੀਮਾ ਉਤੇ ਪਹੁੰਚਿਆ ਜਦ 31 ਮਈ ਨੂੰ ਭਾਗਲਪੁਰ ਜ਼ਿਲੇ ਦੇ ਬਿਹਪੁਰ ਪਿੰਡ ਵਿਚ ਆਪਣੇ ਖਤਮ ਹੁੰਦੇ ਹੋਏ ਪ੍ਰਭਾਵ ਨੂੰ ਦੁਬਾਰਾ ਪ੍ਰਤੀਸ਼ਠਿਤ ਕਰਨ ਦੇ ਲਈ ਪੁਲਿਸ ਨੇ ਕਾਂਗਰਸ ਆਸ਼ਰਮ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਖੇਤਰ ਵਿਚ ਰਾਸ਼ਟਰਵਾਦੀ ਗਤੀਵਿਧੀਆਂ ਦਾ ਇਹ ਮੁਖਿਆਲਾ ਸੀ। ਆਸ਼ਰਮ ਉਤੇ ਪੁਲਿਸ ਦੇ ਕਬਜ਼ਾ ਕਰਨ ਦੇ ਰੋਜ਼-ਰੋਜ਼ ਆਸ਼ਰਮ ਦੇ ਬਾਹਰ ਪ੍ਰਦਰਸ਼ਨ ਹੋਣੇ ਆਰੰਭ ਹੋ ਗਏ। ਪਟਨਾ ਤੋਂ ਰਾਜੇਂਦਰਪ੍ਰਸਾਦ ਅਤੇ ਅਬਦੁਲ ਬਾਰੀ ਜਦ ਉਥੇ ਦੌਰੇ ਤੇ ਗਏ ਤਾਂ ਇਕ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਨੂੰ ਤੋੜਣ ਲਈ ਪੁਲਿਸ ਨੇ ਲਾਠੀਆਂ ਦਾ ਇਸਤੇਮਾਲ ਕੀਤਾ। ਹੋਰ ਲੋਕਾਂ ਦੇ ਨਾਲ ਰਾਜੇਂਦਰ ਪ੍ਰਸਾਦ ਨੂੰ ਵੀ ਸੱਟਾਂ ਲਗੀਆਂ। ਹੋਰ ਜਗਾਹ ਦੀ ਤਰਾਂ ਇਥੇ ਵੀ ਦਮਨ ਦੇ ਕਾਰਨ ਰਾਸ਼ਟਰਵਾਦੀ ਗਤੀਵਿਧੀਆਂ ਦੀ ਸ਼ਕਤੀ ਹੋਰ ਵਧ ਗਈ ਅਤੇ ਸਥਿਤੀ ਐਸੀ ਹੋ ਗਈ ਕਿ ਦੇਹਾਤੀ ਇਲਾਕਿਆਂ ਵਿਚ ਪੁਲਿਸ ਦਾ ਜਾਣਾ ਅਸੰਭਵ ਹੋ ਗਿਆ।

ਨੋਟ

ਬੰਗਾਲ ਵਿਚ ਮਾਨਸੂਨ ਚਾਲੂ ਹੋਣ ਦੇ ਨਮਕ ਬਣਾਉਣ ਵਿਚ ਦਿੱਕਤ ਆਈ ਇਸ ਲਈ ਅੰਦੋਲ ਨਮਕ ਤੋਂ ਹਟ ਕੇ ਚੌਕੀਦਾਰੀ ਅਤੇ ਯੂਨੀਅਨ ਬੋਰਡ ਵਿਰੋਧੀ ਅੰਦੋਲਨ ਵਿਚ ਬਦਲ ਗਿਆ। ਇਥੇ ਵੀ ਪਿੰਡਾਂ ਦੇ ਲੋਕਾਂ ਨੂੰ ਭਿਅੰਕਰ ਦਮਨ ਦਾ ਸਾਹਮਣਾ ਕਰਨਾ ਪਵੇਗਾ। ਹਜ਼ਾਰਾਂ ਦੀ ਸੰਪਤੀ ਜ਼ਬਤ ਕੀਤੀ ਗਈ ਜਾਂ ਨਸ਼ਟ ਕਰ ਦਿਤੀ ਗਈ। ਪੁਲਿਸ ਦੇ ਆਕ੍ਰੋਸ਼ ਤੋਂ ਬਚਣ ਲਈ ਲੋਕਾਂ ਨੂੰ ਭਜ ਕੇ ਜੰਗਲਾਂ ਵਿਚ ਵੀ ਛੁਪਣਾ ਪਿਆ।

ਗੁਜਰਾਤ ਵਿਚ ਖੇੜਾ ਜ਼ਿਲੇ ਵਿਚ, ਬਾਰਦੋਲੀ ਤਹਿਸੀਲ (ਸੂਰਤ ਜ਼ਿਲਾ) ਵਿਚ ਅਤੇ ਭੜੌਂਚ ਜ਼ਿਲੇ ਦੇ ਜੰਬੂਸਰ ਵਿਚ ਟੈਕਸ ਨਾ ਅਦਾ ਕਰਨ ਦਾ ਇਕ ਸਬਲ ਅੰਦੋਲਨ ਤੇਜ਼ੀ ਨਾਲ ਚਲਾਇਆ ਜਾ ਰਿਹਾ ਸੀ। ਇਥੇ ਲੋਕਾਂ ਨੈ ਭੂਮੀਕਰ (ਭੂਰਾਜਸਵ) ਅਦਾ ਕਰਨ ਤੋਂ ਇਨਕਾਰ ਕਰ ਦਿਤਾ ਸੀ। ਹਜ਼ਾਰਾਂ ਦੀ ਤਦਾਦ ਵਿਚ ਆਪਣੇ ਪਰਿਵਾਰ ਦੇ ਲੋਕਾਂ, ਮਵੇਸ਼ੀਆਂ ਤੇ ਘਰ ਦੀਆਂ ਚੀਜ਼ਾਂ ਲੈ ਕੇ ਪਿੰਡ ਦੇ ਲੋਕ ਬ੍ਰਿਟਿਸ਼ ਨਿਯੰਤਰਣ ਵਾਲੇ ਭਾਰਤ ਤੋਂ ਨਿਕਲ ਕੇ ਬੜੌਦਾ ਵਰਗੇ ਰਜਵਾੜੇ ਇਲਾਕੇ ਵਿਚ ਚਲੇ ਗਏ ਸੀ ਤੇ ਉਥੇ ਮਹੀਨਿਆਂ ਮੈਦਾਨਾਂ ਵਿਚ ਡੇਰਾ ਪਾਕੇ ਰਹੇ।

ਉਨ੍ਹਾਂ ਦੇ ਘਰਾਂ ਨੂੰ ਤੋੜਕੇ ਅਤੇ ਉਸ ਵਿਚ ਵੜ ਕੇ ਚੀਜ਼ਾਂ ਨਸ਼ਟ ਕਰ ਦਿਤੀ ਗਈਆਂ। ਪੁਲਿਸ ਨੇ ਤਾਂ ਸਰਦਾਰ ਵਲੱਭਭਾਈ ਪਟੇਲ ਦੀ 80 ਸਾਲ ਦੀ ਮਾਂ ਨੂੰ ਵੀ ਨਹੀਂ ਬਖਸ਼ਿਆ, ਜੋ ਕਰਮਸਾੜ ਦੇ ਆਪਣੇ ਪਿੰਡ ਦੇ ਮਕਾਨ ਵਿਚ ਬੈਠੀ ਖਾਣਾ ਪਕਾ ਰਹੀ ਸੀ। ਉਨ੍ਹਾਂ ਦੇ ਖਾਣਾ ਪਕਾਉਣ ਦੇ ਬਰਤਨਾਂ ਨੂੰ ਚੁਕ ਕੇ ਸੁਟ ਦਿਤਾ ਗਿਆ, ਉਨ੍ਹਾਂ ਵਿਚ ਕੰਕੜ-ਪੱਥਰ ਅਤੇ ਮਿੱਟੀ ਦਾ ਤੇਲ ਭਰ ਦਿਤਾ ਗਿਆ। 1930 ਦੇ ਦੌਰਾਨ ਵਲੱਭਭਾਈ ਪਟੇਲ ਜ਼ਿਆਦਾਤਰ ਸਮੇਂ ਵੇਲ ਵਿਚ ਰਹੇ ਕਿਸਾਨਾਂ ਨੂੰ ਲਗਾਤਾਰ ਭਰੋਸਾ ਦੁਵਾਉਂਦੇ ਤੇ ਉਤਸਾਹਤ ਕਰਦੇ ਰਹੇ। ਭਾਵੇਂ ਉਨ੍ਹਾਂ ਦੇ ਥੋੜੇ ਬਹੁਤ ਸਾਧਨ ਜਲਦੀ ਹੀ ਚੁਕ ਗਏ, ਉਨ੍ਹਾਂ ਦੇ ਮਨ ਵਿਚ ਹਾਰ ਘਰ ਕਰਨ ਲਗੀ ਲੇਕਿਨ ਹਾਰ ਨਾ ਮੰਨ ਕੇ ਉਹ ਜੰਗਲ ਵਿਚ ਡਟੇ ਰਹੇ। ਉਹ ਉਦੋਂ ਹੀ ਆਪਣੇ ਘਰਾਂ ਨੂੰ ਵਾਪਸ ਆਏ ਜਦ ਮਾਰਚ 1931 ਨੂੰ ਸ਼ਾਂਤੀ ਕਾਇਮ ਹੋ ਗਈ।

ਮਹਾਰਾਸ਼ਟਰ, ਕਰਨਾਟਕ ਅਤੇ ਮੱਧ ਭਾਰਤ ਵਿਚ ਵਨ ਨਿਅਮਾਂ ਦੇ ਉਲੰਘਣ ਦਾ ਅੰਦੋਲਨ ਵੀ ਵਿਸ਼ਾਲ ਜਨ ਅੰਦੋਲਨ ਦਾ ਰੂਪ ਲੈ ਚੁਕਿਆ ਸੀ। ਇਸ ਵਿਚ ਵਿਸ਼ੇਸ਼ ਰੂਪ ਵਿਚ ਉਹ ਖੇਤਰ ਸ਼ਾਮਲ ਸਨ ਜਿਨ੍ਹਾਂ ਵਿਚ ਜਨ-ਜਾਤੀਆਂ ਰਹਿੰਦੀਆਂ ਸਨ। ਉਪਨਿਵੇਸ਼ਵਾਦੀ ਸਰਕਾਰ ਨੇ ਜੰਗਲਾਂ ਦੇ ਉਪਯੋਗ ਤੇ ਸਖਤ ਪ੍ਰਤੀਬੰਧ ਲਗਾ ਰਖੇ ਸੀ ਅਤੇ ਉਨ੍ਹਾਂ ਪ੍ਰਤੀਬੰਧਾਂ ਤੋਂ ਇਹ ਲੋਕ ਬਹੁਤ ਜ਼ਿਆਦਾ ਪ੍ਰਭਾਵਿਤ ਸਨ। ਕੁਝ ਸਥਾਨਾਂ ਵਿਚ ਤਾਂ ਜੰਗਲ ਕਾਨੂੰਨ ਤੋੜਣ ਵਾਲੀ ਭੀੜ ਦਾ ਆਕਾਰ ਇੰਨਾ ਵਡਾ ਹੋ ਜਾਂਦਾ ਸੀ ਕਿ ਲੋਕਾਂ ਦੀ ਗਿਣਤੀ 70,000 ਤੋਂ ਵੀ ਜ਼ਿਆਦਾ ਹੋ ਜਾਇਆ ਕਰਦੀ ਸੀ।

ਅਸਮ ਵਿਚ ਕੁਖਿਆਤ "ਕਨਿੰਘਮ ਸਰਕੁਲਰ" ਦੇ ਵਿਰੋਧ ਵਿਚ ਵਿਦਿਆਰਥੀਆਂ ਦੀ ਅਗਵਾਈ ਵਿਚ ਇਕ ਸ਼ਕਤੀਸ਼ਾਲੀ ਅੰਦੋਲਨ ਚਲਾਇਆ ਗਿਆ ਸੀ ਜਿਸ ਵਿਚ ਵਿਦਿਆਰਥੀਆਂ ਅਤੇ ਅਭਿਭਾਵਕਾਂ ਨਾਲ ਸਦਵਿਉਹਾਰ ਦਾ ਪ੍ਰਮਾਣ-ਪੱਤਰ ਪ੍ਰਸਤੁਤ ਕਰਨ ਦੇ ਲਈ ਕਿਹਾ ਗਿਆ ਸੀ।

ਲਗਦਾ ਹੈ ਕਿ ਜਨਤਾ ਨੇ ਜਵਾਹਰਲਾਲ ਨਹਿਰੂ ਦੇ ਸੰਦੇਸ਼ ਨੂੰ ਹਿਰਦੇ ਨਾਲ ਧਾਰਨ ਕਰ ਲਿਆ ਸੀ। ਦਸੰਬਰ 1929 ਵਿਚ ਲਾਹੌਰ ਵਿਚ ਰਾਸ਼ਟਰੀ ਝੰਡਾ ਫਹਿਰਾਉਂਦੇ ਹੋਏ ਜਵਾਹਰਲਾਲ ਨਹਿਰ ਨੇ ਅਪਣੇ ਸੰਦੇਸ਼ ਵਿਚ ਕਿਹਾ ਸੀ-"ਇਕ ਵਾਰ ਫਿਰ ਤੁਹਾਨੂੰ ਯਾਦ ਰਖਣਾ ਹੈ ਕਿ ਹੁਣ ਇਹ ਝੰਡਾ ਫਹਿਰਾ ਦਿਤਾ ਗਿਆ, ਜਦ ਤਕ ਇਕ ਵੀ ਹਿੰਦੁਸਤਾਨੀ ਮਰਦ, ਔਰਤ ਜਾਂ ਬੱਚਾ ਜਿੰਦਾ ਹੈ, ਇਸ ਨੂੰ ਝੁਕਣਾ ਨਹੀਂ ਚਾਹੀਦਾ।" ਭਿਅੰਕਰ ਅਤੇ ਕਠਿਨ ਨਿਰਸ਼ੰਸਤਾ ਦੇ ਸਾਹਮਣੇ ਵੀ ਰਾਸ਼ਟਰੀ ਝੰਡੇ ਦੇ ਸਨਮਾਨ ਦੀ ਰਖਿਆ ਦੀ ਕੋਸ਼ਿਸ਼ ਬਹੁਤਧਾ ਵਚਿੱਤਰ ਪ੍ਰਕਾਰ ਦੀ ਬਹਾਦੁਰੀ ਦਾ ਰੂਪ ਧਾਰਨ ਕਰ ਲਿਤਾ ਸੀ। ਆਂਧਰ ਪ੍ਰਦੇਸ਼ ਦੇ ਤਟ ਵਾਲੇ ਇਲਾਕਿਆਂ ਬੁੰਦੂਹ ਵਿਚ ਟੋਟਾ ਨਰਸਈਆ ਨਾਇਡੂ, ਪੁਲਿਸ ਬਲ ਦ 15 ਲੋਕਾਂ ਦੇ ਦਲ ਨਾਲ ਮਾਰ ਖਾਂਦੇ-ਖਾਂਦੇ ਬੇਹੋਸ਼ ਹੋਕੇ ਡਿਗ ਗਏ ਲੇਕਿਨ ਰਾਸ਼ਟਰੀ ਝੰਡਾ ਨਹੀਂ ਛਡਿਆ। ਕਾਲੀਕਟ ਵਿਚ ਪੀ. ਕ੍ਰਿਸ਼ਨ ਪਿੱਲੈ ਉਤੇ ਜੋ ਬਾਅਦ ਵਿਚ ਚਲ ਕੇ ਬਹੁਤ ਵਡੇ ਕਮਿਊਨਿਸਟ ਨੇਤਾ ਬਣੇ-ਵੈਸਾ ਹੀ ਲਾਠੀ ਦਾ ਫੱਟ ਮਾਰਿਆ ਗਿਆ ਜਿਵੇਂ ਨਾਇਡੂ ਉਤੇ ਕੀਤਾ ਗਿਆ ਸੀ। ਸੂਰਤ ਵਿਚ ਛੋਟੇ -ਛੋਟੇ ਬੱਚਿਆਂ ਨੇ ਪੁਲਿਸ ਨੂੰ ਚੁਣੋਤੀ ਦੇਣ ਲਈ ਆਪਣੀ ਵਿਲੱਖਣ ਪ੍ਰਤੀਭਾ ਦਾ ਇਸਤੇਮਾਲ ਕੀਤਾ। ਜਦ ਉਨ੍ਹਾਂ ਦੇ ਹੱਥ ਤੋਂ ਬਾਰ-ਬਾਰ ਰਾਸ਼ਟਰੀ ਝੰਡਾ ਖਿਚਿਆ ਗਿਆ ਤਾਂ ਪਰੇਸ਼ਾਨ ਹੋਕੇ ਉਨ੍ਹਾਂ ਨੇ ਇਕ ਨਵਾਂ ਤਰੀਕਾ ਕਢਿਆ। ਉਨ੍ਹਾਂ ਲੋਕਾਂ ਨੇ ਤਿਰੰਗੇ ਦੀ ਹੀ ਆਪਣੀ ਡ੍ਰੈਸ ਸੁਵਾਂ ਲਈ। ਉਸ ਡ੍ਰੈਸ ਨੂੰ ਪਹਿਣ ਕੇ ਸ਼ਾਨ ਨਾਲ ਸੜਕਾਂ ਅਤੇ ਗਲੀਆਂ ਵਿਚ ਉਹ ਸਾਰੇ ਜੀਉਂਦੇ ਝੰਡੇ ਘੁੰਮਦੇ ਰਹੇ ਅਤੇ ਪੁਲਿਸ ਨੂੰ ਚੁਣੋਤੀ ਦਿੰਦੇ ਰਹੇ। ਪੁਲਿਸ ਉਨ੍ਹਾਂ ਦੇ ਇਸ ਰਾਸ਼ਟਰੀ ਝੰਡੇ ਨੂੰ ਉਨ੍ਹਾਂ ਕੋਲੋਂ ਨਹੀਂ ਖਿੱਚ ਸਕੇ। ਰਾਸ਼ਟਰੀ ਚੇਤਨਾ ਦਾ ਪ੍ਰਤੀਕ ਰਾਸ਼ਟਰੀ ਝੰਡਾ ਹੁਣ ਦੂਰ-ਦਰਾਜ਼ ਦੇ ਪਿੰਡਾਂ ਵਿਚ ਵੀ ਦਿਖਾਈ ਪੈਣ ਲਗੇ ਸੀ।

ਉਤਰ ਪ੍ਰਦੇਸ਼ ਵਿਚ ਅੰਦੋਲਨ ਦਾ ਦ੍ਰਿਸ਼ ਹੋਰ ਵੀ ਅਲੱਗ ਕਿਸਮ ਦਾ ਸੀ। ਇਥੇ 'ਟੈਕਸ ਨਾ ਦੋ, ਲਗਾਨ ਨਾ ਦੋ' ਦਾ ਅੰਦੋਲਨ ਚਲਾਇਆ ਗਿਆ। ਟੈਕਸ ਨਾ ਦੇਣ ਦੀ ਬੇਨਤੀ ਜਮੀਦਾਰਾਂ ਲਈ ਸੀ। ਉਨ੍ਹਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਸਰਕਾਰ ਨੂੰ ਰਾਜੱਸਵ ਨਾ ਦੇਣ ਅਤੇ ਲਗਾਨ ਨਾ ਦੇਣ ਦੀ ਬੇਨਤੀ ਕਿਸਾਨਾਂ ਲਈ ਸੀ ਤਾਂਕਿ ਜਮੀਦਾਰਾਂ ਨੂੰ ਉਹ ਲਗਾਨ ਨਾ ਦੇਣ। ਕਿਉਂਕਿ ਜ਼ਿਆਤਾਰ ਜਮੀਂਦਾਰ ਸਰਕਾਰ ਦੇ ਪ੍ਰਤੀ ਵਫਾਦਾਰ ਸਨ, ਇਸ ਲਈ, ਯਥਾਰਥ ਰੂਪ ਵਿਚ ਲਗਾਨ-ਵਿਰੋਧੀ ਅੰਦੋਲਨ ਦਾ ਰੂਪ ਹੀ ਪ੍ਰਮੁੱਖ ਰਿਹਾ। ਆਰੰਭਕ ਮਹੀਨਿਆਂ ਵਿਚ ਸਵਿਨੇਅ ਅਵਗਿਆ ਅੰਦੋਲਨ ਕਾਫੀ ਮਜਬੂਤ ਸੀ ਲੇਕਿਨ ਸਰਕਾਰ ਦਮਨ-ਚਕ੍ਰ ਦੇ ਕਾਰਨ ਬਾਅਦ ਵਿਚ ਇਸਦੀ ਪਕੜ ਕਮਜ਼ੋਰ ਪੈ ਗਈ ਅਤੇ ਮਾਲਗੁਜਾਰੀ ਨ ਦੇਣ ਦਾ ਅਭਿਆਨ ਬੰਦ ਨਹੀਂ ਹੋਇਆ। ਲੇਕਿਨ ਅਕਤੂਬਰ ਵਿਚ ਇਸਨੇ ਫਿਰ ਜੋਰ ਫੜਿਆ। ਜਦ ਜਵਾਹਰ ਲਾਲ ਨਹਿਰੂ ਥੋੜੇ ਸਮੇਂ ਦੇ ਲਈ

ਜੇਲ ਤੋਂ ਛੁਟ ਕੇ ਬਾਹਰ ਆਏ ਤਾਂ ਉਨ੍ਹਾਂ ਨੇ ਉਤਰ ਪ੍ਰਦੇਸ਼ ਸਮੀਤੀ ਨੂੰ ਮਾਲਗੁਜਾਰੀ–ਵਿਰੋਧੀ ਅੰਦੋਲਨ ਚਲਾਉਣ ਦੀ ਆਗਿਆ ਦਿਤੀ। ਦੋ ਮਹੀਨੇ ਤੋਂ ਗੰਭੀਰ ਰੂਪ ਵਿਚ ਤਿਆਰ ਹੋਣ ਅਤੇ ਉਸਦਾ ਵਿਆਪਕ ਪ੍ਰਚਾਰ ਕਰਨ ਵਿਚ ਲਗੇ। ਇਸਦੇ ਬਾਅਦ ਸਤੰਬਰ ਵਿਚ ਦੁਬਾਰਾ ਅਭਿਆਨ ਛੇੜਿਆ ਗਿਆ। ਜਨਵਰੀ ਤਕ ਦਮਨ ਦਾ ਇੰਨਾ ਜ਼ਿਆਦਾ ਜੋਰ ਹੋਇਆ ਕਿ ਮਜਬੂਰ ਹੋਕੇ ਬਹੁਤ ਕਿਸਾਨ ਪਿੰਡ ਛਡ ਕੇ ਭਜ ਗਏ। ਆਗਰਾ ਅਤੇ ਰਾਏਬਰੇਲੀ ਦੇ ਜ਼ਿਲੇ ਇਸ ਅਭਿਆਨ ਦੇ ਮੁੱਖ ਕੇਂਦਰ ਸਨ।

ਜਨਤਾ ਨੂੰ ਹਰਕਤ ਵਿਚ ਲਿਆਉਣ ਦੇ ਅਨੇਕ ਰੂਪਾਂ ਵਿਚ ਇਸ ਅੰਦੋਲਨ ਨੇ ਲੋਕਪ੍ਰਿਅ ਬਣਾਇਆ। ਪਿੰਡਾਂ ਅਤੇ ਕਸਬਿਆਂ ਵਿਚ 'ਪ੍ਰਭਾਤ ਫੇਰੀਆਂ' ਨਿਅਮ–ਜਿਹੀਆਂ ਹੋ ਗਈਆਂ ਸਨ ਜਿਸ ਵਿਚ ਔਰਤ ਅਤੇ ਬੱਚੇ ਸਵੇਰੇ ਝੁੰਡ ਬਣਾ ਕੇ ਰਾਸ਼ਟਰੀਗਾਨ ਗਾਉਂਦੇ ਹੋਏ ਗਲੀ–ਗਲੀ ਘੁੰਮਿਆ ਕਰਦੇ ਸਨ। ਪੱਤ੍ਰਿਕਾਵਾਂ ਅਤੇ ਗੈਰਕਾਨੂੰਨੀ ਸੂਚਨਾ ਪੱਤਰ ਜੋ ਕਦੀ ਤਾਂ ਹੱਥਾਂ ਨਾਲ ਲਿਖੇ ਹੁੰਦੇ ਸਨ ਤੇ ਕਦੀ ਸਾਈਕਲੋਸਟਾਈਲ ਰੂਪ ਵਿਚ ਹੋਇਆ ਕਰਦੇ ਸਨ, ਨਫਰਤ ਵਾਲੇ ਪ੍ਰੈਸ ਅਧਿਨਿਅਮ ਨੂੰ ਤੋੜਣ ਦੇ ਲਈ ਬਣਾਈ ਗਈ ਰਣਨੀਤੀ ਦੇ ਅਭਿੰਨ ਅੰਗ ਸਨ ਅਤੇ ਇਨ੍ਹਾਂ ਦੀ ਸੰਪੂਰਨ ਦੇਸ਼ ਵਿਚ ਮਾਨੋ ਹੜ ਜਿਹਾ ਆਇਆ ਹੋਇਆ ਸੀ। ਪਿੰਡਾਂ ਤਕ ਰਾਸ਼ਟਰੀ ਸੰਦੇਸ਼ ਪਹੁੰਚਾਉਣ ਲੀ 'ਜਾਦੂਈ ਲਾਲਟੈਨਾਂ ਕੰਮ ਵਿਚ ਲਿਆਈਆਂ ਜਾਂਦੀਆਂ ਸਨ। ਅਤੇ ਪਹਿਲੇ ਦੀ ਤਰ੍ਹਾਂ ਹੀ, ਕਾਰਜਕਰਤਾਵਾਂ ਅਤੇ ਨੇਤਾਵਾਂ ਦੁਆਰਾ ਲਗਾਤਾਰ ਦੌਰੇ, ਇਸਤ੍ਰੀ–ਪੁਰਸ਼ ਦੇ ਦਲਾਂ ਦੁਆਰਾ ਦੌਰੇ ਅਤੇ ਉਸਦੇ ਦੌਰਾਨ ਸਭਾਵਾਂ, ਬੈਠਕਾਂ ਅਤੇ ਛੋਟੀ ਵਡੀਆਂ ਜਨ ਸਭਾਵਾਂ ਅੰਦੋਲਨ ਦਾ ਕੇਂਦਰੀ ਆਧਰ ਰਹੀਆਂ। ਬੱਚਿਆਂ ਦੀ 'ਵਾਨਰ ਸੈਨਾ' ਸੰਗਠਤ ਕੀਤੀ ਗਈ ਅਤੇ ਇਕ ਅਸਥਾਨ ਉਤੇ ਲੜਕੀਅ ਨੇ ਅਲਗ ਤੋਂ ਆਪਣੀ ਮਾਜੇਰੀ ਸੈਨਾ ਬਣਾਉਣ ਦੀ ਮੰਗ ਰਖੀ।

ਪੂਰੇ 1930 ਦੇ ਦੌਰਾਨ ਸਰਕਾਰ ਦੁਬਿਧਾਪੂਰਨ ਰੁਖ ਅਖਤਿਆਰ ਕਰਕੇ ਰਹੀ। ਕਾਫੀ ਸੋਚ ਵਿਚਾਰ ਕਰਕੇ ਬਾਅਦ ਵਿਚ ਚਲ ਕੇ ਗਾਂਧੀਜੀ ਨੂੰ ਗਿਰਫਤਾਰ ਕੀਤਾ ਗਿਆ ਸੀ। ਉਸਦੇ ਬਾਅਦ ਜਨਤਾ ਦੇ ਨਾਗਰਿਕ ਅਧਿਕਾਰਾਂ ਵਿਚ ਕਟੌਤੀ ਦੇ ਅਧਿਆਦੇਸ਼ ਵਾਰੀ ਕੀਤੇ ਗਏ ਤੇ ਪ੍ਰਾਂਤਕ ਸਰਕਾਰਾਂ ਨੂੰ ਸਿਵਿਲ ਨਾਫਰਮਾਨੀ ਵਾਲੇ ਸੰਗਠਨਾਂ ਉਤੇ ਪ੍ਰਤੀਬੰਧ ਲਗਾਉਣ ਦੀ ਛੁਟ ਦਿਤੀ ਗਈ। ਲੇਕਿਨ ਜੂਨ ਦੇ ਅੰਤ ਤਕ ਕਾਂਗਰਸ ਕਾਰਜਕਾਰਨੀ ਨੂੰ ਗੈਰਕਾਨੂੰਨੀ ਨਹੀ ਘੋਸ਼ਿਤ ਕੀਤਾ ਗਿਆ ਸੀ ਅਤੇ ਮੋਤੀਲਾਲ ਨਹਿਰੂ ਨੂੰ ਉਸ ਤਾਰੀਖ ਤਕ ਮੁਕਤ ਰਖਿਆ ਗਿਆ ਸੀ ਉਹ ਉਸ ਸਮੇਂ ਕਾਂਗਰਸ ਦੇ ਮੁਖੀ ਦੀ ਹੈਸੀਅਤ ਨਾਲ ਕੰਮ ਕਰ ਰਹੇ ਸਨ। ਅਗਸਤਕ ਤਕ ਬਹੁਤ ਸਾਰੀ ਸਥਾਨਕ ਕਾਂਗਰਸ ਸਮੀਤੀਆਂ ਉਤੇ ਵੀ ਪ੍ਰਤੀਬੰਧ ਨਹੀਂ ਲਗਿਆ ਸੀ। ਇਸ ਵਿਚ ਸਾਈਮਨ ਆਯੋਗ ਦੀ ਰਿਪੋਰਟ ਪ੍ਰਕਾਸ਼ਤ ਹੋਈ। ਇਸ ਵਿਚ ਭਾਰਤ ਨੂੰ 'ਡੋਮੀਅਨ ਸਟੇਟਸ' ਦੇ ਅਧਿਕਾਰ ਦਿਤੇ ਜਾਣ ਦੀ ਕੋਈ ਚਰਚਾ ਤਕ ਨਹੀਂ ਕੀਤੀ ਗਈ ਸੀ। ਇਕ ਪ੍ਰਕਾਰ ਨਾਲ ਇਹ ਪਿਛੇ ਖਿੱਚਣ ਵਾਲਾ ਦਸਤਾਵੇਜ ਸੀ, ਇਸ ਦੀਆਂ ਨੀਤੀਆਂ ਦਮਨਾਤਮਕ ਸਨ। ਇਸ ਨੇ ਸਰਕਾਰ ਨੂੰ ਹੋਰ ਅਲੱਗ–ਥਲੱਗ ਕਰ ਦਿਤਾ–ਇਥੋਂ ਤਕ ਕਿ ਗਰਮਦਲੀਏ ਵਿਚਾਰ ਕੇ ਰਾਜਨੇਤਾ ਵੀ ਇਸ ਨਾਲ ਨਾਰਾਜ ਹੋਏ ਅਤੇ ਮਦਨਮੋਹਨ ਮਾਲਵੀਆ ਅਤੇ ਐਸ.ਐਸ. ਅਣੇ ਵਰਗੇ ਲੋਕਾਂ ਨੇ ਗਿਰਫਤਾਰੀ ਦਿਤੀ। 9 ਜੁਲਾਈ ਨੂੰ ਸਮਝੌਤਾਵਾਦੀ ਰੁਖ ਦਾ ਸੰਕੇਤ ਦਿੰਦੇ ਹੋਏ ਵਾਇਸਰਾਏ ਨੇ ਇਕ ਗੋਲਮੇਜ਼ ਸੰਮੇਲਨ ਦਾ ਸੁਝਾਅ ਦਿਤਾ ਤਥਾ ਡੋਮੀਨਿਅਨ ਸਟੇਟਸ ਵਾਲੇ ਮਕਸਦ ਉਤੇ ਫਿਰ ਤੋਂ ਜੋਰ ਦਿਤਾ। ਕੇਂਦਰੀ ਵਿਧਾਇਕਾ ਦੇ 40 ਮੈਂਬਰਾਂ ਦੁਆਰਾ ਦਿਤੇ ਗਏ ਸੁਝਾਅ ਨੂੰ ਵੀ ਵਾਇਸਰਾਏ ਨੇ ਸਵੀਕਾਰ ਕੀਤਾ ਕਿ ਤੇਜ ਬਹਾਦਰ ਸਪਰੂ ਅਤੇ ਐਮ.ਆਰ ਜ਼ੈਕਰ ਨੂੰ ਕਾਂਗਰਸ ਅਤੇ ਸਰਕਾਰ ਦੇ ਮੱਧ ਸ਼ਾਂਤੀ–ਸਥਾਪਨਾ ਦੀ ਸੰਭਾਵਨਾਵਾਂ ਦਾ ਪਤਾ ਲਗਾਉਣ ਦੇ ਲਈ ਕਿਹਾ ਜਾਏ। ਇਨ੍ਹਾਂ ਗੱਲਾਂ ਨੂੰ ਅਗੇ ਵਧਾਉਣ ਦੇ ਉਦੇਸ਼ ਨਾਲ ਜਵਾਹਰਲਾਲ ਅਤੇ ਮੋਤੀਲਾਲ ਨੂੰ ਗਾਂਧੀਜੀ ਨਾਲ ਮਿਲਾਉਣ ਲਈ ਯਰਬਦਾ ਜੇਲ ਟਰਾਂਸਫਰ ਕੀਤਾ ਗਿਆ ਤਾਂਕਿ ਇਹ ਲੋਕ ਗਾਂਧੀਜੀ ਦੇ ਨਾਲ ਸਮਝੌਤੇ ਦੀ ਸੰਭਾਵਨਾ ਨੂੰ ਲੈ ਕੇ ਵਿਚਾਰ–ਵਿਮਰਸ਼ ਕਰ ਸਕਣ। ਇਸ ਗੱਲਬਾਤ ਦਾ ਕਈ ਨਤੀਜਾ ਨਹੀਂ ਨਿਕਲਿਆ ਲੇ ਕਿਨ ਸੰਕੇਤਾਂ ਨਾਲ ਇਹ ਸੁਨਿਸ਼ਚਿਤ ਹੋ ਗਿਆ ਕਿ ਕੁਝ ਲੋਕ ਨਵੰਬਰ ਦੇ ਮਹੀਨੇ ਵਿਚ ਗੋਲਮੇਜ਼ ਸੰਮੇਲਨ ਵਿਚ ਵੀ ਭਾਗ ਲੈਣਗੇ। ਬ੍ਰਿਟਿਸ਼ ਸ਼ਾਸਕਾਂ ਅਤੇ ਭਾਰਤੀਆਂ ਨੂੰ ਬਰਾਬਰ ਦੀ ਹੈਸੀਅਤ ਦੇਕੇ ਕੀਤੀ ਜਾਣ ਵਾਲੀ ਇਹ ਪਹਿਲੀ ਬੈਠਕ ਸੀ। ਇਸ ਵਿਚ ਲਗਭਗ ਹਰ ਪ੍ਰਤੀਨਿਧੀ ਨੇ ਇਸ ਗਲ ਨੂੰ ਬਾਰ–ਬਾਰ ਰੇਖਾਂਕਿਤ ਕੀਤਾ ਕਿ ਸੰਵੈਧਾਨਿਕ ਵਿਚਾਰ–ਵਿਮਰਸ਼ ਦੀ ਕੋਈ ਵੀ ਕਾਰਵਾਹੀ ਬਿਨਾ ਕਾਂਗਰਸ ਨੂੰ ਸ਼ਾਮਲ ਕੀਤੇ ਕੋਈ ਮਤਲਬ ਨਹੀਂ ਰਖਦੀ। ਉਸ ਕਾਰਵਾਹੀ ਨਾਲ ਇਹ ਵੀ ਸਪਸ਼ਟ ਹੋਇਆ ਕਿ ਜੇ ਕਰ ਸਰਕਾਰ ਨੂੰ ਬਚਾਉਣ ਲਈ ਰਣਨੀਤੀ ਦਾ ਆਧਾਰ ਸੰਵੈਧਾਨਿਕ ਸੁਵਿਧਾਵਾਂ ਨੂੰ ਬਣਾਇਆ ਜਾਂਦਾ ਹੈ ਤਾਂ ਇਸ ਵਿਚ ਕਾਂਗਰਸ ਦੀ ਭਾਗੀਦਾਰੀ ਜਰੂਰੀ ਹੈ। ਗੋਲਮੇਜ ਸੰਮੇਲਨ ਦੇ ਸਮਾਪਨ ਉਤੇ ਬੋਲਦੇ ਹੋਏ ਬ੍ਰਿਟੇਨ ਦੇ ਪ੍ਰਧਾਨਮੰਤਰੀ ਨੇ ਸਪਸ਼ਟ ਤੌਰ ਉਤੇ ਇਸ ਸੰਭਾਵਨਾ ਦੀ ਤਰਫ ਇਸ਼ਾਰਾ ਕੀਤਾ ਸੀ। ਉਨ੍ਹਾਂ ਨੇ ਇਹ ਉਮੀਦ ਵਿਚ ਜਤਾਈ ਕਿ ਬਾਅਦ ਵਿਚ ਹੋਣ ਵਾਲੇ ਇਸ ਸਾਲ ਦੇ ਵਿਚਾਰ–ਵਿਮਰਸ਼ ਵਿਚ ਕਾਂਗਰਸ ਜਰੂਰ ਭਾਗ ਲਵੇਗੀ। 25 ਜਨਵਰੀ ਨੂੰ ਵਾਇਸਰਾਏ ਨੇ ਬਿਨਾ ਸ਼ਰਤ ਗਾਂਧੀਜੀ ਦੀ ਰਿਹਾਈ ਦੀ ਘੋਸ਼ਣਾ ਕੀਤੀ। ਨਾਲ ਹੀ ਕਾਂਗਰਸ ਕਾਰਜਕਾਰਨੀ ਦੇ ਹੋਰ ਸਾਰਿਆਂ ਮੈਂਬਰਾਂ ਦੀ ਰਿਹਾਈ ਦੀ ਵੀ ਘੋਸ਼ਣਾ ਕੀਤੀ ਗਈ ਤਾਂਕਿ ਉਹ ਸੁਤੰਤਰ ਰੂਪ ਨਾਲ ਬਿਨਾਂ ਕਿਸੇ ਡਰ–ਭੈ ਦੇ ਪ੍ਰਧਾਨਮੰਤਰੀ ਦੇ ਵਕਤਵਯ ਉਤੇ ਆਪਣੇ ਵਿਚਾਰ ਜ਼ਾਹਰ ਕਰ ਸਕਣ।

ਤਿੰਨ ਹਫਤੇ ਤਕ ਆਪਸੀ ਵਿਚਾਰ–ਵਿਮਰਸ਼ ਦੇ ਬਾਅਦ ਅਤੇ ਜੋ ਪ੍ਰਤੀਨਿਧੀ ਲੰਦਨ ਤੋਂ ਭਾਗ ਲੈਕੇ ਵਾਪਸ ਆਏ ਸਨ ਉਨ੍ਹਾਂ ਨਾਲ ਸਲਾਹ–ਮਸ਼ਵਰਾ ਕਰਨ ਦੇ ਬਾਅਦ, ਅਤੇ ਸਮਾਜ ਦੇ ਵਿਭਿੰਨ ਤਬਕਿਆਂ ਦੇ ਨੁਮਾਇੰਦਿਆਂ ਦੇ ਨਾਲ ਗੱਲਬਾਤ ਕਰਕੇ ਕਾਂਗਰਸ ਕਾਰਜਕਾਰਨੀ ਨੇ ਗਾਂਧੀਜੀ ਨੂੰ ਵਾਇਸਰਾਏ ਨਾਲ ਗੱਲਬਾਤ ਆਰੰਭ ਕਰਨ ਦੇ ਲਈ ਅਧਿਕ੍ਰਿਤ ਕੀਤਾ। 5 ਮਾਰਚ 1931 ਨੂੰ ਗਾਂਧੀ–ਇਰਵਿਨ ਸਮੌਤੇ ਦੇ ਰੂਪ ਵਿਚ 15 ਦਿਨ ਦੇ ਲੰਮੇ ਵਿਚਾਰ–ਵਿਮਰਸ਼ ਦੇ ਬਾਅਦ ਇਕ ਦਸਤਾਵੇਜ ਸਾਹਮਣੇ ਆਇਆ। ਇਸ ਨੂੰ ਕੁਝ ਲੋਕਾਂ ਨੇ 'ਸ਼ਾਂਤੀ ਸਮਝੌਤਾ' ਅਤੇ ਕੁਝ ਨੇ 'ਅਸਥਾਈ ਕਰਾਰ' ਨਾਮ ਦਿਤਾ।

ਨੋਟ

ਇਸ ਸਮਝੌਤੇ ਉਤੇ ਕਾਂਗਰਸ ਦੀ ਤਰਫੋਂ ਗਾਂਧੀਜੀ ਨੇ ਦਸਤਖਤ ਕੀਤੇ ਅਤੇ ਸਰਕਾਰ ਦੀ ਤਰਫੋਂ ਲਾਰਡ ਇਰਵਿਨ ਨੇ ਦਸਤਖਤ ਕੀਤੇ। ਨੌਕਰਸ਼ਾਹੀ ਦੇ ਲਈ ਇਹ ਵਚਿੱਤਰ ਗਲ ਸੀ ਕਿਉਂਕਿ ਇਸ ਵਿਚ ਕਾਂਗਰਸ ਅਤੇ ਸਰਕਾਰ ਵਿਚ ਸਮਾਨਤਾ ਦੇ ਪੱਧਰ ਤੇ ਰਖਿਆ ਗਿਆ ਸੀ। ਸਮਝੌਤੇ ਦੀ ਸ਼ਰਤਾਂ ਵਿਚ ਜੋ ਗੱਲਾਂ ਸ਼ਾਮਲ ਸਨ ਉਹ ਇਸ ਪ੍ਰਕਾਰ ਹਨ- ਜਿਨ੍ਹਾਂ ਲੋਕਾਂ ਨੂੰ ਬੰਦੀ ਬਣਾਇਆ ਗਿਆ ਹੈ ਉਨ੍ਹਾਂ ਸਾਰਿਆਂ ਰਾਜਨੀਤਿਕ ਬੰਦੀਆਂ ਦੀ ਰਿਹਾਈ (ਇਸ ਵਿਚ ਹਿੰਸਕ ਕਾਰਵਾਹੀ ਵਿਚ ਸ਼ਰੀਕ ਬੰਦੀ ਨੂੰ ਨਹੀਂ ਲਿਆ ਗਿਆ ਸੀ)। ਇਸ ਸਮੇਂ ਜੋ ਦੰਡ ਲਗੇ ਸੀ ਅਤੇ ਉਨ੍ਹਾਂ ਨੂੰ ਵਸੂਲ ਨਹੀਂ ਕੀਤਾ ਗਿਆ ਸੀ, ਉਨ੍ਹਾਂ ਦੀ ਮਾਫੀ, ਜ਼ਬਤੀ ਜ਼ਮੀਨ ਦੀ ਵਾਪਸੀ ਜੇਕਰ ਤੀਜੇ ਪੱਖ ਨੂੰ ਬਚਾਇਆ ਨਾ ਗਿਆ ਹੋਵੇ, ਅਤੇ ਜਿਨ੍ਹਾਂ ਸਰਕਾਰੀ ਕਰਮਚਾਰੀਆਂ ਨੇ ਤਿਆਰ-ਪੱਤਰ ਦੇ ਦਿਤਾ ਸੀ, ਉਨ੍ਹਾਂ ਨਾਲ ਨਰਮੀ ਦਾ ਬਰਤਾਵ। ਸਰਕਾਰ ਨੇ ਤਟ ਵਾਲੇ ਇਲਾਕਿਆਂ ਵਿਚ ਰਹਿਣ ਵਾਲੇ ਪੇਂਡੂਆਂ ਨੂੰ ਘਰੇਲੂ ਇਸਤੇਮਾਲ ਦੇ ਲਈ ਨਮਕ ਬਣਾਉਣ ਦੇ ਅਧਿਕਾਰ ਵੀ ਦਿਤੇ ਅਤੇ ਸ਼ਾਂਤੀਪੂਰਨ ਤਰੀਕੇ ਨਾਲ ਬਿਨਾਂ ਹਮਲਾ ਕੀਤੇ ਹੋਏ ਲੋਕਾਂ ਨੂੰ ਧਰਨਾ ਦੇਣ ਦੇ ਅਧਿਕਾਰ ਵੀ ਪ੍ਰਾਪਤ ਹੋਏ। ਪੁਲਿਸ ਦੀ ਜ਼ਿਆਦਤੀਆਂ ਦੀ ਜਾਂਚ ਦੇ ਲਈ ਜਨਤਾ ਦੀ ਜਾਂਚ ਸਮੀਤੀ ਬਣੇ ਕਾਂਗਰਸ ਦੀ ਇਸ ਮੰਗ ਨੂੰ ਸਵੀਕਾਰ ਨਹੀਂ ਕੀਤਾ ਗਿਆ ਲੇਕਿਨ ਗਾਂਧੀਜੀ ਨੇ ਜਾਂਚ ਦੀ ਮੰਗ ਬਾਰ-ਬਾਰ ਦੁਹਰਾਈ ਸੀ, ਇਸਦਾ ਜ਼ਿਕਰ ਸਮਝੌਤੇ ਵਿਚ ਕੀਤਾ ਗਿਆ। ਆਪਣੀ ਤਰਫੋਂ ਕਾਂਗਰਸ ਨੇ ਸਿਵਿਲ ਨਾਫਰਮਾਨੀ ਖਤਮ ਕਰਨ ਦੀ ਸ਼ਰਤ ਮੰਨ ਲਿਤੀ ਸੀ। ਸਮਝੌਤੇ ਵਿਚ ਇਹ ਵੀ ਅੰਤਰਨਿਹਿਤ ਸੀ ਕਿ ਅਗਲੀ ਗੋਲਮੇਜ ਬੈਠਕ ਵਿਚ ਕਾਂਗਰਸ ਭਾਗੀਦਾਰ ਬਣੇਗੀ।

ਜਿਨ੍ਹਾਂ ਸ਼ਰਤਾਂ ਉਤੇ ਸਮਝੌਤੇ ਉਤੇ ਦਸਤਖਤ ਕੀਤੇ ਗਏ, ਉਨ੍ਹਾਂ ਨੂੰ ਲੈ ਕੇ ਇਸ ਕਾਲ ਦੇ ਲੋਕਾਂ ਵਿਚ ਅਤੇ ਇਤਿਹਾਸਕਾਰਾਂ ਵਿਚ ਵੀ ਆਪਸ ਵਿਚ ਕਾਫੀ ਮਤਭੇਦ ਅਤੇ ਵਿਵਾਦ ਸਨ। ਇਸਦੇ ਮੁੱਖ ਕਾਰਨ ਹਨ-ਇਸਦਾ ਸਮੇਂ, ਦਸਤਖਤ ਕਰਦੇ ਸਮੇਂ ਗਾਂਧੀਜੀ ਦੇ ਇਰਾਦੇ, ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਫਾਂਸੀ ਦੀ ਸਜਾ ਮਾਫ ਕਰਨ ਦੀ ਸ਼ਰਤ ਦੇ ਰੂਪ ਵਿਚ ਨਾ ਰਖਣਾ (ਭਾਵੇਂ ਲੋਕ ਮੰਨਦੇ ਹਨ ਕਿ ਗਾਂਧੀਜੀ ਨੇ ਵਾਇਸਰਾਏ ਨੂ ਇਯ ਮੁੱਦੇ ਉਤੇ ਰਾਜ਼ੀ ਕਰਨ ਦਾ ਯਤਨ ਕੀਤਾ)। ਇਸ ਸਮਝੌਤੇ ਦੀ ਲੋਕਾਂ ਨੇ ਅਲੱਗ-ਅਲੱਗ ਰੂਪ ਵਿਚ ਵਿਆਖਿਆ ਕੀਤੀ ਹੈ। ਕੁਝ ਨੇ ਇਸਨੂੰ ਧੋਖੇ ਦੀ ਸੰਗਿਆ ਦਿਤੀ ਹੈ, ਕੁਝ ਨੇ ਇਸਨੂੰ ਭਾਰਤੀ ਪੂੰਜੀਪਤੀਆਂ ਦੇ ਢੁਲਮੁਲ ਸੁਭਾਅ ਦਾ ਅਤੇ ਗਾਂਧੀ ਜੀ ਦਾ ਉਨ੍ਹਾਂ ਦੇ ਦਬਾਅ ਵਿਚ ਆਕੇ ਕੰਮ ਕਰਨ ਦਾ ਪ੍ਰਮਾਣ ਮੰਨਿਆ। ਇਹ ਕਿਹਾ ਗਿਆ ਹੈ ਕਿ ਗਾਂਧੀਜੀ ਅਤੇ ਭਾਰਤੀ ਪੂੰਜੀਪਤੀ ਦੋਵਾਂ ਨੇ ਹੀ ਜਨਅੰਦੋਲਨ ਤੋਂ ਭੈਭੀਤ ਸਨ ਜੋ ਕਾਫੀ ਕ੍ਰਾਂਤੀਕਾਰੀ ਮੋੜ ਲੈ ਰਿਹਾ ਸੀ, ਤਾਂ ਕੁਝ ਲੋਕਾਂ ਨੇ ਕਿਹਾ ਕਿ ਕਿਸਾਨਾਂ ਦੇ ਨਾਲ ਧੋਖਾ ਕੀਤਾ ਗਿਆ ਕਿਉਂਕਿ ਉਨ੍ਹਾਂ ਦੀ ਜ਼ਬਤ ਕੀਤੀ ਹੋਈ ਜੋ ਜ਼ਮੀਨ ਤੀਜੇ ਪੱਖ ਨੂੰ ਵੇਚ ਦਿਤੀ ਗਈ ਸੀ ਉਸਨੂੰ ਵਾਪਸ ਦਿਲਾਉਣ ਦੀ ਸ਼ਰਤ ਸਮਝੌਤੇ ਵਿਚ ਨਹੀਂ ਸੀ। ਇਸ ਵਿਚ ਗੁਜਰਾਤ ਦੇ ਕਿਸਾਨ ਵਿਸ਼ੇਸ਼ ਰੂਪ ਨਾਲ ਪ੍ਰਭਾਵਤ ਸਨ, ਆਦਿ।

1922 ਵਿਚ ਚੌਰੀਚੌਰਾ ਕਾਂਡ ਦੇ ਕਾਰਣ ਅਸਹਿਯੋਗ ਅੰਦੋਲਨ ਵਾਪਸ ਲੈ ਲਿਆ ਗਿਆ ਅਤੇ ਉਸਨੂੰ ਲੈ ਕੇ ਜੋ ਤਰਕ ਦਿਤੇ ਗਏ ਸੀ, ਇਸ ਵਾਰ ਵੀ ਲੋਕ ਉਸੇ ਆਧਾਰ ਉਤੇ ਆਰੋਪ ਲਗਾ ਰਹੇ ਸਨ ਲੋਕਾਂ ਦੀ ਇਸ ਪ੍ਰਕਾਰ ਦੀ ਸਮਝਦਾਰੀ ਦਾ ਜੋ ਆਧਾਰ ਹੈ, ਉਹ ਭਾਰਤੀ ਰਾਸ਼ਟਰੀ ਅੰਦੋਲਨ ਦੀ ਰਣਨੀਤੀ ਅਤੇ ਉਸਦੇ ਸਰੂਪ ਨੂੰ ਪਛਾਨਣ ਵਿਚ ਅਸਮਰਥ ਹੈ। ਪਹਿਲੀ ਗਲ ਇਹ ਹੈ ਕਿ ਇਸ ਸਮਝਦਾਰੀ ਵਿਚ ਇਸ ਗਲ ਦੀ ਅਣਦੇਖੀ ਕਰ ਦਿਤੀ ਜਾਂਦੀ ਹੈ ਕਿ ਜਨ ਅੰਦੋਲਨ ਦੀ ਉਮਰ ਬਹੁਤ ਲੰਮੀ ਨਹੀਂ ਹੁੰਦੀ, ਉਨ੍ਹਾਂ ਨੂੰ ਅਨੰਤਕਾਲ ਤਕ ਜਾਰੀ ਨਹੀਂ ਰਖਿਆ ਜਾ ਸਕਦਾ ਹੈ। ਕਾਰਜਸ਼ੀਲ ਰਾਜਨੀਤਿਗ ਦੀ ਤਰ੍ਹਾਂ ਆਮ ਜਨਤਾ ਦੀ ਤਿਆਰ ਦੀ ਯੋਗਤਾ ਅਨੰਤ ਨਹੀਂ ਹੁੰਦੀ। ਅਤੇ ਅੰਦੋਲਨ ਵਿਚ ਨਿਸ਼ਚਿਤ ਰੂਪ ਵਿਚ ਥਕਾਨ ਦੇ ਲਕਸ਼ਣ ਨਜ਼ਰ ਆਉਣ ਲਗੇ ਸੀ-ਖਾਸ ਤੌਰ ਤੇ ਅੰਦੋਲਨ ਦੇ ਵਡੇ ਅਤੇ ਮਹੱਤਵਪੂਰਨ ਤਬਕੇ ਲਈ ਤਾਂ ਇਹ ਗਲ ਨਿਸ਼ਚਿਤ ਰੂਪ ਵਿਚ ਸਚ ਹੈ। ਕਸਬਿਆਂ ਵਿਚ ਨੌਜਵਾਲਾ ਅਤੇ ਵਿਦਿਆਰਥੀਆਂ ਵਿਚ ਤਾਂ ਉਰਜਾ ਅਜੇ ਵੀ ਬਣੀ ਹੋਈ ਸੀ ਲੇਕਿਨ ਸੌਦਾਗਰਾਂ ਅਤੇ ਦੁਕਾਨਦਾਰਾਂ ਦੇ ਲਈ ਲੰਮੇ ਸਮੇਂ ਤਕ ਨੁਕਸਾਨ ਚੁਕਣਾ ਮੁਸ਼ਕਿਲ ਹੁੰਦਾ ਜਾ ਰਿਹਾ ਸੀ। ਬਹਿਸ਼ਕਾਰ ਨੂੰ ਸਫਲ ਬਣਾਉਣ ਦੇ ਲਈ ਇਸ ਵਰਗ ਦਾ ਸਹਿਯੋਗ ਜਰੂਰੀ ਵੀ ਸੀ। ਲੇਕਿਨ 1930 ਦੇ ਸਤੰਬਰ ਤਕ ਇਨ੍ਹਾਂ ਦਾ ਸਮਰਥਣ ਕਮਜ਼ੋਰ ਹੋਣ ਲਗਾ ਸੀ। ਪਿੰਡਾਂ ਦੇ ਉਨ੍ਹਾਂ ਖੇਤਰਾਂ ਵਿਚ, ਜਿਥੇ ਸਾਲ ਦੇ ਸ਼ੁਰੂ ਵਿਚ ਹੀ ਅੰਦੋਲਨ ਆਰੰਭ ਕੀਤਾ ਜਾ ਚੁਕਾ ਸੀ। ਸਾਲ ਦੇ ਉਤਰਾਧਰ ਵਿਚ ਆਕੇ ਉਨ੍ਹਾਂ ਵਿਚ ਥਕਾਵਟ ਆਉਣ ਲਗੀ ਸੀ। ਜੋ ਕਿ ਪੁਲਿਸ ਦੇ ਨਾਲ ਸੰਘਰਸ਼ ਦੀ ਤਰਫ ਉਨ੍ਹਾਂ ਤੇ ਹਮਲੇ ਦੀ ਛਿਟਪੁਟ ਘਟਨਾਵਾਂ ਤਾਂ ਘਟਦੀਆਂ ਸਨ ਅਤੇ ਇਹ ਗਲ ਬੰਗਾਲ, ਬਿਹਾਰ, ਆਂਧਰ ਪ੍ਰਦੇਸ਼ ਅਤੇ ਗੁਜਰਾਤ ਸਾਰੀਆਂ ਜਗਾਹ ਲਈ ਸਚ ਸੀ। ਉਤਰ ਪ੍ਰਦੇਸ਼ ਦੇ ਕੁਝ ਇਲਾਕਿਆ ਵਿਚ ਲਗਾਨ ਨ ਦੇਣ ਦਾ ਅੰਦੋਲਨ ਸਾਲ ਦੇ ਅੰਤ ਵਿਚ ਸ਼ੁਰੂ ਹੋਇਆ ਸੀ। ਉਨ੍ਹਾਂ ਵਿਚ ਲੜਣ ਦਾ ਪਰਯਾਪਤ ਮਾਹੌਲ ਅਜੇ ਵੀ ਬਰਕਰਾਰ ਸੀ। ਲੇਕਿਨ ਕੀ ਦੁਝ ਇਲਾਕਿਆਂ ਵਿਚ ਪ੍ਰਤੀਰੋਧ ਦੀ ਇਨ੍ਹਾਂ ਇੱਕੀ-ਦੁੱਕੀ ਘਟਨਾਵਾਂ ਤੋਂ ਇਹ ਨਤੀਜਾ ਕਢਿਆ ਜਾ ਸਕਦਾ ਹੈ ਕਿ ਇਸ ਵਿਸ਼ਾਲ ਦੇਸ਼ ਦੀ ਸਮੂਚੀ ਜਨਤਾ ਸੰਘਰਸ਼ ਜਾਰੀ ਰਖਣ ਵਿਚ ਸਖਿਅਮ ਸੀ। ਅਤੇ ਇਸ ਗਲ ਦੀ ਕੀ ਗਾਰੰਟੀ ਸੀ ਕਿ ਜਦ ਇਨ੍ਹਾਂ ਦੀ ਸ਼ਕਤੀ ਚੁਕ ਜਾਂਦੀ ਜਿਵੇਂ ਕਿ ਅਗੇ-ਪਿਛੇ ਹੋਣ ਦੀ ਵੀ ਸੰਭਾਵਨਾ ਸੀ, ਤਾਂ ਇਸਦੇ ਬਾਅਦ ਸਰਕਾਰ ਗਲਬਾਤ ਦੇ ਲਈ ਤਿਆਰ ਹੁੰਦੀ ਹੀ। 1931 ਦਾ ਸਾਲ ਵੈਸਾ ਨਹੀਜ ਸੀ ਜਿਵੇਂ ਕੀ 1946 ਸੀ ਅਤੇ ਜਿਵੇਂ ਕਿ 1912 ਵਿਚ ਹੋਇਆ ਹੁੰਦਾ ਕਿ ਸਰਕਾਰ ਪੈਂਤਰਾ ਬਦਲ ਕੇ ਤੇਜੀ ਨਾਲ ਦਮਨਚਕ੍ਰ ਚਲਾਉਂਦੀ ਅਤੇ ਕਾਫੀ ਪ੍ਰਭਾਵੀ ਤਰੀਕਿਆਂ ਨਾਲ ਅੰਦੋਲਨ ਨੂੰ ਕੁਚਲ ਦਿੰਦੀ।

ਇਸ ਵਿਚ ਸ਼ਕ ਨਹੀਂ ਕਿ ਨੌਜਵਾਨ ਕਾਫੀ ਨਿਰਾਸ਼ ਹੋਏ ਸਨ ਕਿਉਂਕਿ ਰੋਣ ਨਾਲ ਅਤੇ ਵਿਸੂਰਨ ਦੀ ਤੁਲਨਾ ਵਿਚ ਮਰ ਮਿਟਣ ਨੂੰ ਜਰੂਰੀ ਸਮਝਦੇ ਸਨ। ਇਸ ਵਿਚ ਸ਼ਕ ਨਹੀਂ ਕਿ ਗੁਜਰਾਤ ਦੇ ਕਿਸਾਨ ਖੁਸ਼ ਨਹੀਂ ਸਨ ਕਿਉਂਕਿ ਉਨ੍ਹਾਂ ਦੀਆਂ ਕੁਝ ਜਮੀਨਾਂ ਉਨ੍ਹਾਂ ਤਤਕਾਲ ਵਾਪਸ ਨਹੀਂ ਮਿਲ ਸਕੀਆਂ ਸਨ (ਉਨ੍ਹਾਂ ਨੂੰ ਇਹ ਤਦੋਂ ਵਾਪਸ ਮਿਲੀਆਂ ਜਦ 1937 ਵਿਚ ਬੰਬਈ ਵਿਚ ਕਾਂਗਰਸ ਮੰਤਰੀਮੰਡਲ ਸੱਤਾ ਵਿਚ ਆਇਆ) ਲੇਕਿਨ ਵਿਸ਼ਾਲ ਜਨ ਸਮੁਦਾਇ ਦਾ ਜ਼ਿਆਦਾਤਰ ਹਿੱਸਾ ਇਸ ਗਲ ਤੋਂ ਪ੍ਰਭਾਵਤ ਸੀ ਕਿ ਸ਼ਕਤੀਸ਼ਾਲੀ ਬ੍ਰਿਟਿਸ਼ ਸਮਰਾਜ ਅਤੇ ਉਸਦੀ ਸਰਕਾਰ ਨੂੰ ਉਨ੍ਹਾਂ ਦੇ ਅੰਦੋਲਨ ਨੂੰ ਮਹੱਤਵ ਦੇਣਾ ਪਿਆ ਅਤੇ ਉਨ੍ਹਾਂ ਦੇ ਨੇਤਾਵਾਂ ਦੇ ਨਾਲ ਬਰਾਬਰੀ ਦਾ ਸਲੂਕ ਕਰਨਾ ਪਿਆ ਅਤੇ ਉਨ੍ਹਾਂ ਦੇ ਨਾਲ ਸਮਝੌਤਾ ਵੀ ਕਰਨਾ ਪਿਆ। ਇਸ ਨਾਲ ਉਨ੍ਹਾਂ ਨੂੰ ਲਗਿਆ ਕਿ ਉਨ੍ਹਾਂ ਦੀ ਸ਼ਕਤੀ ਨੂੰ ਮਾਨਤਾ ਮਿਲੀ ਹੈ ਅਤੇ ਸਰਕਾਰ ਉਤੇ ਉਨ੍ਹਾਂ ਦੀ ਜਿੱਤ ਪ੍ਰਾਤਤ ਹੋਈ ਹੈ। ਇਸ ਸਮਝੌਤੇ ਦੇ ਕਾਰਨ ਜੋ ਹਜ਼ਾਰਾਂ ਲੋਕ ਜੇਲ ਤੋਂ ਨਿਕਲ ਕੇ ਬਾਹਰ ਆਏ ਉਨ੍ਹਾਂ ਨੂੰ ਯੁਧ ਦੇ ਮੈਦਾਨ ਵਿਚ ਜਿੱਤ ਪ੍ਰਾਪਤ ਕਰਕੇ ਵਾਪਸ ਆਉਣ ਵਾਲੇ ਸਿਪਾਹੀਆਂ ਵਰਗਾ ਸਨਮਾਨ ਦਿਤਾ ਗਿਆ। ਉਨ੍ਹਾਂ ਨੂੰ ਹਰਾ ਕੇ ਅਤੇ ਅਪਮਾਨ ਸਹਿ ਕੇ ਵਾਪਸ ਆਏ ਯੁਧਬੰਦੀ ਨਹੀਂ ਬਣਾਇਆ ਗਿਆ। ਉਨ੍ਹਾਂ ਦਾ ਪਤਾ ਸੀ ਕਿ ਸ਼ਾਂਤੀਪੂਰਨ ਸਮਝੌਤਾ ਆਤਮ-ਸਮਰਪਣ ਨਹੀਂ ਹੁੰਦਾ ਹੈ ਅਤੇ ਇਹ ਕਿ ਜੇ ਦੁਸ਼ਮਣ ਚਾਹੇ ਤਾਂ ਲੜਾਈ ਦੁਬਾਰਾ ਛੇੜੀ ਜਾ ਸਕਦੀ ਹੈ। ਇਸ ਵਿਚ ਇਹ ਯੋਧੇ ਆਰਾਮ ਕਰ ਸਕਣਗੇ ਅਤੇ ਭਾਵੀ ਸੰਗ੍ਰਾਮ ਦੇ ਲਈ ਆਪਣੇ ਨੂੰ ਤਿਆਰ ਕਰਣਗੇ। ਉਨ੍ਹਾਂ ਨੇ ਆਪਣੇ ਨੇਤਾ ਅਤੇ ਆਪਣੇ ਆਪ ਉਤੇ ਪੂਰਾ ਵਿਸ਼ਵਾਸ ਸੀ।

ਸਮਰਾਜਵਾਦ-ਵਿਰੋਧੀ ਸੰਘਰਸ਼ ਵਿਚ 1930-31 ਦਾ ਸਿਵਿਲ ਨਾਫਰਮਾਨੀ ਅੰਦੋਲਨ ਇਕ ਅਤਿਅੰਤ ਮਹੱਤਵਪੂਰਨ ਦੌਰ ਨੂੰ ਰੇਖਾਂਕਿਤ ਕਰਦਾ ਹੈ। ਇਸ ਵਿਚ ਜੇਲ ਜਾਣ ਵਾਲਿਆਂ ਦੀ ਅੰਦਾਜਨ ਗਿਣਤੀ 90,000 ਦੇ ਕਰੀਬਨ ਸੀ। ਇਹ ਗਿਣਤੀ 1920-22 ਦੇ ਅਸਹਿਯੋਗ ਅੰਦੋਲਨ ਵਿਚ ਭਾਗ ਲੈਣ ਵਾਲਿਆਂ ਤੋਂ ਤਿੰਨ ਗੁਣੀ ਤੋਜ਼ ਵੀ ਜ਼ਿਆਦਾ ਸੀ। ਬ੍ਰਿਟੇਨ ਤੋਂ ਆਇਤਿਤ ਕਪੜੇ ਦੀ ਮਾਤਰਾ ਡਿਗ ਕੇ ਇਕ ਤਿਹਾਹੀ ਰਹਿ ਗਈ ਸੀ। ਹੋਰ ਆਇਤਿਤ ਚੀਜਾਂ, ਜਿਵੇਂ ਸਿਗਰਟ ਦਾ ਵੀ ਉਹੀ ਹਾਲ ਹੋਇਆ ਸੀ। ਸ਼ਰਾਬ ਅਤੇ ਭੂਰਾਜੱਸਵ ਤੋਂ ਹੋਣ ਵਾਲੀ ਸਰਕਾਰ ਦੀ ਆਮਦਨੀ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਸੀ। ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਬਹਿਸ਼ਕਾਰ ਅਤਿਅੰਤ ਪ੍ਰਭਾਵੀ ਤਰੀਕੇ ਨਾਲ ਕੀਤਾ ਗਿਆ ਸੀ। ਹਿੰਦੁਸਤਾਨ ਦੇ ਬਹੁਤ ਵਡੇ ਸਮਾਜਿਕ ਵਰਗ ਨੂੰ ਰਾਜਨੀਤਿਕ ਰੂਪ ਵਿਚ ਜਾਗਰੂਕ ਬਣਾ ਕੇ ਉਨ੍ਹਾਂ ਵਿਚ ਰਾਸ਼ਟਰੀਅਤਾ ਦੇ ਪ੍ਰਤੀ ਝੁਕਾਵ ਪੈਦਾ ਕੀਤਾ ਜਾ ਚੁੱਕਾ ਸੀ। ਇਕ ਤਰਫ ਜੇ ਤਮਿਲਨਾਡੂ ਅਤੇ ਪੰਜਾਬ ਦੇ ਸ਼ਹਿਰੀ ਵਿਵਸਾਈ ਵਰਗ ਨੂੰ ਅਤੇ ਵਿਦਿਆਰਥੀਆਂ ਨੂੰ ਜ਼ਿਆਦਾ ਕਾਰਜਸ਼ੀਲ ਬਣਾ ਦਿਤਾ ਗਿਆ ਤਾਂ ਗੁਜਰਾਤ, ਸੰਯੁਕਤ ਪ੍ਰਾਂਤ, ਬੰਗਾਲ, ਬਿਹਾਰ ਅਤੇ ਆਂਧਰ ਪ੍ਰਦੇਸ਼ ਦੇ ਕਿਸਾਨ ਪਹਿਲੀ ਲਾਈਨ ਵਿਚ ਆਕੇ ਖੜੇ ਹੋ ਗਏ ਸੀ ਅਤੇ ਮੱਧ ਭਾਰਤ, ਮਹਾਰਾਸ਼ਟਰ, ਕਰਨਾਟਕ ਅਤੇ ਬੰਗਾਲ ਦੀ ਜਨ-ਜਾਤੀਆ ਵੀ ਕਿਸੇ ਤੋਂ ਪਿਛੇ ਨਹੀਂ ਸਨ। ਮਜਦੂਰ ਵਰਗ ਵੀ ਇਸ ਪਰਿਦ੍ਰਿਸ਼ ਤੋਂ ਬਾਹਰ ਨਹੀਂ ਸੀ। ਇਨ੍ਹਾਂ ਲੋਕਾਂ ਨੇ ਬੰਬਈ, ਕਲਕੱਤਾ ਅਤੇ ਮਦਰਾਸ ਵਿਚ ਕਈ ਵਿਸ਼ਾਲ ਸਮੂਹਕ ਪ੍ਰਦਰਸ਼ਨਾਂ ਵਿਚ ਭਾਗ ਲਿਆ ਸੀ। ਸ਼ੋਲਾਪੁਰ ਦੇ ਮਜ਼ਦੂਰ ਇਨ੍ਹਾਂ ਵਿਚੋਂ ਸਭ ਤੋਂ ਅਗਲੀ ਲਾਈਨ ਵਿਚ ਸਨ।

ਸਿਵਿਲ ਨਾਫਰਮਾਨੀ ਅੰਦੋਲਨ ਵਿਚ ਮੁਸਲਮਾਨਾਂ ਦੀ ਭਾਗੀਦਾਰੀ ਨਿਸ਼ਚਿਤ ਰੂਪ ਵਿਚ 1920-22 ਦੇ ਅੰਦੋਲਨ ਦੀ ਤੁਲਨਾ ਵਿਚ ਨਾ ਬਰਾਬਰ ਸੀ। ਸੰਪਰਦਾਇਕ ਨੇਤਾਵਾਂ ਨੇ ਅਲੱਗ ਰਹਿਣ ਦੀ ਅਪੀਲ ਕੀਤੀ ਸੀ। ਇਸੇ ਦੇ ਨਾਲ ਸਰਕਾਰ ਨੇ ਰਾਸ਼ਟਰਵਾਦੀ ਸ਼ਕਤੀਆਂ ਨੂੰ ਕਮਜ਼ੋਰ ਕਰਨ ਦੇ ਲਈ ਸੰਪਰਦਾਇਕ ਮਤਭੇਦਾਂ ਨੂੰ ਹਵਾ ਦਿਤੀ ਸੀ। ਇਨ੍ਹਾਂ ਗੱਲਾਂ ਦਾ ਅਸਰ ਅੰਦੋਲਨ ਵੁਤੇ ਵੀ ਪਿਆ ਸੀ। ਇਨ੍ਹਾਂ ਗੱਲਾਂ ਦੇ ਬਾਵਜੂਦ ਮੁਸਲਮਾਨਾਂ ਦੀ ਭਾਗੀਦਾਰੀ ਨੂੰ ਮਹੱਤਵਹੀਨ ਨਹੀਜ਼ ਕਿਹਾ ਜਾ ਸਕਦਾ। ਪੱਛਮੋਤਰ ਪ੍ਰਾਂਤਾਂ ਵਿਚ, ਜਿਵੇਂ ਕਿ ਸਭ ਨੂੰ ਪਤਾ ਹੈ, ਉਨ੍ਹਾਂ ਦੀ ਭਾਗੀਦਾਰੀ ਬੜੀ ਜ਼ਬਰਦਸਤ ਸੀ। ਉਦਾਹਰਣ ਦੇ ਰੂਪ ਵਿਚ ਤਨਿਕਾ ਸਰਕਾਰ ਨੇ ਦਰਸ਼ਾਇਆ ਹੇ ਕਿ ਬੰਗਾਲ ਵਿਚ ਸੇਨ ਹੱਟਾ, ਤ੍ਰਿਪੁਰਾ, ਗੈਬੰਧਾ, ਬਾਂਗੁਰਾ ਅਤੇ ਨੋਵਾਖਾਲੀ ਵਿਚ ਮੱਧਵਰਗੀ ਮੁਸਲਮਾਨਾਂ ਦੀ ਭਾਗੀਦਾਰੀ ਬਹੁਤ ਮਹੱਤਵਪੂਰਨ ਸੀ। ਢਾਕਾ ਵਿਚ ਮੁਸਲਮਾਨ ਵਿਦਿਆਰਕੀ, ਦੁਕਾਨਦਾਰ ਅਤੇ ਇਥੋਂ ਤਕ ਕਿ ਨੀਵੇਂ ਤਬਕੇ ਦੀ ਆਮ ਜਨਤਾ ਨੇ ਵੀ ਅੰਦੋਲਨ ਨੂੰ ਆਪਣਾ ਸਮਰਥਨ ਦਿਤਾ ਸੀ। ਉਚ ਵਰਗੀ ਅਤੇ ਮੱਧਵਰਗੀ ਮੁਸਲਮਾਨ ਔਰਤਾਂ ਵੀ ਕਾਰਜਸ਼ੀਲ ਸਨ। ਬਿਹਾਰ ਨੂੰ ਅਤਿਅਤ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਅੰਦੋਲਨ ਵਿਚ ਲਾਮਬੰਦ ਕੀਤਾ ਗਿਆ ਸੀ ਜਿਵੇਂ ਕਿ ਦੇਸ਼ ਦੇ ਦੂਜੇ ਹਿੱਸਿਆਂ ਵਿਚ ਦੂਜੇ ਵਰਗਾਂ ਨੂੰ ਕੀਤਾ ਗਿਆ ਸੀ।

ਇਸ ਅੰਦੋਲਨ ਨੂੰ ਜੋ ਸਮਰਥਣ ਗਰੀਬਾਂ ਅਤੇ ਅਨਪੜ੍ਹ ਲੋਕਾਂ ਤੋਂ ਪ੍ਰਾਪਤ ਹੋਇਆ ਸੀ, ਕਸਬਿਆਂ ਅਤੇ ਪਿੰਡਾਂ ਦੋਵਾਂ ਸਥਾਨਾਂ ਉਤੇ, ਉਹ ਵਾਸਤਵ ਵਿਚ ਅਦਭੁਤ ਅਤੇ ਅਪੂਰਬ ਸੀ। ਉਨ੍ਹਾਂ ਦੀ ਭਾਗੀਧਾਰੀ ਦੀ ਝਲਕ ਜੇਲ ਜਾਣ ਵਾਲਿਆਂ ਦੀ ਸੰਖਿਆ ਦੇ ਸਰਕਾਰੀ ਅੰਕੜਿਆਂ ਤੋਂ ਵੀ ਮਿਲਦੀ ਹੈ ਅਤੇ ਅਨੇਕ ਰੂਪਾਂ ਵਿਚ ਅੰਦੋਲਨਾਂ ਵਿਚ ਭਾਗੀਦਾਰੀ ਦਾ ਇਕ ਰੂਪ ਜੇਲ ਜਾਦਾ ਵੀ ਸੀ। ਬੰਗਾਲ ਦੇ ਪੁਲਿਸ ਇੰਸਪੈਕਟਰ ਜਨਰਲ ਨੇ ਇਸ ਗਲ ਉਤੇ ਗੋਰ ਕਰਦੇ ਹੋਏ ਆਮ ਸਰਕਾਰੀ ਦੁਬਿਧਾ ਨੂੰ ਵਿਅਕਤ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ, "ਮੈਨੂੰ ਇਸ ਗਲ ਦਾ ਕਦੇ ਅੰਦਾਜ਼ਾ ਨਹੀਂ ਸੀ ਕਿ ਕਾਂਗਰਸ ਨੂੰ ਇਸ ਪ੍ਰਕਾਰ ਦੇ ਅਗਿਆਨੀ ਅਤੇ ਗਵਾਰ ਲੋਕਾਂ ਦਾ ਵੀ ਸਹਿਯੋਗ ਪ੍ਰਾਪਤ ਹੋਏਗਾ।"

ਭਾਰਤੀ ਔਰਤਾਂ ਲਈ ਇਹ ਅੰਦੋਲਲ ਉਸ ਸਮੇਂ ਤਕ ਦੇ ਅੰਦੋਲਨਾਂ ਵਿਚ ਸਭ ਤੋਂ ਜ਼ਿਆਦਾ ਮੁਕਤੀਦਾਈ ਸੀ ਅਤੇ ਕਿਹਾ ਜਾ ਸਕਦਾ ਹੈ ਕਿ ਇਸੇ ਦੇ ਜ਼ਰੀਏ ਉਨ੍ਹਾਂ ਨੇ ਜਨ-ਜੀਵਨ ਵਿਚ ਆਪਣਾ ਅਸਥਾਨ ਬਣਾਇਆ।

ਨੋਟ

### ਸਵ-ਮੁਲਾਂਕਣ (Self Assessment)

**2. ਸਹੀ ਵਿਕਲਪ ਚੁਣੋ (Choose the Correct option)–**

1. ਸਵਿਨੇਅ ਅਵਗਿਆ ਅੰਦੋਲਨ ਸ਼ੁਰੂ ਕਰਨ ਦਾ ਅਧਿਕਾਰ ਕਾਂਗਰਸ ਕਾਰਜਕਾਰਨੀ ਨੇ ਕਾਂਗਰਸ ਨੂੰ ਕਦੋਂ ਦਿਤਾ–

   (*a*) ਲਾਹੌਰ (*b*) ਕਲਕੱਤਾ (1929)

   (*c*) ਬੰਬਈ 1929 (*d*) ਮਦਰਾਸ 1929

2. ਗਾਂਧੀਜੀ ਨੂੰ ਨਮਕ ਕਾਨੂੰਨ ਤੋੜਣ ਦੇ ਲਈ ਅਹਿਮਦਾਬਾਦ ਮੁਖਿਆਲਾ ਵਿਚ ਗੁਜਰਾਤ ਦੇ ਪਿੰਡਾਂ ਵਿਚ ਹੁੰਦੇ ਹੋਏ ਕਿੰਨੇ ਮੀਲ ਯਾਤਰਾ ਕਰਨੀ ਪਈ ਸੀ–

   (*a*) 200 ਮੀਲ (*b*) 220 ਮੀਲ (*c*) 240 ਮੀਲ (*d*) 250 ਮੀਲ

3. ਗਾਂਧੀ ਜੀ ਨੇ ਮੁੱਠੀ ਵਿਚ ਨਮਕ ਹਥ ਵਿਚ ਲੈ ਕੇ ਸਿਵਿਲ ਅਵਗਿਆ ਅੰਦੋਲਨ ਦਾ ਸ਼੍ਰੀਗਣੇਸ਼ ਕਿਸ ਤਰੀਖ ਨੂੰ ਕੀਤਾ–

   (*a*) 6 ਅਪ੍ਰੈਲ 1929 (*b*) 6 ਅਪ੍ਰੈਲ 1930

   (*c*) 6 ਅਪ੍ਰੈਲ 1932 (*d*) 6 ਅਪ੍ਰੈਲ 1936

4. ਉਹ ਸਥਾਨ ਜਿਥੇ ਗੜਵਾਲ ਰੈਜੀਮੈਂਟ ਦੇ ਸਿਪਾਹੀਆਂ ਨੇ ਨਿਹੱਥੀ ਭੀੜ ਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿਤਾ—

   (*a*) ਲਾਹੌਰ (*b*) ਪੇਸ਼ਾਵਰ (*c*) ਬੰਬਈ (*d*) ਕਲਕੱਤਾ

5. ਸਿਵਿਲ ਅਵਗਿਆ ਅੰਦੋਲਨ ਦੇ ਦੌਰਾਨ ਮਹਾਂਰਾਸ਼ਟਰ ਦੇ ਕਿਸ ਸਥਾਨ ਉਤੇ ਲੋਕਾਂ ਨੇ ਲਗਭਗ ਸਮਾਨਾਂਤਰ ਸਰਕਾਰ ਕਾਇਮ ਕਰ ਲਈ–

   (*a*) ਸ਼ੋਲਾਪੁਰ (*b*) ਨਾਗਪੁਰ (*c*) ਬੰਬਈ (*d*) ਥਾਣਾ

## 10.3 ਭਾਰਤ ਛੱਡੋ ਅੰਦੋਲਨ (Quit India Movement)

ਭਾਰਤ ਛੱਡੋ ਅੰਦੋਲਨ, ਜਿਸ ਨੂੰ ਅਗਸਤ ਕ੍ਰਾਂਤੀ ਵੀ ਕਿਹਾ ਜਾਂਦਾ ਹੈ, ਭਾਰਤੀ ਜਨਤਾ ਦੀ ਬਹਾਦਰੀ ਅਤੇ ਲੜਾਕੂਪਨ ਦੀ ਅਦੁਤੀ ਮਿਸਾਲ ਹੈ। ਉਨ੍ਹਾਂ ਦਾ ਦਮਲ ਵੀ ਉਨ੍ਹਾਂ ਹੀ ਪਾਸ਼ਵਿਕ ਅਤੇ ਅਭੂਤਪੂਰਬ ਸੀ। ਯੁਧ ਦੀ ਆੜ ਲੈ ਕੇ ਸਰਕਾਰ ਨੇ ਆਪਣੇ ਨੂੰ ਸਖਤ ਤੋਂ ਸਖਤ ਕਾਨੂੰਨ ਨਾਲ ਲੈਸ ਕਰ ਲਿਆ ਸੀ ਅਤੇਸ਼ਾਂਤੀਪੂਰਨ ਰਾਜਨੀਤਿਕ ਗਤੀਵਿਧੀਆਂ ਨੂੰ ਵੀ ਪ੍ਰਤੀਬੰਧਿਤ ਕਰ ਦਿਤਾ ਗਿਆ ਸੀ।

ਪਹਿਲੀ ਗਲ ਤਾਂ ਇਹ ਹੈ ਇਹ ਮਾਰਚ 1942 ਵਿਚ ਕ੍ਰਿਪਸ ਮਿਸ਼ਨ ਦੀ ਅਸਫਲਤਾ ਨਾਲ ਇਹ ਸਪਸ਼ਟ ਹੋ ਗਿਆ ਸੀ ਕਿ ਬ੍ਰਿਟਿਸ਼ ਸਰਕਾਰ ਯੁਧ ਵਿਚ ਭਾਰਤ ਦੀ ਅਣਇਛੁਕ ਸਾਝੇਦਾਰੀ ਨੂੰ ਤਾਂ ਬਰਕਰਾਰ ਰਖਣਾ ਚਾਹੁੰਦੀ ਹੈ, ਲੇਕਿਲ ਕਿਸੇ ਸਨਮਾਨਜਨਕ ਸਮਝੌਤੇ ਲਈ ਤਿਆਰ ਨਹੀਂ ਹੈ। ਨਹਿਰੂ ਅਤੇ ਗਾਂਧੀ ਵਰਗੇ ਲੋਕ ਵੀ ਸਨ, ਜੋ ਇਸ ਫਾਸਿਸਟ-ਵਿਰੋਧੀ ਯੁਧ ਨੂੰ ਕਿਸੇ ਵੀ ਤਰ੍ਹਾਂ ਕਮਜ਼ੋਰ ਕਰਨਾ ਨਹੀਂ ਚਾਹੁੰਦੇ ਸਨ, ਇਸ ਨਿਸ਼ਕਰਸ਼ ਉਤੇ ਪਹੁੰਚ ਗਏ ਸੀ ਅਤੇ ਜ਼ਿਆਦਾ ਚੁਪ ਰਹਿਦਾ ਸਵੀਕਾਰ ਕਰ ਲੈਣਾ ਹੈ ਕਿ ਬ੍ਰਿਟਿਸ਼ ਸਰਕਾਾਰ ਨੂੰ ਭਾਰਤੀ ਜਨਤਾ ਦੀ ਇੱਛਾ ਜਾਣੇ ਬਗੈਰ ਭਾਰਤ ਦਾ ਭਾਗ ਤੈਅ ਕਰਣ ਦਾ ਅਧਿਕਾਰ ਹੈ। 'ਕਰੋ ਜਾਂ ਮਰੋ' ਵਾਲੇ ਆਪਣੇ ਭਾਸ਼ਣ ਵਿਚ ਵੀ ਗਾਂਧੀਜੀ ਨੇ ਸਾਫ-ਸਾਫ ਕਿਹਾ ਸੀ ਕਿ "ਮੈਂ ਰੂਸ ਜਾਂ ਚੀਨ ਦੀ ਹਾਰ ਦਾ ਔਜਾਰ ਬਣਨਾ ਨਹੀਂ ਚਾਹੁੰਦਾ।" ਲੇਕਿਨ 1942 ਦੇ ਬਸੰਤ ਤਕ ਉਨ੍ਹਾਂ ਨੂੰ ਲਗਣ ਲਗਿਆ ਸੀ ਕਿ ਸੰਘਰਸ਼ ਅਪਰਿਹਾਰੇ ਹੈ। ਕ੍ਰਿਪਸ ਦੀ ਵਾਪਸੀ ਦੇ ਇਕ ਪਖਵਾੜੇ ਬਾਅਦ ਹੀ ਉਨ੍ਹਾਂ ਨੇ ਕਾਂਗਰਸ ਕਾਰਜਸਮੀਤੀ ਦੇ ਲਈ ਇਕ ਪ੍ਰਸਤਾਵ ਤਿਆਰ ਕੀਤਾ, ਜਿਸ ਵਿਚ ਬ੍ਰਿਟੇਨ ਨੂੰ ਭਾਰਤ ਛੱਡਣ ਦੇ ਲਈ ਕਿਹਾ ਗਿਹਾ ਸੀ ਅਤੇ ਭਾਰਤੀ ਜਨਤਾ ਨੂੰ ਕਿਹਾ ਗਿਆ ਸੀ ਕਿ ਜਾਪਾਨ ਦਾ ਹਮਲਾ ਹੋਵੇ, ਤਾਂ ਉਹ ਅਹਿੰਸਕ ਅਸਹਿਯੋਗ ਕਰਣ। ਨਹਿਰੂ ਅਗਸਤ ਤਕ ਸੰਘਰਯ ਦੇ ਖਿਲਾਫ ਰਹੇ, ਪਰ ਅੰਤਤ: ਉਹ ਵੀ ਸਹਿਮਤ ਹੋ ਗਏ।

ਸੰਘਰਸ਼ ਅਪਰਿਹਾਰੇਅ ਇਸ ਲਈ ਵੀ ਹੁੰਦਾ ਜਾ ਰਿਹਾ ਸੀ ਕਿ ਯੁਧ ਦੇ ਕਾਰਨ ਵਧਦੀ ਕੀਮਤਾਂ ਅਤੇ ਜ਼ਰੂਰੀ ਚੀਜ਼ਾਂ ਦੇ ਅਭਾਵ ਦੇ ਜਨਸਾਧਾਰਨ ਵਿਚ ਬਹੁਤ ਅਸੰਤੋਖ ਸੀ। ਬੰਗਾਲ ਅਤੇ ਉੜੀਸਾ ਦੀ ਨਾਵਾਂ ਨੂੰ ਜਾਪਾਨੀਆਂ ਦੁਆਰਾ ਉਨ੍ਹਾਂ ਦੇ ਸੰਭਾਵਤ ਇਸਤੇਮਾਲ ਨੂੰ ਰੋਕਣ ਦੇ ਲਈ ਸਰਕਾਰ ਦੁਆਰਾ ਜ਼ਬਤ ਕਰ ਲਿਆ ਗਿਆ ਸੀ, ਜਿਸ ਨਾਲ ਲੋਕਾਂ ਨੂੰ ਦਿੱਕਤ ਹੋ ਰਹੀ ਸੀ। ਸਿੰਚਾਈ ਦੀ ਨਹਿਰਾਂ ਦਾ ਕਿਤੇ ਜਾਪਾਨੀ 'ਜਲ-ਪਰਿਵਹਨ ਦੇ ਲਈ ਇਸਤੇ ਨਾ ਕਰ ਲਵੇ, ਇਹ ਸੋਚ ਕੇ ਨਹਿਰਾਂ ਦਾ ਪਾਣੀ ਵਹਾ ਦਿਤਾ ਗਿਆ, ਜਿਸ ਨਾਲ ਖੇਤ ਸੁਕਣ ਲਗੇ ਸੀ। ਮਕਾਨਾਂ ਅਤੇ ਮੋਟਰ ਗੱਡੀਆਂ ਉਤੇ ਵੀ ਸੈਨਾ ਨੇ ਕਬਜ਼ਾ ਕਰ ਲਿਆ ਸੀ। ਜਨਤਾ ਖੁਸ਼ੀ-ਖੁਸ਼ੀ ਯੁਧ

ਨੋਟ

ਵਿਚ ਸ਼ਾਮਲ ਹੁੰਦੀ, ਤਾਂ ਉਸ ਨੂੰ ਇਹ ਸਭ ਨਹੀਂ ਅਖਰਦਾ, ਲੇਕਿਨ ਇਥੇ ਤਾਂ ਸਭ ਕੁਝ ਉਸ ਉਤੇ ਲਦਿਆ ਜਾ ਰਿਹਾ ਸੀ। ਨਾਲ ਹੀ ਉਸ ਨੂੰ ਇਹ ਵੀ ਲਗ ਰਿਹਾ ਸੀ ਕਿ ਬ੍ਰਿਟੇਨ ਦੀ ਹਾਰ ਹੋਣ ਵਾਲੀ ਹੈ। ਦੱਖਣ ਪੂਰਬ ਏਸ਼ੀਆ ਤੋਂ ਬ੍ਰਿਟੇਨ ਹਟ ਗਿਆ ਸੀ ਅਤੇ ਅਸਮ-ਬਰਮਾ ਸੀਮਾ ਨਾਲ ਆਉਣ ਵਾਲੀ ਰੇਲਗੱਡੀਆਂ ਫੱਟੜ ਸਿਪਾਹੀਆਂ ਨਾਲ ਭਰੀ ਹੁੰਦੀਆਂ ਸਨ। ਜਦ ਸਿੰਗਾਪੁਰ ਅਤੇ ਰੰਗੂਨ ਉਤੇ ਫਾਸੀਵਾਦੀ ਤਾਕਤਾਂ ਦਾ ਕਬਜ਼ਾ ਹੋ ਗਿਆ ਅਤੇ ਕਲਕੱਤਾ ਉਤੇ ਬਮ ਸੁਟੇ ਜਾਣ ਲਗੇ ਤਾਂ ਭਗਦੜ ਮਚ ਗਈ-1942 ਦੇ ਜੂਨ ਅਤੇ ਜੁਲਾਈ ਵਿਚ 46 ਲੋਕ ਜਮਸ਼ੇਦਪੁਰ ਤੋਂ ਭਜ ਗਏ ਅਤੇ ਪੂਰਬੀ ਯੂ.ਪੀ. ਅਤੇ ਬਿਹਾਰ ਤੋਂ ਭੱਜ ਕੇ 50 ਹਜਾਰ ਆਦਮੀ ਕਾਨਪੁਰ ਪਹੁੰਚੇ। ਮਲਾਇਆ ਅਤੇ ਸਥਾਨਕ ਲੋਕਾਂ ਨੂੰ ਉਨ੍ਹਾਂ ਦੇ ਭਾਗ ਉਤੇ ਛਡ ਦਿਤਾ ਗਿਆ ਸੀ। ਭਾਰਤ ਦੇ ਲੋਕ ਸੋਚਣ ਲਗ ਪਏ ਸੀ ਕਿ ਜੇਕਰ ਜਾਪਾਨੀ ਹਮਲਾ ਹੋਇਆ ਤਾਂ ਅੰਗ੍ਰੇਜ਼ ਇਥੇ ਵੀ ਉਸੀ ਤਰ੍ਹਾਂ ਵਿਸ਼ਵਾਸਘਾਤ ਕਰਣਗੇ। ਰਾਸ਼ਟਰੀ ਅੰਦੋਲਨ ਦੇ ਨੇਤਾਵਾਂ ਨੂੰ ਸੰਘਰਸ਼ ਛੇੜਣ ਦੀ ਜ਼ਰੂਰਤ ਇਸਲਈ ਵੀ ਮਹਿਸੂਸ ਹੋਈ ਕਿ ਲੋਕਾਂ ਵਿਚ ਨਿਰਾਸ਼ਾ ਫੈਲ ਰਹੀ ਸੀ ਅਤੇ ਇਹ ਉਮੀਦ ਪੈਦਾ ਹੋ ਗਈ ਸੀ ਕਿ ਕਿਤੇ ਜਾਪਾਨੀ ਹਮਲੇ ਦਾ ਜਨਤਾ ਦੁਆਰਾ ਕੋਈ ਪ੍ਰਤੀਰੋਧ ਹੀ ਨਾ ਹੋਵੇ।

ਹੋਲੀ-ਹੋਲੀ ਬ੍ਰਿਟਿਸ਼ ਸ਼ਾਸਨ ਵਿਚ ਜਨਸਾਧਾਰਨ ਦੀ ਆਸਥਾ ਇੰਨੀ ਘਟ ਗਈ ਕਿ ਲੋਕ ਬੈਕਾਂ ਅਤੇ ਡਾਕਘਰਾਂ ਤੋਂ ਆਪਣਾ ਰੁਪਈਆਂ ਕੱਢਣ ਲਗੇ ਅਤੇ ਆਪਣੀ ਬਚਤ ਨੂੰ ਸੋਨੇ, ਚਾਂਦੀ ਅਤੇ ਸਿੱਕਿਆਂ ਵਿਚ ਬਦਲ ਕੇ ਰਖਣ ਲਗੇ। ਪੂਰਬੀ ਸੰਯੁਕਤ ਪ੍ਰਾਂਤ (ਯੂ.ਪੀ) ਅਤੇ ਬਿਹਾਰ ਵਿਚ ਅਨਾਜ ਦੀ ਜਮਾਖੋਰੀ ਇੰਨੀ ਵਧ ਗਈ ਕਿ ਬਿਹਾਰ ਦੇ ਰਾਜਪਾਲ ਸਟੀਵਾਰਟ ਨੇ ਸਰਕਾਰ ਨੂੰ ਲਿਖਿਆ-"ਚਾਵਲ ਦੀ ਕੋਈ ਕਮੀ ਨਹੀਂ ਹੈ, ਪਰ ਉਹ ਬਾਜਾਰ ਵਿਚ ਨਹੀਂ ਆਏਗਾ। ਸਰਕਾਰੀ ਅਧਿਗ੍ਰਹਿਣ ਤੋਂ ਬਚਣ ਲਈ ਵਿਉਪਾਰੀਆਂ ਨੇ ਆਪਣੇ ਜਖੀਰਿਆਂ ਨੂੰ ਬੈਂਕਾਂ ਦੇ ਕੋਲ ਬੰਧਕ ਰਖ ਦਿਤਾ ਹੈ। ਪਤਾ ਚਲਿਆ ਹੈ ਕਿ ਉਤਰ ਬਿਹਾਰ ਵਿਚ ਬੈਂਕਾਂ ਦੇ ਕੋਲ ਬੰਧਕ ਅਨਾਜ ਉਸਦਾ ਤਿੰਨ ਗੁਣਾ ਹੈ, ਜਿਤਨਾ ਇਸ ਮੌਸਮ ਵਿਚ ਆਮ ਤੌਰ ਤੇ ਰਹਿੰਦਾ ਹੈ।"

ਵੈਸੇ ਤਾਂ ਗਾਂਧੀਜੀ ਆਉਣ ਵਾਲੇ ਸੰਘਰਸ਼ ਦੇ ਬਾਰੇ ਵਿਚ ਚਰਚਾ ਕਰਦੇ ਹੀ ਆ ਰਹੇ ਸਨ, ਉਹ ਹੁਣ ਦੇਰ ਕਰਨਾ ਉਨ੍ਹਾਂ ਨੂੰ ਗਲਤ ਲਗਣ ਲਗਾ ਸੀ ਓਨ੍ਹਾਂ ਨੇ ਕਾਂਗਰਸ ਨੂੰ ਇਹ ਚੁਣੋਤੀ ਵੀ ਦੇ ਦਿਤੀ ਕਿ ਅਗਰ ਉਸਨੇ ਸੰਘਰਸ਼ ਦਾ ਉਨ੍ਹਾਂ ਦਾ ਪ੍ਰਸਤਾਵ ਸਵੀਕਾਰ ਨਹੀਂ ਕੀਤਾ ਤਾਂ "ਮੈਂ ਦੇਸ਼ ਦੀ ਮਿੱਟੀ ਨਾਲ ਹੀ ਕਾਂਗਰਸ ਨਾਲੋਂ ਵੀ ਵਡਾ ਅੰਦੋਲਨ ਖੜਾ ਕਰ ਦੇਵਾਂਗਾ।" ਨਤੀਜਨ ਕਾਂਗਰਸ ਕਾਰਜਸਮੀਤੀ ਨੇ ਵਰਘਾ ਦੀ ਆਪਦੀ ਬੈਠਕ (14 ਜੁਲਾਈ 1942) ਵਿਚ ਸੰਘਰਸ਼ ਦੇ ਨਿਰਣੇ ਨੂੰ ਆਪਣੀ ਸਵੀਕ੍ਰਿਤੀ ਦੇ ਦਿਤੀ। ਅਗਲੇ ਮਹੀਨੇ ਅਖਿਲ ਭਾਰਤੀ ਕਾਂਗਰਸ ਸਮੀਤੀ ਦੀ ਬੈਠਕ ਹੋਣ ਵਾਲੀ ਸੀ, ਜਿਸ ਵਿਚ ਇਸ ਪ੍ਰਸਤਾਵ ਦਾ ਅਨੁਮੋਦਨ ਹੋਣਾ ਸੀ। ਇਤਿਹਾਸਕ ਸਭਾ ਬੰਬਈ ਦੇ ਗਵਾਲੀਆ ਟੈਂਕ ਵਿਚ ਹੋਈ। ਜਨਤਾ ਦਾ ਉਤਸਾਹ ਦੇਖਦੇ ਹੀ ਬਣਦਾ ਸੀ। ਅੰਦਰ ਤਾਂ ਨੇਤਾ ਵਿਭਿੰਨ ਮੁਦਿਆਂ ਉਤੇ ਵਿਚਾਰ-ਵਿਮਰਸ਼ ਕਰ ਰਹੇ ਸਨ ਅਤੇ ਬਾਹਰ ਜਨਸਮੁੰਦਰ ਉਮੜ ਰਿਹਾ ਸੀ। ਨੇਤਾਵਾਂ ਨੇ ਨਿਰਣਾ ਜਾਣਨ ਦੀ ਉਤਸੁਕਤਾ ਇੰਨੀ ਸੀ ਕਿ ਖੁਲੇ ਅਧਿਵੇਸ਼ਨ ਵਿਚ ਜਦ ਭਾਸ਼ਣ ਹੋਣ ਲਗੇ ਤਾਂ ਹਜ਼ਾਰਾਂ ਦੀ ਭੀੜ ਹੋਣ ਦੇ ਬਾਵਜੂਦ ਸਭਾ ਵਿਚ ਪੂਰੀ ਸ਼ਾਂਤੀ ਸੀ।

## ਕਰੋ ਜਾਂ ਮਰੋ

ਗਾਂਧੀਜੀ ਦੇ ਭਾਸ਼ਣ ਦਾ ਬਿਜਲੀ ਵਰਗਾ ਅਸਰ ਹੋਇਆ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਨੇ ਸਪਸ਼ਟ ਕੀਤਾ ਕਿ "ਅਸਲੀ ਸੰਘਰਸ਼ ਇਸੇ ਪਲ ਸ਼ੁਰੂ ਨਹੀਂ ਹੋ ਰਿਹਾ ਹੈ। ਤਸੀਂ ਆਪਣਾ ਫੈਸਲਾ ਕਰਨ ਦਾ ਸੰਪੂਰਨ ਅਧਿਕਾਰ ਮੈਨੂੰ ਸੌਂਪਿਆ ਹੈ। ਹੁਣ ਮੈਂ ਵਾਇਸਰਾਏ ਨਾਲ ਮਿਲਾਂਗਾ ਅਤੇ ਉਨ੍ਹਾਂ ਨੂੰ ਕਹਾਂਗਾ ਕਿ ਉਹ ਕਾਂਗਰਸ ਦਾ ਪ੍ਰਸਤਾਵ ਸਵੀਕਾਰ ਕਰ ਲੈਣ। ਇਸ ਵਿਚ ਦੋ ਤਿੰਨ ਹਫਤੇ ਲਗ ਜਾਣਗੇ।" ਲੇਕਿਨ "ਇੰਨਾ ਤੁਸੀਂ ਨਿਸ਼ਚਿਤ ਜਾਣ ਲਵੋ ਕਿ ਮੈਂ ਮੰਤਰੀਮੰਡਲਾਂ ਵਗੈਰਾ ਉਤੇ ਵਾਇਸਰਾਏ ਨਾਲ ਕੋਈ ਸਮਝੌਤਾ ਕਰਨ ਨਹੀਂ ਜਾ ਰਿਹਾ ਹਾਂ। ਸੰਪੂਰਨ ਆਜਾਦੀ ਤੋਂ ਘਟ ਕਿਸੀ ਵੀ ਚੀਜ ਤੋਂ ਮੈਂ ਸੰਤੁਸ਼ਟ ਹੋਣ ਵਾਲਾ ਨਹੀਂ। ਹੋ ਸਕਦਾ ਹੈ ਕਿ ਉਹ ਨਮਕ ਟੈਕਸ, ਸ਼ਰਾਬਖੋਰੀ ਆਦਿ ਖਤਮ ਕਰਨ ਦਾ ਪ੍ਰਸਤਾਵ ਦੇਣ। ਲੇਕਿਨ ਮੇਰੇ ਸ਼ਬਦ ਹੋਣਗੇ, 'ਆਜਾਦੀ ਤੋਂ ਘਟ ਕੁਝ ਵੀ ਨਹੀਂ।'" ਇਸਦੇ ਬਾਅਦ ਹੀ ਉਨ੍ਹਾਂ ਨੇ 'ਕਰੋ ਜਾਂ ਮਰੋ' ਦਾ ਨਾਰਾ ਦਿਤਾ, "ਇਕ ਮੰਤਰ, ਜੋ ਮੈਂ ਤੁਹਾਨੂੰ ਦਿੰਦਾ ਹਾਂ। ਉਸਨੂੰ ਆਪ ਆਪਣੇ ਹਿਰਦੇ ਵਿਚ ਅੰਕਿਤ ਕਰ ਸਕਦੇ ਹੋ ਅਤੇ ਆਪਣੇ ਸਾਹ-ਸਾਹ ਦੁਆਰਾ ਵਿਅਕਤ ਕਰ ਸਕਦੇ ਹੋ। ਉਹ ਮੰਤਰ ਹੈ, ਕਰੋ ਜਾਂ ਮਰੋ, ਜਾਂ ਤੇ ਅਸੀਂ ਭਾਰਤ ਨੂੰ ਆਜ਼ਾਦ ਕਰਾਵਾਂਗੇ ਜਾਂ ਇਸ ਕੋਸ਼ਿਸ਼ ਵਿਚ ਆਪਣੀ ਜਾਨ ਦੇ ਦੇਵਾਂਗੇ। ਆਪਣੀ ਗੁਲਾਮੀ ਦਾ ਸਥਾਈਤਵ ਦੇਖਣ ਲਈ ਅਸੀਂ ਜ਼ਿੰਦਾ ਨਹੀਂ ਰਹਾਂਗੇ।"

ਗਾਂਧੀ ਜੀ ਦੇ ਭਾਸ਼ਣ ਵਿਚ ਵਿਭਿੰਨ ਵਰਗਾਂ ਨੂੰ ਸਾਫ-ਸਾਫ ਨਿਰਦੇਸ਼ ਦਿਤੇ ਗਏ ਸਨ। ਸਰਕਾਰੀ ਕਰਮਚਾਰੀ ਨੌਕਰੀ ਨ ਛਡੋ, ਲੇਕਿਨ ਕਾਂਗਰਸ ਦੇ ਪ੍ਰਤੀ ਆਪਣੀ ਨਿਸ਼ਠਾ ਦੀ ਘੋਸ਼ਣਾ ਕਰ ਦੇਣ। ਸੈਨਿਕ ਆਪਣੇ ਦੇਸ਼ਵਾਸੀਆਂ ਉਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦੇਣ। ਰਾਜਾ-ਮਹਾਰਾਜਾ ਭਾਰਤੀ ਜਨਤਾ ਦੀ ਪ੍ਰਭੂਸੱਤਾ ਸਵੀਕਾਰ ਕਰਨ ਅਤੇ ਉਨ੍ਹਾਂ ਦੀਆਂ ਰਿਆਸਤ ਵਿਚ ਰਹਿਣ ਵਾਲੀ ਜਨਤਾ ਆਪਣੇ ਨੂੰ ਭਾਰਤੀ ਰਾਸ਼ਟਰ ਦਾ ਅੰਗ ਘੋਸ਼ਿਤ ਕਰ ਦੇਣ ਅਤੇ ਰਾਜਿਆਂ ਦੀ ਅਗਵਾਈ ਤਦੋਂ ਮੰਜ਼ੂਰ ਕਰਨ, ਜਦ ਉਹ ਆਪਣਾ ਭਵਿੱਖ ਜਨਤਾ ਦੇ ਨਾਲ ਜੋੜ ਲੈਣ। ਵਿਦਿਆਰਥੀ ਪੜ੍ਹਾਈ ਤਦੋਂ ਛੱਡਣ, ਜਦ ਆਜ਼ਾਦੀ ਹਾਸਲ ਹੋ ਜਾਣ ਤਕ ਆਪਦੇ ਇਸ ਨਿਰਣੇ ਉਤੇ ਦ੍ਰਿੜ ਰਹਿ ਸਕਣ। 7 ਅਗਸਤ ਨੂੰ ਗਾਂਧੀਜੀ ਨੇ ਆਪਣੇ ਨਿਰਦੇਸ਼ ਕਾਂਗਰਸ ਕਾਰਜਸਮੀਤੀ ਵਿਚ ਰਖੇ ਸੀ। ਉਨ੍ਹਾਂ ਵਿਚ ਕਿਸਾਨਾ ਨੂੰ ਕਿਹਾ ਗਿਆ ਸੀ ਕਿ ਜਿਸ ਵਿਚ ਸਾਹਸ ਹੋਵੇ ਅਤੇ ਜੋ ਆਪਣਾ ਸਭ ਕੁਝ ਦਾਅ ਉਤੇ ਲਗਾਉਣ ਲਈ ਤਿਆਰ ਹੋਣ, ਉਨ੍ਹਾਂ ਨੂੰ ਮਾਲਗੁਜ਼ਾਰੀ ਦੇਣ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ ਕਾਸ਼ਤਕਾਰਾਂ ਦੇ ਲਈ ਸੰਦੇਸ਼ ਸੀ, "ਕਾਂਗਰਸ ਮੰਨਸੀ ਹੈ ਕਿ ਜ਼ਮੀਨ ਉਨ੍ਹਾਂ ਦੀ ਹੈ, ਜੋ ਉਸਨੂੰ ਜੋਤਦੇ ਹਨ—ਕਿਸੇ ਹੋਰ ਦੀ ਨਹੀਂ। ਜਿਥੇ ਜਮੀਂਦਾਰੀ ਪ੍ਰਥਾ ਹੈ, ਉਥੇ ਜਮੀਂਦਾਰ ਅਗਰ ਕਾਸ਼ਤਕਾਰਾਂ ਦਾ ਸਾਥ ਦੇਣ, ਤਾਂ ਆਪਸੀ ਰਜ਼ਾਮੰਦੀ ਨਾਲ ਤੈਅ ਕਰਕੇ ਉਸਦਾ ਹਿੱਸਾ ਉਸਨੂੰ ਦਿਤਾ ਜਾਣਾ ਚਾਹੀਦਾ ਹੈ,

ਨੋਟ

ਲੇਕਿਨ ਜਮੀਂਦਾਰ ਅਗਰ ਸਰਕਾਰ ਦਾ ਸਾਥ ਦੇਣ, ਤਾਂ ਉਸਨੂੰ ਕੋਈ ਟੈਕਸ ਦੇਣ ਦੀ ਜ਼ਰੂਰਤ ਨਹੀਂ ਹੈ।" ਆਕਸਮਿਕ ਗਿਰਫਤਾਰੀਆਂ ਦੇ ਕਾਰਨ ਇਹ ਨਿਰਦੇਸ਼ ਜਾਰੀ ਤਾਂ ਨਹੀਂ ਕੀਤੇ ਜਾ ਸਕੇ, ਪਰ ਇਨ੍ਹਾਂ ਨਾਲ ਗਾਂਧੀਜੀ ਦੇ ਇਰਾਦੇ ਸਪਸ਼ਟ ਹੋ ਜਾਂਦੇ ਹਨ।

9 ਅਗਸਤ ਦੇ ਤੜਕੇ ਹੀ ਕਾਂਗਰਸ ਦ ਸਾਰੇ ਵੱਡੇ ਨੇਤਾਵਾਂ ਨੂੰ ਗਿਰਫਤਾਰ ਕਰ ਅਗਿਆਤ ਅਸਥਾਨਾਂ ਤੇ ਭੇਜ ਦਿਤਾ ਗਿਆ। ਸਰਕਾਰ ਯੁਧ ਦੇ ਬਾਅਦ ਤੋਂ ਹੀ ਇਹ ਕਦਮ ਚੁਕਣ ਦੀ ਤਿਆਰੀ ਕਰ ਰਹੀ ਸੀ ਅਤੇ 1940 ਵਿਚ ਹੀ ਉਸਨੇ ਇਕ ਵਿਸਤ੍ਰਿਤ ਕ੍ਰਾਂਤੀਕਾਰੀ ਆਂਦੋਲਨ ਅਧਿਆਦੇਸ਼ ਜਾਰੀ ਕਰ ਦਿਤਾ ਸੀ।

ਅਗਸਤ 1940 ਨੂੰ ਵਾਇਸਰਾਏ ਨੇ ਰਾਜਪਾਲਾਂ ਨੂੰ ਇਕ ਪੱਤਰ ਵਿਚ ਲਿਖਿਆ ਸੀ, "ਮੈਂ ਗਹਿਰਾਈ ਨਾਲ ਮਹਿਸੂਸ ਕਰਦਾ ਹਾਂ ਕਿ ਮੌਜੂਦਾ ਹਾਲਾਤ ਵਿਚ ਜੇਕਰ ਕਾਂਗਰਸ ਦਾ ਕੋਈ ਹਿੱਸਾ 'ਯੁਧ ਦੀ ਘੋਸ਼ਣਾ' ਕਰ ਦਿੰਦਾ ਹੈ, ਤਾਂ ਉਸਦਾ ਇਕ ਮਾਤਰ ਸੰਭਵ ਜਵਾਬ ਇਹੀ ਹੋ ਸਕਦਾ ਹੈ ਕਿ ਪੂਰੇ ਸੰਗਠਨ ਨੂੰ ਹੀ ਕੁਚਲਣ ਦਾ ਇਰਾਦਾ ਘੋਸ਼ਿਤ ਕਰ ਦਿਤਾ ਜਾਵੇ।" ਗਾਂਧੀਜੀ ਬੜੀ ਸਾਵਧਾਨੀ ਨਾਲ ਜਲਦਬਾਜੀ ਨਾਲ ਇਸ ਜਾਲ ਵਿਚ ਫਸਣ ਤੋਂ ਬਚਦੇ ਆ ਰਹੇ ਸਨ ਅਤੇ ਵਿਅਕਤੀਗਤ ਸਤਿਆਗ੍ਰਹਿ, ਲਗਾਤਾਰ ਪ੍ਰਚਾਰ ਤੇ ਸੰਗਠਨਾਤਮਕ ਕਾਰਜਾਂ ਨਾਲ ਅੰਦੋਲਨ ਦਾ ਮਾਹੌਰਲ ਬਣਾਏ ਹੋਏ ਸੀ। ਲੇਕਿਨ ਹੁਣ ਸਰਕਾਰ ਉਨ੍ਹਾਂ ਨੂੰ ਹੋਰ ਸਮਾਂ ਦੇਣ ਨੂੰ ਰਾਜ਼ੀ ਨਹੀਂ ਸੀ। ਇਸਦੇ ਪਹਿਲੇ ਕਿ ਅਖਿਲ ਭਾਰਤੀ ਕਾਂਗਰਸ ਸਮੀਤੀ ਭਾਰਤ ਛੱਡੋ ਪ੍ਰਸਤਾਵ ਪਾਰਿਤ ਕਰੇ, ਗਿਰਫਤਾਰੀ ਅਤੇ ਦਮਨ ਦੇ ਸਰਕਾਰੀ ਨਿਰਦੇਸ਼ ਜਾਰੀ ਹੋ ਗਏ।

ਸਰਕਾਰ ਦੇ ਇਸ ਅਚਾਨਕ ਹਮਲੇ ਨਾਲ ਦੇਸ਼ ਭਰ ਵਿਚ ਤੁਫਾਨ ਜਿਹਾ ਆ ਗਿਆ। ਬੰਬਈ ਵਿਚ ਲੱਖਾਂ ਲੋਕ ਗਵਾਲੀਆ ਟੈਂਕ ਦੇ ਪਾਸੇ ਉਮੜ ਪਏ, ਜਿਥੇ ਇਕ ਜਨਸਭਾ ਹੋਣ ਦੀ ਘੋਸ਼ਣਾ ਕੀਤੀ ਗਈ ਸੀ। ਅਧਿਕਾਰੀਆਂ ਨਾਲ ਟਕਰਾਅ ਵੀ ਹੋਇਆ। ਅਹਿਮਦਾਬਾਦ ਅਤੇ ਪੂਨਾ ਵਿਚ ਵੀ ਇਹ ਹੀ ਹੋਇਆ। 10 ਅਗਸਤ ਨੂੰ ਦਿੱਲੀ, ਕਾਨਪੁਰ, ਇਲਾਹਾਬਾਦ, ਵਾਰਾਨਸੀ, ਪਟਨਾ ਆਦਿ ਸ਼ਹਿਰਾਂ ਵਿਚ ਹੜਤਾਲ ਰਹੀ ਅਤੇ ਵੱਡੇ-ਵੱਡੇ ਜਲੂਸ ਨਿਕਲੇ। ਇਸਦੇ ਨਾਲ ਹੀ ਸਰਕਾਰ ਨੇ ਪ੍ਰੈਸ ਉਤੇ ਹਮਲਾ ਬੋਲ ਦਿਤਾ। ਕਈ ਅਖਬਾਰ ਕੁਝ ਦਿਨਾਂ ਤਕ ਬੰਦ ਰਹੇ। 'ਨੈਸ਼ਨਲ ਹੈਰਾਲਡ' ਅਤੇ 'ਹਰੀਜਨ' ਤਾਂ ਪੂਰੇ ਅੰਦੋਲਨ ਦੇ ਦੌਰਾਨ ਨਹੀਂ ਨਿਕਲੇ।

ਪ੍ਰਾਂਤੀਏ ਅਤੇ ਸਥਾਨਕ ਪੱਧਰ ਦੇ ਨੇਤਾ ਗਿਰਫਤਾਰ ਹੋਣ ਤੋਂ ਬਚ ਗਏ ਸੀ, ਉਹ ਆਪਣੇ-ਆਪਦੇ ਇਲਾਕੇ ਵਿਚ ਚਲੇ ਗਏ ਅਤੇ ਪ੍ਰਤੀਰੋਧਾਤਮਕ ਗਤੀਵਿਧੀਆਂ ਵਿਚ ਲਗ ਗਏ। ਦੇਹਾਤ ਵਿਚ ਵੀ ਜਿਵੇਂ ਹੀ ਖਬਰ ਪਹੁੰਚਣ ਲਗੀ, ਤਾਂ ਉਥੇ ਵੀ ਵਿਦਰੋਹ ਦਾ ਸਿਲਸਿਲਾ ਚਲ ਪਿਆ। ਛੇ-ਸੱਤ ਹਫਤੇ ਤਕ ਦੇਸ਼ ਭਰ ਵਿਚ ਤੁਮੁਲ ਅੰਦੋਲਨ ਰਿਹਾ। ਕੁਝ ਹੀ ਸਥਾਨਾਂ ਉਤੇ ਲੋਕਾਂ ਦੀ ਵਿਸ਼ਾਲ ਭੀੜ ਨੇ ਪੁਲਿਸ ਥਾਣਿਆਂ, ਡਾਕ ਘਰਾਂ, ਕਚਹਿਰੀਆਂ, ਰੇਲਵੇ ਸਟੇਸ਼ਨਾਂ ਅਤੇ ਸਰਕਾਰੀ ਸੱਤਾ ਦੇ ਦੂਜੇ ਪ੍ਰਤੀਕਾਂ ਉਤੇ ਹਮਲਾ ਕੀਤਾ। ਸਾਰਵਜਨਿਕ ਭਵਨਾਂ ਉਤੇ ਤਿਰੰਗਾ ਫਹਿਰਾਇਆ ਗਿਆ। ਪਿੰਡਾਂ ਵਾਲਿਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਇਕਠੇ ਹੋ ਕੇ ਰੇਲ ਦੀ ਪਟੜੀਆਂ ਪੁਟ ਦਿਤੀਆਂ। ਪੁਲ ਉਡਾ ਦਿਤੇ ਗਏ ਅਤੇ ਟੇਲੀਫੋਨ ਤੇ ਤਾਰ ਦੀ ਲਾਈਨਾਂ ਕਟ ਦਿਤੀਆਂ ਗਈਆਂ। ਤਹਿਸੀਲਾਂ ਅਤੇ ਜ਼ਿਲਾ ਮੁਖਿਆਲਾਂ ਵਿਚ ਸਤਿਆਗ੍ਰਹੀਆਂ ਨੇ ਗਿਰਫਤਾਰੀ ਵੀ ਦਿਤੀ। ਸਕੂਲ-ਕਾਲਜ ਵਿਚ ਹੜਤਾਲ ਹੋ ਗਈ ਅਤੇ ਵਿਦਿਆਰਥੀ ਜਲੂਸ ਕੱਢਣ ਅਤੇ ਗੈਰਕਾਨੂੰਨੀ ਪਰਚੇ ਲਿਖਣ ਅਤੇ ਵੰਡਣ ਵਿਚ ਲਗ ਗਏ। ਐਸੀ ਕਈ ਸੌ ਗੈਰ-ਕਾਨੂੰਨੀ ਪਤ੍ਰਿਕਾਵਾਂ ਦੇਸ਼ ਭਰ ਵਿਚ ਨਿਕਲਦੀ ਰਹੀਆਂ। ਵਿਦਿਆਰਥੀਆਂ ਨੇ ਉਭਰਦੇ ਹੋਏ ਗੁਪਤ ਸੰਗਠਨਾਂ ਵਿਚ ਵੀ ਸੰਦੇਸ਼ ਲੈ ਜਾਣ ਵਗੈਰਾ ਨੇ ਕੰਮ ਕੀਤਾ। ਮਜ਼ਦੂਰ ਵੀ ਪਿਛੇ ਨਹੀਂ ਰਹੇ। ਅਹਿਮਦਾਬਾਦ ਵਿਚ ਕਾਰਖਾਨੇ ਸਾਢੇ ਤਿੰਨ ਮਹੀਨੇ ਤਕ ਬੰਦ ਰਹੇ, ਬੰਬਈ ਵਿਚ ਇਕ ਹਫਤੇ ਤੋਂ ਜ਼ਿਆਦਾ ਤਕ ਅਤੇ ਜਮਸ਼ੇਦਪੁਰ ਵਿਚ 13 ਦਿਨ ਤਕ। ਅਹਿਮਦਾਬਾਦ ਅਤੇ ਪੂਨਾ ਦੇ ਮਜ਼ਦੂਰ ਕਈ ਮਹੀਨੇ ਤਕ ਕਾਰਜਸ਼ੀਲ ਰਹੇ।

## ਵਿਦਰੋਹ ਦਾ ਮਾਹੌਲ

ਬਿਹਾਰ ਅਤੇ ਯੂ.ਪੀ. ਵਿਚ ਤਾਂ ਵਿਦਰੋਹ ਵਰਗਾ ਮਾਹੌਲ ਬਣ ਗਿਆ। ਅਗਸਤ ਦੇ ਮੱਧ ਤਕ ਵਿਦਿਆਰਥੀਆਂ ਅਤੇ ਹੋਰ ਰਾਜਨੀਤਿਕ ਕਾਰਜਕਰਤਾਵਾਂ ਦੇ ਜ਼ਰੀਏ ਅੰਦੋਲਨ ਦੀ ਖਬਰ ਪਿੰਡਾਂ ਤਕ ਪਹੁੰਚਣ ਲਗੀ। ਕਾਸ਼ੀ ਵਿਸ਼ਵਵਿਦਿਆਲਾ ਦੇ ਵਿਦਿਆਰਥੀਆਂ ਨੇ 'ਭਾਰਤ ਛੱਡੋ' ਦਾ ਸੰਦੇਸ਼ ਫੈਲਾਉਣ ਲਈ ਪਿੰਡਾਂ ਵਿਚ ਜਾਣ ਦਾ ਫੈਸਲਾ ਕੀਤਾ। ਉਨ੍ਹਾਂ ਦੇ ਨਾਰੇ ਸਨ, ਥਾਣਾ ਜਲਾਓ, ਸਟੇਸ਼ਨ ਸਾੜ ਦਿਓ, ਅੰਗ੍ਰੇਜ਼ ਭਜ ਗਿਆ ਆਦਿ। ਉਨ੍ਹਾਂ ਨੇ ਰੇਲਗੱਡੀਆਂ ਉਤੇ ਰਾਸ਼ਟਰੀ ਝੰਡਾ ਫਹਿਰਾਇਆ। ਵਿਦਰੋਹ ਨੇ ਜ਼ਿਆਦਾਤਰ ਇਹ ਰੂਪ ਧਾਰਨ ਕੀਤਾ ਕਿ ਵੱਡੀ ਗਿਣਤੀ ਵਿਚ ਕਿਸਾਨ ਕੋਲ ਦੇ ਕਸਬੇ ਵਿਚ ਜੁਟਦੇ ਅਤੇ ਸਰਕਾਰੀ ਸੱਤਾ ਦੇ ਸਾਰੇ ਪ੍ਰਤੀਕਾਂ ਉਤੇ ਹਮਲਾ ਬੋਲ ਦਿੰਦੇ। ਕਿਤੇ ਅੱਗ ਲਗਾ ਦਿਤੀ ਜਾਂਦੀ, ਕਿਤੇ ਸਰਕਾਰੀ ਅਧਿਕਾਰੀਆਂ ਨਾਲ ਮੁਠਭੇੜ ਹੁੰਦੀ। ਦਮਲ ਹੁੰਦਾ, ਲੇਕਿਨ ਇਸ ਨਾਲ ਜਨਤਾ ਦਾ ਉਤਸਾਹ ਘਟ ਨਹੀਂ ਹੋਇਆ। ਬਿਹਾਰ ਦੇ ਤਿਰਹੁਤ ਪ੍ਰਖੰਡ ਵਿਚ ਤਾਂ ਦੋ ਹਫਤੇ ਤਕ ਕੋਈ ਸਰਕਾਰ ਹੀ ਨਹੀਂ ਸੀ। ਸਚਿਵਾਲਿਯ ਗੋਲੀ ਕਾਂਡ ਦੇ ਬਾਅਦ ਪਟਨਾ ਦੋ ਦਿਨ ਤਕ ਬੇਕਾਬੂ ਰਿਹਾ। ਉਤਰ ਅਤੇ ਮੱਧ ਬਿਹਾਰ ਦੇ 80 ਪ੍ਰਤੀਸ਼ਤ ਥਾਣਿਆਂ ਉਤੇ ਜਨਤਾ ਦਾ ਰਾਜ ਹੋ ਗਿਆ ਸੀ। ਕੁਝ ਸਥਾਨ ਉਤੇ ਗੋਰਿਆਂ ਦਾ ਵਿਅਕਤੀਗਤ ਹਮਲਾ ਵੀ ਹੋਇਆ। ਪੂਰਬੀ ਯੂ.ਪੀ. ਵਿਚ ਆਜਮਗੜ, ਬਲੀਆ ਅਤੇ ਗੋਰਖਪੁਰ ਤੇ ਬਿਹਾਰ ਵਿਚ ਗਇਆ, ਭਾਗਲਪੁਰ, ਸਾਰਨ, ਪੂਰਣੀਆਂ, ਸ਼ਾਹਾਬਾਦ, ਮੁਜ਼ੱਫਰਪੁਰ ਅਤੇ ਚੰਪਾਰਣ ਸਵਤ:ਸਫੁਰਤ ਜਨ-ਵਿਦਰੋਹ ਦੇ ਮੁਖ ਕੇਂਦਰ ਰਹੇ।

ਸਰਕਾਰੀ ਆਂਕੜਿਆਂ ਦੇ ਅਨੁਸਾਰ, ਨੇਤਾਵਾਂ ਦੀ ਗਿਰਫਤਾਰੀ ਦੇ ਪਹਿਲੇ ਹਫਤੇ ਦੇ ਅੰਦਰ 250 ਰੇਲਵੇ ਸਟੇਸ਼ਨ ਜਾਂ ਤਾਂ ਨਸ਼ਟ ਕਰ ਦਿਤੇ ਗਏ ਜਾਂ ਨੁਕਸਾਨ ਪਹੁੰਚਾਇਆ ਗਿਆ ਅਤੇ 500 ਤੋਂ ਜ਼ਿਆਦਾ ਡਾਕਘਰਾਂ ਅਤੇ 150 ਥਾਣਿਆਂ ਉਤੇ ਹਮਲਾ

ਨੋਟ

ਹੋਇਆ। ਪੂਰਬੀ ਯੂ.ਪੀ. ਅਤੇ ਬਿਹਾਰ ਵਿਚ ਰੇਲਗੱਡੀਆਂ ਦਾ ਆਵਾਗਮਨ ਕਈ ਹਫਤੇ ਤਕ ਅਸਤ-ਵਿਅਸਤ ਰਿਹਾ। ਸਿਰਫ ਕਰਨਾਟਕ ਵਿਚ ਟੈਲੀਫੋਨ ਦੇ ਤਾਰ ਕਟਣ ਦੀ 1600 ਘਟਨਾਵਾਂ ਹੋਈਆਂ ਅਤੇ 28 ਰੇਲਵੇ ਸਟੇਸ਼ਨਾਂ ਅਤੇ 32 ਡਾਕਘਰਾਂ ਉਤੇ ਹਮਲਾ ਹੋਇਆ। ਨਿਹੱਥੀ ਭੀੜ ਨੇ 532 ਅਵਸਰਾਂ ਉਤੇ ਪੁਲਿਸ ਅਤੇ ਸੈਨਾ ਦੀ ਗੋਲੀਬਾਰੀ ਦਾ ਸਾਹਮਨਾ ਕੀਤਾ-ਇਥੋਂ ਤਕ ਕਿ ਹਵਾਈ ਜਹਾਜ਼ ਨਾਲ ਮਸ਼ੀਨ ਗਨਾਂ ਵੀ ਚਲਾਈਆਂ ਗਈਆਂ। ਦਮਨ ਦੇ ਹੋਰ ਰੂਪ ਸੀ-ਸਮੂਹਕ ਜੁਰਮਾਨਾ (ਕੁਲ 90 ਲੱਖ ਰੁਪਏ ਇਸ ਤਰ੍ਹਾਂ ਵਸੂਲ ਕੀਤੇ ਗਏ), ਸ਼ੱਕੀ ਲੋਕਾਂ ਨੂੰ ਕੋੜਿਆਂ ਨਾਲ ਕੁਟਣਾ ਅਤੇ ਜਿਨ੍ਹਾਂ ਪਿੰਡਾਂ ਦੇ ਲੋਕ ਭਜ ਗਏ ਸਨ, ਉਨ੍ਹਾਂ ਵਿਚ ਅੱਗ ਲਗਾ ਦੇਣੀ। 1942 ਦੇ ਅੰਤ ਤਕ 60 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੂੰ ਗਿਰਫਤਾਰ ਕੀਤਾ ਜਾ ਚੁਕਾ ਸੀ, ਲਗਭਗ 26 ਹਜ਼ਾਰ ਲੋਕਾਂ ਨੂੰ ਸਜ਼ਾ ਹੋਈ ਅਤੇ 18 ਹਜ਼ਾਰ ਲੋਕਾਂ ਨੂੰ ਭਾਰਤ ਰਖਿਆ ਨਿਯਮਾਂ ਦੇ ਤਹਿਤ ਬੰਦ ਰਖਿਆ ਗਿਆ। ਮਾਰਸ਼ਲ ਲਾ ਲਾਗੂ ਨਹੀਂ ਕੀਤਾ ਗਿਆ ਸੀ ਅਤੇ ਹਾਲਾਂਕਿ ਸੈਨਾ ਕਹਿਣ ਨੂੰ ਨਾਗਰਿਕ ਪ੍ਰਸ਼ਾਸਨ ਦੇ ਤਹਿਤ ਕੰਮ ਕਰ ਰਹੀ ਸੀ, ਪਰ ਦਰਅਸਲ ਉਹ ਮਨਮਾਨੀ ਕਰ ਰਹੀ ਸੀ। ਦਮਨ ਉਨਾਂ ਹੀ ਸਖਤ ਸੀ ਜਿਨਾਂ ਮਾਰਸ਼ਲ ਲਾ ਦੇ ਅੰਤਰਗਤ ਹੋ ਸਕਦਾ ਸੀ।

ਸਰਕਾਰ ਨੂੰ ਜਨਤਾ ਦੇ ਖੁਲੇ ਆਮ ਵਿਦਰੋਹ ਉਤੇ ਕਾਬੂ ਪਾਉਣ ਵਿਚ ਛੇ ਤੋਂ ਸੱਤ ਹਫਤੇ ਲਗੇ। ਪਰ ਇਸ ਵਿਚ ਦੇਸ਼ ਦੇ ਵਿਭਿੰਨ ਹਿੱਸਿਆਂ ਵਿਚ ਅੰਦੋਲਨ ਦਾ ਇਕ ਭੂਮੀਗਤ ਸੰਗਠਨਾਤਮਕ ਢਾਂਚਾ ਵੀ ਤਿਆਰ ਹੋ ਰਿਹਾ ਸੀ। ਅੰਦੋਲਨ ਦੀ ਵਾਗਡੋਰ ਅਚਿਯੁਤ ਪਟਵਰਧ, ਅਰੁਣਾ ਆਸਫ ਅਲੀ, ਰਾਮਮਨੋਹਰ ਲੋਹੀਆ, ਸੁਚੇਤਾ ਕ੍ਰਿਪਲਾਨੀ, ਛੋਟੂਭਾਈ ਪੁਰਾਣਿਕ, ਬੀਜੂ ਪਟਨਾਇਕ, ਆਰ.ਪੀ. ਗੋਇਨਕਾ ਅਤੇ ਬਾਅਦ ਵਿਚ ਜੇਲ ਤੋਂ ਨਿਕਲ ਭੱਜਣ ਦੇ ਬਾਅਦ ਜੈਪ੍ਰਕਾਸ਼ ਨਾਰਾਇਣ ਵਰਗੇ ਅਖਿਲ ਭਾਰਤੀ ਨੇਤਾਵਾਂ ਨੇ ਫਰਾਰ ਰਹਿੰਦੇ ਹੋਏ ਸੰਭਾਲ ਲਿਤੀ ਸੀ। ਇਹ ਲੋਕ ਪੈਸਾ ਅਤੇ ਬਮ, ਹਥਿਆਰ, ਬਾਰੂਦ ਆਦਿ ਸਮੱਗ੍ਰੀ ਇਕੱਠਾ ਕਰਦੇ ਅਤੇ ਦੇਸ਼ ਭਰ ਵਿਚ ਛਿਤਰਾਏ ਹੋਏ ਗੁਪਤ ਸਮੂਹਾਂ ਵਿਚ ਵੰਡਦੇ ਸੀ। ਕਰਨਾ ਕੀ ਹੈ, ਇਸਦਾ ਨਿਰਣਾ ਸਥਾਨਕ ਪੱਧਰ ਉਤੇ ਹੀ ਹੁੰਦਾ ਸੀ। ਇਹ ਗੁਪਤ ਸਮੂਹ ਜਾਂ ਭੂਮੀਗਤ ਸੰਗਠਨ ਇਨ੍ਹਾਂ ਇਲਾਕਿਆਂ ਵਿਚ ਜ਼ਿਆਦਾ ਕਾਰਜਸ਼ੀਲ ਸਨ-ਬੰਬਈ, ਪੂਨਾ, ਸਤਾਰਾ, ਬੜੌਦਾ, ਕਰਨਾਟਕ, ਕੇਰਲ, ਆਂਧਰ, ਯੂ.ਪੀ., ਬਿਹਾਰ ਅਤੇ ਦਿੱਲੀ। ਕਾਂਗਰਸ ਸੋਸ਼ਲਿਸਟ ਪਾਰਟੀ ਦੇ ਮੈਂਬਰ ਹੀ ਆਮ ਤੌਰ ਤੇ ਇਨ੍ਹਾਂ ਗਤੀਵਿਧੀਆਂ ਦੀ ਅਗਵਾਈ ਕਰ ਰਹੇ ਸਨ, ਪਰ ਗਾਂਧੀਵਾਦੀ, ਫਾਰਵਰਡ ਬਲਾਕ ਦੇ ਮੈਂਬਰ ਅਤੇ ਆਤੰਕਵਾਦੀ ਵੀ ਕਾਫੀ ਕਾਰਜਸ਼ੀਲ ਸਨ।

ਭੂਮੀਗਤ ਕਾਰਵਾਹੀਆਂ ਵਿਚ ਸ਼ਾਮਲ ਲੋਕਾਂ ਦੀ ਸੰਖਿਆ ਬੇਸ਼ਕ ਘੱਟ ਸੀ, ਪਰ ਉਨ੍ਹਾਂ ਨੂੰ ਵਿਆਪਕ ਸਹਿਯੋਗ ਮਿਲ ਰਿਹਾ ਸੀ। ਵਿਵਸਾਈ ਵਰਗ ਨੇ ਆਪਣੀਆਂ ਥੈਲੀਆਂ ਖੋਲ ਦਿਤੀਆ ਸੀ। ਉਦਾਹਰਣ ਦੇ ਲਈ ਸੁਮਤੀ ਮੋਰਾਰਜੀ ਨੇ, ਜੋ ਬਾਅਦ ਵਿਚ ਦੇਸ਼ ਦੀ ਪ੍ਰਮੁੱਖ ਮਹਿਲਾ ਉਦਯੋਗਪਤੀ ਬਣੀ, ਅਚਿਯੁਤ ਪਟਵਰਧਨ ਦੇ ਲਈ ਰੋਜ਼ ਇਕ ਨਵੀਂ ਕਾਰ ਦੀ ਵਿਵਸਥਾ ਕੀਤੀ ਅਤੇ ਗਿਰਫਤਾਰੀ ਹੋਣ ਤੋਂ ਬਚਾਇਆ। ਬਹੁਤ ਲੋਕਾਂ ਨੇ ਭੂਮੀਗਤ ਨੇਤਾਵਾਂ ਨੂੰ ਛੁਪਣ ਦੀ ਜਗ੍ਹਾ ਦਿੱਤੀ। ਵਿਦਿਆਰਥੀ ਖਬਰ ਅਤੇ ਪਰਚੇ ਲੈ ਜਾਣ ਦਾ ਕੰਮ ਕਰਦੇ ਸਨ। ਪਾਇਲਟ ਅਤੇ ਰੇਲ ਡਰਾਈਵਰ ਬਮ ਅਤੇ ਸਮਾਨ ਇਧਰ ਤੋਂ ਉਧਰ ਪਹੁੰਚਾਉਂਦੇ ਸੀ। ਸਰਕਾਰੀ ਅਧਿਕਾਰੀ ਅਤੇ ਪੁਲਿਸ ਵਾਲੇ ਤਕ ਗਿਰਫਤਾਰੀਆਂ ਦੀ ਅਗ੍ਰਿਮ ਸੂਚੀ ਦੇ ਦਿੰਦੇ ਸਨ।

ਇਸ ਭੂਮੀਗਤ ਅੰਦੋਲਨ ਦੀ ਮੁਖ ਗਤੀਵਿਧੀ ਇਹ ਹੁੰਦੀ ਸੀ ਕਿ ਪੁਲਾਂ ਨੂੰ ਉਡਾ ਕਰ, ਟੇਲੀਗ੍ਰਾਫ ਤੇ ਟੇਲੀਫੋਨ ਦੇ ਤਾਰ ਕਟ ਕੇ ਅਤੇ ਰੇਲਾਂ ਦੀ ਪਟੜੀ ਪੁਟ ਕੇ ਸੰਚਾਰ ਦੇ ਸਾਧਨ ਨਸ਼ਟ ਕਰ ਦਿਤੇ ਜਾਣ। ਸਰਕਾਰੀ ਅਤੇ ਪੁਲਿਸ ਅਧਿਕਾਰੀਆਂ ਅਤੇ ਪੁਲਿਸ ਦੇ ਮੁਖਬਿਰਾਂ ਉਤੇ ਵੀ ਕਿਤੇ-ਕਿਤੇ ਹਮਲੇ ਹੋਏ। ਇਹ ਸਚ ਹੈ ਕਿ ਸੰਚਾਰ ਦੇ ਮਾਧਿਅਮਾਂ ਨੂੰ ਨਸ਼ਟ ਕਰਨ ਵਿਚ ਅੰਦੋਲਨਕਾਰੀਆਂ ਨੂੰ ਸੀਮਤ ਸਫਲਤਾ ਹੀ ਮਿਲੀ ਹੋਵੇਗੀ, ਪਰ ਐਸੇ ਸਮੇਂ ਵਿਚ ਜਦ ਸਰਕਾਰ ਬਰਬਰ ਦਮਨ ਪਰ ਉਤਾਰੂ ਸੀ ਅਤੇ ਖੁਲੇ-ਆਮ ਰਾਜਨੀਤਿਕ ਗਤੀਵਿਧੀਆਂ ਨੂੰ ਅਸੰਭਵ ਬਣਾ ਦਿਤਾ ਗਿਆ ਸੀ, ਇਨ੍ਹਾਂ ਕਾਰਵਾਹੀਆਂ ਨਾਲ ਜਨਤਾ ਦਾ ਮਨੋਬਲ ਬਰਕਰਾਰ ਰਖਿਆ ਗਿਆ।

ਨੋਟਸ

ਉਨ੍ਹਾਂ ਦਿਨਾਂ ਅੰਦੋਲੋਨ ਦੇ ਸਮਾਚਾਰ ਪਹੁੰਚਾਉਣਾ ਵੀ ਇਕ ਮਹੱਤਵਪੂਰਨ ਕੰਮ ਸੀ। ਇਸ ਦ੍ਰਿਸ਼ਟੀ ਵਿਚ ਸਭ ਤੋਂ ਨਾਟਕੀ ਮਾਮਲਾ ਰਿਹਾ ਬੰਬਈ ਸ਼ਹਿਰ ਦੇ ਵਿਭਿੰਨ ਕੇਂਦਰਾਂ ਨਾਲ ਕਾਂਗਰਸ ਰੇਡੀਓ ਦਾ ਗੁਪਤ ਰੂਪ ਵਿਚ ਸੰਚਾਲਨ। ਇਸਦੇ ਪ੍ਰਸਾਰਣਾਂ ਨੂੰ ਮਦਰਾਸ ਤਕ ਸੁਣਿਆ ਜਾ ਸਕਦਾ ਸੀ। ਰਾਮਮਨੋਹਰ ਲੋਹੀਆ ਨਿਅਮਿਤ ਰੂਪ ਵਿਚ ਕਾਂਗਰਸ ਰੇਡੀਓ ਉਤੇ ਬੋਲਦੇ ਸਨ। ਨਵੰਬਰ 1942 ਵਿਚ ਪੁਲਿਸ ਨੇ ਇਸ ਨੂੰ ਲਭ ਲਿਆ ਅਤੇ ਜਬਤ ਕਰ ਲਿਆ।

## ਗਾਂਧੀ ਜੀ ਦਾ ਉਪਵਾਸ

ਫਰਵਰੀ 1943 ਵਿਚ ਇਕ ਮਹੱਤਵਪੂਰਨ ਘਟਨਾ ਹੋਈ। ਗਾਂਧੀਜੀ ਨੇ ਜੇਲ ਵਿਚ 10 ਫਰਵਰੀ ਵਿਚ ਉਪਵਾਸ ਸ਼ੁਰੂ ਕਰ ਦਿਤਾ ਅਤੇ ਘੋਸ਼ਣਾ ਕੀਤੀ ਕਿ ਉਹ 21 ਦਿਨਾਂ ਤਕ ਚਲੇਗਾ। ਸਰਕਾਰ ਗਾਂਧੀਜੀ ਉਤੇ ਲਗਾਤਾਰ ਦਬਾਅ ਪਾ ਰਹੀ ਸੀ ਕਿ ਉਹ ਭਾਰਤ ਛੱਡੋ ਅੰਦੋਲਨ ਦੇ ਦੌਰਾਨ ਹੋ ਰਹੀ ਹਿੰਸਾ ਦੀ ਨਿੰਦਾ ਕਰੇ। ਲੇਕਿਨ ਗਾਂਧੀਜੀ ਦਾ ਕਹਿਣਾ ਸੀ ਕਿ ਅੰਦੋਲਨ ਦੀ ਇਸ ਹਿੰਸਾ ਦੇ ਲਈ ਸਰਕਾਰ ਹੀ ਜ਼ਿੰਮੇਵਾਰ ਹੈ। ਗਾਂਧੀਜੀ ਦਾ ਉਪਵਾਸ ਉਸ ਸਰਕਾਰੀ ਦਮਨ ਦਾ ਹੀ ਜਵਾਬ ਸੀ, ਜਿਸਦੇ ਤਹਿਤ ਹਜ਼ਾਰਾਂ ਕਾਂਗਰਸੀਆਂ ਨੂੰ ਬੇਵਜਾਹ ਜੇਲ ਵਿਚ ਪਾਇਆ ਗਿਆ ਸੀ।

ਨੋਟ

ਗਾਂਧੀਜੀ ਦੇ ਉਪਵਾਸ ਦੀ ਖਬਰ ਜਿਵੇਂ-ਜਿਵੇਂ ਫੈਲਣ ਲਗੀ, ਲੋਕਾਂ ਦਾ ਆਕਰੋਸ਼ ਵਧਦਾ ਗਿਆ। ਦੇਸ਼ ਭਰ ਵਿਚ ਹੜਤਾਲਾਂ, ਪ੍ਰਦਰਸ਼ਨਾਂ ਅਤੇ ਜਲੂਸਾਂ ਦਾ ਤਾਂਤਾ ਲਗ ਗਿਆ। ਕਲਕੱਤਾ ਅਤੇ ਅਹਿਮਦਾਬਾਦ ਇਸ ਦਿਸ਼ਾ ਵਿਚ ਖਾਸ ਤੌਰ ਨਾਲ ਕਾਰਜਸ਼ੀਲ ਸਨ। ਜੇਲਾਂ ਦੇ ਅੰਦਰ ਅਤੇ ਬਾਹਰ ਗਾਂਧੀਜੀ ਦੇ ਸਮਰਥਨ ਵਿਚ ਉਪਵਾਸ ਹੋਏ। ਕਈ ਸਮੂਹ ਆਗਾ ਖਾਂ ਪੈਲੇਸ (ਜਿਥੇ ਗਾਂਧੀਜੀ ਨੂੰ ਨਜ਼ਰਬੰਦ ਰਖਿਆ ਗਿਆ ਸੀ।) ਦੇ ਬਾਹਰ ਸਤਿਆਗ੍ਰਹਿ ਕਰਨ ਦੇ ਲਈ ਛੁਪ ਕੇ ਪੂਨਾ ਪਹੁੰਚ ਗਏ। ਜਨਸਭਾਵਾਂ ਕਰ ਕੇ ਗਾਂਧੀਜੀ ਦੀ ਰਿਹਾਈ ਦੀ ਮੰਗ ਕੀਤੀ ਗਈ ਅਤੇ ਵਿਦਿਆਰਥੀ, ਨੌਜਵਾਨਾਂ, ਵਿਉਪਾਰੀਆਂ ਤੇ ਉਦਯੋਗਪਤੀਆਂ, ਵਕੀਲਾਂ, ਆਮ ਨਾਗਰਿਕਾਂ ਅਤੇ ਸ਼੍ਰਮਿਕ ਸੰਠਨਾਂ ਅਤੇ ਸਮਾਜ ਦੇ ਸਾਰੇ ਵਰਗਾਂ ਦੀ ਤਰਫੋਂ ਸਰਕਾਰ ਦੇ ਕੋਲ ਹਜ਼ਾਰਾਂ ਚਿੱਠੀਆਂ ਭੇਜੀ ਗਈਆਂ, ਜਿਸ ਵਿਚ ਇਹੀ ਮੰਗ ਕੀਤੀ ਗਈ ਸੀ।

**ਕੀ ਤੁਸੀਂ ਜਾਣਦੇ ਹੋ** ਵਿਦੇਸ਼ ਵਿਚ ਨਾ ਕੇਵਲ ਮੈਨਚੇਸਟਰ ਗਾਰਡਿਅਨ, ਨਿਉ ਸਟੇਟਸਮੈਨ, ਨੇਸ਼ਨ, ਨਿਊਜ਼ ਕ੍ਰਾਨਿਕਲ ਅਤੇ ਸ਼ਿਕਾਗੋ ਸਨ ਨੇ, ਬਲਕਿ ਬ੍ਰਿਟੇਨ ਦੀ ਕਮਿਊਨਿਸਟ ਪਾਰਟੀ, ਲੰਦਨ ਅਤੇ ਮੈਨਚੇਸਟਰ ਦੇ ਨਾਗਰਿਕਾਂ, ਵੂਮੈਂਸ ਇੰਟਰਨੈਸ਼ਨਲ ਲੀਗ, ਆਸਟ੍ਰੇਲੀਅਨ ਕਾਉਂਸਲ ਆਫ ਟ੍ਰੇਡ ਯੂਨੀਅਨਸ ਅਤੇ ਸੀਲੋਨ ਸਟੇਟ ਕਾਉਂਸਿਲ ਨੇ ਵੀ ਗਾਂਧੀ ਜੀ ਨੂੰ ਰਿਹਾ ਕਰਨ ਦੀ ਸਲਾਹ ਦਿਤੀ। ਇਸਦੇ ਲਈ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਦਾ ਵੀ ਦਬਾਅ ਪਿਆ।

19-20 ਫਰਵਰੀ ਨੂੰ ਦਿੱਲੀ ਵਿਚ ਨੇਤਾਵਾਂ ਦਾ ਇਕ ਸੰਮੇਲਨ (ਲੀਡਰਸ ਕਾਨਫਰੈਂਸ) ਹੋਇਆ, ਜਿਸ ਵਿਚ ਪ੍ਰਤੀਸ਼ਠਿਤ ਤੇ ਮਹੱਤਵਪੂਰਨ ਵਿਅਕਤੀਆਂ ਨੇ ਹਿੱਸਾ ਲਿਆ। ਉਨ੍ਹਾਂ ਸਾਰਿਆਂ ਦੀ ਮੰਗ ਸੀ ਕਿ ਗਾਂਧੀਜੀ ਨੂੰ ਤੁਰੰਤ ਰਿਹਾ ਕਰ ਦਿਤਾ ਜਾਣਾ ਚਾਹੀਦਾ ਹੈ। ਕਾਂਗਰਸ ਦੇ ਨਾਲ ਜਿਨ੍ਹਾਂ ਦੀ ਹਮਦਰਦੀ ਨਹੀਂ ਸੀ, ਐਸੇ ਲੋਕਾਂ ਵਿਚੋਂ ਵੀ ਜ਼ਿਆਦਾ ਤਰ ਦਾ ਇਹੀ ਮੰਨਣਾ ਸੀ ਕਿ ਸਰਕਾਰ ਹੁਣ ਜ਼ਿਆਦਤੀ ਕਰ ਰਹੀ ਹੈ। ਸਰਕਾਰ ਦੀ ਪ੍ਰਤੀਸ਼ਠਾ ਸਭ ਤੋਂ ਜ਼ਿਆਦਾ ਧੱਕਾ ਉਸ ਸਮੇਂ ਲਗਾ, ਜਦ ਵਾਇਸਰਾਏ ਦੀ ਕਾਰਜ ਪਰਿਸ਼ਦ ਦੇ ਤਿੰਨ ਮੈਂਬਰ, ਐਮ.ਐਸ. ਐਨੀ, ਐਨ.ਆਰ. ਸਰਕਾਰ ਅਤੇ ਐਚ.ਪੀ. ਮੋਦੀ ਨੇ ਇਸ ਸਵਾਲ ਉਤੇ ਅਸਤੀਫਾ ਦੇ ਦਿਤਾ। 1942 ਦੇ ਅੰਦੋਲਨ ਦੇ ਦਮਨ ਵਿਚ ਇਨ੍ਹਾਂ ਲੋਕਾਂ ਨੇ ਸਰਕਾਰ ਦਾ ਸਾਥ ਦਿਤਾ ਸੀ, ਪਰ ਇਹ ਗਾਂਧੀਜੀ ਦੀ ਮੌਤ ਨਾਲ ਸਾਝੇਦਾਰ ਬਣਨਾ ਨਹੀਂ ਚਾਹੁੰਦੇ ਸਨ।

ਲੇਕਿਨ ਵਾਇਸਰਾਏ ਅਤੇ ਉਨ੍ਹਾਂ ਦੇ ਅਫਸਰ ਜਰਾ ਵੀ ਵਿਚਲਿਤ ਨਹੀਂ ਹੋਏ। ਬ੍ਰਿਟਿਸ਼ ਪ੍ਰਧਾਨਮੰਤਰੀ ਵਿੰਸਟਨ ਚਰਚਿਲ ਦੀ ਇਸ ਘੋਸ਼ਦਾ ਕਿ "ਜਦ ਦੁਨੀਆਂ ਵਿਚ ਅਸੀਂ ਹਰ ਕਿਤੇ ਜਿੱਤ ਰਹੇ ਹਾਂ, ਐਸੇ ਵਕਤ ਵਿਚ ਅਸੀਂ ਇਕ ਕਮਬਖਤ ਬੁੱਢੇ ਦੇ ਸਾਹਮਣੇ ਕਿਵੇਂ ਝੁਕ ਸਕਦੇ ਹਾਂ, ਜੋ ਹਮੇਸ਼ਾ ਸਾਡਾ ਦੁਸ਼ਮਣ ਰਿਹਾ ਹੈ," ਉਨ੍ਹਾਂ ਦਾ ਦੁਸਸਾਹਸ ਕਾਫੀ ਵਧਿਆ ਹੋਇਆ ਪ੍ਰਤੀਤ ਹੋਇਆ। ਗਾਂਧੀਜੀ ਦੀ ਮੌਤ ਦੀ ਉਨ੍ਹਾਂ ਨੂੰ ਜਰਾ ਵੀ ਚਿੰਤਾ ਨਹੀਂ ਸੀ। ਵਾਇਸਰਾਏ ਦੇ ਇਕ ਵਕਤੱਵਿਅ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਉਹ ਇਸ ਸੰਭਾਵਨਾ ਦੇ ਘਟਿਤ ਹੋਣ ਨਾਲ ਖੁਸ਼ ਹੀ ਹੁੰਦੇ, "ਸਾਡੇ ਸੰਚਾਲਨਾਂ ਦੇ ਲਈ ਭਾਰਤ ਕਿਤੇ ਜ਼ਿਆਦਾ ਭਰੋਸੇ ਮੰਦ ਕੇਂਦਰ ਹੋ ਜਾਏਗਾ। ਇਸਦੇ ਅਲਾਵਾ ਗਾਂਧੀ ਦੇ ਨਾ ਰਹਿਣ ਤੇ, ਜੋ ਸਾਲਾਂ ਵਿਚ ਸਮਝੌਤਾ ਨਾ ਹੋਣ ਦੇਣ ਦੇ ਲਈ ਹਰ ਕੋਸ਼ਿਸ਼ ਕਰਦਾ ਰਿਹਾ ਹੈ, ਸਮਝੌਤੇ ਦੀ ਸੰਭਾਵਨਾ ਕਾਫੀ ਵਧ ਜਾਏਗੀ।" ਹਾਲਤ ਇਹ ਸੀ ਕਿ ਇਕ ਤਰਫ ਤਾਂ ਪੂਰਾ ਦੇਸ਼ ਗਾਂਧੀਜੀ ਦੀ ਜਾਨ ਬਚਾਉਣ ਦੀ ਅਪੀਲ ਕਰ ਰਿਹਾ ਸੀ ਅਤੇ ਦੂਜੀ ਤਰਫ ਸਰਕਾਰ ਅੰਤਿਮ ਸੰਸਕਾਰ ਦੀ ਤਿਆਰੀ ਵਿਚ ਮਸ਼ਗੂਲ ਸੀ। ਸੈਨਾ ਦੀ ਟੁਕਡੀਆਂ ਨੂੰ ਕਿਸੇ ਵੀ ਅਪਾਤਸਥਿਤੀ ਦੇ ਲਈ ਤਿਆਰ ਰਹਿਣ ਨੂੰ ਕਹਿ ਦਿਤਾ ਗਿਆ ਸੀ। ਸਾਰਵਜਨਿਕ ਸ਼ਵਯਾਤਰਾ ਅਤੇ ਗਾਂਧੀਜੀ ਦੀ ਭਸਮ ਨੂੰ ਲੈ ਜਾਣ ਦੇ ਲਈ ਵਿਮਾਨ ਦੀ ਵਿਵਸਥਾ ਲਈ 'ਦਾਰ' ਪ੍ਰਾਵਧਾਨ ਕੀਤੇ ਗਏ ਸਨ ਅਤੇ ਸਰਕਾਰੀ ਦਫਤਾਂ ਵਿਚ ਅੱਧੇ ਦਿਨ ਦੀ ਛੁੱਟੀ ਘੋਸ਼ਿਤ ਕਰਨ ਦੀ ਯੋਜਨਾ ਸੀ। ਪਰ ਗਾਂਧੀਜੀ ਨੇ ਹਮੇਸ਼ਾ ਦੀ ਤਰ੍ਹਾਂ, ਆਪਣੇ ਵਿਰੋਧੀਆਂ ਨੂੰ ਹਾਰ ਦੇ ਦਿਤੀ ਤੇ ਮਰਨ ਨਾਲ ਇਨ੍ਹਾਂ ਦੇ ਕਰ ਸਰਕਾਰੀ ਇਰਾਦਿਆਂ ਉਤੇ ਪਾਣੀ ਫੇਰ ਦਿਤਾ।

ਬਹਿਰਹਾਲ, ਗਾਂਧੀਜੀ ਦੇ ਉਪਵਾਸ ਦਾ ਜੋ ਉਦੇਸ਼ ਸੀ, ਉਹ ਭਲੀ-ਭਾਂਤ ਪੂਰਾ ਹੋਇਆ। ਇਸ ਨਾਲ ਨਾ ਕੇਵਲ ਜਨਸਾਧਾਰਨ ਦਾ ਮਨੋਬਲ ਉਚਾ ਹੋਇਆ ਅਤੇ ਬ੍ਰਿਟਿਸ਼-ਵਿਰੋਧੀ ਭਾਵਨਾਵਾਂ ਵਿਚ ਉਭਾਰ ਆਇਆ, ਬਲਕਿ ਸਾਰੀ ਦੁਨੀਆਂ ਦੇ ਸਾਹਮਣੇ ਉਹ ਉਜਾਗਰ ਹੋ ਗਿਆ ਕਿ ਸਰਕਾਰੀ ਦਮਨ ਦੇ ਤੌਰ-ਤਰੀਕੇ ਕਿੰਨੇ ਸਖਤ ਹਨ। ਸਰਕਾਰ 1942 ਦੇ ਦਮਨ ਦਾ ਜੋ ਓਚਿਤਿਅ ਸਾਬਤ ਕਰਨਾ ਚਾਹੁੰਦੀ ਸੀ, ਉਹ ਖਤਮ ਹੋ ਗਿਆ ਅਤੇ ਇਹ ਸਾਬਤ ਹੋ ਗਿਆ ਕਿ ਗਲਤੀ ਸਰਕਾਰ ਦੀ ਹੀ ਹੈ।

## ਸਮਾਨਾਂਤਰ ਸਰਕਾਰਾਂ

ਭਾਰਤ ਛੱਡੋ ਅੰਦੋਲਨ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਸੀ ਦੇਸ਼ ਦੇ ਕੁਝ ਹਿੱਸਿਆਂ ਵਿਚ ਸਮਾਨਾਂਤਰ ਸਰਕਾਰਾਂ ਦੀ ਸਥਾਪਨਾ। ਪਹਿਲੀ ਐਸੀ ਸਰਕਾਰ ਬਣੀ ਬਲੀਆ ਵਿਚ, ਚਿੱਤੂ ਪਾਂਡੇ ਦੀ ਅਗਵਾਈ ਵਿਚ। ਚਿੱਤੂ ਪਾਂਡੇ ਆਪਣੇ ਨੂੰ ਗਾਂਧੀਵਾਦੀ ਕਹਿੰਦੇ ਸਨ। ਉਨ੍ਹਾਂ ਦੀ ਸਰਕਾਰ ਨੇ ਕਲੈਕਟਰ ਦੇ ਸਾਰੇ ਅਧਿਕਾਰ ਲੈ ਲਏ ਅਤੇ ਸਾਰੇ ਗਿਰਫਤਾਰ ਕਾਂਗਰਸੀ ਨੇਤਾਵਾਂ ਨੂੰ ਰਿਹਾ ਕਰ

ਨੋਟ

ਦਿਤਾ, ਲੇਕਿਨ ਉਸਦਾ ਪ੍ਰਭੁਤਵ ਜ਼ਿਆਦਾ ਸਮੇਂ ਤਕ ਕਾਇਮ ਨਹੀਂ ਰਹਿ ਸਕਿਆ। ਇਕ ਹਫਤੇ ਬਾਅਦ ਜਦ ਬ੍ਰਿਟਿਸ਼ ਸੈਨਿਕ ਉਥੇ ਪਹੁੰਚੇ, ਤਾਂ ਉਨ੍ਹਾਂ ਨੂੰ ਉਥੇ ਇਕ ਵੀ ਨੇਤਾ ਨਹੀਂ ਮਿਲਿਆ।

ਬੰਗਾਲ ਦੇ ਮਿਦਨਾਪੁਰ ਜ਼ਿਲੇ ਦੇ ਤਾਮਲੁਕ ਨਾਮਕ ਸਥਾਨ ਉਤੇ 17 ਦਸੰਬਰ ਨੂੰ 'ਜਾਤੀਏ ਸਰਕਾਰ' (ਰਾਸ਼ਟਰੀ ਸਰਕਾਰ) ਦਾ ਗਠਨ ਕੀਤਾ ਗਿਆ। ਉਸਦਾ ਅਸਤਿੱਤਵ ਸਤੰਬਰ 1944 ਤਕ ਰਿਹਾ। ਤਾਮਲੁਕ ਵਿਚ ਗਾਂਧੀਵਾਦੀ ਰਚਨਾਤਮਕ ਕੰਮ ਅਤੇ ਜਨਅੰਦੋਲਨ ਕਾਫੀ ਹੋਏ ਸਨ। 'ਜਾਤੀਏ ਸਰਕਾਰ' ਨੇ ਵਡੇ ਪੈਮਾਨੇ ਉਤੇ ਤੇਜ਼ੀ ਨਾਲ ਰਾਹਤ ਦਾ ਕੰਮ ਚਲਾਇਆ, ਸਕੂਲਾਂ ਨੂੰ ਅਨੁਦਾਨ ਦਿਤੇ ਅਤੇ ਇਕ ਸ਼ਸਤਰ ਵਿਧਯੁਤ ਵਾਹਿਨੀ ਦਾ ਵੀ ਗਠਨ ਕੀਤਾ। ਆਪਸ ਵਿਚ ਸਮਝੌਤਾ ਕਰਨ ਦੇ ਲੀ ਅਦਾਲਤਾਂ ਬਣਾਈਆਂ ਗਈਆਂ ਤੇ ਅਮੀਰ ਲੋਕਾਂ ਦਾ ਫਾਲਤੂ ਧਨ ਗਰੀਬਾਂ ਵਿਚ ਵੰਡ ਦਿਤਾ ਗਿਆ। ਕਿਉਂਕਿ ਤਾਮਲੁਕ ਦੀ ਭੋਗੋਲਿਕ ਸਥਿਤੀ ਅਲੱਗ-ਅਲੱਗ ਸੀ, ਸੋ ਇਥੇ ਦੀ ਸਵਾਧੀਨ ਸਰਕਾਰ ਕੁਝ ਜ਼ਿਆਦਾ ਸਮੇਂ ਤਕ ਚਲ ਸਕੀ।

ਸਤਾਰਾ (ਮਹਾਰਾਸ਼ਟਰ) ਦੀ ਸਮਾਨਾਂਤਰ ਸਰਕਾਰ ਸਭ ਤੋਂ ਜ਼ਿਆਦਾ ਦੀਰਘਜੀਵੀ ਸਾਬਤ ਹੋਈ। ਭਾਰਤ ਛੱਡੋ ਅੰਦੋਲਨ ਦੀ ਸ਼ੁਰੂਆਤ ਨਾਲ ਹੀ ਇਹ ਖੇਤਰ ਕਾਫੀ ਕਾਰਜਸ਼ੀਲ ਰਿਹਾ ਸੀ। ਅੰਦੋਲਨ ਦੇ ਪਹਿਲੇ ਚਰਨ ਵਿਚ ਸਰਕਾਰ ਦੇ ਸਥਾਨਕ ਮੁਖਿਆਲਾ ਵਿਚ ਹਜ਼ਾਰਾਂ ਲੋਕਾਂ ਦਾ ਜਲੂਸ ਕਢਿਆ ਗਿਆ। ਇਸਦੇ ਬਾਅਦ ਡਾਕਘਰਾਂ ਤੇ ਹਮਲਾ, ਬੈਂਕਾਂ ਦੀ ਲੁਟ, ਟੇਲੀਗ੍ਰਾਫ ਦੇ ਤਾਰਾਂ ਨੂੰ ਕਟ ਦੇਣਾ ਆਦਿ ਦਾ ਸਿਲਸਿਲਾ ਸ਼ੁਰੂ ਹੋਇਆ। ਵਾਈ.ਬੀ. ਚਵਹਾਣ ਇਥੇ ਦੇ ਸਭ ਤੋਂ ਮਹੱਤਵਪੂਰਨ ਨੇਤਾ ਸੀ। ਉਨ੍ਹਾਂ ਦਾ ਅਚਿਯੁਤਜ ਪਟਵਰਧਨ ਅਤੇ ਹੋਰ ਭੂਮੀਗਤ ਨੇਤਾਵਾਂ ਨਾਲ ਵੀ ਸੰਪਰਕ ਸੀ। ਲੇਕਿਨ 1942 ਦੇ ਅੰਤ ਤਕ ਲਗਭਗ 2000 ਲੋਕਾਂ ਨੂੰ ਗਿਰਫਤਾਰ ਕਰਨ ਨਾਲ ਜਨ ਅੰਦੋਲਨ ਦੀ ਗਤੀ ਰੁਕ ਗਈ। 1943 ਦੀ ਸ਼ੁਰੂਆਤ ਤੋਂ ਭੂਮੀਗਤ ਕਾਰਜਕਰਤਾਵਾਂ ਨੇ ਆਪਣੇ ਨੂੰ ਪੁਨਰਸੰਗਠਤ ਕਰਨਾ ਆਰੰਭ ਕੀਤਾ ਅਤੇ ਲਗਭਗ ਛੇ ਮਹੀਨੇ ਵਿਚ ਉਨ੍ਹਾਂ ਦਾ ਸੰਗਠਨ ਤਿਆਰ ਹੋ ਗਿਆ, ਪ੍ਰਤਿਸਰਕਾਰ (ਸਮਾਨਾਂਤਰ ਸਰਕਾਰ) ਦੀ ਸਥਾਪਨਾ ਕੀਤੀ ਗਈ। ਨਾਨਾ ਪਾਟੀਲ ਇਸਦੇ ਮਹੱਤਵਪੂਰਨ ਨੇਤਾਵਾਂ ਵਿਚੋਂ ਸਨ। ਇਸ ਦੌਰ ਵਿਚ ਸਰਕਾਰ ਦੇ ਸਹਿਯੋਗ ਕਰਨ ਵਾਲੇ ਲੋਂ ਅਤੇ ਮੁਖਬਿਰਾਂ ਅਤੇ ਛੋਟੇ ਅਫਸਰਾਂ ਉਤੇ ਹਮਲਾ ਕੀਤਾ ਗਿਆ ਅਤੇ ਰਾਬਿਨਹੁਡ ਸ਼ੈਲੀ ਵਿਚ ਬੈਂਕ ਡਕੈਤੀਆਂ ਪਾਈਆਂ ਗਈਆਂ। ਨਿਆਂਦਾਨ ਮੰਡਲ ਜਾਂ ਜਨ ਅਦਾਲਤਾਂ ਸ਼ੁਰੂ ਕੀਤੀਆਂ ਗਈਆਂ। ਸ਼ਰਾਬਬੰਦੀ ਲਾਗੂ ਕਰ ਦਿਤੀ ਗਈ ਅਤੇ 'ਗਾਂਧੀ ਵਿਆਹਾਂ' ਦਾ ਆਯੋਜਨ ਹੋਇਆ, ਜਿਨ੍ਹਾਂ ਵਿਚ ਕੋਈ ਤੜਕ-ਭੜਕ ਨਹੀਂ ਹੁੰਦੀ ਸੀ ਅਤੇ ਅਛੂਤਾਂ ਨੂੰ ਵੀ ਸੱਦਾ-ਪੱਤਰ ਦਿਤਾ ਜਾਂਦਾ ਸੀ। ਪਿੰਡਾਂ ਵਿਚ ਪੁਸਤਕਾਲਾ ਖੋਲ੍ਹੇ ਗਏ। ਔਂਧ ਰਿਆਸਤ ਦੇ ਰਾਜਾ ਨੇ-ਜਿਸਦੇ ਰਾਜ ਦਾ ਸੰਵਿਧਾਨ ਗਾਂਧੀਜੀ ਦੁਆਰਾ ਤਿਆਰ ਕੀਤਾ ਗਿਆ ਸੀ-ਇਸ ਸਭ ਵਿਚ ਕਾਫੀ ਮਦਦ ਕੀਤੀ। ਸਤਾਰਾ ਦੀ ਪ੍ਰਤੀਸਰਕਕਾਰ 1945 ਤਕ ਕਾਇਮ ਰਹੀ।

'ਭਾਰਤ ਛੱਡੋ' ਅੰਦੋਲਨ ਵਿਚ ਆਮ ਜਨਤਾ ਦੀ ਹਿੱਸੇਦਾਰੀ ਤੇ ਸਮਰਥਨ ਇਕ ਨਵੀਂ ਸੀਮਾ ਤਕ ਪਹੁੰਚਿਆ। ਪੂਰਬਵਰਤੀ ਅੰਦੋਲਨ ਦੀ ਤਰ੍ਹਾਂ 'ਭਾਰਤ ਛੱਡੋ' ਵਿਚ ਵੀ ਨੌਜਵਾਨ ਵਰਗ ਕਾਫੀ ਕਾਰਜਸ਼ੀਲ ਰਿਹਾ। ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦਾ ਉਤਸਾਹ ਦੇਖਦੇ ਹੀ ਬਣਦਾ ਸੀ। ਔਰਤਾਂ ਨੇ ਵੀ ਕਾਫੀ ਮਹੱਤਵਪੂਰਨ ਭੂਮਿਕਾ ਨਿਭਾਈ-ਖਾਸ ਤੌਰ ਤੇ ਵਿਦਿਆਰਥੀਆਂ ਨੇ। ਅਰੁਣਾ ਆਸਫ ਅਲੀ ਅਤੇ ਸੁਚੇਤਾ ਕ੍ਰਿਪਲਾਨੀ ਨੈ ਭੂਮੀਗਤ ਕਾਰਵਾਹੀਆਂ ਦੇ ਸੰਗਠ ਦਾ ਕਾਫੀ ਕੰਮ ਕੀਤਾ ਅਤੇ ਊਸ਼ਾ ਮੇਹਤਾ ਉਸ ਛੋਟੇ ਜਿਹੇ ਸਮੂੰਹ ਦੀ ਮਹੱਤਵਪੂਰਨ ਮੈਂਬਰ ਸੀ, ਜੋ ਕਾਂਗਰਸ ਰੇਡੀਓ ਚਲਾਉਂਦਾ ਸੀ। ਪੁਲਿਸ ਦਮਨ ਝੇਲਦੇ ਹੋਏ ਵੀ ਲੰਬੀ-ਲੰਬੀ ਹੜਤਾਲਾਂ ਕਰਕੇ ਮਜ਼ਦੂਰਾਂ ਨੇ ਮਹੱਤਵਪੂਰਨ ਕੁਰਬਾਨੀ ਦਿਤੀ।

ਦੇਸ਼ ਭਰ ਦੇ ਕਿਸਾਨ, ਚਾਹੇ ਉਹ ਅਮੀਰ ਹੋਣ ਜਾਂ ਗਰੀਬ, ਇਸ ਅੰਦੋਲਨ ਦੀ ਜਾਨ ਸਨ। ਪੂਰਬੀ ਯੂ.ਪੀ ਅਤੇ ਬਿਹਾਰ, ਬੰਗਾਲ (ਮਿਦਨਾਪੁਰ) ਮਹਾਰਾਸ਼ਟਰ (ਸਤਾਰਾ) ਵਿਚ ਤਾਂ ਉਨ੍ਹਾਂ ਨੇ ਵਿਸ਼ੇਸ਼ ਕਾਰਜਸ਼ੀਲਤਾ ਦਿਖਾਈ, ਲੇਕਿਨ ਦੂਜੇ ਹਿੱਸਿਆਂ, ਜਿਵੇਂ ਆਂਧਰ, ਕੇਰਲ ਅਤੇ ਗੁਜਰਾਤ ਦੇ ਕਿਸਾਨ ਵੀ ਕਾਰਜਸ਼ੀਲ ਰਹੇ। ਕਈ ਛੋਟੇ ਜਮੀਂਦਾਰਾਂ ਨੇ ਵੀ ਅੰਦੋਲਨ ਵਿਚ ਹਿੱਸਾ ਲਿਆ-ਖਾਸਕਰ ਯੂ.ਪੀ. ਅਤੇ ਬਿਹਾਰ ਵਿਚ। ਵਡੇ ਜਮੀਂਦਾਰਾਂ ਨੇ ਤਟਸਥਾ ਦਾ ਰੁਪ ਅਪਣਾਇਆ ਤੇ ਸਰਕਾਰੀ ਦਮਨ ਵਿਚ ਸਹਿਯੋਗ ਨਹੀਂ ਕੀਤਾ। ਦਰਭੰਗਾ ਦੇ ਰਾਜਾ ਨੇ, ਜੋ ਕਾਫੀ ਵਡੇ ਜਮੀਂਦਾਰਾਂ ਵਿਚੋਂ ਸਨ, ਨਾ ਕੇਵਲ ਸਰਕਾਰ ਨੂੰ ਆਪਣੇ ਸਸ਼ਤਰ ਲੋਕਾਂ ਦੀ ਸੇਵਾਵਾਂ ਦੇਣ ਤੋਂ ਇਨਕਾਰ ਕਰ ਦਿਤਾ, ਬਲਕਿ ਗਿਰਫਤਾਰ ਲੋਕਾਂ ਦੀ ਮਦਦ ਵੀ ਕੀਤੀ। ਅੰਦੋਲਨ ਦੀ ਇਕ ਖੂਬੀ ਇਹ ਵੀ ਰਹੀ ਕਿ ਕਿਸਾਨਾਂ ਨੇ ਮੌਕਾ ਮਿਲਣ ਦੇ ਬਾਵਜੂਦ ਜਮੀਂਦਾਰਾਂ ਦੇ ਖਿਲਾਫ ਹਿੰਸਾ ਨਹੀਂ ਕੀਤੀ ਅਤੇ ਆਪਣੀ ਗਤੀਵਿਧੀਆਂ ਦਾ ਲਕਸ਼ ਬ੍ਰਿਟਿਸ਼ ਸੱਤਾ ਦੇ ਪ੍ਰਤੀਕਾਂ ਨੂੰ ਹੀ ਬਣਾਇਆ। ਵੈਸੇ ਸਰਕਾਰੀ ਅਧਿਕਾਰੀਆਂ ਨੇ ਵੀ-ਖਾਸ ਤੌਰ ਨਾਲ ਪੁਲਿਸ ਅਤੇ ਪ੍ਰਸ਼ਾਸਨ ਦੇ ਨਿਚਲੇ ਤਬਕੇ ਦੇ ਅਧਿਕਾਰੀਆਂ ਨੇ -ਹਰ ਤਰ੍ਹਾਂ ਨਾਲ ਅੰਦੋਲਨਕਾਰੀਆਂ ਦੀ ਮਦਦ ਕੀਤੀ। ਜੇਲ ਅਧਿਕਾਰੀ ਬੰਦੀਆਂ ਦੇ ਪ੍ਰਤੀ ਉਦਾਰ ਹੋ ਗਏ। ਸੋ ਉਨ੍ਹਾਂ ਦਿਨਾਂ ਬ੍ਰਿਟਿਸ਼ ਸ਼ਾਸਨ ਦੀ ਨੀਂਹ ਹੀ ਹਿਲ ਗਈ ਸੀ।

ਇਹ ਸਚ ਹੈ ਕਿ ਭਾਰਤ ਛੱਡੋ ਅੰਦੋਲਨ ਵਿਚ ਮੁਸਲਮਾਨਾਂ ਦੀ ਹਿੱਸੇਦਾਰੀ ਬਹੁਤ ਉਲੇਖਨੀਅ ਨਹੀਂ ਰਹੀ। ਲੇਕਿਨ ਇਸ ਵਿਚ ਵੀ ਸੰਦੇਹ ਨਹੀਂ ਕਿ ਮੁਸਲਿਮ ਲੀਗ ਦੇ ਸਮਰਥਕਾਂ ਨੇ ਵੀ ਮੁਖਬਿਰੀ ਨਹੀਂ ਕੀਤੀ, ਬਲਕਿ ਜਰੂਰਤ ਪੈਣ ਉਤੇ ਭੂਮੀਗਤ ਕਾਰਜਕਰਤਾਵਾਂ ਦੀ ਸ਼ਰਣ ਹੀ ਸੀ। ਕਿਤੇ ਕੋਈ ਸੰਪਦਰਾਇਕ ਦੰਗਾ ਨਹੀਂ ਹੋਇਆ, ਜੋ ਇਸ ਗਲ ਦਾ ਪ੍ਰਤੀਕ ਸੀ ਕਿ ਭਲੇ ਹੀ ਅੰਦੋਲਨ ਨੇ ਮੁਸਲਿਮ ਜਨਤਾ ਵਿਚ ਉਤਸਾਹ ਨਾ ਜਗਾਇਆ ਹੋਵੇ, ਪਰ ਕੋਈ ਰੋਸ਼ ਵੀ ਪੈਦਾ ਨਹੀਂ ਕੀਤਾ ਸੀ।

ਭਾਰਤ ਛੱਡੋ ਅੰਦੋਲਨ ਦੇ ਸੰਮੋਹਨ ਦੀ ਸੂਚਨਾ ਇਸ ਗੱਲ ਨਾਲ ਵੀ ਮਿਲਦੀ ਹੈ ਕਿ ਕਮਿਉਨਿਸਟ ਪਾਰਟੀ ਦਾ ਨਿਰਣਾ ਅੰਦੋਲਨ ਦਾ ਬਹਿਸ਼ਕਾਰ ਸੀ। ਫਿਰ ਵੀ ਸਥਾਨਕ ਪੱਧਰ ਉਤੇ ਸੈਂਕੜਿਆਂ ਕਮਿਉਨਿਸਟਾਂ ਨੇ ਇਸ ਵਿਚ ਹਿੱਸੇਦਾਰੀ ਕੀਤੀ। ਇਨ੍ਹਾਂ

ਨੋਟ

ਕਾਰਜਕਰਤਾਵਾਂ ਨੂੰ ਆਪਣੇ ਨੇਤਾਵਾਂ ਦੇ ਉਗ੍ਰ ਫਾਸੀਵਾਦ–ਵਿਰੋਧ ਨਾਲ ਪੂਰਾ ਲਗਾਓ ਸੀ। ਫਿਰ ਵੀ ਇਹ ਅੰਦੋਲਨ ਦੇ ਜਾਦੂ ਨਾਲ ਅਛੂਤੇ ਨਹੀਂ ਰਹਿ ਸਕੇ – ਖਾਸਕਰ ਸ਼ੁਰੂ ਦੇ ਦਿਨਾਂ ਵਿਚ।

ਭਾਰਤ ਛੱਡੋ ਅੰਦੋਲਨ ਉਤੇ ਇਤਿਹਾਸਕਾਰਾਂ ਨੇ ਮੁਖ ਤੌਰ ਤੇ ਦੋ ਦ੍ਰਿਸ਼ਟੀਆਂ ਤੇ ਵਿਚਾਰ ਕੀਤਾ ਹੈ। ਪਹਿਲਾ, ਕੀ ਇਹ ਸਵੱਤ:ਸਫੁਰਤ ਵਿਦਰੋਹ ਸੀ ਜਾਂ ਸੰਗਠਤ ਚੇਸ਼ਠਾ ਸੀ? ਦੂਜਾ, ਇਸ ਸੰਘਰਸ਼ ਦੇ ਦੌਰਾਨ ਜਨਤਾ ਨੇ ਜੋ ਹਿੰਸਾ ਕੀਤੀ, ਉਸਦੀ ਸੰਗਤੀ ਅਹਿੰਸਕ ਲੜਾਈ ਦੀ ਕਾਂਗਰਸ ਨੀਤੀ ਨਾਲ ਕਿਵੇਂ ਬਿਠਾਈ ਜਾਵੇ?

ਇਸ ਵਿਚ ਸੰਦੇਹ ਨਹੀਂ ਕਿ ਪੂਰਬਵਰਤੀ ਅੰਦੋਲਨਾਂ ਦੀ ਤੁਲਨਾ ਵਿਚ 1942 ਦੇ ਅੰਦੋਲਨਾਂ ਵਿਚ ਸਵੱਤ:ਸਫੁਰਤਾ ਦਾ ਤੱਤ ਕਿਤੇ ਜ਼ਿਆਦਾ ਸੀ, ਤਾਂ ਵੀ 1919–22, 1930–31 ਅਤੇ 1931–32 ਵਿਚ ਵੀ ਕਾਂਗਰਸ ਦੀ ਅਗਵਾਈ ਨੇ ਜਨਤਾ ਦੀ ਪਹਿਲ ਅਤੇ ਸਵੱਤ:ਸਫੁਰਤ ਉਭਾਰਾਂ ਲਈ ਕਾਫੀ ਗੁੰਜਾਇਸ਼ ਛੱਡੀ ਸੀ। ਸੋ ਗਾਂਧੀਰਾਈ ਜਨ ਅੰਦੋਲਨ ਦਾ ਪੈਟਰਨ ਇਹ ਸੀ ਕਿ ਅਗਵਾਈ ਪ੍ਰੋਗਰਾਮ ਦੀ ਮੋਟੇ ਤੌਰ ਤੇ ਰੂਪ ਰੇਖਾ ਬਣਾ ਦਿੰਦਾ ਅਤੇ ਉਸਦਾ ਕਾਰਜ ਸਥਾਨਕ ਪੱਧਰ ਦੇ ਕਾਰਜਕਰਤਾਵਾਂ ਤੇ ਜਨਸਧਾਰਨ ਦੇ ਹਥ ਵਿਚ ਛੱਡ ਦਿਤਾ ਜਾਂਦਾ ਸੀ। ਵੈਸੇ ਵੀ, ਭਾਰਤੀ ਰਾਸ਼ਟਰੀ ਅੰਦੋਲਨ ਦੇ ਦੌਰਾਨ ਹੋਏ ਕਿਸੇ ਇਕ ਸੰਘਰਸ਼ ਦੀ ਤਿਆਰੀ ਦਾ ਅੰਦਾਜ਼ਾ ਉਸੇ ਸਮੇਂ ਕੀਤੇ ਗਏ ਸੰਗਠਨਾਤਮਕ ਕਾਰਜਾਂ ਤੋਂ ਨਹੀਂ ਲਗਾਇਆ ਜਾ ਸਕਦਾ। ਇਸਦੇ ਲਈ ਪੂਰੇ ਰਾਸ਼ਟਰੀ ਅੰਦੋਲਨ ਉਤੇ ਜਨਤਾ ਤੇ ਕਿੰਨਾ ਪ੍ਰਭਾਵ ਹੋਇਆ ਹੈ, ਉਸਨੂੰ ਕਿੰਨਾ ਸਮਰਥਨ ਮਿਲਿਆ ਹੈ, ਉਸਦਾ ਅੰਦਾਜ਼ਾ ਲਗਾਉਣਾ ਜ਼ਰੂਰੀ ਹੈ।

ਇਹ ਸਚ ਹੈ ਕਿ 1942 ਵਿਚ ਇਹ ਰੂਪਰੇਖਾ ਵੀ ਸਪਸ਼ਟ ਨਹੀਂ ਕੀਤੀ ਗਈ ਸੀ, ਕਿਉਂਕਿ ਅਗਵਾਈ ਨੂੰ ਅੰਦੋਲਨ ਛੇੜਨ ਦਾ ਅਵਸਰ ਹੀ ਨਹੀਂ ਮਿਲਿਆ। ਲੇਕਿਨ ਜਨਤਾ ਨੇ ਆਪਣੀ ਤਰਫ ਤੋਂ ਜੋ ਪਹਿਲ ਕੀਤੀ, ਉਸਦੀ ਸਵੀਕ੍ਰਿਤੀ ਅਗਵਾਈ ਇਕ ਤਰ੍ਹਾਂ ਨਾਲ ਦੇ ਚੁਕਿਆ ਸੀ। 8 ਅਗਸਤ 1942 ਨੂੰ ਅਖਿਲ ਪਾਰਤੀ ਕਾਂਗਰਸ ਸਮੀਤੀ ਦੁਆਰਾ ਪਾਰਿਤ ਪ੍ਰਸਤਾਵ ਵਿਚ ਸਾਫ–ਸਾਫ ਕਿਹਾ ਗਿਆ ਸੀ ਕਿ "ਇਕ ਐਸਾ ਸਮੇਂ ਆ ਸਕਦਾ ਹੈ, ਜਦ ਰਿਦੇਸ਼ ਜਾਰੀ ਕਰਨਾ ਸੰਭਵ ਨਾ ਹੋ ਸਕੇ ਜਾਂ ਨਿਰਦੇਸ਼ ਲੋਕਾਂ ਤਕ ਪਹੁੰਚ ਹੀ ਨਾ ਸਕੇ ਜਾਂ ਕੋਈ ਕਾਂਗਰਸ ਸਮੀਤੀ ਕਾਰਜ ਨਾ ਕਰ ਸਕੇ। ਅਗਰ ਐਸਾ ਹੁੰਦਾ ਹੈ, ਤਾਂ ਹਰੇ ਕ ਪੁਰਸ਼ ਤੇ ਇਸਤ੍ਰੀ ਨੂੰ, ਜੋ ਇਸ ਅੰਦੋਲਨ ਵਿਚ ਭਾਗ ਲੈ ਰਿਹਾ ਹੈ, ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਚੌਹੱਦੀ ਵਿਚ ਆਪਣੇ ਕੰਮ ਦਾ ਖੁਦ ਹੀ ਫੈਸਲਾ ਕਰਨਾ ਹੋਏਗਾ। ਹਰ ਭਾਰਤੀ ਨੂੰ, ਜੋ ਆਜ਼ਾਦੀ ਚਾਹੁੰਦਾ ਹੈ ਅਤੇ ਉਸਦੇ ਲਈ ਯਤਨਸ਼ੀਲ ਹੈ, ਆਪਣਾ ਮਾਰਗਦਰਸ਼ਕ ਖੁਦ ਬਣਨਾ ਹੋਏਗਾ।"

ਇਸਦੇ ਅਲਾਵਾ ਕਾਂਗਰਸ ਇਸ ਸੰਘਰਸ਼ ਦੇ ਲਈ ਪਹਿਲਾਂ ਤੋਂ ਤਿਆਰੀ ਕਰਦੀ ਆ ਰਹੀ ਸੀ। 1937 ਦੇ ਬਾਅਦ ਕਾਂਗਰਸ ਸੰਗਠਨ ਨੂੰ ਚੁਸਤ ਕੀਤਾ ਗਿਆ। ਪੂਰਬੀ ਯੂ.ਪੀ. ਅਤੇ ਬਿਹਾਰ ਦੇ ਆਪਣੇ ਅਧਿਐਨ ਵਿਚ ਚੰਦਨ ਮਿੱਤਰ ਨੇ ਸਪਸ਼ਟ ਕੀਤਾ ਹੈ ਕਿ 1942 ਦੇ ਦੌਰਾਨ ਉਥੇ ਸਭ ਤੋਂ ਜ਼ਿਆਦਾ ਪ੍ਰਤੀਰੋਧ ਹੋਇਆ, ਜਿਥੇ 1937 ਦੇ ਬਾਅਦ ਤੋਂ ਜਨ–ਜਾਗ੍ਰਤੀ ਅਤੇ ਸੰਗਠਨ ਦਾ ਵਿਵਸਥਿਤ ਕਾਰਜ ਹੋਇਆ ਸੀ। ਸਰਦਾਰ ਪਟੇਲ ਜੂਨ 1942 ਤੋਂ ਹੀ ਬਾਰਦੋਲੀ ਅਤੇ ਗੁਜਰਾਜ ਦੇ ਹੋਰ ਇਲਾਦਿਆਂ ਵਿਚ ਲੋਕ ਨੂੰ ਆਉਣ ਵਾਲੇ ਸੰਘਰਸ਼ ਦ ਬਾਰੇ ਵਿਚ ਚੇਤਾਵਨੀ ਦੇ ਰਹੇ ਸਨ। ਪੂਨਾ ਦੇ ਕਾਂਗਰਸੀ ਸਮਾਜਵਾਦੀ ਵੀ ਤਾਂਹੀ ਕਾਰਜਕਰਤਾਵਾਂ ਦੇ ਸਿਖਲਾਈ ਸ਼ਿਵਿਰ ਲਗਾ ਰਹੇ ਸਨ। ਗਾਂਧੀਜੀ ਖੁਦ ਵੀ ਵਿਅਕਤੀਗਤ ਸਤਿਆਗ੍ਰਹਿ ਦੇ ਜ਼ਰੀਏ ਤੇ 1942 ਦੀ ਸ਼ੁਰੂਆਤ ਦੇ ਸਿੱਧੇ ਤੌਰ ਉਤੇ ਲੋਕਾਂ ਨੂੰ ਆਸੰਨ ਯੁਧ ਦੇ ਲਈ ਤਿਆਰ ਕਰ ਰਹੇ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਲੜਾਈ ਥੋੜੇ ਸਮੇਂ ਤਕ ਹੀ ਚਲੇਗਾ, ਪਰ ਤੇਜ਼ ਹੋਏਗੀ।

ਹੁਣ ਰਿਹਾ ਸਵਾਲ ਕਿ 1942 ਦੀ ਹਿੰਸਾ ਦੀ ਸੰਗਤੀ ਕਾਂਗਰਸ ਦੀ ਅਹਿੰਸਕ ਨੀਤੀ ਨਾਲ ਕਿਵੇਂ ਬਿਠਾਈ ਜਾਵੇ? ਪਹਿਲੀ ਗੱਲ ਤਾਂ ਇਹ ਹੈ ਐਸੇ ਬਹੁਤ ਲੋਕ ਸਨ, ਜਿਨ੍ਹਾਂ ਇਸ ਅੰਦੋਲਨ ਦੇ ਦੌਰਾਨ ਵੀ ਹਿੰਸਾ ਦਾ ਸਹਾਰਾ ਲੈਣ ਤੋਂ ਇਨਕਾਰ ਕਰ ਦਿਤਾ। ਜਿਨ੍ਹਾਂ ਲੋਕਾਂ ਨੇ ਹਿੰਸਕ ਸਾਧਨਾਂ ਦਾ ਪ੍ਰਯੋਗ ਕੀਤਾ, ਉਨ੍ਹਾਂ ਵਿਚੋਂ ਬਹੁਤਿਆਂ ਦਾ ਮੰਨਣਾ ਸੀ ਕਿ ਹਾਲਾਤਾਂ ਦੀ ਇਹੀ ਮੰਗ ਸੀ। ਉਨ੍ਹਾਂ ਵਿਚੋਂ ਵੀ ਅਨੇਕ ਨਿਸ਼ਠਾਵਾਨ ਗਾਂਧੀਵਾਦੀ ਵੀ ਸਨ। ਕੁਝ ਦਾ ਤਰਕ ਸੀ ਕਿ ਟੈਲੀਗ੍ਰਾਫ ਦੇ ਤਾਰਾਂ ਦਾ ਕਟਦਾ ਜਾਂ ਪੁਲਾਂ ਦਾ ਉਡਾ ਦੇਣਾ ਜਾਂ ਰੇਲ ਦੀ ਪਟੜੀਆਂ ਪੁਟ ਦੇਣੀਆਂ ਤਦ ਤਕ ਮਾੜਾ ਨਹੀਂ ਹੈ, ਜਦ ਤਕ ਇਸ ਨਾਲ ਕਿਸੇ ਦੀ ਜਾਨ ਨੂੰ ਖਤਰਾ ਨਹੀਂ ਪਹੁੰਚਾ। ਕੁਝ ਨੇ ਇਹ ਕਹਿ ਕੇ ਸਾਫਗੋਈ ਦਿਖਾਈ ਹੈ ਕਿ ਉਨ੍ਹਾਂ ਦਾ ਹਿੰਸਾ ਵਿਚ ਵਿਸ਼ਵਾਸ ਨਹੀਂ ਸੀ, ਫਿਰ ਵੀ ਉਨ੍ਹਾਂ ਨੇ ਹਿੰਸਾ ਕੀਤੀ। ਗਾਂਧੀ ਜੀ ਨੇ ਖੁਦ 1942 ਵਿਚ ਹਿੰਸਾ ਦੀ ਨਿੰਦਾ ਕਰਨ ਤੋਂ ਇਨਕਾਰ ਕਰ ਦਿਤਾ ਸੀ। ਵ੍ਹਾਂ ਦਾ ਕਹਿਣਾ ਸੀ ਕਿ ਇਹ ਸੱਤਾ ਦੀ ਵਡੀ ਹਿੰਸਾ ਦਾ ਜਵਾਬ ਸੀ। ਫ੍ਰਾਂਸਿਸ ਹਚਿੰਸ ਦਾ ਮੰਨਣਾ ਹੈ ਕਿ ਹਿੰਸਾ ਉਤੇ ਗਾਂਧੀਜੀ ਦੀ ਜ਼ਿਆਦਾ ਆਪੱਤੀ ਇਸ ਲਈ ਸੀ ਕਿ ਇਸ ਨਾਲ ਜਨ–ਭਾਗੀਦਾਰ ਘਟਦੀ ਸੀ, ਲੇਕਿਨ 1942 ਵਿਚ ਗਾਂਧੀ ਜੀ ਨੇ ਦੇਖਿਆ ਕਿ ਇਸ ਸਥਿਤੀ ਐਸੀ ਨਹੀਂ ਹੈ।

ਇਸ ਇਤਿਹਾਸਕ ਅੰਦੋਲਨ ਦੀ ਇਕ ਵਡੀ ਖੂਬੀ ਇਹ ਰਹੀ ਕਿ ਇਸਦੇ ਦੁਆਰਾ ਆਜ਼ਾਦੀ ਦੀ ਮੰਗ ਰਾਸ਼ਟਰੀ ਅੰਦੋਲਨ ਦੀ ਪਹਿਲੀ ਮੰਗ ਬਣ ਗਈ। 'ਭਾਰਤ ਛੱਡੋ' ਦੇ ਬਾਅਦ ਹੁਣ ਪਿਛੇ ਨਹੀਂ ਮੁੜਿਆ ਜਾ ਸਕਦਾ ਸੀ। ਬ੍ਰਿਟਿਸ਼ ਸਰਕਾਰ ਦੇ ਭਵਿੱਖ ਵਿਚ ਜੋ ਵੀ ਗਲਬਾਤ ਹੋਣੀ ਸੀ, ਉਸ ਵਿਚ ਸੱਤਾ ਦੇ ਹਸਤਾਂਤਰਣ ਦਾ ਸਵਾਲ ਆਉਣਾ ਹੀ ਸੀ ਅਤੇ ਇਸ ਸਵਾਲ ਉਤੇ ਕੋਈ ਮੋਲਭਾਵ ਨਹੀਂ ਕੀਤਾ ਜਾ ਸਕਦਾ ਸੀ, ਜਿਵੇਂ ਕਿ ਯੁਧ ਦੇ ਬਾਅਦ ਸਪਸ਼ਟ ਵੀ ਹੋ ਗਿਆ।

ਗਾਂਧੀਜੀ ਨੂੰ ਬਿਮਾਰੀ ਦੇ ਆਧਾਰ ਉਤੇ 6 ਮਈ 1944 ਨੂੰ ਰਿਹਾ ਕਰ ਦਿਤਾ ਗਿਆ ਅਤੇ ਇਸਦੇ ਨਾਲ ਹੀ ਰਾਜਨੀਤਿਕ ਗਤੀਵਿਧੀਆਂ ਵਿਚ ਗਰਮੀ ਆ ਗਈ। ਰਚਨਾਤਮਕ ਕਾਰਜ ਇਸ ਸਮੇਂ ਕਾਂਗਰਸ ਦੀ ਮੁਖ ਗਤੀਵਿਧੀ ਵਿਚ ਸੀ। ਕਾਂਗਰਸ ਮਸ਼ੀਨਰੀ ਨੂੰ ਮੁੜ ਗਠਤ ਕਰਨ

ਉਤੇ ਵੀ ਵਿਸ਼ੇਸ਼ ਸਮੀਤੀਆਂ ਨੂੰ ਮੁੜ ਜੀਵਤ ਕੀਤਾ ਗਿਆ। ਇਸ ਨਾਲ ਕਾਂਗਰਸ ਉਤੇ ਲਗਿਆ ਪ੍ਰਤੀਬੰਧ ਆਪਣੇ ਆਪ ਪ੍ਰਭਾਵਹੀਨ ਹੋ ਗਿਆ। ਕਾਰਜਕਰਤਾਵਾਂ ਦੇ ਸਿਖਲਾਈ ਮੈਂਬਰਸ਼ਿਪ ਅਭਿਆਨ ਤੇ ਕੋਸ਼ ਸੰਗ੍ਰਹਿ ਦਾ ਕੰਮ ਵੀ ਸ਼ੁਰੂ ਕੀਤਾ ਗਿਆ। ਕਾਂਗਰਸ ਦੇ ਰਚਨਾਤਮਕ ਕੰਮਾਂ ਨੂੰ ਸਰਕਾਰ ਸੰਦੇਹ ਦੀ ਨਜ਼ਰ ਨਾਂਲ ਦੇਖਦੀ ਸੀ। ਉਸਨੂੰ ਡਰ ਸੀ ਕਿ ਇਹ ਸਭ ਅਗਲੇ ਸੰਘਰਸ਼ ਦੀ ਤਿਆਰੀ ਦਾ ਹਿੱਸਾ ਹੈ। ਸੋ ਇਨ੍ਹਾਂ ਕੰਮਾਂ ਉਤੇ ਵੀ ਸਖਤ ਨਜ਼ਰ ਰਖੀ ਜਾਂਦੀ ਸੀ, ਹਾਲਾਂਕਿ ਦਮਨ ਦਾ ਰਸਤਾ ਨਹੀਂ ਅਖਤਿਆਰ ਕੀਤਾ ਗਿਆ। ਸਰਕਾਰ ਇਕ ਐਸਾ ਪ੍ਰਸਤਾਵ ਲਿਆਉਣ ਦੀ ਵੀ ਕੋਸ਼ਿਸ਼ ਕਰ ਰਹੀ ਸੀ, ਜਿਸ ਨਾਲ ਸੰਘਰਸ਼ ਦੇ ਇਸ ਦੂਜੇ ਦੌਰ ਨੂੰ ਰੋਕਿਆ ਜਾ ਸਕੇ। ਇਸਨੂੰ ਕੇਵਲ ਪ੍ਰਸਤਾਵ ਜਾਂ 'ਸ਼ਿਮਲਾ ਸੰਮੇਲਨ' ਕਿਹਾ ਜਾਂਦਾ ਹੈ। ਸ਼ਿਮਲਾ ਸੰਮੇਲਨ ਜੂਨ 1945 ਵਿਚ ਹੋਇਆ ਅਤੇ ਉਸ ਤੋਂ ਪਹਿਲਾਂ ਸਾਰੇ ਪ੍ਰਮੁੱਖ ਕਾਂਗਰਸ ਨੇਤਾਵਾਂ ਨੂੰ ਰਿਹਾ ਕੀਤਾ ਜਾ ਚੁਕਾ ਸੀ। ਇਸ ਤਰ੍ਹਾਂ ਮੁਠਭੇੜ ਦਾ ਦੌਰ ਖਤਮ ਹੋਇਆ, ਜੋ ਅਗਸਤ 1942 ਤੋਂ ਚਲ ਰਿਹਾ ਸੀ।

## ਆਜ਼ਾਦ ਹਿੰਦ ਫੌਜ (Indian National Army)

ਆਜ਼ਾਦ ਹਿੰਦ ਫੌਜ ਦਾ ਖਿਆਲ ਸਭ ਤੋਂ ਪਹਿਲੇ ਮੋਹਨ ਸਿੰਘ ਦੇ ਮਨ ਚ ਮਲਾਇਆ ਵਿਚ ਆਇਆ। ਉਹ ਬ੍ਰਿਟੇਨ ਦੀ ਪਾਰਤੀ ਸੈਨਾ ਦੇ ਅਫਸਰ ਸਨ। ਜਦ ਬ੍ਰਿਟਿਸ਼ ਸੈਨਾ ਪਿਛੇ ਹਟ ਰਹੀ ਸੀ। ਤਾਂ ਮੋਹਨ ਸਿੰਘ ਜਾਪਾਨੀਆਂ ਦੇ ਨਾਲ ਹੋ ਗਏ। ਉਹ ਜਾਪਾਨੀ ਭਾਰਤੀਆਂ ਵਿਚ ਬ੍ਰਿਟਿਸ਼-ਵਿਰੋਧੀ ਭਾਵਨਾਵਾਂ ਤਾਂ ਭੜਕਾਉਂਦੇ ਰਹੇ, ਲੇਕਿਨ ਉਨ੍ਹਾਂ ਨੇ ਭਾਰਤੀਆਂ ਨੂੰ ਸੈਨਿਕ ਪੱਧਰ ਉਤੇ ਸੰਗਠਤ ਕਰ ਦੇ ਬਾਰੇ ਵਿਚ ਨਹੀਂ ਸੋਚਿਆ।

ਜਾਪਾਨੀਆਂ ਨੇ ਜਦ ਭਾਰਤੀ ਯੁਧ-ਬੰਦੀਆਂ ਨੂੰ ਮੋਹਰ ਸਿੰਘ ਦੇ ਸਪੁਰਦ ਕਰ ਦਿਤਾ, ਤਾਂ ਉਹ ਉਨ੍ਹਾਂ ਵਿਚੋਂ ਲੋਕਾਂ ਨੂੰ ਆਜ਼ਾਦ ਹਿੰਦ ਫੌਜ ਵਿਚ ਭਰਤੀ ਕਰਨ ਲਗੇ। ਸਿੰਗਾਪੁਰ ਦਾ ਜਾਪਾਨੀਆਂ ਦੇ ਹਥ ਵਿਚ ਆਉਦਾ ਇਸ ਦ੍ਰਿਸ਼ਟੀ ਨਾਲ ਬਹੁਤ ਮਹੱਤਵਪੂਰਨ ਸੀ, ਕਿਉਂਕਿ ਇਸ ਨਾਲ 45 ਹਜ਼ਾਰ ਭਾਰਤੀ ਯੁਧ-ਬੰਦੀ ਮੋਹਨ ਸਿੰਘ ਦੇ ਪ੍ਰਭਾਵ ਖੇਤਰ ਵਿਚ ਆ ਗਏ। 1942 ਦੇ ਅੰਤ ਤਕ 40 ਹਜ਼ਾਰ ਲੋਕ ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋਂਦ ਦੇ ਇੱਛੁਕ ਹੋ ਚਲੇ ਸਨ। ਭਾਰਤੀਆਂ ਦੀ ਅਗਵਾਈ ਕਰਨ ਵਾਲੇ ਵਿਅਕਤੀਆਂ ਅਤੇ ਭਾਰਤੀ ਸੈਨਿਕ ਅਧਿਕਾਰੀਆਂ ਦੇ ਵਿਚ ਵਿਭਿੰਨ ਬੈਠਕਾਂ ਵਿਚ ਇਹ ਬਾਰ-ਬਾਰ ਸਪਸ਼ਟ ਕੀਤਾ ਗਿਆ ਕਿ ਆਜ਼ਾਦ ਹਿੰਦ ਫੌਜ ਕਾਂਗਰਸ ਅਤੇ ਭਾਰਤੀ ਜਨਤਾ ਦੇ ਆਹਵਾਨ ਉਤੇ ਹੀ ਹਰਕਤ ਵਿਚ ਆਏਗੀ। ਬਹੁਤ ਜਿਹੇ ਲੋਕ ਇਏ ਵੀ ਮੰਨਦੇ ਸਨ ਕਿ ਆਜ਼ਾਦ ਹਿੰਦ ਫੌਜ ਦੇ ਕਾਰਨ ਦੱਖਣ-ਪੂਰਬ ਏਸ਼ੀਆ ਵਿਚ ਜਾਪਾਨ ਪਾਰਤੀਆਂ ਨਾਲ ਦੁਰਵਿਉਹਾਰ ਨਹੀਂ ਕਰੇਗਾ ਜਾਂ ਭਾਰਤ ਉਤੇ ਕਬਜ਼ਾ ਕਰਨ ਦੇ ਬਾਰੇ ਵਿਚ ਨਹੀਂ ਸੋਚੇਗਾ।

ਭਾਰਤ ਛੱਡੋ ਅੰਦੋਲਨ ਨਾਲ ਆਜ਼ਾਦ ਹਿੰਦ ਫੌਜ ਨੂੰ ਵੀ ਇਕ ਨਵੀਂ ਤਾਕਤ ਮਿਲੀ। ਮਲਾਇਆ ਵਿਚ ਬ੍ਰਿਟਿਸ਼-ਵਿਰੋਧੀ ਪ੍ਰਦਰਸ਼ਨ ਕੀਤੇ ਗਏ। 1 ਸਤੰਬਰ 1942 ਨੂੰ ਆਜ਼ਾਦ ਹਿੰਦ ਫੌਜ ਦੀ ਪਹਿਲੀ ਡਿਵੀਜ਼ਨ ਦਾ ਗਠਨ 16,300 ਸੈਨਿਕਾਂ ਨੂੰ ਲੈ ਕੇ ਕੀਤਾ ਗਿਆ। ਜਾਪਾਨੀ ਤਦ ਤਕ ਭਾਰਤ ਉਤੇ ਹਮਲਾ ਕਰਨ ਦੀ ਸੋਚਣ ਲਗੇ ਸ ਅਤੇ ਉਨ੍ਹਾਂ ਨੇ ਭਾਰਤੀਆਂ ਦਾ ਸੈਨਿਕ ਰੂਪ ਵਿਚ ਸੰਗਠਤ ਹੋਦਾ ਲਾਭਦਾਇਕ ਪ੍ਰਤੀਤ ਹੋ ਰਿਹਾ ਸੀ। ਲੇਕਿਨ ਦਸੰਬਰ 1942 ਦੇ ਆਉਂਦੇ-ਜਾਂਦੇ ਆਜ਼ਾਦ ਹਿੰਦ ਫੌਜ ਦੀ ਭੂਮਿਕਾ ਦੇ ਬਾਰੇ ਵਿਚ ਜਾਪਾਨੀ ਅਤੇ ਭਾਰਤੀ ਅਧਿਕਾਰੀਆਂ ਵਿਚ ਗਹਿਰੇ ਮਤਭੇਦ ਪੈਦਾ ਹੋ ਗਏ ਸਨ। ਮੋਹਨ ਸਿੰਘ ਅਤੇ ਨਿਰੰਜਨ ਸਿੰਘ ਗਿਲ ਨੂੰ ਗਿਰਫਤਾਰ ਕਰ ਲਿਆ ਗਿਆ। ਦਰਅਸਲ, ਜਾਪਾਨੀ ਚਾਹੁੰਦੇ ਸਨ ਕਿ ਭਾਰਤੀ ਫੌਜ 2000 ਸੈਨਿਕਾਂ ਦੀ ਹੋਵੇ ਯਾਨੀ ਪ੍ਰਤੀਕਾਤਮਕ ਹੋਵੇ, ਜਦਕਿ ਮੋਹਨ ਸਿੰਘ ਦਾ ਲਕਸ਼ ਦੋ ਲੱਖ ਸਿਪਾਹੀਆਂ ਦਾ ਸੀ।

ਆਜ਼ਾਦ ਹਿੰਦ ਫੌਜ ਦਾ ਦੂਜਾ ਚਰਨ ਉਸ ਵਕਤ ਸ਼ੁਰੂ ਹੋਇਆ, ਜਦ ਸੁਭਾਸ਼ਚੰਦਰ ਬੋਸ ਨੂੰ ਜਰਮਨ ਅਤੇ ਜਾਪਾਨੀ ਪਨਡੁੱਬੀਆਂ ਦੁਆਰਾ 2 ਜੁਲਾਈ 1943 ਨੂੰ ਸਿੰਗਾਪੁਰ ਲਿਆਇਆ ਗਿਆ। ਉਥੋਂ ਉਹ ਟੋਕੀਓ ਗਏ ਅਤੇ ਉਸਦੇ ਬਾਅਦ ਹੀ ਜਾਪਾਨ ਦੇ ਪ੍ਰਧਾਨਮੰਤਰੀ ਤੋਜੋ ਨੇ ਘੋਸ਼ਣਾ ਕੀਤੀ ਕਿ ਜਾਪਾਨ ਭਾਰਤ ਉਤੇ ਕਬਜ਼ਾ ਕਰਨਾ ਨਹੀਂ ਚਾਹੁੰਦਾ। ਬੋਸ ਸਿੰਗਾਪੁਰ ਵਾਪਸ ਗਏ ਅਤੇ ਉਥੋਂ ਉਨ੍ਹਾਂ ਨੇ 21 ਅਕਤੂਬਰ 1943 ਦਾ ਸਵਾਧੀਨ ਭਾਰਤ ਦੀ ਸਰਕਾਰ ਗਠਤ ਕੀ। ਇਸ ਸਰਕਾਰ ਨੇ ਬ੍ਰਿਟੇਨ ਅਤੇ ਸੰਯੁਕਤ ਰਾਜ ਅਮਰੀਕਾ ਦੇ ਖਿਲਾਫ ਯੁਧ ਦੀ ਘੋਸ਼ਣਾ ਕਰ ਦਿਤੀ। ਜਰਮਨੀ, ਜਾਪਾਨ ਅਤੇ ਉਨ੍ਹਾਂ ਦੇ ਸਮਰਥਕ ਦੇਸ਼ਾਂ ਨੇ ਇਸ ਸਰਕਾਰ ਨੂੰ ਮਾਨਤਾ ਵੀ ਦੇ ਦਿਤੀ।

ਇਸਦੇ ਬਾਅਦ ਸੁਭਾਸ਼ ਚੰਦਰ ਬੋਸ ਨੇ ਆਜ਼ਾਦ ਹਿੰਦ ਫੌਜ ਦੇ ਮੁਖਿਆਲਾ ਰੰਗੂਨ ਅਤੇ ਸਿੰਗਾਪੁਰ ਵਿਚ ਬਣੇ ਅਤੇ ਫੌਜ ਨੂੰ ਮੁੜ ਗਠਤ ਕਰਨਾ ਸ਼ੁਰੂ ਕਰ ਦਿਤਾ। ਨਾਗਰਿਕਾਂ ਵਿਚੋਂ ਵੀ ਭਰਤੀਆਂ ਕੀਤੀ ਗਈਆਂ, ਪੈਸਾ ਜਮਾ ਕੀਤਾ ਗਿਆ ਅਤੇ ਰਾਣੀ ਝਾਂਸੀ ਰੈਜੀਮੇਂਟ ਦੇ ਨਾਮ ਤੋਂ ਇਸਤ੍ਰੀ ਸੈਨਿਕਾਂ ਦਾ ਵੀ ਇਕ ਦਲ ਬਣਾਇਆ ਗਿਆ। 6 ਜੁਲਾਈ, 1944 ਨੂੰ ਸੁਭਾਸ਼ਚੰਦਰ ਬੋਸ ਨੇ ਆਜ਼ਾਦ ਹਿੰਦ ਰੇਡੀਓ ਉਤੇ ਬੋਲਦੇ ਹੋਏ ਗਾਂਧੀਜੀ ਨੂੰ ਸੰਬੋਧਿਤ ਕੀਤਾ, "ਭਾਰਤ ਦੀ ਸਵਾਧੀਨਤਾ ਦਾ ਆਖਿਰੀ ਯੁਧ ਸ਼ੁਰੂ ਹੋ ਚੁਕਾ ਹੈ। ਰਾਸ਼ਟਰੀਅਤਾ ਭਾਰਤ ਦੀ ਮੁਕਤੀ ਦੇ ਇਸ ਪਵਿੱਤਰ ਯੁਧ ਵਿਚ ਅਸੀਂ ਤੁਹਾਡਾ ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ ਚਾਹੁੰਦੇ ਹਾਂ।"

ਆਜ਼ਾਦ ਹਿੰਦ ਫੌਜ ਦੀ ਇਕ ਬਟਾਲੀਅਨ ਸ਼ਾਹ ਨਵਾਜ ਦੀ ਕਮਾਨ ਵਿਚ ਜਾਪਾਨੀ ਫੌਜ ਦੇ ਨਾਲ ਭਾਰਤ-ਬਰਮਾ ਸੀਮਾ ਉਤੇ ਇੰਫਾਲ ਦੇ ਹਮਲੇ ਵਿਚ ਭਾਗ ਲੈਣ ਦੇ ਲਈ ਭੇਜੀ ਗਈ। ਲੇਕਿਨ ਉਥੋਂ ਭਾਰਤੀ ਸੈਨਿਕਾਂ ਦੇ ਨਾਲ ਦੁਰਵਿਓਹਾਰ ਹੋਇਆ, ਉਸ ਨਾਲ ਉਨ੍ਹਾਂ ਦਾ ਮਨੋਬਲ ਟੁਟ ਗਿਆ। ਉਨ੍ਹਾਂ ਨੂੰ ਨਾ ਕੇਵਲ ਰਸਦ ਅਤੇ ਹਥਿਆਰ ਤੋਂ ਵੰਚਿਤ ਰਖਿਆ ਗਿਆ, ਬਲਕਿ ਜਾਪਾਨੀ ਸੈਨਿਕਾਂ ਦੇ ਲਈ ਨੀਵੀਂ ਸ਼੍ਰੇਣੀ ਦੇ ਕੰਮ ਕਰਨ ਦੇ ਲਈ ਵੀ ਮਜਬੂਰ ਕੀਤਾ ਗਿਆ। ਇੰਫਾਲ ਉਤੇ ਹਮਲਾ ਅਸਫਲ ਰਿਹਾ ਅਤੇ

ਨੋਟ

ਜਾਪਾਨੀ ਸੈਨਿਕ ਪਿਛੇ ਮੁੜਣ ਲਗੇ। ਇਸ ਦੇ ਬਾਅਦ ਤਾਂ ਇਸ ਗਲ ਦੀ ਕੋਈ ਉਮੀਦ ਹੀ ਨਹੀਂ ਰਹੀ ਕਿ ਆਜ਼ਾਦ ਹਿੰਦ ਫੌਜ ਭਾਰਤ ਨੂੰ ਮੁਕਤ ਕਰਾ ਸਕਦੀ ਹੈ। ਜਾਪਾਨ ਦੇ ਆਤਮਸਮਰਪਣ ਦੇ ਬਾਅਦ ਜਦ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੂੰ ਯੁਧ-ਬੰਦੀ ਦੇ ਰੂਪ ਵਿਚ ਭਾਰਤ ਲਿਆਇਆ ਗਿਆ ਅਤੇ ਉਨ੍ਹਾਂ ਨੂੰ ਸਖਤ ਸਜ਼ਾ ਦੇਣ ਦੀ ਤਜਵੀਜ ਹੋਦ ਲਗੀ, ਤਾਂ ਇਕ ਹੋਰ ਅੰਦੋਲਨ ਛਿੜ ਗਿਆ।

## 10.4 ਭਾਰਤੀ ਸੁਤੰਤਰਤਾ ਅਤੇ ਵੰਡ (Indian Independence and Partition)

ਭਾਰਤੀ ਸਮਾਜ ਉਤੇ ਹੋਂਦ ਕਾਇਮ ਕਰਨ ਦੇ ਸੰਘਰਸ਼ ਵਿਚ ਰਾਸ਼ਟਰਵਾਦੀ ਸ਼ਕਤੀਆਂ ਦੀ ਸਫਲਤਾ ਦੂਜੇ ਵਿਸ਼ਵ ਯੁਧ ਦੇ ਅੰਤ ਤਕ ਸਾਫ ਨਜ਼ਰ ਆਉਣ ਲਗੀ ਸੀ। ਬ੍ਰਿਟਿਸ਼ ਸ਼ਾਸਕ, ਹਿਟਲਰ ਦੇ ਖਿਲਾਫ ਯੁਧ ਜਿੱਤ ਗਏ ਸਨ, ਲੇਕਿਨ ਭਾਰਤੀ ਮੋਰਚੇ ਉਤੇ ਉਹ ਹਾਰ ਚੁਕੇ ਸਨ। 'ਰਾਜ' ਦੇ ਪ੍ਰਭਾਵ ਨਾਲ ਰਾਸ਼ਟਰੀ ਅੰਦੋਲਨ ਦਾ ਪ੍ਰਭਾਵ ਕਾਫੀ ਵਡਾ ਹੋ ਚੁਕਾ ਸੀ। ਆਜ਼ਾਦ ਹਿੰਦ ਫੌਜ ਦੇ ਮੁਕੱਦਮਿਆਂ ਦੇ ਕਾਰਨ ਉਨ੍ਹਾਂ ਵਰਗਾਂ ਅਤੇ ਉਨ੍ਹਾਂ ਅੰਚਲਾਂ ਤਕ ਵੀ ਰਾਜਨੀਤਿਕ ਚੇਤਨਾ ਫੈਲ ਗਈ ਸੀ, ਜੋ ਅੰਦੋਲਨ ਦੀ ਮੁਖ ਧਾਰਾ ਨਾਲੋਂ ਅਲਗ-ਥਲਗ ਸੀ। ਜਿਵੇਂ ਕਿ ਅਸੀਂ ਪਿਛਲੇ ਅਧਿਆਏ ਵਿਚ ਦਸ ਚੁਕੇ ਹਾਂ, ਫੌਜ ਅਤੇ ਨੌਕਰਸ਼ਾਹੀ ਦੇ ਲੋਕਾਂ ਨੇ ਵੀ ਖੁਲ੍ਹੇਆਮ ਸਭਾਵਾਂ ਵਿਚ ਜਾਣਾ, ਚੰਦਾ ਦੇਣਾ ਅਤੇ ਕਾਂਗਰਸ ਨੂੰ ਵੋਟ ਦੇਣਾ ਸ਼ੁਰੂ ਕਰ ਦਿਤਾ ਗਿਆ ਸੀ ਅਤੇ ਉਹ ਇਸ ਨੂੰ ਛੁਪਾਉਂਦੇ ਵੀ ਨਹੀਂ ਸਨ। ਰਾਜਨੀਤਿਕ ਰੂਪ ਨਾਲ ਜਾਗ੍ਰਤ ਸਮੂਹਾਂ ਦਾ ਲੜਾਕੂਪਨ 1942 ਦੇ ਵੀਰਤਾ ਪੂਰਨ ਸੰਘਰਸ਼ ਵਿਚ ਉਜਾਗਰ ਹੋ ਚੁਕਾ ਸੀ। ਵਿਦਿਆਰਥੀਆਂ ਅਤੇ ਹੋਰ ਲੋਕਾਂ ਨੇ ਕਾਫੀ ਨਿਰਭੈਤਾ ਦੇ ਨਾਲ ਆਜ਼ਾਦ ਹਿੰਦ ਫੌਜ ਤੇ ਰਾਇਲ ਇੰਡੀਅਨ ਨੇਵੀ ਦੇ ਵਿਦਰੋਹੀ ਨਾਵਿਕਾਂ ਦੇ ਨਾਲ ਆਪਣੀ ਇਕਜੁਟਤਾ ਦਾ ਇਜ਼ਹਾਰ ਕੀਤਾ ਸੀ।

ਰਾਸ਼ਟਰੀ ਅੰਦੋਲਨ ਦੀ ਸਫਲਤਾ ਦਾ ਮਾਨਚਿੱਤਰ ਬਣਾਉਣ ਦੇ ਲਈ ਸਾਨੂੰ ਉਨ੍ਹਾਂ ਦਿਨਾਂ ਦੀ ਉਮੜਦੀ ਭੀੜ ਅਤੇ ਰਾਸ਼ਟਰਵਾਦੀ ਭਾਵਨਾ ਦੇ ਵਿਆਪਕ ਪ੍ਰਸਾਰ ਤੇ ਤੀਵਰ ਉਤਕਟਤਾ ਦੀ ਯਾਦ ਕਰਨੀ ਹੋਏਗੀ। ਇਸਦੇ ਨਾਲ ਹੀ ਸਾਨੂੰ ਬ੍ਰਿਟਿਸ਼ ਅਫਸਰਾਂ ਦੇ ਡਿਗੇ ਹੋਏ ਮਨੋਬਲ ਅਤੇ ਭਾਰਤੀ ਅਧਿਕਾਰੀਆਂ ਅਤੇ ਅੰਗ੍ਰੇਜ਼ਪ੍ਰਸਤਾਂ ਦੀ ਬਦਲਦੀ ਹੋਈ ਵਫਾਦਾਰੀ ਉਤੇ ਵੀ ਧਿਆਨ ਦੇਣਾ ਹੋਏਗਾ। ਰਾਸ਼ਟਰੀ ਅੰਦੋਲਨ ਦੀ ਸਫਲਤਾ ਦੀ ਕਹਾਣੀ ਸਾਨੂੰ ਕਹੇਗੀ ਲੇਕਿਨ ਅਲਗ ਢੰਗ ਨਾਲ। ਇਨ੍ਹਾਂ ਦੀ ਕਹਾਣੀ ਵਿਚ ਰਾਸ਼ਟਰਵਾਦ ਦਾ ਇਸ ਰੂਪ ਵਿਚ ਜ਼ਿਕਰ ਨਹੀਂ ਹੋਏਗਾ ਕਿ ਉਸਨੇ ਬ੍ਰਿਟਿਸ਼ ਸੱਤਾ ਦੇ ਲਈ ਭਾਰਤ ਵਿਚ ਕੋਈ ਜਗਾਹ ਹੀ ਨਹੀਂ ਛੱਡੀ ਸੀ। ਇਹ ਕਹਾਣੀ ਦਸੇਗੀ ਕਿ ਰਾਸ਼ਟਰੀ ਅੰਦੋਲਨ ਨੇ ਕਿਸ ਤਰ੍ਹਾਂ ਸਮਰਾਜਵਾਦ ਦੇ ਅਸਰ ਦਾ ਖਾਤਮਾ ਕੀਤਾ, ਓਪਨਿਵੇਸ਼ਿਕ ਢਾਂਚੇ ਨੂੰ ਨਸ਼ਟ ਕੀਤਾ ਅਤੇ ਬ੍ਰਿਟੇਨ ਦੀ ਰਾਜਨੀਤਿਕ ਰਣਨੀਤੀ ਦੇ ਅੰਤਰਵਿਰੋਧ ਨੂੰ ਡੂੰਘਾ ਕਰ ਦਿਤਾ।

ਇਹ ਵੀ ਯਾਦ ਹੋਵੇਗਾ ਕਿ ਭਾਰਤ ਵਿਚ ਬ੍ਰਿਟਿਸ਼ ਸ਼ਾਸਨ ਚਲ ਰਿਹਾ ਸੀ, ਤਾਂ ਉਸਦਾ ਅੰਸ਼ਕ ਕਾਰਨ ਭਾਰਤੀ ਜਨਤਾ ਦੇ ਬਹੁਤਿਆਂ ਹਿੱਸਿਆਂ ਦੀ ਸਹਿਮਤੀ ਜਾਂ ਮੂਕ ਸਵੀਕ੍ਰਿਤੀ ਵੀ ਸੀ। ਓਪਨਿਵੇਸ਼ਕ ਸ਼ਾਸਨ ਦਾ ਸਮਾਜਕ ਆਧਾਰ ਜਮੀਂਦਾਰਾਂ, ਉਚ ਵਰਗਾਂ, ਸਰਕਾਰਪ੍ਰਸਤਾਂ ਆਦਿ ਦੇ ਵਿਚ ਸੀਮਤ ਸੀ, ਜੋ ਵਿਦੇਸ਼ੀ ਸਰਕਾਰ ਦੇ ਵਿਸ਼ੇਸ਼ ਰੂਪ ਨਾਲ ਕ੍ਰਿਪਾ ਦੇ ਪਾਤਰ ਸਨ। ਇਹ ਉਹ ਲੋਕ ਸਨ, ਜੋ ਪ੍ਰਸ਼ਾਸਨ ਚਲਾਉਂਦੇ ਸਨ, ਸਰਕਾਰੀ ਨਤੀਆਂ ਦਾ ਸਮਰਥਨ ਕਰਦੇ ਸਨ ਅਤੇ ਉਨ੍ਹਾਂ ਸੁਧਾਰ-ਪ੍ਰੋਗਰਾਮਾਂ ਉਤੇ ਅਮਲ ਕਰਦੇ ਸਨ, ਜਿਨ੍ਹਾਂ ਨੂੰ ਸਰਕਾਰ ਬੜੀ ਹਿਚਕ ਦੇ ਨਾਲ ਅਤੇ ਦੇਰ ਨਾਲ ਲਾਗੂ ਕਰਦੀ ਸੀ। 'ਰਾਜ' ਦਾ ਕਾਜ ਪ੍ਰਤੀਸ਼ਠਾ ਉਤੇ ਚਲਦਾ ਸੀ ਅਤੇ ਇਸ ਪ੍ਰਤੀਸ਼ਠਾ ਦਾ ਮੂਰਤ ਰੂਪ ਸੀ ਜ਼ਿਲਾ ਅਧਿਕਾਰੀ, ਜੋ ਇੰਡੀਅਨ ਸਿਵਿਲ ਸਰਵਿਸ (ਆਈ.ਸੀ.ਐਸ.) ਦਾ ਅੰਗ ਹੁੰਦਾ ਸੀ। ਇਸ 'ਸਵਰਗੋਦਭੂਤ ਸੇਵਾ' ਨੂੰ 'ਰਾਜ ਦੇ ਇਸਪਾਤੀ ਫ੍ਰੇਮ ਦੇ ਰੂਪ ਵਿਚ ਵੀ ਯਾਦ ਕੀਤਾ ਜਾਂਦਾ ਹੈ ਜਦ ਇਹ ਸਰਕਾਰਪ੍ਰਸਤ ਲੋਕ ਬ੍ਰਿਟਿਸ਼ ਹਾਵ ਦੇ ਜਹਾਜ਼ ਤੋਂ ਛਾਲ ਮਾਰਨ ਲਗੇ, 'ਪ੍ਰਤੀਸ਼ਠਾ' ਖਾਕ ਵਿਚ ਮਿਲਣ ਲਗੀ, ਜ਼ਿਲਾ ਅਧਿਕਾਰ ਅਤੇ ਸਚਿਵਾਲਿਅ ਦੇ ਲੋਕ ਪਤਵਾਰ ਛੱਡਣ ਲਗੇ, ਤਾਂ ਇਹ ਸਾਫ ਹੋ ਗਿਆ ਕਿ ਜਹਾਜ ਡੁਬ ਰਿਹਾ ਹੈ ਅਤੇ ਤੇਜ਼ੀ ਨਾਲ ਡੁਬ ਰਿਹਾ ਹੈ। ਇਹ ਸਾਲਾਂ ਦੇ ਤਹਿਸ ਨਹਿਸ ਦਾ ਨਤੀਜਾ ਸੀ। ਜਵਾਜ ਨਾ ਕੇਵਲ ਅੰਦਰੋਂ ਸੜ ਰਿਹਾ ਸੀ, ਬਲਕਿ ਉਸ ਉਤੇ ਬਾਹਰੋਂ ਲਗਾਤਾਰ ਹਮਲਾ ਹੋ ਰਿਹਾ ਸੀ।

ਇਕ ਤਾਂ ਆਈ.ਸੀ.ਐਸ. ਦੇ ਲਈ ਯੂਰੋਪੀ ਨਹੀਂ ਮਿਲਦੇ ਸਨ। ਦੂਜੇ, ਜਨਤਾ ਦੀ ਮੰਗ ਉਤੇ ਸਰਕਾਰ ਨੂੰ ਭਾਰਤੀਕਰਨ ਦੀ ਨੀਤੀ ਸਵੀਕਾਰ ਕਰਨੀ ਪਈ ਸੀ। ਇਯਦਾ ਨਤੀਜਾ ਇਹ ਹੋਇਆ ਕਿ ਪਹਿਲੇ ਵਿਸ਼ਵ ਯੁਧ ਦੇ ਸਮੇਂ ਤਕ ਆਈ.ਸੀ.ਐਸ. ਵਿਚ ਬ੍ਰਿਟਿਸ਼ ਰਾਜ ਖਤਮ ਹੋ ਚੁਕਾ ਸੀ। 1939 ਤਕ ਇਸ ਸਭ ਤੋਂ ਜ਼ਿਆਦਾ ਮਾਨ ਵਾਲੀ ਸੇਵਾ ਵਿਚ ਬ੍ਰਿਟਿਸ਼ ਅਤੇ ਭਾਰਤੀ ਹਿੱਸੇਦਾਰੀ ਬਰਾਬਰ-ਬਰਾਬਰ ਹੋ ਚੁਕੀ ਸੀ। ਇਸ ਸੰਤੁਲਨ ਨੂੰ ਕਾਇਮ ਰਖਣ ਦੇ ਲਈ ਪਹਿਲੇ ਤਾਂ ਭਰਤੀ ਵਿਚ ਕਟੌਤੀ ਕਰ ਦਿਤੀ ਗਈ ਅਤੇ ਫਿਰ 1943 ਵਿਚ ਭਰਤੀ ਇਕਦਮ ਬੰਦ ਕਰ ਦਿਤੀ ਗਈ। 1940 ਤੋਂ 1946 ਦੇ ਸਮੇਂ ਵਿਚ ਆਈ.ਸੀ.ਐਸ. ਅਫਸਰਾਂ ਦੀ ਸੰਖਿਆ 1201 ਤੋਂ ਘਟ ਕੇ 939 ਹੋ ਗਈ (ਬ੍ਰਿਟਿਸ਼ ਅਫਸਰਾਂ ਦੀ 587 ਵਿਚੋਂ 429 ਅਤੇ ਭਾਰਤੀ ਅਫਸਰਾਂ ਦੀ 614 ਵਿਚੋਂ 510)। 1946 ਤਕ ਬੰਗਾਲ ਵਿਚ 65 ਪਦਾਂ ਲਈ 19 ਬ੍ਰਿਟਿਸ਼ ਆਈ.ਸੀ.ਐਸ. ਅਫਸਰ ਹੀ ਉਪਲਬਧ ਸਨ। ਇਸਦੇ ਅਲਾਵਾ ਆਈ.ਸੀ.ਐਸ. ਵਿਚ ਉਨ੍ਹਾਂ ਅਭਿਜਾਤ ਪਰਿਵਾਰਾਂ ਦੇ ਆਕਸਫੋਰਡ ਅਤੇ ਕੈਂਬ੍ਰਿਜ ਵਿਚ ਸਿਖਿਅਤ ਨੌਜਵਾਨ ਹੁਣ ਨਹੀਂ ਆ ਰਹੇ ਸਨ, ਜਿਨ੍ਹਾਂ ਦੇ ਪੂਰਵਜ, ਭਾਰਤ ਵਿਚ ਸ਼ਾਸਨ ਕਰ ਚੁਕੇ ਸਨ ਅਤੇ ਜੋ ਇਹ ਮੰਨਦੇ ਸਨ ਕਿ ਭਾਰਤ ਦੇ 'ਸ਼ਿਸ਼ੂ ਮਾਨਸਿਕਤਾ ਵਾਲੇ ਲੋਕਾਂ' ਉਤੇ ਸ਼ਾਸਨ ਕਰਨਾ ਇੰਗਲੈਂਡ ਦੀ ਨਿਅਤੀ ਹੈ। ਉਨ੍ਹਾਂ ਦਾ ਅਸਥਾਨ ਗ੍ਰਾਮਰ ਸਕੂਲ ਅਤੇ ਪਾਲੀਟਿਕਸ ਦੇ ਮੁੰਡੇ ਲੈਂਦੇ ਜਾ ਰਹੇ ਸੀ, ਜਿਨ੍ਹਾਂ ਦੇ ਲਈ 'ਰਾਜ' ਦੀ ਸੇਵਾ ਮਿਸ਼ਨ ਨਹੀਂ, ਜੀਵਿਕਾ ਸੀ। ਯੁਧ

ਦੇ ਕਾਰਨ ਵੀ ਸਮਸਿਆ ਉਲਝ ਗਈ ਸੀ। 1945 ਤਕ ਬ੍ਰਿਟੇਨ ਦੇ ਲੋਕ ਯੁਧ ਤੋਂ ਥਕ ਚੁਕੇ ਸਨ ਅਤੇ ਲੰਮੇ-ਲੰਮੇ ਸਮੇਂ ਤਕ ਦੇਸ਼ ਤੋਂ ਦੂਰ ਰਹਿਣ ਦੇ ਕਾਰਨ ਉਨ੍ਹਾਂ ਦਾ ਉਤਸਾਹ ਘਟ ਹੋਣ ਲਗਾ ਸੀ। ਮੁਦਰਾਸਫੀਤੀ ਦੇ ਕਾਰਨ ਆਰਥਿਕ ਚਿੰਤਾਵਾਂ ਵੀ ਸਤਾਉਣ ਲਗੀਆਂ। ਬਹੁਤਿਆਂ ਲੋਕਾਂ ਦੇ ਸੇਵਾਮੁਕਤ ਹੋਣ ਦੀ ਤਾਰੀਖ ਕਰੀਬ ਆ ਰਹੀ ਸੀ ਤੇ ਜੋ ਬਚੇ ਸਨ, ਉਨ੍ਹਾਂ ਦੇ ਬਾਰੇ ਵਿਚ ਮੰਨਿਆ ਜਾਂਦਾ ਸੀ ਕਿ ਉਹ ਸਮੇਂ ਤੋਂ ਪਹਿਲਾਂ ਹੀ ਸੇਵਾਮੁਕਤ ਹੋ ਜਾਣਾ ਪਸੰਦ ਕਰਣਗੇ। ਇਸ ਤਰ੍ਹਾਂ 1945 ਵਿਚ ਭਾਰਤ ਵਿਚ ਜੋ ਨੌਕਰਸ਼ਾਹੀ ਮੌਜੂਦ ਸੀ, ਉਹ ਸੰਖਿਆ ਤੇ ਮਨੋਬਲ, ਦੋਵਾਂ ਦ੍ਰਿਸ਼ਟੀਆਂ ਨਾਲ ਕਮਜ਼ੋਰ ਸੀ ਅਤੇ 1945 ਦੇ ਅੰਦੋਲਨ ਨੇ ਉਸਨੂੰ ਤੋੜ ਦਿਤਾ ਸੀ।

ਪ੍ਰੰਤੂ ਰਾਸ਼ਟਰਵਾਦ ਦਾ ਮੁਕਾਬਲਾ ਕਰਨ ਦੇ ਲਈ ਬ੍ਰਿਟਿਸ਼ ਸੱਤਾ ਨੇ ਜੋ ਰਣਨੀਤੀ ਅਪਣਾਈ ਸੀ, ਉਸਦੇ ਅੰਤਰਵਿਰੋਧੀਆਂ ਨੇ ਆਈ.ਸੀ.ਐਸ. ਅਫਸਰ ਵਰਗ ਅਤੇ 'ਰਾਜ' ਨੂੰ ਸਭ ਤੋਂ ਜ਼ਿਆਦਾ ਕਮਜ਼ੋਰ ਕਰ ਦਿਤਾ ਸੀ। ਅੰਗ੍ਰੇਜ਼ ਸਮਝੌਤਾ ਅਤੇ ਦਮਨ, ਦੋਵਾਂ ਰਸਤਿਆਂ ਉਤੇ ਚਲ ਰਹੇ ਸਨ। ਇਕ ਪਾਸੇ, 1942 ਦੇ ਕ੍ਰਿਪਸ ਪ੍ਰਸਤਾਵਾਂ ਦੇ ਬਾਅਦ ਹੁਣ ਉਹ ਹੋਰ ਕੀ ਦੇ ਸਕਦੇ ਸਨ ਸਿਵਾਏ ਆਜ਼ਾਦੀ ਦੇ। ਦੂਜੇ ਪਾਸੇ, 1942 ਦੇ ਖਤਰਨਾਮਕ ਦਮਨ ਨੇ ਉਦਾਰਵਾਦੀਆਂ ਅਤੇ ਸਰਕਾਰਪ੍ਰਸਤਾਂ, ਦੋਵਾਂ ਦੀ ਸੰਵੇਦਨਾ ਨੂੰ ਸਟ ਮਾਰੀ ਸੀ। ਫਰਵਰੀ-ਮਾਰਚ 1943 ਵਿਚ ਆਪਣੇ 21 ਦਿਨ ਦੇ ਉਪਵਾਸ ਦੇ ਦੌਰਾਨ ਗਾਂਧੀ ਜੀ ਮੌਤ ਦੇ ਕਰੀਬ ਪਹੁੰਚ ਗਏ ਲਗਦੇ ਸਨ, ਫਿਰ ਵੀ ਸਰਕਾਰ ਨੇ ਉਨਾਂ ਨੂੰ ਰਿਹਾ ਕਰਨ ਤੋਂ ਇਨਕਾਰ ਕਰ ਦਿਤਾ ਸੀ। ਇਸ ਤੋਂ ਵੀ ਲੋਕ ਦੁਖੀ ਹੋਏ। ਆਜ਼ਾਦ ਹਿੰਦ ਫੌਜ ਦੇ ਯੁਧਬੰਦੀਆਂ ਨੂੰ ਮੁਕਤ ਕਰਦੇਣ ਦੀ ਅਪੀਲ ਉਦਾਰਵਾਦੀਆਂ ਅਤੇ ਸਰਕਾਰਪ੍ਰਸਤਾਂ, ਦੋਵਾਂ ਨੇ ਕੀਤੀ ਸੀ। ਲੇਕਿਨ ਸਰਕਾਰ ਮੁਕੱਦਮਾ ਚਲਾਉਣ ਦੇ ਆਪਣੇ ਫੈਸਲੇ ਉਤੇ ਅਡਿਗ ਰਹੀ। ਬ੍ਰਿਟਿਸ਼ ਰਾਜ ਦੇ ਭਾਰਤੀ ਦੋਸਤ ਤਾਂ 1945-46 ਵਿਚ ਇਹ ਦੇਖ ਕੇ ਅਸਥਿਰ ਹੋ ਗਏ ਕਿ ਉਹ ਆਪਣੇ ਦੁਸ਼ਮਣ ਕਾਂਗਰਸ ਦੇ ਨਾਲ ਸਮਝੌਤਾ ਕਰਨ ਅਤੇ ਸਰਕਾਰ ਵਿਚ ਉਸਦੀ ਹਿੱਸੇਦਾਰੀ ਲਈ ਉਤਸੁਕ ਹਨ। ਜਿਨ੍ਹਾਂ ਦੇ ਹੱਥਾਂ ਵਿਚ ਸੱਤਾ ਸੀ, ਉਹ ਕਿਤਨੇ ਦੀਨ ਨਜ਼ਰ ਆਉਣ ਲਗੇ ਅਤੇ ਇਹ ਗਲ ਸਰਕਾਰਪ੍ਰਸਤਾਂ ਨੂੰ ਹੈਰਾਨ ਕਰ ਰਹੀ ਸੀ। ਜਦ ਕਾਂਗਰਸ ਦੇ ਨੇਤਾਵਾਂ ਦੇ ਉਤੇਜਕ ਭਾਸ਼ਣ ਹਵਾ ਵਿਚ ਗੂੰਜ ਰਹੇ ਸਨ, ਤਦ ਅਫਸਰ ਕੋਲ ਹੀ ਖੜੇ ਟੁਕਰ-ਟੁਕਰ ਤਕਦੇ ਰਹਿੰਦੇ ਸਨ। ਇਸ ਨਾਲ 'ਰਾਜ' ਦੀ ਤਾਕਤ ਵਿਚ ਸਰਕਾਰਪ੍ਰਸਤਾਂ ਦੀ ਆਸਥਾ ਹੀ ਹਿਲਾ ਦਿਤੀ।

## ਨੌਕਰਸ਼ਾਹੀ ਦਾ ਸੰਕਟ

ਸਰਕਾਰਪ੍ਰਸਤਾਂ ਦਾ ਸੰਕਟ ਆਸਥਾ ਦਾ ਸੀ, ਤਾਂ ਨੌਕਰਸ਼ਾਹੀ ਦਾ ਸੰਕਟ ਕਰਮ ਦਾ ਸੀ। ਨੌਕਰਸ਼ਾਹੀ ਤਾਂਹੀ ਨਿਰਣਾਇਕ ਢੰਗ ਨਾਲ ਆਪਣਾ ਕੰਮ ਕਰ ਸਕਦੀ ਸੀ, ਜਦ ਨੀਤੀ ਸਪਸ਼ਟ ਹੋਵੇ ਯਾਨੀ ਸਮਝੌਤਾਰਾਈ ਜਾਂ ਦਮਨ, ਦੋਵਾਂ ਵਿਚੋਂ ਕਰਨਾ ਕੀ ਹੈ, ਇਹ ਸਾਫ ਹੋਵੇ। ਦੋਵਾਂ ਨੂੰ ਮਿਲਾ ਕੇ ਚਲਣ ਦੀ ਨੀਤੀ ਨਾਲ) ਤਾਂ ਸਮਸਿਆਵਾਂ ਹੀ ਪੈਦਾ ਹੋ ਸਕਦੀਆ ਸਨ, ਕਿਉਂਕਿ ਕਿ ਹੀ ਅਧਿਕਾਰੀ ਵਰਗ ਨੂੰ ਦੋਵੇਂ ਕੰਮ ਕਰਨੇ ਸੀ। ਇਹ ਸੰਕਟ ਪਹਿਲੀ ਵਾਰ 1930 ਦੇ ਦਸ਼ਕ ਦੇ ਮੱਧ ਚ ਪੈਦਾ ਹੋਇਆ, ਜਦ ਕਾਂਗਰਸ ਦੀ ਸਰਕਾਰਾਂ ਬਣਨ ਵਾਲੀ ਸੀ। ਅਧਿਕਾਰੀ ਇਸ ਸੰਭਾਵਨਾ ਨਾਲ ਚਿੰਤਤ ਸਨ ਕਿ ਜਿਨ੍ਹਾਂ ਨੇਤਾਵਾਂ ਦਾ ਉਨ੍ਹਾਂ ਨੇ ਸਵਿਨੇਅ ਅਵਗਿਆ ਅੰਦੋਲਨ ਦੇ ਦੌਰਾਨ ਦਮਨ ਕੀਤਾ ਸੀ, ਹੁਣ ਉਨ੍ਹਾਂ ਦਾ ਹੁਕਮ ਮੰਨ ਕੇ ਚਲਨਾ ਪਵੇਗਾ। ਅੱਠ ਪ੍ਰਾਂਤਾਂ ਵਿਚ ਇਹ ਸੰਭਾਵਨਾ ਸਾਕਾਰ ਵੀ ਹੋ ਗਈ।

ਸੰਵੈਧਾਨਿਕ ਸੰਘਰਸ਼ ਨੇ ਵੀ ਨੌਕਰਸ਼ਾਹੀ ਦ ਮਨੋਬਲ ਨੂੰ ਉਂਨਾ ਹੀ ਡੇਗਿਆ, ਜਿੰਨਾ ਉਸਤੋਂ ਪਹਿਲਾਂ ਦੇ ਅੰਦੋਲਨ ਨੇ, ਹਾਲਾਂਕਿ ਇਸਦਾ ਅਹਿਸਾਸ ਘਟ ਹੀ ਦਿਖਾਈ ਪੈਂਦਾ ਹੈ। ਸਮੂਹਕ ਅਹਿੰਸਕ ਕਾਰਵਾਹੀਆਂ ਦੁਆਰਾ ਸੱਤਾ ਦਾ ਡਰ ਖਤਮ ਹੋ ਰਿਹਾ ਸੀ, ਤਾਂ 'ਕਾਂਗਰਸ ਰਾਜ' ਦੇ ਕਾਰਨ ਲੋਕਾਂ ਵਿਚ ਆਤਮਵਿਸ਼ਵਾਸ ਦਾ ਸੰਚਾਰ ਵੀ ਹੋ ਰਿਹਾ ਸੀ। ਮਦਰਾਸ ਦੇ ਬ੍ਰਿਟਿਸ਼ ਮੁਖ ਸਥਿਵ ਵੀ ਖਾਦੀ ਪਹਿਨਣ ਲਗੇ ਸੀ ਅਤੇ ਬੰਬਈ ਦੇ ਰਾਜੱਸਵ ਸਚਿਵ, ਜੋ ਬ੍ਰਿਟੇਨ ਦੇ ਸਨ, ਜਦ ਰਾਜੱਸਵ ਮੰਤਰੀ ਮੋਰਾਰਜੀ ਦੇਸਾਈ ਦੇ ਨਾਲ ਯਾਤਰਾ ਤੇ ਹੁੰਦੇ, ਤਾਂ ਗੱਡੀ ਰੁਕਣ ਉਤੇ ਆਪਣੇ ਪਹਿਲੇ ਦਰਜੇ ਦੇ ਡੱਬੇ ਤੋਂ ਨਿਕਲ ਕੇ ਤੀਜੇ ਦਰਜੇ ਦੇ ਡੱਬੇ ਦੀ ਤਰਫ ਭਜਦੇ, ਤਾਂਕਿ ਮਾਨਯੋਗ ਮੰਤਰੀ ਜੀ ਨੂੰ ਇੰਤਜ਼ਾਰ ਨਾ ਕਰਨਾ ਪਵੇ। ਭਾਰਤੀ ਅਧਿਕਾਰੀਆਂ ਵਿਚ ਬ੍ਰਿਟਿਸ਼ ਸੱਤਾ ਦੇ ਪ੍ਰਤੀ ਅਵਗਿਆ ਤਾਂ ਨਹੀਂ ਦਿਖਾਈ ਪੈ ਰਹੀ ਸੀ, ਲੇਕਿਨ ਪਹਿਲੇ ਜਿਥੇ ਉਹ ਸਰਕਾਰ ਦੇ ਪ੍ਰਤੀ ਆਪਣੀ ਵਫਾਦਾਰੀ ਦਾ ਪ੍ਰਦਰਸ਼ਨ ਖੁਲ੍ਹੇਆਮ ਕਰਦੇ ਸਨ, ਉਥੇ ਹੁਣ ਆਪਣੀ ਦੇਸ਼ਭਗਤੀ ਦਾ ਪ੍ਰਦਰਸ਼ਨ ਕਰਨ ਲਗ ਪਏ।

ਪ੍ਰਾਂਤਕ ਸਰਕਾਰ ਦਾ ਸਭ ਤੋਂ ਮਹੱਤਵਪੂਰ ਨਤੀਜਾ ਸੀ ਕਿ ਭਵਿਖ ਵਿਚ ਕਾਂਗਰਸ-ਅੰਦੋਲਨਾਂ ਦਾ ਸਾਹਮਣਾ ਕਰਦੇ ਸਮੇਂ ਅਧਿਕਾਰੀਆਂ ਦੇ ਘਿਆਨ ਵਿਚ ਹੁਣ ਇਹ ਰਹਿਣ ਲਗਾ ਸੀ ਕਿ ਕਾਂਗਰਸ ਦੇ ਫਿਰ ਸੱਤਾ ਵਿਚ ਆਉਣ ਦੀ ਸੰਭਾਵਨਾ ਸੀ। ਸਰਕਾਰ ਦੇ ਨਿਰਦੇਸ਼ਾਂ ਦਾ ਕਿਤੇ ਵੀ ਉਲੰਘਣ ਨਹੀਂ ਹੋਇਆ ਪਰੰਤੂ ਉਤਰ ਪ੍ਰਦੇਸ਼ ਅਤੇ ਬਿਹਾਰ ਵਿਚ ਕਿਤੇ-ਕਿਤੇ ਵਿਅਕਤੀਗਤ ਸਤਿਆਗ੍ਰਹਿ ਤੇ 1942 ਦੇ ਅੰਦੋਲਨ ਦੇ ਵਿਰੁਧ ਅਧਿਕਾਰੀਆਂ ਦੇ ਅਨਮਨੇ ਮਨ ਨਾਲ ਕਾਰਵਾਹੀ ਕੀਤੀ। ਲੇਕਿਨ 1942 ਵਿਚ ਸਧਾਰਨ ਤੌਰ ਤੇ ਦਮਨ ਦੀ ਸਖਤ ਨੀਤੀ ਅਪਣਾਈ ਗਈ ਅਤੇ ਇਸਦਾ ਨਤੀਜਾ ਯੁਧ ਦੀ ਸਮਾਪਤੀ ਉਤੇ ਸਾਹਮਣੇ ਆਇਆ ਜਦ ਕਾਂਗਰਸ ਨੇਤਾ ਰਿਹਾ ਹੋਏ ਜ਼ਿਨ੍ਹਾਂ ਨੂੰ ਇਹ ਉਮੀਦ ਸੀ ਕਿ ਉਹ ਪ੍ਰਾਂਤਕ ਸਰਕਾਰਾਂ ਸੰਭਾਲਣਗੇ। ਦਮਨ ਅਤੇ ਸਮਝੌਤੇ ਦੀ ਨੀਤੀਆਂ ਆਪਸ ਵਿਚ ਉਲਝ ਗਈਆਂ। ਜਦ ਕਾਂਗਰਸ ਦੇ ਨੇਤਾਵਾਂ ਨੇ ਜਾਂਚ ਦੀ ਮੰਗ ਚੁਕੀ, ਬਦਲਾ ਲੈਣ ਦੀ ਧਮਕੀਆਂ ਦਿਤੀਆਂ ਤੇ ਸਰਕਾਰ ਚੁਪਚਾਪ ਦੇਖਦੀ ਰਹੀ, ਤਾਂ ਅਧਿਕਾਰੀਆਂ ਦਾ ਮਨੋਬਲ ਡਿਗ ਗਿਆ। ਸਰਕਾਰ ਦਾ ਕਹਿਦਾ ਸੀ ਕਿ ਚੋਣ-ਅਭਿਆਨ ਦੇ ਦੌਰਾਨ ਯਥਾਸੰਭਵ ਆਜ਼ਾਦੀ ਦੇਣਾ ਜ਼ਰੂਰੀ ਸੀ। ਅਧਿਕਾਰੀਆਂ ਨੂੰ ਅਸ਼ੰਕਾ ਸੀ ਕਿ ਕਾਂਗਰਸ ਦੇ ਦਬਾਅ

ਨੋਟ

ਦੇ ਅਗੇ ਸਰਕਾਰ ਝੁਕ ਜਾਏਗੀ ਅਤੇ ਭੂਤਪੂਰਵ ਵਾਇਸਰਾਏ ਲਾਰਡ ਲਿਨਲਿਥਗੋ ਦੇ ਕਿਸੇ ਪ੍ਰਕਾਰ ਦੀ ਜਾਂਚ ਨ ਹੋਣ ਦੇਣ ਦੇ ਦਿਲਾਸੇ ਉਤੇ ਅਮਲ ਨਹੀਂ ਹੋਵੇਗਾ। ਵਾਇਸਰਾਏ ਲਾਰਡ ਵੇਵਲ ਨੈ ਵੀ ਸਵੀਕਾਰ ਕੀਤਾ ਕਿ ਪ੍ਰਾਂਤਕ ਸਰਕਾਰਾਂ ਦੀ ਸਥਾਪਨਾ ਨਾਲ ਜੋ ਸਮਸਿਆਵਾਂ ਖੜੀਆਂ ਹੋਈਆਂ ਸਨ ਉਨ੍ਹਾਂ ਵਿਚੋਂ ਸਭ ਤੋਂ ਮੁਸ਼ਕਿਲ ਜਾਂਚ ਦੀ ਹੀ ਸਮਸਿਆ ਸੀ।

ਸੋ ਯੁਧ ਦੇ ਅੰਤ ਤਕ ਉਨ੍ਹਾਂ ਅਧਿਕਾਰੀਆਂ ਅਤੇ ਨੀਤੀ-ਨਿਰਮਾਤਾਵਾਂ ਦੇ ਅਗੇ ਭਵਿਖ ਦੀ ਦਿਸ਼ਾ ਸਪਸ਼ਟ ਹੋ ਚੁਕੀ ਸੀ, ਜੋ ਸੱਤਾ ਦੇ ਗਿਆਤਮਕ ਚਰਿਤ੍ਰ ਨੂੰ ਸਮਝਦੇ ਸਨ। ਸੈਨਾ ਦੇ ਲੋਕਾਂ ਦੁਆਰਾ ਹੀ ਆਜ਼ਾਦ ਹਿੰਦ ਫੌਜ ਦੇ ਸੈਨਿਕਾਂ ਦੇ ਪ੍ਰਤੀ ਨਰਮੀ ਦੀ ਮੰਗ ਅਤੇ ਨੌਸੈਨਾ ਦੇ ਇਕ ਵਰਗ ਵਿਚ ਵਿਦਰੋਹ ਦੀ ਘਟਨਾਵਾਂ ਨਾਲ ਹੀ ਦੂਰਦ੍ਰਿਸ਼ਟੀ ਵਾਲੇ ਅਧਿਕਾਰੀਆਂ ਨੇ ਸਮਝ ਲਿਆ ਸੀ ਕਿ ਇਸ ਵਾਰ ਜੋ ਤੁਫਾਨ ਉਠਿਆ ਹੇ ਉਹ ਬਿਨਾ ਕਿਸੇ ਵਡੀ ਉਥਲ-ਪੁਥਲ ਦੇ ਰੁਕਣ ਵਾਲਾ ਨਹੀਂ ਹੈ। ਜਿਨ੍ਹਾਂ ਨੂੰ ਬ੍ਰਿਟਿਸ਼ ਸੱਤਾ ਵਿਚ ਜੋ ਕੁਝ ਜ਼ਿਆਦਾ ਹੀ ਵਿਸ਼ਵਾਸ ਸੀ, ਉਨਾਂ ਦੀਆਂ ਅੱਖਾਂ ਖੋਲਣ ਲਈ ਤਾਂ ਸ਼ਾਇਦ ਪੂਰਨ ਵਿਦਰੋਹ ਦੀ ਹੀ ਜ਼ਰੂਰਤ ਸੀ। ਸ਼ਾਸਨ ਦਾ ਢਾਂਚਾ ਹੁਣ ਵੀ ਬਰਕਰਾਰ ਸੀ, ਲੇਕਿਨ ਇਹ ਡਰ ਜਰੂਰ ਪੈਦਾ ਹੋ ਗਿਆ ਸੀ ਕਿ ਜੇਕਰ ਕਾਂਗਰਸ ਨੇ ਚੋਣ ਤੋਂ ਬਾਅਦ 1942 ਦੀ ਤਰ੍ਹਾਂ ਦਾ ਜਨ ਅੰਦੋਲਨ ਫਿਰ ਛੇੜਿਆ ਤਾਂ ਨੌਕਰਸ਼ਾਹੀ ਅਤੇ ਫੌਜ ਭਰੋਸੇਮੰਦ ਨਹੀਂ ਵੀ ਸਾਬਤ ਹੋ ਸਕਦੀ ਹੈ ਅਤੇ ਪ੍ਰਾਂਤਕ ਸਰਕਾਰਾਂ ਇਸ ਅੰਦੋਲਨ ਨੂੰ ਰੋਕਣਗੀਆਂ ਨਹੀਂ, ਬਲਕਿ ਉਸ ਵਿਚ ਮਦਦ ਵੀ ਕਰਣਗੀਆਂ। ਵਾਇਸਰਾਏ ਦੇ ਸ਼ਬਦਾਂ ਵਿਚ "ਅਸੀਂ ਹੁਣ ਵੀ ਸ਼ਾਇਦ ਅੰਦੋਲਨ ਦਾ ਦਮਨ ਕਰ ਦੇਵਾਂਗੇ", ਲੇਕਿਨ ਕਠਿਨਾਈ ਇਹ ਹੈ ਕਿ ਇਸਦੇ ਲਈ ਅਫਸਰਾਂ ਦਾ ਸਹਾਰਾ ਲੈਣਾ ਹੋਏਗਾ ਅਤੇ "ਯੋਗ ਅਫਸਰ ਜਰੂਰੀ ਸੰਖਿਆ ਵਿਚ ਮੌਜੂਦ ਨਹੀਂ ਹਨ।" (ਭਾਰਤ ਦੇ ਰਾਜ ਸਚਿਵ ਨੂੰ ਪੱਤਰ, 27 ਦਸੰਬਰ 1945)

ਇਕ ਵਾਰ ਜਦ ਇਹ ਗਲ ਮੰਨ ਲਈ ਗਈ ਕਿ ਬ੍ਰਿਟਿਸ਼ ਸੱਤਾ ਪੁਰਾਣੇ ਢੰਗ ਤੋਂ ਜ਼ਿਆਦਾ ਦਿਨ ਤਕ ਕਾਇਮ ਨਹੀਂ ਰਹਿ ਸਕਦੀ, ਤਾਂ ਫਿਰ ਬ੍ਰਿਟਿਸ਼ ਨੀਤੀ-ਨਿਰਮਾਤਾਵਾਂ ਦਾ ਖਕਸ਼ ਇਹੀ ਹੋ ਗਿਆ ਕਿ ਸੱਤਾ ਦੇ ਹਸਤਾਂਤਰਣ ਦਾ ਸਰੂਪ ਅਤੇ ਆਜ਼ਾਦੀ ਦੇ ਬਾਅਦ ਭਾਰਤ ਅਤੇ ਬ੍ਰਿਟੇਨ ਦਾ ਰਿਸ਼ਤਾ ਕੀ ਰਹੇਗਾ, ਇਸ ਬਾਰੇ ਵਿਚ ਸਮਝੌਤਾ ਕਰ ਸਨਮਾਨਪੂਰਨ ਭਾਰਤ ਛਡ ਦਿਤਾ ਜਾਏ। ਉਨ੍ਹਾਂ ਦੇ ਸਾਹਮਣੇ ਦੂਜਾ ਵਿਕਲਪ ਇਹ ਸੀ ਕਿ ਉਹ ਬ੍ਰਿਟਿਸ਼ ਰਾਜ ਦੇ ਤੌਰ-ਤਰੀਕੇ ਬਦਲਣ, ਸਖਤੀ ਅਤੇ ਸਵੇਛਾਰਹਿਤ ਨਾਲ ਕੰਮ ਲੈਣ ਤੇ ਇਸ ਤਰ੍ਹਾਂ 15-20 ਸਾਲ ਤਕ ਹਕੂਮਤ ਕਰਦੇ ਰਹਿਣ। ਲੇਕਿਨ ਇਸ ਵਿਕਲਪ ਨੂੰ ਅਵਿਵਹਾਰਕ ਮੰਨ ਕੇ ਤਿਆਰ ਦਿਤਾ ਗਿਆ। ਨਾ ਤਾਂ ਲੇਬਰ ਪਾਰਟੀ—ਜੋ ਉਸ ਵਕਤ ਬ੍ਰਿਟੇਨ ਵਿਚ ਸੱਤਾਰੂੜ ਸੀ—ਦੇ ਕਾਰਜਕਰਤਾਵਾਂ ਨੂੰ ਇਹ ਵਿਕਲਪ ਮੰਜੂਰ ਹੁੰਦਾ ਤੇ ਨਾ ਬ੍ਰਿਟਿਸ਼ ਅਤੇ ਅਮਰੀਕੀ ਜਨਮਤ ਨੂੰ। ਇਸਦੇ ਅਲਾਵਾ ਸਵੇਛਾਸਬਾਹੀ ਬਾਸਨ ਚਲਾਉਣ ਦੇ ਲਈ ਬ੍ਰਿਟਿਸ਼ ਸੈਨਿਕ ਵੀ ਉਪਲਬਧ ਨਹੀਜ਼ ਸਨ। ਇਸ ਸਭ ਦੇ ਬਾਵਜੂਦ ਇਹ ਰਸਤਾ ਅਪਦਾਇਆ ਵੀ ਜਾਂਦਾ, ਤਾਂ 15-20 ਸਾਲ ਦੇ ਬਾਅਦ ਕੀ ਹੁੰਦਾ? ਅੰਗ੍ਰੇਜ਼ਾਂ ਨੂੰ ਬੇਇਜ਼ਤ ਹੋਕੇ ਭਾਰਤ ਛਡਣਾ ਪੈਦਾ ਅਤੇ ਭਾਰਤ-ਬ੍ਰਿਟੇਨ ਦੇ ਰਿਸ਼ਤਿਆਂ ਵਿਚ ਕੌੜਾਪਨ ਆ ਜਾਂਦਾ। ਬ੍ਰਿਟਿਸ਼ ਸਰਕਾਰ ਦੇ ਸਾਹਮਣੇ ਇਹ ਸਪਸ਼ਟ ਸੀ ਕਿ ਭਵਿਖ ਦੇ ਅੱਛੇ ਸੰਬੰਧਾਂ ਦੇ ਲਈ ਅਤੇ ਸੰਭਾਵਿਤ ਜਨਅੰਦੋਲਨ ਦੀ ਅਸ਼ੰਕਾ ਖਤਮ ਕਰਨ ਦੇ ਲਈ ਸਮਝੌਤੇ ਤੋਂ ਬਚਿਆ ਨਹੀਂ ਜਾ ਸਕਦਾ।

ਰਿਆਇਤਾਂ ਐਸੀ ਹੋਣੀ ਚਾਹੀਦੀ ਹੈ ਜੋ ਕਾਂਗਰਸ ਦੀ ਮੂਲ ਮੰਗਾਂ ਦੀ ਪੂਰਤੀ ਕਰ ਸਕਣ ਕਿਉਂਕਿ ਬ੍ਰਿਟਿਸ਼ ਸਰਕਾਰ ਸਮਝੌਤੇ ਦੀ ਅਸਫਲਤਾ ਬਰਦਾਸ਼ਤ ਨਹੀਂ ਕਰ ਸਕਦੀ ਸੀ। ਕਾਂਗਰਸ ਦੀ ਮੰਗ ਸੀ "ਭਾਰਤ ਛੱਡੋ" ਅਤੇ ਬ੍ਰਿਟਿਸ਼ ਸਰਕਾਰ ਨੇ ਨਿਰਣਾ ਲਿਆ ਕਿ ਮਾਰਚ 1946 ਵਿਚ ਇਕ ਕੈਬਿਨੇਟ ਮਿਸ਼ਨ ਭੇਜਿਆ ਜਾਵੇ ਜੋ ਰਾਸ਼ਟਰੀ ਸਰਕਾਰ ਦੀ ਸਥਾਪਨਾ ਦੀ ਗਲਬਾਤ ਕਰੇ ਗਾ। ਮਿਸ਼ਨ ਦਾ ਉਦੇਸ਼ ਸ਼ਕਤੀ-ਹਸਤਾਂਤਰਣ ਦੀ ਕਾਰਜਪ੍ਰਣਾਲੀ ਦਾ ਪ੍ਰਬੰਧ ਕਰਨਾ ਵੀ ਸੀ। ਕੈਬਿਨੇਟ ਮਿਸ਼ਨ ਕ੍ਰਿਆਤਮਕ ਮਿਸ਼ਨ ਦੀ ਤਰ੍ਹਾਂ ਖਾਲੀ ਹਥ ਨਹੀਂ ਆਇਆ ਮਿਸ਼ਨ ਲੰਮੇ ਸਮੇਂ ਤਕ ਰਹਿਣ ਨੂੰ ਤਿਆਰ ਸੀ।

ਸਮਝੌਤੇ ਦੇ ਲਈ ਕਾਂਗਰਸ ਵੀ ਤਿਆਰ ਸੀ। ਅੰਦੋਲਨ ਦੀ ਤਿਆਰੀ ਸੀ ਜਰੂਰ-ਸੰਗਠਨ ਵਿਚ ਚੁਸਤੀ ਲਿਆ ਕੇ, ਚੋਣ ਪ੍ਰਚਾਰ ਦੇ ਦੁਆਰਾ ਅਤੇ ਆਜ਼ਾਦ ਹਿੰਦ ਫੌਜ ਨਾਲ ਸੰਬੰਧਿਤ ਮੁਕੱਦਮਿਆਂ ਦੇ ਵਿਆਪਕ ਪ੍ਰਤੀਰਾਅ ਨਾਲ ਇਹ ਮਾਹੌਲ ਬਣਾ ਦਿਤਾ ਗਿਆ ਸੀ ਕਿ ਕਿਸੇ ਵੀ ਸਮੇਂ ਕੋਈ ਵੱਡਾ ਅੰਦੋਲਨ ਛੇੜਿਆ ਜਾ ਸਕਦਾ ਹੈ-ਲੇਕਿਨ ਉਸਦਾ ਮੁਖ ਲਕਸ਼ ਸਰਕਾਰ ਉਤੇ ਸਮਝੌਤੇ ਲਈ ਦਬਾਅ ਬਣਾਏ ਰਖਣਾ ਹੀ ਸੀ। ਸਮਝੌਤਾ ਅਸਫਲ ਹੋ ਜਾਣ ਤੇ ਹੀ ਕਾਂਗਰਸ ਅੰਦੋਲਨ ਦੇ ਬਾਰੇ ਵਿਚ ਸੋਚਣ ਨੂੰ ਤਿਆਰ ਸੀ। 22 ਸਤੰਬਰ 1945 ਨੂੰ ਅਖਿਲ ਭਾਰਤੀ ਕਾਂਗਰਸ ਸਮੀਤੀ ਨੇ ਕਾਂਗਰਸ ਦੀ ਨੀਤੀ ਉਤੇ ਜੋ ਪ੍ਰਸਤਾਵ ਪਾਰਿਤ ਕੀਤਾ ਸੀ।, ਉਸੇ ਵਿਚ ਇਸ ਗਲ ਦਾ ਸੰਕੇਤ ਦੇ ਦਿਤਾ ਗਿਆ ਸੀ, "ਸੋ ਕਾਂਗਰਸ ਦਾ ਮਾਰਗਦਰਸ਼ਕ ਸਿਧਾਂਤ ਇਹੀ ਰਹੇਗਾ ਸੰਭਵ ਹੋਵੇ ਤਾਂ ਗਲਬਾਤ ਅਤੇ ਸਮਝੌਤਾ ਤੇ ਜਰਰੂੀ ਹੋਵੇ ਤਾਂ ਅਸਹਿਯੋਗ ਤੇ ਸਿੱਧੀ ਕਾਰਵਾਈ।"

ਇਸਦੇ ਅਲਾਵਾ 1946 ਦੇ ਮਾਹੌਲ ਵਿਚ ਕਾਂਗਰਸ ਦੇ ਨੇਤਾ ਇਸ ਗਲ ਨਾਲ ਜਾਣੂ ਸਨ ਕਿ ਭਾਰਤ ਦੀ ਜਨਤਾ ਆਜਾਦੀ ਹਾਸਲ ਕਰਨ ਲਈ ਦ੍ਰਿੜ ਹੈ ਉਹ ਇਹ ਮਹਿਸੂਸ ਕਰਦੇ ਸੀ ਕਿ, "ਬ੍ਰਿਟੇਨ ਦੋ ਚੋਂ ਪੰਜ ਸਾਲਾਂ ਵਿਚ ਭਾਰਤ ਛੱਡ ਦੇਵੇਗਾ" (ਨਹਿਰੂ)। ਬ੍ਰਿਟਿਸ਼ ਸਰਕਾਰ ਵੀ, 1 ਜਨਵਰੀ 1946 ਨੂੰ ਭਾਰਤ ਦੇ ਰਾਜ ਸਚਿਵ ਦੁਆਰਾ ਨਵੇਂ ਸਾਲ ਦੇ ਉਪਲਕਸ਼ ਵਿਚ ਦਿਤੇ ਗਏ ਵਕਤਵ ਦੁਆਰਾ ਅਤੇ ਕੈਬਿਨੇਟ ਮਿਸ਼ਨ ਦੀ ਘੋਸ਼ਣਾ ਦੇ ਸਮੇਂ ਆਪਣਾ ਇਰਾਦਾ ਸਪਸ਼ਟ ਕਰ ਚੁਕੀ ਸੀ। ਗਾਂਧੀਜੀ ਦੇ ਸ਼ਬਦਾਂ ਵਿਚ, "ਸ਼ਾਸਕਾਂ ਨੇ (ਭਾਰਤ) 'ਛਡਣ' ਅਤੇ ਭਾਰਤੀ ਸ਼ਾਸਨ ਸਥਾਪਤ ਕਰਨ ਦਾ ਆਪਣਾ ਇਰਾਦਾ ਘੋਸ਼ਿਤ ਕਰ ਦਿਤਾ ਹੈ... ਬ੍ਰਿਟੇਨ ਦੀ ਘੋਸ਼ਣਾਵਾਂ ਵਿਚ ਅਵਿਸ਼ਵਾਸ ਕਰਨਾ, ਆਪਣੀ ਤਰਫੋਂ ਤੇ ਕੁਦ ਮੰਨ ਕੇ ਕਲਹਿ ਸ਼ੁਰੂ ਕਰ ਦੇਣਾ ਨਿਸ਼ਚਿਤ ਰੂਪ ਵਿਚ ਅਦੂਰਦਰਸ਼ਿਤਾ ਦਾ ਪਰਿਚੈ ਦੇਣਾ ਹੋਵੇਗਾ। ਕੀ ਇਹ ਸਰਕਾਰੀ ਸ਼ਿਸ਼ਟਮੰਡਲ ਇਕ ਮਹਾਨਤ ਰਾਸ਼ਟਰ ਦੇ ਨਾਲ ਛਲ ਕਰਨ ਦੇ ਲਈ ਆ ਰਿਹਾ ਹੈ? ਇੰਤਜਾਰ

ਕਰਨ ਵਿਚ ਹਰਜ਼ ਕੀ ਹੈ? ਗਲਬਾਤ ਵਿਚ ਸ਼ਾਮਲ ਹੋਦਾ ਇਸਲਈ ਵੀ ਜਰੂਰੀ ਹੋ ਗਿਆ ਸੀ ਕਿ ਵੈਸਾ ਨਹੀਂ ਕਰਨ ਤੇ ਪ੍ਰਤੀਕ੍ਰਿਆਵਾਦੀ ਅਤੇ ਸੰਪ੍ਰਦਾਇਕ ਤਾਕਤਾਂ ਦੇ ਲਈ ਮੈਦਾਨ ਸਾਫ ਹੋ ਜਾਂਦਾ। ਇਹ ਡਰ ਵੀ ਸੀ ਕਿ ਗਲਬਾਤ ਦਾ ਪ੍ਰਸਤਾਵ ਸ਼ੁਰੂ ਵਿਚ ਹੀ ਠੁਕਰਾ ਦੇਣ ਤੇ ਦੁਨੀਆਂ ਦੀ ਨਿਗਾਹਾਂ ਵਿਚ, ਖਾਸਕਰ ਉਸ ਬ੍ਰਿਟਿਸ਼ ਸਮੂਹ ਦੀ ਨਿਗਾਹ ਵਿਚ, ਜੋ ਭਾਰਤ ਦੀ ਆਜਾਦੀ ਦਾ ਪੱਖ ਕਰਦਾ ਸੀ, ਕਾਂਗਰਸ ਹੀ ਦੋਸ਼ੀ ਠਹਿਰਾਉਂਦੀ।

ਸਮਝੌਤੇ ਲਈ ਸਮੇਂ ਉਪਯੁਕਤ ਸੀ ਕਿਉਂਕਿ ਇਕ ਤਰਫ ਸਮਰਾਜਵਾਦੀ ਸ਼ਾਸਕਾਂ ਨੂੰ ਇਸਦੀ ਜਰੂਰਤ ਦੀ ਸਮਝ ਸੀ ਅਤੇ ਦੂਜੀ ਤਰਫ ਰਾਸ਼ਟਰਵਾਦੀ ਨੇਤਾ ਵੀ ਗਲਬਾਤ ਕਰਨ ਨੂੰ ਤਿਆਰ ਸੀ। ਲੇਕਿਨ ਖੂਨ ਦੀ ਨਦੀਆਂ ਵਹਿਣ ਦੇ ਬਾਅਦ ਹੀ ਅਗਸਤ 1947 ਨੂੰ ਸੁਤੰਤਰਤਾ ਪ੍ਰਾਪਤ ਹੋਈ ਜਦਕਿ 1946 ਦੇ ਸ਼ੁਰੂ ਵਿਚ ਇਸਨੂੰ ਮੌਨ ਸਵੀਕ੍ਰਿਤੀ ਮਿਲ ਗਈ ਸੀ। ਸਮਰਾਜਵਾਦ ਅਤੇ ਰਾਸ਼ਟਰਵਾਦ ਦਾ ਸੰਘਰਸ਼, ਜਿਸਦਾ ਸੈਧਾਂਤਿਕ ਤੌਰ ਉਤੇ ਹਲ ਹੋ ਗਿਆ ਸੀ, 1946 ਦੇ ਆਰੰਭ ਵਿਚ ਹੀ ਪਰਦੇ ਤੋਂ ਪਿਛੇ ਹਟ ਗਿਆ। ਹੁਣ ਇਕ ਨਵੇਂ ਸੰਘਰਸ਼ ਨੇ ਉਸਦਾ ਅਸਥਾਨ ਲਿਆ ਜੋ ਬ੍ਰਿਟਿਸ਼ ਸਰਕਾਰ, ਕਾਂਗਰਸ ਅਤੇ ਮੁਸਲਿਮ ਲੀਗ ਦੀ ਭਵਿਖ ਦੀ ਤਰ੍ਹਾਂ–ਤਰ੍ਹਾਂ ਦੀ ਕਲਪਨਾਵਾਂ ਦੇ ਵਿਚ ਸੀ। ਸਮਰਾਜਵਾਦ ਦੇ ਪਿਛੇ ਹਟਣ ਦੇ ਬਾਅਦ ਨਵੇਂ ਭਾਰਤੀ ਦੀ ਕੀ ਦਿਸ਼ਾ ਹੋਵੇਗੀ? ਕਾਂਗਰਸ ਦੀ ਮੰਗ ਸੀ ਕਿ ਸਭ ਤੋਂ ਪਹਿਲਾਂ ਇਕ ਕੇਂਦਰੀ ਇਕਾਈ ਨੂੰ ਸੱਤਾ ਸੌਂਪੀ ਜਾਏ। ਉਸਦੇ ਬਾਅਦ ਘਟਗਿਣਤੀ ਸੰਪਦਾਵਾਂ ਦੀ ਸਮਸਿਆਵਾਂ ਦਾ ਹਲ ਕਢਿਆ ਜਾਵੇਗਾ–ਮੁਸਲਿਮ ਬਹੁਮਤ ਪ੍ਰਾਂਤਾਂ ਨੂੰ ਸਵਾਇਤਤਾ ਦੇਕੇ ਜਾਂ ਫਿਰ ਆਤਮਨਿਰਣੇ ਦੁਆਰਾ ਭਾਰਤੀ ਸੰਘ ਨਾਲ ਸੰਬੰਧ ਤੋੜ ਕੇ, ਲੇਕਿਨ ਇਇ ਸਫ ਤਾਂਹੀ ਹੋਵੇਗਾ ਜਦ ਅੰਗ੍ਰੇਜ਼ ਸਰਕਾਰ ਸੱਤਾ ਹਸਤਾਂਤਰਣ ਕਰ ਦੇਗੀ। ਬ੍ਰਿਟਿਸ਼ ਸਰਕਾਰ ਅਖੰਡ ਭਾਰਤ ਚਾਹੁੰਦੀ ਸੀ ਜੋ ਬ੍ਰਿਟੇਨ ਨਾਲ ਮਿੱਤਰਤਾ ਦੇ ਨਾਲ–ਨਾਲ ਰਾਸ਼ਟਰਮੰਡਲ ਦੀ ਸੁਰਖਿਆ ਯੋਜਨਾਵਾਂ ਦਾ ਵਿਚ ਸਾਰਥਕ ਭੁਮਿਕਾ ਨਿਭਾਏ। ਵੰਡਿਆ ਭਾਰਤ ਦੀ ਆਤਮਰਖਿਆ ਦੀ ਯੋਗਤਾ ਸੀਮਤ ਸੀ ਅਤੇ ਸੰਭਵ ਸੀ ਕਿ ਉਹ ਸੰਯੁਕਤ ਸੁਰਖਿਆ ਯੋਜਨਾਵਾਂ ਨੂੰ ਨਿਰਰਥਕ ਬਣਾਏ ਅਤੇ ਬ੍ਰਿਟਿਸ਼ ਕੂਟਨੀਤੀ ਉਤੇ ਧੱਬਾ ਬਣ ਕੇ ਰਹਿ ਜਾਏ। ਆਜ਼ਾਦੀ ਦੇ ਪਹਿਲੇ ਮੁਸਲਿਮ ਲੀਗ ਦੇ ਪ੍ਰਤੀ ਪ੍ਰੋਤਸਾਹਨ ਦੀ ਬ੍ਰਿਟਿਸ਼ ਚੀਤੀ ਅਤੇ ਵਰਤਮਾਨ ਵਿਸ਼ਵ–ਰਾਜਨੀਤੀ ਵਿਚ ਪਾਕਿਸਤਾਨ ਦਾ ਪਛਮੀ ਸਮਰਾਵਾਦੀ ਤਾਕਤਾ ਦੇ ਨਾਲ ਗਠਬੰਧਨ ਨੂੰ ਦੇਖਦੇ ਹੋਏ ਇਹ ਸੁਭਾਵਕ ਜਿਹਾ ਲਗਾ ਹੈ ਕਿ ਆਜ਼ਾਦ ਹੋਣ ਉਤੇ ਭਵਿਖ ਵਿਚ ਪਾਕਿਸਤਾਨ ਹੀ ਬ੍ਰਿਟੇਨ ਦਾ ਮਿੱਤਰ ਦੇਸ਼ ਬਣੇ ਪਰ ਬ੍ਰਿਟਿਸ਼ ਸਰਕਾਰ ਦੀ ਇਦਾਂ ਦੀ ਧਾਰਨਾ ਨਹੀਂ ਸੀ।

ਪਹਿਲੇ ਦੀ ਬ੍ਰਿਟਿਸ਼ ਨੀਤੀ ਦੇ ਵਿਪਰੀਤ, 1946–47 ਵਿਚ ਜੋ ਨੀਤੀ ਦੇ ਵਾਕ ਜਾਰੀ ਕੀਤੇ ਗਏ, ਉਸ ਨਾਲ ਸਪਸ਼ਟ ਸੀ ਕਿ ਬ੍ਰਿਟੇਨ ਹੁਣ ਭਾਰਤ ਨੂੰ ਖੰਡਿਤ ਕਰਣ ਦੇ ਪਖ ਵਿਚ ਨਹੀਂ ਸੀ। ਵੇਵਲ ਨੇ ਜਿੰਨਾ ਨੂੰ ਇਸ ਗਲ ਦੀ ਛੂਟ ਦਿਤੀ ਸੀ ਕਿ ਉਹ ਸਾਰੇ ਮੁਸਲਮਾਨ ਨੇਤਾਵਾਂ ਦੇ ਨਾਮਾਂਕਨ ਦੀ ਜਿਦ ਕਰ ਸ਼ਿਮਲਾ ਸੰਮੇਲਨ ਨੂੰ ਅਸਫਲ ਕਰ ਦੇਣ, ਲੇਕਿਨ ਏਟਲੀ ਨੇ 15 ਮਾਰਚ 1946 ਨੂੰ ਇਹ ਸਪਸ਼ਅ ਬਿਆ ਦਿਤਾ ਕਿ "ਅਲਪਮਤ ਨੂੰ ਬਹੁਮਤ ਦੀ ਪ੍ਰਗਤੀ ਰੋਕਣ ਦੀ ਛੂਟ ਨਹੀਂ ਦਿਤੀ ਜਾਏ ਗੀ।" ਕੈਬਿਨੇਟ ਮਿਸ਼ਯਨ ਦੀ ਯੋਜਨ ਵਿਚ ਲੀਗ ਦੀ ਮੰਗ ਦੇ ਲਈ ਗੰਜਾਇਸ਼ ਕਢਣ ਦੇ ਲਈ ਪ੍ਰਾਂਤਾਂ ਦੇ ਸਵਾਇਤ ਸ਼ਾਸਨ ਅਤੇ ਅਲਗ ਹੋਣ ਦੇ ਅਧਿਕਾਰ ਨੂੰ ਮੰਨ ਲਿਆ ਗਿਆ ਸੀ, ਲੇਕਿਨ ਹੁਣ ਵੀ ਉਸਦੀ ਕਲਪਨਾ ਇਕ ਸੰਯੁਕਤ ਕੇਂਦਰ ਦੀ ਸੀ, ਜੋ ਪ੍ਰਤੀਰਖਿਆ, ਵਿਦੇਸ਼ ਨੀਤੀ ਅਤੇ ਸੰਚਾਰ ਦੀ ਦੇਖਪਾਲ ਕਰੇਗਾ। ਪਟੇਲ ਨੇ ਵੀ ਮੰਨਿਆ ਕਿ ਮਿਸ਼ਨ ਦੀ ਯੋਜਨਾ ਵਿਚ ਪਾਕਿਸਤਾਨ ਦੀ ਗਲ ਨਹੀਂ ਸੀ, ਲੀਗ ਦੇ ਵੋਟਾਂ ਨੂੰ ਨਿਰਸਤ ਕੀਤਾ ਜਾ ਚੁਕਿਆ ਸੀ ਅਤੇ ਪੂਰੇ ਦੇਸ ਦੇ ਲਈ ਇਕ ਹੀ ਸੰਵਿਧਾਨ ਸਭਾ ਦੀ ਕਲਪਨਾ ਕੀਤੀ ਗਈ ਸੀ। ਸਤੰਬਰ 1946 ਵਿਚ ਅੰਤਰਿਮ ਸਰਕਾਰ ਬਣੀ, ਤਾਂ ਸਿਰਫ ਕਾਂਗਰਸ ਨੂੰ ਲੈ ਕੇ ਅਤੇ ਨਹਿਰੂ ਉਸਦੇ ਪ੍ਰਧਾਨ ਨਿਯੁਕਤ ਕੀਤੇ ਗਏ। ਜਾਹਰ ਸੀ ਕਿ ਲੀਗ ਦੀ ਇਸ ਮੰਗ ਨੂੰ ਦਰਕਿਨਾਰ ਕਰ ਦਿਤਾ ਗਿਆ ਸੀ ਕਿ ਲੀਗ ਦੀ ਮੰਜੂਰੀ ਦੇ ਬਗੈਰ ਕੋਈ ਵੀ ਸਮਝੌਤਾ ਨਾ ਹੋਵੇ। ਸੋ ਬ੍ਰਿਟਿਸ਼ ਸਰਕਾਰ ਦੀ ਨੀਤੀ ਹੁਣ ਪੂਰੀ ਤਰ੍ਹਾਂ ਪਲਟਾ ਖਾ ਚੁਕੀ। ਆਪਣਾ ਸ਼ਾਸਨ ਬਰਕਾਰ ਰਖਣ ਦੇ ਲਈ ਉਸਨੇ ਸੰਪ੍ਰਦਾਇਕ ਸ਼ਕਤੀਆਂ ਨੂੰ ਪ੍ਰੋਤਸਾਹਿਤ ਕਰਨ ਅਤੇ ਕਾਂਗਰਸ ਨੂੰ ਸੰਪੂਰਨ ਭਾਰਤੀ ਜਨਤਾ ਦਾ ਪ੍ਰਤੀਨਿਧੀ ਨਹੀਂ ਮੰਨਣ ਦੀ ਨੀਤੀ ਅਖਤਿਆਰ ਕੀਤੀ ਸੀ। ਲੇਕਿਨ ਹੁਣ ਜਦਕਿ ਪਾਰਤ ਨੂੰ ਆਜਾਦੀ ਦੇਣ ਦਾ ਨਿਰਣਾ ਹੋ ਚੁਕਾ ਸੀ, ਬ੍ਰਿਟਿਸ਼ ਸਰਕਾਰ ਦਾ ਹਿਤ ਇਸੀ ਵਿਚ ਸੀ ਕਿ ਭਾਰਤ ਅਖੰਡ ਰਹੇ।

ਲੇਕਿਨ ਬ੍ਰਿਟਿਸ਼ ਸਰਕਾਰ ਨੇ ਜਿਸ ਮੁਸਮਿਲ ਲੀਗ ਨੂੰ ਸਰੰਕਸ਼ਣ ਦੇਕੇ ਖੜ੍ਹਾ ਕੀਤਾ ਸੀ, ਉਸਨੂੰ ਇਤਨੀ ਜਲਦੀ ਭੂਮੀਗਤ ਕਰਨਾ ਸੰਭਵ ਨਹੀਂ ਸੀ। ਜਿੰਨਾ ਨੇ ਕਾਂਗਰਸ ਅਤੇ ਬ੍ਰਿਟਿਸ਼ ਸਰਕਾਰ ਦੇ ਖਿਲਾਫ ਆਪਣੀ ਪੂਰੀ ਤਾਕਤ ਲਗਾ ਦਿਤੀ ਸੀ। ਕਾਂਗਰਸ ਮੰਨਦੀ ਸੀ ਕਿ ਵੰਡ ਅਗਰ ਜਰੂਰੀ ਹੈ ਤਾਂ ਉਸਦਾ ਫੈਸਲਾ ਆਜਾਦੀ ਦੇ ਬਾਅਦ ਹੋਣਾ ਚਾਹੀਦਾ ਹੈ। ਜਿੰਨਾ ਦੀ ਜਿਦ ਸੀ, ਪਹਿਲੇ ਵੰਡ, ਤਦ ਆਜਾਦੀ। ਮੁਸਲਿਮ ਲੀਗ ਨੇ ਮਿਸ਼ਨ ਦੀ ਯੋਜਨਾ ਉਸ ਹਦ ਤਕ ਸਵੀਕਾਰ ਕਰ ਲਈ, ਜਿਸ ਹਦ ਤਕ ਉਸ ਵਿਚ ਪਾਕਿਸਤਾਨ ਨੂੰ ਮਾਨਤਾ ਦਿਤੀ ਗਈ ਸੀ। ਲੀਗ ਨੂੰ ਇਹ ਦਿਲਾਸਾ ਹਾਸਲ ਕਰ ਲੈਣ ਦੀ ਉਮੀਦ ਸੀ ਕਿ ਪ੍ਰਾਂਤਾਂ ਦਾ ਸਮੂਹੀਕਰਨ ਮਰਜੀ ਨਹੀਂ, ਜ਼ਰੂਰੀ ਹੋਵੇਗਾ। ਲੇਕਿਨ ਜਦ ਇਹ ਦਿਲਾਸਾ ਮਿਲਦਾ ਨਹੀਂ ਦਿਖਾਈ ਦਿਤਾ ਤਾਂ ਸਰਕਾਰ ਨੇ ਵੀ ਕਾਂਗਰਸ ਦੇ ਇਸ ਬਿਆਨ ਨੂੰ ਚੁਣੌਤੀ ਨਹੀਂ ਦਿਤੀ ਕਿ ਸੰਵਿਧਾਨ ਸਭਾ ਸੰਪ੍ਰਭੂ ਹੋਵੇਗੀ ਅਤੇ ਆਪਣੀ ਕਾਰਜ ਪ੍ਰਕ੍ਰਿਆ ਖੁਦ ਤੈਅ ਕਰੇਗੀ, ਤਾਂ ਲੀਗ ਨੇ 29 ਜੁਲਾਈ 1946 ਨੂੰ ਕੈਬਿਨੇਟ ਮਿਸ਼ਨ ਦੇ 16 ਮਈ ਦੇ ਵਾਕ ਦੀ ਆਪਣੀ ਮੰਜੂਰੀ ਵਾਪਸ ਲੈ ਲਈ ਅਤੇ ਬ੍ਰਿਟੇਨ ਉਤੇ ਅਰੋਪ ਲਗਾਇਆ ਕਿ ਉਹ ਮੁਸਲਮਾਨਾਂ ਦੇ ਨਾਲ ਵਿਸ਼ਵਾਸਘਾਤ ਕਰ ਰਿਹਾ ਹੈ। ਜਿੰਨਾ ਨੇ ਏਟਲੀ ਨੂੰ ਸ਼ੁਰੂ ਵਿਚ ਜਰਾ ਦੱਬੀ ਆਵਾਜ ਵਿਚ ਧਮਕੀ ਦਿਤੀ ਕਿ ਬ੍ਰਿਟੇਨ "ਮੁਸਲਮਾਨਾਂ ਨੂੰ ਆਪਣਾ ਖੂਨ ਬਣਾਉਣ ਦੇ ਲਈ ਮਜਬੂਰ" ਨਾ ਕਰੇ, ਫਿਰ 'ਡਾਇਰੈਕਟ ਐਕਸ਼ਨ' ਦੀ ਪਿਸਤੌਲ ਦਾਗ ਦਿਤੀ ਅਤੇ "ਲੈ ਕੇ ਰਹਾਂਗੇ ਪਾਕਿਸਤਾਨ, ਲੜ ਕੇ ਲਵਾਂਗੇ ਪਾਕਿਸਤਾਨ"

ਨੋਟ

ਦੀ ਯੁਧ ਘੋਸ਼ਣਾ ਕਰ ਦਿਤੀ। ਆਪਣੀ ਇਸ ਨੀਤੀ ਉਤੇ ਚਲਦੇ ਹੋਏ ਲੀਗ ਨੇ 16 ਅਗਸਤ 1946 ਨੂੰ ਕਲਕੱਤਾ ਵਿਚ ਜੋ ਸੰਪਰਦਾਇਕ ਪਾਗਲਪਨ ਫੈਲਾਇਆਜ, ਉਸ ਵਿਚ ਪੰਜ ਹਜ਼ਾਰ ਲੋਕ ਮਾਰੇ ਗਏ ਅਤੇ ਨਾਗਰਿਕ ਵਿਵਸਥਾ ਪੂਰੀ ਤਰ੍ਹਾਂ ਛਿੰਨ-ਭਿੰਨ ਹੋ ਗਈ। ਜਿੰਨਾ ਦੀ ਇਕ ਮਾਤਰ ਜਿੰਮੇਵਾਰੀ "ਸੜਕਾਂ ਉਤੇ ਫੈਲੇ ਹੋਏ ਮਤਦਾਤਾਮੰਡਲ" (ਆਰ.ਜੇ. ਮੂਰ, ਇਸਕੇਪ ਫਰਾਮ ਐਂਪਾਇਰ) ਦੇ ਪ੍ਰਤੀ ਰਹਿ ਗਈ। ਤਾਂ ਆਤੰਕਿਤ ਬ੍ਰਿਟਿਸ਼ ਸਰਕਾਰ ਲੀਗ ਨੂੰ ਸੰਤੁਸ਼ਟ ਕਰਨ ਵਿਚ ਲਗ ਗਈ। ਕੇਵਲ ਵਿਰਲਾਪ ਕਰਨ ਲਗੇ ਕਿ ਅਸੀਂ ਜਿਸ ਭਸਮਾਸੁਰ ਨੂੰ ਸ਼ਕਤੀ ਪ੍ਰਦਾਨ ਕੀਤੀ, ਉਸ ਤੇ ਸਾਡਾ ਨਿਯੰਤਰਣ ਨਹੀਂ ਰਿਹਾ। ਲੇਕਿਨ ਬਹੁਤ ਵਿਲੰਬ ਹੋ ਚੁਕਾ ਸੀ।

ਵੇਵਲ ਨੇ ਮੁਸਲਿਮ ਲੀਗ ਨੂੰ ਅੰਤਰਿਮ ਸਰਕਾਰ ਵਿਚ ਸ਼ਾਮਲੀ ਕਰ ਲਿਆ, ਹਾਲਾਂਕਿ ਉਸਨੇ ਕੈਬਿਨੇਟ ਮਿਸ਼ਨ ਦੇ ਕਿਸੇ ਵੀ, ਅਲਪਕਾਲੀਨ ਜਾਂ ਦੀਰਘਕਾਲੀਨ, ਪ੍ਰਾਵਧਾਨ ਨੂੰ ਸਵੀਕਾਰ ਨਹੀਂ ਕੀਤਾ ਸੀ। ਭਾਰਤ ਦੇ ਰਾਜ ਸਚਿਵ ਲਾਰੇਂਸ ਨੇ ਵੀ ਸਵੀਕਾਰ ਕੀਤਾ ਕਿ ਲੀਗ ਨੂੰ ਸਰਕਾਰ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ, ਤਾਂ "ਗ੍ਰਹਿ ਯੁਧ ਜਰੂਰ ਹੋ ਗਿਆ ਹੁੰਦਾ"। ਲੇਕਿਨ ਇਹ ਜਲਦੀ ਹੀ ਸਪਸ਼ਟ ਹੋ ਗਿਆ ਕਿ ਲੀਗ ਅੰਤਰਿਮ ਸਰਕਾਰ ਨੂੰ ਚਲਣ ਦੇਣਾ ਨਹੀਂ ਚਾਹੁੰਦੀ ਸੀ। ਉਸਨੇ ਦੂਜੀ ਸ਼੍ਰੇਣੀ ਦੇ ਨੇਤਾਵਾਂ ਨੂੰ ਆਪਣਾ ਪ੍ਰਤੀਨਿਧੀ ਬਣਾਇਆ ਸੀ। ਜਾਹਰ ਹੈ ਕਿ ਜਿੰਨਾ ਨੂੰ ਸਿਰਫ ਤਾਕਤ ਚਾਹੀਦੀ ਸੀ ਅਤੇ ਉਹ ਵੀ ਸਰਕਾਰ ਨੂੰ ਤੋੜਣ ਦੇ ਲਈ। ਉਹ ਸਮਝਦੇ ਸਨ ਕਿ ਪ੍ਰਸ਼ਾਸਨ ਨੂੰ ਕਾਂਗਰਸ ਦੇ ਹਥ ਵਿਚ ਪੂਰੀ ਤਰ੍ਹਾਂ ਛਡ ਦੇਣਾ ਆਤਮਘਾਤੀ ਹੋਏਗਾ। ਨਾਲ ਹੀ ਪਾਕਿਸਤਾਨ ਦੇ ਲਈ ਲੜਨਾ ਹੈ, ਤਾਂ ਸਰਕਾਰ ਵਿਚ ਹਿਸੇਦਾਰੀ ਜਰੂਰੀ ਹੈ। ਐਸ. ਗੋਪਾਲ ਦੀ ਇਸ ਟਿਪਣੀ ਨੂੰ ਕਿ "ਸਮਝੌਤੇ-ਵਾਰਤਾਵਾਂ ਗ੍ਰਹਿਯੁਧ ਨੂੰ ਜਾਰੀ ਰਖਣ ਦਾ ਦੂਜਾ ਮਾਧਿਅਮ ਸੀ" (ਜਵਾਹਰਲਾਲ ਨਹਿਰੂ-ਏ ਬਾਇਓਗ੍ਰਾਫੀ, ਖੰਡ ਇਕ) ਅੰਤਰਿਮ ਸਰਕਾਰ ਉਤੇ ਵੀ ਲਾਗੂ ਕੀਤਾ ਜਾ ਸਕਦਾ ਹੈ। ਲੀਗ ਦੇ ਮੰਤੀਆਂ ਦੀ ਸਰਕਾਰ-ਭੰਜਕ ਚਲਾਕੀਆਂ ਨੇ ਨਹਿਰੂ ਅਤੇ ਕਾਂਗਰਸ ਦੇ ਹੋਰ ਨੇਤਾਵਾਂ ਦੇ ਸਾਹਮਣੇ ਇਹ ਉਜਾਗਰ ਕਰ ਦਿਤਾ ਕਿ ਉਦੇਸ਼ ਕਾਂਗਰਸ-ਲੀਗ ਸਰਕਾਰ ਹੈ, ਤਾਂ ਅੰਤਰਿਮ ਸਰਕਾਰ ਨੂੰ ਜਾਰੀ ਰਖਣਾ ਬੇਕਾਰ ਹੈ। ਜਦ ਲੀਗ ਨੇ ਸੰਵਿਧਾਨ ਸਭਾ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿਤਾ, ਤਾਂ ਨਹਿਰੂ ਵੇਵਲ ਨੂੰ ਇਹ ਕਹਿਣ ਦੇ ਲਈ ਮਜਬੂਰ ਹੋ ਗਏ ਕਿ ਲੀਗ ਜਾਂ ਤਾਂ ਕੈਬਿਨਟ ਮਿਸ਼ਨ ਯੋਜਨ ਨੂੰ ਸਵੀਕਾਰ ਕਰੇ ਜਾਂ ਸਰਕਾਰ ਦੇ ਬਾਹਰ ਨਿਕਲ ਜਾਏ। ਇਸ ਨਾਲ ਇਕ ਨਵਾਂ ਸੰਗਟ ਆਉਣ ਨੂੰ ਹੀ ਸੀ ਕਿ ਏਟਲੀ ਨੇ 20 ਫਰਵਰੀ 1947 ਨੂੰ ਘੋਸ਼ਣਾ ਕੀਤੀ ਕਿ ਜੂਨ 1948 ਤਕ ਬ੍ਰਿਟਿਸ਼ ਸਰਕਾਰ ਭਾਰਤ ਨੂੰ ਮੁਕਤ ਕਰ ਦੇਵੇਗੀ। ਨਵੇਂ ਵਾਇਸਰਾਏ ਮਾਉਂਟਬੇਟਨ ਦੀ ਨਿਯੁਕਤੀ ਦੀ ਘੋਸ਼ਣਾ ਕੀਤੀ ਗਈ। ਇਸਦੇ ਨਾਲ ਹੀ ਇਕ ਨਵਾਂ ਦੌਰ ਸ਼ੁਰੂ ਹੋਇਆ।

ਲੇਬਰ ਸਰਕਾਰ ਨੇ ਇਕ ਵਾਰ ਫਿਰ ਸਮਝੌਤੇ ਦੁਆਰਾ ਹਲ ਨੂੰ ਸਰਵਉਚ ਮਹੱਤਵ ਦਿਤਾ ਸੀ। ਸੰਘਰਸ਼ ਦਾ ਖੇਤਰ ਕਾਨਫਰੰਸ ਹਾਲ ਤੋਂ ਸੜਕਾਂ ਉਤੇ ਚਲੇ ਜਾਣਾ ਤੇ ਵੇਵਲ ਦੁਆਰਾ ਇਸ ਸੰਭਾਵਨਾ ਦੀ ਸਵੀਕ੍ਰਿਤੀ ਨਾਲ ਕਿ ਬ੍ਰਿਟੇਨ ਨੂੰ ਭਾਰਤ ਤੋਂ ਅਚਾਨਕ ਹਟਨਾ ਪੈ ਸਕਦਾ ਹੈ, ਉਸਨੂੰ ਲਗ ਰਿਹਾ ਸੀ ਕਿ ਸਮਝੌਤੇ ਦੀ ਅਹਿਮਿਅਤ ਖਤਮ ਹੋ ਰਹੀ ਹੈ। ਲੇਬਰ ਸਰਕਾਰ ਵੇਵਲ ਦੀ ਅਪਾਤਕਾਲੀਨ ਯੋਜਨਾ ਉਤੇ ਵਿਚਾਰ ਕਰਨਾ ਤਾਂ ਦੂਰ, ਉਸਦੀ ਸੰਭਾਵਨਾ ਤੋਂ ਵੀ ਆਤੰਕਿਤ ਸੀ। ਬ੍ਰਿਟੇਨ ਦਾ ਬਿਨਾ ਸਮਝੌਤੇ ਦੇ ਭਾਰਤ ਤੋਂ ਹਟ ਜਾਣਾ ਖਤਰਨਾਕ ਸੰਭਾਵਨਾਵਾਂ ਨਾਲ ਭਰਿਆ ਹੋਇਆ ਸੀ। ਇਸ ਨਾਲ ਨਾ ਕੇਵਲ ਉਸਦੀ ਅੰਤਰਰਾਸ਼ਟਰੀ ਸਥਿਤੀ ਨੂੰ ਨੁਕਸਾਨ ਪਹੁੰਚਾਉਂਦੀ ਅਤੇ ਉਸਦੀ ਪ੍ਰਤੀਸ਼ਠਾ ਵੀ ਮਿੱਟੀ ਵਿਚ ਮਿਲ ਜਾਂਦੀ, ਕੋਈ ਐਸੀ ਸ਼ਕਤੀ ਨਾ ਰਹਿੰਦੀ, ਜਿਸ ਨਾਲ ਬ੍ਰਿਟੇਨ ਸਮਝੌਤਾ ਕਰ ਸਕਦਾ।

ਸਹਿਮਤੀ ਨਾਲ ਹਲ ਦੇ ਲਈ ਮਾਉਂਟਬੇਟਨ ਦਾ ਤਰੀਕਾ ਕੀ ਸੀ? ਪਹਿਲੇ ਪਤਾ ਲਗਾਉਣਾ ਕਿ ਕਾਂਗਰਸ ਅਤੇ ਲੀਗ ਕਿਨ੍ਹਾਂ ਗੱਲਾਂ ਉਤੇ ਇਕਮਤ ਹੋ ਸਕਦੀ ਹੈ, ਫਿਰ ਉਨ੍ਹਾਂ ਗੱਲਾਂ ਉਤੇ ਉਨ੍ਹਾਂ ਦੀ ਤੇ ਲੇਬਰ ਸਰਕਾਰ ਦੀ ਸਹਿਮਤੀ ਪ੍ਰਾਪਤ ਕਰਨਾ, ਉਨ੍ਹਾਂ ਵਿਚ ਕੋਈ ਆਪਣਾ ਵਿਚਾਰ ਬਦਲੇ, ਇਸ ਤੋਂ ਪਹਿਲਾਂ ਹੀ ਸਮਝੌਤਾ ਕਰਾ ਦੇਣਾ ਅਤੇ ਕਿਸੀ ਜਵਾਰ ਅਤੇ ਮਿੱਟੀ ਦੇ ਇਨ੍ਹਾ ਕਿਲਿਆਂ ਨੂੰ ਵਹਾ ਦੇਣ ਦੇ ਪਹਿਲੋਂ ਹੀ ਭਾਰਤ ਤੋਂ ਵਿਦਾ ਲੈ ਲੈਣਾ। ਭਾਰਤ ਪਹੁੰਚਣ ਦੇ ਦੋ ਮਹੀਨੇ ਦੇ ਅੰਦਰ ਹੀ ਉਨ੍ਹਾਂ ਨੇ ਕੈਬਿਨੇਟ ਮਿਸ਼ਨ ਯੋਜਨਾ ਅਤੇ ਭਾਰਤ ਦੇ ਵਿਖੰਡੀਕਰਨ ਦੀ ਕਲਪਨਾ ਨੂੰ ਖਾਰਜ ਕਰ ਦਿਤਾ। ਉਨ੍ਹਾਂ ਦਾ ਅਸਥਾਨ ਲੇ ਲਿਆ 3 ਜੂਨ ਯੋਜਨਾ ਨੇ, ਜੋ ਮਾਉਂਟਬੇਟਨ ਦੀ ਯੋਜਨਾ ਦਾ ਦੂਜਾ ਨਾਮ ਸੀ। ਮਾਉਂਟਬੇਟਨ ਦੀ ਯੋਜਨਾ ਸੀ ਭਾਰਤ ਦੀ ਦੋਹਰੀ ਡੋਮੀਨਿਅਲ ਹੈਸੀਅਤ ਪ੍ਰਦਾਨ ਕਰਨਾ ਅਤੇ 15 ਅਗਸਤ 1947 ਤਕ ਸੱਤਾ ਦਾ ਹਸਤਾਂਤਰਣ। ਇਸਨੂੰ ਘਟ ਤੋਂ ਘਟ ਕੁਝ ਸਮੇਂ ਤਕ ਤਾਂ ਭਾਰਤ ਰਾਸ਼ਟਰਕੁਲ ਵਿਚ ਲਿਆਉਣ ਦੀ ਤਜਵੀਜ ਪੇਸ਼ ਕੀਤੀ ਸੀ, ਪਰ ਭਾਰਤ ਦੀ ਮੈਂਬਰਸ਼ਿਪ ਨੂੰ ਜ਼ਿਆਦਾ ਮਹੱਤਵ ਦਿਤਾ ਜਾ ਰਿਹਾ ਸੀ, ਕਿਉਂਕਿ ਭਾਰਤ ਦੀ ਆਰਥਿਕ ਅਤੇ ਪ੍ਰਤੀਰਖਿਆ ਯੋਗਤਾ ਦੇ ਬਾਰੇ ਵਿਚ ਖਿਆਲ ਕੀਤਾ ਜਾਂਦਾ ਸੀ ਕਿ ਉਹ ਜ਼ਿਆਦਾ ਦ੍ਰਿੜ ਹੋਵੇਗੀ ਤੇ ਬ੍ਰਿਟੇਨ ਨੂੰ ਵਿਉਪਾਰ ਅਤੇ ਵਿਨਿਯੋਗ ਦਾ ਜ਼ਿਆਦਾ ਮੌਕਾ ਮਿਲੇਗਾ।

ਲਾਰਡ ਇਸਮ ਨੇ, ਜੋ ਉਸ ਸਮੇਂ ਰਖਿਆਮੰਤਰੀ ਦੇ ਚੀਫ ਸਟਾਫ ਸਨ, 30 ਮਾਰਚ 1946 ਦੀ ਰਿਪੋਰਟ ਚੀਫ ਸਟਾਫ ਦੇ ਵਿਚਾਰ ਪੇਸ਼ ਕੀਤੇ-ਸੈਨਿਕ ਦ੍ਰਿਸ਼ਟੀ ਤੋਂ ਇਹ ਅਤਿਅੰਤ ਮਹੱਤਵਪੂਰਨ ਸੀ ਕਿ ਭਾਰਤ ਰਾਸ਼ਟਰਮੰਡਲ ਵਿਚ ਰਹੇ।" ਮਾਉਂਟਬੇਟਨ ਨੂੰ ਉਮੀਦ ਸੀ ਕਿ ਦੋਵਾਂ ਦੇਸ਼ਾਂ ਦਾ ਗਵਰਨਰ ਜਨਰਲ ਬਣ ਕੇ, ਉਹ ਸੰਯੁਕਤ ਸੁਰਖਿਆ ਯੋਜਨਾ ਦੀ ਸਥਾਪਨਾ ਕਰ ਸਕਣਗੇ ਤੇ ਦੇਸੀ ਰਾਜਾਂ ਦੇ ਭਾਰਤੀ ਯੂਨੀਅਨ ਵਿਚ ਸ਼ਾਮਲ ਹੋਣ ਦੀ ਸਮਸਿਆ ਨੂੰ ਸੁਲਝਾ ਲੈਣਗੇ।

ਬ੍ਰਿਟਿਸ਼ ਸਰਕਾਰ ਨੇ ਪ੍ਰਸਥਾਨ ਦੀ ਮਿਤੀ ਅਗੇ ਲਿਆ ਕੇ 15 ਅਗਸਤ ਨਿਸ਼ਚਿਤ ਕੀਤੀ। ਮਾਉਂਟਬੇਟਨ ਦੇ ਅਨੁਸਾਰ "ਸਥਿਤੀ ਅਤਿਅੰਤ ਵਿਸਫੋਟਕ ਸੀ," ਸੋ 15 ਅਗਸਤ ਦੀ ਤਰੀਖ ਨਿਸ਼ਚਿਤ ਕਰਕੇ ਬ੍ਰਿਟੇਨ ਨੇ ਜ਼ਿਆਦਾ ਜਲਦੀ ਨਹੀਂ ਕੀਤੀ, ਬਲਕਿ ਉਸਨੂੰ ਤਾਂ ਉਸ ਨਾਲੋਂ ਕਿਤੇ ਪਹਿਲਾਂ ਭਾਰਤ ਛਡ ਦੇਣਾ ਚਾਹੀਦਾ ਸੀ। ਹੋਰ ਅਸਥਾਨਾਂ ਉਤੇ ਸੰਪਰਦਾਇਕ ਦੰਗੇ ਫੁਟਣ

ਨਾਲ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਵਿਗੜ ਚੁਕੀ ਸੀ। ਇਹ ਅਸ਼ੰਕਾ ਸੀ ਕਿ ਕਿਤੇ ਐਸੀ ਖਰਾਬ ਸਥਿਤੀ ਨਾ ਪੈਦਾ ਹੋ ਜਾਏ ਜਿਸ ਵਿਚ ਨਿਯੰਤਰਣ ਦਾ ਉਤਰਦਾਇਤਵ ਤਾਂ ਹੋਵੇ ਪਰ ਉਸ ਨੂੰ ਨਿਭਾਉਣ ਦੀ ਯੋਗ ਨਾ ਰਹੇ। ਪ੍ਰਸ਼ਾਸਨਿਕ ਸੇਵਾ ਅਤੇ ਸੈਨਿਕ ਦਲਾਂ ਵਿਚ ਬਹੁਸੰਖਿਆ ਵਿਚ ਅਧਿਕਾਰੀ ਸੰਪਰਦਾਇਕ ਗੁਟਾਂ ਵਿਚ ਵੰਡ ਚੁਕੇ ਸਨ। ਇਤਿਹਾਸ ਦੀ ਵਿਡੰਬਣਾ ਸੀ ਕਿ ਸੰਪਰਦਾਇਕਤਾ ਜਿਸਨੂੰ ਬ੍ਰਿਟਿਸ਼ ਸ਼ਾਸਕਾਂ ਨੇ ਆਪਣੀ ਸਥਿਤੀ ਨੂੰ ਦ੍ਰਿੜ ਬਣਾਉਣ ਦੇ ਲਈ ਅਪਣਾਇਆ ਸੀ, ਹੁਣ ਉਨ੍ਹਾਂ ਦੇ ਸਮਰਾਜ ਦੇ ਅੰਤ ਦੀ ਘੜੀ ਨੂੰ ਹੋਰ ਲਾਗੇ ਲੈ ਆਈ।

ਨਤੀਜਾ ਇਹ ਹੋਇਆ ਕਿ ਕਾਂਗਰਸ ਰਿਆਇਤਾਂ ਦਿੰਦੀ ਗਈ ਲੇਕਿਨ ਸੰਪਰਦਾਇਕ ਸ਼ਕਤੀਆਂ ਦੀ ਨੀਂਹ ਕਮਜ਼ੋਰ ਪੈਣ ਦੀ ਬਜਾਏ ਹੋਰ ਦ੍ਰਿੜ ਹੁੰਦੀ ਗਈ। ਮੁਸਲਿਮ ਲੀਗ ਦੀ ਸਫਲਤਾ ਤੋਂ ਪ੍ਰਭਾਵਤ ਹੋਕੇ ਅਤੇ ਜ਼ਿਆਦਾ ਮੁਸਲਮਾਨ ਉਨ੍ਹਾਂ ਦੀ ਛਤਰ-ਛਾਇਆ ਵਿਚ ਆਉਣ ਲਗੇ ਸੀ। ਜਿੰਨਾ ਨੇ ਜਦ ਦੇਖਿਆ ਕਿ ਕਾਂਗਰਸ ਝੁਕ ਰਹੀ ਹੈ ਤਾਂ ਉਨ੍ਹਾਂ ਨੇ ਆਪਣੀ ਮੰਗਾਂ ਹੋਰ ਵਧਾ ਦਿਤੀਆਂ। ਦੂਜੀ ਤਰਫ ਹਿੰਦੂ ਨੇਤਾਵਾਂ ਦਾਅਵਾ ਕੀਤਾ ਕਿ ਉਹ ਹੀ ਹਿੰਦੂ ਹਿਤਾਂ ਦੇ ਸਰੰਕਸ਼ਕ ਹਨ, ਜਿਨ੍ਹਾਂ ਦਾ ਬਲਿਦਾਨ ਕਾਂਗਰਸ ਰਾਸ਼ਟਰੀ ਏਕਤਾ ਦੇ ਨਾਮ ਤੇ ਲਗਾਤਾਰ ਕਰਦੀ ਆ ਰਹੀ ਹੈ। ਇਹ ਪ੍ਰਚਾਰ ਕਾਫੀ ਸਫਲ ਰਿਹਾ ਅਤੇ ਹਿੰਦੂ ਸੰਪਰਦਾਇਕ ਤੱਤਾਂ ਦਾ ਪ੍ਰਭਾਵ ਵਧਿਆ।

## ਕਾਂਗਰਸ ਅਤੇ ਵੰਡ

ਲੇਕਿਨ ਕਾਂਗਰਸ ਨੇ ਵੰਡ ਕਿਉਂ ਅਤੇ ਕਿਵੇਂ ਮੰਜੂਰ ਕਰ ਲਈ? ਮੁਸਲਿਮ ਲੀਗ ਕਿਸੇ ਵੀ ਕੀਮਤ ਉਤੇ ਆਪਣਾ ਹਕ ਲੈਣ ਲਈ ਅੜ ਗਈ ਅਤੇ ਬ੍ਰਿਟਿਸ਼ ਸਰਕਾਰ ਨੂੰ ਆਪਣੇ ਹੀ ਬਣਾਏ ਜਾਲ ਵਿਚੋਂ ਨਾ ਨਿਕਲ ਪਾਉਣ ਦੇ ਕਾਰਨ ਉਨ੍ਹਾਂ ਦੀ ਮੰਗ ਨੂੰ ਮੰਜੂਰ ਕਰਨਾ ਪਿਆ, ਇਹ ਗਲ ਤਾਂ ਸਮਝ ਵਿਚ ਆਉਂਦੀ ਹੈ। ਲੇਕਿਨ ਭਾਰਤ ਦੀ ਅਖੰਡਤਾ ਵਿਚ ਵਿਸ਼ਵਾਸ ਰਖਣ ਵਾਲੀ ਕਾਂਗਰਸ ਨੇ ਵੰਡ ਕਿਉਂ ਸਵੀਕਾਰ ਕੀਤਾ, ਇਹ ਹੁਦ ਵੀ ਇਕ ਮੁਸ਼ਕਿਲ ਸਵਾਲ ਹੈ। ਆਖਿਰ ਗੱਲ ਕੀ ਸੀ ਕਿ ਨਹਿਰੂ ਅਤੇ ਪਟੇਲ ਨੇ 3 ਜੂਨ ਯੋਜਨਾ ਦੀ ਵਕਾਲਤ ਕੀਤੀ ਅਤੇ ਕਾਂਗਰਸ ਕਾਰਜਸਮੀਤੀ ਅਤੇ (ਅਖਿਲ ਭਾਰਤੀ) ਕਾਂਗਰਸ ਸਮੀਤੀ ਨੇ ਉਸਦੇ ਪੱਖ ਵਿਚ ਪ੍ਰਸਤਾਵ ਪਾਰਿਤ ਕਰ ਦਿਤਾ? ਸਭ ਤੋਂ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਗਾਂਧੀਜੀ ਤਕ ਨੇ ਆਪਣੀ ਮੂਕ ਸਵੀਕ੍ਰਿਤੀ ਦੇ ਦਿਤੀ। ਕਿਉਂ? ਸਾਮਿਆਵਾਦੀਆਂ ਅਤੇ ਗਾਂਧੀਵਾਦੀਆਂ, ਦੋਵਾਂ ਨੇ ਮੰਨਿਆ ਹੈ ਕਿ ਨਹਿਰੂ ਅਤੇ ਪਟੇਲ ਨੇ ਵੰਡ ਨੂੰ ਇਸ ਲਈ ਸਵੀਕਾਰ ਕੀਤਾ, ਕਿਉਂਕਿ ਸੱਤਾ ਦਾ ਇੰਤਜ਼ਾਰ ਉਨ੍ਹਾਂ ਲਈ ਅਸਹਿਨ ਹੋ ਰਿਹਾ ਸੀ। ਕਿਹਾ ਜਾਂਦਾ ਹੈ ਕਿ ਇਸ ਲਈ ਉਨ੍ਹਾਂ ਨੇ ਗਾਂਧੀਜੀ ਦੀ ਸਲਾਹ ਨੂੰ ਅਣਦੇਖਾ ਕਰ ਦਿਤਾ। ਜਿਸ ਨਾਲ ਗਾਂਧੀਜੀ ਇੰਨੇ ਦੁਖੀ ਹੋਏ ਕਿ ਉਨ੍ਹਾਂ ਦੀ ਹੋਰ ਜੀਉਣ ਦੀ ਇੱਛਾ ਖਤਮ ਹੋ ਗਈ। ਲੇਕਿਨ ਫਿਰ ਵੀ ਉਨ੍ਹਾਂ ਨੇ ਸੰਪਰਦਾਇਕ ਨਫਰਤ ਦਾ ਇਕੱਲਿਆਂ ਹੀ ਮੁਕਾਬਲਾ ਕੀਤਾ, ਜਿਸ ਦੀ ਪ੍ਰਸ਼ੰਸਾ ਵਿਚ ਮਾਉਂਟਬੇਟਨ ਨੇ ਉਨ੍ਹਾਂ ਨੂੰ ਇਕ "ਵਨਮੈਨ ਬਾਉਂਡਰੀ ਫੋਰਸ" ਕਿਹਾ।

ਇਸ ਸੰਦਰਭ ਵਿਚ ਇਹ ਭੁਲਾ ਦਿਤਾ ਜਾਂਦਾ ਹੈ ਕਿ 1947 ਵਿਚ ਨਹਿਰੂ, ਪਟੇਲ ਅਤੇ ਗਾਂਧੀ ਦੇ ਸਾਹਮਣੇ ਵੰਡ ਨੂੰ ਸਵੀਕਾਰ ਕਰਨ ਦੇ ਸਿਵਾਏ ਕੋਈ ਹੋਰ ਰਸਤਾ ਵੀ ਨਹੀਂ ਰਹਿ ਗਿਆ ਸੀ। ਕਿਉਂਕਿ ਕਾਂਗਰਸ ਮੁਸਲਿਮ ਜਨਸਮੂਹ ਨੂੰ ਰਾਸ਼ਟਰੀ ਅੰਦੋਲਨ ਵਿਚ ਨਹੀਂ ਖਿਚ ਸਕੀ ਸੀ ਅਤੇ ਮੁਸਲਿਮ ਸੰਪਰਦਾਇਕਤਾ ਦੇ ਜਵਾਰ ਨੂੰ ਰੋਕ ਪਾਉਣ ਵਿਚ ਅਯੋਗ ਸਾਬਤ ਹੋਈ ਸੀ, ਇਸ ਲਈ ਹੁਣ ਉਸਦੇ ਕੋਲ ਵਿਕਲਪ ਹੀ ਕੀ ਸੀ? ਕਾਂਗਰਸ ਦੀ ਵਿਫਲਤਾ 1046 ਦੇ ਚੋਣਾਂ ਵਿਚ ਇਕਦਮ ਸਾਫ ਹੋ ਚੁਕੀ ਸੀ। ਇਨ੍ਹਾਂ ਚੋਣਾਂ ਵਿਚ ਲੀਗ ਨੂੰ 90 ਪ੍ਰਤੀਸ਼ਤ ਮੁਸਲਿਮ ਸੀਟਾਂ ਮਿਲੀਆਂ ਸਨ। ਤਾਂ ਕਾਂਗਰਸ ਜਿੰਨਾ ਦੇ ਖਿਲਾਫ ਆਪਣੀ ਲੜਾਈ 1946 ਵਿਚ ਹੀ ਹਾਰ ਚੁਕੀ ਸੀ, ਪਰੰਤੂ ਜਦ ਕਲਕੱਤਾ ਅਤੇ ਰਾਵਲਪਿੰਡੀ ਦੀ ਸੜਕਾਂ ਉਤੇ ਅਤੇ ਨੋਆਖਾਲੀ ਤੇ ਬਿਹਾਰ ਦੇ ਪਿੰਡਾਂ ਵਿਚ ਸੰਪਰਦਾਇਕ ਦੰਗੇ ਫੁਟ ਪਏ, ਤਾਂ ਉਸਨੇ ਆਪਣੀ ਹਾਰ ਸਵੀਕਾਰ ਵੀ ਕਰ ਲਈ। ਜੂਨ 1947 ਤਕ ਕਾਂਗਰਸ ਦੇ ਨੇਤਾ ਮਹਿਸੂਸ ਕਰਨ ਲਗੇ ਸੀ ਕਿ ਸੱਤਾ ਦੇ ਤੁਰੰਤ ਹਸਤਾਂਤਰਣ ਨਾਲ ਹੀ ਇਹ ਸੰਪਰਦਾਇਕ ਪਾਗਲਪਨ ਰੋਕਿਆ ਜਾ ਸਕਦਾ ਹੈ। ਅੰਤਰਿਮ ਸਰਕਾਰ ਦੀ ਅਪੰਗਤਾ ਨੇ ਵੀ ਪਾਕਿਸਤਾਨ ਨੂੰ ਇਕ ਅਪਰਿਹਾਰਿਅ ਵਾਸਤਵਿਕਤਾ ਬਣਾ ਦਿਤਾ। ਅਖਿਲ ਭਾਰਤੀ ਕਾਂਗਰਸ ਸਮੀਤੀ ਦੀ ਬੈਠਕ ਵਿਚ 14 ਜੂਨ 1947 ਨੂੰ ਪਟੇਲ ਨੇ ਕਿਹਾ ਕਿ ਅਸੀਂ ਇਸ ਸਚਾਈ ਤੋਂ ਦੂਰ ਨਹੀਂ ਭਜ ਸਕਦੇ ਕਿ ਪੰਜਾਬ, ਬੰਗਾਲ ਅਤੇ ਅੰਤਰਿਮ ਸਰਕਾਰ ਵਿਚ ਪਾਕਿਸਤਾਨ ਦੀ ਸਥਾਪਨਾ ਹੋ ਚੁਕੀ ਸੀ ਅਤੇ ਉਸਨੇ ਕੰਮ ਕਰਨਾ ਸ਼ੁਰੂ ਕਰ ਦਿਤਾ ਹੈ। ਅੰਤਰਿਮ ਸਰਕਾਰ ਦੇ ਯੁਧਖੇਤਰ ਵਿਚ ਬਦਲ ਜਾਣ ਨਾਲ ਨਹਿਰੂ ਵੀ ਹੈਰਾਨ ਸੀ। ਮੰਤਰੀ ਲੋਕ ਆਪਸ ਵਿਚ ਤੂੰ-ਤੂੰ ਮੈਂ-ਮੈਂ ਕਰਦੇ, ਅਤੇ ਅਲਗ-ਅਲਗ ਬੈਠਕਾਂ ਵਿਚ ਨਿਰਣਾ ਕਰਦੇ। ਇਸਲਈ ਬੈਠਕਾਂ ਤੋਂ ਬਚਦੇ ਰਹਿੰਦੇ ਅਤੇ ਲਿਆਕਤ ਅਲੀ ਖਾਂ, ਜਿਨ੍ਹਾਂ ਦੇ ਕੋਲ ਵਿੱਤ ਵਿਭਾਗ ਸੀ, ਦੂਜੇ ਵਿਭਾਗਾਂ ਦੇ ਕੰਮ ਵਿਚ ਰੁਕਾਵਟ ਪਾਉਂਦੇ। ਗਵਰਨਰ ਲੀਗ ਦਾ ਸਾਥ ਦੇ ਰਹੇ ਸਨ, ਪ੍ਰਾਂਤਕ ਸਰਕਾਰਾਂ ਨਿਸ਼ਕ੍ਰਿਅ ਸੀ, ਬਲਕਿ ਕਿਤੇ-ਕਿਤੇ ਦੰਗਿਆ ਵਿਚ ਖੁਦ ਵੀ ਸ਼ਾਮਲ ਸੀ ਅਤੇ ਲੋਕ ਮਾਰੇ ਜਾ ਰਹੇ ਸਨ। ਨਹਿਰੂ ਨੂੰ ਲਗ ਰਿਹਾ ਸੀ ਕਿ ਅਗਰ ਇਨ੍ਹਾਂ ਚੀਜ਼ਾਂ ਨੂੰ ਅੰਤਰਿਮ ਸਰਕਾਰ ਰੋਕ ਨਹੀਂ ਪਾ ਰਹੀ ਹੈ, ਤਾਂ ਫਿਰ ਉਸ ਵਿਚ ਸਾਡੇ ਬਣੇ ਰਹਿਣ ਦਾ ਕੀ ਅਰਥ ਹੈ? ਸੱਤਾ ਦੇ ਹਸਤਾਂਤਰਣ ਨਾਲ ਘਟ ਤੋਂ ਘਟ ਇੰਨਾ ਤੇ ਹੋਏਗਾ ਕਿ ਇਕ ਐਸੀ ਸਰਕਾਰ ਬਣੇਗੀ ਜੋ ਸਚਮੁਚ ਨਿਯੰਤਰਣ ਕਰ ਸਕੇ।

ਦੋ ਡੋਮੀਨਿਅਮ ਰਾਜਾਂ ਨੂੰ ਤਤਕਾਲਿਕ ਸੱਤਾ ਹਸਤਾਂਤਰਣ ਦੀ ਯੋਜਨਾ ਸਵੀਕਾਰ ਕਰਨ ਦਾ ਕਿ ਹੋਰ ਕਾਰਣ ਸੀ। ਇਸ ਨਾਲ ਭਾਰਤ ਦੇ ਵਿਖੰਡੀਕਰਨ ਦੀ ਅਸ਼ੰਕਾ ਨਸ਼ਟ ਹੋ ਜਾਂਦੀ, ਕਿਉਂਕਿ ਇਸ ਯੋਜਨਾ ਵਿਚ ਪ੍ਰਾਂਤਾਂ ਅਤੇ ਰਿਆਸਤਾਂ ਨੂੰ ਅਲਗ ਤੋਂ ਸੁਤੰਤਰਤਾ ਦੇਣ ਦੀ ਗਲ ਨਹੀਂ ਸੀ। ਬਾਅਦ ਵਿਚ ਹੋਇਆ ਵੀ ਇਹੀ-ਆਪਣੀ ਤਮਾਮ ਅਨਿੱਛਾ ਦੇ ਬਾਵਜੂਦ ਰਿਆਸਤਾਂ ਨੂੰ ਇਸ ਜਾਂ ਉਸ ਦੇਸ਼ ਵਿਚ ਸ਼ਾਮਲ ਹੋਣਾ ਪਿਆ। ਇਹ ਕੋਈ ਮਾਮੂਲੀ ਉਪਲਬਧੀ ਨਹੀਂ ਸੀ। ਰਿਆਸਤਾਂ ਅਗਰ ਆਪਣਾ ਸੁਤੰਤਰ ਹੋਂਦ ਬਣਾਏ ਰਖਦੀ, ਤਾਂ ਭਾਰਤ ਦੀ ਏਕਤਾ ਦੇ ਲਈ ਉਹ ਪਾਕਿਸਤਾਨ ਤੋਂ ਵੀ ਵਡਾ ਖਤਰਾ ਸਾਬਤ ਹੁੰਦੀ।

ਇਸ ਤਰ੍ਹਾਂ 1947 ਵਿਚ ਕਾਂਗਰਸ ਦੁਆਰਾ ਵੰਡ ਦੀ ਸਵੀਕ੍ਰਿਤੀ ਮੁਸਲਿਮ ਲੀਗ ਦੀ ਇਕ ਸੰਪ੍ਰਭੂ ਮੁਸਲਿਮ ਰਾਜ ਦੀ ਦਲੀਲ ਨੂੰ ਕਦਮ-ਦਰ-ਕਦਮ ਸਵੀਕਾਰ ਕਰਨ ਦੀ ਪ੍ਰਕ੍ਰਿਆ ਦਾ ਹੀ ਆਖਿਰੀ ਚਰਨ ਸੀ। 1942 ਵਿਚ ਕ੍ਰਿਪਸ ਮਿਸ਼ਨ ਦੇ ਸਮੇਂ ਹੀ ਮੁਸਲਿਮ ਬਹੁਲ ਪ੍ਰਾਂਤਾਂ ਦੀ ਸਵਾਇਤਾ ਮੰਜੂਰ ਕਰ ਲਈ ਗਈ ਸੀ। ਗਾਂਧੀਜੀ ਇਕ ਕਦਮ ਹੋਰ ਅਗੇ ਵਧ ਗਏ ਅਤੇ 1944 ਵਿਚ ਜਿੰਨਾ ਨੇ ਆਪਣੀ ਵਾਰਤਾਵਾਂ ਦੇ ਦੌਰਾਨ ਉਨ੍ਹਾਂ ਨੇ ਮੁਸਲਿਮ ਬਹੁਲ ਪ੍ਰਾਂਤਾਂ ਦੇ ਆਤਮ-ਨਿਰਣੇ ਦਾ ਅਧਿਕਾਰ ਵੀ ਮੰਨ ਲਿਆ। ਜੂਨ 1946 ਵਿਚ ਕਾਂਗਰਸ ਨੇ ਇਸ ਸੰਭਾਵਨਾ ਨੂੰ ਵੀ ਸਵੀਕਾਰ ਕਰ ਲਿਆ ਕਿ ਮੁਸਲਿਮ ਬਹੁਲ ਪ੍ਰਾਂਤ (ਜਿਨ੍ਹਾਂ ਨੂੰ ਕੈਬਿਨੇਟ ਮਿਸ਼ਨ ਯੋਜਨਾ ਵਿਚ ਗਰੁੱਪ 'ਬੀ' ਅਤੇ 'ਸੀ' ਵਿਚ ਰਖਿਆ ਗਿਆ ਸੀ) ਆਪਣੀ ਅਲਗ ਸੰਵਿਧਾਨ ਸਭਾ ਬਣਾ ਸਕਦੇ ਹਨ, ਹਾਲਾਂਕਿ ਉਸਨੇ ਜਰੂਰੀ ਸਮੂਹੀਕਰਨ (ਗਰੁਪਿੰਗ) ਦਾ ਵਿਰੋਧ ਕੀਤਾ ਅਤੇ ਕਿਹਾ ਕਿ ਉਤਰ-ਪੱਛਮ ਸੀਮਾ ਪ੍ਰਾਂਤ ਅਤੇ ਅਸਮ ਨੂੰ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਚਾਹੁਣ ਤਾਂ ਆਪਣੇ ਗਰੁੱਪ ਵਿਚ ਸ਼ਾਮਲ ਨਾ ਹੋਣ ਪਰੰਤੂ ਸਾਲ ਬੀਤਦੇ-ਬੀਤਦੇ ਨਹਿਰੂ ਨੇ ਕਹਿ ਦਿਤਾ ਕਿ ਸਮੂਹੀਕਰਨ ਜਰੂਰੀ ਰਹੇਗਾ ਜਾਂ ਇੱਛਤ, ਇਸ ਉਤੇ ਸੰਘੀਏ ਕੋਰਟ ਦਾ ਨਿਰਣੇ ਉਨ੍ਹਾ ਨੂੰ ਮੰਜੂਰ ਹੋਏਗਾ। ਫਿਰ ਜਦ ਦਸੰਬਰ ਵਿਚ ਬ੍ਰਿਟਿਸ਼ ਮੰਤਰੀਮੰਡਲ ਨੇ ਇਹ ਸਪਸ਼ਟੀਕਰਨ ਕੀਤਾ ਕਿ ਸਮੂਹੀਕਰਨ ਜਰੂਰੀ ਹੈ, ਤਾਂ ਕਾਂਗਰਸ ਨੈ ਇਸਦਾ ਵਿਰੋਧ ਨਹੀਂ ਕੀਤਾ। ਅਧਿਕਾਰਿਕ ਤੌਰ ਉਤੇ ਵੰਡ ਦੀ ਗੱਲ ਕਾਂਗਰਸ ਨੇ ਮਾਰਚ 1947 ਵਿਚ ਮੰਨ ਲਈ ਜਦ ਕਾਂਗਰਸ ਕਾਰਜ ਸਮੀਤੀ ਦੁਆਰਾ ਇਹ ਪ੍ਰਸਤਾਵ ਪਾਰਿਤ ਕੀਤਾ ਗਿਆ ਕਿ ਜੇਕਰ ਦੇਸ਼ ਦੀ ਵੰਡ ਹੁੰਦੀ ਹੈ, ਤਾਂ ਪੰਜਾਬ (ਅਤੇ ਇਸੀ ਵਿਚ ਨਿਹਿਤ ਸੀ ਕਿ ਬੰਗਾਲ) ਦੀ ਵੀ ਵੰਡ ਹੋਣੀ ਹੀ ਚਾਹੀਦੀ ਹੈ। ਲੀਗ ਦੇ ਸਾਹਮਣੇ ਜੂਨ 1847 ਵਿਚ ਹੀ ਪੂਰਨ ਸਮਰਪਣ ਕੀਤਾ ਜਾ ਚੁਕਾ ਸੀ, ਜਦ ਕਾਂਗਰਸ ਨੇ ਇਹ ਇੱਛਾ ਜਾਹਰ ਕੀਤੀ ਸੀ ਕਿ ਜੇਕਰ ਤਤਕਾਲੀਨ ਅੰਤਰਿਮ ਸਰਕਾਰ ਨੂੰ ਸੱਤਾ ਦਾ ਹਸਤਾਂਤਰਣ ਕਰ ਦਿਤਾ ਜਾਵੇ। ਤਾਂ ਉਹ ਡੋਮੀਨਿਅਮ ਦਾ ਦਰਜਾ ਸਵੀਕਾਰ ਕਰ ਲਵੇਗੀ। ਲੇਕਿਨ ਅੰਤਤ: ਉਸਨੇ ਵੰਡ ਅਤੇ ਡੋਮੀਨਿਅਮ ਦਾ ਦਰਜਾ, ਦੋਨਾਂ ਨੇ ਸਵੀਕਾਰ ਕਰ ਲਏ।

ਕਾਂਗਰਸ ਦੇ ਨੇਤਾ ਗੱਲਾਂ ਤਾਂ ਵਡੀਆਂ-ਵਡੀਆਂ ਕਰ ਰਹੇ ਸਨ, ਪਰੰਤੂ ਟ੍ਰੇਜਿਡੀ ਇਹ ਸੀ ਕਿ ਹੋਲੀ-ਹੋਲੀ ਆਪਣੀ ਜਮੀਨ ਵੀ ਛਡਦੇ ਜਾ ਰਹੇ ਸੀ। ਕਾਂਗਰਸ ਸੰਵਿਧਾਨ ਸਭਾ ਨੂੰ ਸੰਪ੍ਰਭੂਤਾ ਉਤੇ ਜੋਰ ਦੇ ਰਹੀ ਸੀ। ਪਰੰਤੂ ਉਸਨੇ ਚੁਪਚਾਪ ਜਰੂਰੀ ਸਮੂਹੀਕਰਨ ਸਵੀਕਾਰ ਕਰ ਲਿਤਾ ਅਤੇ ਉਤਰ-ਪੱਛਮ ਸੀਮਾ ਪ੍ਰਾਂਤ ਨੂੰ ਪਾਕਿਸਤਾਨ ਦਾ ਅੰਗ ਮੰਨ ਲਿਤਾ। ਕਾਂਗਰਸ ਦੇ ਨੇਤਾਵਾਂ ਨੇ ਵੰਡ ਦੇ ਲਈ ਇਸੇ ਕਾਰਨ ਹਾਮੀ ਭਰੀ, ਕਿਉਂਕਿ ਉਹ ਸੰਪਰਦਾਇਕ ਦੰਗਿਆਂ ਨੂੰ ਰੋਕ ਨਹੀਂ ਪਾ ਰਹੇ ਸੀ, ਪਰੰਤੂ ਹਿੰਸਾ ਦੇ ਅਗੇ ਆਤਮ ਸਮਰਪਣ ਨਾ ਕਰਨ ਦੀ ਗਲ ਵੀ ਉਹ ਦੁਹਰਾਉਂਦੇ ਜਾ ਰਹੇ ਸੀ। ਨਹਿਰੂ ਦੇ ਸ਼ਬਦ ਸੀ-"ਅਸੀਂ ਕਾਤਲ ਨਾਲ ਹਥ ਮਿਲਾਉਣ ਨਹੀਂ ਜਾ ਰਹੇ ਹਾਂ ਅਤੇ ਨਾ ਉਸਨੂੰ ਦੇਸ਼ ਦੀ ਨੀਤੀ ਤੈਅ ਕਰਨ ਦੀ ਇਜਾਜ਼ਤ ਹੀ ਦੇਵਾਂਗੇ।" ਗਾਂਧੀਜੀ ਨੇ ਵਾਇਸਰਾਏ ਨਾਲ ਗੱਲ ਕਰਦੇ ਹੋਏ ਦ੍ਰਿੜ ਸੁਰ ਵਿਚ ਕਿਹਾ ਸੀ, "ਅਗਰ ਭਾਰਤ ਖੂਨ ਨਾਲ ਨਹਾਉਣਾ ਚਾਹੁੰਦਾ ਹੈ, ਤਾਂ ਇਹੀ ਹੋਵੇਗਾ" ਉਹ ਅਕਸਰ ਕਿਹਾ ਕਰਦੇ ਸਨ ਕਿ ਹਿੰਸਾ ਦੇ ਅਗੇ ਆਤਮਸਮਰਪਣ ਨਾਲ ਅਰਾਜਕਤਾ ਚੰਗੀ ਹੈ।"

## ਗਾਂਧੀ ਦੀ ਸਥਿਤੀ

ਗਾਂਧੀਜੀ ਦੀ ਕੀ ਸਥਿਤੀ ਸੀ? ਉਨ੍ਹਾਂ ਦੀ ਨਾਖੁਸ਼ੀ ਅਤੇ ਅਸਹਾਏ ਸਥਿਤੀ ਦਾ ਅਕਸਲ ਜਿਕਰ ਕੀਤਾ ਗਿਆ ਹੈ। ਉਨ੍ਹਾਂ ਦੀ ਨਿਸ਼ਕ੍ਰਿਅਤਾ ਦੀ ਵਿਆਖਿਆ ਇਹ ਕਹਿ ਕੇ ਕੀਤੀ ਗਈ ਹੈ ਕਿ ਕਾਂਗਰਸ ਦੀ ਫੈਸਲਾ ਲੈਣ ਵਾਲੀ ਸਮੀਤੀਆਂ ਵਿਚ ਉਨ੍ਹਾਂ ਦੀ ਕੋਈ ਆਵਾਜ ਨਹੀਂ ਰਹਿ ਗਈ ਸੀ ਅਤੇ ਉਹ ਆਪਣੇ ਸ਼ਿਸ਼, ਨਹਿਰੂ ਅਤੇ ਪਟੇਲ ਦੀ, ਇਸ ਆਧਾਰ ਉਤੇ ਆਲੋਚਨਾ ਕਰਨ ਵਿਚ ਯੋਗ ਨਹੀਂ ਸਨ ਕਿ ਉਹ ਸੱਤਾ ਦੇ ਲਾਲਚ ਵਿਚ ਪੈ ਕੇ ਝੁਕ ਗਏ, ਕਿਉਂਕਿ ਉਹ ਉਹੀ ਲੋਕ ਸਨ, ਜੋ ਕਈ ਸਾਲਾਂ ਤੋਜ਼ ਨਿਸ਼ਠਾਪੂਰਬਕ ਉਨ੍ਹਾਂ ਦਾ ਅਨੁਸਰਨ ਕਰਦੇ ਆ ਰਹੇ ਸੀ ਅਤੇ ਉਨ੍ਹਾਂ ਨੇ ਕਾਫੀ ਕੁਰਬਾਨੀ ਵੀ ਦਿਤੀ ਸੀ।

ਸਾਡੀ ਦ੍ਰਿਸ਼ਟੀ ਵਿਚ ਗਾਂਧੀ ਜੀ ਦਾ ਅਸਹਾਏ ਸਥਿਤੀ ਦਾ ਕਾਰਨ ਨਾ ਤਾਂ ਜਿੰਨਾ ਦਾ ਦੁਰਾਗ੍ਰਹਿ ਸੀ ਅਤੇ ਨਾ ਉਨ੍ਹਾਂ ਦੇ ਆਪਣੇ ਚੇਲੇਆਂ ਦੀ ਤਥਾਕਥਿਤ ਸੱਤਾ-ਲੋਲੁਪਤਾ। ਉਹ, ਦਰਅਸਲ, ਆਪਣੇ ਹੀ ਲੋਕਾਂ ਦੇ ਸੰਪਰਦਾਇਕ ਹੋ ਜਾਣ ਤੋਂ ਅਸਹਾਏ ਸਨ। ਆਪਣੀ 4 ਜੂਨ 1947 ਦੀ ਪ੍ਰਾਰਥਨਾ ਸਭਾ ਵਿਚ ਉਨ੍ਹਾਂ ਨੇ ਕਿਹਾ ਕਿ ਕਾਂਗਰਸ ਨੇ ਵੰਡ ਨੂੰ ਇਸ ਲਈ ਸਵੀਕਾਰ ਕੀਤਾ, ਕਿਉਂਕਿ ਲੋਕ ਐਸਾ ਹੀ ਚਾਹੁੰਦੇ ਸਨ। ਇਹ ਮੰਗ ਮੰਜੂਰ ਕੀਤੀ ਗਈ, ਕਿਉਂਕਿ ਤੁਸੀਂ ਲੋਕਾਂ ਨੇ ਇੰਜ ਚਾਹਿਆ। ਕਾਂਗਰਸ ਨੇ ਇਹ ਮੰਗ ਕਦੀ ਨਹੀਂ ਕੀਤੀ, ਪਰੰਤੂ ਕਾਂਗਰਸ ਵਿਚ ਜਨਤਾ ਦੀ ਨਬਜ਼ ਸਮਝਣ ਦੀ ਯੋਗਤਾ ਹੈ, ਉਸਨੇ ਮਹਿਸੂਸ ਕੀਤਾ ਕਿ ਖਾਲਸਾ ਅਤੇ ਹਿੰਦੂ, ਦੋਵਾਂ ਦੀ ਇੱਛਾ ਇਹੀ ਹੈ। ਤਾਂ ਇਹ ਵੰਡ ਦੇ ਲਈ ਸਿੱਖਾਂ ਅਤੇ ਹਿੰਦੂਆਂ ਦੀ ਆਤੁਰਤਾ ਸੀ। ਜਿਸਨੇ ਗਾਂਧੀਜੀ ਨੂੰ ਵਿਅਰਥ, ਦਿਸ਼ਾਹੀਨ ਅਤੇ ਅਯੋਗ ਬਣਾ ਦਿਤਾ ਸੀ, ਗਾਂਧੀਜੀ ਜਨ ਨੇਤਾ ਸੀ ਅਤੇ ਜਨ ਨੇਤਾ ਦੀ ਉਸ ਵਕਤ ਅਹਿਮਿਅਤ ਹੀ ਕੀ ਰਹਿ ਜਾਂਦੀ ਹੈ, ਜਦ ਉਸਦਾ ਜਨ ਹੀ ਉਸਦਾ ਅਨੁਸਰਨ ਕਰਨ ਤੋਂ ਇਨਕਾਰ ਕਰ ਦੇਵੇ? ਕੀ ਉਹ ਸੰਪਰਦਾਇਕਤਾ ਦੇ ਖਿਲਾਫ ਅੰਦੋਲਨ ਸੰਪਰਦਾਇਕ ਜਨਤਾ ਦੇ ਬਲ ਉਤੇ ਛੇੜਦੇ, ਤਾਂ ਉਨ੍ਹਾਂ ਦੀ ਗੱਲ ਸੁਣਨ ਵਾਲਾ ਕੌਣ ਸੀ? ਕਾਰਣ, ਉਨ੍ਹਾਂ ਦੇ ਆਪਣੇ ਲੋਕਾਂ ਵਿਚ ਸੰਪਰਦਾਕਿਤਾ ਵੜ ਗਈ ਸੀ। ਗਾਂਧੀਜੀ ਕਾਂਗਰਸ ਦੇ ਨੇਤਾਵਾਂ ਦੀ ਅਵਹੇਲਨਾ ਤਾਂ ਕਰ ਸਕਦੇ ਸੀ, ਜਿਵੇਂ ਕਿ ਉਨ੍ਹਾਂ ਨੇ 1942 ਵਿਚ ਕੀਤਾ ਸੀ, ਜਦ ਉਨ੍ਹਾਂ ਨੇ ਦੇਖਿਆ ਕਿ ਸਮਾਂ ਸੰਘਰਸ਼ ਦੇ ਲਈ ਸਹੀ ਹੈ । ਲੇਕਿਨ ਤਦ ਉਹ ਵਡੇ ਪੈਮਾਨੇ ਉਤੇ ਕੁਝ ਨਹੀਂ ਕਰ ਪਾਉਂਦੇ। ਐਨ.ਕੇ. ਬੋਸ ਨੇ ਜਦ ਉਨ੍ਹਾਂ ਨੂੰ ਕਿਹਾ ਕਿ ਉਹ ਇਕ ਅਨੁਕੂਲ ਸਥਿਤੀ ਉਤਪੰਨ ਕਰਨ, ਤਾਂ ਗਾਂਧੀਜੀ ਨੇ ਇਮਾਨਦਾਰੀ ਨਾਲ ਅਸਮਰਥਤਾ ਦਸੀ। ਉਨ੍ਹਾਂ ਦਾ ਵਿਸ਼ੇਸ਼ ਗੁਣ, ਉਨ੍ਹਾਂ ਦੇ ਆਪਣੇ ਹੀ ਸ਼ਬਦਾਂ ਵਿਚ, ਇਹੀ ਸੀ ਕਿ ਉਹ ਸਹਿਜ ਬਿਰਤੀ ਨਾਲ ਇਹ ਜਾਣ ਪਾਉਂਦੇ ਸਨ ਕਿ ਲੋਕਾਂ ਦੇ ਦਿਲਾਂ ਨੂੰ ਕੀ ਮਥ ਰਿਹਾ ਹੈ ਅਤੇ ਜੋ ਚੀਜ਼

ਪਹਿਲੇ ਤੋਂ ਹੀ ਮੌਜੂਦ ਰਹਿੰਦੀ ਸੀ, ਉਸਨੂੰ ਇਕ ਆਕਾਰ ਦੇ ਦਿੰਦੇ ਸੀ। 1947 ਵਿਚ 'ਅੱਛਾਈ ਦੀ ਤਾਕਤਾਂ' ਸੀ ਹੀ ਨਹੀਂ, ਜਿਨ੍ਹਾਂ ਦੇ ਆਧਾਰ ਉਤੇ ਉਹ ਕੋਈ ਪ੍ਰੋਗਰਾਮ ਲੈ ਪਾਉਂਦੇ–ਅਜ ਮੈਨੂੰ ਇਸ ਪ੍ਰਕਾਰ ਵੀ ਸਵਸਥ ਭਾਵਨਾ ਦਾ ਕਿਤੇ ਕੋਈ ਚਿੰਨ੍ਹ ਦਿਖਾਈ ਨਹੀਂ ਦਿੰਦਾ। ਸੋ ਉਪਯੁਕਤ ਸਮੇਂ ਆਉਣ ਤਕ ਮੈਨੂੰ ਇਤਜਾਰ ਕਰਨਾ ਪਵੇਗਾ।

ਲੇਕਿਨ 'ਇਕ ਦ੍ਰਿਸ਼ਟੀਹੀਣ ਵਿਅਕਤੀ ਹਨੇਰੇ ਵਿਚ ਨਿਹਾਇਤ ਇਕੱਲਿਆਂ ਲਭਦੇ ਹੋਏ' ਪ੍ਰਕਾਸ਼ ਦੀ ਕਿਸੇ ਕਿਰਨ ਤਕ ਪਹੁੰਚਦਾ, ਤਦ ਤਕ ਰਾਜਨੀਤੀ ਇੰਤਜਾਰ ਨਹੀਂ ਕਰ ਸਕਦੀ ਸੀ। ਮਾਉਂਟਬੇਟਨ ਯੋਜਨਾ ਉਨ੍ਹਾਂ ਦਾ ਪਿਤਾ ਕਰ ਰਹੀ ਸੀ ਅਤੇ ਗਾਂਧੀ ਜੀ ਸਮਝ ਰਹੇ ਸਨ ਕਿ ਦੰਗਿਆਂ ਅਤੇ ਅੰਤਰਿਮ ਸਰਕਾਰ ਦੀ ਅਯੋਗਤਾ ਦੇ ਕਾਰਨ ਵੰਡ ਅਪਰਿਹਾਰੇ ਹੋ ਗਿਆ ਹੈ, ਸੋ ਉਹ 14 ਜੂਨ 1947 ਦੀ ਅਖਿਲ ਭਾਰਤੀ ਕਾਂਗਰਸ ਸਮੀਤੀ ਦੀ ਬੈਠਕ ਵਿਚ ਦ੍ਰਿੜ ਕਦਮਾਂ ਨਾਲ ਗਏ ਅਤੇ ਕਾਂਗਰਸਜਨਾਂ ਨੂੰ ਵੰਡ ਨੂੰ ਇਕ ਜਰੂਰਤ ਦੇ ਰੂਪ ਵਿਚ ਸਵੀਕਾਰ ਕਰਨ ਲਈ ਕਿਹਾ, ਲੇਕਿਨ ਉਨ੍ਹਾਂ ਨੇ ਇਹ ਸਲਾਹ ਵੀ ਦਿਤੀ ਕਿ ਉਹ ਇਸਨੂੰ ਹਿਰਦੇ ਨਾਲ ਨਾ ਸਵੀਕਾਰ ਕਰਣ ਅਤੇ ਇਸਨੂੰ ਨਿਰਸਤ ਕਰਨ ਦਾ ਦੀਘਰਕਾਲੀ ਪ੍ਰੋਗਰਾਮ ਬਣਾਉਣ। ਗਾਂਧੀਜੀ ਨੇ ਆਪ ਹੀ ਵੰਡ ਹਿਰਦੇ ਨਾਲ ਸਵੀਕਾਰ ਨਹੀਂ ਕੀਤੀ ਅਤੇ ਨਹਿਰੂ ਦੀ ਤਰ੍ਹਾਂ ਭਾਰਤੀ ਜਨਤਾ ਵਿਚ ਉਨ੍ਹਾਂ ਦੀ ਆਸਥਾ ਬਣੀ ਰਹੀ। ਹਾਂ, ਆਪਣੇ ਤੌਰ ਤੇ ਉਨ੍ਹਾਂ ਨੇ ਇਕੱਲੇ ਚਲਣ ਦਾ ਫੈਸਲਾ ਕੀਤਾ, ਉਹ ਨੋਆਖਲੀ ਦੇ ਪਿੰਡਾ ਵਿਚ ਪੈਦਲ ਘੁੰਮਦੇ ਰਹੇ, ਬਿਹਾਰ ਦੇ ਮੁਸਲਮਾਨਾਂ ਨੂੰ ਵਿਸ਼ਵਾਸ ਦਵਾਉਂਦੇ ਰਹੇ ਅਤੇ ਕਲਕੱਤਾ ਵਿਚ ਦੰਗਾ ਰੋਕਣ ਦੇ ਲਈ ਨਾ ਕੇਵਲ ਲੋਕਾਂ ਨੂੰ ਸਮਝਾਉਂਦੇ ਰਹੇ, ਬਲਕਿ ਉਪਵਾਰਸ ਦੀ ਧਮਕੀ ਵੀ ਦਿੰਦੇ ਰਹੇ। ਵੈਸੇ ਵੀ 'ਜਦਿ ਤੋਰ ਡਾਕ ਸ਼ੁਨੇ ਕੇਉ ਨ ਆਸ਼ੇ, ਤਬੇ ਏਕਲਾ ਚਲੋ ਰੇ' (ਜੇਕਰ ਤੁਹਾਡੇ ਕਹੇ ਤੇ ਕੋਈ ਨਹੀਂ ਆਉਂਦਾ, ਤਾਂ ਇਕੱਲਿਆਂ ਚਲੋ) ਅਰਸੇ ਤੋਂ ਉਨ੍ਹਾਂ ਦਾ ਮਨਭਾਉਂਦਾ ਗਾਣਾ ਸੀ, ਉਹੀ ਉਨ੍ਹਾਂ ਨੇ ਕੀਤਾ।

15 ਅਗਸਤ 1947 ਦੀ ਸਵੇਰ ਆਜਾਦੀ ਅਤੇ ਵੰਡ ਦੀ ਦਵੈਧ ਵਾਸਤਵਿਕਤਾ ਦੇ ਨਾਲ ਇਸ ਉਪਮਹਾਦੇਸ਼ ਤੇ ਉਤਰੀ। ਹਮੇਸ਼ਾ ਦੀ ਤਰ੍ਹਾਂ, ਗਾਂਧੀ ਅਤੇ ਨਹਿਰੂ ਦੋਵੇਂ ਹੀ ਭਾਰਤੀ ਜਨਤਾ ਦੀ ਭਾਵਨਾਵਾਂ ਨੂੰ ਪ੍ਰਤੀਬਿੰਬਤ ਕਰ ਰਹੇ ਸਨ, ਗਾਂਧੀਜੀ ਆਪਣੀ ਪ੍ਰਾਰਥਨਾ ਦੇ ਜਰੀਏ ਹਨੇਰੇ ਵਿਚ ਹੋ ਰਹੀ ਹਲਚਲ, ਕਤਲ, ਅਪਹਰਣ ਅਤੇ ਬਲਾਤਕਾਰਾਂ ਦਾ ਪ੍ਰਤੀਕਾਰ ਕਰ ਰਹੇ ਸਨ, ਤਾਂ ਨਹਿਰੂ ਦੀ ਅੱਖਾਂ ਉਭਰ ਰਹੇ ਪ੍ਰਕਾਸ਼ ਤੇ ਟਿਕੀਆਂ ਸਨ, ਜਿਥੇ ਸੁਤੰਤਰ ਭਾਰਤ ਦਾ ਉਦੈਅ ਹੋ ਰਿਹਾ ਸੀ–ਅੱਧੀ ਰਾਤ ਨੂੰ ਬਾਰ੍ਹਾਂ ਦਾ ਘੰਟਾ ਵਜਦੇ ਹੀ, ਜਦ ਦੁਨੀਆਂ ਸੁੱਤੀ ਹੋਈ ਹੈ, ਭਾਰਤ ਜਗੇਗਾ ਅਤੇ ਰੋਸ਼ਨੀ ਅਤੇ ਆਜ਼ਾਦੀ ਹਾਸਲ ਕਰੇਗਾ। ਉਨ੍ਹਾਂ ਦੇ ਇਨ੍ਹਾਂ ਕਵਿਤਾਪੂਰਨ ਸ਼ਬਦਾਂ ਨੇ ਕਿ "ਸਾਲਾਂ ਪਹਿਲੇ ਅਸੀਂ ਨਿਅਤੀ ਦੇ ਨਾਲ ਇਕ ਕਰਾਰ ਕੀਤਾ ਸੀ' ਲੋਕਾਂ ਨੂੰ ਯਾਦ ਦਵਾਇਆ ਕਿ ਉਨ੍ਹਾਂ ਦੀ ਕਿੰਕਰਤਵ ਵਿਮੂੜਤਾ ਹੀ ਇਕ ਮਾਤਰ ਸਚ ਨਹੀਂ ਹੈ, ਉਸਤੋਂ ਵੀ ਵਡਾ ਸਚ ਹੈ ਉਹ ਗੌਰਵਪੂਰਨ ਸੰਘਰਸ਼ ਜੋ ਜੱਦੋਜਹਿਦ ਨਾਲ ਭਰਿਆ ਸੀ, ਜਿਸਦੇ ਦੌਰਾਨ ਬਹੁਤ ਲੋਕ ਸ਼ਹੀਦ ਹੋਏ ਅਤੇ 'ਅਸੰਖ ਲੋਕਾਂ ਨੇ ਕੁਰਬਾਨੀਆਂ ਦਿਤੀਆਂ, ਉਸ ਦਿਨ ਦਾ ਸਪਨਾ ਦੇਖਦੇ ਹੋਏ, ਜਦ ਭਾਰਤ ਆਜ਼ਾਦ ਹੋਏਗਾ, ਉਹ ਦਿਨ ਆ ਗਿਆ ਸੀ।"

## 10.5 ਸਾਰ ਅੰਸ਼ (Summary)


- ਅਸਹਿਯੋਗ ਅੰਦੋਲਨ ਪ੍ਰੋਗਰਾਮ ਦੇ ਤਹਿਤ ਤਮਾਮ ਚੀਜ਼ਾਂ ਆਉਂਦੀਆ ਸੀ, ਜਿਵੇਂ ਉਪਾਧੀਆਂ ਅਤੇ ਮਾਨਪੱਤਰ ਦਾ ਵਾਪਸ ਕਰਨਾ, ਸਰਕਾਰੀ ਸਕੂਲਾਂ, ਕਾਲਜਾਂ, ਅਦਾਲਤਾਂ, ਵਿਦੇਸ਼ੀ ਕਪੜਿਆਂ ਦਾ ਬਹਿਸ਼ਕਾਰ। ਇਸ ਪ੍ਰਸਤਾਵ ਵਿਚ ਇਹ ਵੀ ਕਿਹਾ ਗਿਆ ਕਿ ਬਾਅਦ ਵਿਚ ਜਨਤਾ ਨੂੰ ਸਰਕਾਰੀ ਨੌਕਰੀਆਂ ਤੋਂ ਅਸਤੀਫਾ ਦੇਣ ਅਤੇ ਕਾਨੂੰਨ ਦੀ ਅਵਗਿਆ—ਜਿਸ ਵਿਚ ਟੈਕਸ ਅਦਾਇਗੀ ਨਾ ਕਰਨਾ ਵੀ ਸ਼ਾਮਲ ਹੋਵੇ–ਦੇ ਲਈ ਵੀ ਕਿਹਾ ਜਾ ਸਕਦਾ ਸੀ। ਰਾਸ਼ਟਰੀ ਵਿਦਿਆਲਾਂ ਦੀ ਸਥਾਪਨਾ ਅਤੇ ਸਥਾਨਕ ਵਿਵਾਦਾਂ ਦੇ ਨਿਪਟਾਰੇ ਦੇ ਲਈ ਪੰਚਾਇਤਾਂ ਦੇ ਗਠਨ ਦਾ ਵੀ ਪ੍ਰਸਤਾਵ ਸੀ। ਹਥ ਨਾਲ ਕਤਾਈ–ਬੁਣਾਈ ਨੂੰ ਉਤਸਾਹ ਦੇਣ ਅਤੇ ਹਿੰਦੂ–ਮੁਸਲਿਮ ਏਕਤਾ ਨੂੰ ਵਾਧਾ ਦੇਣ ਤੇ ਵਿਸ਼ੇਸ਼ ਜੋਰ ਦੇਣ ਦੀ ਗੱਲ ਕਹੀ ਗਈ ਸੀ। ਛੂਆਛੂਤ ਨੂੰ ਮਿਟਾਉਣ ਅਤੇ ਹਰ ਹਾਲ ਵਿਚ ਅਹਿੰਸਾ ਦਾ ਪਾਲਨ ਕਰਨ ਦਾ ਸਖਤ ਨਿਰਦੇਸ਼ ਸੀ।
- ਕਲਕੱਤਾ ਦੇ ਵਿਦਿਆਰਥੀਆਂ ਨੇ ਰਾਜਵਿਆਪੀ ਹੜਤਾਲ ਕੀਤੀ। ਉਨ੍ਹਾਂ ਦੀ ਮੰਗ ਸੀ ਕਿ ਸਕੂਲਾਂ ਦੇ ਪ੍ਰਬੰਧਕ ਸਰਕਾਰ ਨਾਲ ਆਪਣਾ ਰਿਸ਼ਤਾ ਤੋੜਣ। ਸੀ.ਆਰ. ਦਾਸ ਨੇ ਇਸ ਅੰਦੋਲਨ ਨੂੰ ਬਹੁਤ ਉਤਸਾਹਿਤ ਕੀਤਾ ਅਤੇ ਸੁਭਾਸ਼ਚੰਦਰ ਬੋਸ 'ਨੈਸ਼ਨਲ ਕਾਲਜ' (ਕਲਕੱਤਾ) ਦੇ ਪ੍ਰਿੰਸੀਪਲ ਬਣ ਗਏ। ਪੰਜਾਬ ਵਿਚ ਵੀ ਵੱਡੇ ਪੈਮਾਨੇ ਉਤੇ ਸਿਖਿਆ ਦਾ ਬਹਿਸ਼ਕਾਰ ਕੀਤਾ ਗਿਆ। ਬੰਗਾਲ ਦੇ ਬਾਅਦ ਇਸੇ ਦਾ ਨੰਬਰ ਸੀ। ਲਾਲਾ ਲਾਜਪਤ ਰਾਏ ਨੇ ਇਥੇ ਵੱਡਾ ਕੰਮ ਕੀਤਾ, ਹਾਲਾਂਕਿ ਸ਼ੁਰੂ ਵਿਚ ਉਹ ਇਸਦੇ ਸਮਰਥਕ ਨਹੀਂ ਸੀ। ਬੰਬਈ, ਉਤਰ ਪ੍ਰਦੇਸ਼, ਬਿਹਾਰ, ਉੜੀਸਾ, ਅਸਮ ਵਿਚ ਵੀ ਇਸ ਪ੍ਰੋਗਰਾਮ ਉਤੇ ਕਾਫੀ ਅਮਲ ਹੋਇਆ, ਲੇਕਿਨ ਮਦਰਾਸ ਵਿਚ ਇਸ ਨੂੰ ਸਫਲਤਾ ਨਹੀਂ ਮਿਲੀ।
- ਇਸ ਅੰਦੋਲਨ ਵਿਚ ਇਕ ਹੋਰ ਕਾਰਵਾਹੀ, ਜੋ ਬਹੁਤ ਲੋਕਪ੍ਰਿਅ ਹੋਈ, ਉਹ ਸੀ ਤਾੜੀ ਦੀ ਦੁਕਾਨਾਂ ਉਤੇ ਧਰਨਾ। ਹਾਲਾਂਕਿ ਇਹ ਮੂਲ ਪ੍ਰੋਗਰਾਮ ਨਹੀਂ ਸੀ। ਸਰਕਾਰ ਨੂੰ ਇਸ ਨਾਲ ਬਹੁਤ ਆਰਥਿਕ ਨੁਕਸਾਨ ਪਹੁੰਚਿਆ ਅਤੇ ਉਹ ਮਜਬੂਰ ਹੋਕੇ ਇਸਦੇ ਪ੍ਰਚਾਰ ਵਿਚ ਜੁਟ ਗਈ। ਉਹ ਦਸਣ ਲਗੀ ਕਿ ਤਾੜੀ ਪੀਣ ਦੇ ਕਿੰਨੇ ਫਾਇਦੇ ਹਨ।
- 'ਤਿਲਕ ਸਵਰਾਜ ਫੰਡ' ਆਪਣੇ ਲਖਸ਼ ਤੋਜ਼ ਵੀ ਅਗੇ ਨਿਕਲ ਗਿਆ। ਇਕ ਕਰੋੜ ਤੋਂ ਜ਼ਿਆਦਾ ਰੁਪਏ ਇਕੱਠੇ ਕਰ ਲਿੱਤੇ ਗਏ। ਚਰਖੇ ਅਤੇ ਖਾਦੀ ਦਾ ਖੂਬ ਪ੍ਰਚਾਰ ਹੋਇਆ। ਖਾਦੀ ਤਾਂ ਰਾਸ਼ਟਰੀ ਅੰਦੋਲਨ ਦੀ ਪ੍ਰਤੀਕ ਬਣ ਗਈ। ਵਿਦਿਆਰਥੀਆਂ

ਨੋਟ

ਦੀ ਇਕ ਸਭਾ ਵਿਚ ਗਾਂਧੀਜੀ ਖਾਦੀ ਪਹਿਨਣ ਦੀ ਅਪੀਲ ਕਰ ਰਹੇ ਸਨ, ਤਾਂ ਕੁਝ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਖਾਦੀ ਬਹੁਤ ਮਹਿੰਗੀ ਹੈ। ਗਾਂਧੀਜੀ ਨੇ ਸੁਝਾਅ ਦਿੱਤਾ ਕਿ ਘੱਟ ਕਪੜੇ ਪਾਓ, ਗਾਂਧੀਜੀ ਨੇ ਖੁਦ ਉਸ ਦਿਨ ਤੋਂ ਕੁਰਤਾ ਤੇ ਧੋਤੀ ਪਾਉਣਾ ਛਡ ਦਿਤਾ, ਲੰਗੋਟੀ ਪਾਉਣ ਲਗੇ ਅਤੇ ਜੀਵਨ ਪਰ ਅਧਨੰਗੇ ਫਕੀਰ ਦੀ ਤਰ੍ਹਾਂ ਰਹੇ।

- ਇਸਦੇ ਬਾਅਦ ਹੋਈ ਪ੍ਰਿੰਸ ਆਫ ਵੇਲਸ ਦੀ ਭਾਰਤ ਯਾਤਰਾ, ਜੋ 17 ਨਵੰਬਰ 1921 ਨੂੰ ਸ਼ੁਰੂ ਹੋਈ ਸੀ। ਜਿਸ ਦਿਨ ਉਹ ਬੰਬਈ ਆਏ ਪੂਰੇ ਭਾਰਤ ਵਿਚ ਹੜਤਾਲ ਸੀ।
- 'ਪ੍ਰਿੰਸ ਆਫ ਵੇਲਸ' ਜਿਥੇ ਵੀ ਗਏ, ਵੀਰਾਨ ਸੜਕਾਂ ਅਤੇ ਬੰਦ ਦਰਵਾਜਿਆਂ ਨੇ ਹੀ ਉਨ੍ਹਾਂ ਦਾ ਸਵਾਗਤ ਕੀਤਾ। ਅਸਹਿਯੋਗ ਅੰਦੋਲਨਕਾਰੀਆਂ ਦਾ ਹੌਂਸਲਾ ਵਧਦਾ ਹੀ ਜਾ ਰਿਹਾ ਸੀ। ਕਾਂਗਰਸ ਦੀ ਸਵੈਮਸੇਵੀ ਕੋਰ, ਦਿਨ ਬ ਦਿਨ ਸ਼ਕਤੀਸ਼ਾਲੀ ਹੁੰਦੀ ਜਾ ਰਹੀ ਸੀ, ਮਾਨੋ ਸਮਾਂਤਰ ਪੁਲਿਸ ਦਸਤੇ ਦਾ ਗਠਨ ਹੋ ਰਿਹਾ ਹੋਵੇ। ਵਰਦੀ ਅਤੇ ਕੰਮ ਦੇ ਤਰੀਕੇ ਦੇਖ, ਸਰਕਾਰ ਦਾ ਚਿੰਤਤ ਹੋਣਾ ਸੁਭਾਵਕ ਸੀ।
- ਮਈ 1921 ਵਿਚ ਨਵੇਂ ਵਾਇਸਰਾਏ ਲਾਰਡ ਰੈਡਿੰਗ ਨੇ ਗਾਂਧੀਜੀ ਨਾਲ ਮੁਲਾਕਾਤ ਕੀਤੀ ਅਤੇ ਗਾਂਧੀਜੀ ਨੂੰ ਕਿਹਾ ਕਿ ਉਹ ਅਲੀ ਭਰਾਵਾਂ ਨੂੰ ਆਪਣੇ ਭਾਸ਼ਣਾਂ ਵਿਚ ਹਿੰਸਾ ਭੜਕਾਉਣ ਵਾਲੀ ਗੱਲਾਂ ਨਾ ਕਹਿਣ ਲਈ ਮਨਾਓ। ਸਰਕਾਰ ਦਾ ਉਦੇਸ਼ ਸੀ–ਗਾਂਧੀਜੀ ਅਤੇ ਅਲੀ ਭਰਾਵਾਂ ਵਿਚ ਆਪਸੀ ਫੁਟ ਪਾਉਣਾ। ਲੇਕਿਨ ਉਹ ਇਸ ਵਿਚ ਅਸਫਲ ਹੋਏ ਅਤੇ ਗਾਂਧੀ–ਰੈਡਿੰਗ ਗੱਲਬਾਤ ਇਥੇ ਹੀ ਖਤਮ ਹੋ ਗਈ।
- 5 ਫਰਵਰੀ 1922 ਨੂੰ ਚੌਰੀਚੌਰਾ ਵਿਚ ਕਾਂਗਰਸ ਅਤੇ ਖਿਲਾਫਤ ਦਾ ਇਕ ਜਲੂਸ ਕੱਢਿਆ ਗਿਆ ਸੀ। ਕੁਝ ਪੁਲਿਸ ਵਾਲਿਆਂ ਨੇ ਇਨ੍ਹਾਂ ਦੇ ਨਾਲ ਬੁਰਾ ਵਿਓਹਾਰ ਕੀਤਾ, ਜਿਸਦਾ ਤੀਜਾ ਇਹ ਹੋਇਆ ਕਿ ਜਲੂਸ ਵਿਚ ਸ਼ਾਮਲ ਇਕ ਜੱਥੇ ਨੇ ਪੁਲਿਸ ਉਤੇ ਹਮਲਾ ਬੋਲ ਦਿਤਾ। ਪੁਲਿਸ ਨੇ ਗੋਲੀ ਚਲਾਈ। ਪੁਲਿਸ ਦੀ ਗੋਲੀਬਾਰੀ ਵਿਚ ਜਲੂਸ ਵਿਚ ਸ਼ਾਮਲ ਸਾਰੇ ਲੋਕ ਉਤੇਜਿਤ ਹੋ ਗਏ ਅਤੇ ਪੁਲਿਸ ਉਤੇ ਹਮਲਾ ਬੋਲ ਦਿਤਾ। ਸਿਪਾਹੀ ਭਜ ਕੇ ਥਾਣੇ ਵਿਚ ਵੜ ਗਏ, ਤਾਂ ਭੀੜ ਨੇ ਥਾਣੇ ਨੂੰ ਅੱਗ ਲਗਾ ਦਿਤੀ। ਜੋ ਸਿਪਾਹੀ ਭੱਜਣ ਦੀ ਕੋਸ਼ਿਸ਼ ਵਿਚ ਬਾਹਰ ਆਏ ਉਨ੍ਹਾਂ ਨੂੰ ਭੀੜ ਨੇ ਮਾਰ ਸੁਟਿਆ ਅਤੇ ਅੱਗ ਵਿਚ ਸੁਟ ਦਿਤਾ। 22 ਪੁਲਿਸਕਰਮੀ ਮਾਰੇ ਗਏ। ਇਸ ਘਟਨਾ ਦੀ ਖਬਰ ਮਿਲਦੇ ਹੀ ਗਾਂਧੀਜੀ ਨੈ ਅੰਦੋਲਨ ਵਾਪਸ ਲੈਣ ਦੀ ਘੋਸ਼ਣਾ ਕਰ ਦਿਤੀ। ਉਨ੍ਹਾਂ ਨੇ ਕਾਂਗਰਸ ਕਾਰਜਕਾਰਨੀ ਦੇ ਇਸ ਫੈਸਲੇ ਨੂੰ ਸਵੀਕਾਰ ਕਰਨ ਦੀ ਅਪੀਲ ਕੀਤੀ। 12 ਫਰਵਰੀ 1922 ਨੂੰ ਅਸਹਿਯੋਗ ਅੰਦੋਲਨ ਖਤਮ ਹੋ ਗਿਆ।
- ਕਾਂਗਰਸ ਦੀ ਕਾਰਜਕਾਰਨੀ ਦੀ 1929 ਵਿਚ ਹੋਈ ਲਾਹੌਰ ਕਾਂਗਰਸ ਵਿਚ ਇਹ ਅਧਿਕਾਰ ਦਿਤਾ ਗਿਆ ਸੀ ਕਿ ਉਹ ਦੇਸ਼ ਵਿਚ ਸਵਿਨੇਅ ਅਵਗਿਆ (ਸਿਵਿਲ ਨਾਫਰਮਾਨੀ) ਅੰਦੋਲੋਨ ਛੇੜੇ। ਇਸ ਅੰਦੋਲਨ ਵਿਚ ਟੈਕਸ ਨਾ ਅਦਾ ਕਰਨਾ ਸ਼ਾਮਲ ਸੀ। ਇਸ ਨੇ ਵਿਧਾਨ ਸਭਾ ਦੇ ਮੈਂਬਰਾਂ ਨਾਲ ਵਿਧਾਇਕ ਪਦ ਤੋਂ ਅਸਤੀਫਾ ਦੇਣ ਦਾ ਵੀ ਆਹਵਾਨ ਕੀਤਾ ਸੀ।
- ਗਾਂਧੀਜੀ ਨੂੰ, ਸਾਬਰਮਤੀ ਆਸ਼ਰਮ ਦੇ ਆਪਣੇ 78 ਸਹਿਯੋਗੀਆਂ ਦੇ ਨਾਲ ਅਹਿਮਦਾਬਾਦ ਮੁਖਿਆਲਾ ਤੋਂ ਗੁਜਰਾਤ ਦੇ ਪਿੰਡਾਂ ਵਿਚ ਹੁੰਦੇ ਹੋਏ 240 ਮੀਲ ਦੀ ਯਾਤਰਾ ਕਰਨੀ ਸੀ। ਉਨ੍ਹਾਂ ਦੇ ਇਸ ਕਾਰਜ ਦੇ ਸਹਿਯੋਗੀਆਂ ਵਿਚ ਭਾਰਤ ਦੇ ਸਾਰੇ ਖੇਤਰਾਂ ਅਤੇ ਧਰਮ ਦੇ ਲੋਕ ਸ਼ਾਮਲ ਸਨ। ਦਾਂਡੀ ਵਿਚ ਸਮੁੰਦਰ ਦੇ ਕਿਨਾਰੇ ਪਹੁੰਚ ਕੇ ਗਾਂਧੀਜੀ ਨੂੰ ਨਮਕ ਕਾਨੂੰਨ ਤੋੜਨਾ ਸੀ। ਉਪਰੋਂ ਨੁਕਸਾਨਰਹਿਤ ਦਿਖਣ ਵਾਲਾ ਅੰਦੋਲਨ ਭਿਅੰਕਰ ਸਾਬਤ ਹੋਇਆ।
- ਆਪਣੇ ਸਮਰਪਿਤ ਕਾਰਜਕਰਤਾਵਾਂ ਦੇ ਨਾਲ ਹਥ ਵਿਚ ਲਾਠੀ ਲੈ ਕੇ ਗਾਂਧੀਜੀ ਨੇ ਜਦੋਂ ਇਹ ਯਾਤਰਾ ਸ਼ੁਰੂ ਕੀਤੀ ਤਾਂ ਇਸ ਦ੍ਰਿਸ਼ ਵਿਚ ਕੁਝ ਐਸਾ ਜਾਦੂ ਸੀ ਕਿ ਲੋਕਾਂ ਦਾ ਮਨ ਅੰਦੋਲਿਤ ਹੋ ਉਠਿਆ। ਗਾਂਧੀਜੀ ਦੇ ਅਗੇ ਵਧਣ ਦਾ ਸਮਾਚਾਰ ਅਖਬਾਰਾਂ ਦੇ ਜ਼ਰੀਏ ਦੇਸ਼ ਦੇ ਕੋਨੇ–ਕੋਨੇ ਤਕ ਪਹੁੰਚਣ ਲਗਾ।
- ਗਾਂਧੀਜੀ ਦੇ ਬੇਨਤੀ ਤੇ ਗੁਜਰਾਤ ਦੇ 300 ਗ੍ਰਾਮ ਅਧਿਕਾਰੀਆਂ ਦੁਆਰਾ ਆਪਣੇ ਪਦਾਂ ਤੋਂ ਤਿਆਗ ਪਤਰ ਦੇਣ ਦੇ ਬਾਰੇ ਵਿਚ ਵੀ ਖਬਰਾਂ ਅਖਬਾਰੇ ਪ੍ਰਕਾਸ਼ਤ ਕੀਤੀਆਂ ਅਤੇ ਸਮੂਚੇ ਦੇਸ਼ ਨੂੰ ਇਨ੍ਹਾਂ ਗਤੀਵਿਧੀਆਂ ਨਾਲ ਅਵਗਤ ਕਰਾਇਆ।
- 1930 ਨੂੰ 6 ਅਪ੍ਰੈਲ ਦੇ ਦਿਨ ਇਕ ਮੁੱਠੀ ਨਮਕ ਹਥ ਵਿਚ ਲੈ ਕੇ ਗਾਂਧੀਜੀ ਨੇ ਸਿਵਿਲ ਨਾਫਰਮਾਨੀ ਅੰਦੋਲਨ ਦਾ ਸ੍ਰੀਗਣੇਸ਼ ਕੀਤਾ। ਇਹ ਐਸਾ ਅੰਦੋਲਨ ਸੀ ਜੋ ਰਾਸ਼ਟਰੀ ਅੰਦੋਲਨ ਦੇ ਇਤਿਹਾਸ ਵਿਚ ਆਮ ਜਨਤਾ ਦੀ ਭਾਗੀਦਾਰੀ ਦੀ ਦ੍ਰਿਸ਼ਟੀ ਵਿਚ ਬੇਮਿਸਾਲ ਸੀ।
- ਇਕ ਵਾਰ ਜਦੋਂ ਗਾਂਧੀ ਜੀ ਨੇ ਦਾਂਡੀ ਵਿਚ ਨਮਕ ਹਥ ਵਿਚ ਲੈ ਕੇ ਇਸ ਦੀ ਸ਼ੁਰੂ ਹੋਣ ਦੀ ਰਸਮ ਪੂਰੀ ਕਰ ਦਿਤੀ ਤਾਂ ਨਮਕ ਕਾਨੂੰਨ ਤੋੜਨ ਦਾ ਸਤਿਆਗ੍ਰਹਿ ਸਮੂਚੇ ਦੇਸ਼ ਵਿਚ ਸ਼ੁਰੂ ਹੋ ਗਿਆ। ਤਮਿਲਨਾਡੂ ਵਿਚ ਤੰਜੋਰ ਦੇ ਸਮੁੰਦਰੀ ਤਟ ਉਤੇ ਚਕਰਵਰਤੀ ਰਾਜਗੋਪਾਲਚਾਰੀ ਨੇ, ਤ੍ਰਿਚਿਨਾਪੱਲੀ ਤੋਂ ਵੇਦਾਰਣਿਅਮ ਦੀ ਨਮਕ ਯਾਤਰਾ ਆਰੰਭ ਕੀਤੀ ਅਤੇ 30 ਅਪ੍ਰੈਲ ਨੂੰ ਜਦੋਂ ਉਨ੍ਹਾਂ ਨੂੰ ਗਿਰਫਤਾਰ ਕੀਤਾ ਗਿਆ ਤਾਂ ਉਨ੍ਹਾਂ ਦੇ ਸ਼ਿਵਰ ਵਿਚ ਇੰਨੇ ਜ਼ਿਆਦਾ ਲੋਕ ਇਕਤਰ ਹੋ ਚੁਕੇ ਸਨ ਕਿ ਉਨ੍ਹਾਂ ਦੀ ਮਦਦ ਨਾਲ ਇਹ ਸਤਿਆਗ੍ਰਹਿ ਕਾਫੀ ਸਮੇਂ ਤਕ ਚਲਦਾ ਰਿਹਾ। ਮਾਲਾਬਾਰ ਵਿਚ ਵੈਕਮ ਸਤਿਆਗ੍ਰਹਿ ਦੇ ਨਾਇਕ ਨੇ ਨਮਕ ਕਾਨੂੰਨ ਤੋੜਨ ਲਈ ਕਾਲੀਕਟ ਤੋਂ ਪਇਆਨਰ ਤਕ ਦੀ ਯਾਤਰਾ ਕੀਤੀ। ਸਤਿਆਗ੍ਰਹੀਆਂ ਦਾ ਇਕ ਦਲ ਅਸਮ ਦੇ ਸਿਲਹਟ ਅਸਥਾਨ ਤੋਂ ਬੰਗਾਲ ਦੇ ਨੋਵਾਖਾਲੀ ਸਮੁੰਦਰ ਤਟ ਤਕ ਨਮਕ ਬਣਾਉਣ ਦੇ ਲਈ ਪਹੁੰਚਿਆ ਸੀ।

ਨੋਟ

- ਨਮਕ ਕਾਨੂੰਨ ਭੰਗ ਕਰਨ ਉਤੇ ਸਰਕਾਰ ਗਾਂਧੀਜੀ ਨੂੰ ਗਿਰਫਤਾਰ ਕਰਨ ਵਿਚ ਅਸਫਲ ਰਹੀ। ਸਥਾਨਕ ਪੱਧਰ ਦੇ ਨੇਤਾਵਾਂ ਨੇ ਇਸਨੂੰ ਆਪਣੇ ਪਖ ਵਿਚ ਇਸਤੇਮਾਲ ਕੀਤਾ ਅਤੇ ਲੋਕਾਂ ਨੂੰ ਇਹ ਸਮਝਾ ਕੇ ਪ੍ਰਭਾਵਤ ਕੀਤਾ ਕਿ "ਸਾਡੇ ਲੋਕਾਂ ਤੋਂ ਸਰਕਾਰ ਭੈ ਭੀਤ ਹੋ ਗਈ ਹੈ।" ਅਤੇ ਇਹ ਕਿ "ਜਦ ਤੋਂ ਨਮਕ ਸਤਿਆਗ੍ਰਹਿ ਆਰੰਭ ਹੋਇਆ ਹੈ, ਸਰਕਾਰ ਗਾਇਬ ਹੋ ਗਈ ਹੈ। ਇਹ ਕਿਤੇ ਜਾ ਕੇ ਛੁਪ ਗਈ ਹੈ ਤੇ ਗਾਂਧੀਜੀ ਦੀ ਸਰਕਾਰ ਕਾਇਮ ਹੋ ਗਈ ਹੈ।"
- ਪੇਸ਼ਾਵਰ (ਪੱਛਮੋਤਰ ਪ੍ਰਾਂਤ) ਵਿਚ ਜਨ ਆਕਰੋਸ਼ ਦੀ ਅਭਿਵਿਅਕਤੀ ਕਈ ਰੂਪਾਂ ਵਿਚ ਦੇਖਣ ਨੂੰ ਮਿਲੀ ਜਿਥੇ ਕਾਂਗਰਸ ਨੇ ਤਾਵਾਂ ਦੀ ਗਿਰਫਤਾਰੀ ਨੂੰ ਲੈ ਕੇ ਜਨਤਾ ਨੇ ਅਭੂਤਪੂਰਬ ਪ੍ਰਦਰਸ਼ਨ ਕੀਤਾ। ਇਸ ਇਲਾਕੇ ਵਿਚ ਖਾਨ ਅਫਦੁਲ ਗਫਾਰ ਖਾਂ ਸਾਲਾਂ ਤੋਂ ਕਾਰਜਸ਼ੀਲ ਸਨ ਅਤੇ ਉਨ੍ਹਾਂ ਦੁਆਰਾ ਜਨਤਾ ਵਿਚ ਕੀਤੇ ਗਏ ਕੰਮ ਦੀ ਵਜਾਹ ਨਾਲ ਅਹਿੰਸਕ ਕ੍ਰਾਂਤੀਕਾਰੀਆਂ ਦੇ ਬਹਾਦੁਰ ਜਥੇ ਯਾਨੀ ਖੁਦਾਈ ਖਿਦਮਤਗਾਰਾਂ ਦੇ ਦਲ ਤਿਆਰ ਹੋਏ ਸਨ। ਇਹ ਲੋਕ 'ਲਾਲ ਕੁਰਤੀ' ਦੇ ਨਾਂ ਨਾਲ ਜਾਣੇ ਜਾਂਦੇ ਸਨ। ਸਿਵਿਲ ਨਾਫਰਮਾਨੀ ਅੰਦੋਲਨ ਵਿਚ ਇਨ੍ਹਾਂ ਦੀ ਭੂਮਿਕਾ ਕਾਫੀ ਕਾਰਜਸ਼ੀਲ ਸੀ।
- ਪੇਸ਼ਾਵਰ ਦੀ ਘਟਨਾਵਾਂ ਇਸ ਲਈ ਵੀ ਕਾਫੀ ਮਹੱਤਵਪੂਰਨ ਸਨ ਕਿ ਗੜਵਾਲ ਰੈਜੀਮੈਂਟ ਦੇ ਸਿਪਾਹੀਆਂ ਨੇ ਨਿਹੱਥੀ ਭੀੜ ਉਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿਤਾ ਸੀ।
- ਗਾਂਧੀਜੀ ਦੀ ਗਿਰਫਤਾਰੀ ਦਾ ਲੋਕਾਂ ਨੇ ਜ਼ਬਰਦਸਤ ਵਿਰੋਧ ਕੀਤਾ। ਬੰਬਈ ਵਿਚ ਲੋਕਾਂ ਦੀ ਬਹੁਤ ਵਡੀ ਭੀੜ ਸੜਕਾਂ ਅਤੇ ਗਲੀਆਂ ਵਿਚ ਨਿਕਲ ਆਈ। ਇਹ ਭੀੜ ਇੰਨੀ ਜ਼ਿਆਦਾ ਸੀ ਕਿ ਪੁਲਿਸ ਨੂੰ ਪਿਛੇ ਹਟਣਾ ਪਿਆ। ਇਸ ਵਿਚ ਰੇਲਵੇ ਅਤੇ ਸੂਤੀ ਮਿਲਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਹਜ਼ਾਰਾਂ ਦੀ ਗਿਣਤੀ ਵਿਚ ਜਮਾ ਸੀ। ਕਪੜਾ ਵਿਉਪਾਰੀਆਂ ਨੇ ਛੇ ਦਿਨ ਦੀ ਹੜਤਾਲ ਰਖੀ। ਦਿੱਲੀ ਅਤੇ ਕਲਕੱਤਾ ਵਿਚ ਪੁਲਿਸ ਨਾਲ ਟਕਰਾਅ ਹੋਏ ਅਤੇ ਗੋਲੀ ਵੀ ਚਲੀ। ਲੇਕਿਨ ਮਹਾਰਾਸ਼ਟਰ ਦੇ ਸ਼ੋਲਾਪੁਰ ਨਗਰ ਵਿਚ ਇਸਦੀ ਪ੍ਰਕ੍ਰਿਆ ਸਭ ਤੋਂ ਉਗ੍ਰ ਸੀ।
- 21 ਮਈ ਨੂੰ ਸਰੋਜਿਨੀ ਨਾਇਡੂ (ਜਿਨ੍ਹਾਂ ਨੂੰ ਅਖਿਲ ਭਾਰਤੀ ਕਾਂਗਰਸ ਦੀ ਪਹਿਲੀ ਮਹਿਲਾ ਮੁਖੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਸੀ), ਗਾਂਧੀਜੀ ਦੇ ਅਫਰੀਕਾ ਸੰਘਰਸ਼ ਦੇ ਦਿਨਾਂ ਵਿਚ ਦੋਸਤ ਇਮਾਮ ਸਾਹਿਬ ਤੇ ਗਾਂਧੀਜੀ ਦੇ ਪੁੱਤਰ ਮਣੀਲਾਲ 2000 ਕਾਰਜਕਰਤਾਵਾਂ ਨੂੰ ਆਪਦੇ ਨਾਲ ਲੈ ਕੇ ਇਨ੍ਹਾਂ ਦੀ ਅਗਵਾਈ ਕਰਦੇ ਹੋਏ ਉਸ ਘੇਰੇ ਦੀ ਤਰਫ ਦ੍ਰਿੜਤਾਪੂਰਬਕ ਵਧੇ ਜਾ ਧਰਾਸਨਾ ਨਮਕ ਕਾਰਖਾਨੇ ਦੀ ਰਖਿਆ ਲਈ ਬਣਾਇਆ ਗਿਆ ਸੀ। ਜਿਵੇਂ ਹੀ ਉਹ ਨਜਦੀਕ ਪਹੁੰਚੇ ਉਵੇਂ ਹੀ ਲੋਹੇ ਦੀ ਮੁਠਵਾਲੀ ਲਾਠੀ ਲੈ ਕੇ ਪੁਲਿਸ ਅਗੇ ਵਧੀ ਅਤੇ ਨਿਹੱਥੇ ਸਤਿਆਗ੍ਰਹੀਆਂ ਉਤੇ ਤਕ ਤਕ ਲਾਠੀ ਚਲਾਉਂਦੀ ਰਹੀ ਜਦ ਤਕ ਕਿ ਫੱਟੜ ਹੋਕੇ ਉਹ ਜ਼ਮੀਨ ਤੇ ਨਹੀਂ ਡਿਗ ਨਹੀਂ ਪਏ।
- ਟੈਕਸ ਨਾ ਅਦਾ ਕਰਨ ਦੇ ਅਭਿਆਨ ਦਾ ਮੁਖ ਸਥਾਨ ਪੂਰਬੀ ਭਾਰਤ ਸੀ ਜਿਥੇ ਚੌਕੀਦਾਰਾਂ ਲਈ ਟੈਕਸ ਅਦਾ ਕਰਨ ਤੋਂ ਲੋਕਾਂ ਨੂੰ ਮਨਾ ਕਰ ਦਿਤਾ। ਖਾਸ ਤੌਰ ਤੇ ਪਿੰਡਾਂ ਤੋਂ ਜੋ ਟੈਕਸ ਦਿਤਾ ਗਿਆ ਸੀ ਉਸਦਾ ਇਕ ਹਿੱਸਾ ਚੌਕੀਦਾਰਾਂ ਲਈ ਹੋਇਆ ਕਰਦਾ ਸੀ। ਚੌਕੀਦਾਰ ਪਿੰਡ ਦੇ ਰਖਿਅਕ ਹੁੰਦੇ ਸਨ ਅਤੇ ਪੁਲਿਸ ਬਲ ਦੀ ਛੋਟੀ ਇਕਾਈ ਦੇ ਪੂਰਕ ਦੇ ਰੂਪ ਵਿਚ ਕੰਮ ਕਰਦੇ ਰਹਿੰਦੇ ਸਨ। ਪੂਰਬੀ ਖੇਤਰ ਵਿਚ ਇਨ੍ਹਾਂ ਦੀ ਮੁਖ ਭੂਮਿਕਾ ਸੀ।
- ਪੁਲਿਸ ਨੇ ਤਾਂ ਸਰਦਾਰ ਵਲੱਭਭਾਈ ਪਟੇਲ ਦੀ 80 ਸਾਲ ਦੀ ਮਾਂ ਨੂੰ ਵੀ ਨਹੀਂ ਬਖਸ਼ਿਆ, ਜੋ ਕਰਮਸਾੜ ਦੇ ਆਪਣੇ ਪਿੰਡ ਦੇ ਮਕਾਨ ਵਿਚ ਬੈਠੀ ਖਾਣਾ ਪਕਾ ਰਹੀ ਸੀ। ਉਨ੍ਹਾਂ ਦੇ ਖਾਣਾ ਪਕਾਉਣ ਦੇ ਬਰਤਨਾਂ ਨੂੰ ਚੁਕ ਕੇ ਸੁਟ ਦਿਤਾ ਗਿਆ, ਉਨ੍ਹਾਂ ਵਿਚ ਕੰਕੜ-ਪੱਥਰ ਅਤੇ ਮਿੱਟੀ ਦਾ ਤੇਲ ਭਰ ਦਿਤਾ ਗਿਆ। 1930 ਦੇ ਦੌਰਾਨ ਵਲੱਭਭਾਈ ਪਟੇਲ ਜ਼ਿਆਦਾਤਰ ਸਮੇਂ ਵੇ ਲ ਵਿਚ ਰਹੇ ਕਿਸਾਨਾਂ ਨੂੰ ਲਗਾਤਾਰ ਭਰੋਸਾ ਦੁਵਾਉਂਦੇ ਤੇ ਉਤਸਾਹਤ ਕਰਦੇ ਰਹੇ।
- ਮਹਾਰਾਸ਼ਟਰ, ਕਰਨਾਟਕ ਅਤੇ ਮੱਧ ਭਾਰਤ ਵਿਚ ਵਨ ਨਿਅਮਾਂ ਦੇ ਉਲੰਘਣ ਦਾ ਅੰਦੋਲਨ ਵੀ ਵਿਸ਼ਾਲ ਜਨ ਅੰਦੋਲਨ ਦਾ ਰੂਪ ਲੈ ਚੁਕਿਆ ਸੀ। ਇਸ ਵਿਚ ਵਿਸ਼ੇਸ਼ ਰੂਪ ਵਿਚ ਉਹ ਖੇਤਰ ਸ਼ਾਮਲ ਸਨ ਜਿਨ੍ਹਾਂ ਵਿਚ ਜਨ-ਜਾਤੀਆਂ ਰਹਿੰਦੀਆਂ ਸਨ।
- ਉਤਰ ਪ੍ਰਦੇਸ਼ ਵਿਚ ਅੰਦੋਲਨ ਦਾ ਦ੍ਰਿਸ਼ ਹੋਰ ਵੀ ਅਲੱਗ ਕਿਸਮ ਦਾ ਸੀ। ਇਥੇ 'ਟੈਕਸ ਨਾ ਦੋ, ਲਗਾਨ ਨਾ ਦੋ' ਦਾ ਅੰਦੋਲਨ ਚਲਾਇਆ ਗਿਆ। ਟੈਕਸ ਨਾ ਦੇਣ ਦੀ ਬੇਨਤੀ ਜਮੀਦਾਰਾਂ ਲਈ ਸੀ। ਉਨ੍ਹਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਸਰਕਾਰ ਨੂੰ ਰਾਜੱਸਵ ਨਾ ਦੇਣ ਅਤੇ ਲਗਾਨ ਨਾ ਦੇਣ ਦੀ ਬੇਨਤੀ ਕਿਸਾਨਾਂ ਲਈ ਸੀ ਤਾਂਕਿ ਜਮੀਦਾਰਾਂ ਨੂੰ ਉਹ ਲਗਾਨ ਨਾ ਦੇਣ।
- 5 ਮਾਰਚ 1931 ਨੂੰ ਗਾਂਧੀ-ਇਰਵਿਨ ਸਮੌਤੇ ਦੇ ਰੂਪ ਵਿਚ 15 ਦਿਨ ਦੇ ਲੰਮੇ ਵਿਚਾਰ-ਵਿਮਰਸ਼ ਦੇ ਬਾਅਦ ਇਕ ਦਸਤਾਵੇ ਜ ਸਾਹਮਣੇ ਆਇਆ। ਇਸ ਨੂੰ ਕੁਝ ਲੋਕਾਂ ਨੇ 'ਸ਼ਾਂਤੀ ਸਮਝੌਤਾ' ਅਤੇ ਕੁਝ ਨੇ 'ਅਸਥਾਈ ਕਰਾਰ' ਨਾਮ ਦਿਤਾ।
- ਇਸ ਸਮਝੌਤੇ ਉਤੇ ਕਾਂਗਰਸ ਦੀ ਤਰਫੋਂ ਗਾਂਧੀਜੀ ਨੇ ਦਸਤਖਤ ਕੀਤੇ ਅਤੇ ਸਰਕਾਰ ਦੀ ਤਰਫੋਂ ਲਾਰਡ ਇਰਵਿਨ ਨੇ ਦਸਤਖਤ ਕੀਤੇ। ਨੌਕਰਸ਼ਾਹੀ ਦੇ ਲਈ ਇਹ ਵਚਿੱਤਰ ਗਲ ਸੀ ਕਿਉਂਕਿ ਇਸ ਵਿਚ ਕਾਂਗਰਸ ਅਤੇ ਸਰਕਾਰ ਵਿਚ ਸਮਾਨਤਾ ਦੇ ਪੱਧਰ ਤੇ ਰਖਿਆ ਗਿਆ ਸੀ।
- ਬਿਹਾਰ ਦੇ ਤਿਰਹੁਤ ਪ੍ਰਖੰਡ ਵਿਚ ਤਾਂ ਦੋ ਹਫਤੇ ਤਕ ਕੋਈ ਸਰਕਾਰ ਹੀ ਨਹੀਂ ਸੀ। ਸਚਿਵਾਲਿਯ ਗੋਲੀ ਕਾਂਡ ਦੇ ਬਾਅਦ ਪਟਨਾ ਦੋ ਦਿਨ ਤਕ ਬੇਕਾਬੂ ਰਿਹਾ। ਉਤਰ ਅਤੇ ਮੱਧ ਬਿਹਾਰ ਦੇ 80 ਪ੍ਰਤੀਸ਼ਤ ਥਾਣਿਆਂ ਉਤੇ ਜਨਤਾ ਦਾ ਰਾਜ ਹੋ ਗਿਆ

ਨੋਟ

ਸੀ। ਕੁਝ ਸਥਾਨ ਉਤੇ ਗੋਰਿਆਂ ਦਾ ਵਿਅਕਤੀਗਤ ਹਮਲਾ ਵੀ ਹੋਇਆ। ਪੂਰਬੀ ਯੂ.ਪੀ. ਵਿਚ ਆਜਮਗੜ, ਬਲੀਆ ਅਤੇ ਗੋਰਖਪੁਰ ਤੇ ਬਿਹਾਰ ਵਿਚ ਗਇਆ, ਭਾਗਲਪੁਰ, ਸਾਰਨ, ਪੂਰਣੀਆਂ, ਸ਼ਾਹਾਬਾਦ, ਮੁਜੱਫਰਪੁਰ ਅਤੇ ਚੰਪਾਰਣ ਸਵਤ:ਸਫੂਰਤ ਜਨ-ਵਿਦਰੋਹ ਦੇ ਮੁਖ ਕੇਂਦਰ ਰਹੇ।

- ਉਨ੍ਹਾਂ ਦਿਨਾਂ ਅੰਦੋਲੋਨ ਦੇ ਸਮਾਚਾਰ ਪਹੁੰਚਾਉਣਾ ਵੀ ਇਕ ਮਹੱਤਵਪੂਰਨ ਕੰਮ ਸੀ। ਇਸ ਦ੍ਰਿਸ਼ਟੀ ਵਿਚ ਸਭ ਤੋਂ ਨਾਟਕੀ ਮਾਮਲਾ ਰਿਹਾ ਬੰਬਈ ਸ਼ਹਿਰ ਦੇ ਵਿਭਿੰਨ ਕੇਂਦਰਾਂ ਨਾਲ ਕਾਂਗਰਸ ਰੇਡੀਓ ਦਾ ਗੁਪਤ ਰੂਪ ਵਿਚ ਸੰਚਾਲਨ। ਇਸਦੇ ਪ੍ਰਸਾਰਣਾਂ ਨੂੰ ਮਦਰਾਸ ਤਕ ਸੁਣਿਆ ਜਾ ਸਕਦਾ ਸੀ। ਰਾਮਮਨੋਹਰ ਲੋਹੀਆ ਨਿਅਮਿਤ ਰੂਪ ਵਿਚ ਕਾਂਗਰਸ ਰੇਡੀਓ ਉਤੇ ਬੋਲਦੇ ਸਨ। ਨਵੰਬਰ 1942 ਵਿਚ ਪੁਲਿਸ ਨੇ ਇਸ ਨੂੰ ਲਭ ਲਿਆ ਅਤੇ ਜਬਤ ਕਰ ਲਿਆ।
- ਫਰਵਰੀ 1943 ਵਿਚ ਇਕ ਮਹੱਤਵਪੂਰਨ ਘਟਨਾ ਹੋਈ। ਗਾਂਧੀਜੀ ਨੇ ਜੇਲ ਵਿਚ 10 ਫਰਵਰੀ ਵਿਚ ਉਪਵਾਸ ਸ਼ੁਰੂ ਕਰ ਦਿਤਾ ਅਤੇ ਘੋਸ਼ਣਾ ਕੀਤੀ ਕਿ ਉਹ 21 ਦਿਨਾਂ ਤਕ ਚਲੇਗਾ।
- ਵਿਦੇਸ਼ ਵਿਚ ਨਾ ਕੇਵਲ ਮੈਨਚੇਸਟਰ ਗਾਰਡਿਅਨ, ਨਿਊ ਸਟੇਟਸਮੈਨ, ਨੇਸ਼ਨ, ਨਿਊਜ਼ ਕ੍ਰਾਨਿਕਲ ਅਤੇ ਸ਼ਿਕਾਗੋ ਸਨ ਨੇ, ਬਲਕਿ ਬ੍ਰਿਟੇਨ ਦੀ ਕਮਿਊਨਿਸਟ ਪਾਰਟੀ, ਲੰਦਨ ਅਤੇ ਮੈਨਚੇਸਟਰ ਦੇ ਨਾਗਰਿਕਾਂ, ਵੂਮੈਂਸ ਇੰਟਰਨੈਸ਼ਨਲ ਲੀਗ, ਆਸਟ੍ਰੇਲੀਅਨ ਕਾਉਂਸਲ ਆਫ ਟ੍ਰੇਡ ਯੂਨੀਅਨਸ ਅਤੇ ਸੀਲੋਨ ਸਟੇਟ ਕਾਉਂਸਿਲ ਨੇ ਵੀ ਗਾਂਧੀ ਜੀ ਨੂੰ ਰਿਹਾ ਕਰਨ ਦੀ ਸਲਾਹ ਦਿਤੀ। ਇਸਦੇ ਲਈ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਦਾ ਵੀ ਦਬਾਅ ਪਿਆ।
- ਸਰਕਾਰ ਦੀ ਪ੍ਰਤੀਸ਼ਠਾ ਸਭ ਤੋਂ ਜ਼ਿਆਦਾ ਧੱਕਾ ਉਸ ਸਮੇਂ ਲਗਾ, ਜਦ ਵਾਇਸਰਾਏ ਦੀ ਕਾਰਜ ਪਰਿਸ਼ਦ ਦੇ ਤਿੰਨ ਮੈਂਬਰ, ਐਮ.ਐਸ. ਐਨੀ, ਐਨ.ਆਰ. ਸਰਕਾਰ ਅਤੇ ਐਚ.ਪੀ. ਮੋਦੀ ਨੇ ਇਸ ਸਵਾਲ ਉਤੇ ਅਸਤੀਫਾ ਦੇ ਦਿਤਾ। 1942 ਦੇ ਅੰਦੋਲਨ ਦੇ ਦਮਨ ਵਿਚ ਇਨ੍ਹਾਂ ਲੋਕਾਂ ਨੇ ਸਰਕਾਰ ਦਾ ਸਾਥ ਦਿਤਾ ਸੀ, ਪਰ ਇਹ ਗਾਂਧੀਜੀ ਦੀ ਮੌਤ ਨਾਲ ਸਾਝੇਦਾਰ ਬਣਨਾ ਨਹੀਂ ਚਾਹੁੰਦੇ ਸਨ।
- ਬ੍ਰਿਟਿਸ਼ ਪ੍ਰਧਾਨਮੰਤਰੀ ਵਿੰਸਟਨ ਚਰਚਿਲ ਦੀ ਇਸ ਘੋਸ਼ਦਾ ਕਿ "ਜਦ ਦੁਨੀਆਂ ਵਿਚ ਅਸੀਂ ਹਰ ਕਿਤੇ ਜਿੱਤ ਰਹੇ ਹਾਂ, ਐਸੇ ਵਕਤ ਵਿਚ ਅਸੀਂ ਇਕ ਕਮਬਖਤ ਬੁੱਢੇ ਦੇ ਸਾਹਮਣੇ ਕਿਵੇਂ ਝੁਕ ਸਕਦੇ ਹਾਂ, ਜੋ ਹਮੇਸ਼ਾ ਸਾਡਾ ਦੁਸ਼ਮਣ ਰਿਹਾ ਹੈ,"
- ਭਾਰਤ ਛੱਡੋ ਅੰਦੋਲਨ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾ ਸੀ ਦੇਸ਼ ਦੇ ਕੁਝ ਹਿੱਸਿਆਂ ਵਿਚ ਸਮਾਨਾਂਤਰ ਸਰਕਾਰਾਂ ਦੀ ਸਥਾਪਨਾ। ਪਹਿਲੀ ਐਸੀ ਸਰਕਾਰ ਬਣੀ ਬਲੀਆ ਵਿਚ, ਚਿੱਤੂ ਪਾਂਡੇ ਦੀ ਅਗਵਾਈ ਵਿਚ। ਚਿੱਤੂ ਪਾਂਡੇ ਆਪਣੇ ਨੂੰ ਗਾਂਧੀਵਾਦੀ ਕਹਿੰਦੇ ਸਨ। ਉਨ੍ਹਾਂ ਦੀ ਸਰਕਾਰ ਨੇ ਕਲੈਕਟਰ ਦੇ ਸਾਰੇ ਅਧਿਕਾਰ ਲੈ ਲਏ ਅਤੇ ਸਾਰੇ ਗਿਰਫਤਾਰ ਕਾਂਗਰਸੀ ਨੇਤਾਵਾਂ ਨੂੰ ਰਿਹਾ ਕਰ ਦਿਤਾ, ਲੇਕਿਨ ਉਸਦਾ ਪ੍ਰਭੁਤਵ ਜ਼ਿਆਦਾ ਸਮੇਂ ਤਕ ਕਾਇਮ ਨਹੀਂ ਰਹਿ ਸਕਿਆ।
- ਬੰਗਾਲ ਦੇ ਮਿਦਨਾਪੁਰ ਜ਼ਿਲੇ ਦੇ ਤਾਮਲੁਕ ਨਾਮਕ ਸਥਾਨ ਉਤੇ 17 ਦਸੰਬਰ ਨੂੰ 'ਜਾਤੀਏ ਸਰਕਾਰ' (ਰਾਸ਼ਟਰੀ ਸਰਕਾਰ) ਦਾ ਗਠਨ ਕੀਤਾ ਗਿਆ। ਉਸਦਾ ਅਸਤਿੱਤਵ ਸਤੰਬਰ 1944 ਤਕ ਰਿਹਾ।
- 'ਜਾਤੀਏ ਸਰਕਾਰ' ਨੇ ਵਡੇ ਪੈਮਾਨੇ ਉਤੇ ਤੇਜ਼ੀ ਨਾਲ ਰਾਹਤ ਦਾ ਕੰਮ ਚਲਾਇਆ, ਸਕੂਲਾਂ ਨੂੰ ਅਨੁਦਾਨ ਦਿਤੇ ਅਤੇ ਇਕ ਸ਼ਸਤਰ ਵਿਧਯੁਤ ਵਾਹਿਨੀ ਦਾ ਵੀ ਗਠਨ ਕੀਤਾ।
- ਸਤਾਰਾ (ਮਹਾਰਾਸ਼ਟਰ) ਦੀ ਸਮਾਨਾਂਤਰ ਸਰਕਾਰ ਸਭ ਤੋਂ ਜ਼ਿਆਦਾ ਦੀਰਘਜੀਵੀ ਸਾਬਤ ਹੋਈ। ਭਾਰਤ ਛੱਡੋ ਅੰਦੋਲਨ ਦੀ ਸ਼ੁਰੂਆਤ ਨਾਲ ਹੀ ਇਹ ਖੇਤਰ ਕਾਫੀ ਕਾਰਜਸ਼ੀਲ ਰਿਹਾ ਸੀ।
- ਵਾਈ.ਬੀ. ਚਵਹਾਣ ਇਥੇ ਦੇ ਸਭ ਤੋਂ ਮਹੱਤਵਪੂਰਨ ਨੇਤਾ ਸੀ। ਉਨ੍ਹਾਂ ਦਾ ਅਚਿਯੁਤਜ ਪਟਵਰਧਨ ਅਤੇ ਹੋਰ ਭੂਮੀਗਤ ਨੇਤਾਵਾਂ ਨਾਲ ਵੀ ਸੰਪਰਕ ਸੀ।
- ਇਸ ਇਤਿਹਾਸਕ ਅੰਦੋਲਨ ਦੀ ਇਕ ਵਡੀ ਖੂਬੀ ਇਹ ਰਹੀ ਕਿ ਇਸਦੇ ਦੁਆਰਾ ਆਜ਼ਾਦੀ ਦੀ ਮੰਗ ਰਾਸ਼ਟਰੀ ਅੰਦੋਲਨ ਦੀ ਪਹਿਲੀ ਮੰਗ ਬਣ ਗਈ। 'ਭਾਰਤ ਛੱਡੋ' ਦੇ ਬਾਅਦ ਹੁਣ ਪਿਛੇ ਨਹੀਂ ਮੁੜਿਆ ਜਾ ਸਕਦਾ ਸੀ।
- ਗਾਂਧੀਜੀ ਨੂੰ ਬਿਮਾਰੀ ਦੇ ਆਧਾਰ ਉਤੇ 6 ਮਈ 1944 ਨੂੰ ਰਿਹਾ ਕਰ ਦਿਤਾ ਗਿਆ ਅਤੇ ਇਸਦੇ ਨਾਲ ਹੀ ਰਾਜਨੀਤਿਕ ਗਤੀਵਿਧੀਆਂ ਵਿਚ ਗਰਮੀ ਆ ਗਈ। ਰਚਨਾਤਮਕ ਕਾਰਜ ਇਸ ਸਮੇਂ ਕਾਂਗਰਸ ਦੀ ਮੁਖ ਗਤੀਵਿਧੀ ਵਿਚ ਸੀ।
- ਇਸ ਸੰਦਰਭ ਵਿਚ ਇਹ ਭੁਲਾ ਦਿਤਾ ਜਾਂਦਾ ਹੈ ਕਿ 1947 ਵਿਚ ਨਹਿਰੂ, ਪਟੇਲ ਅਤੇ ਗਾਂਧੀ ਦੇ ਸਾਹਮਣੇ ਵੰਡ ਨੂੰ ਸਵੀਕਾਰ ਕਰਨ ਦੇ ਸਿਵਾਏ ਕੋਈ ਹੋਰ ਰਸਤਾ ਵੀ ਨਹੀਂ ਰਹਿ ਗਿਆ ਸੀ।
- ਜੂਨ 1947 ਤਕ ਕਾਂਗਰਸ ਦੇ ਨੇਤਾ ਮਹਿਸੂਸ ਕਰਨ ਲਗੇ ਸੀ ਕਿ ਸੱਤਾ ਦੇ ਤੁਰੰਤ ਹਸਤਾਂਤਰਣ ਨਾਲ ਹੀ ਇਹ ਸੰਪਰਦਾਇਕ ਪਾਗਲਪਨ ਰੋਕਿਆ ਜਾ ਸਕਦਾ ਹੈ। ਅੰਤਰਿਮ ਸਰਕਾਰ ਦੀ ਅਪੰਗਤਾ ਨੇ ਵੀ ਪਾਕਿਸਤਾਨ ਨੂੰ ਇਕ ਅਪਰਿਹਾਰਿਅ ਵਾਸਤਵਿਕਤਾ ਬਣਾ ਦਿਤਾ।
- ਅਧਿਕਾਰਿਕ ਤੌਰ ਉਤੇ ਵੰਡ ਦੀ ਗੱਲ ਕਾਂਗਰਸ ਨੇ ਮਾਰਚ 1947 ਵਿਚ ਮੰਨ ਲਈ ਜਦ ਕਾਂਗਰਸ ਕਾਰਜ ਸਮੀਤੀ ਦੁਆਰਾ ਇਹ ਪ੍ਰਸਤਾਵ ਪਾਰਿਤ ਕੀਤਾ ਗਿਆ ਕਿ ਜੇਕਰ ਦੇਸ਼ ਦੀ ਵੰਡ ਹੁੰਦੀ ਹੈ, ਤਾਂ ਪੰਜਾਬ (ਅਤੇ ਇਸੀ ਵਿਚ ਨਿਹਿਤ ਸੀ ਕਿ

ਨੋਟ

ਬੰਗਾਲ) ਦੀ ਵੀ ਵੰਡ ਹੋਣੀ ਹੀ ਚਾਹੀਦੀ ਹੈ। ਲੀਗ ਦੇ ਸਾਹਮਣੇ ਜੂਨ 1847 ਵਿਚ ਹੀ ਪੂਰਨ ਸਮਰਪਣ ਕੀਤਾ ਜਾ ਚੁਕਾ ਸੀ, ਜਦ ਕਾਂਗਰਸ ਨੇ ਇਹ ਇੱਛਾ ਜਾਹਰ ਕੀਤੀ ਸੀ ਕਿ ਜੇਕਰ ਤਤਕਾਲੀਨ ਅੰਤਰਿਮ ਸਰਕਾਰ ਨੂੰ ਸੱਤਾ ਦਾ ਹਸਤਾਂਤਰਣ ਕਰ ਦਿਤਾ ਜਾਵੇ। ਤਾਂ ਉਹ ਡੋਮੀਨਿਅਮ ਦਾ ਦਰਜਾ ਸਵੀਕਾਰ ਕਰ ਲਵੇਗੀ। ਲੇਕਿਨ ਅੰਤਤ: ਉਸਨੇ ਵੰਡ ਅਤੇ ਡੋਮੀਨਿਅਮ ਦਾ ਦਰਜਾ, ਦੋਨਾਂ ਨੇ ਸਵੀਕਾਰ ਕਰ ਲਏ।

- ਗਾਂਧੀਜੀ ਨੇ ਵਾਇਸਰਾਏ ਨਾਲ ਗੱਲ ਕਰਦੇ ਹੋਏ ਦ੍ਰਿੜ ਸੁਰ ਵਿਚ ਕਿਹਾ ਸੀ, "ਅਗਰ ਭਾਰਤ ਖੂਨ ਨਾਲ ਨਹਾਉਣਾ ਚਾਹੁੰਦਾ ਹੈ, ਤਾਂ ਇਹੀ ਹੋਵੇਗਾ" ਉਹ ਅਕਸਰ ਕਿਹਾ ਕਰਦੇ ਸਨ ਕਿ ਹਿੰਸਾ ਦੇ ਅਗੇ ਆਤਮਸਮਰਪਣ ਨਾਲ ਅਰਾਜਕਤਾ ਚੰਗੀ ਹੈ।"

## 10.6 ਸ਼ਬਦਕੋਸ਼ (Keywords)

- ਭੌਚੱਕੇ – ਹੈਰਾਨ ਹੋਣਾ
- ਅਪਰਿਹਾਰਯ – ਨਿਸ਼ਚਿਤ, ਜਿਸਨੂੰ ਟਾਲਿਆ ਨਾ ਜਾ ਸਕੇ।

## 10.7 ਅਭਿਆਸ ਪ੍ਰਸ਼ਨ (Review Questions)

1. ਭਾਰਤੀ ਸੁਤੰਤਰਤਾ ਸੰਗਰਾਮ ਵਿੱਚ ਅਸਹਿਯੋਗ ਅੰਦੋਲਨ ਮਹਤਵਪੂਰਣ ਸਥਾਨ ਰੱਖਦਾ ਹੈ। ਸਪੱਸ਼ਟ ਕਰੋ।
2. ਗਾਂਧੀ ਜੀ ਦੁਆਰਾ ਚੌਰਾ-ਚੌਰੀ ਕਾਂਡ ਦੇ ਬਾਅਦ ਅਸਹਿਯੋਗ ਅੰਦੋਲਨ ਨੂੰ ਵਾਪਿਸ ਲੈਣ ਦੇ ਨਿਰਣੇ ਦੀ ਬੁੱਧੀਜੀਵੀਆਂ ਨੇ ਇੱਕ ਸੁਰ ਵਿੱਚ ਨਿੰਦਾ ਕੀਤੀ।ਅੰਦੋਲਨ ਵਾਪਿਸ ਲੈਣ ਦੇ ਨਿਰਣੇ ਤੋਂ ਤੁਸੀਂ ਸਹਿਮਤ ਹੋ ਜਾਂ ਅਸਹਿਮਤ, ਸਪਸ਼ਟ ਕਰੋ।
3. ਸਵਿਨਅ ਅਵੱਗਿਆ ਅੰਦੋਲਨ ਦੀਆਂ ਸਫਲਤਾਵਾਂ ਅਤੇ ਦੁਰਬਲਤਾਵਾਂ ਤੇ ਪ੍ਰਕਾਸ਼ ਪਾਓ।
4. ਭਾਰਤ ਛੱਡੋ ਅੰਦੋਲਲ ਦੀਆਂ ਵਿਸ਼ੇਸ਼ਤਾਵਾਂ ਦਾ ਵਿਸ਼ਲੇਸ਼ਣ ਕਰੋ।
5. ਭਾਰਤ ਨੂੰ ਸੁਤੰਤਰਤਾ ਤਾਂ ਮਿਲੀ ਕਿੰਤੂ ਵਿਭਾਜਿਤ! ਸਮੀਖਿਆਤਮਕ ਵਰਣਨ ਕਰੋ।

**ਉੱਤਰ : ਸਵ-ਮੁੱਲਾਂਕਣ (Answers: Self Assessment)**

**1.** (*i*) 1920 (*ii*) 22 ਪੁਲਿਸਵਾਲੇ (*iii*) 12 ਫਰਵਰੀ 1922
(*iv*) ਵਿਦੇਸ਼ੀ ਕਪੜਿਆਂ (*v*) ਤਾੜੀ ਦੀ ਦੁਕਾਨ

**2.** (*i*) (*a*) (*ii*) (*c*) (*iii*) (*b*) (*iv*) (*b*)
(*v*) (*a*)

## 10.8 ਸੰਦਰਭ ਪੁਸਤਕਾਂ (Further Readings)

ਬੁਕਸ
1. ਆਧੁਨਿਕ ਭਾਰਤ, ਐਸ. ਕੇ. ਪਾਂਡੇ, ਪ੍ਰਯਾਗ ਅਕਾਦਮੀ ਇਲਾਹਾਬਾਦ
2. ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗ੍ਰੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ
3. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ

ਨੋਟ

# ਇਕਾਈ 11: ਸੁਤੰਤਰਤਾ ਪ੍ਰਾਪਤੀ ਤੋਂ 1964 ਤੱਕ ਦਾ ਭਾਰਤ (India Independent to 1964)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

11.1 ਸੰਸਦੀ ਵਿਵਸਥਾ, ਧਰਮਨਿਰਪੱਖਤਾ ਅਤੇ ਜਨਵਾਦੀ ਗਣਤੰਤਰ (A Parliamentary, Secular and Democratic Republic)

11.2 ਵਿਕਸਿਤ ਸਮਾਜਵਾਦੀ ਸਮਾਜ ਤੇ ਜਵਾਹਰ ਲਾਲ ਨਹਿਰੂ ਦਾ ਦਰਸ਼ਨ (Jawahar Lal Nehru's Vision of a Developed Socialist Society)

11.3 ਯੋਜਨਾ ਅਤੇ ਰਾਜ ਨਿਯੰਤਰਿਤ ਉਦਯੋਗੀਕਰਣ (Planning and State Controlled Industrialization)

11.4 ਸਾਰ ਅੰਸ਼ (Summary)

11.5 ਸ਼ਬਦਕੋਸ਼ (Keywords)

11.6 ਅਭਿਆਸ-ਪ੍ਰਸ਼ਨ (Review Questions)

11.7 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਸੰਸਦੀ ਵਿਵਸਥਾ, ਧਰਮਨਿਰਪੱਖਤਾ ਅਤੇ ਜਨਵਾਦੀ ਗਣਤੰਤਰ ਦੇ ਵਿਕਾਸ ਪ੍ਰਕ੍ਰਿਆ ਦਾ ਵਿਵੇਚਨ ਕਰਣ ਵਿੱਚ;
- ਸਮਾਜਵਾਦੀ ਸਮਾਜ ਦੇ ਵਿਕਾਸ ਤੇ ਜਵਾਹਰ ਲਾਲ ਨਹਿਰੂ ਦੇ ਦਰਸ਼ਨ ਨੂੰ ਸਮਝਣ ਵਿੱਚ;
- ਖੇਤੀ ਸੰਬੰਧੀ ਸੁਧਾਰ, ਯੋਜਨਾ ਅਤੇ ਰਾਜ ਨਿਯੰਤਰਿਤ ਉਦਯੋਗੀਕਰਣ ਦੀ ਵਿਆਖਿਆ ਕਰਣ ਵਿੱਚ;

## ਜਾਣਕਾਰੀ (Introduction)

1951 ਤੋਂ 1964 ਤਕ ਦੇ ਸਾਲ ਪਕਿਆਈ ਅਤੇ ਉਪਲਬਧੀਆਂ ਦੇ ਸਾਲ ਸਨ। ਇਹ ਸਾਲ ਉੱਚੀ ਉਮੀਦ, ਆਕਾਂਸ਼ਾਂ ਅਤੇ ਸਰਲਤਾ ਦੇ ਪ੍ਰਤੀ ਉਜੱਵਲ ਆਸ਼ਾਵਾਦੀ ਮਾਨਸਿਕਤਾ ਅਤੇ ਆਤਮਵਿਸ਼ਵਾਸ ਦੇ ਸਾਲ ਵੀ ਰਹੇ ਹਨ। ਅਪ੍ਰੈਲ 1953 ਵਿਚ ਜਵਾਹਰ ਲਾਲ ਨਹਿਰੂ ਇਹ ਘੋਸ਼ਣਾ ਕਰ ਰਹੇ ਸੀ-

ਮੈਂ ਤਦ ਤਕ ਆਰਾਮ ਨਾਲ ਨਹੀਂ ਬੈਠ ਸਕਦਾ ਜਦ ਤਕ ਕਿ ਇਸ ਦੇਸ਼ ਦੇ ਹਰੇਕ ਵਿਅਕਤੀ, ਇਸਤ੍ਰੀ ਅਤੇ ਬੱਚੇ ਨੂੰ ਇਕ ਉਚਿਤ ਵਿਵਹਾਰ ਅਤੇ ਨਿਊਨਤਮ ਜੀਵਨ ਪੱਧਰ ਦੀ ਸੁਵਿਧਾ ਪ੍ਰਾਪਤ ਨਹੀ ਹੋ ਜਾਂਦੀ... ਇਕ ਰਾਸ਼ਟਰ ਨੂੰ ਜਾਂਚਣ ਦੇ ਲਈ ਪੰਜ-ਛੇ ਸਾਲ ਦਾ ਸਮਾਂ ਬਹੁਤ ਛੋਟਾ ਹੁੰਦਾ ਹੈ। ਤੁਸੀਂ ਦਸ ਸਾਲ ਹੋਰ ਇੰਤਜਾਰ ਕਰੋ ਅਤੇ ਤੁਸੀਂ ਪਾਓਗੇ ਕਿ ਸਾਡੀ ਯੋਜਨਾਵਾਂ ਇਸ ਦੇਸ਼ ਦਾ ਨਜ਼ਾਰਾ ਪੂਰੀ ਤਰ੍ਹਾਂ ਇੰਜ ਬਦਲ ਦੇਣਗੀਆਂ ਕਿ ਦੁਨੀਆਂ ਹੈਰਾਨ ਰਹਿ ਜਾਏਗੀ।

ਅਤੇ ਦੇਸ਼ ਦੇ ਮਿਜਾਜ ਨੂੰ ਪ੍ਰਤੀਬਿੰਬਤ ਕਰਦੇ ਹੋਏ ਉਨ੍ਹਾਂ ਨੇ ਜੂਨ 1955 ਵਿਚ ਲਿਖਿਆ-

ਸਾਡੇ ਚਾਰੋਂ ਤਰਫ ਢੇਰ ਸਮਸਿਆਵਾਂ ਅਤੇ ਮੁਸੀਬਤਾਂ ਦੇ ਹੁੰਦੇ ਹੋਏ ਵੀ, ਜੋ ਅਕਸਰ ਲਗਦਾ ਹੈ ਕਿ ਸਾਡੇ ਉੱਤੇ ਹਾਵੀ ਹੋ ਰਹੀਆਂ ਹਨ, ਇਸ ਦੇਸ਼ ਵਿਚ ਉਮੀਦ ਦਾ ਮਾਹੌਲ ਬਣਿਆ ਹੋਇਆ ਹੈ, ਭਵਿੱਖ ਦੇ ਪ੍ਰਤੀ ਇਕ ਵਿਸ਼ਵਾਸ ਅਤੇ ਉਨ੍ਹਾਂ ਮੌਲਿਕ ਸਿਧਾਂਤਾਂ ਵਿਚ ਆਸਥਾ ਬਣੀ ਹੋਈ ਹੈ ਜਿਨ੍ਹਾਂ ਨੇ ਸਾਨੂੰ ਇਥੇ ਤਕ ਪਹੁੰਚਾਇਆ ਹੈ। ਸਵੇਰ ਦੀ ਰੌਸ਼ਨੀ ਫੈਲ ਰਹੀ ਹੈ ਅਤੇ ਭਾਰਤ ਦੇ ਦੀਰਘ ਅਤੇ ਜਟਿਲ ਇਤਿਹਾਸ ਵਿਚ ਇਕ ਨਵੇਂ ਯੁਗ ਦਾ ਆਰੰਭ ਹੋ ਰਿਹਾ ਹੈ।"

ਨੋਟ

ਇਹ ਉਹ ਸਾਲ ਸਨ ਜਦ ਭਾਰਤ ਵਿਵਹਾਰਕ ਰੂਪ ਵਿਚ ਸਥਿਰ ਸੀ, ਇਸਦੀ ਰਾਜਨੀਤਿਕ ਪ੍ਰਣਾਲੀ ਇਕ ਵਿਸ਼ਿਸ਼ਟ ਸਰੂਪ ਗ੍ਰਹਿਣ ਕਰ ਰਹੀ ਸੀ, ਦੇਸ਼ ਹਰ ਦਿਸ਼ਾ ਵਿਚ ਤਰੱਕੀ ਕਰ ਰਿਹਾ ਸੀ ਅਤੇ ਸਭ ਤੋਂ ਵੱਡੀ ਗਲ, ਰਾਜਨੀਤਿਕ ਅਤੇ ਆਰਥਿਕ ਵਿਵਸਥਾ ਦਾ ਭਾਰੀ ਪੁਨਰਨਿਰਮਾਣ ਆਰੰਭ ਹੋ ਚੁਕਾ ਸੀ। ਆਮ ਲੋਕ ਵੀ ਇਹ ਮਹਿਸੂਸ ਕਰ ਰਹੇ ਸਨ ਕਿ ਜਨਵਾਦ, ਨਾਗਰਿਕ ਅਧਿਕਾਰ, ਧਰਮ ਨਿਰਪੱਖਤਾ, ਵਿਗਿਆਨਿਕ ਅਤੇ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ, ਆਰਥਿਕ ਵਿਕਾਸ ਅਤੇ ਨਿਯੋਜਨ ਤੇ ਸਮਾਜਵਾਦ ਦੇ ਰਸਤੇ ਉੱਤੇ ਅਗੇ ਹੋਣ ਦੀ ਸ਼ੁਰੂਆਤ ਹੋ ਚੁਕੀ ਹੈ ਮੌਲਿਕ ਉਪਲਬਧੀਆਂ ਦੇ ਰਸਤੇ ਉੱਤੇ ਕਦਮ ਵਧ ਰਹੇ ਸਨ, ਹਾਲਾਂਕਿ ਵਿਕਾਸ ਦੀ ਹੋਲੀ ਰਫਤਾਰ, ਖਾਸਤੌਰ ਤੇ ਗਰੀਬੀ ਅਤੇ ਬੇਰੋਜਗਾਰੀ ਦੀ ਸਮਸਿਆ ਅਤੇ ਭੂਮੀਸੁਧਾਰ ਦੇ ਖੇਤਰ ਵਿਚ ਪ੍ਰਗਤੀ ਬਹੁਤ ਘੱਟ ਅਤੇ ਅਸੰਤੋਖਜਨਕ ਢੰਗ ਨਾਲ ਹੋ ਰਹੀ ਤਰੱਕੀ ਨਾਲ ਬੁੱਧੀਜੀਵੀ ਲੋਕਾਂ ਵਿਚ ਕਾਫੀ ਨਾਰਾਜਗੀ ਵੀ ਸੀ।

ਆਪਣੀ ਸਮਸਿਆਵਾਂ ਅਤੇ ਕਮਜ਼ੋਰੀਆਂ ਦੇ ਬਾਵਜੂਦ ਉਪਲਬਧੀਆਂ ਅਤੇ ਪ੍ਰਗਤੀ ਦੇ ਕੁਝ ਵਿਸ਼ਿਸ਼ਟ ਖੇਤਰ ਇਸ ਪ੍ਰਕਾਰ ਸਨ–

(*i*) ਰਾਸ਼ਟਰ ਦਾ ਸਮੇਕਨ ਅਤੇ ਭਾਸ਼ਾਈ ਤੇ ਜਨਜਾਤੀ ਸਮਸਿਆ ਦਾ ਹਲ, (*ii*) ਸੁੰਤਤਰ ਅਤੇ ਨਿਯੋਜਿਤ ਆਰਥਿਕ ਵਿਕਾਸ ਦੀ ਪ੍ਰਕ੍ਰਿਆ ਦਾ ਸ਼ੁਭਆਰੰਭ, (*iii*) ਸੁਤੰਤਰ ਅਤੇ ਮੌਲਿਕ ਵਿਦੇਸ਼ ਨੀਤੀ ਦਾ ਵਿਕਾਸ, (*iv*) ਚੋਣ ਪ੍ਰਕ੍ਰਿਆ ਦੀ ਸ਼ੁਰੂਆਤ, (*v*) ਜਨਵਾਦ ਦਾ ਆਰੋਪਣ, (*vi*) ਪ੍ਰਸ਼ਾਸਨਿਕ ਵਿਵਸਥਾ ਦੀ ਸਥਾਪਨਾ, (*vii*) ਵਿਗਿਆਨ ਅਤੇ ਤਕਨੀਕ ਦਾ ਵਿਕਾਸ ਅਤੇ, (*viii*) ਕਲਿਆਣਕਾਰੀ ਰਾਜ ਦਾ ਆਰੰਭ।

## 11.1 ਸੰਸਦੀ ਵਿਵਸਥਾ, ਧਰਮ ਨਿਰਪੇਖ ਅਤੇ ਜਨਵਾਦੀ ਗਣਤੰਤਰ (A Parliamentary, Secular and Democratic Republic)

**ਰਾਸ਼ਟਰਪਤੀ (President)**–ਸੰਵਿਧਾਨ ਨੇ ਕਾਰਜਕਾਰਣੀ ਦੇ ਅਧਿਕਾਰ ਰਾਸ਼ਟਰਪਤੀ ਨੂੰ ਪ੍ਰਦਾਨ ਕੀਤੇ ਹਨ ਪ੍ਰੰਤੂ ਅੰਬੇਦਕਰ ਦੇ ਸ਼ਬਦਾਂ ਵਿਚ ਉਹ ਉਸੇ ਪੱਧਰ ਦੇ ਰਾਸ਼ਟਰਪਤੀ (President) ਸੰਵੈਧਾਨਿਕ ਪ੍ਰਮੁੱਖ ਹਨ ਜਿਸ ਪੱਧਰ ਦੇ ਅੰਗ੍ਰੇਜ਼ੀ ਸੰਵਿਧਾਨ ਵਿਚ ਰਾਜਾ। ਉਹ ਰਾਜ ਦੇ ਪ੍ਰਮੁੱਖ ਹਨ, ਨਾ ਕਿ ਕਾਰਜਕਾਰਣੀ ਦੇ। ਉਹ ਰਾਸ਼ਟਰ ਦਾ ਪ੍ਰਤੀਨਿਧੀਤਵ ਕਰਦੇ ਹਨ ਪ੍ਰੰਤੂ ਉਸ ਉੱਤੇ ਸ਼ਾਸਨ ਨਹੀਂ ਕਰਦੇ। ਕਾਰਜਕਾਰਣੀ ਦਾ ਪ੍ਰਮੁੱਖ ਵਾਸਤਵ ਵਿਚ ਪ੍ਰਧਾਨਮੰਤਰੀ ਹੈ ਜੋ ਮੰਤਰੀ ਪਰਿਸ਼ਦ ਪ੍ਰਮੁੱਖ ਹਨ, ਅਤੇ ਮੰਤਰੀ ਪਰਿਸ਼ਦ ਸੰਸਦ ਦੇ ਪ੍ਰਤੀ ਜ਼ਿੰਮੇਦਾਰ ਹੈ। ਭਾਰਤ ਦੀ ਸੰਸਦੀ ਪ੍ਰਣਾਲੀ ਬ੍ਰਿਟਿਸ਼ ਪ੍ਰਣਾਲੀ ਤੋਂ ਸਭ ਨਾਲੋਂ ਜ਼ਿਆਦਾ ਮਿਲਦੀ ਹੈ। ਅੰਤਰ ਇਹ ਹੈ ਕਿ ਭਾਰਤ ਵਿਚ ਕੋਈ ਪਰੰਪਰਾਗਤ ਰਾਜਾ ਨਹੀਂ ਹੈ, ਬਲਕਿ ਚੁਣਿਆ ਗਿਆ ਰਾਸ਼ਟਰਪਤੀ ਰਾਜ ਦਾ ਸੰਕੇਤਕ ਮੁਖੀਆ ਹੈ।

ਭਾਰਤੀ ਸੰਵਿਧਾਨ ਰਾਸ਼ਟਰਪਤੀ ਨੂੰ ਭਾਰੀ ਅਧਿਕਾਰ ਪ੍ਰਦਾਨ ਕਰਦਾ ਹੈ, ਪ੍ਰੰਤੂ ਇਨਕਾਉ ਪ੍ਰਯੋਗ ਮੰਤਰੀਮੰਡਲ ਦੀ ਸਲਾਹ ਦੇ ਅਨੁਸਾਰ ਹੀ ਕੀਤਾ ਜਾ ਸਕਦਾ ਹੈ। ਪ੍ਰੰਤੂ ਨਾਲ ਹੀ ਰਾਸ਼ਟਰਪਤੀ ਨਾਂਮਮਾਤਰ ਦਾ ਪ੍ਰਮੁੱਖ ਨਹੀਂ ਹੈ, ਅਜਿਹੀ ਰਾਜਨੀਤਿਕ ਪਰੀਸਥਿਤੀਆਂ ਪੈਦਾ ਹੋ ਸਕਦੀਆਂ ਹਨ ਜਿਸ ਵਿਚ ਰਾਸ਼ਟਰਪਤੀ ਨੂੰ ਕਾਰਜਸ਼ੀਲ ਹੋਣਾ ਪੈ ਸਕਦਾ ਹੈ। ਉਨ੍ਹਾਂ ਦੇ ਓਪਚਾਰਿਕ ਅਤੇ ਵਾਸਤਵਿਕ ਅਧਿਕਾਰਾਂ ਦੇ ਵਿਚ ਇਹ ਤਨਾਵ ਪਹਿਲੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਦੇ ਸਮੇਂ ਤੋਂ ਹੀ ਦਿਖ ਪੈਂਦਾ ਸੀ। ਉਨ੍ਹਾਂ ਨੂੰ ਹਿੰਦੂ ਕੋਡ ਬਿਲ ਦੇ ਬਾਰੇ ਵਿਚ ਗੰਭੀਰ ਇਤਰਾਜ਼ ਸਨ। ਉਨ੍ਹਾਂ ਨੇ ਇਸ ਸੰਦਰਭ ਵਿਚ ਸਤੰਬਰ 1951 ਵਿਚ ਕਿਹਾ ਕਿ ਰਾਸ਼ਟਰਪਤੀ ਦੀ ਭੂਮਿਕਾ ਜ਼ਿਆਦਾ ਕਾਰਜਸ਼ੀਲ ਹੁੰਦੀ ਹੈ। ਨਹਿਰੂ ਨੇ ਤੁਰੰਤ ਸੰਵੈਧਾਨਿਕ ਵਿਸ਼ੇਸ਼ ਗਿਆਤਾ ਮਦਰਾਸ ਦੇ ਅੱਲਾਦੀ ਕ੍ਰਿਸ਼ਨਸਵਾਮੀ ਅਈਅਰ ਅਤੇ ਐਟਾਰਨੀ ਜਨਰਲ ਐਮ.ਸੀ. ਸੀਤਲਵਾਡ ਦੇ ਵਿਚਾਰ ਜਾਣੇ। ਭਾਰਤੀ ਜਨਤੰਤਰ ਦੇ ਸੁਭਾਗ ਨਾਲ, ਦੋਵਾਂ ਹੀ ਮਾਹਿਰਾਂ ਨੇ ਸਪਸ਼ਟ ਕੀਤਾ ਕਿ ਪ੍ਰੈਜ਼ੀਡੈਂਟ ਰਾਜੇਂਦਰ ਪ੍ਰਸਾਦ ਦੇ ਵਿਚਾਰ ਸਵੀਕਾਰ ਕਰ ਲੈਣ ਨਾਲ ਦੇਸ਼ ਦਾ ਸਮੁੱਚਾ ਸੰਵੈਧਾਨਿਕ ਢਾਂਚਾ ਅਸਤ-ਵਿਅਸਤ ਹੋ ਜਾਏਗਾ, ਅਤੇ ਰਾਸ਼ਟਰਪਤੀ ਦੇ ਹੱਥਾਂ ਵਿਚ ਤਾਨਾਸ਼ਾਹੀ ਦੀ ਤਾਕਤਾਂ ਵੀ ਸਿਮਟ ਸਕਦੀਆਂ ਹਨ। ਰਾਜੇਂਦਰ ਪ੍ਰਸਾਦ ਨੂੰ ਜ਼ਿਆਦਾ ਸੀਮਤ ਭੂਮਿਕਾ ਅਦਾ ਕਰਨ ਦੇ ਲਈ ਮਨਵਾਇਆ ਗਿਆ। ਉਨ੍ਹਾਂ ਨੂੰ ਸੰਵਿਧਾਨ ਸਭਾ ਵਿਚ ਉਨ੍ਹਾਂ ਦੇ ਦੁਆਰਾ ਕਹੇ ਗਏ ਸ਼ਬਦਾਂ ਦੀ ਯਾਦ ਦਵਾਈ ਗਈ ਜਿਸ ਵਿਚ ਉਨ੍ਹਾਂ ਨੇ ਬਹਿਸ ਦੇ ਦੌਰਾਨ ਉਮੀਦ ਪ੍ਰਗਟ ਕੀਤੀ ਸੀ ਕਿ "ਭਾਰਤ ਵਿਚ ਵੀ ਉਹੀ ਪਰੰਪਰਾ ਪਾਲੀ ਜਾਏਗੀ ਜਿਸਦੇ ਤਹਿਤ ਇੰਗਲੈਂਡ ਵਿਚ ਰਾਜਾ ਹਮੇਸ਼ਾ ਹੀ ਆਪਣੇ ਮੰਤਰੀਆਂ ਦੀ ਸਲਾਹ ਉੱਤੇ ਹੀ ਕੰਮ ਕਰਦਾ ਹੈ... ਰਾਸ਼ਟਰਪਤੀ ਨੂੰ ਹਰ ਮਾਮਲੇ ਵਿਚ ਸੰਵੈਧਾਨਿਕ ਰਾਸ਼ਟਰਪਤੀ ਹੀ ਹੋਣਾ ਚਾਹੀਦਾ ਹੈ।"

ਜਦ ਇਕ ਪਾਰਟੀ ਦਾ ਸਪਸ਼ਟ ਬਹੁਮਤ ਹੋਵੇ ਤਾਂ ਰਾਸ਼ਟਰਪਤੀ ਦੁਆਰਾ ਆਪਣੀ ਸ਼ਕਤੀਆਂ ਦੇ ਪ੍ਰਯੋਗ ਦੀ ਸੰਭਾਵਨਾ ਘੱਟ ਹੁੰਦੀ ਹੈ। ਪ੍ਰੰਤੂ ਵੰਡਿਆ ਜਨਾਦੇਸ਼ ਅਤੇ ਅਸਥਾਈ ਮਿਲੀ-ਜੁਲੀ ਸਰਕਾਰਾਂ ਦੀ ਸਥਿਤੀ ਵਿਚ ਰਾਸ਼ਟਰਪਤੀ ਦੇ ਜ਼ਿਆਦਾ ਹਸਤਖੇਪ ਦੀ ਸੰਭਾਵਨਾ ਵਧ ਜਾਂਦੀ ਹੈ। ਇੰਜ ਪਹਿਲੀ ਵਾਰ 1979 ਵਿਚ ਹੋਇਆ ਜਦ ਮੋਰਾਰਜੀ ਦੇਸਾਈ ਦੀ ਅਗਵਾਈ ਵਿਚ ਜਨਤਾ ਸਰਕਾਰ ਸ਼ਾਸਕ ਪਾਰਟੀ ਵਿਚ ਫੁੱਟ ਦੇ ਕਾਰਣ ਡਿਗ ਗਈ। ਰਾਸ਼ਟਰਪਨੀ ਨੀਲਮ ਸੰਜੀਵ ਰੇਡੀ ਨੇ ਆਪਣੇ ਅਧਿਕਾਰਾਂ ਦਾ ਪ੍ਰਯੋਗ ਕਰਕੇ ਮੋਰਾਰਜੀ ਦੇਸਾਈ ਨੂੰ ਨਵੀਂ ਸਰਕਾਰ ਬਣਾਉਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿਤਾ। ਉਨ੍ਹਾਂ ਨੇ ਚਰਨ ਸਿੰਘ ਤੋਂ ਨਿਸ਼ਚਿਤ ਤਰੀਖ ਤਕ ਵਿਸ਼ਵਾਸ ਮਤ ਹਾਸਲ ਕਰਨ ਨੂੰ ਕਿਹਾ। ਨਵੇਂ ਪ੍ਰਧਾਨਮੰਤਰੀ ਚਰਨ ਸਿੰਘ ਦੁਆਰਾ ਲੋਕਸਭਾ ਭੰਗ ਕਰਨ ਦੀ ਸਲਾਹ ਮਨਾਉਣ ਤੋਂ ਪਹਿਲਾਂ ਰਾਸ਼ਟਰਪਤੀ ਨੇ ਹੋਰ ਪਾਰਟੀਆਂ ਦੇ ਨੇਤਾਵਾਂ ਨਾਲ ਸਲਾਹ ਮਸ਼ਵਰਾ ਕੀਤਾ। ਇਸ ਅਸਥਿਰ ਪਰਿਸਥਿਤੀ ਨੇ ਰਾਸ਼ਟਰਪਤੀ ਦੇ ਲਈ ਆਪਣੇ ਅਧਿਕਾਰਾਂ ਦਾ ਪ੍ਰਯੋਗ ਕਰਨ ਦੀ ਸਥਿਤੀ ਪੈਦਾ ਕਰ ਦਿਤੀ।

ਨੋਟ

ਹਾਲ ਦੇ ਸਾਲਾਂ ਵਿਚ, ਰਾਸ਼ਟਰਪਤੀ ਦੀ ਭੂਮਿਕਾ ਦੇ ਬਾਰੇ ਵਿਚ ਚਿੰਤਾਵਾਂ ਵਧ ਗਈਆਂ ਹਨ। ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਰਾਜੀਵ ਗਾਂਧੀ ਦੇ 1984-85 ਦੀਆਂ ਚੋਣਾਂ ਵਿਚ ਸੱਤਾ ਵਿੱਚ ਆਉਣਾ ਉਹ ਪਿਛਲਾ ਮੌਕਾ ਸੀ। ਜਦ ਕਿਸੀ ਇਕ ਪਾਰਟੀ ਨੂੰ ਸਪਸ਼ਟ ਬਹੁਮਤ ਮਿਲਿਆ। 1989, 1991, 1996 ਅਤੇ 1998 ਦੇ ਚੁਣਾਵਾਂ ਦੇ ਨਤੀਜਿਆਂ ਨੇ ਰਾਸ਼ਟਰਪਤੀ ਦੇ ਹਸਤਖੇਪ ਦੇ ਲਈ ਕਾਫੀ ਅਨੁਕੂਲ ਪਰਿਸਥਿਤੀਆਂ ਪੈਦਾ ਕਰ ਦਿਤੀਆਂ। ਉਦਾਹਰਣ ਦੇ ਲਈ, ਮਾਰਚ 1998 ਦੀਆਂ ਚੋਣ ਨਤੀਜਿਆਂ ਦੇ ਬਾਅਦ ਭਾਜਪਾ ਨੇ ਸਭ ਤੋਂ ਵੱਡੀ ਪਾਰਟੀ ਹੋਣ ਦੇ ਨਾਤੇ ਸਰਕਾਰ ਬਣਾਉਣ ਦਾ ਦਾਵਾ ਕੀਤਾ। ਉਸਦੇ ਦਾਵੇ ਦੇ ਅਨੁਸਾਰ ਉਸਨੂੰ ਹੋਰ ਪਾਰਟੀਆਂ ਤੋਂ ਚੰਗਾ ਸਮਰਥਨ ਹਾਸਲ ਸੀ। ਅਤੇ ਇਸ ਲਈ ਉਹ ਲੋਕ ਸਭਾ ਵਿਚ ਵਿਸ਼ਵਾਸ ਮਤ ਹਾਸਲ ਕਰ ਸਕਦੀ ਸੀ। ਤਦ ਰਾਸ਼ਟਰਪਤੀ ਨਾਰਾਇਣਨ ਨੇ ਭਾਜਪਾ ਦੇ ਨੇਤਾ ਅਟਲ ਬਿਹਾਰੀ ਵਾਜਪਾਈ ਨਾਲ ਇਸ ਗਲ ਦਾ ਲਿਖਤ ਪ੍ਰਮਾਣ ਪੇਸ਼ ਕਰਣ ਉੱਤੇ ਜੋਰ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਨੂੰ ਸਚਮੁਚ ਬਹੁਮਤ ਦਾ ਸਮਰਥਨ ਹਾਸਲ ਹੈ। ਫਲਸਵਰੂਪ ਇੰਤਜਾਰ ਦਾ ਬਹੁਤ ਹੀ ਕਸ਼ਟਦਾਇਕ ਦੌਰ ਸ਼ੁਰੂ ਹੋਇਆ। ਇਸ ਪਾਰਟੀ ਦੀ ਇਕ ਮਹੱਤਵਪੂਰਣ ਸਹਿਯੋਗੀ ਏ.ਆਈ.ਏ.ਡੀ.ਐਮ.ਕੇ. ਦੀ ਜੇ. ਜੈਲਲਿਤਾ (ਜਿਨ੍ਹਾਂ ਦੇ ਸਮਰਥਨ ਵਾਪਸ ਲੈਣ ਉੱਤੇ ਅਪ੍ਰੈਲ 1999 ਵਿਚ ਭਾਜਪਾ ਸਰਕਾਰ ਗਿਰ ਗਈ) ਨੇ ਸਮਰਥਨ ਸੰਬੰਧੀ ਨਿਰਣੇ ਉੱਤੇ ਕਈ ਵਾਰ ਮੁੜ ਵਿਚਾਰ ਕੀਤਾ। ਇਸ ਪਾਰਟੀ ਨੇ ਅਜਿਹੀ ਗਰੁਪ ਬੈਠਕਾਂ ਵਿਚ ਕਾਫੀ ਮੋਲ-ਤੋਲ ਕੀਤਾ, ਜਿਨ੍ਹਾਂ ਨੂੰ ਜਾਣ ਬੁਝ ਕੇ ਪ੍ਰਚਾਰਿਤ ਕੀਤਾ ਗਿਆ ਸੀ। ਤਾਂ ਹੀ ਏ.ਆਈ.ਏ.ਡੀ.ਐਮ.ਕੇ. ਨੇ ਆਖਿਰਕਾਰ ਭਾਜਪਾ ਨੂੰ ਸਮਰਥਨ ਦੇਣਾ ਸਵੀਕਾਰ ਕੀਤਾ। ਇਸ ਸੰਪੂਰਨ ਘਟਨਾ ਵਿਚ ਰਾਸ਼ਟਰਪਤੀ ਦੀ ਭੂਮਿਕਾ ਮਹੱਤਵਪੂਰਣ ਰਹੀ। ਉਹ ਸਮਰਥਨ ਦੇ ਪੱਤਰ ਦਾ ਇੰਤਜ਼ਾਰ ਕਰਨ ਤੋਂ ਇਨਕਾਰ ਕਰ ਸਕਦੇ ਸਨ ਅਤੇ ਅਗਲੀ ਵੱਡੀ ਪਾਰਟੀ ਜਾਂ ਗਰੁੱਪ ਨੂੰ ਸਰਕਾਰ ਬਣਾਉਣ ਦੇ ਲਈ ਸੱਦਾ ਦੇ ਸਕਦੇ ਸਨ। ਇਸ ਪ੍ਰਕਾਰ ਉਹ ਭਾਜਪਾ ਨੂੰ ਸਰਕਾਰ ਬਣਾਉਣ ਤੋਂ ਰੋਕ ਸਕਦੇ ਸਨ ਜੋ ਵੈਸੇ ਵੀ ਬਹੁਤ ਘੱਟ ਬਹੁਮਤ ਉੱਤੇ ਭਰੋਸਾ ਕਰ ਰਹੀ ਸੀ। ਇਸ ਪ੍ਰਕਾਰ ਇਹ ਸਪਸ਼ਟ ਹੈ ਕਿ ਅਸਥਾਈ ਜਾਂ ਅਸਪਸ਼ਟ ਰਾਜਨੀਤਿਕ ਪਰਿਸਥਿਤੀਆਂ ਵਿਚ ਰਾਸ਼ਟਰਪਤੀ ਦੁਆਰਾ ਹਸਤਖੇਪ ਅਤੇ ਅਧਿਕਾਰਾਂ ਦੇ ਉਪਯੋਗ ਜਾਂ ਦੁਰਵਰਤੋਂ ਦੀ ਸੰਭਾਵਨਾ ਵਧ ਜਾਂਦੀ ਹੈ।

ਪ੍ਰੰਤੂ, ਸਥਾਈਤਵ ਦੀ ਪਰਿਸਥਿਤੀਆਂ ਵਿਚ ਵੀ ਕਈ ਵਾਰ ਰਾਸ਼ਟਰਪਤੀਆਂ ਨੇ ਵਿਕਅਤੀਗਤ ਮਹੱਤਵਕਾਂਸ਼ਾ ਜਾਂ ਸੰਵਿਧਾਨ ਦੇ ਪ੍ਰਤੀ ਜਿੰਮੇਦਾਰੀ ਨਿਭਾਉਣ ਦੇ ਇਰਾਦੇ ਨਾਲ ਆਪਣੇ ਅਧਿਕਾਰਾਂ ਦਾ ਪ੍ਰਯੋਗ ਕੀਤਾ ਹੈ। ਸਭ ਤੋਂ ਮਹੱਤਵਪੂਰਨ ਉਦਾਹਰਣ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਦਾ ਹੈ। ਉਹ ਐਸੇ ਪਹਿਲੇ ਰਾਸ਼ਟਰਪਤੀ ਸੀ ਜਿਨ੍ਹਾਂ ਨੇ ਕੋਈ ਬਿਲ ਸੰਸਦ ਨੂੰ ਵਾਪਸ ਕਰ ਦਿੱਤਾ ਸੀ। ਨਾਲ ਹੀ ਉਨ੍ਹਾਂ ਨੇ ਪ੍ਰਧਾਨਮੰਤਰੀ ਨੂੰ ਇਹ ਵੀ ਲਿਖਿਆ ਕਿ ਉਨ੍ਹਾਂ ਨੂੰ ਮਹੱਤਵਪੂਰਨ ਘਟਨਾਵਾਂ ਦੀ ਜਾਣਕਾਰੀ ਨਹੀਂ ਦਿਤੀ ਜਾ ਰਹੀ ਹੈ। ਇਸ ਤੋਂ ਉਨ੍ਹਾਂ ਨੂੰ ਇਹ ਦੇਖਣ ਦੀ ਸੰਵੈਧਾਨਿਕ ਜ਼ਿੰਮੇ ਦਾਰ ਨਿਭਾਉਣ ਵਿਚ ਦਿੱਕਤ ਹੋ ਰਹੀ ਹੈ ਕਿ ਸਰਕਾਰ ਸੰਵਿਧਾਨ ਦੀ ਧਾਰਾਵਾਂ ਅਤੇ ਆਤਮਾ ਦੇ ਅਨੁਰੂਪ ਚਲਾਈ ਜਾ ਰਹੀ ਸੀ। ਉਨ੍ਹਾਂ ਦੇ ਦੁਆਰਾ ਪ੍ਰਧਾਨਮੰਤਰੀ ਨੂੰ ਬਰਖਾਸਤ ਕਰਨ ਸੰਬੰਧੀ ਅਫਵਾਹਾਂ ਕਾਫੀ ਜੋਰ ਪਕੜ ਰਹੀਆਂ ਸਨ। ਉਸੇ ਸਾਲ 1987 ਵਿਚ ਬਾਅਦ ਵਿਚ ਪ੍ਰਤੀਰਖਿਆ ਖਰੀਦਾਰੀ ਸੰਬੰਧੀ ਬੋਫੋਰਸ ਕਾਂਡ ਫੁਟ ਪਿਆ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਗਿਆਨੀ ਜੈਲ ਸਿੰਘ ਨੇ ਸਚਮੁਚ ਵਿਭਿੰਨ ਰਾਜਨੀਤਿਕ ਨੇਤਾਵਾਂ ਨਾਲ ਰਾਜੀਵ ਗਾਂਧੀ ਨੂੰ ਪ੍ਰਧਾਨਮੰਤਰੀ ਦੇ ਰੂਪ ਵਿਚ ਬਰਖਾਸਤ ਕਰਨ ਦੀ ਸੰਭਾਵਨਾ ਉੱਤੇ ਵਿਚਾਰ-ਵਿਮਰਸ਼ ਕੀਤਾ ਸੀ। ਪ੍ਰੰਤੂ ਆਖਿਰ ਇਹ ਨਹੀਂ ਹੋਇਆ। ਪ੍ਰੰਤੂ ਇਹ ਸਪਸ਼ਟ ਹੈ ਕਿ ਸੰਸਦ ਵਿਚ ਪ੍ਰਧਾਨਮੰਤਰੀ ਨੂੰ ਸਪਸ਼ਟ ਬਹੁਤਮਤ ਹੋਣ ਦੇ ਬਾਵਜੂਦ ਰਾਸ਼ਟਰਪਤੀ ਦੁਆਰਾ ਆਪਣੇ ਅਧਿਕਾਰਾਂ ਦੀ ਪਰੰਪਰਾਗਤ ਸੀਮਾਵਾਂ ਤੋਂ ਬਾਹਰ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਰਾਜੀਵ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਨੂੰ ਲੋਕਸਭਾ ਵਿਚ ਅੱਜ ਤਕ ਦਾ ਸਭ ਤੋਂ ਜ਼ਿਆਦਾ ਬਹੁਮਤ ਪ੍ਰਾਪਤ ਸੀ।

ਵਿਵਾਦ ਦਾ ਇਕ ਹੋਰ ਖੇਤਰ ਰਾਜ ਸਰਕਾਰਾਂ ਨੂੰ ਭੰਗ ਕਰਨ ਵਿਚ ਰਾਸ਼ਟਰਪਤੀ ਨੂੰ ਭੂਮਿਕਾ ਅਤੇ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਸੰਬੰਧੀ ਹੈ। ਫਰਵਰੀ 1998 ਵਿਚ, ਲੋਕਸਭਾ ਚੋਣਾਂ ਦੇ ਦੌਰਾਨ, ਉੱਤਰ ਪ੍ਰਦੇਸ਼ ਵਿਚ ਭਾਜਪਾ ਦੀ ਅਗਵਾਈ ਵਿਚ ਕਲਿਆਣ ਸਿੰਘ ਦੀ ਸਰਕਾਰ ਨੂੰ ਗਵਰਨਰ ਰਮੇਸ਼ ਭੰਡਾਰੀ ਨੇ ਬਰਖਾਸਤ ਕਰਕੇ ਇਕ ਹੋਰ ਵਿਅਕਤੀ ਨੂੰ ਮੁਖਮੰਤਰੀ ਨਿਯੁਕਤ ਕੀਤਾ। ਹਾਈਕੋਰਟ ਨੇ ਕਲਿਆਣ ਸਿੰਘ ਨੂੰ ਮੁੜ ਸਥਾਪਤ ਕਰ ਦਿਤਾ। ਗਵਰਨਰ ਨੇ ਕੇਂਦਰ ਨੂੰ ਅਸੈਂਬਲੀ ਭੰਗ ਕਰਨ ਅਤੇ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਦੀ ਸਲਾਹ ਦੇ ਨਾਲ ਰਿਪੋਰਟ ਭੇਜੀ। ਮੰਤਰੀਮੰਡਲ ਨੇ ਕਾਫੀ ਵਿਚਾਰ ਵਿਮਰਸ਼ ਦੇ ਬਾਅਦ ਗਵਰਨਰ ਦੀ ਰਿਪੋਰਟ ਸਵੀਕਾਰ ਕਰ ਲਈ, ਅਤੇ ਪ੍ਰਧਾਨ ਮੰਤਰੀ ਆਈ.ਕੇ. ਗੁਜਰਾਲ ਨੇ ਰਿਪੋਰਟ ਦਾ ਅਨੁਮੋਦਨ ਰਾਸ਼ਟਰਪਤੀ ਨੂੰ ਭੇਜ ਦਿਤਾ।ਪ੍ਰੰਤੂ ਰਾਸ਼ਟਰਪਤੀ ਨਾਰਾਇਣਨ ਨੇ ਅਸਹਿਮਤੀ ਜਤਾਉਂਦੇ ਹੋਏ ਇਸੇ ਮੰਤਰੀਮੰਡਲ ਨੂੰ ਮੁੜ ਵਿਚਾਰ ਦੇ ਲਈ ਵਾਪਸ ਭੇਜ ਦਿਤਾ। ਉਤਰ ਪ੍ਰਦੇਸ਼ ਦੇ ਗਵਰਨਰ ਨੇ ਅਸਤੀਫਾ ਦੇ ਦਿਤਾ, ਤੇ ਕਲਿਆਣ ਸਿੰਘ 'ਆਇਆ ਰਾਮ...ਗਿਆ ਰਾਮਂ,' ਅਪਰਾਧੀਆਂ ਅਤੇ ਹੋਰ ਪ੍ਰਕਾਰ ਦੇ ਤੱਤਾਂ ਦੇ ਮਿਲਾਵਟ ਵਾਲੇ ਮੰਤਰੀਮੰਡਲ ਦੇ ਨਾਲ ਮੁਖਮੰਤਰੀ ਬਣੇ ਰਹੇ।

| | |
|---|---|
| ਕੀ ਤੁਸੀਂ ਜਾਣਦੇ ਹੋ | ਰਾਜੀਵ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਨੂੰ ਲੋਕਸਭਾ ਵਿਚ ਅਜ ਤਕ ਦਾ ਸਭ ਤੋਂ ਵੱਡਾ ਬਹੁਮਤ ਪ੍ਰਾਪਤ ਸੀ। |

ਨੋਟ

ਇਸ ਮਾਮਲੇ ਵਿਚ ਰਾਸ਼ਟਰਪਤੀ ਨਾਰਾਇਣਨ ਦੇ ਲਈ ਕੋਈ ਨਿਰਣਾ ਲੈਣਾ ਇਕ ਕਠਿਨ ਕੰਮ ਸੀ। ਕਲਿਆਣ ਸਿੰਘ ਦੇ ਕੋਲ ਸਮਰਥਨ ਦੇ ਅਲੱਗ-ਅਲੱਗ ਦਾਵੇ ਸੀ। ਪੱਖ ਛੱਡਣੇ-ਛੁਡਾਉਣੇ ਅਤੇ ਵਾਪਸ ਆਉਣ ਦੀ ਘਟਨਾਵਾਂ ਹੋ ਰਹੀਆਂ ਸਨ, ਅਤੇ ਇਸ ਕੰਮ ਵਿਚ ਧਨ ਦੇ ਪ੍ਰਯੋਗ ਦਾ ਵੀ ਆਰੋਪ ਸੀ। ਪ੍ਰੰਤੂ ਰਾਸ਼ਟਰਪਤੀ ਨੇ ਤੈਅ ਕੀਤਾ ਕਿ ਕਿਉਂਕਿ ਉੱਤਰ ਪ੍ਰਦੇਸ਼ ਮੰਤਰੀਮੰਡਲ ਨੇ ਆਪਣਾ ਬਹੁਤਮ ਸਦਨ ਵਿਚ ਦਰਸ਼ਾ ਦਿੱਤਾ ਸੀ, ਚਾਹੇ ਉਹ ਹਾਸਲ ਕਿਉਂ ਨਾ ਕੀਤਾ ਗਿਆ ਹੋਵੇ, ਇਸ ਲਈ ਉਨ੍ਹਾਂ ਨੂੰ ਉਸਨੂੰ ਬਰਖਾਸਤ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਉਨ੍ਹਾਂ ਦੇ ਆਲੋਚਕਾਂ ਦਾ ਤਰਕ ਹੈ ਬਹੁਮਤ ਦਰਸ਼ਾ ਦੇਣਾ ਹੀ ਇਹ ਸਾਬਤ ਕਰਣ ਲਈ ਕਾਫੀ ਨਹੀਂ ਹੁੰਦਾ ਕਿ ਰਾਜ ਵਿਚ ਸੰਵਿਧਾਨਕ ਮਸ਼ੀਨਰੀ ਟੁਟ ਚੁਕੀ ਹੈ। ਡਰਾ-ਧਮਕਾ ਕੇ ਹਾਸਲ ਕੀਤੇ ਗਏ ਬਹੁਮਤ ਉੱਤੇ ਪ੍ਰਸ਼ਨ-ਚਿੰਨ੍ਹ ਲਗਾਇਆ ਜਾ ਸਕਦਾ ਹੈ।

44ਵੇਂ ਸੰਸ਼ੋਧਨ ਵਿਚ ਰਾਸ਼ਟਰਪਤੀ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਮੰਤਰੀਪਰਿਸ਼ਦ ਤੋਂ ਆਪਣੇ ਨਿਰਣੇ ਉੱਤੇ ਦੁਬਾਰਾ ਵਿਚਾਰ ਕਰਨ ਦਾ ਅਨੁਰੋਧ ਕਰੇ। ਪ੍ਰੰਤੂ ਜੇਕਰ ਮੰਤਰੀਪਰਿਸ਼ਦ ਆਪਣੇ ਨਿਰਣੇ ਉੱਤੇ ਕਾਇਮ ਰਹੇ ਤਾਂ ਰਾਸ਼ਟਰਪਤੀ ਨੂੰ ਉਹ ਸਵੀਕਾਰ ਕਰਨਾ ਹੀ ਹੋਵੇਗਾ। ਪ੍ਰੰਤੂ ਜਿਵੇਂ ਕਿ ਰਾਸ਼ਟਰਪਤੀ ਨਾਰਾਇਣਨ ਅਤੇ ਉੱਤਰ ਪ੍ਰਦੇਸ਼ ਦੇ ਮਾਮਲੇ ਤੋਂ ਸਪਸ਼ਟ ਹੁੰਦਾ ਹੈ, ਰਾਸ਼ਟਰਪਤੀ ਦੁਆਰਾ ਮਾਮਲਾ ਮੁੜ ਵਿਚਾਰ ਦੇ ਲਈ ਵਾਪਸ ਭੇਜਿਆ ਜਾਣਾ ਇਕ ਗੰਭੀਰ ਮਾਮਲਾ ਹੁੰਦਾ ਹੈ ਅਤੇ ਉਸਦੀ ਉਪੇਖਿਆ ਕਰਨਾ ਆਸਾਨ ਨਹੀਂ ਹੈ।

ਦੂਜਿਆਂ ਮਾਮਲਿਆਂ ਵਿਚ ਰਾਸ਼ਟਰਪਤੀ ਦੇ ਅਧਿਕਾਰ ਸਪਸ਼ਟ ਹਨ। ਧਾਰਾ 111 ਦੇ ਤਹਿਤ ਜਦ ਕੋਈ ਬਿਲ ਉਨ੍ਹਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਨੂੰ ਇਸ ਨਾਲ ਅਸਹਿਮਤੀ ਜਤਾਉਣ ਦਾ ਅਧਿਕਾਰ ਹੈ, ਅਤੇ ਜੇਕਰ ਉਹ ਚਾਹੁਣ ਤਾਂ ਇਸਨੂੰ ਸੰਸਦ ਨੂੰ ਮੁੜ ਵਿਚਾਰ ਦੇ ਲਈ ਵਾਪਸ ਵੀ ਭੇਜ ਸਕਦੇ ਹਨ। ਜੇਕਰ ਦੋਨੋਂ ਸਦਨ ਇਸ ਨੂੰ ਫਿਰ ਪਾਸ ਕਰ ਦਿੰਦੇ ਹਨ ਅਤੇ ਉਨ੍ਹਾਂ ਦੇ ਕੋਲ ਦੁਬਾਰਾ ਭੇਜ ਦਿੰਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਸਹਿਮਤੀ ਦੇਣੀ ਹੀ ਪੈਂਦੀ ਹੈ। ਪ੍ਰੰਤੂ ਧਨ ਸੰਬੰਧੀ ਬਿਲ ਦੇ ਬਾਰੇ ਵਿਚ ਉਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਹੈ। ਕੁਝ ਮਿਲਾ ਕੇ ਉਨ੍ਹਾਂ ਨੂੰ ਵੀਟੋ ਦਾ ਅਸੀਮਤ ਅਧਿਕਾਰ ਨਹੀਂ ਹੈ।

1978 ਵਿਚ ਕੀਤੇ ਗਏ 44ਵੇਂ ਸੰਸ਼ੋਧਨ ਦੇ ਅਨੁਸਾਰ ਇਹ ਸਪਸ਼ਟ ਕੀਤਾ ਗਿਆ ਹੈ ਕਿ ਰਾਸ਼ਟਰਪਤੀ ਤਦ ਹੀ ਆਪਾਤਕਾਲ ਦੀ ਘੋਸ਼ਣਾ ਕਰ ਸਕਦਾ ਹੈ ਜਦ ਇਸ ਸੰਬੰਧ ਵਿਚ ਮੰਤਰੀਮੰਡਲ ਦਾ ਲਿਖਤ ਨਿਰਣੇ ਉਨ੍ਹਾਂ ਨੂੰ ਪ੍ਰਾਪਤ ਹੋਵੇ। ਆਪਾਤਕਾਲ ਦੇ ਦੌਰਾਨ ਵੀ ਉਨ੍ਹਾਂ ਨੂੰ ਮੰਤਰੀਮੰਡਲ ਦੀ ਸਲਾਹ ਉੱਤੇ ਹੀ ਕੰਮ ਕਰਨਾ ਹੋਵੇਗਾ। ਇਹ ਬਿਲਕੁਲ ਸਪਸ਼ਟ ਹੈ ਕਿ ਰਾਸ਼ਟਰਪਤੀ ਦੇ ਲਗਭਗ ਸਾਰੇ ਹੀ ਅਧਿਕਾਰਾਂ, ਉੱਚਤਰ ਅਦਾਲਤਾਂ ਦੇ ਜੱਜਾਂ ਦੀ ਨਿਯੁਕਤੀ, ਗਵਰਨਰਾਂ, ਰਾਜਦੂਤਾਂ, ਐਟਾਰਨੀ ਜਨਰਲ, ਭਾਰਦ ਤੇ ਕਾਂਪਟ੍ਰੋਲਰ ਅਤੇ ਆਡਿਟਰ ਜਨਰਲ, ਆਦਿ ਦੀ ਨਿਯੁਕਤੀ, ਜਿਹੇ ਅਧਿਕਾਰਾਂ ਸਮੇਤ ਹੋਰਾਂ ਦਾ ਉਪਯੋਗ ਮੰਤਰੀਮੰਡਲ ਦੀ ਸਲਾਹ ਉੱਤੇ ਹੀ ਹੋ ਸਕਦਾ ਹੈ। ਸਸ਼ਤਰ ਸੈਨਾਵਾਂ ਦੇ ਸੁਪ੍ਰੀਮ ਕਮਾਂਡਰ ਦੇ ਰੂਪ ਵਿਚ ਅਤੇ ਸੰਸਦ ਦੇ ਅਧਿਵੇਸ਼ਨ ਨਹੀਂ ਹੋਣ ਦੀ ਸਥਿਤੀ ਵਿਚ ਅਧਿਆਦੇਸ਼ ਲਾਗੂ ਕਰਨ ਦੇ ਉਨ੍ਹਾਂ ਦੇ ਅਧਿਕਾਰਾਂ ਉੱਤੇ ਵੀ ਇਹੀ ਗਲ ਲਾਗੂ ਹੁੰਦੀ ਹੈ।

ਰਾਸ਼ਟਰਪਤੀ ਦੀ ਚੋਣ ਪੰਜ ਸਾਲਾਂ ਦੇ ਲਈ ਹੁੰਦੀ ਹੈ। ਉਨ੍ਹਾਂ ਨੂੰ ਫਿਰ ਤੋਂ ਚੁਣਿਆ ਜਾ ਸਕਦਾ ਹੈ। ਉਨ੍ਹਾਂ ਨੂੰ ਸੰਵਿਧਾਨ ਦੇ ਉਲੰਘਣ ਦੇ ਆਰੋਪ ਵਿਚ ਹਟਾਇਆ ਵੀ ਜਾ ਸਕਦਾ ਹੈ। ਉਨ੍ਹਾਂ ਦੀ ਚੋਣ ਸੰਸਦ ਦੇ ਦੋਨੋਂ ਸਦਨਾਂ ਦੇ ਚੁਣੇ ਹੋਏ ਪ੍ਰਤੀਨਿਧੀਆਂ, ਅਤੇ ਰਾਜ ਅਸੈਂਬਲੀਆਂ ਦੇ ਮੈਂਬਰਾਂ ਦੁਆਰਾ ਏਕਲ ਹਸਤਾਂਤਰਣ ਵੋਟ ਦੇ ਜਰੀਏ ਸਮਾਨੁਪਾਤਿਕ ਪ੍ਰਤੀਨਿਧੀਤਵ ਦੇ ਆਧਾਰ ਉੱਤੇ ਹੁੰਦਾ ਹੈ। ਹਰੇਕ ਐਮ.ਪੀ. ਜਾਂ ਐਮ.ਐਲ.ਏ. ਦੇ ਕੋਲ ਏਕਲ ਹਸਤਾਂਤਰਣ ਵੋਟ ਹੁੰਦਾ ਹੈ ਜਿਸਦਾ ਮੁੱਲ ਉਸਦੇ ਦੁਆਰਾ ਪ੍ਰਤੀਨਿਧੀਤਵ ਕੀਤੇ ਜਾਣ ਵਾਲੀ ਜਨਸੰਖਿਆ ਉੱਤੇ ਆਧਾਰਤ ਹੁੰਦਾ ਹੈ।

**ਉਪਰਾਸ਼ਟਰਪਤੀ (Vice-President)**

ਜੇਕਰ ਰਾਸ਼ਟਰਪਤੀ ਦੀ ਮੌਤ ਆਪਣੇ ਕਾਰਜਕਾਲ ਦੇ ਦੌਰਾਨ ਹੁੰਦੀ ਹੈ, ਜਾਂ ਉਹ ਆਪਣੀ ਗੈਰਹਾਜਰੀ, ਬਿਮਾਰੀ, ਹਟਾਏ ਜਾਣ ਜਾਂ ਅਸਤੀਫਾ ਦੇਣ ਦੇ ਕਾਰਨ ਆਪਣੇ ਕੰਮ ਸੰਪਾਦਿਤ ਕਰਨ ਵਿਚ ਅਸਮਰਥ ਹੋਵੇ, ਤਾਂ ਧਾਰਾ 65 ਦੇ ਅਨੁਸਾਰ ਉਪਰਾਸ਼ਟਰਪਤੀ ਰਾਸ਼ਟਰਪਤੀ ਦੇ ਰੂਪ ਵਿਚ ਕੰਮ ਕਰਣ ਲਗਦੇ ਹਨ। ਅਜਿਹਾ ਦੋ ਮੌਕਿਆਂ ਉੱਤੇ ਹੋਇਆ-ਜਦ ਡਾ. ਜਾਕਿਰ ਹੁਸੈਨ ਅਤੇ ਫਖਰੂਦੀਨ ਅਲੀ ਅਹਿਮਦ ਦੀ ਆਪਣੇ ਕਾਰਜਕਾਲ ਵਿਚ ਹੀ ਮੌਤ ਹੋ ਗਈ, ਤਾਂ ਉਪਰਾਸ਼ਟਰਪਤੀ ਵੀ.ਵੀ. ਗਿਰੀ ਅਤੇ ਬੀ.ਡੀ. ਜਰਤੀ ਨੂੰ ਕੰਮ ਦਾ ਭਾਰ ਸੰਭਾਲਣਾ ਪਿਆ। ਇਸ ਲਈ, ਉਪਰਾਸ਼ਟਰਪਤੀ ਦੀ ਚੋਣ ਬਹੁਤ ਸਾਵਧਾਨੀ ਨਾਲ ਕੀਤੀ ਜਾਣੀ ਚਾਹੀਦੀ ਹੈ। ਸਮਾਨ ਸਥਿਤੀ ਵਿਚ, ਉਪਰਾਸ਼ਟਰਪਤੀ ਦਾ ਮੁੱਖ ਕਾਰਜ ਰਾਜਸਭਾ ਦੇ ਮੁਖੀ ਦੀ ਜਿੰਮੇਵਾਰੀ ਸੰਭਾਲਣਾ ਹੁੰਦਾ ਹੈ। ਉਨ੍ਹਾਂ ਦੀ ਚੋਣ ਸੰਸਦ ਦੇ ਦੋਨਾਂ ਸਦਨਾ ਦੁਆਰਾ ਪੰਜ ਸਾਲਾਂ ਦੇ ਲਈ ਹੁੰਦੀ ਹੈ। ਪ੍ਰੰਤੂ ਉਹ ਕਿਸੇ ਵੀ ਵਿਧਾਇਕਾ ਤੇ ਮੈਂਬਰ ਨਹੀਂ ਹੁੰਦੇ।

ਨੋਟਸ ਆਮ ਸਥਿਤੀ ਵਿਚ, ਉਪਰਾਸ਼ਟਰਪਤੀ ਦਾ ਮੁੱਖ ਕੰਮ ਰਾਜਸਭਾ ਦੇ ਮੁਖੀ ਦੀ ਜਿੰਮੇਵਾਰੀ ਸੰਭਾਲਣਾ ਹੁੰਦਾ ਹੈ।

ਨੋਟ

**ਮੰਤਰੀ ਪਰਿਸ਼ਦ ਅਤੇ ਪ੍ਰਧਾਨਮੰਤਰੀ (Council of Minister nd Prime Minster)**

ਸੰਵਿਧਾਨ ਦੇ ਤਹਿਤ ਵਾਸਤਵਿਕ ਕਾਰਜਕਾਰਣੀ ਸੰਬੰਧੀ ਅਧਿਕਾਰ ਪ੍ਰਧਾਨਮੰਤਰੀ ਦੀ ਅਗਵਾਈ ਵਿਚ ਲੋਕਸਭਾ ਵਿਚ ਬਹੁਮਤ ਵਾਲੀ ਪਾਰਟੀ ਦਾ ਨੇਤਾ ਹੋਵੇ। ਜੇਕਰ ਕਿਸੇ ਪਾਰਟੀ ਨੂੰ ਸਪਸ਼ਟ ਬਹੁਮਤ ਪ੍ਰਾਪਤ ਨਹੀਂ ਹੈ ਤਾਂ ਐਸੇ ਵਿਅਕਤੀ ਨੂੰ ਨਿਯੁਕਤ ਕੀਤਾ ਜਾਂਦਾ ਹੈ ਜਿਸਨੂੰ ਲੋਕਸਭਾ ਦੇ ਜ਼ਿਆਦਾਤਰ ਮੈਂਬਰ ਦਾ ਵਿਸ਼ਵਾਸ ਪ੍ਰਾਪਤ ਹੋਵੇ। ਦੂਜੇ ਮੰਤਰੀ ਪ੍ਰਧਾਨਮੰਤਰੀ ਦੁਆਰਾ ਚੁਣੇ ਜਾਂਦੇ ਹਨ ਅਤੇ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਮੰਤਰੀਆਂ ਦਾ ਸੰਸਦ ਦਾ ਮੈਂਬਰ ਹੋਣਾ ਜ਼ਰੂਰੀ ਨਹੀਂ ਹੈ, ਪ੍ਰੰਤੂ ਉਨ੍ਹਾਂ ਨੂੰ ਨਿਯੁਕਤੀ ਦੇ ਛੇ ਮਹੀਨੇ ਦੇ ਅੰਦਰ ਹੀ ਕਿਸੇ ਇਕ ਸਦਨ ਦਾ ਮੈਂਬਰ ਚੋਣ ਜਾਂ ਮਨੋਨਯਨ ਦੇ ਜਰੀਏ ਹੋਣਾ ਜਰੂਰੀ ਹੈ। ਮੰਤਰੀਪਰਿਸ਼ਦ ਸਮੂਹਕ ਰੂਪ ਵਿਚ ਲੋਕਸਭਾ ਦੇ ਪ੍ਰਤੀ ਜ਼ਿੰਮੇਵਾਰ ਹੁੰਦੀ ਹੈ। ਜੇਕਰ ਉਹ ਲੋਕਸਭਾ ਦਾ ਵਿਸ਼ਵਾਸ ਗੁਆ ਲੈਂਦੀ ਹੈ ਤਾਂ ਉਸਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਨਹਿਰੂ ਦੇ ਸ਼ਬਦਾਂ ਵਿਚ ਪ੍ਰਧਾਨਮੰਤਰੀ "ਸਰਕਾਰ ਦਾ ਕੇਂਦਰ ਬਿੰਦੂ" ਹੁੰਦਾ ਹੈ। ਲਗਭਗ ਸਾਰੇ ਅਧਿਕਾਰ ਰਾਸ਼ਟਰਪਤੀ ਵਿਚ ਓਪਚਾਰਕ ਤੌਰ ਤੇ ਨਿਹਿਤ ਹੁੰਦੇ ਹੋਏ ਵੀ ਵਾਸਤਵ ਵਿਚ ਪ੍ਰਧਾਨਮੰਤਰੀ ਦੁਆਰਾ ਪ੍ਰਯੁਕਤ ਹੁੰਦੇ ਹਨ। ਰਾਸ਼ਟਰਪਤੀ, ਮੰਤਰੀਮੰਡਲ ਅਤੇ ਸੰਸਦ ਦੇ ਵਿਚ ਕੜੀ ਹੁੰਦਾ ਹੈ। ਭਾਰਤ ਵਿਚ ਪ੍ਰਧਾਨਮੰਤਰੀ ਦੇ ਪਦ ਨੇ ਕਾਫੀ ਮਹੱਤਵ ਹਾਸਲ ਕਰ ਲਿਆ ਹੈ। ਇਸਦਾ ਅੰਸ਼ਿਕ ਕਾਰਣ ਹੈ ਜਵਾਹਰਲਾਲ ਨਹਿਰੂ ਦਾ ਪ੍ਰਧਾਨਮੰਤਰੀ ਹੋਣਾ, ਜੋ ਲਗਭਗ ਸਤਾਰਾਂ ਸਾਲਾਂ ਤਕ ਇਸ ਪਦਵੀ ਤੇ ਬਣੇ ਰਹੇ। ਉਨ੍ਹਾਂ ਦੀ ਪ੍ਰਤਿਸ਼ਠਾ ਅਤੇ ਸੰਮਾਨ ਇੰਨਾ ਜ਼ਿਆਦਾ ਸੀ ਕਿ ਉਸਦਾ ਕੁਝ ਪ੍ਰਭਾਵ ਆਪਣੇ ਆਪ ਪਦਵੀ ਉੱਤੇ ਵੀ ਪਿਆ। ਚੋਣਾਂ ਵਿਚ ਆਪਣੀ ਜਿੱਤ ਅਤੇ 1971 ਦੇ ਬੰਗਲਾ ਦੇਸ਼ ਯੁੱਧ ਦੇ ਬਾਅਦ ਇੰਦਰਾ ਗਾਂਧੀ ਇੰਨੀ ਸ਼ਕਤੀਸ਼ਾਲੀ ਬਣ ਗਈ ਸੀ ਕਿ ਰਾਜਨੀਤਿਕ ਪ੍ਰਣਾਲੀ ਵਿਚ ਪ੍ਰਧਾਨਮੰਤਰੀ ਪਦ ਨੇ ਅਤਿਅੰਤ ਮਹੱਤਵ ਦੀ ਸਥਿਤੀ ਧਾਰਨ ਕਰ ਲਈ। ਪ੍ਰਧਾਨਮੰਤਰੀ ਨੂੰ ਮੰਤਰੀਆਂ ਦੀ ਚੋਣ ਜਾਂ ਉਨ੍ਹਾਂ ਦੀ ਬਰਖਾਸਤਗੀ ਦੇ ਪੂਰਨ ਅਧਿਕਾਰ ਹਨ। ਇਸ ਨਾਲ ਪ੍ਰਧਾਨਮੰਤਰੀ ਨੂੰ ਦੂਜਿਆਂ ਦੇ ਉੱਤੇ ਵੱਡੇ ਪੈਮਾਨੇ ਉੱਤੇ ਅਧਿਕਾਰ ਮਿਲਦੇ ਹਨ।

ਸੰਵਿਧਾਨ ਵਿਚ ਮੰਤਰੀਆਂ ਦੀ ਵਿਭਿੰਨ ਸ਼੍ਰੇਣੀਆਂ ਦਾ ਉਲੇਖ ਨਹੀਂ ਕੀਤਾ ਗਿਆ ਹੈ, ਜਿਵੇਂ-ਮੰਤਰੀਮੰਡਲ-ਸਤਰੀ ਮੰਤਰੀ, ਰਾਜ ਮੰਤਰੀ ਅਤੇ ਉਪਮੰਤਰੀ। ਹਾਂ, ਧਾਰਾ 352 ਵਿਚ ਅਵੱਸ਼ ਹੀ ਮੰਤਰੀਮੰਡਲ ਨੂੰ ਕੈਬਿਨੇਟ ਪੱਧਰ ਦੇ ਮੰਤਰੀਆਂ ਦੀ ਪਰਿਸ਼ਦ ਦਸਿਆ ਗਿਆ ਹੈ। ਇਹ ਮੰਤਰੀ ਨਿਅਮਿਤ ਰੂਪ ਵਿਚ ਪ੍ਰਧਾਨਮੰਤਰੀ ਦੇ ਸਭਾਪਤੀਤਵ ਵਿਚ ਕੈਬਿਨੇਟ ਦੀ ਬੈਠਕਾਂ ਵਿਚ ਹਿੱਸਾ ਲੈਂਦੇ ਹਨ। ਸਾਰੇ ਮਹੱਤਵ ਦੇ ਨਿਰਣੇ ਕੈਬਿਨੇਟ ਦੀ ਬੈਠਕਾਂ ਵਿਚ ਲਏ ਜਾਂਦੇ ਹਨ।

ਸੰਵਿਘਾਨ ਵਿਚ ਰਾੱਜਿਆਂ ਦੇ ਸਮਾਨ ਕੇਂਦਰ ਵਿਚ ਸੰਵੈਧਾਨਿਕ ਮਸ਼ੀਨਰੀ ਦੇ ਬਿਖਰਣ ਦੀ ਇਜਾਜ਼ਤ ਨਹੀਂ ਦਿਤੀ ਗਈ ਹੈ ਅਤੇ ਪ੍ਰਤੱਖ ਰਾਸ਼ਟਰਪਤੀ ਸ਼ਾਸਨ ਦੀ ਵੀ ਨਹੀਂ। ਕੇਂਦਰ ਦਾ ਸ਼ਾਸਨ ਹਮੇਸ਼ਾ ਹੀ ਮੰਤਰੀਪਰਿਸ਼ਦ ਦੇ ਹੱਥਾਂ ਵਿਚ ਰਹੇਗਾ। ਵਿਸ਼ਵਾਸ ਮਤ ਗੁਵਾ ਦੇਣ ਅਤੇ ਮੰਤਰੀਪਰਿਸ਼ਦ ਦੇ ਅਸਤੀਫੇ ਦੇ ਬਾਵਜੂਦ ਰਾਸ਼ਟਰਪਤੀ ਉਸ ਨਾਲ ਤਦ ਤਕ ਬਣੇ ਰਹਿਣ ਦੀ ਬੇਨਤੀ ਕਰਦੇ ਹਨ ਜਦੋਂ ਤਕ ਨਵੇਂ ਮੰਤਰੀਮੰਡਲ ਦਾ ਗਠਨ ਨਹੀਂ ਹੋ ਜਾਂਦਾ।

ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ 17 ਅਪ੍ਰੈਲ 1999 ਨੂੰ ਵਿਸ਼ਵਾਸ ਮਤ ਗੁਆ ਦਿਤਾ। ਇਸ ਸਰਕਾਰ ਨੇ ਕੰਮਚਲਾਊ ਸਰਕਾਰ ਦੇ ਰੂਪ ਵਿਚ ਕੰਮ ਕਰਨ ਤੋਂ ਇਨਕਾਰ ਕਰ ਦਿਤਾ, ਜਿਵੇਂ ਕਿ ਹੁਣ ਤਕ ਹੀ ਪਰੰਪਰਾ ਸੀ। ਫਲਸਰੂਪ ਇਕ ਨਵਾਂ ਸੰਵੈਧਾਨਿਕ ਵਿਵਾਦ ਪੈਦਾ ਹੋ ਗਿਆ। ਵਿਰੋਧੀ ਪਾਰਟੀਆਂ ਦੁਆਰਾ ਵਿਰੋਧ ਦੇ ਬਾਵਜੂਦ ਸਰਕਾਰ ਨੇ ਇਸ ਬਿਨੈ ਤੇ ਕੰਮਚਲਾਊ ਸਰਕਾਰ ਦਾ ਵਿਚਾਰ ਅਸਵੀਕਾਰ ਕਰ ਦਿੱਤਾ ਕਿ ਸੰਵਿਧਾਨ ਵਿਚ ਇਸਦਾ ਕੋਈ ਪ੍ਰਾਵਧਾਨ ਨਹੀਂ ਹੈ। ਇਸ ਉੱਤੇ ਵਿਵਾਦ ਹੋ ਸਕਦਾ ਹੈ ਕਿ ਇਹ ਤਰਕ ਇਕ ਸਥਾਪਤ ਪਰੰਪਰਾ ਦੀ ਅਣਦੇਖੀ ਕਰਦਾ ਹੈ ਅਤੇ ਸਵਾਰਥ ਪ੍ਰੇਰਿਤ ਹੈ। ਮੁਖ ਚੋਣ ਆਯੁਕਤ ਨੇ ਸਰਕਾਰ ਨੂੰ ਸਲਾਹ ਦਿਤੀ ਕਿ ਉਹ ਇਸ ਗਲ ਦਾ ਧਿਆਨ ਰੱਖੇ ਕਿ ਦੇਸ਼ ਚੋਣ-ਸਨਮੁਖ ਹੋ ਚੁਕਾ ਹੈ ਹਾਲਾਂਕਿ ਵਾਸਤਵਿਕ ਚੋਣ ਤਿਆਰੀ ਦਾ ਸਮਾਂ ਅਜੇ ਆਰੰਭ ਨਹੀਂ ਹੋਇਆ ਹੈ।ਪ੍ਰੰਤੂ ਇਸ ਸਲਾਹ ਉੱਤੇ ਕੋਈ ਧਿਆਨ ਨਹੀਂ ਦਿੱਤਾ ਗਿਆ। (ਹਾਲਾਂਕਿ ਲੋਕਸਭਾ ਅਪ੍ਰੈਲ 1999 ਵਿਚ ਭੰਗ ਕੀਤੀ ਗਈ, ਮਾਨਸੂਨ ਦੇ ਕਾਰਣ ਅਤੇ ਵੋਟਰ ਲਿਸਟਾਂ ਦੇ ਸੋਧ ਲਈ ਨਵੇਂ ਚੋਣ ਸਤੰਬਰ ਜਾਂ ਅਕਤੂਬਰ ਤਕ ਮੁਲਤਵੀ ਕਰ ਦਿਤੇ ਗਏ।) ਲੋਕਸਭਾ ਭੰਗ ਕੀਤੇ ਜਾਣ ਦੇ ਤੁਰੰਤ ਬਾਅਦ 3 ਮਈ, 1999 ਨੂੰ ਸਚਿਵ ਪਦ ਦੇ ਅੱਠ ਅਫਸਰ (ਜੋ ਅਫਸਰਾਂ ਦੀ ਪ੍ਰਣਾਲੀ ਵਿਚ ਉੱਚ ਪਦਵੀ ਹੁੰਦੀ ਹੈ) ਅਚਾਨਕ ਸਥਾਨਾਂਤਰਿਤ ਕਰ ਦਿਤੀਆਂ ਗਈਆਂ। ਇਨ੍ਹਾਂ ਵਿਚ ਗ੍ਰਹਿ ਸਚਿਵ ਵੀ ਸ਼ਾਮਲ ਸਨ, ਜੋ ਕਾਨੂੰਨ ਅਤੇ ਵਿਵਸਥਾ ਦੇ ਲਈ ਜ਼ਿੰਮੇਵਾਰ ਹੁੰਦੇ ਹਨ। ਮਹੱਤਵਪੂਰਣ ਪਰੰਪਰਾਵਾਂ ਵਿਚੋਂ ਇਕ ਦੇ ਅਨੁਸਾਰ ਚੋਣ ਦੀ ਘੋਸ਼ਣਾ ਕਰ ਦਿੱਤੇ ਜਾਣ ਉੱਤੇ ਅਫਸਰਾਂ ਦੀ ਬਦਲੀ ਨਹੀਂ ਕੀਤੀ ਜਾ ਸਕਦੀ। ਦੁਖ ਦੀ ਗਲ ਇਹ ਹੈ ਕਿ ਸੰਵਿਧਾਨ ਦੇ ਅਖਰਾਂ ਦਾ ਸਹਾਰਾ ਸੰਵੈਧਾਨਿਕ ਵਿਵਹਾਰ ਖਤਮ ਕਰਨ ਦੇ ਉਦੇਸ਼ ਤੋਂ ਲਿਆ ਜਾ ਰਿਹਾ ਹੈ।

**ਸੰਸਦ (Parliament)**

ਭਾਰਤੀ ਸੰਸਦ ਦੇ ਦੋ ਸਦਨ ਹੁੰਦੇ ਹਨ-ਉੱਪਰੀ ਸਦਨ ਰਾਜਸਭਾ ਜਾਂ ਰਾਜਾਂ ਦੀ ਪਰਿਸ਼ਦ ਹੈ, ਅਤੇ ਨਿਚਲੀ ਸਦਨ ਲੋਕਸਭਾ ਦਾ ਜਨਤਾ ਦਾ ਸਦਨ ਹੈ। ਰਾਜਸਭਾ ਵਿਚ 250 ਮੈਂਬਰ ਹੁੰਦੇ ਹਨ। ਇਨ੍ਹਾਂ ਵਿਚੋਂ 238 ਦੀ ਚੋਣ ਰਾਜ ਵਿਧਾਨਸਭਾਵਾਂ ਦੇ ਚੁਣੇ ਮੈਂਬਰ ਏਕਲ ਹਸਤਾਂਤਰਣ ਵੋਟ ਪ੍ਰਣਾਲੀ ਦੇ ਤਹਿਤ ਸਮਾਨੁਪਾਤਿਕ ਪ੍ਰਤੀਨਿਧੀਤਵ ਦੇ ਆਧਾਰ ਉੱਤੇ ਕਰਦੇ ਹਨ। ਹੋਰ 12 ਦਾ ਮਨੋਨਯਨ ਸਰਕਾਰ ਦੇ ਸੁਝਾਵ ਉੱਤੇ ਰਾਸ਼ਟਰਪਤੀ ਕਰਦੇ ਹਨ। ਉਹ ਵਿਭਿੰਨ ਕਾਰਜ ਖੇਤਰਾਂ ਦਾ ਪ੍ਰਤੀਨਿਧੀਤਵ ਕਰਦੇ ਹਨ, ਜਿਵੇਂ ਸਿਖਿਆ, ਸਮਾਜਕ ਕਾਰਜ, ਮੀਡੀਆ, ਖੇਡਾਂ ਆਦਿ। ਰਾਜਸਭਾ ਦੇ ਇਕ-ਤਿਹਾਈ ਮੈਂਬਰ ਹਰ ਦੋ ਸਾਲਾਂ ਉੱਤੇ ਰਿਟਾਇਰ ਹੋ ਜਾਂਦੇ ਹਨ। ਪ੍ਰੰਤੂ ਮੈਂਬਰਾਂ ਦਾ ਕਾਰਜ ਕਾਲ ਛੇ ਸਾਲਾਂ ਦੇ ਲਈ ਹੁੰਦਾ ਹੈ। ਇਸ ਪ੍ਰਕਾਰ, ਰਾਜਸਭਾ ਇਕ ਸਥਾਈ ਸੰਸਥਾ ਹੈ।

ਭਾਰਤ ਦੇ ਉਪਰਾਸ਼ਟਰਪਤੀ ਰਾਜਸਭਾ ਮੁਖੀ ਹੁੰਦੇ ਹਨ। ਸਭਾ ਦੇ ਮੈਂਬਰ ਆਪਣੇ ਵਿਚੋਂ ਹੀ ਇਕ ਉਪਰਾਸ਼ਟਰਪਤੀ ਦੀ ਚੋਣ ਕਰਦੇ ਹਨ।

ਲੋਕਸਭਾ ਦੀ ਚੋਣ ਜਨਤਾ ਦੁਆਰਾ ਪੰਜ ਸਾਲਾਂ ਤਕ ਹੁੰਦੀ ਹੈ। ਇਸਨੂੰ ਇਸਦਾ ਕਾਰਜ ਕਾਲ ਖਤਮ ਹੋਣ ਤੋਂ ਪਹਿਲਾਂ ਵੀ ਭੰਗ ਕੀਤਾ ਜਾ ਸਕਦਾ ਹੈ। ਆਪਾਤਕਾਲ ਦੇ ਦੌਰਾਨ ਲੋਕਸਭਾ ਦਾ ਕਾਰਜ ਕਾਲ ਇਕ ਵਾਰ ਵਿਚ ਇਕ ਸਾਲ ਦੇ ਲਈ ਵਧਾਇਆ ਜਾ ਸਕਦਾ ਹੈ, ਪ੍ਰੰਤੂ ਆਪਾਤਕਾਲ ਦੀ ਸਮਾਪਤੀ ਤੋਂ ਬਾਅਦ ਛੇ ਮਹੀਨਿਆਂ ਤੋਂ ਜ਼ਿਆਦਾ ਦੇ ਲਈ ਨਹੀਂ। ਵਾਸਤਵ ਵਿਚ, ਲੋਕਸਭਾ ਦਾ ਕਾਰਜ ਕਾਲ ਸਿਰਫ ਇਕ ਹੀ ਵਾਰ, 1976 ਵਿਚ, ਇਕ ਸਾਲ ਦੇ ਲਈ ਵਧਾਇਆ ਗਿਆ ਸੀ, ਜਦ ਪ੍ਰਧਾਨਮੰਤਰੀ ਇੰਦਰਾ ਗਾਂਧੀ ਨੇ ਆਪਾਤਕਾਲ ਦੀ ਘੋਸ਼ਣਾ ਕੀਤੀ ਸੀ।

ਅਠਾਰਾਂ ਸਾਲ ਦੀ ਉਮਰ ਦੇ ਜਾਂ ਉਸ ਤੋਂ ਜ਼ਿਆਦਾ ਉਮਰ ਵਾਲੇ ਸਾਰੇ ਨਾਗਰਿਕ ਵੋਟ ਦੇਣ ਦੇ ਅਧਿਕਾਰੀ ਹਨ। ਜਿੱਤਿਆ ਉਮੀਦਵਾਰ ਉਹ ਹੁੰਦਾ ਹੈ ਜੋ "ਦੌੜ ਵਿਚ ਸਭ ਤੋਂ ਅੱਗੇ" ਹੁੰਦਾ ਹੈ, ਅਰਥਾਤ ਜਿਸਨੂੰ ਸਭ ਤੋਂ ਜ਼ਿਆਦਾ ਵੋਟ ਮਿਲਦੇ ਹਨ। ਅਜਿਹਾ ਕੋਈ ਨਿਯਮ ਨਹੀਂ ਹੈ ਕਿ ਜਿੱਤਣ ਵਾਲੇ ਉਮੀਦਾਵਾਰ ਨੂੰ ਘੱਟ ਤੋਂ ਘੱਟ 50 ਪ੍ਰਤੀਸ਼ਤ ਵਟੋ ਮਿਲਣ ਹੀ, ਜਿਵੇਂ ਕਿ ਕਈ ਦੇਸ਼ਾਂ ਵਿਚ ਹੁੰਦਾ ਹੈ। ਕਈ ਸਿਆਣਿਆਂ ਦਾ ਮਤ ਹੈ ਕਿ ਇਹ ਪ੍ਰਣਾਲੀ ਅਪਣਾਈ ਜਾਣੀ ਚਾਹੀਦੀ ਹੈ ਤਾਂਕਿ ਚੁਣੇ ਹੋਏ ਉਮੀਦਵਾਰ ਦਾ ਸਰੂਪ ਜ਼ਿਆਦਾ ਪ੍ਰਤੀਨਿਧੀ ਹੋਵੇ ਅਤੇ ਉਹ ਆਪਣੇ ਵੋਟ ਬੈਂਕ ਤੋਂ ਜ਼ਿਆਦਾ ਵਿਆਪਕ ਤਬਕਿਆਂ ਦੀ ਤਰਫ ਧਿਆਨ ਦੇਵੇ। ਸਾਡੀ ਪ੍ਰਣਾਲੀ ਵਿਚ ਸਮਾਨੁਪਾਤਿਕ ਪ੍ਰਤੀਨਿਧੀਤਵ ਦਾ ਸਥਾਨ ਨਹੀਂ ਹੈ।

ਮਤਦਾਤਾ ਖੇਤਰ ਭੋਗੋਲਿਕ ਆਧਾਰ ਉੱਤੇ ਹੁੰਦੀ ਹੈ, ਜਿਨ੍ਹਾਂ ਦਾ ਇਕ ਮੈਂਬਰੀ ਪ੍ਰਤੀਨਿਧੀਤਵ ਹੁੰਦਾ ਹੈ। ਇਹ ਖੇਤਰ ਰਾਜਾਂ ਵਿਚ ਜਨਸੰਖਿਆ ਦੇ ਅਨੁਪਾਤ ਵਿਚ ਬਣਾਏ ਜਾਂਦੇ ਹਨ। ਇਨ੍ਹਾਂ ਵਿਚ ਕੁਝ ਜਨਜਾਤੀਆਂ ਅਤੇ ਆਦੀਵਾਸੀਆਂ ਦੇ ਲਈ ਰਾਜ ਦੀ ਜਨਸੰਖਿਆ ਵਿਚ ਉਨ੍ਹਾਂ ਦੇ ਅਨੁਪਾਤ ਵਿਚ ਸੁਰਖਿਅਤ ਰਖੀ ਜਾਂਦੀ ਹੈ। ਇਸ ਪ੍ਰਕਾਰ ਜੇਕਰ ਆਂਧਰ ਪ੍ਰਦੇਸ਼ ਦੀ ਜਨਸੰਖਿਆ ਦਾ 40 ਪ੍ਰਤੀਸ਼ਤ ਜਨਜਾਤੀਆਂ ਅਤੇ 10 ਪ੍ਰਤੀਸ਼ਤ ਆਦੀਵਾਸੀਆਂ ਦਾ ਹੈ, ਜੋ ਰਾਜ ਤੋਂ ਲੋਕਸਭਾ ਦੀ 40 ਪ੍ਰਤੀਸ਼ਤ ਸੀਟਾਂ ਉੱਤੇ ਸਿਰਫ ਜਨਜਾਤੀਆਂ ਦੇ ਉਮੀਦਵਾਰ ਅਤੇ 10 ਪ੍ਰਤੀਸ਼ਤ ਉੱਤੇ ਸਿਰਫ ਆਦੀਵਾਸੀ ਉਮੀਦਵਾਰ ਹੀ ਚੋਣ ਲੜ ਸਕਦੇ ਹਨ। ਪ੍ਰੰਤੂ ਉਨ੍ਹਾਂ ਦੇ ਮਤਦਾਤਾ ਅਲਗ ਨਹੀਂ ਹੋਣਗੇ, ਉਸ ਖੇਤਰ ਵਿਚ ਰਹਿਣ ਵਾਲੀ ਸਾਰੀ ਜਨਤਾ ਉਨ੍ਹਾਂ ਨੂੰ ਚੁਣੇਗੀ। ਆਜ਼ਾਦੀ ਤੋਂ ਪਹਿਲਾਂ ਦੀ ਸਥਿਤੀ ਦੇ ਸਮਾਨ ਉਨ੍ਹਾਂ ਦੇ ਲਈ ਅਲਗ ਮਤਦਾਤਾ ਨਹੀਂ ਹਨ।

ਹਾਲ ਦੇ ਸਾਲਾਂ ਵਿਚ ਇਕ-ਤਿਹਾਈ ਮਤਦਾਤਾ ਖੇਤਰਾਂ ਨੂੰ ਔਰਤਾਂ ਦੇ ਲਈ ਆਰਕਸ਼ਿਤ ਕਰਣ ਸੰਬੰਧ ਦਬਾਅ ਵਧ ਰਿਹਾ ਹੈ। ਇਸ ਸੰਬੰਧ ਵਿਚ ਇਕ ਬਿਲ ਸੰਸਦ ਵਿਚ 1998 ਵਿਚ ਪੇਸ਼ ਵੀ ਕੀਤਾ ਗਿਆ ਸੀ। ਲੇਕਿਨ ਇਹ ਵਿਭਿੰਨ ਜਾਤੀਗਤ ਅਤੇ ਧਰਮਗਤ ਦਲਬੰਦੀਆਂ ਦੇ ਦਾਵਿਆਂ ਤੇ ਵਿਰੋਧੀ ਦਾਵਿਆਂ ਵਿਚ ਫਸਿਆ ਹੋਇਆ ਹੈ। ਉਹ ਆਰਕਸ਼ਣ ਦੇ ਅੰਦਰ ਆਰਕਸ਼ਣ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਨਹੀਂ ਤੇ ਸਿਰਫ ਉੱਚੀ ਜਾਤੀਆਂ ਦੇ ਤਬਕੇ ਦੀ ਹਿੰਦੂ ਇਸਤਰੀਆਂ ਹੀ ਇਸਤਰੀਆਂ ਦੇ ਲਈ ਆਰਕਸ਼ਿਤ ਸੀਟਾਂ ਉੱਤੇ ਕਬਜ਼ਾ ਕਰ ਲੈਣਗੀਆਂ। ਅੰਤਿਮ ਨਤੀਜਾ ਚਾਹੇ ਜੋ ਹੋਵੇ, ਵਿਵਾਦ ਨੇ ਸਪਸ਼ਟ ਰੂਪ ਨਾਲ ਆਰਕਸ਼ਣ ਦੇ ਸਿਧਾਂਤ ਦਾ ਆਂਤਰਿਕ ਵਿਕਾਸ ਸ੍ਰੋਤ ਦਰਸਾਇਆ ਹੈ।

ਉਦੇਸ਼ ਚਾਹੇ ਕਿੰਨਾ ਹੀ ਚੰਗਾ ਹੋਵੇ, ਸਿਧਾਂਤ-ਰੂਪ ਵਿਚ ਸਵੀਕਾਰ ਕੀਤੇ ਜਾਣ ਉੱਤੇ ਉਨ੍ਹਾਂ ਅਧਿਕਾਰ ਦੇ ਲਈ ਹੋਰਨਾਂ ਗਰੁੱਪਾਂ ਦੇ ਦਾਵਿਆਂ ਦੀ ਅਣਦੇਖੀ ਨਹੀਂ ਕੀਤਾ ਜਾ ਸਕਦੀ। ਆਰਕਸ਼ਣ ਦਾ ਅਨੁਭਵ ਦਰਸਾਉਂਦਾ ਹੈ ਕਿ ਇਸਨੂੰ ਵਾਪਸ ਲੈਣਾ ਲਗਭਗ ਅਸੰਭਵ ਹੈ। ਸੰਵਿਧਾਨ ਵਿਚ ਆਰਕਸ਼ਣ ਨੂੰ ਦਸ ਸਾਲਾਂ ਦਾ ਅਲਪਕਾਲਿਕ ਪ੍ਰਾਵਧਾਨ ਰਖਿਆ ਗਿਆ ਹੈ। ਕਿਸੀ ਵੀ ਸਰਕਾਰ ਨੇ ਇਸਨੂੰ ਹਰ ਵਾਰ ਦਸ ਸਾਲਾਂ ਦੇ ਲਈ ਵਧਾਉਣ ਦਾ ਵਿਰੋਧ ਨਹੀਂ ਕੀਤਾ ਹੈ। ਫਲਸਰੂਪ, ਹੁਣ ਤਕ ਇਸਨੂੰ ਪੰਜਾਹ ਸਾਲਾਂ ਤਕ ਦੇ ਲਈ ਵਧਾਇਆ ਜਾ ਚੁਕਾ ਹੈ ਉਲਟੇ, ਆਰਕਸ਼ਣ ਦੀ ਮੰਗ ਅਤੇ ਸਵੀਕ੍ਰਿਤੀ ਵਿਚ ਵਾਧਾ ਹੀ ਹੋਇਆ ਹੈ। ਆਰਕਸ਼ਣ ਕੁਝ ਗਰੁਪ-ਪਛਾਣਾਂ ਨੂੰ ਬਣਾਈ ਰਖਦਾ ਹੈ। ਵਰਤਮਾਨ ਰਾਜਨੀਤਿਕ ਹਾਲਤਾਂ ਵਿਚ ਇਹ ਪ੍ਰਸ਼ਨ ਕਠਿਨ ਹੈ ਕਿ ਆਰਕਸ਼ਣ ਸੰਵਿਧਾਨ ਵਿਚ ਨਿਹਿਤ ਨਾਗਰਿਕਤਾ ਦੇ ਲਈ ਬਾਧਕ ਹੈ ਜਾਂ ਨਹੀਂ। ਅਧਿਕਾਰ ਵੰਚਿਤ ਸਮੁਦਾਏ ਅਤੇ ਉਨ੍ਹਾਂ ਦੇ ਨੇਤਾ ਸਮਝਦੇ ਹਨ ਕਿ ਆਰਕਸ਼ਣ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ। ਇਹ ਸ਼ਾਇਦ ਇਸ ਲਈ ਕਿ ਐਸੇ ਸਮੁਦਾਏ/ਗਰੁਪਾਂ ਦੇ ਸਪਸ਼ਟ ਅਤੇ ਮੁਖਰ ਸਾਰਿਆਂ ਦੇ ਲਈ ਉਪਰ ਉਠਣ ਦਾ ਆਸਾਨ ਮੌਕਾ ਮਿਲਦਾ ਹੈ। ਸ਼ਾਇਦ ਇਸ ਲਈ ਵੀ ਕਿ ਭਵਿਖ ਦੀ ਅਸਪਸ਼ਟ ਚੀਜ ਦੇ ਬਜਾਏ ਸਾਹਮਣੇ ਚੀਜ਼ ਹਾਸਲ ਕਰਨਾ ਜ਼ਿਆਦਾ ਆਸਾਨ ਹੈ।

ਲੋਕਸਭਾ ਦੀ ਵਧ ਤੋਂ ਵਧ ਸੀਟਾਂ 552 ਹੁੰਦੀਆਂ ਹਨ। ਇਨ੍ਹਾਂ ਵਿਚੋ 550 ਭੋਗੋਲਿਕ ਮਤਦਾਤਾ ਖੇਤਰ ਹਨ, ਅਤੇ ਦੋ ਐਂਗਲੋ-ਇੰਡੀਅਨ ਸਮੁਦਾਏ ਦੇ ਮਨੋਨੀਤ ਮੈਂਬਰ ਹੁੰਦੇ ਹਨ। ਮੈਂਬਰਾਂ ਦੀ ਉਮਰ ਘੱਟ ਤੋਂ ਘੱਟ ਪੱਚੀ ਸਾਲ ਹੋਣੀ ਚਾਹੀਦੀ। ਲੋਕਸਭਾ ਦੇ ਮੁਖੀ ਵਜੋਂ ਸੇਵਾ ਸਪੀਕਰ ਕਰਦੇ ਹਨ, ਅਤੇ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਉਪ-ਮੁਖੀ ਜਾਂ ਡਿਪਟੀ ਸਪੀਕਰ। ਦੋਵਾਂ ਹੀ ਦੀ ਚੋਣ ਮੈਂਬਰਾਂ ਦੇ ਵਿਚੋਂ ਹੀ ਹੁੰਦੀ ਹੈ। ਪਰੰਪਰਾ ਦੇ ਅਨੁਸਾਰ ਸਪੀਕਰ ਦਾ ਪਦ ਬਹੁਮਤਵਾਲੀ ਪਾਰਟੀ ਨੂੰ ਜਾਂਦਾ ਹੈ, ਅਤੇ ਡਿਪਟੀ ਸਪੀਕਰ ਦਾ ਵਿਰੋਧੀ ਪੱਖ ਨੂੰ। ਫਿਰ ਵੀ, ਹਾਲ ਦੇ ਸਾਲਾਂ ਵਿਚ ਖੰਡਿਤ ਚੋਣ ਨਤੀਜਿਆਂ ਅਤੇ ਸਰਕਾਰ ਦੇ ਅੰਦਰ ਤੇ ਬਾਹਰੀ ਵਿਰੋਧੀ ਗੁਟਾਂ ਦੇ ਦਾਵਿਆਂ ਨੇ ਸਥਾਪਤ ਪਰੰਪਰਾਵਾਂ ਉਲਟ ਕਰ ਦਿਤੀਆਂ ਹਨ। ਹੁਣ ਤਕ ਸਪੀਕਰ ਅਤੇ ਡਿਪਟੀ ਸਪੀਕਰ ਦੀ ਚੋਣ ਨੂੰ ਵਿਵਾਦ ਤੋਂ ਦੂਰ ਰਖਿਆ ਜਾਂਦਾ ਸੀ। ਤਾਂਕਿ ਉਸਦੀ ਤਸਵੀਰ ਪੱਖਪਾਤ ਤੋਂ ਰਹਿਤ ਹੋਵੇ। ਸਪੀਕਰ ਅਜਿਹਾ ਵਿਅਕਤੀ ਹੋਵੇ ਜਿਸ ਵਿਚ ਕਾਫੀ ਯੋਗਤਾ ਤੇ ਪ੍ਰਭਾਵ ਹੋਵੇ, ਜਿਨ੍ਹਾਂ ਦਾ ਪ੍ਰਯੋਗ ਉਹ ਸਦਨ ਵਿਚ ਕਰ ਸਕਣ। ਲੇਕਿਨ 1998

ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਪਹਿਲੇ ਤਾਂ ਸਾਰਿਆਂ ਦੁਆਰਾ ਸਮਰਥਿਤ ਕਾਂਗਰਸ ਉਮੀਦਵਾਰ ਪੀ.ਏ. ਸੰਗਮਾ ਦੇ ਸਮਰਥਨ ਦਾ ਵਾਇਦਾ ਕੀਤਾ। ਪ੍ਰੰਤੂ ਬਾਅਦ ਵਿਚ ਆਪਣੇ ਇਕ ਘਟਕ ਦਲ ਤੇਲੁਗੂ ਦੇਸ਼ਮ ਪਾਰਟੀ ਨੂੰ ਖੁਸ਼ ਕਰਨ ਦੇ ਲਈ ਇਕ ਅਣਜਾਣ ਉਮੀਦਵਾਰ ਬਾਲਯੋਗੀ ਨੂੰ ਚੁਣਿਆ। ਇਹ ਦੁਰਭਾਗਪੂਰਣ ਹੈ, ਕਿਉਂਕਿ ਸੰਵਿਧਾਨ ਨੇ ਸਪੀਕਰ ਨੂੰ ਭਾਰੀ ਜਿੰਮੇ ਵਾਰੀਆਂ ਸੌਂਪੀਆਂ ਹਨ–ਲੋਕਸਭਾ ਦੇ ਅੰਦਰ ਇਸ ਨਾਲ ਸੰਬੰਧਤ ਸਾਰਿਆਂ ਮਸਲਿਆਂ ਉੱਤੇ ਸਪੀਕਰ ਦਾ ਨਿਰਣੇ ਅੰਤਿਮ ਹੁੰਦਾ ਹੈ।

ਸੰਸਦ ਨੂੰ ਵਿਆਪਕ ਵੈਧਾਨਿਕ ਅਧਿਕਾਰ ਹੈ, ਅਤੇ ਬਿਲ ਕਿਸੀ ਵੀ ਸਦਨ ਵਿਚ ਪੇਸ਼ ਕੀਤੇ ਜਾ ਸਕਦੇ ਹਨ। ਕਾਨੂੰਨ ਬਣਨ ਦੇ ਲਈ ਬਿਲ ਨੂੰ ਦੋਵਾਂ ਸਦਨਾਂ ਵਿਚ ਪਾਸ ਕਰਨਾ ਅਤੇ ਉਸਨੂੰ ਰਾਸ਼ਟਰਪਤੀ ਦਾ ਅਨੁਮੋਦਨ ਮਿਲਣਾ ਜਰੂਰੀ ਹੈ। ਰਾਸ਼ਟਰਪਤੀ, ਜੇਕਰ ਜਰੂਰੀ ਸਮਝੇ ਤਾਂ, ਬਿਲ ਸੰਸਦ ਜਾਂ ਸਰਕਾਰ ਨੂੰ ਵਾਪਸ ਮੁੜ ਵਿਚਾਰ ਦੇ ਲਈ ਭੇਜ ਸਕਦੇ ਹਨ।ਪ੍ਰੰਤੂ ਜੇ ਉਹ ਦੁਬਾਰਾ ਪਾਰਿਤ ਕਰ ਦਿੱਤਾ ਗਿਆ ਹੈ ਤਾਂ ਰਾਸ਼ਟਰਪਤੀ ਉਸਨੂੰ ਅਨੁਮੋਦਿਤ ਕਰਨ ਤੋਂ ਨਹੀਂ ਰੋਕ ਸਕਦੇ। ਪ੍ਰੰਤੂ ਧਨ-ਸੰਬੰਧੀ ਬਿਲ ਪਹਿਲੇ ਲੋਕਸਭਾ ਵਿਚ ਪੇਸ਼ ਕੀਤਾ ਜਾਣਾ ਚਾਹੀਦਾ ਅਤੇ ਉਸਨੂੰ ਰਾਸ਼ਟਰਪਤੀ ਦਾ ਅਨੁਮੋਦਨ ਪ੍ਰਾਪਤ ਹੋਣਾ ਚਾਹੀਦਾ ਹੈ। ਉਸਨੂੰ ਫਿਰ ਰਾਜਸਭਾ ਭੇਜਿਆ ਜਾਂਦਾ ਹੈ, ਅਤੇ ਜੇਕਰ ਚੋਦ੍ਹਾਂ ਦਿਨਾਂ ਦੇ ਅੰਦਰ ਵਾਪਸ ਨਹੀਂ ਕੀਤਾ ਜਾਂਦਾ, ਤਾਂ ਪਾਸ ਹੋਇਆ ਮੰਨ ਲਿਆ ਜਾਂਦਾ ਹੈ। ਧਨ–ਸੰਬੰਧੀ ਬਿਲਾਂ ਦੇ ਬਾਰੇ ਵਿਚ ਰਾਜਸਭਾ ਦੇ ਸੁਝਾਅ ਲੋਕਸਭਾ ਮੰਨਣ ਨੂੰ ਮਜਬੂਰ ਨਹੀਂ ਹੈ।

ਇਸ ਪ੍ਰਕਾਰ ਸੰਵਿਧਾਨ ਨੇ ਸੰਸਦ ਨੂੰ ਬਹੁਤ ਸਨਮਾਨਜਨਕ ਸਥਾਨ ਪ੍ਰਦਾਨ ਕੀਤਾ ਹੈ, ਅਤੇ ਇਸੀ ਦੇ ਅਨੁਰੂਪ ਇਸਦੇ ਮੈਂਬਰਾਂ ਨੂੰ ਸੁਵਿਧਾਵਾਂ ਪ੍ਰਦਾਨ ਕੀਤੀਆਂ ਹਨ। ਦੁਰਭਾਗ ਨਾਲ ਹਾਲ ਦੇ ਸਾਲਾਂ ਵਿਚ ਕੁਝ ਮੈਂਬਰਾਂ ਅਤੇ ਪਾਰਟੀਆਂ ਦਾ ਵਿਵਹਾਰ ਸੰਸਦ ਦੇ ਸਨਮਾਨ ਤੋਂ ਕਾਫੀ ਨੀਵਾਂ ਰਿਹਾ ਹੈ ਜਿਸ ਨਾਲ ਵਿਧਾਨ ਨਿਰਮਾਣ ਦੀ ਪ੍ਰਕ੍ਰਿਆ ਵਿਚ ਰੋਕ ਹੁੰਦੀ ਹੈ। ਉਸ ਵਿਚ ਅਨਰਥਕ ਵਾਕ ਆਉਟ, ਸ਼ੋਰ ਸ਼ਰਾਬਾ, ਇਥੋਂ ਤਕ ਕਿ ਸ਼ਰੀਰਕ ਗੁੱਥਮਗੁੱਥੀ ਤੱਕ ਹੋਏ ਹਨ। ਇਸ ਨਾਲ ਜਨ ਆਕ੍ਰੋਸ਼ ਵਧਿਆ ਹੈ, ਅਤੇ ਇਹ ਭਾਵਨਾ ਫੈਲੀ ਹੈ ਕਿ ਸੰਸਦ ਟੈਕਸ ਦੇਣ ਵਾਲਿਆਂ ਦੇ ਲਈ ਬਹੁਤ ਵੱਡੀ ਬਰਬਾਦੀ ਹੈ।

### ਧਰਮਨਿਰਪੱਖ ਰਾਜ (Secular State)

ਸੰਵਿਧਾਨ ਭਾਰਤ ਨੂੰ ਇਕ ਸਾਰਵਭੌਮ, ਸਮਾਜਵਾਦੀ, ਧਰਮ ਨਿਰਪੇਖ ਅਤੇ ਜਨਤਾਂਤਰਿਕ ਗਣਤੰਤਰ ਘੋਸ਼ਿਤ ਕਰਦਾ ਹੈ। ਹਾਲਾਂਕਿ 'ਧਰਮਨਿਰਪੱਖ' ਅਤੇ 'ਸਮਾਜਵਾਦੀ' ਸ਼ਬਦ 1976 ਵਿਚ 42ਵੇਂ ਸੰਸ਼ੋਧਨ ਦੇ ਜਰੀਏ ਜੋੜੇ ਗਏ ਸਨ, ਸੰਵਿਧਾਨ ਦੀ ਆਤਮਾ ਧਰਮਨਿਰਪੱਖ ਸੀ। 1973 ਵਿਚ ਸੁਪ੍ਰੀਮ ਕੋਰਟ ਨੇ ਸੰਵਿਧਾਨ ਦੇ ਧਰਮਨਿਰਪੱਖ ਚਰਿਤ੍ਰ ਨੂੰ ਇਸਦੇ ਮੂਲ ਲੱਛਣਾਂ ਵਿਚ ਇਕ ਦਸਿਆ। ਇਸਦੇ ਅਲਾਵਾ ਇਸ ਵਿਚ ਮੂਲਭੂਤ ਅਧਿਕਾਰਾਂ ਵਿਚ ਧਰਮ ਦੇ ਆਧਾਰ ਉੱਤੇ ਭੇਦਭਾਵ ਤੇ ਰੋਕ, ਆਸਥਾ ਦੀ ਆਜਾਦੀ ਸਮੇਤ ਧਾਰਮਿਕ ਆਜਾਦੀ, ਧਰਮ ਦਾ ਪ੍ਰਚਾਰ ਅਤੇ ਵਿਵਹਾਰ, ਧਾਰਮਿਕ ਮਾਮਲਿਆਂ ਦਾ ਪ੍ਰਬੰਧਨ, ਕਿਸੇ ਵੀ ਧਰਮ ਨੂੰ ਵਾਧਾ ਦੇਣ ਦੇ ਲਈ ਟੈਕਸ ਆਜ਼ਾਦੀ, ਕੁਝ ਸਿਖਿਆ ਸੰਸਥਾਨਾਂ ਵਿਚ ਧਾਰਮਿਕ ਪੂਜਾ ਜਾਂ ਧਾਰਮਿਕ ਉਪਦੇਸ਼ ਵਿਚ ਹਿੱਸਾ ਲੈਣਾ, ਘੱਟ ਗਿਣਤੀ ਦੇ ਹਿਤਾਂ ਦੀ ਰਖਿਆ ਅਤੇ ਉਨ੍ਹਾਂ ਦੁਆਰਾ ਆਪਣੀਆਂ ਸਿਖਿਅਕ ਸੰਸਥਾਵਾਂ ਸਥਾਪਤ ਅਤੇ ਪ੍ਰਬੰਧਤ ਕਰਨ ਸਮੇਤ ਸਾਂਸਕ੍ਰਿਤਕ ਅਤੇ ਸਿਖਿਅਕ ਅਧਿਕਾਰ ਸ਼ਾਮਲ ਹੈ।

ਭਾਰਤੀ ਸੰਦਰਭ ਵਿਚ ਧਰਮਨਿਰਪੱਖ ਦੇ ਅਰਥ ਉੱਤੇ ਗਰਮਾਗਰਮ ਬਹਿਸ ਹੁੰਦੀ ਰਹੀ ਹੈ। ਕੁਝ ਦਾ ਕਹਿਣਾ ਹੈ ਕਿ ਪੱਛਮ ਵਿਚ, ਜਿਥੋਂ ਇਹ ਸ਼ਬਦ ਲਿਆ ਗਿਆ, ਇਸਦਾ ਮਤਲਬ ਕਾਫੀ ਭਿੰਨ ਹੈ। ਪੱਛਮ ਵਿਚ ਚਰਚ ਅਤੇ ਰਾਜ ਦੇ ਵਿਚ ਸੰਘਰਸ਼ ਦੇ ਫਲਸਰੂਪ ਦੋਵੇਂ ਅਲਗ ਹੋ ਗਏ। ਚਰਚ ਨੂੰ ਧਾਰਮਿਕ ਮਾਮਲੇ ਤੈਅ ਕਰਨ ਦਾ ਅਧਿਕਾਰ ਮਿਲਿਆ, ਜਦਕਿ ਰਾਜ ਗੈਰ ਧਾਰਮਿਕ ਮਾਮਲੇ ਤੈਅ ਕਰਨ ਲਗਾ। ਭਾਰਤ ਵਿਚ, ਧਰਮਨਿਰਪੱਖ ਸੰਪਰਦਾਇਕ ਤਾਕਤਾਂ ਦੇ ਖਿਲਾਫ ਰਾਸ਼ਟਰਵਾਦੀ ਤਾਕਤਾਂ ਦੇ ਸੰਘਰਸ਼ ਦੇ ਸੰਦਰਭ ਵਿਚ ਵਿਕਸਿਤ ਹੋਈ। ਇਹ ਸੰਪਰਦਾਇਕ ਤਾਕਤਾਂ ਧਰਮ ਦਾ ਪ੍ਰਯੋਗ ਰਾਜਨੀਤਿਕ ਉਦੇਸ਼ਾਂ ਦੇ ਲਈ ਕਰਨਾ ਚਾਹੁੰਦੀਆਂ ਸਨ, ਅਤੇ ਇਸ ਪ੍ਰਕਾਰ ਉਭਰਦੇ ਰਾਸ਼ਟਰ ਨੂੰ ਧਰਮ ਦੇ ਅਧਾਰ ਉੱਤੇ ਵੰਡਣਾ ਚਾਹੁੰਦੀਆਂ ਸਨ। ਜਿਵੇਂ ਕਿ ਨਹਿਰੂ ਨੇ ਬਹੁਤ ਸਹੀ ਕਿਹਾ ਹੈ–

ਅਸੀ ਆਪਣੇ ਰਾਜ ਨੂੰ ਧਰਮਨਿਰਪੱਖ ਕਹਿੰਦੇ ਹਾਂ। 'ਧਰਮਨਿਰਪੱਖ' ਸ਼ਬਦ ਸ਼ਾਇਦ ਪੂਰੀ ਤਰ੍ਹਾਂ ਉਚਿਤ ਨਹੀਂ ਹੈ, ਪ੍ਰੰਤੂ ਬੇ ਹਤਰ ਸ਼ਬਦ ਦੇ ਅਭਾਵ ਵਿਚ ਅਸੀਂ ਇਸੇ ਦਾ ਪ੍ਰਯੋਗ ਕਰ ਰਹੇ ਹਾਂ। ਇਸ ਦਾ ਅਰਥ ਕੀ ਹੈ? ਸਪਸ਼ਟ ਹੈ, ਇਸਦਾ ਅਰਥ ਸਮਾਜ ਵਿਚ ਧਰਮ ਦੇ ਪ੍ਰਤੀ ਉਦਾਸੀਨਤਾ ਪੈਦਾ ਕਰਨਾ ਨਹੀਂ ਹੈ। ਇਸਦਾ ਮਤਲਬ ਹੈ, ਧਰਮ ਅਤੇ ਆਸਥਾ ਦੀ ਆਜ਼ਾਦੀ ਨੂੰ ਵਾਧਾ ਦੇਣਾ। ਇਨ੍ਹਾਂ ਵਿਚ ਉਨ੍ਹਾਂ ਦੀ ਆਜਾਦੀ ਸ਼ਾਮਲ ਹੈ ਜੋ ਧਰਮ ਨਹੀਂ ਮੰਨਦੇ। ਇਸਦਾ ਮਤਲਬ ਹੈ ਸਾਰੇ ਧਰਮਾਂ ਨੂੰ ਪੂਰੀ ਆਜਾਦੀ, ਬਸ ਸ਼ਰਤ ਇਹ ਹੈ ਕਿ ਉਹ ਇਕ ਦੂਜੇ ਦੇ ਮਾਮਲਿਆਂ ਵਿਚ ਅਤੇ ਸਾਡੇ ਰਾਜ ਦੀ ਮੂਲ ਮਾਨਤਾਵਾਂ ਵਿਚ ਹਸਤਖੇਪ ਨਾ ਕਰਨ।

ਡਾ. ਐਸ. ਰਾਧਾਕ੍ਰਿਸ਼ਨਨ ਨੇ, ਜੋ ਭਾਰਤੀ ਦਰਸ਼ਨ ਦੇ ਪ੍ਰਸਿੱਧ ਵਿਦਵਾਨ ਅਤੇ 1962 ਤੋਂ 1967 ਤਕ ਭਾਰਤ ਦੇ ਰਾਸ਼ਟਰਪਤੀ ਰਹੇ, ਧਰਮਨਿਰਪੇਖਤਾ ਦੇ ਭਾਰਤੀ ਸੰਦਰਭ ਵਿਚ ਕਿਹਾ–

ਅਸੀਂ ਇਹ ਮੰਨਦੇ ਹਾਂ ਕਿ ਕਿਸੇ ਵੀ ਧਰਮ ਨੂੰ ਪ੍ਰਾਥਮਿਕਤਾ ਨਹੀਂ ਦਿਤੀ ਜਾਣੀ ਚਾਹੀਦੀ... ਨਾਗਰਿਕਾਂ ਦੇ ਕਿਸੇ ਵੀ ਦਲ ਨੂੰ ਉਹ ਅਧਿਕਰ ਅਤੇ ਵਿਸ਼ੇਸ਼ਾਧਿਕਾਰ ਨਹੀਂ ਮਿਲਣੇ ਚਾਹੀਦੇ ਜਿਸ ਨਾਲ ਉਹ ਦੂਜਿਆਂ ਨੂੰ ਵੰਚਿਤ ਰਖਦਾ ਹੈ। ਧਰਮ ਦੇ ਆਧਾਰ

ਉੱਤੇ ਕਿਸੀ ਵੀ ਵਿਅਕਤੀ ਦੇ ਪ੍ਰਤੀ ਨਾ ਭੇਦਭਾਵ ਵਰਤਿਆ ਜਾਣਾ ਚਾਹੀਦਾ ਹੈ ਅਤੇ ਨਾ ਹੀ ਉਸ ਨੂੰ ਨੁਕਸਾਨ ਪਹੁੰਚਾਇਆ ਜਾਣਾ ਚਾਹੀਦਾ ਹੈ। ਸਾਰਿਆਂ ਨੂੰ ਸਮਾਨ ਜੀਵਨ ਦਾ ਪੂਰਾ ਹਕ ਹੋਣਾ ਚਾਹੀਦਾ... ਅਜਿਹੀ ਧਰਮਨਿਰਪੱਖਤਾ ਭਾਰਤੀ ਦੀ ਪ੍ਰਾਚੀਨ ਧਾਰਮਿਕ ਪਰੰਪਰਾ ਦੇ ਅਨੁਕੂਲ ਹੈ।

ਧਰਮਨਿਰਪੱਖਤਾ ਦੇ ਪ੍ਰਤੀ ਨਹਿਰੂ ਦੀ ਪ੍ਰਤੀਬਧਤਾ ਅਤੁਲ ਅਤੇ ਸਰਵਾਂਗੀਣ ਸੀ। ਉਹ ਆਪਣੀ ਪੂਰੀ ਹੋਂਦ ਨਾਲ ਸੰਪਰਦਾਇਕਤਾ ਨਾਲ ਨਫਰਤ ਕਰਦੇ ਸਨ ਅਤੇ ਆਪਣੀ ਪੂਰੀ ਜ਼ਿੰਦਗੀ ਸਾਰੀ ਤਾਕਤ ਲਗਾ ਕੇ ਉਸ ਨਾਲ ਲੜਦੇ ਰਹੇ। ਉਨ੍ਹਾਂ ਨੇ ਧਰਮਨਿਰਪੇਖਤਾ ਦੀ ਜੜਾਂ ਨੂੰ ਭਾਰਤੀ ਜਨਤਾ ਦੇ ਵਿਚ ਫੈਲਾਇਆ ਅਤੇ ਉਸ ਸਮੇਂ ਫੈਲਦੀ ਹੋਈ ਸੰਪਰਦਾਇਕ ਅੱਗ ਨੂੰ ਪਿਛੇ ਧਕੇਲਣ ਵਿਚ ਕਾਮਯਾਬ ਹੋਏ। ਜਦ ਧਾਰਮਿਕ ਉਨਮਾਦ ਫੈਲਾਉਣ ਦੇ ਲਈ ਇਕ ਮਾਹੌਲ ਤਿਆਰ ਹੋ ਗਿਆ ਸੀ। ਹਾਲਾਂਕਿ ਉਹ ਸਾਰੇ ਮੁੱਦਿਆਂ ਉੱਤੇ ਆਮ ਸਹਿਮਤੀ ਅਤੇ ਸਮਝੌਤੇ ਦੇ ਪੱਖ ਵਿਚ ਸਨ, ਪਰੰਤੂ ਸੰਪਰਦਾਇਕਤਾ ਇਕ ਅਜਿਹਾ ਮੁੱਦਾ ਸੀ ਜਿਸ ਉੱਤੇ ਉਹ ਕਦੀ ਕੋਈ ਸਮਝੌਤਾ ਨਹੀਂ ਕਰ ਸਕਦੇ ਸੀ। ਜਿਵੇਂ ਕਿ 1950 ਵਿਚ ਉਨ੍ਹਾਂ ਨੇ ਕਿਹਾ, "ਸੰਪਰਦਾਇਕਤਾ ਉੱਤੇ ਕਿਸੇ ਵੀ ਸਮਝੌਤੇ ਦਾ ਅਰਥ ਆਪਣੇ ਸਿਧਾਂਤਾ ਦੀ ਤਿਲਾਂਜਲੀ ਅਤੇ ਭਾਰਤੀ ਸਵਾਧੀਨਤਾ ਦੇ ਮਕਸਦ ਨਾਲ ਗੱਦਾਰੀ ਦੇ ਅਲਾਵਾ ਹੋਰ ਕੁਝ ਨਹੀਂ ਹੋ ਸਕਦਾ।"

ਭਾਰਤ ਦੀ ਖਾਸ ਪਰਿਸਥਿਤੀਆਂ ਦਾ ਧਿਆਨ ਰਖਦੇ ਹੋਏ, ਨਹਿਰੂ ਨੇ ਧਰਮਨਿਰਪੱਖਤਾ ਨੂੰ ਦੋਹਰੇ ਅਰਥਾਂ ਵਿਚ ਪਰਿਭਾਸ਼ਤ ਕੀਤਾ ਯਾਨੀ ਇਕ ਤਰਫ ਰਾਜ, ਰਾਜਨੀਤੀ ਅਤੇ ਸਿਖਿਆ ਨੂੰ ਧਰਮ ਤੋਂ ਅਲਗ ਰਖਣਾ ਅਤੇ ਧਰਮ ਨੂੰ ਵਿਅਕਤੀ ਦਾ ਨਿਜੀ ਮਾਮਲਾ ਬਣਾਉਣਾ ਤੇ ਦੂਜੀ ਤਰਫ ਸਾਰਿਆਂ ਧਰਮਾਂ ਲਈ ਸਮਾਨ ਆਦਰਭਾਵ ਦਿਖਾਉਣਾ ਅਤੇ ਉਨ੍ਹਾਂ ਦੇ ਅਨੁਯਾਈਆਂ ਨੂੰ ਸਮਾਨ ਅਵਸਰ ਉਪਲਬਧ ਕਰਾਉਣਾ। ਉਨ੍ਹਾਂ ਨੇ ਸੰਪਰਦਾਇਕਤਾ ਨੂੰ ਪਰਿਭਾਸ਼ਤ ਕਰਦੇ ਹੋਏ ਇਸ ਨੂੰ ਇਕ ਅਜਿਹਾ ਵਿਚਾਰਧਾਰਾ ਦਸਿਆ ਜੋ "ਹਿੰਦੂ, ਮੁਸਲਮਾਨ, ਸਿੱਖ ਜਾਂ ਇਸਾਈ ਨੂੰ ਸਮਰੂਪ ਸਮੂਹ ਮੰਨ ਕੇ ਰਾਜਨੀਤਿਕ ਅਤੇ ਆਰਥਿਕ ਮਾਮਲਿਆਂ ਦੀ ਵਿਆਖਿਆ ਕਰਦੀ ਹੈ, ਇਕ ਧਾਰਮਿਕ ਸਮੂਹ ਨੂੰ ਦੂਜੇ ਧਾਰਮਿਕ ਸਮੂਹਾਂ ਦੇ ਖਿਲਾਫ ਭੜਕਾ ਕੇ ਨਫਰਤ ਫੈਲਾਉਂਦੀ ਹੈ।"

ਨਹਿਰੂ ਉਨ੍ਹਾਂ ਪਹਿਲੇ ਵਿਅਕਤੀਆਂ ਵਿਚੋਂ ਸਨ ਜਿਨ੍ਹਾਂ ਨੇ ਸੰਪਰਦਾਇਕਤਾ ਦੀ ਸਮਾਜਿਕ-ਆਰਥਿਕ ਜੜਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਉਹ ਇਸ ਵਿਸ਼ਵਾਸ ਤੇ ਪਹੁੰਚੇ ਸੀ ਕਿ ਇਹ ਮੁਖ ਤੌਰ ਤੇ ਪ੍ਰਤੀਕ੍ਰਿਆਵਾਦੀਆਂ ਦਾ ਹਥਿਆਰ ਹੈ, ਹਾਲਾਂਕਿ ਇਸਦਾ ਸਮਾਜਕ ਆਧਾਰ ਮੁਖ ਮੱਧਵਰਗੀ ਹੀ ਹੈ। ਅਵਤਾਰ ਦੇ ਰੂਪ ਵਿਚ ਪਰਿਭਾਸ਼ਤ ਕੀਤਾ। ਉਨ੍ਹਾਂ ਦੇ ਅਨੁਸਾਰ ਦੂਜੀ ਤਰਫ ਧਰਮਨਿਰਪੇਖਤਾ ਜਨਵਾਦ ਦੀ ਮੂਲਭੂਤ ਅਤੇ ਜਰੂਰੀ ਪੂਰਵ ਸ਼ਰਤ ਹਨ। ਨਹਿਰੂ ਕਿਸੇ ਵੀ ਤਰ੍ਹਾਂ, ਹਿੰਦੂ, ਮੁਸਲਿਮ, ਸਿੱਖ ਜਾਂ ਇਸਾਈ ਸੰਪਰਦਾਅ ਵਿਚ ਕੋਈ ਅੰਤਰ ਨਹੀਂ ਕਰਦੇ ਸੀ। ਉਨ੍ਹਾਂ ਦੇ ਮੁਤਾਬਕ ਇਹ ਸਾਰੇ ਇਕ ਹੀ ਵਿਚਾਰਧਾਰਾ ਦੇ ਵਿਭਿੰਨ ਰੂਪ ਹਨ ਅਤੇ ਇਸਲਈ ਇਨ੍ਹਾਂ ਸਾਰਿਆਂ ਦਾ ਇਕ ਸਾਥ ਵਿਰੋਧ ਕਰਨਾ ਚਾਹੀਦਾ ਹੈ। ਜਿਥੇ ਉਹ ਇਸ ਗਲ ਦੇ ਪ੍ਰਤੀ ਪੂਰੀ ਤਰ੍ਹਾਂ ਸਪਸ਼ਟ ਸਨ ਕਿ ਘੱਟ ਗਿਣਤੀ ਨੂੰ ਪੂਰੀ ਸੁਰਖਿਆ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਡਰ ਨੂੰ ਦੂਰ ਕਰਨਾ ਚਾਹੀਦਾ ਹੈ, ਉਥੇ ਉਹ ਘੱਟ ਗਿਣਤੀ ਦੀ ਸੰਪਰਦਾਇਕਤਾ ਦਾ ਵੀ ਉਂਨਾ ਵਿਰੋਧ ਕਰਦੇ ਸਨ ਜਿੰਨੀ ਬਹੁਗਿਣਤੀ ਦੀ ਸੰਪਰਦਾਇਕਤਾ ਦਾ। ਉਨ੍ਹਾਂ ਨੇ ਬਹੁਤ ਤਰਕਿਕ ਅੰਦਾਜ਼ ਵਿਚ ਸਮਝਾਉਂਦੇ ਹੋਏ ਕਿਹਾ ਕਿ ਭਾਰਤ ਵਰਗੇ ਬਹੁ ਧਾਰਮਿਕ ਸਮਾਜ ਵਿਚ ਰਾਸ਼ਟਰੀ ਏਕਤਾ ਸਿਰਫ ਧਰਮਨਿਰਪੇਖਤਾ ਦੇ ਅਧਾਰ ਉੱਤੇ ਬਣ ਸਕਦੀ ਹੈ ਅਤੇ ਇਸ ਲਈ ਸੰਪਰਦਾਇਕਤਾ ਸਾਫ ਤੌਰ ਉੱਤੇ ਰਾਸ਼ਟਰੀ ਏਕਤਾ ਦੀ ਦੁਸ਼ਮਣ ਅਤੇ ਰਾਸ਼ਟਰ ਵਿਰੋਧੀ ਹੈ।

ਹਾਲਾਂਕਿ ਸੰਪਰਦਾਇਕਤਾ ਦੀ ਸਮਸਿਆ ਦੇ ਪ੍ਰਤੀ ਨਹਿਰੂ ਦੇ ਰਵੱਈਏ ਵਿਚ ਇਕ ਭਾਰੀ ਦੋਸ਼ ਵੀ ਸੀ। ਉਨ੍ਹਾਂ ਵਿਚ ਇਸ ਬਾਰੇ ਵਿੱਚ ਕੁਝ ਹਦ ਤਕ ਆਰਥਿਕ ਵਿਆਖਿਆਵਾਈ, ਯਾਂਤ੍ਰਿਕ, ਜ਼ਿਆਦਾ ਸਰਲਵਾਦੀ ਅਤੇ ਨਿਅਤੀਵਾਦੀ ਝੁਕਾਅ ਮੌਜੂਦ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਨਿਯੋਜਨ ਅਤੇ ਆਰਥਿਕ ਵਿਕਾਸ ਤੇ ਸਿਖਿਆ ਦੇ ਪ੍ਰਸਾਰ ਦੇ ਨਾਲ-ਨਾਲ ਸੰਪਰਦਾਇਕ ਚਿੰਤਕ ਖੁਦ-ਬ-ਖੁਦ ਕਮਜ਼ੋਰ ਹੁੰਦਾ ਚਲਾ ਜਾਏਗਾ ਅਤੇ ਧਰਮਨਿਰਪੇਖ ਚੇਤਨਾ ਦੇ ਨਿਰਮਾਣ ਵਿਚ ਇਹ ਮਦਦਗਾਰ ਸਾਬਤ ਹੋਵੇਗਾ। ਇਸ ਤਰ੍ਹਾਂ ਉਨ੍ਹਾਂ ਨੇ ਵਿਚਾਰਧਾਰਾਤਮਕ ਪੱਧਰ ਉੱਤੇ ਸੰਪਰਦਾਇਕਤਾ ਦੇ ਵਿਰੁਧ ਸੰਘਰਸ਼ ਦੀ ਅਵੇਹਲਨਾ ਕੀਤੀ। ਇਸ ਦਾ ਇਕ ਨਤੀਜਾ ਇਹ ਹੋਇਆ ਕਿ ਉਨ੍ਹਾਂ ਨੇ ਸਿਖਿਆ ਦੇ ਸਾਰ ਤੱਤ ਉੱਤੇ ਅਤੇ ਵਿਗਿਆਨ ਤੇ ਵਿਗਿਆਨਕ ਦ੍ਰਿਸ਼ਟਕੋਣ ਤੋਂ ਜਨਤਾ ਵਿਚ ਪ੍ਰਚਾਰ-ਪ੍ਰਸਾਰ ਉੱਤੇ ਬਹੁਤ ਹੀ ਘੱਟ ਧਿਆਨ ਦਿਤਾ। ਇਸਦੇ ਅਲਾਵਾ ਜਿਥੇ ਉਹ ਕਾਫੀ ਕਾਰਜਸ਼ੀਲ ਸਨ, ਉਥੇ ਉਨ੍ਹਾਂ ਨੇ ਸੰਪਰਦਾਇਕਤਾ ਦੇ ਵਿਸ਼ੇ ਵਿਚ ਆਪਣੀ ਵਿਲੱਖਣ ਸਮਝਦਾਰੀ ਨੂੰ ਆਮ ਜਨਤਾ ਵਿਚ ਪਹੁੰਚਾਉਣ ਲਈ ਕਾਂਗਰਸ ਦਾ ਇਕ ਸੰਗਠਨ ਦੇ ਰੂਪ ਵਿਚ ਇਸਤੇਮਾਲ ਨਹੀਂ ਕੀਤਾ। ਆਪਣੇ ਸਿਧਾਂਤਾਂ ਨਾਲ ਵੀ ਉਸ ਸਮੇਂ ਕੁਝ ਸਮਝੌਤਾ ਕੀਤਾ ਜਦ ਕੇਰਲ ਵਿਚ ਉਨ੍ਹਾਂ ਨੇ ਮੁਸਲਿਮ ਲੀਗ ਅਤੇ ਇਸਾਈ ਸੰਪਰਦਾਇਕ ਦਲਾਂ ਦੇ ਨਾਂਲ 1960 ਦੀਆਂ ਚੋਣਾਂ ਵਿਚ ਕਾਂਗਰਸ ਨੂੰ ਸਮਝੌਤਾ ਕਰਨ ਦੀ ਇਜਾਜਤ ਦਿਤੀ। ਉਹ ਰਾਜ ਸਰਕਾਰਾਂ ਨੂੰ ਸੰਪਰਦਾਇਕ ਹਿੰਸਾ ਫੈਲਾਉਣ ਵਾਲਿਆਂ ਦੇ ਖਿਲਾਫ ਸਖਤ ਪ੍ਰਸ਼ਾਸਨਿਕ ਕਾਰਵਾਈ ਕਰਨ ਦੇ ਲਈ ਵੀ ਤਿਆਰ ਨਹੀਂ ਕਰ ਪਾਏ। ਨਤੀਜੇ ਵਜੋਂ ਵਡੇ ਪੈਮਾਨੇ ਉੱਤੇ ਹੋਣ ਵਾਲੇ ਸੰਪਰਦਾਇਕ ਦੰਗੇ ਦੇ ਕਾਰਨ ਉਨ੍ਹਾਂ ਦੇ ਜੀਵਨ ਦੇ ਅੰਤਿਮ ਦਿਨ ਦੁਖ ਨਾਲ ਭਰੇ ਹੋਏ ਸੀ।

### ਜਨਵਾਦੀ ਗਣਤੰਤਰ (Democratic Republic)

ਭਾਰਤੀ ਜਮੀਨ ਉੱਤੇ ਜਨਵਾਦ ਦੀ ਦ੍ਰਿੜ ਸਥਾਪਨਾ ਇਸ ਹਦ ਤਕ ਸਫਲ ਰਹੀ ਕਿ ਅਜ ਦੇ ਲੋਕ ਅਜਿਹਾ ਮੰਨਣ ਲਗੇ ਹਨ ਕਿ ਹਮੇਸ਼ਾ ਤੋਂ ਭਾਰਤ ਵਿਚ ਜਨਵਾਦ ਇਸੇ ਤਰਾਂ ਸਥਾਪਤ ਸੀ। ਇਸ ਜਨਵਾਦ ਦੀ ਸਥਾਪਨਾ ਦਾ ਸ਼ੁਰੂਆਤ 1947 ਦੇ ਬਾਅਦ

ਨੋਟ

ਸੰਵਿਧਾਨ ਨਿਰਮਾਣ ਪ੍ਰਕ੍ਰਿਆ ਦੇ ਨਾਲ ਹੀ ਆਰੰਭ ਹੋਈ ਅਤੇ 26 ਜਨਵਰੀ 1950 ਨੂੰ ਇਹ ਲਾਗੂ ਕਰ ਦਿੱਤਾ ਗਿਆ। 1951-52 ਦੇ ਦੌਰਾਨ ਹੋਈ ਆਮ ਚੋਣਾਂ ਵਿਚ ਜਨਵਾਦ ਨੇ ਇਕ ਮਹਾਨ ਛਲਾਂਗ ਲਗਾਈ। ਇਹ ਚੋਣਾਂ ਚਾਰ ਮਹੀਨਿਆਂ ਦੇ ਦੌਰਾਨ ਸੰਪਨ ਹੋਈਆਂ। ਇਹ ਚੋਣਾਂ ਪੂਰੀ ਦੁਨੀਆਂ ਵਿਚ ਜਨਵਾਦ ਦੇ ਲਈ ਕੀਤਾ ਗਿਆ ਸਭ ਤੋਂ ਵੱਡਾ ਪ੍ਰਯੋਗ ਸੀ। ਚੋਣਾਂ ਸਰਬ ਵਿਅਸਕ ਮਤਾਧਿਕਾਰ ਦੇ ਆਧਾਰ ਉੱਤੇ ਕਰਵਾਏ ਗਏ, ਜਿਸ ਵਿਚ 21 ਸਾਲ ਤੋਂ ਉੱਤੇ ਦੇ ਸਾਰੇ ਵਿਕਅਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਸੌਂਪਿਆ ਗਿਆ। ਮਤਦਾਤਾਵਾਂ ਦੀ ਕੁਲ ਸੰਖਿਆ 17 ਕਰੋੜ 30 ਲੱਖ ਸੀ। ਜਿਸ ਵਿਚ ਜ਼ਿਆਦਾਤਰ ਲੋਕ ਗਰੀਬ, ਅਨਪੜ੍ਹ ਅਤੇ ਪੇਂਡੂ ਖੇਤਰਾਂ ਤੋਂ ਸੀ। ਇਨ੍ਹਾਂ ਲੋਕਾਂ ਨੂੰ ਚੋਣਾਂ ਦਾ ਪਹਿਲਾਂ ਕੋਈ ਅਨੁਭਵ ਨਹੀਂ ਪ੍ਰਾਪਤ ਸੀ। ਉਸ ਸਮੇਂ ਦਾ ਸਭ ਤੋਂ ਵੱਡਾ ਸਵਾਲ ਇਹੀ ਸੀ ਕਿ ਪਤਾ ਨਹੀਂ ਲੋਕਾਂ ਦੀ ਪ੍ਰਤੀਕ੍ਰਿਆ ਕੀ ਹੋਵੇਗੀ।

ਕਈ ਲੋਕ ਐਸੇ ਮਤਦਾਤਾਵਾਂ ਦੁਆਰਾ ਆਪਣੀ ਵੋਟ ਦਾ ਪ੍ਰਯੋਗ, ਰਾਜਨੀਤਿਕ ਪਕਿਆਈ ਤੇ ਜ਼ਿੰਮੇਵਾਰ ਤਰੀਕੇ ਨਾਲ ਕਰ ਪਾਉਣ ਉੱਤੇ ਸ਼ੰਕਾ ਕਰਦੇ ਸਨ। ਕੁਝ ਲੋਕਾਂ ਦਾ ਕਹਿਣਾ ਸੀ ਕਿ ਭਾਰਤ ਵਰਗੇ ਜਾਤੀ ਵੰਡ ਵਾਲੇ, ਬਹੁ ਧਰਮਾਵਲੰਬੀ, ਅਸਿਖਿਅਤ ਅਤੇ ਪਿਛੜੇ ਸਮਾਜ ਦੇ ਲਈ ਜਨਵਾਦੀ ਚੋਣ ਠੀਕ ਨਹੀ ਜਚਦੇ ਹਨ ਅਤੇ ਐਸੇ ਸਮਾਜ ਵਿਚ ਸਿਰਫ ਉਦਾਰ ਨਿਰੰਕੁਸ਼ਤਾ ਹੀ ਰਾਜਨੀਤਿਕ ਰੂਪ ਨਾਲ ਪ੍ਰਭਾਵਸ਼ਾਲੀ ਵਿਵਸਥਾ ਹੋ ਸਕਦੀ ਹੈ। ਆਗਾਮੀ ਚੋਣਾਂ ਨੂੰ ਕਿਸੇ ਨੇ ਹਨੇਰੇ ਵਿਚ ਛਲਾਂਗ ਕਿਹਾ ਤੇ ਕਿਸੇ ਨ 'ਵਿਚਿਤ੍ਰ' ਜਾਂ ਫਿਰ 'ਵਿਸ਼ਵਾਸ ਆਧਾਰਿਤ ਕੋਸ਼ਿਸ਼' ਕਿਹਾ।

ਰਾਸ਼ਟਰੀ ਅੰਦੋਲਨ ਦੀ ਪਰੰਪਰਾ ਨੂੰ ਮਜਬੂਤ ਕਰਦੇ ਹੋਏ ਭਾਰਤੀ ਨੇਤਾਵਾਂ ਨੇ ਅਤੇ ਖਾਸ ਕਰ ਨਹਿਰੂ ਨੇ ਦੇਸ਼ ਵਿਚ ਜਨਵਾਦ ਦੀ ਨੀਂਹ ਨੂੰ ਹੋਰ ਮਜਬੂਤ ਬਣਾਇਆ। ਆਪਣੀ ਰਾਜਨੀਤਿਕ ਕਾਰਜਪ੍ਰਣਾਲੀ ਦੇ ਤੌਰ ਤਰੀਕਿਆਂ ਅਤੇ ਰਾਜਨੀਤਿਕ ਸਥਿਰਤਾ ਦੀ ਉਪਲਬਧੀ ਦੁਆਰਾ ਇਸ ਕੰਮ ਨੂੰ ਅੰਜਾਮ ਦਿੱਤਾ ਗਿਆ। ਉਨ੍ਹਾਂ ਨੇ ਜਨਵਾਦੀ ਪ੍ਰਣਾਲੀ ਦੇ ਸੰਸਥਾਗਤ ਪੱਖਾਂ ਨੂੰ ਭਰਪੂਰ ਮਹੱਤਵ ਦਿਤਾ, ਜਿਸ ਵਿਚ ਸੰਸਦੀ ਸੰਸਥਾਵਾਂ ਦੇ ਪ੍ਰਤੀ ਲਗਾਵ ਹੋਲੀ-ਹੋਲੀ ਵਧਦਾ ਗਿਆ। ਉਹ ਨਾ ਕੇਵਲ ਭਾਵਾਨਾਤਮਕ ਰੂਪ ਨਾਲ ਜੁੜੇ, ਬਲਕਿ ਜਨਵਾਦੀ ਸੰਸਥਾਵਾਂ ਦੇ ਢਾਂਚੇ ਅਤੇ ਕਾਰਜਪ੍ਰਣਾਲੀ ਨਾਲ ਜੁੜਦੇ ਚਲੇ ਗਏ। ਲੋਕਾਂ ਦੇ ਉਪਰ ਭਾਰੀ ਪ੍ਰਭਾਵ ਨਿਯੰਤ੍ਰਿਤ ਕਰਨ ਦੇ ਬਾਵਜੂਦ ਨਹਿਰੂ ਨੇ ਖਾਸ ਤੌਰ ਤੇ ਇਸ ਗੱਲ ਦਾ ਪੂਰਾ ਧਿਆਨ ਦਿੱਤਾ ਕਿ ਰਾਜਨੀਤਿਕ ਸ਼ਕਤੀ ਕੇਂਦ੍ਰਿਤ ਨਾ ਹੋਕੇ ਫੈਲੀ ਰਹੇ।

ਨਾਗਰਿਕ ਅਧਿਕਾਰਾਂ ਨੂੰ ਮਜਬੂਤ ਆਧਾਰ ਉੱਤੇ ਖੜਾ ਕੀਤਾ ਗਿਆ ਅਤੇ ਪ੍ਰੈਸ ਨੂੰ ਸਰਕਾਰ ਦੀ ਤਿਖੀ ਅਲੋਚਨਾ ਕਰਨ ਦੇ ਬਾਵਜੂਦ ਪੂਰੀ ਆਜ਼ਾਦੀ ਮਿਲੀ। ਕੋਰਟ ਦੀ ਸਵਾਇੱਤਾ ਨੂੰ ਬਹੁਤ ਸਾਵਧਾਨੀ ਨਾਲ ਪਾਲਿਆ ਪੋਸਿਆ ਗਿਆ। ਇਸਦੇ ਬਾਵਜੂਦ ਕਿ ਖੇਤੀ ਸੁਧਾਰ ਸੰਬਧੀ ਮਹੱਤਵਪੂਰਨ ਅਤੇ ਲੋਕਪ੍ਰਿਅ ਵਿਧੇਅਕ ਦਾ ਕੋਰਟ ਦੁਆਰਾ ਵਿਰੋਧ ਕੀਤਾ ਗਿਆ, ਇਸਦੀ ਸਵਾਇੱਤਾ ਉੱਤੇ ਕੋਈ ਆਂਚ ਨਹੀਂ ਆਉਣ ਦਿਤੀ ਗਈ।

ਨਹਿਰੂ ਸੰਸਦ ਨੂੰ ਬਹੁਤ ਆਦਰ ਦਿੰਦੇ ਸਨ ਅਤੇ ਇਸਦਾ ਸਨਮਾਨ ਤੇ ਸ਼ਕਤੀ ਬਣਾ ਕੇ ਰਖਣ ਦੇ ਲਈ ਆਪਣੀ ਪਾਰਟੀ ਦੁਆਰਾ ਭਾਰੀ ਬਹੁਮਤ ਪ੍ਰਾਪਤ ਕਰਨ ਦੇ ਬਾਵਜੂਦ ਹਰ ਸੰਭਵ ਕੋਸ਼ਿਸ਼ ਕਰਦੇ ਸੀ। ਉਨ੍ਹਾਂ ਨੇ ਸੰਸਦ ਨੂੰ ਜਨਤਾ ਦੇ ਵਿਚਾਰਾਂ ਨੂੰ ਵਿਅਕਤ ਕਰਣ ਦਾ ਇਕ ਮਹੱਤਵਪੂਰਨ ਮੰਚ ਬਣਾ ਦਿੱਤਾ। ਉਨ੍ਹਾਂ ਨੇ ਇਹ ਸਿਧਾਂਤ ਬਣਾ ਰਖਿਆ ਸੀ ਕਿ ਉਹ ਸੰਸਦ ਵਿਚ ਪ੍ਰਸ਼ਨਕਾਲ ਦੇ ਦੌਰਾਨ ਹੋਣ ਵਾਲੀ ਬਹਿਸਾਂ ਦੇ ਸਮੇਂ ਹਮੇਸ਼ਾ ਉਥੇ ਮੌਜੂਦ ਰਹਿਣਗੇ। ਵਿਪੱਖ ਨੇ ਵੀ ਸੰਸਦ ਅਤੇ ਉਸਦੀ ਕਾਰਜਪ੍ਰਣਾਲੀ ਦਾ ਆਦਰ ਕਰਦੇ ਹੋਏ ਆਪਣੀ ਭੂਮਿਕਾ ਨਿਭਾਈ। ਬਿਨਾ ਕਿਸੇ ਡਰ ਤੋਂ ਆਪਣੀ ਗਲ ਰਖਦੇ ਹੋਏ ਉਨ੍ਹਾਂ ਸੰਸਦੀ ਬਹਿਸਾਂ ਨੂੰ ਇਕ ਉੱਚਾ ਪੱਧਰ ਪ੍ਰਦਾਨ ਕੀਤਾ। ਸੰਸਦ ਸਚਮੁਚ ਵਿਚ ਦੇਸ਼ ਦੀ ਸਭ ਤੋਂ ਮਹੱਤਵਪੂਰਨ ਸੰਸਥਾ ਬਣ ਗਈ। ਇਸਦੇ ਅਲਾਵਾ ਆਕਲਨ ਸਮੀਤੀ (ਐਸਟੀਮੇਟਸ ਕਮੇਟੀ) ਵਰਗੀ ਸੰਸਦੀ ਸਮੀਤਿਆਂ ਨੇ ਸਰਕਾਰੀ ਪ੍ਰਸ਼ਾਸਨ ਦੇ ਉੱਤੇ ਨਿਗਰਾਨੀ ਰਖੀ ਅਤੇ ਇਕ ਅਲੋਚਕ ਦੀ ਮਹੱਤਵਪੂਰਨ ਭੂਮਿਕਾ ਨਿਭਾਉਣ ਲੱਗੀ।

ਨਹਿਰੂ ਦੀ ਅਗਵਾਈ ਵਿਚ ਮੰਤਰੀਮੰਡਲ (ਕੈਬਿਨਟ) ਪ੍ਰਣਾਲੀ ਬਹੁਤ ਸਵਸਥ ਤਰੀਕੇ ਨਾਲ ਵਿਕਸਿਤ ਹੋਈ। ਇਹ ਕੋਸ਼ਿਸ਼ ਕੀਤੀ ਗਈ ਕਿ ਮੰਤਰੀਮੰਡਲ ਨੂੰ ਸਮੂਹਕ ਨੀਤੀ ਨਿਰਧਾਰਣ ਦਾ ਪ੍ਰਮੁੱਖ ਮਾਧਿਅਮ ਬਣਾਇਆ ਜਾਵੇ। ਨਹਿਰੂ ਆਪਣੇ ਮੰਤਰੀਮੰਡਲ ਦੇ ਸਹਿਯੋਗੀਆਂ ਨਾਲ ਕਾਫੀ ਨਿਮਰਤਾ ਅਤੇ ਆਦਰ ਨਾਲ ਪੇਸ਼ ਆਉਂਦੇ ਸਨ। 1950 ਤੋਂ 1956 ਦੇ ਦੌਰਾਨ ਭਾਰਤ ਦੇ ਵਿੱਤ ਮੰਤਰੀ ਰਹੇ ਸੀ.ਡੀ. ਦੇਸ਼ਮੁਖ ਨੇ ਆਪਣੀ ਜੀਵਨੀ ਵਿਚ ਬਾਅਦ ਵਿੱਚ ਕਿਹਾ ਸੀ-"ਮੰਤਰੀਮੰਡਲ ਦੇ ਪ੍ਰਮੁਖ ਦੇ ਰੂਪ ਵਿਚ ਨਹਿਰੂ ਬਹੁਤ ਹੀ ਨਿਮਰਤਾ ਵਾਲੇ, ਜਨਵਾਦੀ ਅਤੇ ਦੂਜੇ ਦੇ ਵਿਚਾਰਾਂ ਉੱਤੇ ਧਿਆਨ ਦੇਣ ਵਾਲੇ ਸੀ, ਆਪਣੇ ਸਹਿਯੋਗੀਆਂ ਉੱਤੇ ਕਦੀ ਆਪਣਾ ਨਿਰਣਾਂ ਨਹੀ ਥੋਪਦੇ ਸਨ... ਨਿਰਣਾ ਹਮੇਸ਼ਾ ਹੀ ਆਮ ਸਹਿਮਤੀ ਨਾਲ ਲਏ ਜਾਂਦੇ, ਅਤੇ ਜਿਥੇ ਤਕ ਮੈਨੂੰ ਯਾਦ ਹੈ, ਮੇਰੇ ਸਮੇਂ ਵਿਚ ਕਦੀ ਵੀ ਕੋਈ ਨਿਰਣਾ ਮਤਦਾਨ ਦੁਆਰਾ ਨਹੀਂ ਲਿਆ ਗਿਆ।"

ਕਾਂਗਰਸ ਪਾਰਟੀ ਦਾ ਵਰਚਸਵ ਹੁੰਦੇ ਹੋਏ ਵੀ ਇਸ ਕਾਲ ਵਿਚ ਵਿਪਕਸ਼ ਦੀ ਭੂਮਿਕਾ ਹੋਰ ਮਜਬੂਤ ਹੁੰਦੀ ਚਲੀ ਗਈ। ਨਹਿਰੂ ਵਿਪੱਖੀ ਦਲਾਂ ਨੂੰ ਪੂਰਾ ਸਥਾਨ ਅਤੇ ਆਦਰ ਦਿੰਦੇ ਸਨ ਅਤੇ ਉਨ੍ਹਾਂ ਦੀਆਂ ਅਲੋਚਨਾਵਾਂ ਦੇ ਪ੍ਰਤੀ ਬਹੁਤ ਸੰਵੇਦਨਸ਼ੀਲ ਰਹਿੰਦੇ ਸਨ। ਇਕ ਵਾਰ ਉਨ੍ਹਾਂ ਨੇ ਜਨਵਾਦ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ-"ਇਹ ਅੰਤਿਮ ਵਿਸ਼ਲੇਸ਼ਣ ਵਿੱਚ ਚੋਣ ਦਾ ਇਕ ਤਰੀਕਾ, ਕੰਮ ਕਰਨ ਦਾ ਇਕ ਤਰੀਕਾ ਹੈ, ਇਹ ਪੜੌਸੀਆਂ, ਵਿਪੱਖਆਂ ਅਤੇ ਅਪਣੇ ਵਿਰੋਧੀਆਂ ਨਾਲ ਵਿਵਹਾਰ ਕਰਨ ਦਾ ਇਕ ਤਰੀਕਾ ਹੈ।" ਵਿਪੱਖੀ ਦਲ ਵੀ ਅਦਭੁਤ ਸਾਹਸ ਅਤੇ ਖੁਲੇਪਨ ਦੇ ਨਾਲ ਗਤੀਵਿਧੀ ਚਲਾਉਣਾ ਸਿਖ ਚੁਕੇ ਸਨ। ਇਸਦੇ ਅਲਾਵਾ, ਸੰਖਿਆ ਦੀ ਦ੍ਰਿਸ਼ਟੀ ਨਾਲ ਛੋਟੇ ਹੁੰਦੇ ਹੋਏ ਵੀ ਵਿਪੱਖੀ ਦਲ ਇਸ ਗਲ ਦਾ ਫਾਇਦਾ ਚੁਕਦੇ ਸਨ ਕਿ ਕਾਂਗਰਸ ਕੋਈ ਇਕਮਤ

ਪਾਰਟੀ ਨਹੀਂ ਹੈ ਅਤੇ ਇਸਦੇ ਅੰਦਰ ਵੀ ਕਈ ਰਾਜਨੀਤਿਕ ਰੁਝਾਨ ਅਤੇ ਵਿਚਾਰਧਾਰਾਤਮਕ ਪ੍ਰਵਿਰਤੀਆਂ ਮੌਜੂਦ ਹਨ। ਇਸੀ ਲਈ ਕਾਂਗਰਸ ਦੇ ਅੰਦਰ ਵਿਭਿੰਨ ਰੁਝਾਨਾਂ ਨੂੰ ਪ੍ਰਭਾਵਤ ਕਰ ਉਹ ਸਰਕਾਰ ਦੀ ਨੀਤੀਆਂ ਉੱਤੇ ਅਸਰ ਪਾਉਂਦੇ ਸਨ। ਨਹਿਰੂ ਕਾਂਗਰਸ ਦੇ ਅੰਦਰ ਆਂਤਰਿਕ ਜਨਵਾਦ ਦਾ ਆਦਰ ਕਰਦੇ ਹੋਏ ਅੰਦਰੂਨੀ ਵਿਵਾਦਾਂ ਨੂੰ ਉਤਸਾਹਿਤ ਕਰਦੇ ਸਨ। ਉਹ ਹਮੇਸ਼ਾ ਕੋਸ਼ਿਸ਼ ਕਰਦੇ ਸੀ ਕਿ ਨਵੀਂ ਸਮਾਜਿਕ ਪ੍ਰਵਿਰਤੀਆਂ ਅਤੇ ਸ਼ਕਤੀਆਂ ਨੂੰ ਕਾਂਗਰਸ ਦੇ ਅੰਦਰ ਉਚਿਤ ਜਗਾ ਦਿਤੀ ਜਾਵੇ।

ਨਹਿਰੂ ਯੁਗ ਦੇ ਦੌਰਾਨ ਸੰਵਿਧਾਨ ਵਿਚ ਦਿਤੇ ਗਏ ਸੰਘਵਾਦੀ ਪ੍ਰਾਵਧਾਨਾਂ ਨੂੰ ਮਜਬੂਤੀ ਨਾਲ ਸਥਾਪਤ ਕੀਤਾ ਗਿਆ। ਰਾਜਾਂ ਦੇ ਵਿਚ ਸੱਤਾ ਦੀ ਸਮੁਚਿਤ ਵੰਡ ਕੀਤੀ ਗਈ। ਰਾਜਾਂ ਦੀ ਸਵਾਯਤਾ ਦਾ ਆਦਰ ਕਰਦੇ ਹੋਏ ਨਹਿਰੂ ਕਦੀ ਵੀ ਰਾਜ ਸਰਕਾਰਾਂ ਉੱਤੇ ਆਪਣਾ ਨਿਰਣਾ ਨਹੀਂ ਥੋਪਦੇ ਸਨ, ਨਾ ਹੀ ਉਨ੍ਹਾਂ ਦੀ ਨੀਤੀਆਂ ਵਿਚ ਕੋਈ ਹਸਤਖੇਪ ਕਰਦੇ ਸੀ। ਹਾਲਾਂਕਿ ਉਹ ਰਾਜ ਸਰਕਾਰਾਂ ਨੂੰ ਆਪਣੇ ਵਿਚਾਰਾਂ ਨਾਲ ਅਗਾਹ ਕਰਾਉਂਦੇ ਰਹਿੰਦੇ ਸਨ ਅਤੇ ਸਮੇਂ-ਸਮੇਂ ਉੱਤੇ ਆਪਣੀ ਸਲਾਹ, ਇਥੋਂ ਤਕ ਕਿ ਕੁਝ ਦਬਾਅ ਵੀ, ਕਿਸੇ ਖਾਸ ਨੀਤੀ ਨੂੰ ਸਵੀਕਾਰ ਕਰਾਉਣ ਦੇ ਲਈ ਪਾਇਆ ਕਰਦੇ ਸੀ। ਉਹ ਪ੍ਰਦੇਸ਼ ਕਾਂਗਰਸ ਨੂੰ ਆਪਣਾ ਅਤੇ ਆਪਣੀ ਸਰਕਾਰ ਦਾ ਨੇਤਾ ਚੁਣਨ ਦੀ ਪੂਰੀ ਛੂਟ ਦਿੰਦੇ ਸੀ। ਉਹ ਰਾਜਾਂ ਦੀ ਸਮਸਿਆ ਨੂ ਬਿਹਤਰ ਢੰਗ ਨਾਲ ਸਮਝਣ ਦੇ ਲਈ ਉਸ ਰਾਜ ਦੇ ਨੇਤਾਵਾਂ ਅਤੇ ਸਰਕਾਰ ਉੱਤੇ ਆਸ਼੍ਰਿਤ ਰਹਿੰਦੇ ਸਨ। ਇਹ ਇਕ ਬਹੁਤ ਵੱਡਾ ਕਾਰਨ ਸੀ ਕਿ ਨਹਿਰੂ ਆਪਣੀ ਸਮਝ ਦੇ ਹਿਸਾਬ ਨਾਲ ਕੀਤੇ ਜਾਣ ਵਾਲੇ ਭੂਮੀ ਸੁਧਾਰ ਪ੍ਰੋਗਰਾਮ ਨੂੰ ਰਾਜਾਂ ਵਿਚ ਲਾਗੂ ਨਹੀਂ ਕਰ ਸਕੇ, ਕਿਉਂਕਿ ਭੂਮੀ ਸੁਧਾਰ ਰਾਜ ਸੂਚੀ ਦਾ ਵਿਸ਼ੇ ਸੀ ਅਤੇ ਆਪਣੇ ਮਨਭਾਉਂਦੇ ਕਾਰਜਾਂ ਨੂੰ ਸੰਪੰਨ ਕਰਾਉਣ ਦੇ ਲਈ ਵੀ ਉਹ ਰਾਜ ਦੀ ਸ਼ਕਤੀ ਅਤੇ ਅਧਿਕਾਰ ਸੀਮਾ ਵਿਚ ਜਬਰਦਸਤੀ ਵੜਨਾ ਪਸੰਦ ਨਹੀਂ ਕਰਦੇ ਸੀ। ਨਹਿਰੂ ਸਲਾਹ, ਨਿਰਦੇਸ਼ ਅਤੇ ਬੇਨਤੀ ਕਰਦੇ ਸਨ ਪਰ ਆਪਣੇ ਸੰਵੈਧਾਨਿਕ ਦਾਇਰੇ ਵਿਚੋਂ ਕਦੀ ਬਾਹਰ ਨਹੀਂ ਜਾਂਦੇ ਸੀ। ਦਰਅਸਲ ਖੇਤੀ, ਸਿਖਿਆ, ਸਵਾਸਥ ਅਤੇ ਹੋਰ ਕਲਿਆਣਕਾਰੀ ਪ੍ਰੋਗਰਾਮਾਂ ਦੀ ਕਮਜ਼ੋਰੀ ਦਾ ਇਕ ਬਹੁਤ ਵੱਡਾ ਕਾਰਨ ਇਨ੍ਹਾਂ ਨੂੰ ਲਾਗੂ ਕਰਨ ਵਿਚ ਕੇਂਦਰ ਦੀ ਰਾਜ ਸਰਕਾਰਾਂ ਉੱਤੇ ਨਿਰਭਰਤਾ ਵੀ ਰਹੀ ਹੈ ਕਿਉਂਕਿ ਇਹ ਸਾਰੇ ਰਾਜ ਸੂਚੀ ਦੇ ਵਿਸ਼ੇ ਹਨ। ਫਿਰ ਵੀ ਨਹਿਰੂ ਨੇ ਕੇਂਦਰੀ ਸਰਕਾਰ ਦੀ ਸੱਤਾ ਅਤੇ ਪ੍ਰਤੀਸ਼ਠਾ ਉੱਤੇ ਕਦੀ ਆਂਚ ਨਹੀਂ ਆਉਣ ਦਿਤੀ। ਉਨ੍ਹਾਂ ਨੇ ਹਮੇਸ਼ਾ ਸ਼ਕਤੀ ਦੇ ਕੇਂਦਰੀਕਰਣ ਅਤੇ ਰਾਜਾਂ ਉੱਤੇ ਕੇਂਦਰ ਦੇ ਪ੍ਰਭਾਵ ਤੇ ਰਾਸ਼ਟਰ ਨਿਰਮਾਣ, ਦੇਸ਼ ਦੀ ਸੁਤੰਤਰਤਾ, ਏਕਤਾ ਦੀ ਰਖਿਆ ਅਤੇ ਵਿਖੰਡਨਕਾਰੀ ਤੇ ਵੰਡੀ ਪਾਉਣ ਵਾਲੀਆਂ ਸ਼ਕਤੀਆਂ ਨੂੰ ਨਿਅੰਤਰਣ ਵਿਚ ਰਖਣ ਦੇ ਲਈ ਇਕ ਮਜਬੂਤ ਕੇਂਦਰ ਦੀ ਜਰੂਰਤ ਵਿਚ ਫਰਕ ਕੀਤਾ।

ਸਾਨੂੰ ਇਸ ਗਲ ਤੇ ਵੀ ਗੌਰ ਕਰਨਾ ਚਾਹੀਦਾ ਹੈ ਕਿ ਕੇਂਦਰ ਅਤੇ ਰਾਜਾਂ ਦੇ ਵਿਚ ਪ੍ਰੇਮਪੂਰਣ ਸੰਬੰਧ ਅਤੇ ਵਿਭਾਜਕਾਰੀ ਸ਼ਕਤੀਆਂ ਉੱਤੇ ਨਿਅੰਤਰਣ ਬਣੇ ਰਹਿਣ ਦਾ ਇਕ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਕੇਂਦਰ ਅਤੇ ਰਾਜ, ਦੋਵਾਂ ਵਿਚੋਂ ਇਕ ਹੀ ਪਾਰਟੀ ਸੱਤਾਰੂੜ ਸੀ। ਕੇਂਦਰ ਦੀ ਅਗਵਾਈ ਵਾਲੀ ਭੂਮਿਕਾ ਸਥਾਪਤ ਹੋਣ ਦਾ ਇਕ ਦੂਜਾ ਕਾਰਨ ਇਹ ਸੀ ਕਿ ਤਤਕਾਲੀਨ ਭਾਰਤੀ ਰਾਜਨੀਤੀ ਦੇ ਕੁਝ ਸਭ ਤੋਂ ਕੱਦਾਵਰ ਲੋਕ ਉਸ ਸਮੇਂ ਮੰਤਰੀਮੰਡਲ ਅਤੇ ਕਾਂਗਰਸ ਕਾਰਜਸਮੀਤੀ ਦੇ ਮੈਂਬਰ ਸਨ।

ਨਹਿਰੂ ਯੁਗ ਦੇ ਸਾਲਾਂ ਵਿਚ, ਸੈਨਾ ਉੱਤੇ ਨਾਗਰਿਕ ਸਰਕਾਰ ਦੀ ਸ਼੍ਰੇਸ਼ਠਤਾ ਦੀ ਪਰੰਪਰਾ ਪੂਰੀ ਤਰ੍ਹਾਂ ਸਥਾਪਤ ਹੋ ਗਈ। ਭਾਰਤੀ ਸੈਨਾ ਪਾਰੰਪਰਿਕ ਰੂਪ ਨਾਲ ਵੀ ਅਰਾਜਨੀਤਿਕ ਹੋਇਆ ਕਰਦੀ ਸੀ ਅਤੇ ਨਾਗਰਿਕ ਨਿਅੰਤਰਣ ਤੇ ਅਗਵਾਈ ਸਵੀਕਾਰ ਕਰਦੀ ਚਲੀ ਆਈ ਸੀ। ਪਰ ਇਹ ਭੂਮਿਕਾ ਬਣੀ ਰਹੇਗੀ, ਇਸਦੀ ਕੋਈ ਗਾਰੰਟੀ ਨਹੀਂ ਸੀ। ਖਾਸਤੌਰ ਉੱਤੇ ਨਹਿਰੂ ਇਸ ਅਸ਼ੰਕਾ ਨਾਲ ਚਿੰਤਤ ਰਹਿੰਦੇ ਸਨ ਕਿ ਕਿਤੇ ਸੈਨਾ ਰਾਜਨੀਤੀ ਵਿਚ ਹਸਤਖੇਪ ਕਰਨਾ ਨਾ ਸ਼ੁਰੂ ਕਰ ਦੇਵੇ। ਖਾਸਕਰ ਦਿਸੇ ਅਨੋਖੀ ਪਰਿਸਥਿਤੀ ਵਿਚ ਅਜਿਹਾ ਹੋ ਸਕਦਾ ਸੀ, ਜਿਵੇਂ ਕਿ 19ਵੀ ਸਦੀ ਦੇ ਫ੍ਰਾਂਸ ਅਤੇ ਜਰਮਨੀ ਤੇ ਉਸ ਸਮੇਂ ਦੇ ਅਨੇਕ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਹੋ ਰਿਹਾ ਸੀ। ਉਨ੍ਹਾਂ ਨੇ ਇਸ ਦਿਸ਼ਾ ਵਿਚ ਕਈ ਕਦਮ ਚੁਕੇ। ਉਨ੍ਹਾਂ ਨੇ ਸੈਨਿਕ ਬਲਾਂ ਦਾ ਆਕਾਰ ਛੋ ਰਖਿਆ ਅਤੇ 1954 ਵਿਚ ਅਮਰੀਕਾ ਦੁਆਰਾ ਪਾਕਿਸਤਾਨ ਨੂੰ ਭਾਰੀ ਸੈਨਿਕ ਸਹਾਇਤਾ ਦੇਣ ਦੇ ਬਾਵਜੂਦ ਭਾਰਤੀ ਸੈਨਾ ਦੇ ਵਿਸਤਾਰ ਦੀ ਆਗਿਆ ਨਹੀਂ ਦਿਤੀ। ਸੈਨਿਕ ਬਲਾਂ ਉੱਤੇ ਖਰਚ ਵੀ ਕਾਫੀ ਘੱਟ ਰਖਿਆ ਗਿਆ ਜੋ ਰਾਸ਼ਟਰੀ ਆਮਦਨ ਦੇ ਦੋ ਪ੍ਰਤੀਸ਼ਤ ਤੋਂ ਵੀ ਘੱਟ ਸੀ। ਬ੍ਰਿਟਿਸ਼ ਉਪਨਿਵੇਸ਼ਵਾਦੀ ਨੀਤੀ ਦੇ ਆਧਾਰ ਉੱਤੇ ਸੈਨਾ ਵਿਚ 'ਯੁਧਪ੍ਰਿਅ' ਜਾਤੀਆਂ ਦੀ ਭਰਤੀ ਦੀ ਨੀਤੀ ਨੂੰ ਛਡ ਕੇ ਸੈਨਾ ਨੂੰ ਵਿਆਪਕ ਆਧਾਰ ਵਾਲਾ ਸੰਗਠਨ ਬਦਾਇਆ ਗਿਆ ਅਤੇ ਉਸ ਵਿਚ ਹਰੇਕ ਖੇਤਰ ਅਤੇ ਸਮਾਜ ਦੇਹਰ ਤਬਕੇ ਨੂੰ ਪ੍ਰਤੀਨਿਧੀਤਵ ਦਿੱਤਾ ਗਿਆ। ਇਸ ਪ੍ਰਕਾਰ ਭਾਰਤ ਨੂੰ ਆਪਣੇ ਵਿਕਾਸ ਦੇ ਆਰੰਭਕ ਸਾਲਾਂ ਵਿਚ ਸੈਨਿਕਵਾਦ ਦੇ ਖਤਰੇ ਤੋਂ ਬਚਾਇਆ ਗਿਆ। ਸੈਨਿਕਬਲ ਦੇ ਛੋਟੇ ਆਕਾਰ ਅਤੇ ਉਨ੍ਹਾਂ ਤੇ ਖਰਚ ਵਿਚ ਕਟੌਤੀ ਦੋ ਹੋਰਨਾ ਕਾਰਨਾਂ ਤੋਂ ਵੀ ਕੀਤੀ ਗਈ-1. ਆਰਥਿਕ ਵਿਕਾਸ ਦੇ ਲਈ ਕੀਮਤੀ ਦੁਰਲਭ ਸੰਸਾਧਨਾਂ ਨੂੰ ਬਚਾਉਣਾ ਅਤੇ 2. ਘਰੇਲੂ ਸੈਨਿਕ ਉਦਯੋਗ ਦੇ ਅਪਾਵ ਵਿਚ ਵਿਦੇਸ਼ੀ ਸ਼ਕਤੀਆਂ ਉੱਤੇ ਨਿਰਭਰਤਾ ਅਤੇ ਉਸਦੇ ਨਤੀਜੇ ਵਜੋਂ ਭਾਰਤ ਦੇ ਆਂਤਰਿਕ ਤੇ ਵਿਦੇਸ਼ੀ ਮਾਮਲਿਆਂ ਵਿਚ ਉਨ੍ਹਾਂ ਦੇ ਹਸਤਖੇਪ ਦੀ ਸੰਭਾਵਨਾ ਤੋਂ ਬਚਣਾ।

## ਸਵ-ਮੁਲਾਂਕਣ (Self Assessment)

### ਸਹੀ ਵਿਕਲਪ ਚੁਣੋ (Choose the Correct Option)-

1. ਰਾਜ ਸਭਾ ਵਿਚ ਕਿੰਨੇ ਮੈਂਬਰ ਹੁੰਦੇ ਹਨ-

   *(a)* 250 *(b)* 255 *(c)* 260 *(d)* 274

ਨੋਟ

2. ਰਾਸ਼ਟਰਪਤੀ ਰਾਜਸਭਾ ਵਿਚ ਕਿੰਨੇ ਮੈਂਬਰਾਂ ਦਾ ਮਨੋਨਯਨ ਸਰਕਾਰ ਦੇ ਸੁਝਾਅ ਉੱਤੇ ਕਰਦਾ ਹੈ–
   (*a*) 5 (*b*) 10 (*c*) 12 (*d*) 15
3. ਆਪਾਤਕਾਲ ਦੇ ਦੌਰਾਨ ਲੋਕਸਭਾ ਦਾ ਕਾਰਜਕਾਲ ਇਕ ਵਾਰ ਵਿਚ ਕਿੰਨੇ ਸਮੇਂ ਦੇ ਲਈ ਵਧਾਇਆ ਜਾ ਸਕਦਾ ਹੈ–
   (*a*) 3 ਮਹੀਨੇ (*b*) 6 ਮਹੀਨੇ (*c*) 10 ਮਹੀਨੇ (*d*) ਇਸ ਸਾਲ
4. ਲੋਕਸਭਾ ਮੈਂਬਰਾਂ ਦੀ ਸੰਖਿਆ ਕਿੰਨੀ ਹੁੰਦੀ ਹੈ–
   (*a*) 550 (*b*) 552 (*c*) 555 (*d*) 556
5. ਲੋਕਸਭਾ ਮੈਂਬਰਾਂ ਦੀ ਘੱਟ ਤੋਂ ਘੱਟ ਉਮਰ ਕਿੰਨੀ ਹੋਣੀ ਚਾਹੀਦੀ ਹੈ–
   (*a*) 18 ਸਾਲ (*b*) 25 ਸਾਲ (*c*) 30 ਸਾਲ (*d*) 35 ਸਾਲ

## 11.2 ਵਿਕਸਿਤ ਸਮਾਜਵਾਦੀ ਸਮਾਵ ਉੱਤੇ ਜਵਾਹਰ ਲਾਲ ਨਹਿਰੂ ਦਾ ਦਰਸ਼ਨ (Jawahar Lal Nehru's Vision of a Developed Socialist Society)

ਭਾਰਤੀ ਗਣਤੰਤਰ ਦੇ ਸੰਸਥਾਪਕਾਂ ਦੀ ਦ੍ਰਿਸ਼ਟੀ ਮਾਤਰ ਰਾਸ਼ਟਰੀ ਏਕੀਕਰਣ ਅਤੇ ਰਾਜਨੀਤਿਕ ਸਥਿਰਤਾ ਤਕ ਹੀ ਸੀਮਤ ਨਹੀਂ ਸੀ। ਭਾਰਤੀ ਸਮਾਜ ਨੂੰ ਸਮਾਜਕ ਪਰਿਵਰਤਣ ਦੇ ਇਕ ਵੱਡੇ ਦੌਰ ਤੋਂ ਗੁਜਰਨਾ ਸੀ। ਸੰਵਿਧਾਨ ਦੇ ਅਨੁਛੇਦ 36 ਦੇ ਤਹਿਤ ਰਾਜ ਦੇ ਨੀਤੀ ਨਿਰਦੇਸ਼ਕ ਸਿਧਾਂਤਾਂ ਵਿਚ ਕਿਹਾ ਗਿਆ ਸੀ ਕਿ–"ਰਾਜ ਜਨਤਾ ਦੇ ਕਲਿਆਣ ਨੂੰ ਵਾਧਾ ਦੇ ਣ ਦੇ ਲਈ ਇਕ ਅਜਿਹੀ ਸਮਾਜਕ ਵਿਵਸਥਾ ਨੂੰ ਯਥਾਸੰਭਵ ਪ੍ਰਭਾਵਸ਼ਾਲੀ ਤਰੀਕਿਆਂ ਨੂੰ ਹਾਸਲ ਅਤੇ ਸੁਰਖਿਅਤ ਰਖਣ ਦੀ ਕੋਸ਼ਿਸ਼ ਕਰੇਗਾ, ਜਿਸ ਵਿਚ ਆਰਥਿਕ ਅਤੇ ਰਾਜਨੀਤਿਕ ਨਿਆਂ ਰਾਸ਼ਟਰੀ ਜੀਵਨ ਨੂੰ ਹਰੇਕ ਸੰਸਥਾ ਦੇ ਮਾਧਿਅਮ ਨਾਲ ਉਪਲਬਧ ਹੋਵੇਗਾ।" 'ਸਮਾਜ ਦੇ ਸਮਾਜਵਾਦੀ ਪ੍ਰਾਰੂਪ' ਦੇ ਰੂਪ ਵਿਚ ਇਸਨੂੰ ਵਿਅਕਤ ਕੀਤਾ ਗਿਆ ਅਤੇ ਅਧਿਕਾਰਿਕ ਤੌਰ ਉੱਤੇ ਕਾਂਗਰਸ ਦੇ ਅਵਾਡੀ ਅਧਿਵੇਸ਼ਨ ਦੁਆਰਾ ਸਵੀਕਾਰ ਕੀਤਾ ਗਿਆ। ਬਾਅਦ ਵਿਚ ਇਸ ਆਦਰਸ਼ ਨੂੰ ਦੂਜੀ ਅਤੇ ਤੀਜੀ ਪੰਜ ਸਾਲਾ ਯੋਜਨਾਵਾਂ ਦਾ ਅੰਗ ਬਣਾ ਲਿਆ ਗਿਆ। ਨਤੀਜੇ ਵਜੋਂ ਸਮਾਜਿਕ ਸੁਧਾਰਾਂ ਦੇ ਕਈ ਮਹੱਤਵਪੂਰਨ ਕਦਮ ਨਹਿਰੂ ਕਾਲ ਵਿਚ ਚੁਕੇ ਗਏ ਜਿਨ੍ਹਾਂ ਨੂੰ ਕੁਝ ਲੋਕ ਕਲਿਆਣਕਾਰੀ ਰਾਜ ਦੀ ਸ਼ੁਰੂਆਤ ਦੇ ਰੂਪ ਵਿਚ ਦੇਖਦੇ ਹਨ। ਇਸ ਸੰਦਰਭ ਵਿਚ ਚੁਕੇ ਗਏ ਕੁਝ ਮਹੱਤਵਪੂਰਨ ਕਦਮ ਭੂਮੀ ਸੁਧਾਰ, ਨਿਯੋਜਿਤ ਆਰਥਿਕ ਵਿਕਾਸ ਦੀ ਸ਼ੁਰੂਆਤ ਅਤੇ ਸਾਰਵਜਨਿਕ ਖੇਤਰ ਦੇ ਛੇਤੀ ਵਿਸਤਾਰ ਆਦਿ ਦੇ ਰੂਪ ਵਿਚ ਦੇਖੇ ਜਾ ਸਕਦੇ ਹਨ। ਇਸਦੇ ਅਲਾਵਾ ਦੂਰਗਾਮੀ ਸ਼੍ਰਮਿਕ ਕਾਨੂੰਨ ਨਿਰਧਾਰਤ ਕੀਤੇ ਗਏ ਜਿਸ ਦੇ ਤਹਿਤ ਸਮੂਹਕ ਸਮਝੌਤਾ ਅਤੇ ਸੌਦੇਬਾਜੀ ਨੂੰ ਮਾਨਤਾ, ਟ੍ਰੇਡ ਯੁਨੀਅਨ ਬਣਾਉਣ ਅਤੇ ਹੜਤਾਲ ਕਰਨ ਦਾ ਅਧਿਕਾਰ, ਰੋਜਗਾਰ ਦੀ ਸੁਰਖਿਆ ਅਤੇ ਸਵਾਸਥ ਤੇ ਦੁਰਘਟਨਾ ਬੀਮਾ ਦਾ ਪ੍ਰਾਵਧਾਨ ਆਦਿ ਦੀ ਸੁਰਖਿਆ ਦਿਤੀ ਗਈ। ਸੰਪਤੀ ਦੇ ਜ਼ਿਆਦਾ ਸਮਤਾਪੂਰਨ ਵਿਤਰਣ ਦੀ ਦਿਸ਼ਾ ਵਿਚ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਉਦੇਸ਼ ਨਾਲ ਆਮਦਨ ਕਰ ਦੀ ਉੱਚੀ ਦਰ ਅਤੇ ਆਬਕਾਰੀ ਕਰ (ਐਕਸਾਈਜ਼ ਟੈਕਸ) ਦੀ ਨੀਤੀ ਲਾਗੂ ਕੀਤੀ ਗਈ। ਸਿਖਿਆ, ਸਵਾਸਥ ਅਤੇ ਹੋਰ ਸਮਾਜਕ ਸਹੂਲਤਾਂ ਦਾ ਆਮਤੌਰ ਉੱਤੇ ਵਿਸਤਾਰ ਕੀਤਾ ਗਿਆ।

**ਨਹਿਰੂ ਅਤੇ ਹੋਰ ਨੇਤਾ ਇਕ ਐਸੇ ਸਮਾਜਵ ਪਰਿਵਰਤਨ ਦੇ ਲਈ ਉਤਸੁਕ ਸਨ ਜੋ ਸਮਾਜ ਦੇ ਪਿਛੜੇ ਅਤੇ ਕੁਚਲੇ ਹੋਏ ਤਬਕਿਆਂ ਦੀ ਮੁਕਤੀ ਦਾ ਮਾਰਗ ਪ੍ਰਸ਼ਸਤ ਕਰ ਸਕੇ। ਜਿਵੇਂ ਕਿ ਨਹਿਰੂ ਨੇ 1956 ਵਿਚ ਕਿਹਾ–**

ਅਸੀਂ ਸਿਰਫ ਰਾਜਨੀਤਿਕ ਕ੍ਰਾਂਤੀ ਦੀ ਹੀ ਕੋਸ਼ਿਸ਼ ਨਹੀਂ ਕਰ ਰਹੇ ਅਤੇ ਨਾ ਸਿਰਫ ਇਹੀ ਉਪਲਬਧੀ ਚਾਹੁੰਦੇ ਹਾਂ, ਤੇ ਅਸੀਂ ਸਿਰਫ ਆਰਥਿਕ ਕ੍ਰਾਂਤੀ ਦੇ ਲਈ ਹੀ ਜੀ ਤੋੜ ਮਿਹਨਤ ਨਹੀਂ ਕਰ ਰਹੇ ਹਾਂ, ਬਲਕਿ... ਅਸੀਂ ਸਮਾਜਕ ਕ੍ਰਾਂਤੀ ਦੇ ਲਈ ਵੀ ਉਂਨਾ ਹੀ ਦ੍ਰਿੜ ਸਕੰਲਪ ਰਖਦੇ ਹਾਂ, ਇਨ੍ਹਾਂ ਤਿੰਨ ਅਲਗ-ਅਲਗ ਰਸਤਿਆਂ ਉੱਤੇ ਚਲ ਕੇ ਅਤੇ ਉਨ੍ਹਾਂ ਨੂੰ ਇਕ ਮਹਾਨ ਸੰਪੂਰਨਤਾ ਵਿਚ ਬਦਲ ਕੇ ਹੀ ਭਾਰਤ ਦੇ ਲੋਕ ਤਰੱਕੀ ਕਰ ਸਕਦੇ ਹਨ।

(*i*) ਸੰਵਿਧਾਨ ਵਿਚ ਪਹਿਲੇ ਹੀ ਅਸਪਰਸ਼ਤਾ ਦੇ ਉਨਮੂਲਨ ਦਾ ਇਕ ਪ੍ਰਾਵਧਾਨ ਸ਼ਾਮਲ ਕਰ ਲਿਆ ਗਿਆ ਸੀ। ਸਰਕਾਰ ਨੇ ਇਸ ਵਿਚ ਹੋਰ ਵਾਧਾ ਕਰਦੇ ਹੋਏ 1955 ਵਿਚ ਅਛੂਤ ਵਿਰੋਧੀ ਕਾਨੂੰਨ ਪਾਸ ਕਰ ਦਿੱਤਾ ਸੀ, ਜਿਸ ਨਾਲ ਛੂਆਛੂਤ ਦਾ ਰਿਵਾਜ ਦੰਡਨੀਅ ਅਤੇ ਸੰਗੇਅ ਅਪਰਾਧ ਬਣਾ ਦਿੱਤਾ ਗਿਆ ਸੀ। ਸਰਕਾਰ ਨੇ ਸੰਵਿਧਾਨ ਦੇ ਦੁਆਰਾ ਸਿਖਿਅਤ ਸੰਸਥਾਨਾਂ ਅਤੇ ਸਰਕਾਰੀ ਨੌਕਰੀਆਂ ਵਿਚ ਅਨੁਸੂਚਿਤ ਜਾਤੀਆਂ, ਜਨਜਾਤੀਆਂ ਤੇ ਸਮਾਜ ਦੇ ਹੋਰ ਕਮਜ਼ੋਰ ਤਬਕਿਆਂ ਦੇ ਹਿਤ ਵਿਚ ਰਾਖਵਾਂਕਰਨ ਦੇ ਪ੍ਰਾਵਧਾਨ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਕੋਸ਼ਿਸ਼ ਕੀਤੀ। ਸਰਕਾਰ ਨੇ ਉਨ੍ਹਾਂ ਦੀ ਸਮਾਜਕ ਹੈਸੀਅਤ ਨੂੰ ਉੱਚਾ ਕਰਨ ਲਈ ਹੋਰ ਜਰੂਰੀ ਉਪਾਅ ਜਿਵੇਂ ਵਜੀਫੇ, ਵਿਦਿਆਰਥੀਆਂ ਦੀ ਰਿਹਾਇਸ਼, ਵਿੱਤੀ ਸਹਾਇਤਾ, ਕਰਜ਼, ਰਹਿਣ, ਸਵਾਸਥ ਅਤੇ ਕਾਨੂੰਨੀ ਸਹਾਇਤਾ ਆਦਿ ਦੀ ਵਿਵਸਥਾ ਵੀ ਕੀਤੀ। ਇਕ ਅਨੁਸੂਚਿਤ ਜਾਤੀ ਅਤੇ ਜਨਜਾਤੀ ਆਯੁਕਤ ਦੀ ਵੀ ਨਿਯੁਕਤੀ ਕੀਤੀ ਗਈ ਤਾਂਕਿ ਇਨ੍ਹਾਂ ਪ੍ਰੋਗਰਾਮਾਂ ਨੂੰ ਲਾਗੂ ਕੀਤੇ ਜਾਣ ਉੱਤੇ ਪੂਰੀ ਨਿਗਰਾਨੀ

ਰਖੀ ਜਾ ਸਕੇ। ਪ੍ਰੰਤੂ ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਨੁਸੂਚਿਤ ਜਾਤੀ ਅਤੇ ਜਨਜਾਤੀ ਪਿਛੜੇ ਹੋਏ ਹੀ ਰਹੇ ਅਤੇ ਜਾਤੀ ਅਧਾਰਿਤ ਸ਼ੋਸ਼ਣ, ਵਿਸ਼ੇਸ਼ਕਰ ਪੇਂਡੂ ਖੇਤਰਾਂ ਵਿਚ ਅਜੇ ਵੀ ਬਣਿਆ ਹੋਇਆ ਹੈ। ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਲੋਕ ਹੁਣ ਵੀ ਜ਼ਿਆਦਾਤਰ ਭੂਮੀਹੀਣ ਖੇਤੀ ਮਜਦੂਰ ਹੀ ਬਣੇ ਹੋਏ ਹਨ। ਇਸ ਲਈ ਉਨ੍ਹਾਂ ਦਾ ਵਰਗੀ ਸ਼ੋਸ਼ਣ ਵੀ ਚਲ ਰਿਹਾ ਹੈ। ਅਜੇ ਤਕ ਜਾਤੀ ਪ੍ਰਥਾ ਦੀ ਵਿਚਾਰਧਾਰਾ ਨੂੰ ਨਿਰਮੂਲ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਸਕਦੀ ਹੈ। ਜਾਤੀ ਅਸਮਾਨਤਾ ਅਤੇ ਜਾਤੀ ਸ਼ੋਸ਼ਣ ਨੂੰ ਖਤਮ ਨਹੀਂ ਕੀਤਾ ਗਿਆ। ਨਤੀਜੇ ਵਜੋਂ, ਜਾਤੀਵਾਦ ਉੱਚ ਜਾਤੀਆਂ ਨਾਲੋਂ ਪਿਛੜੀ ਜਾਤੀਆਂ ਅਤੇ ਪੇਂਡੂ ਨਾਲੋਂ ਸ਼ਹਿਰੀ ਖੇਤਰਾਂ ਵਿਚ ਫੈਲਦਾ ਜਾ ਰਿਹਾ ਹੈ।

*(ii)* ਰਾਸ਼ਟਰੀ ਅੰਦੋਲਨ ਵਿਚ ਔਰਤ ਸੰਗਠਨ ਅਤੇ ਸਮੂਹਾਂ ਦੀ ਕਾਰਜਸ਼ੀਲਤਾ ਭਾਗੀਦਾਰੀ ਹੋਣ ਦੇ ਕਾਰਨ ਹੁਣ ਉਹ ਪਰਿਵਾਰ ਵਿਚ ਔਰਤਾਂ ਦੇ ਅਧਿਕਾਰ ਦੀ ਮੰਗ ਕਰ ਰਹੀਆਂ ਸਨ ਅਤੇ ਨਹਿਰੂ ਦੇ ਰੂਪ ਵਿਚ ਉਨ੍ਹਾਂ ਨੂੰ ਇਕ ਸਸ਼ਕਤ ਸਮਰਥਕ ਪ੍ਰਾਪਤ ਸੀ। ਆਜਾਦੀ ਦੇ ਪਹਿਲੇ ਹੀ ਇਸ ਮੁੱਦੇ ਉੱਤੇ ਨਹਿਰੂ ਆਪਣਾ ਦ੍ਰਿਸ਼ਟੀਕੋਣ ਸਾਫ ਕਰ ਚੁਕੇ ਸਨ ਅਤੇ ਉਨ੍ਹਾਂ ਨੇ ਫ੍ਰਾਂਸੀਸੀ ਦਾਰਸ਼ਨਿਕ ਚਾਰਲਸ ਫੂਰਿਸ ਨੂੰ ਸੰਬੋਧਨ ਕਰਦੇ ਹੋਏ ਕਿਹਾ-"ਇਕ ਦੇਸ਼ ਦੀ ਸਭਿਅਤਾ ਦੇ ਵਿਕਾਸ ਦਾ ਅੰਦਾਜਾ ਉਥੋਂ ਦੀ ਔਰਤਾਂ ਦੀ ਸਮਾਜਕ ਅਤੇ ਰਾਜਨੀਤਿਕ ਸਥਿਤੀ ਨਾਲ ਲਾਇਆ ਜਾ ਸਕਦਾ ਹੈ।"

ਇਸ ਦਿਸ਼ਾ ਵਿਚ ਇਕ ਬਹੁਤ ਵੱਡਾ ਕਦਮ 1951 ਵਿਚ ਹਿੰਦੂ ਕੋਡ ਬਿਲ ਪ੍ਰਸਤਾਵਿਤ ਕਰਨ ਦੇ ਨਾਲ ਲਿਆ ਗਿਆ। ਇਸ ਵਿਧੇਅਕ ਦਾ ਸਮਾਜ ਦੇ ਦਕਿਆਨੂਸੀ ਤਬਕੇ ਵਿਚ ਭਾਰੀ ਵਿਰੋਧ ਹੋਇਆ। ਖਾਸ ਤੌਰ ਉੱਤੇ ਜਨਸੰਘ ਤੇ ਹੋਰ ਹਿੰਦੂ ਸੰਪਰਦਾਇਕ ਸੰਗਠਨਾਂ ਨੇ ਇਸ ਵਿਰੋਧ ਦੀ ਅਗਵਾਈ ਕੀਤੀ। ਕਾਂਗਰਸ ਪਾਰਟੀ ਦੇ ਦਬੰਗ ਮੈਂਬਰ, ਮਹਿਲਾ ਸੰਸਦ ਮੈਂਬਰਾਂ ਅਤੇ ਹੋਰ ਮਹਿਲਾ ਕਾਰਜਕਰਤਾਵਾਂ ਦੁਆਰਾ ਭਰਪੂਰ ਸਮਰਥਨ ਦਿੱਤੇ ਜਾਣ ਦੇ ਬਾਵਜੂਦ ਨਹਿਰੂ ਨੇ ਇਸ ਬਿਲ ਨੂੰ ਤਤਕਾਲਿਕ ਰੂਪ ਨਾਲ ਲਾਗੂ ਕਰਨ ਉੱਤੇ ਰੋਕ ਲਗਾ ਦਿਤੀ ਤਾਂਕਿ ਇਸ ਦੇ ਲਈ ਹੋਰ ਵੀ ਸਮਰਥਨ ਜੁਟਾਇਆ ਜਾ ਸਕੇ। ਉਹ ਇਸ ਬਿਲ ਨੂੰ ਪਾਰਿਤ ਕਰਨ ਦੇ ਲਈ ਵਚਨਬੱਧ ਸਨ ਅਤੇ 1951-52 ਦੀਆਂ ਚੋਣਾਂ ਵਿਚ ਉਨ੍ਹਾਂ ਨੇ ਇਸਨੂੰ ਮੁੱਦਾ ਬਣਾਇਆ।

ਸੱਤਾ ਵਿਚ ਵਾਪਸ ਆਉਣ ਦੇ ਬਾਅਦ ਸਰਕਾਰ ਨੇ ਇਸ ਵਿਧੇਅਕ ਨੂੰ ਚਾਰ ਅਲੱਗ-ਅਲੱਗ ਕਾਨੂੰਨਾਂ ਦੀ ਸ਼ਕਲ ਵਿਚ ਪਾਰਿਤ ਕੀਤਾ, ਜਿਸ ਨੇ ਇਕਨਿਸ਼ਠ ਵਿਆਹ, ਪੁਰਸ਼ ਅਤੇ ਇਸਤ੍ਰੀ ਦੋਵਾਂ ਦੇ ਲਈ ਤਲਾਕ ਦਾ ਪ੍ਰਾਵਧਾਨ, ਵਿਆਹ ਅਤੇ ਸਹਿਮਤੀ ਦੀ ਉਮਰ ਸੀਮਾ ਵਧਾਉਣ ਤੇ ਔਰਤਾਂ ਨੂੰ ਵ੍ਰਿਤੀ (ਮੇਂਟੇਨੇਂਸ) ਪਾਉਣ ਅਤੇ ਪਰਿਵਾਰਿਕ ਸੰਪਤੀ ਵਿਚ ਹਿੱਸਾ ਪ੍ਰਾਪਤ ਕਰਨ ਦਾ ਅਧਿਕਾਰ ਦਿਲਵਾਇਆ। ਇਸ ਪ੍ਰਕਾਰ ਔਰਤਾਂ ਦੀ ਮੁਕਤੀ ਦੀ ਦਿਸ਼ਾ ਵਿਚ ਇਕ ਕ੍ਰਾਂਤੀਕਾਰੀ ਕਦਮ ਚੁਕਿਆ ਗਿਆ, ਹਾਂਲਾਕਿ ਇਸਨੂੰ ਵਿਵਹਾਰ ਵਿਚ ਲਾਗੂ ਹੋਣ ਵਿਚ ਕਈ ਦਸ਼ਕ ਲਗ ਗਏ। ਇਸ ਸੰਦਰਭ ਵਿਚ ਇਕ ਬਹੁਤ ਵੱਡੀ ਕਮਜੋਰੀ, ਇਹ ਰਹੀ ਹੈ ਕਿ ਹਰੇਕ ਧਰਮ ਦੇ ਅਨੁਯਾਈਆਂ ਦੇ ਲਈ ਇਕ ਸਾਂਝਾ ਸਿਵਿਲ ਕੋਡ ਲਾਗੂ ਨਹੀਂ ਕੀਤਾ ਗਿਆ। ਇਸਦੇ ਲਈ ਮੁਸਲਿਮ ਪਰਸਨਲ ਲਾ ਵਿਚ ਇਕਨਿਸ਼ਠਤਾ ਵਿਚ ਪਰਿਵਰਤਨ ਅਤੇ ਸੰਪਤੀ ਵਿਚ ਹਿੱਸਾ ਤੇ ਵਿਰਾਸਤ ਸੰਬਧੀ ਕਾਨੂੰਨਾਂ ਵਿਚ ਪਰਿਵਰਤਨ ਕਰਨਾ ਪੈਂਦਾ। ਇਸ ਗਲ ਉੱਤੇ ਮੁਸਲਮਾਨ ਕੱਟਰਪੰਥੀਆਂ ਦੀ ਤਰਫ ਤੋਂ ਭਾਰੀ ਵਿਰੋਧ ਪੈਦਾ ਕੀਤਾ ਗਿਆ। ਇਸਦੇ ਅਲਾਵਾ, ਮੁਸਲਮਾਨਾਂ ਵਿਚ ਸਮਾਜਕ ਸੁਧਾਰ ਦੀ ਪ੍ਰਕ੍ਰਿਆ ਆਧੁਨਿਕ ਕਾਲ ਵਿਚ ਹਿੰਦੂਆਂ ਦੇ ਮੁਕਾਬਲੇ ਬਹੁਤ ਪਿਛੜੀ ਹੋਈ ਸੀ। ਇਸ ਲਈ ਮੁਸਲਮਾਨ ਮੱਧਵਰਗੀ ਔਰਤਾਂ ਦੇ ਵਿਚ ਵੀ ਪਰਿਵਰਤਨ ਚਾਹੁਣ ਵਾਲੀ ਸ਼ਕਤੀਆਂ ਬਹੁਤ ਕਮਜੋਰ ਸਨ। ਨਹਿਰੂ ਮੁਸਲਮਾਨ ਘਟਗਿਣਤੀ ਦੇ ਵਿਚ ਕੋਈ ਖਤਰੇ ਦੀ ਘੰਟੀ ਵਜਾਉਣ ਦੇ ਪੱਖ ਵਿਚ ਨਹੀਂ ਸੀ, ਜੋ ਪਹਿਲੇ ਤੋਂ ਹੀ ਕਾਫੀ ਦਬਾਅ ਵਿਚ ਜੀ ਰਹੇ ਸਨ। ਉਹ ਮੁਸਲਿਮ ਪਰਸਨਲ ਲਾਅ ਵਿਚ ਪਰਿਵਰਤਨ ਲਿਆਉਣ ਅਤੇ ਆਮ ਸਿਵਿਲ ਕੋਡ (ਯੂਨੀਫਾਰਮ ਸਿਵਿਲ ਕੋਡ) ਲਾਗੂ ਕਰਨ ਦੇ ਪੱਖ ਵਿਚ ਸਨ, ਪਰੰਤੂ ਸਿਰਫ ਉਦੋਂ, ਜਦ ਮੁਸਲਮਾਨ ਲੋਕ ਉਸਦੇ ਲਈ ਤਿਆਰ ਹੋ ਜਾਣ।

*(iii)* ਗਣਰਾਜ ਦੇ ਸੰਸਥਾਪਕ ਇਸ ਗੱਲ ਨਾਲ ਵਾਕਫ ਸਨ ਕਿ ਸਮਾਜਿਕ ਅਤੇ ਆਰਥਿਕ ਵਿਕਾਸ, ਅਵਸਰ ਦੀ ਸਮਾਨਤਾ ਅਤੇ ਜਨਵਾਦੀ ਸਮਾਜ ਦੇ ਨਿਰਮਾਣ ਦੇ ਲਈ ਵਿਆਪਕ ਤੇ ਬਿਹਤਰ ਸਿਖਿਆ ਇਕ ਬਹੁਤ ਵੱਡਾ ਹਥਿਆਰ ਹੁੰਦਾ ਹੈ। ਇਸਦੀ ਜਰੂਰਤ ਇਸ ਲਈ ਵੀ ਬਹੁਤ ਜ਼ਿਆਦਾ ਸੀ ਕਿ 1951 ਵਿਚ ਕੁੱਲ ਆਬਾਦੀ ਦਾ ਮਾਤਰ 16.6 ਪ੍ਰਤੀਸ਼ਤ ਹੀ ਪੜ੍ਹਿਆ ਲਿਖਿਆ ਸੀ ਅਤੇ ਪੇਂਡੂ ਪਰਿਵਾਰਾਂ ਵਿਚ ਇਹ ਹੋਰ ਵੀ ਘੱਟ, ਮਾਤਰ 6 ਪ੍ਰਤੀਸ਼ਤ ਹੀ ਸੀ। ਨਤੀਜੇ ਵਜੋਂ, ਸੰਵਿਧਾਨ ਨੇ ਨਿਰਦੇਸ਼ ਦਿੱਤਾ ਕਿ 1961 ਤਕ ਸਰਕਾਰ 14 ਸਾਲ ਦੀ ਉਮਰ ਤਕ ਦੇ ਹਰੇਕ ਬੱਚੇ ਨੂੰ ਮੁਫਤ ਤੇ ਜਰੂਰੀ ਸਿਖਿਆ ਪ੍ਰਦਾਨ ਕਰੇ। ਬਾਅਦ ਵਿਚ ਇਹ ਲਕਸ਼ ਵਧਾ ਕੇ 1966 ਤਕ ਕਰ ਦਿੱਤਾ ਗਿਆ।

ਸਰਕਾਰ ਪ੍ਰਾਥਮਿਕ, ਮਾਧਮਿਕ, ਉੱਚ ਅਤੇ ਤਕਨੀਕੀ ਸਿਖਿਆ ਦੀ ਸੁਵਿਧਾਵਾਂ ਵਿਕਸਿਤ ਕਰਨ ਉੱਤੇ ਇਕ ਵਡੀ ਰਕਮ ਖਰਚ ਕਰ ਰਹੀ ਸੀ। ਜਿਥੇ 1951-52 ਵਿਚ ਸਿਖਿਆ ਦੇ ਉਪਰ ਖਰਚ 19.80 ਕਰੋੜ ਸੀ, ਉਥੇ ਇਹ 1964-65 ਵਿਚ ਵਧ ਕੇ 146.27 ਕਰੋੜ ਹੋ ਗਿਆ। ਇਹ 7 ਗੁਣਾ ਤੋਂ ਵੀ ਜ਼ਿਆਦਾ ਵਾਧਾ ਸੀ। ਕਿਉਂਕਿ ਸਿਖਿਆ ਮੂਲ ਤੌਰ ਤੇ ਰਾਜ ਸੂਚੀ ਦਾ ਵਿਸ਼ੇ ਸੀ, ਜੋ ਵੀ ਮਾਇਕ ਕਠਿਨਾਈ ਆਏ, ਪ੍ਰਾਥਮਿਕ ਸਿਖਿਆ ਉੱਤੇ ਖਰਚ ਵਿਚ ਕਿਸੀ ਤਰ੍ਹਾਂ ਦੀ ਕਟੌਤੀ ਨਹੀਂ ਕੀਤੀ ਜਾਣੀ ਚਾਹੀਦੀ। ਜੇ ਇੰਨਾ ਹੀ ਜਰੂਰੀ ਹੋਵੇ ਤਾਂ ਉਦਯੋਗਿਕ ਵਿਕਾਸ ਵਿਚ ਖਰਚ ਵਿਚ ਥੋੜੀ ਕਟੌਤੀ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਨੇ ਮਈ 1961 ਵਿਚ ਰਾਸ਼ਟਰੀ ਵਿਕਾਸ ਪਰਿਸ਼ਦ ਨੂੰ ਕਿਹਾ-"ਮੈਂ ਇਹ ਮਹਿਸੂਸ ਕਰਨ ਲਗਾ ਹਾਂ ਕਿ ਇਹ (ਸਿਖਿਆ) ਸਾਰੀ ਚੀਜ਼ਾਂ ਦਾ ਆਧਾਰ ਹੈ ਅਤੇ ਕਿਸੇ ਵੀ ਕਾਰਨ ਨਾਲ, ਜੇ ਸਾਡੇ ਸਿਰ ਹੀ ਕਟ ਲਏ ਜਾਣ ਅਤੇ ਅਸੀਂ ਕੰਮ ਹੀ ਨਹੀਂ ਕਰ ਸਕੇ ਤਾਂ ਹੋਰ ਗਲ ਹੈ, ਪਰ ਸਾਨੂੰ ਸਿਖਿਆ ਨੂੰ ਕਿਸੀ ਪ੍ਰਕਾਰ ਦਾ ਨੁਕਸਾਨ ਨਹੀਂ ਪਹੁੰਚਣ ਦੇਣਾ ਚਾਹੀਦਾ।"

ਨੋਟ

ਨਹਿਰੂ ਦੇ ਦਿਨਾਂ ਵਿਚ ਸਿਖਿਆ, ਖਾਸਕਰ ਲੜਕੀਆਂ ਦੀ ਸਿਖਿਆ ਵਿਚ ਭਾਰੀ ਪ੍ਰਗਤੀ ਦਿਖਾਈ ਦਿਤੀ। 1951 ਅਤੇ 1961 ਦੇ ਵਿਚ ਸਕੂਲਾਂ ਵਿਚ ਵਿਦਿਆਰਥੀਆਂ ਦੀ ਸੰਖਿਆ ਦੋ ਗੁਣੀ ਅਤੇ ਵਿਦਿਆਰਥਣਾਂ ਦੀ ਸੰਖਿਆ ਤਿੰਨ ਗੁਣੀ ਹੋ ਗਈ। 1950-51 ਦੇ ਮੁਕ਼ਾਬਲੇ 1965-66 ਵਿਚ ਪਹਿਲੇ ਤੋਂ ਚੌਥੀ ਕਲਾਸ ਤਕ ਦੇ ਵਿਦਿਆਰਥੀਆਂ ਦੀ ਸੰਖਿਆ 1.37 ਕਰੋੜ ਤੋਂ ਵਧਕੇ 3.21 ਕਰੋੜ ਹੋ ਗਈ। ਇਸੇ ਪ੍ਰਕਾਰ ਮਾਧਮਿਕ ਪੱਧਰ ਉੱਤੇ ਵੀ ਪਰਿਵਰਤਨ ਦਿਖਦਾ ਹੈ ਜਿਥੇ ਇਸੇ ਸਮੇਂ ਵਿਚ ਵਿਦਿਆਰਥੀਆਂ ਦੀ ਸੰਖਿਆ 10 ਲਖ ਤੋਂ ਵਧ ਕੇ 40 ਲਖ (ਯਾਨੀ 4 ਗੁਣੀ ਵਾਧਾ) ਅਤੇ ਵਿਦਿਆਰਥਣਾਂ ਦੀ ਸੰਖਿਆ 1.9 ਲਖ ਤੋਂ ਵਧ ਕੇ 10.2 ਲਖ (ਕਰੀਬ ਸਾਢੇ ਛੇ ਗੁਣੀ ਤੋਂ ਵਿਚ ਜ਼ਿਆਦਾ) ਹੋ ਗਈ। ਮਾਧਮਿਕ ਸਕੂਲਾਂ ਦੀ ਸੰਖਿਆ 7,288 ਤੋਂ ਵਧ ਕੇ 24,477 ਇਸ ਦੌਰਾਨ ਹੋ ਗਈ।

ਆਜ਼ਾਦੀ ਦੇ ਦਿਨਾਂ ਵਿਚ ਸਿਰਫ 18 ਵਿਸ਼ਵਵਿਦਿਆਲਾ ਸੀ, ਜਦਕਿ ਕਰੀਬ 3 ਲਖ ਵਿਦਿਆਰਥੀ ਸੀ। 1964 ਤਕ ਵਿਸ਼ਵਵਿਦਿਆਲਾ ਦੀ ਸੰਖਿਆ 54 ਅਤੇ ਕਾਲਜਾਂ ਦੀ ਸੰਖਿਆ 2,500 ਹੋ ਗਈ। ਸਨਾਤਕ ਅਤੇ ਸਨਾਤਕੋਤਰ ਵਿਦਿਆਰਥੀਆਂ ਦੀ ਸੰਖਿਆ 6.13 ਲਖ ਹੋ ਚੁਕੀ ਸੀ। ਵਿਦਿਆਰਥਣਾ ਦੀ ਸੰਖਿਆ ਛੇ ਗੁਣਾ ਵਧ ਕੇ ਕੁਲ ਵਿਦਿਆਰਥੀਆਂ ਦਾ 22 ਪ੍ਰਤੀਸ਼ਤ ਹੋ ਗਿਆ। ਪ੍ਰੰਤੂ ਪ੍ਰਾਥਮਿਕ ਸਿਖਿਆ ਵਿਚ ਤਰੱਕੀ ਦੇ ਬਾਵਜੂਦ ਇੱਛਤ ਪ੍ਰਗਤੀ ਨਹੀਂ ਹੋ ਪਾ ਰਹੀ ਸੀ ਕਿਉਂਕਿ ਉਸ ਵਿਚ ਵਿਦਿਆਰਥੀਆਂ ਦੀ ਸੰਖਿਆ ਵਿਚ ਵਾਧਾ ਮੂਲ ਤੋਰ ਤੇ ਜਨਸੰਖਿਆ ਅਹ ਵਿਚ ਵਾਧੇ ਕਾਰਨ ਹੋ ਰਿਹਾ ਸੀ। ਸੰਵਿਧਾਨ ਦੁਆਰਾ ਮੁਫਤ ਅਤੇ ਜਰੂਰੀ ਸਿਖਿਆ ਦਾ ਲਕਸ਼ ਜੋ ਪਹਿਲਾਂ 1961 ਤਕ ਪੂਰਾ ਕੀਤਾ ਜਾਣਾ ਸੀ, ਉਹ ਵਧ ਕੇ 1966 ਅਤੇ ਫਿਰ ਸੁਦੂਰ ਭਵਿੱਖ ਦੇ ਲਈ ਟਾਲ ਦਿੱਤਾ ਗਿਆ। 1965-66 ਦੇ ਦੌਰਾਨ ਤੀਜੀ ਯੋਜਨਾ ਦੇ ਅੰਤ ਵਿਚ 6 ਤੋਂ 14 ਸਾਲ ਦੇ ਬੱਚਿਆਂ ਦਾ ਮਾਤਰ 61 ਪ੍ਰਤੀਸ਼ਤ ਹੀ ਸਕੂਲ ਜਾਂਦਾ ਸੀ, ਵਿਦਿਆਰਥਾਂ ਦੇ ਲਈ ਇਹ ਆਂਕੜਾ ਹੋਰ ਵੀ ਘੱਟ ਮਾਤਰ 43 ਪ੍ਰਤੀਸ਼ਤ ਹੀ ਸੀ। ਨਤੀਜੇ ਵਜੋਂ ਅਨਪੜ੍ਹਤਾ ਵੱਡੇ ਪੈਮਾਨੇ ਤੇ ਵਧਦੀ ਰਹੀ ਅਤੇ 191 ਵਿਚ ਮਾਤਰ 52 ਪ੍ਰਤੀਸ਼ਤ ਭਾਰਤੀ ਹੀ ਸਾਖਰ ਸੀ।

ਪ੍ਰਾਥਮਿਕ ਸਿਖਿਆ ਦੀ ਸਭ ਤੋਂ ਵਡੀ ਕਮਜ਼ੋਰੀ ਪੜਾਈ ਛੱਡ ਕੇ ਜਾਣ ਵਾਲੇ ਵਿਦਿਆਰਥੀਆਂ ਦੀ ਉੱਚੀ ਸੰਖਿਆ ਰਹੀ ਹੈ। ਪਹਿਲੀ ਕਲਾਸ ਵਿਚ ਨਾਮ ਲਿਖਾਉਣ ਵਾਲੇ ਕਰੀਬ ਅਧੇ ਬੱਚੇ ਚੌਥੀ ਕਲਾਸ ਵਿਚ ਪਹੁੰਚਦੇ-ਪਹੁੰਚੇ ਸਕੂਲ ਛਡ ਦਿੰਦੇ ਅਤੇ ਫਿਰ ਵਾਪਸ ਅਨਪੜ੍ਹਤਾ ਦੇ ਘੇਰੇ ਵਿਚ ਪਹੁੰਚ ਜਾਂਦੇ ਸਨ। ਪੜ੍ਹਾਈ ਛੱਡਣ ਵਾਲਿਆਂ ਵਿਚ ਲੜਕੀਆਂ ਦੀ ਸੰਖਿਆ ਲੜਕਿਆਂ ਤੋਂ ਬਹੁਤ ਜ਼ਿਆਦਾ ਸੀ। ਇਸ ਨਾਲ ਸਾਫ ਹੋ ਜਾਂਦਾ ਹੈ ਕਿ ਸਿਖਿਆ ਦਾ ਸਮਾਨ ਅਵਸਰ ਸਭ ਨੂੰ ਪ੍ਰਾਪਤ ਨਹੀਂ ਹੋ ਰਿਹਾ ਸੀ। ਇਸਲਈ ਨੌਕਰੀ ਵਿਚ ਅਵਸਰ ਦੀ ਸਮਾਨਤਾ ਦਾ ਸਵਾਲ ਪੈਦਾ ਨਹੀਂ ਹੁੰਦਾ। ਨਤੀਜੇ ਵਜੋਂ ਪਿੰਡਾਂ ਦੇ ਤੇ ਗਰੀਬ ਲੋਕ ਭਾਰਤ ਦਾ ਬਹੁਸੰਖਿਅਕ ਹਿੱਸਾ ਹੁੰਦੇ ਹੋਏ ਵੀ ਇਨ੍ਹਾਂ ਦੇ ਲਾਭ ਤੋਂ ਦੂਰ ਰਹੇ। ਇਕ ਦੂਜੀ ਕਮਜੋਰੀ ਜੋ ਇਸ ਸਮੇਂ ਪੈਦਾ ਹੋਈ, ਉਹ ਸੀ ਸਿਖਿਆ ਦੇ ਮਿਆਰ ਵਿਚ ਗਿਰਾਵਟ। ਇਸ ਸਮਸਿਆ ਨੂੰ ਮਹਿਸੂਸ ਕਰਨ ਦੇ ਬਾਵਜੂਦ ਸਿਰਫ ਤਕਨੀਕੀ ਸਿਖਿਆ ਨੂੰ ਛਡ ਕੇ ਬਾਕੀ ਸਿਖਿਆ ਵਿਵਸਥਾ ਨੂੰ ਬਗ਼ੈਰ ਸੁਧਾਰ ਦੇ ਅਛੂਤਾ ਛਡ ਦਿੱਤਾ ਗਿਆ ਅਤੇ ਸਿਖਿਆ ਦੇ ਮਿਆਰ ਪਹਿਲੇ ਸਕੂਲਾਂ ਵਿਚ ਅਤੇ ਫਿਰ ਉਸ ਦੇ ਬਾਅਦ ਕਾਲਜਾਂ ਤੇ ਵਿਸ਼ਵਵਿਦਿਆਲਾ ਵਿਚ ਡਿਗਣ ਲਗਾ। ਇਸਦੇ ਅਲਾਵਾ ਸਿਖਿਆ ਦਾ ਵਿਚਾਰਾਤਮਕ ਸਰੂਪ ਨਹੀਂ ਰਹਿ ਗਿਆ ਜੋ ਓਪਨਿਵੇਸ਼ਕ ਕਾਲ ਵਿਚ ਸੀ। ਉਦਾਹਰਣ ਦੇ ਲਈ, ਇਹ ਸੰਪਰਦਾਇਕਤਾ ਦੇ ਪ੍ਰਸਾਰ ਦਾ ਇਕ ਹਥਿਆਰ ਹੀ ਬਣਿਆ ਰਹਿ ਗਿਆ ਅਤੇ ਬਾਅਦ ਵਿਚ ਸੰਕੀਰਣਤਾ ਤੇ ਅਹੰਕਾਰ ਦਾ ਪ੍ਰਸਾਰ ਵੀ ਇਸਦੇ ਮਾਧਿਅਮ ਨਾਲ ਵਧਦਾ ਚਲਾ ਗਿਆ।

ਕੀ ਤੁਸੀਂ ਜਾਣਦੇ ਹੋ

1965 ਵਿਚ ਪੇਂਡੂ ਆਬਾਦੀ ਦੇ 5 ਪ੍ਰਤੀਸ਼ਤ ਦੇ ਕੋਲ ਕਿਸੇ ਸਕੂਲ ਦੀ ਸੇਵਾ ਉਪਲਬਧ ਨਹੀਂ ਸੀ। ਇਸਦੇ ਅਲਾਵਾ ਮੌਜੂਦਾ ਸਕੂਲਾਂ ਵਿਚ ਵੀ ਸਹੂਲਤਾਂ ਬਹੁਤ ਘੱਟ ਸੀ। ਜ਼ਿਆਦਾਤਰ ਸਕੂਲਾਂ ਦੇ ਕੋਲ ਕੋਈ ਪੱਕੀ ਇਮਾਰਤ ਨਹੀਂ ਸੀ, ਨਾ ਹੀ ਬਲੈਕ ਬੋਰਡ ਅਤੇ ਪੀਣ ਦਾ ਪਾਣੀ ਸੀ। ਕਰੀਬ 40 ਪ੍ਰਤੀਸ਼ਤ ਪ੍ਰਾਥਮਿਕ ਸਕੂਲ ਐਸੇ ਸਨ, ਜਿਥੇ ਸਿਰਫ ਇਕ ਹੀ ਸਿਖਿਅਕ ਹੁੰਦਾ ਅਤੇ ਉਹ ਤਿੰਨ ਚਾਰ ਕਲਾਸਾਂ ਨੂੰ ਪੜ੍ਹਾਉਂਦੇ ਸਨ।

ਨਹਿਰੂ ਸਿਖਿਆ ਦੇ ਖੇਤਰ ਵਿਚ ਅਸੰਤੋਖਜਨ ਪ੍ਰਗਤੀ ਨਾਲ ਪਰਿਚਿਤ ਸਨ ਅਤੇ ਆਪਣੇ ਪ੍ਰਧਾਨਮੰਤ੍ਰੀਤਵ ਦੇ ਅੰਤਿਮ ਦਿਨਾਂ ਵਿਚ ਸਿਖਿਆ ਦੇ ਵਿਕਾਸ ਉੱਤੇ ਜ਼ਿਆਦਾ ਜੋਰ ਦੇਣ ਲਗੇ ਸੀ। ਖਾਸਕਾ ਪ੍ਰਾਥਮਿਕ ਸਿਖਿਆ ਦੇ ਵਿਕਾਸ ਦੇ ਲਈ ਹੋਰ ਕੋਸ਼ਿਸ਼ਾਂ ਹੋਈਆਂ, ਜਿਸ ਨੂੰ ਉਹ ਕਿਸੇ ਵੀ ਕੀਮਤ ਤੇ ਵਿਕਸਿਤ ਕਰਨਾ ਚਾਹੁੰਦੇ ਸਨ। 1963 ਵਿਚ ਉਨ੍ਹਾਂ ਨੇ ਮੁਖਮੰਤਰੀ ਨੂੰ ਲਿਖਿਆ, "ਅੰਤਿਮ ਵਿਸ਼ਲੇਸ਼ਣ ਵਿਚ ਹਰੇਕ ਵਿਅਕਤੀ ਦੇ ਲਈ ਸਹੀ ਸਿਖਿਆ ਦੀ ਉਪਲਬਧੀ, ਸਾਡੀ ਸਾਰੀਆਂ ਮੌਲਿਕ ਸਮਸਿਆਵਾਂ ਦਾ ਸਮਾਧਾਨ ਹੈ।" ਇਸਦੇ ਅਲਾਵਾ "ਆਪਣੇ ਉਦਯੋਗਾਂ ਨੂੰ ਵਿਕਸਿਤ ਕਰਨ ਦੀ ਮੇਰੀ ਇੱਛਾ ਦੇ ਬਾਵਜੂਦ ਮੈਂ ਇਹ ਸੋਚਣ ਲਗਾ ਹਾਂ ਕਿ ਨਿਚਲੇ ਪੱਧਰ ਉੱਤੇ ਜਰੂਰੀ ਸਿਖਿਆ ਦੇ ਬਗੈਰ ਕੰਮ ਚਲਾਉਣ ਤੋਂ ਬਿਹਤਰ ਹੈ ਕਿ ਕੁਝ ਉਦਯੋਗਿਕ ਵਿਕਾਸ ਦੇ ਬਗੈਰ ਹੀ ਕੰਮ ਚਲਾਇਆ ਜਾਏ।"

*(iv)* ਪੇਂਡੂ ਖੇਤਰਾਂ ਦੇ ਵਿਕਾਸ ਦੇ ਲਈ ਦੋ ਵੱਡੇ ਪ੍ਰੋਗਰਾਮ ਸਾਮੁਦਾਇਕ ਵਿਕਾਸ ਪ੍ਰੋਗਰਾਮ ਅਤੇ ਪੰਚਾਇਤੀ ਰਾਜ, 1952 ਅਤੇ 1959 ਵਿਚ ਸ਼ੁਰੂ ਕੀਤੇ ਗਏ। ਇਹ ਪ੍ਰੋਗਰਾਮ ਪਿੰਡਾਂ ਵਿਚ ਕਲਿਆਣਕਾਰੀ ਰਾਜਾਂ ਦੀ ਨੀਂਹ ਪਾਉਣ ਵਾਲੇ ਸਨ। ਹਾਲਾਂਕਿ

ਨੋਟ

ਇਹ ਖੇਤੀ ਦੇ ਵਿਕਾਸ ਲਈ ਵੀ ਬਣਾਏ ਗਏ ਸਨ, ਪਰ ਇਨ੍ਹਾਂ ਵਿਚ ਮੁਖ ਤੌਰ ਤੇ ਕਲਿਆਣ ਦਾ ਉਦੇਸ਼ ਪੇਂਡੂ ਭਾਰਤ ਦਾ ਚਿਹਰਾ ਬਦਲਣਾ ਸੀ ਤਾਂਕਿ ਲੋਕਾਂ ਦਾ ਜੀਵਨ ਪੱਧਰ ਸੁਧਾਰਿਆ ਜਾ ਸਕੇ।

ਸਾਮੁਦਾਇਕ ਵਿਕਾਸ ਪ੍ਰੋਗਰਾਮ ਸਮੀਤੀ ਪੱਧਰ ਤੇ 1952 ਵਿਚ ਸ਼ੁਰੂ ਕੀਤਾ ਗਿਆ, ਜਿਸ ਵਿਚ 55 ਵਿਕਾਸ ਪ੍ਰਖੰਡ ਚੁਣੇ ਗਏ। ਹਰੇਕ ਪ੍ਰਖੰਡ ਵਿਚ 100 ਪਿੰਡ ਅਤੇ ਕਰੀਬ 60 ਤੋਂ 70 ਹਜਾਰ ਦੀ ਆਬਾਦੀ ਸੀ। 1960 ਦੇ ਦਸ਼ਕ ਦੇ ਮੱਧ ਵਿਚ ਆਕੇ ਦੇਸ਼ ਦਾ ਜ਼ਿਆਦਾਤਰ ਸਾਮੁਦਾਇਕ ਪ੍ਰਖੰਡਾਂ ਦੇ ਵਾਲ ਵਿਚ ਢਕ ਗਿਆ, ਜਿਸ ਵਿਚ 6,000 ਪ੍ਰਖੰਡ ਵਿਕਾਸ ਪਦਾਧਿਕਾਰੀਆਂ ਅਤੇ ਕਰੀਬ 6,00,000 ਵੀ.ਐਲ.ਡਬਲਿਊ ਜਾਂ ਗ੍ਰਾਮ ਸੇਵਕ ਨਿਯੁਕਤ ਕੀਤੇ ਗਏ ਜੋ ਇਸ ਪ੍ਰੋਗਰਾਮ ਨੂੰ ਲਾਗੂ ਕਰ ਸਕਣ। ਇਸ ਪ੍ਰੋਗਰਾਮ ਵਿਚ ਪੇਂਡੂ ਜੀਵਨ ਦੇ ਹਰ ਪੱਖ ਨੂੰ ਲਿਆ ਗਿਆ ਸੀ, ਖੇਤੀ ਬਿਹਤਰ ਬਣਾਉਣ ਦੀ ਵਿਧੀਆਂ ਤੋਂ ਲੈ ਕੇ ਸੰਚਾਰ, ਸਵਾਸਥ ਅਤੇ ਸਿਖਿਆ ਵਿਚ ਸੁਧਾਰ ਆਦਿ ਸਾਰੇ ਪਹਿਲੂਆਂ ਨੂੰ ਲਿਆ ਗਿਆ ਸੀ।

ਇਸ ਪ੍ਰੋਗਰਾਮ ਵਿਚ ਲੋਕਾਂ ਦੁਆਰਾ ਆਤਮਨਿਰਭਰਤਾ ਅਤੇ ਆਤਮ ਸਹਾਇਤਾ ਤੇ ਉਤਰਦਾਇਤਵ ਉੱਤੇ ਮੁਖ ਰੂਪ ਵਿਚ ਜੋਰ ਦਿੱਤਾ ਜਾਣਾ ਸੀ। ਇਹ ਇਕ ਪ੍ਰਕਾਰ ਨਾਲ ਮੂਲ ਤੌਰ ਤੇ ਜਨਤਾ ਦੇ ਆਪਦੇ ਕਲਿਆਣ ਦੇ ਲਈ, ਜਨਤਾ ਦੇ ਇਕ ਅੰਦੋਲਨ ਦੇ ਰੂਪ ਵਿਚ ਸੰਗਠਤ ਕੀਤਾ ਜਾਣਾ ਵਾਲਾ ਪ੍ਰੋਗਰਾਮ ਸੀ। ਜਿਵੇਂ ਕਿ ਨਹਿਰੂ ਨੇ ਇਸ ਪ੍ਰੋਗਰਾਮ ਦੇ ਸ਼ੁਭਾਰੰਭ ਦੇ ਅਵਸਰ ਉੱਤੇ 1952 ਵਿਚ ਕਿਹਾ ਸੀ ਕਿ ਇਸਦਾ ਮੂਲ ਲਕਸ਼ "ਜਨਤਾ ਦੇ ਵਿਚ ਥਲਿਓਂ ਸ਼ਕਦੀ ਸੰਚਾਰ ਕਰਨ" ਦਾ ਸੀ। ਇਕ ਤਰਫ ਇਹ "ਜਰੂਰੀ ਸੀ ਕਿ ਯੋਜਾ ਬਣਾਈ ਜਾਏ ਉਸਦਾ ਨਿਰਦੇਸ਼ਨ, ਸੰਗਠਨ ਅਤੇ ਸੰਯੋਜਨ ਕੀਤਾ ਜਾਏ, ਪਰੰਤੂ ਦੂਜੀ ਤਰਫ ਉਸਤੋਂ ਵੀ ਜ਼ਿਆਦਾ ਜਰੂਰੀ, ਨਿਚਲੇ ਪੱਧਰ ਤੋਂ ਵਿਕਾਸ ਦੀ ਜਰੂਰੀ ਪਰਿਸਥਿਤੀ ਤਿਆਰ ਕਰਨਾ ਸੀ।" ਇਸਦੇ ਅਲਾਵਾ ਪ੍ਰੋਗਰਾਮ ਵਿਚ ਭੌਤਿਕ ਉਪਲਬਧੀ ਦਾ ਲਕਸ਼ ਤਾਂ ਰਖਿਆ ਗਿਆ ਸੀ, ਪਰੰਤੂ ਇਸਦਾ ਮੂਲ ਉਦੇਸ਼ "ਸਮੁਦਾਏ ਅਤੇ ਵਿਅਕਤੀ ਨੂੰ ਵਿਕਸਿਤ ਕਰਨਾ ਅਤੇ ਵਿਅਕਤੀ ਨੂੰ ਆਪਣੇ ਪਿੰਡ ਅਤੇ ਵਿਆਪਕ ਅਰਥਾਂ ਵਿਚ ਭਾਰਤ ਦਾ ਨਿਰਮਾਤਾ ਬਣਾ ਦੇਣਾ ਸੀ।" ਉਨ੍ਹਾਂ ਨੇ ਕਿਹਾ, "ਪ੍ਰਾਥਮਿਕ ਵਸਤੂ ਹੈ ਇਸ ਵਿਚ ਲਗਿਆ ਮਨੁੱਖ।" ਇਸਦਾ ਇਕ ਦੂਜਾ ਵੱਡਾ ਉਦੇਸ਼ ਪਿਛੜੇ ਤਬਕੇ ਨੂੰ ਚੁਕਣਾ ਸੀ-"ਸਾਡਾ ਲਕਸ਼ ਅਵਸਰ ਦੀ ਸਮਾਨਤਾ ਅਤੇ ਹੋਰ ਪੱਖਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਉੱਚੇ ਪੱਧਰ ਉੱਤੇ ਲੈ ਜਾਣਾ ਹੋਣਾ ਚਾਹੀਦਾ।" 1952 ਅਤੇ ਉਸਦੇ ਬਾਅਦ ਦੇ ਸਾਲਾਂ ਵਿਚ, ਨਹਿਰੂ ਬਾਰ-ਬਾਰ ਸਾਮੁਦਾਇਕ ਵਿਕਾਸ ਪ੍ਰੋਗਰਾਮ ਅਤੇ ਉਸਦੇ ਨਾਲ ਜੁੜੀ ਰਾਸ਼ਟਰੀ ਵਿਸਤਾਰ ਸੇਵਾ ਦੀ ਚਰਚਾ "ਨਵੀਂ ਸਰਕਾਰ" ਅਤੇ ਇਕ "ਮਹਾਨ ਕ੍ਰਾਂਤੀ" ਤੇ "ਭਾਰਤ ਦੇ ਪੁਨਰੁੱਥਾਨਸ਼ੀਲ ਭਾਵਨਾ ਦਾ ਪ੍ਰਤੀਕ' ਦੇ ਰੂਪ ਵਿਚ ਕਰਦੇ ਸਨ।

ਇਸ ਪ੍ਰੋਗਰਮ ਵਿਚ ਵਿਸਤਾਰ ਕਾਰਜਾਂ ਵਿਚ ਅੱਛੀ ਸਫਲਤਾ ਪ੍ਰਾਪਤ ਹੋਈ। ਜਿਵੇਂ-ਬੇਹਤਰ ਬੀਜ, ਖਾਦ ਆਦਿ ਹੋਣ ਦੇ ਨਤੀਜੇ ਵਜੋਂ ਆਮਤੌਰ ਉੱਤੇ ਖੇਤੀ ਦਾ ਵਿਕਾਸ ਤੇਜ ਹੋਇਆ ਅਤੇ ਖਾਦਿਅ ਉਤਪਾਦਨ ਵਧਿਆ। ਇਸ ਦੇ ਅਲਾਵਾ ਸੜਕ, ਤਾਲਾਬ, ਖੂਹ, ਸਕੂਲ ਅਤੇ ਪ੍ਰਾਥਮਿਕ ਚਿਕਿਤਸਾ ਕੇਂਦਰ ਆਦਿ ਦਾ ਨਿਰਮਾਣ ਅਤੇ ਸਿਖਿਆ ਤੇ ਚਿਕਿਤਸਾ ਸਹੂਲਤਾਂ ਦਾ ਵਿਸਤਾਰ ਹੋਇਆ। ਪਰੰਤੂ ਜਲਦੀ ਹੀ ਇਹ ਸਪਸ਼ਟ ਹੋ ਗਿਆ ਕਿ ਪ੍ਰੋਗਰਾਮ ਆਪਣੇ ਇਕ ਪ੍ਰਮੁਖ ਉਦੇਸ਼ ਵਿਚ ਅਸਫਲ ਹੋ ਗਿਆ-ਉਹ ਸੀ ਆਪਣੀ ਵਿਕਾਸ ਗਤੀਵਿਧੀਆਂ ਵਿਚ ਲੋਕਾਂ ਨੂੰ ਪੂਰੀ ਭਾਗੀਦਾਰੀ। ਨਾ ਕੇਵਲ ਇਸ ਤਰ੍ਹਾਂ ਆਪਣੀ ਮਦਦ ਆਪ ਕਰਨ ਦੀ ਭਾਵਨਾ ਦਾ ਵਿਕਾਸ ਨਹੀਂ ਹੋ ਸਕਿਆ, ਬਲਕਿ ਇਸ ਨੇ ਸਰਕਾਰ ਦੀ ਉਮੀਦਾਂ ਅਤੇ ਸਰਕਾਰ ਉੱਤੇ ਨਿਰਭਰਤਾ ਨੂੰ ਅਗੇ ਵਧਾ ਦਿਤਾ। ਹੋਲੀ-ਹੋਲੀ ਇਸਦਾ ਝੁਕਾਅ ਸਰਕਾਰੀ ਕੰਮ ਵਰਗਾ ਹੋ ਗਿਆ ਅਤੇ ਅਫਸਰਸ਼ਾਹੀ ਢਾਂਚੇ ਦਾ ਹਿੱਸਾ ਬਣ ਕੇ ਉਪਰ ਤੋਂ ਸ਼ਾਸਿਤ ਹੋਣ ਲਗਾ। ਪੂਰਾ ਪ੍ਰੋਗਰਾਮ ਰੋਜਮਰਾ ਦੀ ਤਰ੍ਹਾਂ ਬਣ ਗਿਆ। ਪ੍ਰਖੰਡ ਵਿਕਾਸ ਪਦਾਧਿਕਾਰੀ ਪਾਰੰਪਰਿਕ ਸਬ ਡਿਵੀਜਨਲ ਪਦਾਧਿਕਾਰੀ ਦੇ ਪ੍ਰਤੀਰੂਪ ਬਣ ਗਏ ਅਤੇ ਗ੍ਰਾਮ ਸੇਵਕ ਉਨ੍ਹਾਂ ਦੇ ਕਰਮਚਾਰੀ। ਜਿਵੇਂ ਕਿ ਨਹਿਰੂ ਨੇ ਬਾਅਦ ਵਿਚ 1963 ਦੇ ਦੌਰਾਨ ਕਿਹਾ ਕਿ ਜਿਥੇ ਤਕ ਪੂਰਾ ਪ੍ਰੋਗਰਾਮ ਇਸ ਪ੍ਰਕਾਰ ਬਣਾਇਆ ਗਿਆ ਸੀ ਕਿ ਕਿਸਾਨ ਨੂੰ "ਲੀਕ ਤੋਂ ਹਟਾਇਆ ਜਾ ਸਕੇ, ਜੋ ਪਿਛਲੇ ਕਈ ਯੁਗਾਂ ਤੋਂ ਉਸੇ ਉੱਤੇ ਜੀਉਂਦਾ ਆ ਰਿਹਾ ਹੈ" ਉੱਥੇ ਇਹ ਪ੍ਰੋਗਰਾਮ ਖੁਦ ਹੀ "ਉਸੇ ਲੀਕ ਵਿਚ ਫਸ ਗਿਆ ਹੈ।"

ਇਸ ਪ੍ਰੋਗਰਾਮ ਦੀ ਕਮਜ਼ੋਰੀ 1957 ਵਿਚ ਹੀ ਸਪਸ਼ਟ ਹੋ ਚੁਕੀ ਸੀ, ਜਦ ਬਲਵੰਤਰੀ ਮੇਹਤਾ ਸਮੀਤੀ ਨੂੰ ਇਸਦਾ ਮੁਲਾਂਕਣ ਕਰਨ ਦਾ ਕੰਮ ਦਿੱਤਾ ਗਿਆ। ਇਸ ਸਮੀਤੀ ਨੇ ਇਸ ਪ੍ਰੋਗਰਾਮ ਦੇ ਨੌਕਰਸ਼ਾਹੀ ਦੇ ਚੰਗੁਲ ਵਿਚ ਫਸਣ ਅਤੇ ਲੋਕਾਂ ਦੀ ਭਾਗੀਦਾਰੀ ਦੇ ਅਭਾਵ ਦੀ ਜਮ ਕੇ ਅਲੋਚਨਾ ਕੀਤੀ। ਇਸਦੇ ਇਲਾਜ ਲਈ ਸਮੀਤੀ ਨੇ ਇਹ ਸਿਫਾਰਿਸ਼ ਕੀਤੀ ਕਿ ਪੇਂਡੂ ਅਤੇ ਜ਼ਿਲਾ ਪੱਧਰੀ ਵਿਕਾਸ ਪ੍ਰਸ਼ਾਸਨ ਦਾ ਜਨਵਾਦੀ ਵਿਕੇਂਦ੍ਰੀਕਰਨ ਕੀਤਾ ਜਾਵੇ। ਇਸ ਸਿਫਾਰਸ਼ ਦੇ ਅਧਾਰ ਉੱਤੇ ਇਹ ਤੈਅ ਕੀਤਾ ਗਿਆ ਕਿ ਪੂਰੇ ਦੇਸ਼ ਵਿਚ ਗ੍ਰਾਮ ਪੰਚਾਇਤ ਨੂੰ ਅਧਾਰ ਬਣਾ ਕੇ ਇਕ ਜਨਵਾਦੀ ਸਵਸ਼ਾਸਨ ਦੀ ਸਮਾਕਲਿਤ ਵਿਵਸਥਾ ਸ਼ੁਰੂ ਕੀਤੀ ਜਾਵੇ। ਇਹ ਨਵੀਂ ਵਿਵਸਥਾ ਪੰਚਾਇਤੀ ਰਾਜ ਦੇ ਨਾਮ ਨਾਲ ਜਾਣੀ ਗਈ ਅਤੇ ਵਿਭਿੰਨ ਰਾਜਾਂ ਵਿਚ 1959 ਵਿਚ ਲਾਗੂ ਕੀਤੀ ਜਾਣ ਲਗੀ। ਇਸ ਵਿਚ ਪ੍ਰਤੱਖ ਰੂਪ ਵਿਚ ਚੁਣੇ ਗਏ ਗ੍ਰਾਮ ਪੰਚਾਇਤ ਅਤੇ ਅਪ੍ਰਤੱਖ ਰੂਪ ਵਿਚ ਚੁਣੇ ਗਏ ਪ੍ਰਖੰਡ ਪੱਧਰੀ ਜ਼ਿਲਾ ਪਰਿਸ਼ਦ ਦੇ ਤਿੰਨ ਪੱਧਰ ਬਣਾਏ ਗਏ। ਸਾਮੁਦਾਇਕ ਵਿਕਾਸ ਪ੍ਰੋਗਰਾਮ ਨੂੰ ਪੰਚਾਇਤੀ ਰਾਜ ਦੇ ਨਾਲ ਜੋੜ ਦਿੱਤਾ ਗਿਆ ਅਤੇ ਵੱਡੀ ਮਾਤਰਾ ਵਿਚ ਕਾਰਜ, ਵਿੱਤ ਸੰਸਾਧਨ ਅਤੇ ਅਧਿਕਾਰ ਤਿੰਨ ਪੱਧਰੀ ਸਮੀਤੀਆਂ ਨੂੰ ਵਿਕਾਸ ਪ੍ਰੋਗਰਾਮਾਂ ਨੂੰ ਚਲਾਉਣ ਦੇ ਲਈ ਸੌਂਪ ਦਿਤੇ ਗਏ। ਇਸ ਪ੍ਰਕਾਰ ਪੰਚਾਇਤੀ ਰਾਜ ਦੇ ਦੁਆਰਾ ਸਾਮੁਦਾਇਕ ਵਿਕਾਸ ਪ੍ਰੋਗਰਾਮ ਦੀ ਇਕ ਬਹੁਤ ਵੱਡੀ ਕਮਜ਼ੋਰੀ ਨੂੰ ਜਨਤਾ ਦੀ ਭਾਗੀਦਾਰੀ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਤੇ ਨਿਰਣਾਂ ਲੈਣ ਦਾ ਅਧਿਕਾਰ ਸੌਂਪ ਕੇ ਦੂਰ ਕਰਨ

ਨੋਟ

ਦੀ ਕੋਸ਼ਿਸ਼ ਕੀਤੀ ਗਈ। ਇਸਦੇ ਤਹਿਤ ਅਧਿਕਾਰੀਆ ਦੀ ਭੂਮਿਕਾ ਸਿਰਫ ਸਹਾਇਤਾ ਅਤੇ ਨਿਰਦੇਸ਼ ਦੇਣ ਦੀ ਰਹਿ ਗਈ। ਇਸਦੇ ਨਾਲ ਹੀ, ਪਿੰਡਾਂ ਵਿਚ ਹਜ਼ਾਰਾਂ ਸਹਿਕਾਰੀ ਸੰਸਥਾਵਾਂ ਦਾ ਜਾਲ ਬੁਣ ਦਿੱਤਾ ਗਿਆ, ਜਿਨ੍ਹਾਂ ਵਿਚ ਸਹਿਕਾਰੀ ਬੈਂਕ, ਜ਼ਮੀਨ ਗਿਰਵੀ ਬੈਂਕ, ਸੇਵਾ ਅਤੇ ਬਾਜਾਰ ਸਹਿਕਾਰੀ ਸਮੀਤੀ ਆਦਿ ਸੰਸਥਾਵਾਂ ਬਣਾਈਆਂ ਗਈਆਂ। ਇਹ ਸਾਰੀਆਂ ਸੰਸਥਾਵਾਂ ਸਵਾਇਤ ਸੀ ਕਿਉਂਕਿ ਇਨ੍ਹਾਂ ਦਾ ਸੰਚਾਲਨ ਚੋਣ ਦੇ ਆਧਾਰ ਉੱਤੇ ਬਣੀ ਸੰਸਥਾਵਾਂ ਦੁਆਰਾ ਕੀਤਾ ਜਾਂਦਾ ਸੀ।

ਨਹਿਰੂ ਦਾ ਉਤਸਾਹ ਫਿਰ ਵਧ ਗਿਆ ਕਿਉਂਕਿ ਪੰਚਾਇਤੀ ਰਾਜ ਅਤੇ ਸਹਿਕਾਰੀ ਸੰਸਥਾਵਾਂ ਸਮਾਜ ਵਿਚ ਹੋਰ ਕ੍ਰਾਂਤੀਕਾਰੀ ਪਰਿਵਰਤਨ ਦੀ ਪ੍ਰਤੀਨਿਧੀ ਸੀ। ਇਸ ਨਾਲ ਵਿਕਾਸ ਅਤੇ ਗ੍ਰਾਮੀਣ ਪ੍ਰਸ਼ਾਸਨ ਦਾ ਉਤਰਦਾਇਤਵ ਲੋਕਾਂ ਨੂੰ ਪ੍ਰਾਪਤ ਹੋ ਰਿਹਾ ਸੀ, ਜਿਸ ਨਾਲ ਪੇਂਡੂ ਵਿਕਾਸ ਦੀ ਗਤੀ ਤੇਜ ਹੋ ਸਕਦੀ ਸੀ। ਉਹ ਜਨਤਾ ਦੇ ਹਥਾਂ ਵਿਚ ਸ਼ਕਤੀ ਪ੍ਰਦਾਨ ਕਰਨ ਦਾ ਉਪਕਰਨ ਹੀ ਨਹੀਂ, ਬਲਕਿ ਹੋਰ ਜ਼ਿਆਦਾ ਆਤਮ ਨਿਰਭਰਤਾ ਤੇ ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਪਰਿਵਰਤਣ ਲਿਆਉਣ ਵਾਲੀ ਇਕ ਪ੍ਰਸ਼ਿਕਸ਼ਣ ਪ੍ਰਕ੍ਰਿਆ ਬਣ ਸਕਦੀ ਸੀ। ਇਸ ਤੋਂ ਵੀ ਜ਼ਿਆਦਾ ਇਹ ਬਿਹਤਰ ਮਨੁੱਖ ਦੇ ਨਿਰਮਾਣ ਦੀ ਪ੍ਰਕ੍ਰਿਆ ਦਾ ਸ਼ੁਭਾਰੰਭ ਹੋ ਸਕਦਾ ਸੀ।

ਪ੍ਰੰਤੂ ਇਕ ਜਾਂ ਦੂਜੇ ਰੂਪ ਵਿਚ ਪੰਚਾਇਤੀ ਰਾਜ ਨੂੰ ਸਵੀਕਾਰ ਕਰ ਲੈਣ ਦੇ ਬਾਵਜੂਦ ਰਾਜ ਸਰਕਾਰਾਂ ਨੇ ਇਸਦੇ ਵਿਸ਼ੇ ਵਿਚ ਬਹੁਤ ਘੱਟ ਉਤਸਾਹ ਦਿਖਾਇਆ। ਉਨ੍ਹਾਂ ਨੇ ਪੰਚਾਇਤੀ ਰਾਜ ਨੂੰ ਕੋਈ ਵਾਸਤਵਿਕ ਅਧਿਕਾਰ ਪ੍ਰਦਾਨ ਨਹੀਂ ਕੀਤਾ, ਬਲਕਿ ਉਨ੍ਹਾਂ ਦੇ ਕੰਮਾਂ ਅਤੇ ਸ਼ਕਤੀ ਉੱਤੇ ਅੰਕੁਸ਼ ਲਗਾਇਆ ਤੇ ਪੈਸੇ ਦਾ ਅਭਾਵ ਪੈਦਾ ਕਰ ਮਰ ਜਾਣ ਦੇ ਲਈ ਮਜਬੂਰ ਕਰ ਦਿਤਾ। ਨੌਕਰਸ਼ਾਹੀ ਨੇ ਵੀ ਗ੍ਰਾਮੀਣ ਪ੍ਰਸ਼ਾਸਨ ਉੱਤੇ ਆਪਣੀ ਪਕੜ ਬਿਲਕੁਲ ਢਿੱਲੀ ਨਹੀਂ ਹੋਣ ਦਿਤੀ। ਪੰਚਾਇਤ ਦਾ ਰਾਜਨੀਤਿਕਰਣ ਹੋ ਗਿਆ ਅਤੇ ਰਾਜਨੀਤਿਕਾਂ ਦੁਆਰਾ, ਪਿੰਡ ਦੇ ਅੰਦਰ ਗੁਟ ਦਾ ਸਮਰਥਨ ਹਾਸਲ ਕਰਨ ਦੇ ਲਈ ਇਸਦਾ ਇਸਤੇਮਾਲ ਕੀਤਾ ਜਾਣ ਲਗਾ। ਨਤੀਜੇ ਵਜੋਂ, ਗ੍ਰਾਮੀਣ ਸਵੈਸ਼ਾਸਨ ਦੀ ਨੀਂਹ ਤਾਂ ਪਾ ਦਿਤੀ ਗਈ, ਪਰੰਤੂ ਇਸਦਾ ਜਨਵਾਦੀ ਵਿਕੇਂਦ੍ਰੀਕਰਣ ਮੋਟੇ ਤੌਰ ਤੇ ਅਵਰੁਧ ਹੋ ਗਿਆ ਅਤੇ ਬਲਵੰਤਰੀ ਮੇਹਤਾ ਸਮੀਤੀ ਅਤੇ ਜਵਾਹਰਲਾਲ ਨਹਿਰੂ ਦੁਆਰਾ ਜੋ ਭੂਮਿਕਾ ਇਸ ਨੂੰ ਸੌਂਪੀ ਗਈ, ਉਹ ਕਦੀ ਪੂਰੀ ਨਹੀਂ ਹੋ ਪਾਈ।

ਇੰਨਾਂ ਹੀ ਨਹੀਂ, ਸਾਮੂਦਾਇਕ ਵਿਕਾਸ ਦੇ ਲਾਭ, ਨਵੀਂ ਖੇਤੀ ਦੀਆਂ ਸਹੂਲਤਾਂ ਤੇ ਵਿਸਤਾਰ ਸੇਵਾਵਾਂ ਮੂਲਰੂਪ ਨਾਲ ਧਨੀ ਅਤੇ ਪੂੰਜੀਵਾਦੀ ਕਿਸਾਨਾਂ ਦੁਆਰਾ ਹਥਿਆ ਲਈਆਂ ਗਈਆਂ। ਇਨ੍ਹਾਂ ਲੋਕਾਂ ਨੇ ਪੰਚਾਇਤੀ ਰਾਜ ਸੰਸਥਾ ਉੱਤੇ ਵੀ ਪ੍ਰਭੁਤਵ ਜਮਾ ਲਿਆ। ਪਿੰਡਾਂ ਉੱਤੇ ਸਮ੍ਰਿਧ, ਮੱਧਿਅਮ ਅਤੇ ਪੂੰਜੀਵਾਦੀ ਕਿਸਾਨਾਂ ਦਾ ਸਮਾਜਕ ਅਤੇ ਆਰਥਿਕ ਵਰਚਸਵ ਸੀ ਅਤੇ ਨਾ ਤਾਂ ਨੌਕਰਸ਼ਾਹ ਅਤੇ ਨਾ ਹੀ ਸਮ੍ਰਿਧ ਗ੍ਰਾਮੀਣ ਵਰਗ ਜਨਤਾ ਦੀ ਭਾਗੀਦਾਰੀ ਅਤੇ ਸਮਾਜਿਕ ਰੂਪਾਂਤਰਣ ਦੇ ਅਗ੍ਰਦੂਤ ਬਣ ਸਕਦੇ ਸਨ। ਇਹ ਇਕ ਹੋਰ ਅਜਿਹਾ ਖੇਤਰ ਸੀ ਜਿਸ ਵਿਚ ਨਹਿਰੂ ਯੁਗ ਦੀ ਭੂਮੀ ਸੁਧਾਰ ਦੀ ਕਮਜ਼ੋਰੀਆਂ ਉਜਾਗਰ ਹੋ ਗਈ।

ਨੋਟਸ ਸਾਮੁਦਾਇਕ ਵਿਕਾਸ ਪ੍ਰੋਗਰਾਮ, ਪੰਚਾਇਤੀ ਰਾਜ ਅਤੇ ਸਹਿਕਾਰੀ ਅੰਦੋਲਨ ਦੀ ਸਭ ਤੋਂ ਵਡੀ ਕਮਜ਼ੋਰੀ ਇਹ ਸੀ ਕਿ ਇਸਨੇ ਗ੍ਰਾਮੀਣ ਸਮਾਜ ਦੇ ਅੰਦਰ ਵਰਗ ਵੰਡ ਨੂੰ ਨਜ਼ਰਅੰਦਾਜ਼ ਕੀਤਾ, ਜਿਥੇ ਅੱਧੇ ਤੋਂ ਜ਼ਿਆਦਾ ਲੋਕ ਭੂਮੀਹੀਣ ਅਤੇ ਇਸਲਈ ਬਿਲਕੁਲ ਸ਼ਕਤੀਹੀਣ ਸਨ।

## 11.3 ਯੋਜਨਾ, ਰਾਜ ਨਿਯੰਤਰਿਤ ਉਦਯੋਗੀਕਰਣ ਅਤੇ ਖੇਤੀ ਸੰਬੰਧੀ ਸੁਧਾਰ (Planning, State Controlled Industrialization and Agrarian Reforms)

ਸੁਤੰਤਰ ਭਾਰਤ ਦੇ ਸਾਹਮਣੇ ਤੇਜ਼ ਉਦਯੋਗਿਕ ਵਿਕਾਸ ਦੇ ਲਈ ਇਸੇ ਓਪਨਿਵੇਸ਼ਕ ਵਿਰਾਸਤ ਨੂੰ ਤੋੜਨਾ ਜ਼ਰੂਰੀ ਹੈ। ਪ੍ਰਥਮ ਉਦਯੋਗਿਕ ਕ੍ਰਾਂਤੀ ਦੇ 200 ਸਾਲਾਂ ਬਾਅਦ ਅਤੇ ਕਈ ਹੋਰ ਦੇਸ਼ਾਂ ਦੇ 100 ਸਾਲਾਂ ਬਾਅਦ ਭਾਰਤ ਦਾ ਆਧੁਨਿਕ ਉਦਯੋਗੀਕਰਣ ਇੱਕ ਵਿਸ਼ਾਲ ਕੰਮ ਸੀ। ਉਪਨਿਵੇਸ਼ਵਾਦ ਦੁਆਰਾ ਨਿਰਮਿਤ ਇਨਾਂ ਸਮੱਸਿਆਵਾਂ ਦੇ ਇਲਾਵਾ ਭਾਰਤ ਦੇ ਸਾਹਮਣੇ ਪੂਰੀ ਤਰਾਂ ਬਦਲੀ ਹੋਈ ਰਾਜਨੀਤਿਕ ਅਤੇ ਆਰਥਿਕ ਪਰਿਸਥਿਤੀਆਂ ਖੜੀਆਂ ਸਨ। ਅਜਿਹੀ ਸਥਿਤੀ ਵਿੱਚ ਨਵੀਂ ਅਤੇ ਆਵਿਸ਼ਕ੍ਰਿਤ ਰਾਜਨੀਤੀ ਦੀ ਜ਼ਰੂਰਤ ਸੀ। ਨਾਲ ਹੀ ਇਸ ਕੰਮ ਦੇ ਦੌਰਾਨ, ਉਪਨਿਵੇਸ਼ਵਾਦ ਤੋਂ ਮੁਕਤੀ ਪਾਏ ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤ ਕਈ ਪੱਖਾਂ ਤੋਂ ਅਨੁਕੂਲ ਸਥਿਤੀ ਵਿੱਚ ਸੀ। ਪਹਿਲਾ, 1914 ਅਤੇ 1947 ਦੇ ਵਿੱਚ ਭਾਰਤੀਆਂ ਦੇ ਸਵਾਮੀਤਵ ਵਿੱਚ ਅਤੇ ਓਨਾਂ ਦੁਆਰਾ ਨਿਯੰਤਰਿਤ ਇੱਕ ਛੋਟਾ ਕਿੰਤੂ ਸੁਤੰਤਰ ਉਦਯੋਗਿਕ ਆਧਾਰ ਦੇਸ਼ ਵਿੱਚ ਤਿਆਰ ਹੋ ਚੁਕਾ ਸੀ। ਦੋਵੇਂ ਵਿਸ਼ਵ ਯੁੱਧਾਂ ਅਤੇ ਤੀਹ ਦੇ ਦਸ਼ਕ ਦੀ ਮਹਾ ਵਿਸ਼ਵ ਆਰਥਿਕ ਮੰਦੀ ਦੇ ਫਲਸਰੂਪ ਸਾਮਰਾਜਵਾਦ ਦੇ ਕਮਜ਼ੋਰ ਪਏ ਸ਼ਿਕੰਜੇ ਦਾ ਫਾਇਦਾ ਉਠਾ ਕੇ ਇਹ ਕੰਮ ਸੰਭਵ ਹੋਇਆ। ਭਾਰਤ ਦੀ ਆਜ਼ਾਦੀ ਆਓਂਦੇ ਆਓਂਦੇ ਭਾਰਤੀ ਉੱਦਮੀ ਭਾਰਤ ਵਿੱਚ ਯੂਰਪੀ ਉੱਦਮ ਦੇ ਨਾਲ ਸਫਲਤਾਪੂਰਵਕ ਮੁਕਾਬਲਾ ਕਰ ਪਾ ਰਹੇ ਸਨ, ਨਾਲ ਹੀ ਵਿਦੇਸ਼ੀ ਆਯਾਤ ਨਾਲ ਵੀ।ਇਸ ਤਰਾਂ ਓਹ ਭਾਰਤ ਦੇ ਉਦਯੋਗਿਕ ਉਤਪਾਦਨ ਦੇ 75% ਤੇ ਆਪਣਾ ਅਧਿਕਾਰ ਕਰ ਸਕੇ। ਭਾਰਤੀ ਪੂੰਜੀਪਤੀਆਂ ਦਾ ਵਿੱਤੀ ਖੇਤਰ ਤੇ ਵੀ, ਜਿਵੇਂ ਬੈਂਕਿੰਗ, ਜੀਵਨ ਬੀਮਾ ਆਦਿ ਤੇ ਵੀ ਪ੍ਰਭੁੱਤਵ ਸੰਭਵ ਹੋਇਆ।

ਇਸ ਲਈ ਆਜ਼ਾਦੀ ਦੇ ਸਮੇਂ ਉਪਨਿਵੇਸ਼ਵਾਦੀ ਇਤਿਹਾਸ ਦੇ ਬਾਵਜੂਦ, ਅਤੇ ਉਸ ਦੇ ਵਿਰੋਧ ਵਿੱਚ ਭਾਰਤ ਨੇ ਇੱਕ ਅਜਿਹਾ ਸੁਤੰਤਰ ਆਰਥਿਕ ਆਧਾਰ ਤਿਆਰ ਕਰ ਲਿਆ ਸੀ, ਜਿਸਦੇ ਸਹਾਰੇ ਅੱਗੇ ਵਧਿਆ ਜਾ ਸਕਦਾ ਸੀ ਅਤੇ ਸੁਤੰਤਰ ਅਤੇ ਤੇਜ਼ ਉਦਯੋਗਿਕੀਕਰਣ ਦਾ ਕੰਮ ਲਿਆ ਜਾ ਸਕਦਾ ਸੀ।ਇਹ ਸਥਿਤੀ ਓਨਾਂ ਕਈ ਉੱਤਰ ਓਪਨਿਵੇਸ਼ਕ ਦੇਸ਼ਾਂ ਤੋਂ ਅਲੱਗ ਸੀ, ਜੋ ਨਵ-ਉਪਨਿਵੇਸ਼ਵਾਦ ਦਾ ਸ਼ਿਕਾਰ ਬਣੇ। ਓਨਾਂ ਦੀ ਰਾਜਨੀਤਿਕ ਆਜ਼ਾਦੀ ਮਾਤਰ ਔਪਚਾਰਿਕਤਾ ਸੀ, ਜਦੋਂਕਿ ਓਨਾਂ ਦੇ ਆਰਥਿਕ ਹਿਤ ਆਪਣੇ ਪੂਰਵ ਉਪਨਿਵੇਸ਼ਵਾਦੀ ਸ਼ਾਸਕ ਨਾਲ ਜੁੜੇ ਹੋਏ ਸਨ।

ਦੇਸ਼ ਵਿੱਚ ਕਾਫੀ ਸੰਖਿਆ ਵਿੱਚ ਭਾਰਤੀ ਉੱਦਮੀ ਵਰਗ ਮੌਜੂਦ ਸੀ ਜੋ ਅੱਗੇ ਨਿਯੋਜਿਤ ਵਿਕਾਸ ਵਿੱਚ ਸਹਾਇਕ ਹੋ ਸਕਦਾ ਸੀ।ਅੰਗਰੇਜਾਂ ਦੇ ਜ਼ਮਾਨੇ ਤੋਂ ਹੀ ਅਰਥਤੰਤਰ ਵਿੱਚ ਕਾਫੀ ਹੱਦ ਤੱਕ ਸੰਕੇਂਦਰਣ ਅਤੇ ਸਥਾਈਤਵ ਪੈਦਾ ਹੋ ਚੁਕਾ ਸੀ। ਜਿਸ ਦੇ ਫਲਸਰੂਪ ਓਸੇ ਜ਼ਮਾਨੇ ਵਿੱਚ ਬਿਰਲਾ, ਟਾਟਾ, ਸਿੰਘਾਨੀਆ, ਡਾਲਮੀਆ, ਜੈਨ ਜਿਹੇ ਵੱਡੇ ਕਾਰੋਬਾਰੀ ਘਰਾਨੇ ਪੈਦਾ ਹੋ ਚੁਕੇ ਸਨ। ਓਹ ਵਪਾਰ, ਬੈਂਕਿੰਗ, ਯਾਤਾਯਾਤ, ਉਦਯੋਗ ਆਦਿ ਵਿੱਚ ਵਿਕਸਿਤ ਹੋ ਚੁਕੇ ਸਨ। ਅਜਿਹੇ ਵੱਡੇ ਘਰਾਨੇ ਜਾਪਾਨ ਵਿੱਚ ਜਾਈਬਾਤਸੂ ਜਾਂ ਦੱਖਣ ਕੋਰੀਆ ਵਿੱਚ ਚਾਈਬੋਲ ਦੇ ਸਮਾਨ, ਵਿਸ਼ਵ ਪੂੰਜੀਵਾਦ ਵਿੱਚ ਦੇਰ ਨਾਲ ਪ੍ਰਵੇਸ਼ ਕਰਣ ਵਾਲਿਆਂ ਦੇ ਲਈ ਮਹਤਵ ਦੇ ਸਨ। ਓਨਾਂ ਦੇ ਸਹਾਰੇ ਓਹ ਵਿਦੇਸ਼ੀ ਪੂੰਜੀ ਅਤੇ ਖਾਸਕਰ ਬਹੁ-ਰਾਸ਼ਟਰੀ ਕੰਪਨੀਆਂ ਦੇ ਨਾਲ ਸਫਲ ਮੁਕਾਬਲਾ ਕਰ ਸਕਦੇ ਸਨ।

ਇਹ ਬੜੇ ਸੁਭਾਗ ਦੀ ਗੱਲ ਸੀ ਕਿ ਆਜ਼ਾਦੀ ਤੋਂ ਬਾਅਦ ਅੱਗੇ ਵਿਕਾਸ ਦੇ ਸੰਬੰਧ ਵਿੱਚ ਦੇਸ਼ ਵਿੱਚ ਇੱਕ ਆਮ ਸਮਾਜਿਕ ਸਹਿਮਤੀ ਸੀ। ਉਦਾਹਰਣ ਦੇ ਲਈ ਗਾਂਧੀਵਾਦੀ, ਸੋਸ਼ਲਿਸਟ, ਪੂੰਜੀਪਤੀ ਅਤੇ ਕਮਿਊਨਿਸਟ (ਕੁਝ ਸੰਕਰੀਣਤਾਵਾਦੀ ਦੌਰਾਂ ਨੂੰ ਛੱਡ ਕੇ) ਨਿਮਨਲਿਖਿਤ ਏਜੰਡੇ ਤੇ ਕਰੀਬ ਕਰੀਬ ਸਹਿਮਤ ਸਨ;ਆਤਮ-ਨਿਰਭਰਤਾ ਤੇ ਆਧਾਰਿਤ ਆਰਥਿਕ ਵਿਕਾਸ ਦੀ ਬਹੁ-ਆਯਾਮੀ ਰਣਨੀਤੀ; ਮੂਲ ਉਦਯੋਗਾਂ ਸਹਿਤ ਆਯਾਤ ਦੇ ਵਿਕਲਪ ਵਿੱਚ ਤੇਜ਼ ਉਦਯੋਗਿਕੀਕਰਣ; ਸਾਮਰਾਜਵਾਦੀ ਅਤੇ ਵਿਦੇਸ਼ੀ ਪੂੰਜੀ ਦੇ ਪ੍ਰਭੁੱਤਵ ਉੱਤੇ ਰੋਕ; ਭੂਮੀ ਸੁਧਾਰ ਜਿਸ ਵਿੱਚ ਸ਼ਾਮਿਲ ਸਨ-ਜ਼ਮੀਦਾਰੀ ਉਨਮੂਲਨ, ਕਾਸ਼ਤਕਾਰੀ ਸੁਧਾਰ, ਸਹਿਕਾਰੀ ਸੰਸਥਾਵਾਂ ਦੀ ਸਥਾਪਨਾ, ਕਰਜ਼ਾ, ਵਿਕਰੀ ਆਦਿ ਦੇ ਲਈ ਸਹਿਕਾਰੀ ਸੇਵਾ ਸੰਸਥਾਵਾਂ, ਸਮਾਨ ਅਵਸਰ ਦੇ ਲਈ ਵਿਕਾਸ, ਅਰਥਾਤ ਗਰੀਬਾਂ ਅਤੇ ਕਲਿਆਣਕਾਰੀ ਕੰਮਾਂ ਤੱਕ ਵਿੱਚ ਸੁਧਾਰਵਾਦੀ ਵਿਕਾਸ ਮਾਡਲ; ਜਨ-ਜਾਤੀਆਂ ਅਤੇ ਆਦੀਵਾਸੀਆਂ ਜਿਹੇ ਸਭ ਤੋਂ ਪੀੜਿਤ ਤਬਕਿਆਂ ਲਈ ਕੁਝ ਅਵਧੀ ਦਾ ਸਕਾਰਾਤਮਕ ਆਰਕਸ਼ਣ; ਰਾਜ ਦੁਆਰਾ ਆਰਥਿਕ ਵਿਕਾਸ ਵਿੱਚ ਕੇਂਦਰੀ ਭੂਮਿਕਾ, ਵਿਸ਼ੇਸ਼ਕਰ ਸਾਰਵਜਨਿਕ ਖੇਤਰ ਦੇ ਜਰੀਏ ਉਤਪਾਦਨ ਪ੍ਰਕ੍ਰਿਆ ਵਿੱਚ ਹਿੱਸੇਦਾਰੀ ਆਦਿ।

ਸਭ ਤੋਂ ਮਹੱਤਵਪੂਰਣ ਗੱਲ ਸੀ ਜਨਤਾਂਤਰਿਕ ਅਤੇ ਸਮਾਜਿਕ ਉਦਾਰਵਾਦੀ ਢਾਂਚੇ ਦੇ ਤਹਿਤ ਇਸ ਯੋਜਨਾਬੱਧ ਤੇਜ਼ ਉਦਯੋਗਿਕੀਕਰਣ ਦੀ ਅਸਾਧਾਰਣ ਕੋਸ਼ਿਸ਼। ਉਦਯੋਗਿਕੀਕਰਣ ਵਿੱਚ ਪ੍ਰਵੇਸ਼ ਕਰਣ ਜਾਂ 'ਆਦਿਮ ਸੰਚਅ' ਦੇ ਸ਼ੁਰੂਆਤੀ ਦੌਰ ਵਿੱਚ ਸਾਰੇ ਉਦਯੋਗਿਕ ਦੇਸ਼ਾਂ ਵਿੱਚ ਜਨਤੰਤਰ ਨਹੀਂ ਸੀ, ਅਤੇ ਨਾ ਹੀ ਸਮਾਜਿਕ ਆਜ਼ਾਦੀਆਂ। ਨਹਿਰੂ ਅਤੇ ਕਈ ਦੂਜੇ ਲੋਕ ਅਤੇ ਆਪ ਪੂੰਜੀਪਤੀ ਇਸ ਗੱਲ ਤੋਂ ਅਵਗਤ ਸਨ ਕਿ ਓਹ ਇੱਕ ਅਣਜਾਣੀ ਰਾਹ ਤੇ ਚੱਲ ਪਏ ਹਨ। ਫਿਰ ਵੀ ਓਹ ਇਸ ਦੇ ਪ੍ਰਤੀ ਸਮਰਪਿਤ ਬਣੇ ਰਹੇ। ਭਾਰਤ ਵਿੱਚ ਕਿਸੇ ਨੇ ਵੀ ਦੱਖਣੀ ਅਮਰੀਕਾ ਜਾਂ ਪੂਰਬੀ ਏਸ਼ੀਆ ਜਾਂ ਹੋਰ ਜਗਤਾਂ ਦੇ ਪੂੰਜੀਵਾਦੀ ਮਾਡਲ ਨੂੰ ਦੇਸ਼ ਵਿੱਚ ਲਾਗੂ ਕਰਣ ਦਾ ਸਵਾਲ ਤਕ ਨਹੀਂ ਉਠਾਇਆ। ਓਨਾਂ ਦੇਸ਼ਾਂ ਵਿੱਚ ਪ੍ਰਭੁਤਵਵਾਦੀ ਸਰਕਾਰਾਂ ਪੂੰਜੀਪਤੀਆਂ ਦੇ ਨਾਲ ਮਿਲ ਕੇ ਬਣਾਵਟੀ ਤਰੀਕੇ ਨਾਲ ਵਿਕਾਸ ਸਮਾਜ ਤੇ ਲੱਦ ਰਹੀਆਂ ਸਨ।ਭਾਰਤ ਵਿੱਚ ਵਿਕਾਸ ਪਥ ਦੇ ਬਾਰੇ ਵਿੱਚ ਆਮ ਸਹਿਮਤੀ ਰਾਸ਼ਟਰੀ ਅੰਦੋਲਨ ਦੇ ਵਿਸ਼ੇਸ਼ ਰੂਪ ਦੀ ਦੇਣ ਸੀ। ਇਸ ਲਈ ਭਾਰਤ ਪੂਰਬ ਓਪਨਿਵੇਸ਼ਕ ਦੇਸ਼ਾਂ ਵਿੱਚ ਇੱਕਮਾਤਰ ਅਜਿਹਾ ਸੀ ਜਿਸਨੇ ਵਾਸਤਵਿਕ ਜਨਤੰਤਰ ਨਿਰਮਿਤ ਅਤੇ ਵਿਕਸਿਤ ਕੀਤਾ।

### ਯੋਜਨਾ ਅਤੇ ਸਾਰਵਜਨਿਕ ਖੇਤਰ (Planning and Public Sector)

19ਵੀਂ ਸਦੀ ਦੇ ਅੰਤਿਮ ਭਾਗ ਵਿੱਚ ਹੀ ਐਮ.ਜੀ. ਰਾਨਾਡੇ ਅਤੇ ਦਾਦਾ ਭਾਈ ਨੌਰੋਜੀ ਜਿਹੇ ਸ਼ੁਰੂਆਤੀ ਰਾਸ਼ਟਰਵਾਦੀਆਂ ਦੇ ਆਰਥਿਕ ਚਿੰਤਨ ਨੇ ਆਰਥਿਕ ਵਿਕਾਸ ਵਿੱਚ ਰਾਜ ਨੂੰ ਮਹੱਤਵਪੂਰਣ ਭੂਮਿਕਾ ਪ੍ਰਦਾਨ ਕੀਤੀ ਸੀ।ਰਾਜ ਦੁਆਰਾ ਹਸਤਖੇਪ ਦੀ ਉਮੀਦ ਕਰਣ ਅਤੇ ਅਰਥਤੰਤਰ ਨੂੰ ਪੂਰੀ ਤਰਾਂ ਬਾਜ਼ਾਰ ਦੀਆਂ ਤਾਕਤਾਂ ਦੇ ਹੱਥ ਨਹੀਂ ਛੱਡਣ ਦੇ ਇਹ ਵਿਚਾਰ ਦੋਹਾਂ ਮਹਾਂ ਯੁੱਧਾਂ ਦੇ ਵਿੱਚ ਦੀ ਅਵਧੀ ਵਿਚ ਹੋਰ ਵੀ ਸਪਸ਼ਟ ਅਤੇ ਵਿਆਪਕ ਹੋਏ। ਇਸ ਦਾ ਇੱਕ ਕਾਰਣ ਕੀਂਸ ਦਾ ਆਰਥਿਕ ਵਿਚਾਰ, ਅਮਰੀਕਾ ਵਿੱਚ 'ਨਿਊ ਡੀਲ' (ਨਵੇਂ ਆਰਥਿਕ ਸਹਿਯੋਗ) ਦੇ ਅਨੁਭਵ ਅਤੇ ਸੋਵਿਅਤ ਪ੍ਰਯੋਗ ਸੀ।1934 ਵਿੱਚ ਭਾਰਤੀ ਚੈਂਬਰ ਓਫ ਕਾਮਰਸ ਐਂਡ ਇੰਡਸਟਰੀ (ਫਿੱਕੀ) ਦੇ ਅਧਿਅਕਸ਼ ਐਨ. ਆਰ. ਸਰਕਾਰ ਨੇ ਘੋਸ਼ਣਾ ਕੀਤੀ- "ਅਸੀਮਿਤ ਮੁਕਤ ਵਪਾਰ ਦੇ ਦਿਨ ਹਮੇਸ਼ਾ ਦੇ ਲਈ ਲੱਦ ਚੁਕੇ ਹਨ।" ਓਹ ਪੂੰਜੀਪਤੀ ਵਰਗ ਦੀ ਅਗਵਾਈ ਦੇ ਵਿਚਾਰ ਪ੍ਰਗਟ ਕਰ ਰਹੇ ਸਨ। ਓਨਾਂ ਨੇ ਕਿਹਾ ਕਿ ਭਾਰਤ ਜਿਹੇ ਪਿਛੜੇ ਦੇਸ਼ ਵਿੱਚ ਆਰਥਿਕ ਵਿਕਾਸ ਦੀ ਇੱਕ ਵਿਆਪਕ ਯੋਜਨਾ ਹੋਣੀ ਚਾਹੀਦੀ ਹੈ ਜਿਸ ਵਿੱਚ ਅਰਥਤੰਤਰ ਖੇਤੀ, ਉਦਯੋਗ, ਊਰਜਾ, ਬੈਂਕਿੰਗ, ਵਿੱਤ ਆਦਿ ਦੇ ਸਾਰੇ ਪਹਿਲੂ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਸੰਬੰਧਿਤ ਯੋਜਨਾਵਾਂ ਦੀ ਰੂਪਰੇਖਾ ਤਿਆਰ ਕਰਕੇ ਓਨਾਂ ਨੂੰ ਲਾਗੂ ਕਰਣ ਦਾ ਕੰਮ ਉੱਚ ਸਤਰੀ 'ਰਾਸ਼ਟਰੀ ਯੋਜਨਾ ਕਮਿਸ਼ਨ' ਕਰੇ।ਇਹ ਭੂਤਕਾਲ ਦੇ ਨਾਲ ਸੰਬੰਧ ਵਿੱਛੇਦ ਕਰਣ ਅਤੇ ਵਿਕਾਸ ਦੀਆਂ ਸੰਭਾਵਨਾਂਵਾਂ ਪੂਰੀ ਤਰਾਂ ਖੋਲਣ ਲਈ ਜ਼ਰੂਰੀ ਸੀ। **1938 ਵਿੱਚ ਨਿਯੋਜਿਤ ਆਰਥਿਕ ਵਿਕਾਸ ਦੇ ਸਭ ਤੋਂ ਵੱਡੇ ਪਹਿਲਕਰਤਾ ਜਵਾਹਰਲਾਲ ਨਹਿਰੂ ਦੀ ਅਗਵਾਈ ਵਿੱਚ ਰਾਸ਼ਟਰੀ ਯੋਜਨਾ ਕਮਿਸ਼ਨ (ਐਨ.ਪੀ.ਸੀ.) ਗਠਿਤ ਕੀਤੀ ਗਈ।** ਇਸ ਨੇ ਬਾਅਦ ਦੇ ਦਸ਼ਕ ਵਿੱਚ ਵਿਕਾਸ

ਨੋਟ

ਦੀ ਇੱਕ ਵਿਆਪਕ ਯੋਜਨਾ ਤਿਆਰ ਕੀਤੀ ਅਤੇ ਇਸ ਦੀਆਂ ਵਿਭਿੰਨ ਉਪਸਮਿਤੀਆਂ ਨੇ ਸੁਝਾਵਾਂ ਦੇ ਉੱਨਤੀ ਖੰਡ ਤਿਆਰ ਕੀਤੇ।

ਰਾਜਕੀਅ ਯੋਜਨਾ ਬਣਾਓਣ ਸੰਬੰਧੀ ਵਿਚਾਰ ਤੇ ਆਮ ਸਹਿਮਤੀ ਤੋਂ ਇਲਾਵਾ ਰਾਜ ਦੀ ਭੂਮਿਕਾ ਬਾਰੇ ਵੀ ਇੱਕੋ ਵਰਗੀ ਰਾਏ ਸੀ। ਕਰੀਬ ਕਰੀਬ ਸਭ ਦਾ ਇਹੋ ਮੰਨਣਾ ਸੀ ਕਿ ਰਾਜ ਨੂੰ ਨਾ ਸਿਰਫ ਆਰਕਿਥ ਨੀਤੀ ਦੇ ਵਿੱਤੀ, ਮੁਦਰਿਕ ਅਤੇ ਦੂਜੇ ਜਰੀਆਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ, ਅਤੇ ਵਿਕਾਸ ਪ੍ਰਕ੍ਰਿਆ ਤੇ ਰਾਜ ਦੀ ਦੇਖਰੇਖ ਅਤੇ ਨਿਯੰਤਰਣ ਹੋਣਾ ਚਾਹੀਦਾ ਹੈ, ਬਲਕਿ ਸਾਰਵਜਨਿਕ ਖੇਤਰ ਦੇ ਜਰੀਏ ਉਤਪਾਦਨ ਪ੍ਰਕ੍ਰਿਆ ਵਿੱਚ ਇੱਕ ਹੱਦ ਤੱਕ ਰਾਜ ਦੀ ਸਿੱਧੀ ਹਿੱਸੇਦਾਰੀ ਹੋਣੀ ਚਾਹੀਦੀ ਹੈ। ਅਖਿਲ ਭਾਰਤੀ ਕਾਂਗਰਸ ਕਮੇਟੀ ਦੁਆਰਾ ਸੰਸ਼ੋਧਿਤ 1931 ਦੇ ਕਾਂਗਰਸ ਦੇ ਕਰਾਚੀ ਪ੍ਰਸਤਾਵ ਵਿੱਚ ਕਿਹਾ ਗਿਆ ਕਿ 'ਰਾਜ ਪ੍ਰਮੁੱਖ ਉਦਯੋਗਾਂ, ਸੇਵਾਵਾਂ, ਖਣਿਜ ਸਰੋਤਾਂ, ਰੇਲਵੇ, ਜਲ-ਪਰਿਵਹਿਨ, ਜਹਾਜਰਾਣੀ ਅਤੇ ਦੂਜੇ ਯਾਤਾਯਾਤ ਸਾਧਨਾਂ ਤੇ ਨਿਯੰਤਰਣ ਰੱਖੇਗਾ।' ਨਹਿਰੂ ਅਤੇ ਐਨ.ਪੀ.ਸੀ. ਦੇ ਇਲਾਵਾ ਭਾਰਤੀ ਉੱਦਮਾਂ ਦੇ ਨੇਤਾ ਵੀ ਸਾਰਵਜਨਿਕ ਖੇਤਰ ਅਤੇ ਆਂਸ਼ਿਕ ਰਾਸ਼ਟਰੀਕਰਣ ਦੇ ਪੱਖਧਰ ਸਨ। ਸਾਰਵਜਨਿਕ ਖੇਤਰ ਦੇ ਉਦਮੀਆਂ ਦੇ ਮਹੱਤਵਪੂਰਣ ਸਮਰਥਨ ਦਾ ਕਾਰਣ ਪਲੈਨ ਫਾਰ ਇਕੋਨੋਕਿਮ ਡਿਵੈਲਪਮੈਂਟ ਓਫ ਇੰਡੀਆ (ਭਾਰਤ ਦੇ ਆਰਥਿਕ ਵਿਕਾਸ ਦੀ ਯੋਜਨਾ) ਵਿੱਚ 1945 ਵਿੱਚ ਪੇਸ਼ ਕੀਤਾ ਗਿਆ ਸੀ। ਇਸ ਨੂੰ ਕਾਰੋਬਾਰ ਦੇ ਨੇਤਾਵਾਂ ਨੇ ਤਿਆਰ ਕੀਤਾ ਸੀ। ਅਤੇ ਇਹ ਬਾਂਬੇ ਪਲੈਨ (ਬਾਂਬੇ ਯੋਜਨਾ) ਦੇ ਨਾਂ ਨਾਲ ਵੀ ਪ੍ਰਸਿੱਧ ਹੈ।ਬਾਂਬੇ ਪਲੈਨ ਦੇ ਅਨੁਸਾਰ ਵਿਕਸਿਤ ਦੇਸ਼ਾਂ ਉੱਤੇ ਭਾਰਤ ਦੀ ਨਿਰਭਰਤਾ ਦਾ ਮੁੱਖ ਕਾਰਣ ਸਥਾਨਿਕ ਮੂਲ ਉਦਯੋਗਾਂ ਦਾ ਨਾ ਹੋਣਾ ਸੀ। ਦੂਜੀ ਪੰਜ ਸਾਲਾ ਯੋਜਨਾ ਤੋਂ ਕਾਫੀ ਪਹਿਲਾਂ ਹੀ ਇਸ ਦੇ ਇੱਕ ਮੂਲ ਮੁੱਦੇ ਨੂੰ ਪਲੈਨ ਨੇ ਇਸ ਤਰਾਂ ਪੇਸ਼ ਕੀਤਾ-

ਅਸੀਂ ਸਮਝਦੇ ਹਾਂ ਕਿ ਮੂਲ ਉਦਯੋਗਾਂ ਦੀ ਇਸ ਕਮੀ ਨੂੰ ਜਿੰਨੀ ਜਲਦੀ ਹੋ ਸਕੇ, ਠੀਕ ਕੀਤਾ ਜਾਣਾ ਚਾਹੀਦਾ ਹੈ। ਇਹ ਨਾ ਸਿਰਫ ਭਾਰਤ ਵਿੱਚ ਆਰਥਿਕ ਵਿਕਾਸ ਦੀ ਗਤੀ ਤੇਜ਼ ਕੀਤੇ ਜਾਣ ਦਾ ਇੱਕ ਤਰੀਕਾ ਹੈ ਬਲਕਿ ਸੰਯੰਤਰ ਅਤੇ ਮਸ਼ੀਨਾਂ ਬਾਰੇ ਵੀ ਵਿਦੇਸ਼ਾਂ ਤੇ ਸਾਡੀ ਨਿਰਭਰਤਾ ਘੱਟ ਕਰੇਗਾ ਅਤੇ ਇਸ ਤਰਾਂ ਬਾਹਰੀ ਵਿੱਤ ਦੀ ਸਾਡੀ ਜ਼ਰੂਰਤ ਘੱਟ ਕਰੇਗਾ।

ਮੂਲ ਵਸਤੂਆਂ ਅਤੇ ਭਾਰੀ ਅਤੇ ਮੂਲ ਉਦਯੋਗਾਂ ਦੇ ਵਿਕਾਸ ਲਈ ਬੜੇ ਵਿੱਤ ਦੀ ਜ਼ਰੂਰਤ ਸੀ। ਇਹ ਮਹਿਸੂਸ ਕੀਤਾ ਗਿਆ ਕਿ ਇਸ ਕੰਮ ਵਿੱਚ ਸਾਰਵਜਨਿਕ ਖੇਤਰ ਨੂੰ ਪ੍ਰਮੁੱਖ ਭੂਮਿਕਾ ਅਦਾ ਕਰਨੀ ਪਵੇਗੀ। ਨਹਿਰੂ ਅਤੇ ਵਾਮਪੰਥੀ ਰਾਸ਼ਟਰਵਾਦੀ, ਅਤੇ ਪੂੰਜੀਪਤੀ ਸਾਰਵਜਨਿਕ ਖੇਤਰ ਦੀ ਇਸ ਭੂਮਿਕਾ ਤੇ ਇੱਕ ਮਤ ਰੱਖਦੇ ਸਨ। ਓਨਾਂ ਵਿੱਚ ਇਸ ਦੀ ਵਿਆਪਕਤਾ ਅਤੇ ਅਧਿਕਾਰ-ਰੋਜ਼ ਦੇ ਬਾਰੇ ਮਤਭੇਦ ਸਨ।ਨਹਿਰੂ ਅਤੇ ਵਾਮ ਰਾਸ਼ਟਰਵਾਦੀ ਸਾਰਵਜਨਿਕ ਖੇਤਰ ਨੂੰ ਸਮਾਜਵਾਦੀ ਦਿਸ਼ਾ ਵਿੱਚ ਇੱਕ ਕਦਮ ਮੰਨਦੇ ਸਨ। ਦੂਜੇ ਪਾਸੇ ਪੂੰਜੀਪਤੀ ਇਸ ਨੂੰ ਸੁਤੰਤਰ ਪੂੰਜੀਵਾਦ ਵਿਕਸਿਤ ਕਰਣ ਦਾ ਇੱਕ ਜਰੀਆ ਅਤੇ ਵਿਕਾਸ ਨੂੰ ਬਰਾਬਰੀ ਦੇ ਨਾਲ ਮਿਲਾ ਕੇ ਸਮਾਜਵਾਦ ਰੋਕਣ ਦਾ ਇੱਕ ਉਪਾਅ ਸਮਝਦੇ ਸਨ।ਖਾਸਕਰ ਸ਼ੁਰੂਆਤੀ ਸਾਲਾਂ ਵਿੱਚ ਇਨਾਂ ਦੋ ਰੁਝਾਨਾਂ ਵਿੱਚ ਤਨਾਵ ਸਪਸ਼ਟ ਸੀ।

ਉਦਾਹਰਣ ਦੇ ਲਈ, 1947 ਵਿੱਚ ਨਹਿਰੂ ਦੀ ਅਗਵਾਈ ਵਿੱਚ ਅਖਿਲ ਭਾਰਤੀ ਕਾਂਗਰਸ ਕਮੇਟੀ ਨੇ ਇੱਕ ਆਰਥਿਕ ਪ੍ਰੋਗਰਾਮ ਸਮਿਤੀ ਗਠਿਤ ਕੀਤੀ। ਉਸਨੇ ਸਾਰਵਜਨਿਕ ਖੇਤਰ ਦੇ ਲਈ ਪ੍ਰਤੀਰੱਖਿਆ, ਪ੍ਰਮੁੱਖ ਉਦਯੋਗ ਅਤੇ ਜਨ-ਸੇਵਾਵਾਂ ਤੈਅ ਕੀਤੀਆਂ। ਇੰਨਾਂ ਹੀ ਨਹੀਂ, ਸਮਿਤੀ ਨੇ ਅੱਗੇ ਕਿਹਾ ਕਿ 'ਵਰਤਮਾਨ ਉੱਦਮਾਂ ਦੇ ਮਾਮਲੇ ਵਿੱਚ *ਨਿਜੀ ਤੋਂ ਸਾਰਵਜਨਿਕ ਸਵਾਮਿਤੱਵ ਵਿੱਚ ਹਸਤਾਂਤਰਣ ਪੰਜ ਸਾਲਾਂ ਬਾਅਦ ਸ਼ੁਰੂ ਹੋਵੇਗਾ।*' ਇਸ ਗੱਲ ਤੇ ਪੂੰਜੀਪਤੀਆਂ ਨੇ ਕਾਫੀ ਹੋ-ਹੱਲਾ ਮਚਾਇਆ। 1948 ਦੇ ਉਯੋਗਿਕ ਨੀਤੀ ਪ੍ਰਸਤਾਵ ਵਿੱਚ ਸਮਝੌਤੇ ਦੇ ਚਿੰਨ ਦਿਖਾਈ ਦੇਂਦੇ ਹਨ। ਇਸ ਵਿੱਚ ਨਿਜੀ ਅਤੇ ਸਾਰਵਜਨਿਕ ਖੇਤਰਾਂ ਦੇ ਅਧਿਕਾਰ-ਖੇਤਰ ਨਿਰਧਾਰਿਤ ਕੀਤੇ ਗਏ। ਇਸ ਵਿੱਚ ਕਿਹਾ ਗਿਆ ਕਿ ਕਿਸੇ ਵੀ ਵਰਤਮਾਨ ਉਦਯੋਗ ਦੇ ਰਾਸ਼ਟਰੀਕਰਣ ਦੇ ਸੰਬੰਧ ਵਿੱਚ ਦਸ ਸਾਲਾਂ ਬਾਅਦ ਸਮੀਖਿਆ ਕੀਤੀ ਜਾਵੇਗੀ ਅਤੇ ਪਰਿਸਥਿਤੀ ਦੇ ਮੁਤਾਬਿਕ ਨਿਰਣਾ ਲਿਆ ਜਾਵੇਗਾ। ਦਿਸੰਬਰ 1954 ਵਿੱਚ ਭਾਰਤੀ ਸੰਸਦ ਨੇ 'ਸਮਾਜ ਦੀ ਸਮਾਜਵਾਦੀ ਪ੍ਰਣਾਲੀ' ਨੂੰ ਆਪਣਾ ਸਮਾਜਿਕ ਅਤੇ ਆਰਥਿਕ ਉਦੇਸ਼ ਮੰਨਿਆ। ਕਾਂਗਰਸ ਦੇ ਅਵਾੜੀ ਅਧਿਵੇਸ਼ਨ (1955) ਨੇ ਇਨਾਂ ਲਾਈਨਾਂ ਤੇ ਵਾਮਪੰਥੀ ਮੋੜ ਲਿਆ। ਇਨਾਂ ਗੱਲਾਂ ਦੇ ਬਾਵਜੂਦ 1956 ਦੇ ਉਦਯੋਗਿਕ ਨੀਤੀ ਪ੍ਰਸਤਾਵ ਅਤੇ ਦੂਜੀ ਯੋਜਨਾ ਵਿੱਚ ਸਾਰਵਜਨਿਕ ਖੇਤਰ ਦੇ ਪ੍ਰਸਾਰ ਦੀ ਗੱਲ ਕਰਣ ਦੇ ਬਾਵਜੂਦ ਵਰਤਮਾਨ ਉਦਯੋਗਾਂ ਦੇ ਰਾਸ਼ਟਰੀਕਰਣ ਦਾ ਕੋਈ ਉਲੇਖ ਨਹੀਂ ਕੀਤਾ ਗਿਆ। ਵਾਸਤਵ ਵਿੱਚ 'ਮਿਸ਼ਰਿਤ ਅਰਥਵਿਵਸਥਾ' ਦਾ ਮਾਡਲ ਪੇਸ਼ ਕੀਤਾ ਗਿਆ। ਇਸ ਵਿੱਚ ਸਾਰਵਜਨਿਕ ਅਤੇ ਨਿਜੀ ਖੇਤਰ ਨਾ ਸਿਰਫ ਸਹਿਅਸਤਿੱਤਵ ਵਿੱਚ ਰਹਿੰਦੇ ਹਨ, ਬਲਕਿ ਇੱਕ ਦੂਜੇ ਦੇ ਪੂਰਕ ਵੀ ਹੁੰਦੇ ਹਨ। ਰਾਸ਼ਟਰੀ ਯੋਜਨਾ ਦੀਆਂ ਸੀਮਾਵਾਂ ਵਿੱਚ ਨਿਜੀ ਖੇਤਰ ਨੂੰ ਵਿਕਸਿਤ ਹੋਣ ਲਈ ਅਧਿਕ ਤੋਂ ਅਧਿਕ ਪ੍ਰੋਤਸਾਹਨ ਦਿੱਤਾ ਗਿਆ। ਇਹ ਅਲੱਗ ਗੱਲ ਹੈ ਕਿ ਦੂਜੀ ਯੋਜਨਾ ਵਿੱਚ ਭਾਰੀ ਅਤੇ ਮੂਲ ਵਸਤਾਂ ਦੇ ਉਦਯੋਗਾਂ ਤੇ ਜ਼ੋਰ ਦੇਣ ਦੇ ਕਾਰਣ ਸਾਰਵਜਨਿਕ ਖੇਤਰ ਵੱਲ ਝੁਕਾਵ ਵਧ ਗਿਆ। ਕਿਓਂਕਿ ਸਭ ਮੰਨਦੇ ਸਨ ਕਿ ਇਸੇ ਖੇਤਰ ਵਿੱਚ ਇਨਾਂ ਉਦਯੋਗਾਂ ਦਾ ਵਿਕਾਸ ਹੋ ਸਕਦਾ ਹੈ।

ਯੋਜਨਾ ਕਮਿਸ਼ਨ ਨੇ ਇਸੇ ਵਿਚਾਰ ਨਾਲ ਕੰਮ ਸ਼ੁਰੂ ਕੀਤਾ। ਇਸ ਦੀ ਸਥਾਪਨਾ 15 ਮਾਰਚ 1950 ਨੂੰ ਹੋਈ ਸੀ। ਇਸ ਕੋਲ ਬੜੇ ਅਧਿਕਾਰ ਸਨ;ਇਸ ਵਿੱਚ ਕੋਈ ਸ਼ੱਕ ਨਹੀਂ; ਅਤੇ ਆਪ ਨਹਿਰੂ ਇਸ ਦੇ ਅਧਿਅਕਸ਼ ਬਣੇ। ਪ੍ਰਥਮ ਯੋਜਨਾ (1951-56) ਵਿੱਚ ਅਧੂਰੇ ਕੰਮ ਪੂਰੇ ਕਰਣ ਦਾ ਪ੍ਰਯਤਨ ਕੀਤਾ ਗਿਆ। ਨਾਲ ਹੀ, ਯੁੱਧ ਤੋਂ ਬਾਅਦ ਦੀ ਸਥਿਤੀ ਤੋਂ ਜਣਿਤ ਸੰਕਟ ਦਾ ਸਾਹਮਣਾ ਕਰਣ ਦਾ ਵੀ ਪ੍ਰਯਤਨ ਕੀਤਾ ਗਿਆ।ਆਜ਼ਾਦੀ ਦੇਸ਼-ਵਿਭਾਜਨ ਨਾਲ ਮਿਲੀ, ਅਤੇ ਇਸ ਲਈ ਸਾਰੇ ਦੇਸ਼ ਵਿੱਚ

ਅਫਰਾ-ਤਫਰੀ ਮਚ ਗਈ। ਇਤਿਹਾਸ ਦਾ ਸਭ ਤੋਂ ਵੱਡਾ ਜਨ-ਹਸਤਾਂਤਰਣ ਹੋਇਆ ਅਤੇ ਬੜੇ ਪੈਮਾਨੇ ਤੇ ਸ਼ਰਣਾਰਥੀਆਂ ਦੇ ਆਓਣ ਦੀ ਸਮੱਸਿਆ ਹੋਰ ਵੀ ਗੰਭੀਰ ਹੋ ਗਈ। ਦੂਜੀ ਯੋਜਨਾ (1956-61) ਵਿੱਚ ਪ੍ਰਸਿੱਧ ਨਹਿਰੂ-ਮਹਾਲਨੋਬਿਸ ਵਿਕਾਸ ਰਣਨੀਤੀ ਲਾਗੂ ਕੀਤੀ ਗਈ, ਜ਼ੋ ਤੀਜੀ ਯੋਜਨਾ (1961-66) ਵਿੱਚ ਵੀ ਜਾਰੀ ਰਹੀ। ਪ੍ਰੋ. ਪੀ.ਸੀ. ਮਹਾਲਨੋਬਿਸ ਨੇ ਦੂਜੀ ਯੋਜਨਾ ਤਿਆਰ ਕਰਣ ਵਿੱਚ ਮਹਤੱਵਪੂਰਣ ਭੂਮਿਕਾ ਅਦਾ ਕੀਤੀ। ਇਸ ਰਣਨੀਤੀ ਦਾ ਇੱਕ ਮੂਲ ਤੱਤ ਭਾਰੀ ਅਤੇ ਮੂਲ ਵਸਤੂਆਂ ਦੇ ਉਦਯੋਗਾਂ ਦਾ ਵਿਕਾਸ ਕਰਨਾ ਸੀ, ਜੋ ਮੁੱਖ ਰੂਪ ਵਿੱਚ ਸਾਰਵਜਨਿਕ ਖੇਤਰ ਵਿੱਚ ਹੋਣਾ ਸੀ। ਦੂਜੀ ਯੋਜਨਾ ਦੇ ਦੌਰਾਨ ਸਾਰਵਜਨਿਕ ਖੇਤਰ ਵਿੱਚ ਤਿੰਨ ਇਸਪਾਤ ਸੰਯੰਤਰ ਲਗਾਏ ਗਏ।ਆਯਾਤ ਦੇ ਬਦਲੇ ਇਸ ਉਦਯੋਗ ਦਾ ਵਿਕਾਸ ਆਤਮ-ਨਿਰਭਰਤਾ ਲਈ ਜ਼ਰੂਰੀ ਸੀ।ਨਾਲ ਹੀ ਵਿਦੇਸ਼ਾਂ ਤੇ ਨਿਰਭਰਤਾ ਘੱਟ ਹੁੰਦੀ ਸੀ।ਨਾਲ ਹੀ ਇਹ ਵੀ ਸਮਝਿਆ ਗਿਆ ਕਿ ਮੂਲ ਵਸਤੂਆਂ ਅਤੇ ਮਸ਼ੀਨਰੀ ਦੇ ਆਯਾਤ ਦੇ ਅਨੁਪਾਤ ਵਿੱਚ ਨਿਰਯਾਤ ਦਾ ਵਿਕਾਸ ਨਹੀਂ ਹੋ ਸਕਦਾ ਸੀ। ਨਿਰਯਾਤ ਦੇ ਸੰਬੰਧ ਵਿੱਚ ਅਜਿਹਾ ਨਿਰਾਸ਼ਾਵਾਦ ਉਸ ਸਮੇਂ ਆਮ ਗੱਲ ਸੀ, ਹਾਲਾਕਿ ਬਾਅਦ ਵਿੱਚ ਇਸ ਦੀ ਕੜੀ ਆਲੋਚਨਾ ਕੀਤੀ ਗਈ।ਇਸ ਮਾਡਲ ਦੇ ਤਹਿਤ ਸ਼ੁਰੂ ਵਿੱਚ ਕੁਝ ਵਿਦੇਸ਼ੀ ਸਹਾਇਤਾ ਅਤੇ ਨਿਵੇਸ਼ ਜ਼ਰੂਰੀ ਸੀ, ਤਾਕਿ ਬੜੇ ਪੈਮਾਨੇ ਉੱਤੇ ਲਾਗਤ ਦੀ ਵਿਵਸਥਾ ਹੋ ਸਕੇ।ਪ੍ਰੰਤੂ ਅੰਦਰੂਨੀ ਬਚਤ ਤੇਜ਼ੀ ਨਾਲ ਵਧਾ ਕੇ ਇਹ ਨਿਰਭਰਤਾ ਖਤਮ ਕਰਣ ਦਾ ਉਦੇਸ਼ ਵੀ ਰੱਖਿਆ ਗਿਆ। ਅਤੇ ਸੱਚ ਗੱਲ ਇਹ ਹੈ ਕਿ ਆਜ਼ਾਦੀ ਤੋਂ ਬਾਅਦ ਸ਼ੁਰੂ ਦੇ ਸਾਲਾਂ ਵਿੱਚ ਨਹਿਰੂ ਨੇ ਭਾਰਤ ਵਿੱਚ ਵਿਦੇਸ਼ੀ ਪੂੰਜੀ ਨਿਵੇਸ਼ ਆਕਰਸ਼ਿਤ ਕਰਣ ਲਈ ਪ੍ਰਯਤਨ ਕੀਤਾ ਸੀ। ਉਸ ਨੂੰ ਭਾਰਤੀ ਪੂੰਜੀਪਤੀਆਂ ਨੇ ਪਸੰਦ ਨਹੀਂ ਕੀਤਾ ਸੀ ਕਿਓਂਕਿ ਓਨਾਂ ਵਿੱਚ ਹੁਣ ਵੀ ਆਤਮਵਿਸ਼ਵਾਸ ਦੀ ਕਮੀ ਸੀ।

ਨਹਿਰੂ-ਮਹਾਲਨੋਬਿਸ ਰਣਨੀਤੀ ਦਾ ਇੱਕ ਹੋਰ ਮਹਤੱਵਪੂਰਣ ਅੰਗ ਵਿਕਾਸ ਅਤੇ ਸਮਾਨਤਾ ਤੇ ਜ਼ੋਰ ਸੀ। ਇਸ ਲਈ ਉਦਯੋਗ ਅਤੇ ਖੇਤੀ ਵਿੱਚ ਸੰਕੇਂਦਰਣ ਅਤੇ ਵਿਤਰਣ ਤੇ ਕਾਫੀ ਧਿਆਨ ਦਿੱਤਾ ਗਿਆ ਹਾਲਾਕਿ ਇਸ ਵਿੱਚ ਉਮੀਦੀ ਸਫਲਤਾ ਨਹੀਂ ਮਿਲੀ। ਰਣਨੀਤੀ ਵਿੱਚ ਵਿਕਾਸ ਅਤੇ ਸਮਾਨਤਾ ਨੂੰ ਇੱਕ-ਦੂਜੇ ਦਾ ਵਿਰੋਧੀ ਨਹੀਂ ਸਮਝਿਆ ਗਿਆ।ਇਹ ਮੰਨਿਆ ਗਿਆ ਕਿ ਉੱਚਤਰ ਵਿਕਾਸ ਨਾਲ ਸਮਾਨਤਾ ਦੇ ਉੱਚਤਰ ਸਤਰਾਂ ਤੱਕ ਪਹੁੰਚਿਆ ਜਾ ਸਕਦਾ ਹੈ।ਨਾਲ ਹੀ ਇਸ ਨੂੰ ਗਰੀਬੀ ਨਾਲ ਨਿਬਟਣ ਲਈ ਜ਼ਰੂਰੀ ਮੰਨਿਆ ਗਿਆ।ਇਸ ਲਈ ਤੇਜ਼ ਵਿਕਾਸ ਤੇ ਜ਼ਿਆਦਾ ਧਿਆਨ ਦਿੱਤਾ ਗਿਆ।

**ਰਾਜ ਨਿਯੰਤਰਿਤ** ਸੁਨਿਯੋਜਿਤ ਵਿਕਾਸ, ਸਾਰਵਜਨਿਕ ਅਤੇ ਨਿਜੀ ਖੇਤਰਾਂ ਦੇ ਵਿੱਚ ਜ਼ਿੰਮੇਦਾਰੀ ਦਾ ਬੰਟਵਾਰਾ, ਇਜਾਰੇਦਾਰਾਂ ਅਤੇ ਸੰਕੇਂਦਰਣ ਦੇ ਵਿਕਾਸ ਤੇ ਰੋਕ, ਛੋਟੇ ਉਦਯੋਗਾਂ ਨੂੰ ਸੰਰੱਖਿਅਣ,ਖੇਤਰੀ ਸੰਤੁਲਨ ਬਣਾਏ ਰੱਖਣਾ, ਯੋਜਨਾਬੱਧ ਉਦੇਸ਼ਾਂ ਅਤੇ ਪ੍ਰਾਰਥਮਿਕਤਾਵਾ ਦੇ ਅਨੁਰੂਪ ਸਰੋਤਾਂ ਦਾ ਪ੍ਰਯੋਗ ਆਦਿ ਇਨਾਂ ਸਾਰੇ ਕੰਮਾਂ ਦੇ ਲਈ ਇੱਕ ਵਿਸਤ੍ਰਿਤ ਅਤੇ ਨਿਯੰਤਰਣਾਂ ਦੀ ਜਟਿਲ ਪ੍ਰਣਾਲੀ ਅਤ ਉਦਯੋਗਿਕ ਲਾਈਸੈਂਸਿੰਗ ਦੀ ਵਿਵਸਥਾ ਦੀ ਜ਼ਰੂਰਤ ਸੀ।ਇਹ ਕੰਮ 1951 ਦੇ ਉਦਯੋਗਿਕ ਵਿਕਾਸ ਅਤੇ ਨਿਯਮਨ ਐਕਟ (ਆਈ.ਡੀ.ਆਰ.ਏ.) ਦੇ ਜਰੀਏ ਕੀਤਾ ਗਿਆ।ਦੂਜੀ ਯੋਜਨਾ ਦੇ ਸ਼ੁਰੂ ਵਿੱਚ ਹੀ 1956-57 ਵਿੱਚ ਵਿਦੇਸ਼ੀ ਮੁਦਰਾ ਦੀ ਭਾਰੀ ਕਮੀ ਅਤੇ ਭੁਗਤਾਨ ਸੰਤੁਲਨ ਦਾ ਭਾਰੀ ਸੰਕਟ ਪੈਦਾ ਹੋ ਗਿਆ। ਫਲਸਰੂਪ ਆਯਾਤ ਅਤੇ ਵਿਦੇਸ਼ੀ ਮੁਦਰਾ ਸੰਬੰਧੀ ਵਿਆਪਕ ਨਿਯੰਤਰਣ ਲਗਾਏ ਗਏ। ਇਸ ਤਰਾਂ ਲਾਈਸੈਂਸ-ਕੋਟਾ ਨਿਯਮਾਂ ਦੇ ਕਾਫਕਾ-ਸਰੂਪੀ ਜਾਲ ਬੁਣ ਦਿੱਤੇ ਗਏ। ਇਹ ਬਾਅਦ ਦੇ ਸਾਲਾਂ ਵਿੱਚ ਹੀ ਪਾਇਆ ਗਿਆ ਕਿ ਇਸ ਪ੍ਰਣਾਲੀ ਨੇ ਭਾਰਤੀ ਅਰਥਤੰਤਰ ਤੇ ਆਪਣੀ ਪਕੜ ਕਿੰਨੀ ਮਜ਼ਬੂਤ ਕੀਤੀ ਹੋਈ ਸੀ। ਅਤੇ ਇਸ ਨੂੰ ਤੋੜਨਾ ਕਿੰਨਾ ਕਠਿਨ ਕੰਮ ਸੀ।ਇਸ ਨੂੰ ਤੋੜਨ ਦਾ ਵਿਰੋਧ ਨੌਕਰਸ਼ਾਹੀ-ਰਾਜਨੀਤਿਕ ਗਠਬੰਧਨ ਅਤੇ ਕਾਰੋਬਾਰੀਆਂ ਦੇ ਕੁਝ ਹਿੱਸਿਆਂ ਨੇ ਕੀਤਾ, ਜਿਨਾਂ ਨੂੰ ਇਸ ਪ੍ਰਣਾਲੀ ਨਾਲ ਲਾਭ ਪਹੁੰਚ ਰਿਹਾ ਸੀ।

### ਉਪਲੱਬਧੀਆਂ (Achievement)

ਵਿਕਾਸ ਦੀਆਂ ਸ਼ੁਰੂਆਤੀ ਮੰਜ਼ਿਲਾਂ ਵਿੱਚ ਕਈ ਮੋਰਚਿਆਂ ਤੇ ਕਾਫੀ ਪ੍ਰਗਤੀ ਦਿੱਖ ਪੈਂਦੀ ਹੈ।ਇਹ ਕਾਲ ਪਹਿਲੇ ਤਿੰਨ ਪੰਜ-ਸਾਲਾ ਯੋਜਨਾਵਾਂ ਦਾ ਹੈ,ਅਰਥਾਤ 60 ਦੇ ਦਸ਼ਕ ਦੇ ਮੱਧ ਤੱਕ ਦਾ।ਓਪਨਿਵੇਸ਼ਕ ਕਾਲ ਦੀ ਤੁਲਨਾ ਵਿੱਚ ਅਰਥਤੰਤਰ ਨੇ ਪ੍ਰਭਾਵਸ਼ਾਲੀ ਵਿਕਾਸ ਕੀਤਾ।ਭਾਰਤ ਦਾ ਰਾਸ਼ਟਰੀ ਵੇਤਨ ਜਾਂ ਕੁਲ ਰਾਸ਼ਟਰੀ ਉਤਪਾਦ (ਜੀ.ਐਨ. ਪੀ.) ਔਸਤਨ ਚਾਰ ਫੀਸਦੀ ਪ੍ਰਤੀ ਸਾਲ ਦੇ ਹਿਸਾਬ ਨਾਲ ਵਧੀ। ਇਹ ਆਂਕੜਾ 1951 ਤੋਂ 1964-65 ਤੱਕ ਦੀ ਅਵਧੀ ਦੇ ਲਈ ਹੈ (ਇਸ ਵਿੱਚ ਤੀਜੀ ਯੋਜਨਾ ਦਾ ਅੰਤਿਮ ਸਾਲ (1965-66) ਸ਼ਾਮਿਲ ਨਹੀਂ ਹੈ ਜਿਸ ਦੇ ਦੌਰਾਨ ਅਭੂਤਪੂਰਵ ਸੂਖਾ ਪਿਆ ਅਤੇ ਯੁੱਧ ਵੀ ਹੋਇਆ) ਓਪਨਿਵੇਸ਼ਕ ਸ਼ਾਸਨ ਦੇ ਅੰਤਿਮ 50 ਸਾਲਾਂ ਦੀ ਤੁਲਨਾ ਵਿੱਚ ਇਹ ਵਿਕਾਸ ਚਾਰ ਗੁਣਾ ਸੀ।

ਵਿਕਾਸ ਦੀ ਦਰ ਵਧਾਓਣ ਲਈ ਨਿਵੇਸ਼ ਦੀ ਦਰ ਵਧਾਓਣਾ ਜ਼ਰੂਰੀ ਸੀ। ਇਸ ਅਵਧੀ ਦੀ ਇੱਕ ਮਹੱਤਵਪੂਰਣ ਉਪਲੱਬਧੀ ਬਚਤ ਅਤੇ ਨਿਵੇਸ਼ ਦਰਾਂ ਵਿੱਚ ਵਾਧਾ ਸੀ। ਇੱਕ ਹੱਦ ਤੱਕ ਛੁਟਪੁਟ ਆਂਕੜਿਆਂ ਦੇ ਆਧਾਰ ਤੇ ਚੌਥੀ ਯੋਜਨਾ ਦੇ ਮਸਵਿਦੇ ਵਿੱਚ ਹਿਸਾਬ ਲਗਾਇਆ ਗਿਆ ਕਿ ਭਾਰਤੀ ਅਰਥਤੰਤਰ ਵਿੱਚ ਘਰੇਲੂ ਬਚਤ ਅਤੇ ਕੁਲ ਨਿਵੇਸ਼, ਦੋਵੇਂ ਹੀ 1950-51 ਤੋਂ ਰਾਸ਼ਟਰੀ ਵੇਤਨ ਦਾ 5.5 ਫੀਸਦੀ ਸਨ, ਜੋ 1965-66 ਵਿੱਚ ਵਧ ਕੇ ਲਗਭਗ 10.5 ਅਤੇ 14 ਫੀਸਦੀ ਹੋ ਗਏ। ਬਾਅਦ ਦੇ ਸਾਲਾਂ ਵਿੱਚ ਅੰਦਰੂਨੀ ਬਚਤ ਅਤੇ ਨਿਵੇਸ਼ ਦੇ ਵਿੱਚ ਦਾ ਅੰਤਰ ਵਿਦੇਸ਼ੀ ਮੁਦਰਾ ਭੰਡਾਰ ਤੋੜ ਕੇ ਪੂਰਾ ਕੀਤਾ ਗਿਆ। ਖਾਸਕਰ ਸਟਰਲਿੰਗ ਬਚਤ ਬਹੁਤ ਵੱਡਾ ਸੀ, ਕਰੀਬ 16 ਅਰਬ ਰੁਪਏ ਦੇ ਬਰਾਬਰ। ਇਹ 1947 ਵਿੱਚ ਭਾਰਤ ਨੂੰ ਅਦਾ ਕੀਤਾ ਜਾਣ ਵਾਲਾ ਇੰਗਲੈਂਡ ਦਾ ਕਰਜ਼ਾ ਸੀ, ਕਿਓਂਕਿ ਯੁੱਧ ਦੇ ਦੌਰਾਨ ਇੰਗਲੈਂਡ ਨੇ ਭਾਰਤ ਤੋਂ ਜ਼ਬਰਦਸਤੀ ਹਾਸਿਲ ਕੀਤਾ ਸੀ।ਆਂਸ਼ਿਕ

ਨੋਟ

ਤੌਰ ਤੇ ਇਸ ਨੂੰ ਵਿਦੇਸ਼ੀ ਮੁਦਰਾ ਅਤੇ ਕਰਜ਼ੇ ਦੀ ਸਹਾਇਤਾ ਨਾਲ ਪੂਰਾ ਕੀਤਾ ਗਿਆ। ਹਿਸਾਬ ਲਗਾਇਆ ਗਿਆ ਹੈ ਕਿ 1965–66 ਵਿੱਚ ਕੁਲ ਨਿਵੇਸ਼ 1951–52 ਦੀ ਤੁਲਨਾ ਵਿੱਚ ਉੱਪਰੀ ਆਂਕੜਿਆਂ ਵਿੱਚ ਪੰਜ ਗੁਣਾ ਅਤੇ ਵਾਸਤਵਿਕ ਆਂਕੜਿਆਂ ਵਿੱਚ ਤਿੰਨ ਗੁਣਾ ਸੀ।

### 11.3.1 ਖੇਤੀ ਸੰਬੰਧੀ ਸੁਧਾਰ (Agrarian Reform)

ਖੇਤੀ ਦੇ ਖੇਤਰ ਵਿੱਚ ਆਜ਼ਾਦੀ ਤੋਂ ਬਾਅਦ ਵਿਆਪਕ ਸੁਧਾਰ ਲਾਗੂ ਕੀਤੇ ਗਏ।ਗ੍ਰਾਮ ਸਤਰ ਤੇ ਖੇਤੀ ਦੇ ਵਿਕਾਸ ਦੇ ਲਈ ਅਤੇ ਸਮੁਦਾਇਕ ਵਿਕਾਸ ਨਾਲ ਸੰਬੰਧਿਤ ਕੰਮਾਂ ਦਾ ਜਾਲ ਵਿਛਾ ਦਿੱਤਾ ਗਿਆ। ਸਿੰਚਾਈ, ਊਰਜਾ, ਖੇਤੀ ਅਨੁਸੰਧਾਨ ਆਦਿ ਖੇਤਰਾਂ ਵਿੱਚ ਆਧਾਰਭੂਤ ਰਚਨਾ ਦੇ ਵਿਕਾਸ ਦੇ ਲਈ ਬੜੇ ਪੈਮਾਨੇ ਤੇ ਨਿਵੇਸ਼ ਕੀਤਾ ਗਿਆ। ਇਨਾਂ ਸਾਰੇ ਕਦਮਾਂ ਦੇ ਫਲਸਰੂਪ ਖੇਤੀ ਦਾ ਕਾਫੀ ਵਿਕਾਸ ਹੋਇਆ। 1965–66 ਨੂੰ ਛੱਡ ਕੇ ਪਹਿਲੀ ਤਿੰਨ ਯੋਜਨਾਵਾਂ ਦੇ ਦੌਰਾਨ ਭਾਰਤੀ ਖੇਤੀ ਦਾ ਵਿਕਾਸ ਤਿੰਨ ਫੀਸਦੀ ਦੀ ਸਾਲਾਨਾ ਦਰ ਨਾਲ ਹੋਇਆ।ਇਹ ਓਪਨਿਵੇਸ਼ਕ ਕਾਲ ਦੇ ਅੰਤਿਮ 50 ਸਾਲਾਂ ਦੇ ਦੌਰਾਨ ਹਾਸਿਲ ਵਿਕਾਸ ਦੀ ਦਰ ਤੋਂ 7.5 ਗੁਣਾ ਜ਼ਿਆਦਾ ਸੀ। ਚੀਨ ਅਤੇ ਜਾਪਾਨ ਜਿਹੇ ਦੇਸ਼ਾਂ ਦੁਆਰਾ ਇਸੇ ਤਰਾਂ ਦੇ ਸਤਰ ਅਤੇ ਪਰਿਸਥਿਤੀ ਨਾਲ ਸ਼ੁਰੂਆਤੀ ਵਿਕਾਸ ਦਰਾਂ ਨਾਲ ਇਹ ਵਿਕਾਸ ਦਰ ਮਿਲਦੀ ਜੁਲਦੀ ਹੈ।ਉਦਾਹਰਣ ਲਈ, ਜਾਪਾਨ ਨੇ 1878–1912 ਦੇ ਦੋਰਾਨ ਇਸ ਤੋਂ ਵੀ ਘੱਟ ਦਰ ਹਾਸਿਲ ਕੀਤੀ ਅਤੇ ਉਸ ਤੋਂ ਬਾਅਦ 1937 ਤੱਕ ਇਹ ਦਰ ਹੋਰ ਵੀ ਘੱਟ ਰਹੀ। ਭਾਰਤ ਦੇ ਲਈ ਵਿਸ਼ੇਸ਼ ਸ਼੍ਰੇਅ ਦੀ ਗੱਲ ਇਹ ਹੀ ਰਹੀ ਕਿ ਚੀਨ, ਜਾਪਾਨ, ਕੋਰੀਆ, ਤਾਈਵਾਨ, ਸੋਵਿਅਤ ਸੰਘ, ਬ੍ਰਿਟੇਨ ਆਦਿ ਜਿਹੇ ਅਧਿਕਤਰ ਹੋਰ ਦੇਸ਼ਾਂ ਦੇ ਉਲਟ ਉਸਨੇ ਭੂਮੀ ਸੁਧਾਰ ਅਤੇ ਵਿਕਾਸ ਆਧੁਨਿਕ ਜਨਤਾਂਤਰਿਕ ਢਾਂਚੇ ਅਤੇ ਨਾਗਰਿਕ ਅਧਿਕਾਰਾਂ ਦੀ ਪ੍ਰਣਾਲੀ ਦੇ ਤਹਿਤ ਹਾਸਿਲ ਕੀਤਾ।ਪ੍ਰੰਤੂ ਇਹ ਪ੍ਰਸ਼ੰਸਾਯੋਗ ਖੇਤੀ ਵਿਕਾਸ ਖੇਤੀ ਉਤਪਾਦ ਦੀ ਵਧਦੀ ਮੰਗ ਨੂੰ ਪੂਰਾ ਕਰਣ ਲਈ ਕਾਫੀ ਨਹੀਂ ਸੀ। ਫਲਸਰੂਪ ਤਿੰਨਾਂ ਯੋਜਨਾਵਾਂ ਦੇ ਦੌਰਾਨ ਅਨਾਜ ਦਾ ਅਧਿਕਾਧਿਕ ਆਯਾਤ ਕਰਨਾ ਪਿਆ।1956 ਤੋਂ ਹੀ ਭਾਰਤ ਨੂੰ ਅਮਰੀਕਾ ਨਾਲ ਵਿਵਾਦਾਸਪਦ ਪੀ.ਐਲ. 480 ਸਕੀਮ ਦੇ ਤਹਿਤ ਅਨਾਜ ਦਾ ਬੜੇ ਪੈਮਾਨੇ ਤੇ ਆਯਾਤ ਕਰਨਾ ਪਿਆ। 6ਵੇਂ ਦਸ਼ਕ ਦੇ ਅੰਤ ਤੱਕ ਹਰੀ ਕ੍ਰਾਂਤੀ ਦੀ ਸ਼ੁਰੂਆਤ ਤੋਂ ਬਾਅਦ ਹੀ ਆਯਾਤ ਤੇ ਇਹ ਨਿਰਭਰਤਾ ਖਤਮ ਹੋ ਗਈ।

ਪ੍ਰਥਮ ਤਿੰਨ ਯੋਜਨਾਵਾਂ ਵਿੱਚ ਉਦਯੋਗਾਂ ਦਾ ਵਿਕਾਸ ਤਾਂ ਖੇਤੀ ਤੋਂ ਵੀ ਤੇਜ਼ ਹੋਇਆ। 1951 ਅਤੇ 1965 ਦੇ ਵਿੱਚ ਇਹ 7.1 ਫੀਸਦੀ ਪ੍ਰਤੀ ਸਾਲ ਦੀ ਕੁਲ ਦਰ ਨਾਲ ਵਧਿਆ। ਉਦਯੋਗਾਂ ਦੇ ਵਿਕਾਸ ਨੇ ਤੇਜ਼ੀ ਨਾਲ ਆਯਾਤਿਤ ਵਸਤੂਆਂ ਦੀ ਥਾਂ ਲੈ ਲਈ। ਸ਼ੁਰੂ ਵਿੱਚ ਉਪਭੋਗਤਾ ਵਸਤੂਆਂ ਦੀ, ਬਾਅਦ ਵਿੱਚ ਮੂਲ ਵਸਤੂਆਂ ਦੀ ਅਤੇ ਹੋਰ ਸਾਮਾਨਾਂ ਦੀ, ਵਿਸ਼ੇਸ਼ ਤੌਰ ਤੇ ਦੂਜੀ ਯੋਜਨਾ ਤੋਂ।ਮੂਲ ਵਸਤੂਆਂ ਤੇ ਜ਼ੋਰ ਦਾ ਇਸ ਤੱਥ ਤੋਂ ਪਤਾ ਚਲਦਾ ਹੈ ਕਿ ਦੂਜੀ ਯੋਜਨਾ ਦੇ ਖਰਚੇ ਦਾ 70 ਫੀਸਦੀ ਧਾਤੂ, ਮਸ਼ੀਨਰੀ ਅਤੇ ਰਸਾਇਣ ਉਦਯੋਗਾਂ ਵਿੱਚ ਲੱਗਾ। ਤੀਜੀ ਯੋਜਨਾ ਵਿੱਚ ਇਹ ਆਂਕੜਾ 80 ਫੀਸਦੀ ਹੋ ਗਿਆ। "1951 ਅਤੇ 1969 ਦੇ ਵਿੱਚ ਉਦਯੋਗਿਕ ਉਤਪਾਦਨ ਦੇ ਕੁਲ ਆਂਕੜੇ ਵਿੱਚ ਤਿੰਨ ਗੁਣਾ ਵਾਧੇ ਦਾ ਕਾਰਣ ਉਪਭੋਗਤਾ ਉਦਯੋਗਾਂ ਵਿੱਚ 70 ਫੀਸਦੀ ਦਾ ਵਾਧਾ, ਵਿੱਚ ਦੀ ਕਿਸਮ ਦੀਆਂ ਵਸਤੂਆਂ ਵਿੱਚ ਚਾਰ ਗੁਣਾ ਵਾਧਾ ਅਤੇ ਮੂਲ ਵਸਤੂਆਂ ਦੇ ਉਤਪਾਦਨ ਵਿੱਚ ਦਸ ਗੁਣਾ ਵਾਧਾ ਸੀ।" ਕਿਸੇ ਵੀ ਮਾਪਦੰਡ ਤੋਂ ਮੂਲ ਵਸਤੂਆਂ ਦੇ ਉਤਪਾਦਨ ਵਿੱਚ ਇਹ ਬੜਾ ਭਾਰੀ ਵਾਧਾ ਸੀ।

ਤਾਲਿਕਾ 11.1 ਅਤੇ 11.2 ਵਿੱਚ ਅਧਿਕ ਲੰਬੇ ਕਾਲ ਵਿੱਚ ਵਿਕਾਸ ਦਾ ਸਰੂਪ ਦਿਖਾਇਆ ਗਿਆ ਹੈ।ਖਾਸਕਰ 1951 ਅਤੇ 1971 ਦੇ ਵਿੱਚ ਮੱਧ ਅਤੇ ਮੂਲ ਵਸਤੂ ਓਦਯੋਗ ਜਿਵੇਂ ਧਾਤੂ, ਰਸਾਇਣ, ਯਾਤਾਯਾਤ ਦੇ ਸਾਧਨ ਅਤੇ ਬਿਜਲੀ ਅਤੇ ਗੈਰ–ਬਿਜਲੀ ਮਸ਼ੀਨਰੀ ਦਾ ਵਿਕਾਸ, ਕੱਪੜਾ ਵਰਗੇ ਉਪਭੋਗਤਾ ਉਦਯੋਗਾਂ ਦਾ ਵਿਕਾਸ ਅਧਿਕ ਤੇਜ਼ੀ ਨਾਲ ਹੋਇਆ।

**ਤਾਲਿਕਾ 11.1 ਭਾਰਤ ਵਿੱਚ ਉਦਯੋਗਿਕ ਉਤਪਾਦਨ ਦੇ ਖੇਤਰ 1951–79**

1960 = 100 (1951–71); 1970 = 100 (1978–79 ਦੇ ਲਈ)

| ਉਦਯੋਗਿਕ ਖੇਤਰ | 1951 | 1961 | 1971 | 1978–79 |
|---|---|---|---|---|
| ਸਾਧਾਰਣ | 55 | 109 | 153 | 186 |
| ਕੱਪੜਾ | 80 | 103 | 106 | 110 |
| ਮੂਲ ਧਾਤ | 47 | 119 | 209 | 144 |
| ਮਸ਼ੀਨਰੀ | 22 | 121 | 373 | 203 |
| ਇਲੈਕਟ੍ਰੀਕਲ ਮਸ਼ੀਨਰੀ | 26 | 110 | 405 | 162 |

**ਸਰੋਤ–**ਇੰਡੀਆ; ਏ ਰੈਫਰੈਂਸ ਐਨੁਏਲ, ਭਾਰਤ ਸਰਕਾਰ, ਨਵੀਂ ਦਿੱਲੀ, 1980, ਪੰ. 312 ਵਿੱਚ ਲਿਖਿਤ।

ਨੋਟ

**ਤਾਲਿਕਾ 11.2 : ਭਾਰਤੀ ਉਤਪਾਦਨ ਖੇਤਰ ਵਿੱਚ ਵਿਕਾਸ-ਦਰ**

1951-52 ਤੋਂ 1982-83 (ਫੀਸਦੀ)

| ਉਦਯੋਗ | 1951-52 ਤੋਂ 1959-60 | 1960-61 ਤੋਂ 1969-70 | 1970-71 ਤੋਂ 1982-83 |
|---|---|---|---|
| ਕੱਪੜਾ | 2.98 | 0.70 | 5.36 |
| ਰਬੜ, ਪੈਟ੍ਰੋਲਿਅਮ ਅਤੇ ਪਲਾਸਟਿਕ ਉਤਪਾਦ | 17.54 | 10.4 | 3.82 |
| ਰਸਾਇਣ ਉਤਪਾਦ | 7.9 | 8.39 | 5.76 |
| ਮੂਲ ਧਾਤੂ ਅਤੇ ਮਿਸ਼ਰਿਤ ਧਾਤੂ | 6.52 | 7.01 | 5.46 |
| ਗੈਰ-ਬਿਜਲੀ ਮਸ਼ੀਨਰੀ | 21.02 | 17.01 | 6.09 |
| ਬਿਜਲੀ ਮਸ਼ੀਨਰੀ | 17.64 | 14.01 | 6.17 |
| ਯਾਤਾਯਾਤ ਦੇ ਸਾਮਾਨ | 14.83 | 7.66 | 3.34 |

ਇਹ ਗਣਨਾ ਅਰਧ ਲੌਗ ਪ੍ਰਣਾਲੀ ਤੇ ਆਧਾਰਿਤ ਵਿਕਾਸ ਦਰਾਂ ਦੇ ਰੁਝਾਨ ਨੂੰ ਦਰਸਾਉਂਦੀ ਹੈ, ਅਤੇ ਭਾਰਤੀ ਉਤਪਾਦਨ ਵਿਵਸਥਾ ਦੇ ਫੈਕਟਰੀ ਖੇਤਰ ਦੇ ਸੰਬੰਧ ਵਿੱਚ ਹੈ।

**ਸਰੋਤ-**ਸੁਖਮਯ ਚੱਕਰਵਰਤੀ, ਡਿਵੈਲਪਮੈਂਟ ਪਲਾਨਿੰਗ : ਦ ਇੰਡੀਅਨ ਐਕਸਪੀਰਿਐਂਸ, ਦਿੱਲੀ 1981, ਤਾਲਿਕਾ 13, ਪੰ 111, ਤੋਂ ਚੁਣਿਆ ਗਿਆ।

ਵਿਕਾਸ ਦੇ ਇਸ ਰੁਝਾਨ ਨੇ ਮੂਲ ਵਸਤੂਆਂ ਅਤੇ ਯੰਤਰਾਂ ਦੇ ਸੰਬੰਧ ਵਿੱਚ ਵਿਕਸਿਤ ਦੇਸ਼ਾਂ ਤੇ ਭਾਰਤ ਦੀ ਕਰੀਬ ਕਰੀਬ ਪੂਰੀ ਨਿਰਭਰਤਾ ਨੂੰ ਕਾਫੀ ਘੱਟ ਕਰ ਦਿੱਤਾ। ਇਹ ਨਿਵੇਸ਼ ਦੇ ਲਈ ਜਾਂ ਖਮਤਾ ਦੇ ਨਿਰਮਾਣ ਦੇ ਲਈ ਜ਼ਰੂਰੀ ਸੀ। ਆਜ਼ਾਦੀ ਦੇ ਸਮੇਂ ਨਵੀਂ ਖਮਤਾ ਕਾਇਮ ਕਰਣ ਦੇ ਲਈ ਲਗਭਗ ਸਾਰੇ ਯੰਤਰ ਬਾਹਰ ਤੋਂ ਮੰਗਾਉਣੇ ਪੈਂਦੇ ਸਨ। ਉਦਾਹਰਣ ਲਈ, 1950 ਵਿੱਚ ਭਾਰਤ ਨੇ ਮਸ਼ੀਨ ਟੂਲਜ਼ ਦੀਆਂ 89.8 ਫੀਸਦੀ ਤੱਕ ਦੀਆਂ ਜ਼ਰੂਰਤਾਂ ਆਯਾਤ ਨਾਲ ਪੂਰੀਆਂ ਕੀਤੀਆਂ।ਇਸ ਦੀ ਤੁਲਨਾ ਵਿੱਚ ਯੰਤਰਾਂ ਦੇ ਰੂਪ ਵਿੱਚ ਕੁਲ ਸਥਾਈ ਨਿਵੇਸ਼ ਵਿੱਚ ਆਯਾਤਿਤ ਯੰਤਰਾਂ ਦਾ ਹਿੱਸਾ 1960 ਵਿੱਚ 43 ਫੀਸਦੀ ਤੱਕ ਆ ਗਿਆ, ਅਤੇ 1974 ਵਿੱਚ ਮਾਤਰ 9 ਫੀਸਦੀ ਤੱਕ।ਇਸੇ ਦੌਰ ਵਿੱਚ ਭਾਰਤ ਵਿੱਚ ਸਥਾਈ ਨਿਵੇਸ਼ ਦਾ ਮੁੱਲ ਢਾਈ ਗੁਣਾ ਤਕ ਗਿਆ।ਦੂਜੇ ਸ਼ਬਦਾਂ ਵਿੱਚ 70 ਦੇ ਦਸ਼ਕ ਦੇ ਮੱਧ ਤੱਕ ਨਿਵੇਸ਼ ਦੀ ਦਰ ਬਣਾਏ ਰੱਖਣ ਲਈ ਯੰਤਰਾਂ ਦੀ ਜਰੂਰਤ ਦਾ 90 ਫੀਸਦੀ ਤੋਂ ਵੀ ਅਧਿਕ ਦੇਸ਼ ਦੇ ਅੰਦਰ ਤੋਂ ਹੀ ਪੂਰਾ ਹੋ ਰਿਹਾ ਸੀ। ਇਹ ਇੱਕ ਮਹਤੱਵਪੂਣ ਉਪਲੱਬਧੀ ਸੀ।ਇਸਦੇ ਵਿਕਾਸ ਜਾਂ ਪੂੰਜੀ ਸੰਚਣ ਦੀ ਆਪਣੀ ਦਰ ਤੈਅ ਕਰਣ ਦੇ ਮਾਮਲੇ ਵਿੱਚ ਵਿਕਸਿਤ ਦੇਸ਼ਾਂ ਤੇ ਭਾਰਤ ਦੀ ਨਿਰਭਰਤਾ ਕਾਫੀ ਘੱਟ ਕਰ ਦਿੱਤੀ।ਇਹ ਤੱਥ, ਅਤੇ ਹਰੀ ਕ੍ਰਾਂਤੀ ਭਾਰਤ ਦੀ ਸੁਤੰਤਰ ਵਿਦੇਸ਼ ਨੀਤੀ ਦਾ ਆਧਾਰ ਬਣੇ ਜੋ ਭਾਰੀ ਦਬਾਵਾਂ ਦਾ ਸਾਹਮਣਾ ਕਰ ਪਾਇਆ।

ਵਿਦੇਸ਼ੀ ਸਰੋਤਾਂ, ਵਿਦੇਸ਼ੀ ਸਹਾਇਤਾ ਅਤੇ ਵਿਦੇਸ਼ੀ ਨਿਜੀ ਨਿਵੇਸ਼ ਤੇ ਨਿਰਭਰਤਾ ਘੱਟ ਰੱਖੀ ਗਈ। ਭਾਰਤ ਦੁਆਰਾ ਉਪਯੋਗ ਵਿੱਚ ਲਿਆਂਦੀ ਗਈ ਵਾਸਤਵਿਕ ਸਹਾਇਤਾ ਪ੍ਰਥਮ ਯੋਜਨਾ ਦੇ ਦੌਰਾਨ ਕਾਰਕ ਮੁੱਲ ਤੇ ਵਾਸਤਵਿਕ ਰਾਸ਼ਟਰੀ ਉਤਪਾਦ ਦਾ ਮਾਤਰ 0.4 ਫੀਸਦੀ ਸੀ।ਦੂਜੀ ਅਤੇ ਤੀਜੀ ਯੋਜਨਾਂਵਾਂ ਵਿੱਚ ਇਹ ਵਧ ਕੇ ਲਗਭਗ 2.25 ਅਤੇ 3.17 ਫੀਸਦੀ ਹੋ ਗਿਆ।ਸੱਠ ਦੇ ਦਸ਼ਕ ਦੇ ਅੰਤ ਵਿੱਚ ਇਸ ਵਿੱਚ ਭਾਰੀ ਗਿਰਾਵਟ ਆਈ। ਇਸ ਤੋਂ ਇਲਾਵਾ ਵਿਦੇਸ਼ੀ ਸਰੋਤਾਂ ਦਾ ਮੁੱਖ ਸਰੂਪ ਅਧਿਕਾਧਿਕ ਸਹਾਇਤਾ ਸੀ।ਇੱਕ ਅਨੁਮਾਨ ਦੇ ਅਨੁਸਾਰ 1948 ਅਤੇ 1961 ਦੇ ਵਿੱਚ ਵਾਸਤਵਿਕ ਵਿਦੇਸ਼ੀ ਸਹਾਇਤਾ ਅਤੇ ਵਾਸਤਵਿਕ ਨਿਜੀ ਨਿਵੇਸ਼ ਦੇ ਵਿੱਚ 6:1 ਦੀ ਤੁਲਨਾ ਸੀ।ਪ੍ਰਥਮ ਯੋਜਨਾ ਵਿੱਚ ਵਿਦੇਸ਼ੀ ਸਹਾਇਤਾ ਦਾ ਜ਼ਿਆਦਾਤਰ, 98 ਫੀਸਦੀ, ਲੋਹਾ ਅਤੇ ਇਸਪਾਤ ਯੋਜਨਾਵਾਂ ਅਤੇ ਸਾਧਾਰਣ ਉਦਯੋਗਿਕ ਵਿਕਾਸ ਵਿੱਚ ਅਤੇ ਯਾਤਾਯਾਤ, ਸੰਚਾਰ ਅਤੇ ਊਰਜਾ ਵਿੱਚ ਲਗਾਇਆ ਗਿਆ। ਕੁਲ ਮਿਲਾ ਕੇ ਪ੍ਰਥਮ ਤਿੰਨ ਯੋਜਨਾਵਾਂ ਵਿੱਚ ਉਦਯੋਗ, ਯਾਤਾਯਾਤ ਅਤੇ ਊਰਜਾ ਵਿੱਚ ਵਿਦੇਸ਼ੀ ਸਹਾਇਤਾ ਕਰੀਬ 95 ਫੀਸਦੀ ਪ੍ਰਯੋਗ ਕੀਤਾ ਗਿਆ।ਅਮਰੀਕਾ ਤੋਂ ਪੀ.ਐਲ.-480 ਦੇ ਤਹਿਤ ਦਿੱਤੀ ਗਈ ਅਨਾਜ ਸਹਾਇਤਾ ਨਾਲ ਜਣਿਤ ਕੋਸ਼ ਦਾ ਉਪਯੋਗ ਉਪਯੁਕਤ ਖੇਤਰਾਂ ਵਿੱਚ ਕੀਤਾ ਗਿਆ। ਦੂਜੀ ਯੋਜਨਾ ਵਿੱਚ ਸੋਵਿਅਤ ਸਹਾਇਤਾ ਪ੍ਰਾਰਥਮਿਕਤਾ ਵਾਲੇ ਖੇਤਰਾਂ ਵਿੱਚ ਦਿੱਤੀ ਗਈ, ਜਿਵੇਂ ਮੂਲ ਉਦਯੋਗਾਂ ਵਿੱਚ, ਅਤੇ ਓਹ ਵੀ ਸਾਰਵਜਨਿਕ ਖੇਤਰ ਵਿੱਚ।

ਭਾਰਤੀ ਅਰਥਤੰਤਰ ਵਿੱਚ ਸਾਰਵਜਨਿਕ ਖੇਤਰ ਦਾ ਪ੍ਰਭਾਵ ਵਧਦਾ ਗਿਆ, ਅਤੇ ਉਸਨੇ ਇਸਦੇ 'ਨਿਯੰਤਰਕ ਸਥਿਤੀਆਂ' ਉੱਤੇ ਕਬਜ਼ਾ ਕਰ ਲਿਆ। ਵਿਦੇਸ਼ੀ ਖੇਤਰ ਵੈਸੇ ਵੀ ਛੋਟਾ ਸੀ, ਹੁਣ ਹੋਰ ਵੀ ਛੋਟਾ ਹੋ ਗਿਆ।ਪ੍ਰੰਤੂ ਅਮਰੀਕੀ ਦੇਸ਼ਾਂ ਦੇ ਵਿਪਰੀਤ ਭਾਰਤ ਦੇ ਸਾਰਵਜਨਿਕ ਖੇਤਰ ਦਾ ਵਿਕਾਸ ਵਿਦੇਸ਼ੀ ਨਿਜੀ ਪੂੰਜੀ ਦੇ ਬਹੁਰਾਸ਼ਟਰੀ ਕਾਰਪੋਰੇਸ਼ਨਾਂ ਦੇ ਸਹਿਯੋਗ ਨਾਲ ਨਹੀਂ ਹੋਇਆ ਹੈ। 1951

ਨੋਟ

ਵਿੱਚ ਸੰਪੂਰਣ ਕਾਰਪੋਰੇਟ ਖੇਤਰ ਵਿੱਚ ਕੁਲ ਭੁਗਤਾਨ ਕੀਤੀ ਗਈ ਪੂੰਜੀ ਦਾ 3.4 ਫੀਸਦੀ ਸਰਕਾਰੀ ਕੰਪਨੀਆਂ ਦਾ ਸੀ, ਜਦੋਂ ਕਿ 1961 ਵਿੱਚ ਇਹ ਵਧ ਕੇ 30 ਫੀਸਦੀ ਹੋ ਗਿਆ। 70 ਦੇ ਦਸ਼ਕ ਦੀ ਸ਼ੁਰੂਆਤ ਵਿੱਚ ਇਹ ਪ੍ਰਤੀਸ਼ਤ ਵਧ ਕੇ 50 ਫੀਸਦੀ ਹੋ ਗਿਆ ਸੀ ਅਤੇ 1978 ਵਿੱਚ 75 ਫੀਸਦੀ ਤੱਕ ਜਾ ਪਹੁੰਚਿਆ।

ਉਦਯੋਗ ਅਤੇ ਖੇਤੀ ਤੋਂ ਇਲਾਵਾ ਯੋਜਨਾਵਾਂ ਨੇ ਸਿੱਖਿਆ ਅਤੇ ਸਵਾਸਥ ਸਮੇਤ ਮੂਲ ਢਾਂਚੇ ਦੇ ਵਿਕਾਸ ਤੇ ਸਭ ਤੋਂ ਅਧਿਕ ਜ਼ੋਰ ਦਿੱਤਾ। ਓਪਨਿਵੇਸ਼ਕ ਕਾਲ ਵਿੱਚ ਇਨਾਂ ਖੇਤਰਾਂ ਦੀ ਉਪੇਖਿਆ ਕੀਤੀ ਗਈ ਸੀ।ਪ੍ਰਥਮ ਤਿੰਨ ਯੋਜਨਾਵਾਂ ਦੇ ਦੌਰਾਨ ਯਾਤਾਯਾਤ ਅਤੇ ਸੰਚਾਰ ਤੇ ਵਾਸਤਵਿਕ ਯੋਜਨਾ ਖਰਚ ਕਰੀਬ 13 ਅਰਬ ਰੁਪਏ ਸੀ, ਜੋ ਹਰ ਯੋਜਨਾ ਵਿੱਚ ਕੁਲ ਖਰਚੇ ਦਾ 26 ਫੀਸਦੀ ਸੀ। ਸਮਾਜਿਕ/ਸਮੁਦਾਇਕ ਸੇਵਾਵਾਂ ਅਤੇ ਊਰਜਾ ਦੇ ਲਈ ਇਹ ਆਂਕੜੇ : 9.4 ਅਰਬ ਰੁਪਏ ਅਤੇ 19.9 ਫੀਸਦੀ, ਅਤੇ 6.16 ਅਰਬ ਰੁਪਏ ਅਤੇ 10.6 ਫੀਸਦੀ ਸੀ। ਅਗੇ ਚਲਕੇ ਇਨਾਂ ਖੇਤਰਾਂ ਅਤੇ ਸਿੰਚਾਈ ਵਿੱਚ ਯੋਜਨਾ ਨਿਵੇਸ਼ ਮਹਤੱਵਪੂਰਣ ਸਾਬਿਤ ਹੋਇਆ। ਇਸ ਨਾਲ ਨਿਜੀ ਨਿਵੇਸ਼ ਅਤੇ ਉਤਪਾਦਕਤਾ ਵਧਾਓਣ ਵਿੱਚ ਮਦਦ ਮਿਲੀ। ਇਹ ਗਲ ਹਰੀ ਕ੍ਰਾਂਤੀ ਦੇ ਦੌਰਾਨ ਖੇਤੀ ਵਿੱਚ ਵੀ ਦਿਖਾਈ ਦਿੱਤੀ।

ਤਾਲਿਕਾ 11.3 ਤੋਂ ਕੁਝ ਆਧਾਰਭੂਤ ਰਚਨਾਵਾਂ ਅਤੇ ਸਮਾਜਿਕ ਫਾਇਦਿਆਂ ਦੇ ਪ੍ਰਤੀ ਵਿਅਕਤੀ ਵਿਕਾਸ ਦਾ ਪਤਾ ਚਲਦਾ ਹੈ, ਜੋ ਜਨਸੰਖਿਆ ਦੇ ਵਿਕਾਸ ਤੋਂ ਕਈ ਗੁਣਾ ਅੱਗੇ ਸੀ। 1950-51 ਦੀ ਤੁਲਨਾ ਵਿੱਚ 1965-66 ਵਿੱਚ ਬਿਜਲੀ ਖਮਤਾ ਵਿੱਚ 4.5 ਗੁਣਾ, ਸ਼ਹਿਰਾਂ ਅਤੇ ਪਿੰਡਾਂ ਦੇ ਬਿਜਲੀਕਰਣ ਵਿੱਚ 14 ਗੁਣਾ, ਹਸਪਤਾਲ ਵਿੱਚ ਮਰੀਜ਼ਾਂ ਦੇ ਲਈ ਬਿਸਤਰਿਆਂ ਦੇ ਵਿੱਚ 2.5 ਗੁਣਾ, ਸਕੂਲਾਂ ਵਿੱਚ ਭਰਤੀ 3 ਗੁਣਾ ਤੋਂ ਥੋੜੀ ਘੱਟ, ਅਤੇ ਮਹਤੱਵਪੂਰਣ ਗੱਲ ਇਹ ਕਿ ਇੰਜੀਨਿਅਰਿੰਗ ਅਤੇ ਟੈਕਨੋਲੋਜੀ ਦੀ ਤਕਨੀਕੀ ਸਿੱਖਿਆ ਵਿੱਚ ਡਿਗਰੀ ਅਤੇ ਡਿਪਲੋਮਾ ਸਤਰਾਂ ਤੇ 6 ਅਤੇ 8.5 ਗੁਣਾ ਵਾਧਾ ਹੋਇਆ। ਇਸ ਅਵਧੀ ਵਿੱਚ ਜਨ-ਸੰਖਿਆ ਵਿੱਚ ਮਾਤਰ ਇੱਕ ਤਿਹਾਈ ਵਾਧਾ ਹਸਇਆ।

1991 ਤੋਂ ਦੇਸ਼ ਵਿੱਚ ਲਾਗੂ ਕੀਤੇ ਗਏ ਜ਼ਰੂਰੀ ਆਰਥਿਕ ਸੁਧਾਰਾਂ ਦੀ ਪ੍ਰਸ਼ੰਸਾ ਦੇ ਜ਼ੋਸ਼ ਵਿੱਚ ਵਿਸ਼ੇਸ਼ ਤੌਰ ਤੇ ਨਹਿਰੂ ਕਾਲ ਦੀਆਂ ਆਰਥਿਕ ਉਪਲਬਧੀਆਂ ਨੂੰ ਨੀਚਾ ਦਿਖਾਓਣਾ ਕੁਝ ਲੋਕਾਂ ਲਈ ਇੱਕ ਤਰਾਂ ਦਾ ਫੈਸ਼ਨ ਹੋ ਗਿਆ ਹੈ। ਅਦੂਰਦਰਸ਼ਿਤਾ ਅਤੇ ਅਇਤਿਹਾਸਿਕਤਾ ਦਾ ਇਸ ਤੋਂ ਵੱਡਾ ਉਦਾਹਰਣ ਹੋਰ ਕੋਈ ਨਹੀਂ ਹੋ ਸਕਦਾ। ਇਹ ਨਹਿਰੂਵਾਦੀ ਯੁਗ ਸੀ ਜਿਸਨੇ ਮੂਲ ਭੌਤਿਕ ਅਤੇ ਮਾਨਵ ਸੰਸਾਧਨਾਂ ਦਾ ਨਿਰਮਾਣ ਕੀਤਾ ਜੋ ਸੁਤੰਤਰ ਆਧੁਨਿਕ ਵਿਕਾਸ ਦੀਆਂ ਪੂਰਵ ਸ਼ਰਤਾਂ ਸਾਬਿਤ ਹੋਈਆਂ ।

**ਤਾਲਿਕਾ 11.3-ਮੂਲ ਢਾਂਚੇ, ਸਵਾਸਥ ਅਤੇ ਸਿੱਖਿਆ ਦਾ ਪ੍ਰਸਾਰ**

| ਖੇਤਰ | ਇਕਾਈ | 1950-51 | 1960-61 | 1965-66 | 1950-51 ਤੋ 1965-66 ਦੇ ਵਿੱਚ ਦਾ ਪ੍ਰਤੀਸ਼ਤ |
|---|---|---|---|---|---|
| ਬਿਜਲੀ ਲਾਗੂ ਖਮਤਾ | ਦਸ ਲੱਖ ਕਿਲੋਵਾਟ | 2.3 | 5.6 | 10.2 | 393.5 |
| ਪਿੰਡ ਅਤੇ ਸ਼ਹਿਰ | ਹਜ਼ਾਰਾਂ ਵਿੱਚ | 3.7 | 24.2 | 52.3 | 1313.5 |
| ਬਿਜਲੀ ਦੀ ਰੇਲਾਂ-ਸਾਮਾਨ ਦੀ ਢੁਲਾਈ | ਦਸ ਲੱਖ ਟਨ | 93 | 156 | 205 | 120.4 |
| ਸੜਕਾਂ | ਹਜ਼ਾਰ ਕਿ.ਮੀ. | 156 | 235 | 284 | 82 |
| ਹਸਪਤਾਲ ਬਿਸਤਰਿਆਂ ਦੀ ਸੰਖਿਆ | ਹਜ਼ਾਰ ਵਿੱਚ | 113 | 186 | 300 | 165.5 |
| ਸਕੂਲਾਂ ਵਿੱਚ ਭਰਤੀ | ਦਸ ਲੱਖ ਵਿੱਚ | 23.5 | 44.7 | 67.7 | 188.1 |
| ਤਕਨੀਕੀ ਸਿੱਖਿਆ-ਇੰਜੀਨਿਅਰਿੰਗ ਅਤੇ ਟੈਕਨੋਲੋਜੀ (ਭਰਤੀ ਖਮਤਾ) | | | | | |
| (*i*) ਡਿਗਰੀ ਸਤਰ | ਹਜ਼ਾਰ ਵਿੱਚ | 4.1 | 13.8 | 24.7 | 502.4 |
| (*ii*) ਡਿਪਲੋਮਾ | ਹਜ਼ਾਰ ਵਿੱਚ | 5.9 | 25.8 | 49.9 | 745.8 |
| ਜਨਸੰਖਿਆ | ਦਸ ਲੱਖ | 357 | 430 | 490 | 37.3 |

**ਸਰੋਤ**-ਜੇ. ਭਗਵਤੀ ਅਤੇ ਜੀ. ਦੇਸਾਈ, *ਇੰਡੀਆ: ਪਲੈਨਿੰਗ ਫਾਰ ਇੰਡਸਟ੍ਰੀਲਾਈਜ਼ੇਸ਼ਨ, ਲੰਦਨ, 1970, ਪੰ 74.*

ਨੋਟ

ਇਸ ਤੋਂ ਇਲਾਵਾ, ਨਹਿਰੂਵਾਦੀ ਮੰਜ਼ਿਲ ਨੂੰ ਉਸ ਸਮੇਂ ਦੇ ਵਿਸ਼ਵ ਇਤਿਹਾਸਿਕ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਜਿਵੇਂ ਕਿ ਪ੍ਰਖਰ ਅਰਥਸ਼ਾਸਤਰੀ ਅਤੇ ਢਾਂਚਾਗਤ ਪੁਨਰਗਠਨ ਪ੍ਰੋਗ੍ਰਾਮ ਦੀ ਸ਼ੁਰੂਆਤ ਕਰਣ ਵਾਲੇ ਵਿੱਤਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ," ਜੇਕਰ 1960 ਵਿੱਚ ਤੁਸੀਂ ਕਿਸੇ ਤੋਂ ਵੀ ਪੁੱਛਦੇ ਕਿ 1996 ਜਾਂ 97 ਵਿੱਚ ਕਿਹੜਾ ਦੇਸ਼ ਦੁਨੀਆਂ ਦੇ ਸ਼ਿਖਰ ਤੇ ਹੋਵੇਗਾ, ਤਾਂ ਜਵਾਬ ਹੁੰਦਾ, ਭਾਰਤ। " ਪੱਛਮ ਦੇ ਅਰਥਸ਼ਾਸਤਰੀਆਂ ਸਮੇਤ ਸਭ ਦੇ ਵਿੱਚ ਇੱਕ ਗੱਲ ਤੇ ਸਹਿਮਤੀ ਸੀ- ਕਿ ਭਾਰਤ ਦੇ ਨਿਯੋਜਨ ਦੀ ਦਿਸ਼ਾ ਸਕਾਰਾਤਮਕ ਅਤੇ ਸੰਭਾਵਨਾਵਾਂ ਨਾਲ ਭਰੀ ਹੋਈ ਸੀ। ਇਨਾਂ ਅਰਥਸ਼ਾਸਤਰੀਆਂ ਵਿੱਚ ਕੁਝ ਸਨ- ਡਬਲਯੂ.ਡਬਲਯੂ. ਰੋਸਟੇਵ, ਰੋਜੇਨਸ਼ਟੇਨ-ਰੋਡਨ, ਵਿਲਫ੍ਰੈਡ ਮੈਂਡੇਲਬਾਊਮ, ਜਾਰ ਰੋਜੇਨ, ਈਅਨ ਲਿਟਲ, ਬਰਾਅਨ ਰੇਡਾਵੇ ਆਦਿ। ਭਾਰਤ ਦੇ ਜਨਤਾਂਤਰਿਕ ਰਸਤੇ ਦੀ ਪ੍ਰਸ਼ੰਸਾ ਕਰਦੇ ਹੋਏ ਅਕਸਰ ਹੀ ਚੀਨ ਦੇ ਪ੍ਰਭੁਤਵਵਾਦੀ ਮਾਡਲ ਦੀ ਆਲੋਚਨਾ ਕੀਤੀ ਗਈ ਹੈ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਦਲਦੀ ਪਰਿਸਥਿਤੀਆਂ ਵਿੱਚ ਓਪਨਿਵੇਸ਼ਕ ਪਿਛੜੇਪਨ ਦੀ ਵਿਰਾਸਤ ਨੂੰ ਜਿੱਤਦੇ ਹੋਏ ਸਕ੍ਰਿਅ ਜਨਤੰਤਰ ਬਰਕਰਾਰ ਰੱਖਣ ਲਈ ਪਰਿਵਰਤਨਾਂ ਦੀ ਜ਼ਰੂਰਤ ਸੀ। ਇਸ ਤੇ ਕੋਈ ਦੋ ਰਾਏ ਨਹੀਂ ਹੋ ਸਕਦੀ ਸੀ ਕਿ ਕੁਝ ਤਰੀਕਿਆਂ ਨੂੰ ਬਦਲਣ ਜਾਂ ਪੂਰੀ ਤਰਾਂ ਛੱਡਣ ਦੀ ਜ਼ਰੂਰਤ ਹੈ। ਜਿਵੇਂ ਉਦਯੋਗਿਕ ਲਾਈਸੈਂਸਿੰਗ,ਕੀਮਤ ਅਤੇ ਵਿਤਰਣ ਤੇ ਨਿਯੰਤਰਣ, ਆਯਾਤਾਂ ਤੇ ਪ੍ਰਤੀਬੰਧ, ਅਕਸ਼ਮ ਘਰੇਲੂ ਉਤਪਾਦਕਾ ਦੀ ਰੱਖਿਆ, ਅਧਿਕਾਧਿਕ ਅਕਸ਼ਮ ਹੁੰਦੇ ਸਾਰਵਜਨਿਕ ਖੇਤਰ ਤੇ ਨਿਰਭਰਤਾ ਆਦਿ। ਇਸ ਤੋਂ ਇਲਾਵਾ ਵਿਸ਼ਵ ਪੂੰਜੀਵਾਦ ਦੇ ਬਦਲਦੇ ਸਰੂਪ ਦੇ ਕਾਰਣ ਆਰਥਿਕ ਪਰਿਵਰਤਨਾਂ ਦੀ ਜ਼ਰੂਰਤ ਸੀ।ਇਸ ਦੇ ਕਾਰਕਲਾਪਾ ਵਿੱਚ ਵੀ ਪਰਿਵਰਤਨਾਂ ਦੀ ਜ਼ਰੂਰਤ ਸੀ।ਇਸ ਵਿੱਚ ਵਿਸ਼ਵ ਅਰਥਤੰਤਰ ਵੱਲ ਅਧਿਕ ਖੁੱਲਣ ਦੀ ਜ਼ਰੂਰਤ ਵੀ ਸ਼ਾਮਿਲ ਸੀ। ਪ੍ਰੰਤੂ ਸੱਠ ਦੇ ਦਸ਼ਕ ਦੇ ਮੱਧ ਵਿੱਚ ਭਾਰਤ ਨੂੰ ਕਈ ਪ੍ਰਕਾਰ ਦੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ। ਜਿਸਦੇ ਕਾਰਣ ਅਜਿਹੇ ਪਰਿਵਰਤਨ ਨਹੀਂ ਹੋ ਪਾਏ।ਨਾਲ ਹੀ ਵਿਸ਼ਵ ਅਤੇ ਆਂਤਰਿਕ ਰਾਜਨੀਤਿਕ ਪਰਿਸਥਿਤੀ ਦੇ ਦਬਾਵ ਵਿੱਚ ਉਸ ਨੂੰ ਅਧਿਕ ਸੰਰੱਖਿਅਣਵਾਦੀ, ਅੰਤਰਮੁਖੀ ਅਤੇ ਅਲਗਾਵਵਾਦੀ ਦਿਸ਼ਾ ਪਕੜਨੀ ਪਈ।

## 11.4 ਸਾਰ ਅੰਸ਼ (Summary)

- ਸਥਾਈਤਵ ਦੀ ਪਰਿਸਥਿਤੀਆਂ ਵਿਚ ਵੀ ਕਈ ਵਾਰ ਰਾਸ਼ਟਰਪਤੀਆਂ ਨੇ ਵਿਕਅਤੀਗਤ ਮਹੱਤਵਕਾਂਸ਼ਾ ਜਾਂ ਸੰਵਿਧਾਨ ਦੇ ਪ੍ਰਤੀ ਜਿੰਮੇਦਾਰੀ ਨਿਭਾਉਣ ਦੇ ਇਰਾਦੇ ਨਾਲ ਆਪਣੇ ਅਧਿਕਾਰਾਂ ਦਾ ਪ੍ਰਯੋਗ ਕੀਤਾ ਹੈ। ਸਭ ਤੋਂ ਮਹੱਤਵਪੂਰਨ ਉਦਾਹਰਣ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਦਾ ਹੈ। ਉਹ ਐਸੇ ਪਹਿਲੇ ਰਾਸ਼ਟਰਪਤੀ ਸੀ ਜਿਨ੍ਹਾਂ ਨੇ ਕੋਈ ਬਿਲ ਸੰਸਦ ਨੂੰ ਵਾਪਸ ਕਰ ਦਿੱਤਾ ਸੀ।
- ਵਿਵਾਦ ਦਾ ਇਕ ਹੋਰ ਖੇਤਰ ਰਾਜ ਸਰਕਾਰਾਂ ਨੂੰ ਭੰਗ ਕਰਨ ਵਿਚ ਰਾਸ਼ਟਰਪਤੀ ਨੂੰ ਭੂਮਿਕਾ ਅਤੇ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਸੰਬੰਧੀ ਹੈ।
- 44ਵੇਂ ਸੰਸ਼ੋਧਨ ਵਿਚ ਰਾਸ਼ਟਰਪਤੀ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਮੰਤਰੀਪਰਿਸ਼ਦ ਤੋਂ ਆਪਣੇ ਨਿਰਣੇ ਉੱਤੇ ਦੁਬਾਰਾ ਵਿਚਾਰ ਕਰਨ ਦਾ ਅਨੁਰੋਧ ਕਰੇ।
- ਦੂਜਿਆਂ ਮਾਮਲਿਆਂ ਵਿਚ ਰਾਸ਼ਟਰਪਤੀ ਦੇ ਅਧਿਕਾਰ ਸਪਸ਼ਟ ਹਨ। ਧਾਰਾ 111 ਦੇ ਤਹਿਤ ਜਦ ਕੋਈ ਬਿਲ ਉਨ੍ਹਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਨੂੰ ਇਸ ਨਾਲ ਅਸਹਿਮਤੀ ਜਤਾਉਣ ਦਾ ਅਧਿਕਾਰ ਹੈ, ਅਤੇ ਜੇਕਰ ਉਹ ਚਾਹੁਣ ਤਾਂ ਇਸਨੂੰ ਸੰਸਦ ਨੂੰ ਮੁੜ ਵਿਚਾਰ ਦੇ ਲਈ ਵਾਪਸ ਵੀ ਭੇਜ ਸਕਦੇ ਹਨ। ਜੇਕਰ ਦੋਨੋਂ ਸਦਨ ਇਸ ਨੂੰ ਫਿਰ ਪਾਸ ਕਰ ਦਿੰਦੇ ਹਨ ਅਤੇ ਉਨ੍ਹਾਂ ਦੇ ਕੋਲ ਦੁਬਾਰਾ ਭੇਜ ਦਿੰਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਸਹਿਮਤੀ ਦੇਣੀ ਹੀ ਪੈਂਦੀ ਹੈ।
- 1978 ਵਿਚ ਕੀਤੇ ਗਏ 44ਵੇਂ ਸੰਸ਼ੋਧਨ ਦੇ ਅਨੁਸਾਰ ਇਹ ਸਪਸ਼ਟ ਕੀਤਾ ਗਿਆ ਹੈ ਕਿ ਰਾਸ਼ਟਰਪਤੀ ਤਦ ਹੀ ਆਪਾਤਕਾਲ ਦੀ ਘੋਸ਼ਣਾ ਕਰ ਸਕਦਾ ਹੈ ਜਦ ਇਸ ਸੰਬੰਧ ਵਿਚ ਮੰਤਰੀਮੰਡਲ ਦਾ ਲਿਖਤ ਨਿਰਣੇ ਉਨ੍ਹਾਂ ਨੂੰ ਪ੍ਰਾਪਤ ਹੋਵੇ। ਆਪਾਤਕਾਲ ਦੇ ਦੌਰਾਨ ਵੀ ਉਨ੍ਹਾਂ ਨੂੰ ਮੰਤਰੀਮੰਡਲ ਦੀ ਸਲਾਹ ਉੱਤੇ ਹੀ ਕੰਮ ਕਰਨਾ ਹੋਵੇਗਾ।
- ਮੰਤਰੀਪਰਿਸ਼ਦ ਸਮੂਹਕ ਰੂਪ ਵਿਚ ਲੋਕਸਭਾ ਦੇ ਪ੍ਰਤੀ ਜ਼ਿੰਮੇਵਾਰ ਹੁੰਦੀ ਹੈ। ਜੇਕਰ ਉਹ ਲੋਕਸਭਾ ਦਾ ਵਿਸ਼ਵਾਸ ਗੁਆ ਲੈਂਦੀ ਹੈ ਤਾਂ ਉਸਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ।
- ਨਹਿਰੂ ਦੇ ਸ਼ਬਦਾਂ ਵਿਚ ਪ੍ਰਧਾਨਮੰਤਰੀ "ਸਰਕਾਰ ਦਾ ਕੇਂਦਰ ਬਿੰਦੂ" ਹੁੰਦਾ ਹੈ। ਲਗਭਗ ਸਾਰੇ ਅਧਿਕਾਰ ਰਾਸ਼ਟਰਪਤੀ ਵਿਚ ਓਪਚਾਰਕ ਤੌਰ ਤੇ ਨਿਹਿਤ ਹੁੰਦੇ ਹੋਏ ਵੀ ਵਾਸਤਵ ਵਿਚ ਪ੍ਰਧਾਨਮੰਤਰੀ ਦੁਆਰਾ ਪ੍ਰਯੁਕਤ ਹੁੰਦੇ ਹਨ। ਰਾਸ਼ਟਰਪਤੀ, ਮੰਤਰੀਮੰਡਲ ਅਤੇ ਸੰਸਦ ਦੇ ਵਿਚ ਕੜੀ ਹੁੰਦਾ ਹੈ।
- ਚੋਣਾਂ ਵਿਚ ਆਪਣੀ ਜਿੱਤ ਅਤੇ 1971 ਦੇ ਬੰਗਲਾ ਦੇਸ਼ ਯੁੱਧ ਦੇ ਬਾਅਦ ਇੰਦਰਾ ਗਾਂਧੀ ਇੰਨੀ ਸ਼ਕਤੀਸ਼ਾਲੀ ਬਣ ਗਈ ਸੀ ਕਿ ਰਾਜਨੀਤਿਕ ਪ੍ਰਣਾਲੀ ਵਿਚ ਪ੍ਰਧਾਨਮੰਤਰੀ ਪਦ ਨੇ ਅਤਿਅੰਤ ਮਹੱਤਵ ਦੀ ਸਥਿਤੀ ਧਾਰਨ ਕਰ ਲਈ। ਪ੍ਰਧਾਨਮੰਤਰੀ ਨੂੰ ਮੰਤਰੀਆਂ ਦੀ ਚੋਣ ਜਾਂ ਉਨ੍ਹਾਂ ਦੀ ਬਰਖਾਸਤਗੀ ਦੇ ਪੂਰਨ ਅਧਿਕਾਰ ਹਨ। ਇਸ ਨਾਲ ਪ੍ਰਧਾਨਮੰਤਰੀ ਨੂੰ ਦੂਜਿਆਂ ਦੇ ਉੱਤੇ ਵੱਡੇ ਪੈਮਾਨੇ ਉੱਤੇ ਅਧਿਕਾਰ ਮਿਲਦੇ ਹਨ।

ਨੋਟ

- ਭਾਰਤੀ ਸੰਸਦ ਦੇ ਦੋ ਸਦਨ ਹੁੰਦੇ ਹਨ–ਉੱਪਰੀ ਸਦਨ ਰਾਜਸਭਾ ਜਾਂ ਰਾਜਾਂ ਦੀ ਪਰਿਸ਼ਦ ਹੈ, ਅਤੇ ਨਿਚਲੀ ਸਦਨ ਲੋਕਸਭਾ ਦਾ ਜਨਤਾ ਦਾ ਸਦਨ ਹੈ। ਰਾਜਸਭਾ ਵਿਚ 250 ਮੈਂਬਰ ਹੁੰਦੇ ਹਨ। ਇਨ੍ਹਾਂ ਵਿਚੋਂ 238 ਦੀ ਚੋਣ ਰਾਜ ਵਿਧਾਨਸਭਾਵਾਂ ਦੇ ਚੁਣੇ ਮੈਂਬਰ ਏਕਲ ਹਸਤਾਂਤਰਣ ਵੋਟ ਪ੍ਰਣਾਲੀ ਦੇ ਤਹਿਤ ਸਮਾਨੁਪਾਤਿਕ ਪ੍ਰਤੀਨਿਧੀਤਵ ਦੇ ਆਧਾਰ ਉੱਤੇ ਕਰਦੇ ਹਨ। ਹੋਰ 12 ਦਾ ਮਨੋਨਯਨ ਸਰਕਾਰ ਦੇ ਸੁਝਾਵ ਉੱਤੇ ਰਾਸ਼ਟਰਪਤੀ ਕਰਦੇ ਹਨ।
- ਲੋਕਸਭਾ ਦੀ ਚੋਣ ਜਨਤਾ ਦੁਆਰਾ ਪੰਜ ਸਾਲਾਂ ਤਕ ਹੁੰਦੀ ਹੈ। ਇਸਨੂੰ ਇਸਦਾ ਕਾਰਜ ਕਾਲ ਖਤਮ ਹੋਣ ਤੋਂ ਪਹਿਲਾਂ ਵੀ ਭੰਗ ਕੀਤਾ ਜਾ ਸਕਦਾ ਹੈ। ਆਪਾਤਕਾਲ ਦੇ ਦੌਰਾਨ ਲੋਕਸਭਾ ਦਾ ਕਾਰਜ ਕਾਲ ਇਕ ਵਾਰ ਵਿਚ ਇਕ ਸਾਲ ਦੇ ਲਈ ਵਧਾਇਆ ਜਾ ਸਕਦਾ ਹੈ, ਪ੍ਰੰਤੂ ਆਪਾਤਕਾਲ ਦੀ ਸਮਾਪਤੀ ਤੋਂ ਬਾਅਦ ਛੇ ਮਹੀਨਿਆਂ ਤੋਂ ਜ਼ਿਆਦਾ ਦੇ ਲਈ ਨਹੀਂ। ਵਾਸਤਵ ਵਿਚ, ਲੋਕਸਭਾ ਦਾ ਕਾਰਜ ਕਾਲ ਸਿਰਫ ਇਕ ਹੀ ਵਾਰ, 1976 ਵਿਚ, ਇਕ ਸਾਲ ਦੇ ਲਈ ਵਧਾਇਆ ਗਿਆ ਸੀ, ਜਦ ਪ੍ਰਧਾਨਮੰਤਰੀ ਇੰਦਰਾ ਗਾਂਧੀ ਨੇ ਆਪਾਤਕਾਲ ਦੀ ਘੋਸ਼ਣਾ ਕੀਤੀ ਸੀ।
- ਸੰਵਿਧਾਨ ਵਿਚ ਆਰਕਸ਼ਣ ਨੂੰ ਦਸ ਸਾਲਾਂ ਦਾ ਅਲਪਕਾਲਿਕ ਪ੍ਰਾਵਧਾਨ ਰਖਿਆ ਗਿਆ ਹੈ। ਕਿਸੀ ਵੀ ਸਰਕਾਰ ਨੇ ਇਸਨੂੰ ਹਰ ਵਾਰ ਦਸ ਸਾਲਾਂ ਦੇ ਲਈ ਵਧਾਉਣ ਦਾ ਵਿਰੋਧ ਨਹੀਂ ਕੀਤਾ ਹੈ। ਫਲਸਰੂਪ, ਹੁਣ ਤਕ ਇਸਨੂੰ ਪੰਜਾਹ ਸਾਲਾਂ ਤਕ ਦੇ ਲਈ ਵਧਾਇਆ ਜਾ ਚੁਕਾ ਹੈ ਉਲਟੇ, ਆਰਕਸ਼ਣ ਦੀ ਮੰਗ ਅਤੇ ਸਵੀਕ੍ਰਿਤੀ ਵਿਚ ਵਾਧਾ ਹੀ ਹੋਇਆ ਹੈ।
- ਲੋਕਸਭਾ ਦੀ ਵਧ ਤੋਂ ਵਧ ਸੀਟਾਂ 552 ਹੁੰਦੀਆਂ ਹਨ। ਇਨ੍ਹਾਂ ਵਿਚੋ 550 ਭੋਗੋਲਿਕ ਮਤਦਾਤਾ ਖੇਤਰ ਹਨ, ਅਤੇ ਦੋ ਐਂਗਲੋ–ਇੰਡੀਅਨ ਸਮੁਦਾਏ ਦੇ ਮਨੋਨੀਤ ਮੈਂਬਰ ਹੁੰਦੇ ਹਨ। ਮੈਂਬਰਾਂ ਦੀ ਉਮਰ ਘੱਟ ਤੋਂ ਘੱਟ ਪੱਚੀ ਸਾਲ ਹੋਣੀ ਚਾਹੀਦੀ। ਲੋਕਸਭਾ ਦੇ ਮੁਖੀ ਵਜੋਂ ਸੇਵਾ ਸਪੀਕਰ ਕਰਦੇ ਹਨ, ਅਤੇ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਉਪ–ਮੁਖੀ ਜਾਂ ਡਿਪਟੀ ਸਪੀਕਰ।
- ਸੰਸਦ ਨੂੰ ਵਿਆਪਕ ਵੈਧਾਨਿਕ ਅਧਿਕਾਰ ਹੈ, ਅਤੇ ਬਿਲ ਕਿਸੀ ਵੀ ਸਦਨ ਵਿਚ ਪੇਸ਼ ਕੀਤੇ ਜਾ ਸਕਦੇ ਹਨ। ਕਾਨੂੰਨ ਬਣਨ ਦੇ ਲਈ ਬਿਲ ਨੂੰ ਦੋਵਾਂ ਸਦਨਾਂ ਵਿਚ ਪਾਸ ਕਰਨਾ ਅਤੇ ਉਸਨੂੰ ਰਾਸ਼ਟਰਪਤੀ ਦਾ ਅਨੁਮੋਦਨ ਮਿਲਣਾ ਜਰੂਰੀ ਹੈ।
- ਸੰਵਿਧਾਨ ਭਾਰਤ ਨੂੰ ਇਕ ਸਾਰਵਭੌਮ, ਸਮਾਜਵਾਦੀ, ਧਰਮ ਨਿਰਪੇਖ ਅਤੇ ਜਨਤਾਂਤਰਿਕ ਗਣਤੰਤਰ ਘੋਸ਼ਿਤ ਕਰਦਾ ਹੈ। ਹਾਲਾਂਕਿ 'ਧਰਮਨਿਰਪੱਖ' ਅਤੇ 'ਸਮਾਜਵਾਦੀ' ਸ਼ਬਦ 1976 ਵਿਚ 42ਵੇਂ ਸੰਸ਼ੋਧਨ ਦੇ ਜਰੀਏ ਜੋੜੇ ਗਏ ਸਨ, ਸੰਵਿਧਾਨ ਦੀ ਆਤਮਾ ਧਰਮਨਿਰਪੱਖ ਸੀ।
- ਧਰਮਨਿਰਪੱਖਤਾ ਦੇ ਪ੍ਰਤੀ ਨਹਿਰੂ ਦੀ ਪ੍ਰਤੀਬਧਤਾ ਅਤੁਲ ਅਤੇ ਸਰਵਾਂਗੀਣ ਸੀ। ਉਹ ਆਪਣੀ ਪੂਰੀ ਹੋਂਦ ਨਾਲ ਸੰਪਰਦਾਇਕਤਾ ਨਾਲ ਨਫਰਤ ਕਰਦੇ ਸਨ ਅਤੇ ਆਪਣੀ ਪੂਰੀ ਜਿੰਦਗੀ ਸਾਰੀ ਤਾਕਤ ਲਗਾ ਕੇ ਉਸ ਨਾਲ ਲੜਦੇ ਰਹੇ। ਉਨ੍ਹਾਂ ਨੇ ਧਰਮਨਿਰਪੇਖਤਾ ਦੀ ਜੜਾਂ ਨੂੰ ਭਾਰਤੀ ਜਨਤਾ ਦੇ ਵਿਚ ਫੈਲਾਇਆ ਅਤੇ ਉਸ ਸਮੇਂ ਫੈਲਦੀ ਹੋਈ ਸੰਪਰਦਾਇਕ ਅੱਗ ਨੂੰ ਪਿਛੇ ਧਕੇਲਣ ਵਿਚ ਕਾਮਯਾਬ ਹੋਏ।
- ਨਹਿਰੂ ਉਨ੍ਹਾਂ ਪਹਿਲੇ ਵਿਅਕਤੀਆਂ ਵਿਚੋਂ ਸਨ ਜਿਨ੍ਹਾਂ ਨੇ ਸੰਪਰਦਾਇਕਤਾ ਦੀ ਸਮਾਜਿਕ–ਆਰਥਿਕ ਜੜਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਉਹ ਇਸ ਵਿਸ਼ਵਾਸ ਤੇ ਪਹੁੰਚੇ ਸੀ ਕਿ ਇਹ ਮੁਖ ਤੌਰ ਤੇ ਪ੍ਰਤੀਕ੍ਰਿਆਵਾਦੀਆਂ ਦਾ ਹਥਿਆਰ ਹੈ, ਹਾਲਾਂਕਿ ਇਸਦਾ ਸਮਾਜਕ ਆਧਾਰ ਮੁਖ ਮੱਧਵਰਗੀ ਹੀ ਹੈ। ਅਵਤਾਰ ਦੇ ਰੂਪ ਵਿਚ ਪਰਿਭਾਸ਼ਤ ਕੀਤਾ।
- ਨਹਿਰੂ ਕਿਸੇ ਵੀ ਤਰ੍ਹਾਂ, ਹਿੰਦੂ, ਮੁਸਲਿਮ, ਸਿੱਖ ਜਾਂ ਇਸਾਈ ਸੰਪਰਦਾਅ ਵਿਚ ਕੋਈ ਅੰਤਰ ਨਹੀਂ ਕਰਦੇ ਸੀ। ਉਨ੍ਹਾਂ ਦੇ ਮੁਤਾਬਕ ਇਹ ਸਾਰੇ ਇਕ ਹੀ ਵਿਚਾਰਧਾਰਾ ਦੇ ਵਿਭਿੰਨ ਰੂਪ ਹਨ ਅਤੇ ਇਸਲਈ ਇਨ੍ਹਾਂ ਸਾਰਿਆਂ ਦਾ ਇਕ ਸਾਥ ਵਿਰੋਧ ਕਰਨਾ ਚਾਹੀਦਾ ਹੈ।
- ਨਾਗਰਿਕ ਅਧਿਕਾਰਾਂ ਨੂੰ ਮਜਬੂਤ ਆਧਾਰ ਉੱਤੇ ਖੜਾ ਕੀਤਾ ਗਿਆ ਅਤੇ ਪ੍ਰੈਸ ਨੂੰ ਸਰਕਾਰ ਦੀ ਤਿਖੀ ਅਲੋਚਨਾ ਕਰਨ ਦੇ ਬਾਵਜੂਦ ਪੂਰੀ ਆਜ਼ਾਦੀ ਮਿਲੀ। ਕੋਰਟ ਦੀ ਸਵਾਇੱਤਾ ਨੂੰ ਬਹੁਤ ਸਾਵਧਾਨੀ ਨਾਲ ਪਾਲਿਆ ਪੋਸਿਆ ਗਿਆ। ਇਸਦੇ ਬਾਵਜੂਦ ਕਿ ਖੇਤੀ ਸੁਧਾਰ ਸੰਬਧੀ ਮਹੱਤਵਪੂਰਨ ਅਤੇ ਲੋਕਪ੍ਰਿਅ ਵਿਧੇਅਕ ਦਾ ਕੋਰਟ ਦੁਆਰਾ ਵਿਰੋਧ ਕੀਤਾ ਗਿਆ, ਇਸਦੀ ਸਵਾਇੱਤਾ ਉੱਤੇ ਕੋਈ ਆਂਚ ਨਹੀਂ ਆਉਣ ਦਿਤੀ ਗਈ।
- ਸੰਸਦ ਨੂੰ ਜਨਤਾ ਦੇ ਵਿਚਾਰਾਂ ਨੂੰ ਵਿਅਕਤ ਕਰਣ ਦਾ ਇਕ ਮਹੱਤਵਪੂਰਨ ਮੰਚ ਬਣਾ ਦਿੱਤਾ। ਉਨ੍ਹਾਂ ਨੇ ਇਹ ਸਿਧਾਂਤ ਬਣਾ ਰਖਿਆ ਸੀ ਕਿ ਉਹ ਸੰਸਦ ਵਿਚ ਪ੍ਰਸ਼ਨਕਾਲ ਦੇ ਦੌਰਾਨ ਹੋਣ ਵਾਲੀ ਬਹਿਸਾਂ ਦੇ ਸਮੇਂ ਹਮੇਸ਼ਾ ਉਥੇ ਮੋਜੂਦ ਰਹਿਣਗੇ। ਵਿਪੱਖ ਨੇ ਵੀ ਸੰਸਦ ਅਤੇ ਉਸਦੀ ਕਾਰਜਪ੍ਰਣਾਲੀ ਦਾ ਆਦਰ ਕਰਦੇ ਹੋਏ ਆਪਣੀ ਭੂਮਿਕਾ ਨਿਭਾਈ।
- ਨਹਿਰੂ ਯੁਗ ਦੇ ਦੌਰਾਨ ਸੰਵਿਧਾਨ ਵਿਚ ਦਿਤੇ ਗਏ ਸੰਘਵਾਦੀ ਪ੍ਰਾਵਧਾਨਾਂ ਨੂੰ ਮਜਬੂਤੀ ਨਾਲ ਸਥਾਪਤ ਕੀਤਾ ਗਿਆ। ਰਾਜਾਂ ਦੇ ਵਿਚ ਸੱਤਾ ਦੀ ਸਮੁਚਿਤ ਵੰਡ ਕੀਤੀ ਗਈ। ਰਾਜਾਂ ਦੀ ਸਵਾਯਤਾ ਦਾ ਆਦਰ ਕਰਦੇ ਹੋਏ ਨਹਿਰੂ ਕਦੀ ਵੀ ਰਾਜ ਸਰਕਾਰਾਂ ਉੱਤੇ ਆਪਣਾ ਨਿਰਣਾ ਨਹੀਂ ਥੋਪਦੇ ਸਨ, ਨਾ ਹੀ ਉਨ੍ਹਾਂ ਦੀ ਨੀਤੀਆਂ ਵਿਚ ਕੋਈ ਹਸਤਖੇਪ ਕਰਦੇ ਸੀ।
- ਸਾਨੂੰ ਇਸ ਗਲ ਤੇ ਵੀ ਗੌਰ ਕਰਨਾ ਚਾਹੀਦਾ ਹੈ ਕਿ ਕੇਂਦਰ ਅਤੇ ਰਾਜਾਂ ਦੇ ਵਿਚ ਪ੍ਰੇਮਪੂਰਣ ਸੰਬੰਧ ਅਤੇ ਵਿਭਾਜਕਾਰੀ ਸ਼ਕਤੀਆਂ ਉੱਤੇ ਨਿਅੰਤਰਣ ਬਣੇ ਰਹਿਣ ਦਾ ਇਕ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਕੇਂਦਰ ਅਤੇ ਰਾਜ, ਦੋਵਾਂ ਵਿਚੋਂ ਇਕ ਹੀ ਪਾਰਟੀ

ਨੋਟ

ਸੱਤਾਰੂੜ ਸੀ। ਕੇਂਦਰ ਦੀ ਅਗਵਾਈ ਵਾਲੀ ਭੂਮਿਕਾ ਸਥਾਪਤ ਹੋਣ ਦਾ ਇਕ ਦੂਜਾ ਕਾਰਨ ਇਹ ਸੀ ਕਿ ਤਤਕਾਲੀਨ ਭਾਰਤੀ ਰਾਜਨੀਤੀ ਦੇ ਕੁਝ ਸਭ ਤੋਂ ਕੱਦਾਵਰ ਲੋਕ ਉਸ ਸਮੇਂ ਮੰਤਰੀਮੰਡਲ ਅਤੇ ਕਾਂਗਰਸ ਕਾਰਜਸਮੀਤੀ ਦੇ ਮੈਂਬਰ ਸਨ।

- **ਨਹਿਰੂ ਅਤੇ ਹੋਰ ਨੇਤਾ ਇਕ ਐਸੇ ਸਮਾਜਵ ਪਰਿਵਰਤਨ ਦੇ ਲਈ ਉਤਸੁਕ ਸਨ ਜੋ ਸਮਾਜ ਦੇ ਪਿਛੜੇ ਅਤੇ ਕੁਚਲੇ ਹੋਏ ਤਬਕਿਆਂ ਦੀ ਮੁਕਤੀ ਦਾ ਮਾਰਗ ਪ੍ਰਸ਼ਸਤ ਕਰ ਸਕੇ। ਜਿਵੇਂ ਕਿ ਨਹਿਰੂ ਨੇ 1956 ਵਿਚ ਕਿਹਾ-**
- ਅਸੀਂ ਸਿਰਫ ਰਾਜਨੀਤਿਕ ਕ੍ਰਾਂਤੀ ਦੀ ਹੀ ਕੋਸ਼ਿਸ਼ ਨਹੀਂ ਕਰ ਰਹੇ ਅਤੇ ਨਾ ਸਿਰਫ ਇਹੀ ਉਪਲਬਧੀ ਚਾਹੁੰਦੇ ਹਾਂ, ਤੇ ਅਸੀਂ ਸਿਰਫ ਆਰਥਿਕ ਕ੍ਰਾਂਤੀ ਦੇ ਲਈ ਹੀ ਜੀ ਤੋੜ ਮਿਹਨਤ ਨਹੀਂ ਕਰ ਰਹੇ ਹਾਂ, ਬਲਕਿ... ਅਸੀਂ ਸਮਾਜਕ ਕ੍ਰਾਂਤੀ ਦੇ ਲਈ ਵੀ ਉੱਨਾ ਹੀ ਦ੍ਰਿੜ ਸਕੰਲਪ ਰਖਦੇ ਹਾਂ, ਇਨ੍ਹਾਂ ਤਿੰਨ ਅਲਗ-ਅਲਗ ਰਸਤਿਆਂ ਉੱਤੇ ਚਲ ਕੇ ਅਤੇ ਉਨ੍ਹਾਂ ਨੂੰ ਇਕ ਮਹਾਨ ਸੰਪੂਰਨਤਾ ਵਿਚ ਬਦਲ ਕੇ ਹੀ ਭਾਰਤ ਦੇ ਲੋਕ ਤਰੱਕੀ ਕਰ ਸਕਦੇ ਹਨ।
- ਗਣਰਾਜ ਦੇ ਸੰਸਥਾਪਕ ਇਸ ਗੱਲ ਨਾਲ ਵਾਕਫ ਸਨ ਕਿ ਸਮਾਜਿਕ ਅਤੇ ਆਰਥਿਕ ਵਿਕਾਸ, ਅਵਸਰ ਦੀ ਸਮਾਨਤਾ ਅਤੇ ਜਨਵਾਦੀ ਸਮਾਜ ਦੇ ਨਿਰਮਾਣ ਦੇ ਲਈ ਵਿਆਪਕ ਤੇ ਬਿਹਤਰ ਸਿਖਿਆ ਇਕ ਬਹੁਤ ਵੱਡਾ ਹਥਿਆਰ ਹੁੰਦਾ ਹੈ। ਇਸਦੀ ਜਰੂਰਤ ਇਸ ਲਈ ਵੀ ਬਹੁਤ ਜ਼ਿਆਦਾ ਸੀ ਕਿ 1951 ਵਿਚ ਕੁੱਲ ਆਬਾਦੀ ਦਾ ਮਾਤਰ 16.6 ਪ੍ਰਤੀਸ਼ਤ ਹੀ ਪੜ੍ਹਿਆ ਲਿਖਿਆ ਸੀ ।
- ਨਹਿਰੂ ਦੇ ਦਿਨਾਂ ਵਿਚ ਸਿਖਿਆ, ਖਾਸਕਰ ਲੜਕੀਆਂ ਦੀ ਸਿਖਿਆ ਵਿਚ ਭਾਰੀ ਪ੍ਰਗਤੀ ਦਿਖਾਈ ਦਿਤੀ। 1951 ਅਤੇ 1961 ਦੇ ਵਿਚ ਸਕੂਲਾਂ ਵਿਚ ਵਿਦਿਆਰਥੀਆਂ ਦੀ ਸੰਖਿਆ ਦੋ ਗੁਣੀ ਅਤੇ ਵਿਦਿਆਰਥਣਾਂ ਦੀ ਸੰਖਿਆ ਤਿੰਨ ਗੁਣੀ ਹੋ ਗਈ। 1950-51 ਦੇ ਮੁਕ਼ਾਬਲੇ 1965-66 ਵਿਚ ਪਹਿਲੇ ਤੋਂ ਚੌਥੀ ਕਲਾਸ ਤਕ ਦੇ ਵਿਦਿਆਰਥੀਆਂ ਦੀ ਸੰਖਿਆ 1.37 ਕਰੋੜ ਤੋਂ ਵਧਕੇ 3.21 ਕਰੋੜ ਹੋ ਗਈ।
- ਆਜ਼ਾਦੀ ਦੇ ਦਿਨਾਂ ਵਿਚ ਸਿਰਫ 18 ਵਿਸ਼ਵਵਿਦਿਆਲਾ ਸੀ, ਜਦਕਿ ਕਰੀਬ 3 ਲਖ ਵਿਦਿਆਰਥੀ ਸੀ। 1964 ਤਕ ਵਿਸ਼ਵਵਿਦਿਆਲਾ ਦੀ ਸੰਖਿਆ 54 ਅਤੇ ਕਾਲਜਾਂ ਦੀ ਸੰਖਿਆ 2,500 ਹੋ ਗਈ। ਸਨਾਤਕ ਅਤੇ ਸਨਾਤਕੋਤਰ ਵਿਦਿਆਰਥੀਆਂ ਦੀ ਸੰਖਿਆ 6.13 ਲਖ ਹੋ ਚੁਕੀ ਸੀ। ਵਿਦਿਆਰਥਣਾ ਦੀ ਸੰਖਿਆ ਛੇ ਗੁਣਾ ਵਧ ਕੇ ਕੁਲ ਵਿਦਿਆਰਥੀਆਂ ਦਾ 22 ਪ੍ਰਤੀਸ਼ਤ ਹੋ ਗਿਆ।
- ਪੇਂਡੂ ਖੇਤਰਾਂ ਦੇ ਵਿਕਾਸ ਦੇ ਲਈ ਦੋ ਵੱਡੇ ਪ੍ਰੋਗਰਾਮ ਸਾਮੁਦਾਇਕ ਵਿਕਾਸ ਪ੍ਰੋਗਰਾਮ ਅਤੇ ਪੰਚਾਇਤੀ ਰਾਜ, 1952 ਅਤੇ 1959 ਵਿਚ ਸ਼ੁਰੂ ਕੀਤੇ ਗਏ। ਇਹ ਪ੍ਰੋਗਰਾਮ ਪਿੰਡਾਂ ਵਿਚ ਕਲਿਆਣਕਾਰੀ ਰਾਜਾਂ ਦੀ ਨੀਂਹ ਪਾਉਣ ਵਾਲੇ ਸਨ। ਹਾਲਾਂਕਿ ਇਹ ਖੇਤੀ ਦੇ ਵਿਕਾਸ ਲਈ ਵੀ ਬਣਾਏ ਗਏ ਸਨ, ਪਰ ਇਨ੍ਹਾਂ ਵਿਚ ਮੁਖ ਤੌਰ ਤੇ ਕਲਿਆਣ ਦਾ ਉਦੇਸ਼ ਪੇਂਡੂ ਭਾਰਤ ਦਾ ਚੇਹਰਾ ਬਦਲਣਾ ਸੀ ਤਾਂਕਿ ਲੋਕਾਂ ਦਾ ਜੀਵਨ ਪੱਧਰ ਸੁਧਾਰਿਆ ਜਾ ਸਕੇ।
- ਸਾਮੁਦਾਇਕ ਵਿਕਾਸ ਪ੍ਰੋਗਰਾਮ ਸਮੀਤੀ ਪੱਧਰ ਤੇ 1952 ਵਿਚ ਸ਼ੁਰੂ ਕੀਤਾ ਗਿਆ, ਜਿਸ ਵਿਚ 55 ਵਿਕਾਸ ਪ੍ਰਖੰਡ ਚੁਣੇ ਗਏ। ਹਰੇਕ ਪ੍ਰਖੰਡ ਵਿਚ 100 ਪਿੰਡ ਅਤੇ ਕਰੀਬ 60 ਤੋਂ 70 ਹਜਾਰ ਦੀ ਆਬਾਦੀ ਸੀ।
- ਇਸ ਪ੍ਰੋਗਰਾਮ ਦੀ ਕਮਜ਼ੋਰੀ 1957 ਵਿਚ ਹੀ ਸਪਸ਼ਟ ਹੋ ਚੁਕੀ ਸੀ, ਜਦ ਬਲਵੰਤਰੀ ਮੇਹਤਾ ਸਮੀਤੀ ਨੂੰ ਇਸਦਾ ਮੁਲਾਂਕਣ ਕਰਨ ਦਾ ਕੰਮ ਦਿੱਤਾ ਗਿਆ। ਇਸ ਸਮੀਤੀ ਨੇ ਇਸ ਪ੍ਰੋਗਰਾਮ ਦੇ ਨੌਕਰਸ਼ਾਹੀ ਦੇ ਚੰਗੁਲ ਵਿਚ ਫਸਣ ਅਤੇ ਲੋਕਾਂ ਦੀ ਭਾਗੀਦਾਰੀ ਦੇ ਅਭਾਵ ਦੀ ਜਮ ਕੇ ਅਲੋਚਨਾ ਕੀਤੀ। ਇਸਦੇ ਇਲਾਜ ਲਈ ਸਮੀਤੀ ਨੇ ਇਹ ਸਿਫਾਰਿਸ਼ ਕੀਤੀ ਕਿ ਪੇਂਡੂ ਅਤੇ ਜ਼ਿਲਾ ਪੱਧਰੀ ਵਿਕਾਸ ਪ੍ਰਸ਼ਾਸਨ ਦਾ ਜਨਵਾਦੀ ਵਿਕੇਂਦ੍ਰੀਕਰਨ ਕੀਤਾ ਜਾਵੇ।
- ਇਹ ਨਵੀਂ ਵਿਵਸਥਾ ਪੰਚਾਇਤੀ ਰਾਜ ਦੇ ਨਾਮ ਨਾਲ ਜਾਣੀ ਗਈ ਅਤੇ ਵਿਭਿੰਨ ਰਾਜਾਂ ਵਿਚ 1959 ਵਿਚ ਲਾਗੂ ਕੀਤੀ ਜਾਣ ਲਗੀ। ਇਸ ਵਿਚ ਪ੍ਰਤੱਖ ਰੂਪ ਵਿਚ ਚੁਣੇ ਗਏ ਗ੍ਰਾਮ ਪੰਚਾਇਤ ਅਤੇ ਅਪ੍ਰਤੱਖ ਰੂਪ ਵਿਚ ਚੁਣੇ ਗਏ ਪ੍ਰਖੰਡ ਪੱਧਰੀ ਜ਼ਿਲਾ ਪਰਿਸ਼ਦ ਦੇ ਤਿੰਨ ਪੱਧਰ ਬਣਾਏ ਗਏ।
- ਇਹ ਬੜੇ ਸੁਭਾਗ ਦੀ ਗੱਲ ਸੀ ਕਿ ਆਜ਼ਾਦੀ ਤੋਂ ਬਾਅਦ ਅੱਗੇ ਵਿਕਾਸ ਦੇ ਸੰਬੰਧ ਵਿੱਚ ਦੇਸ਼ ਵਿੱਚ ਇੱਕ ਆਮ ਸਮਾਜਿਕ ਸਹਿਮਤੀ ਸੀ। ਉਦਾਹਰਣ ਦੇ ਲਈ ਗਾਂਧੀਵਾਦੀ, ਸੋਸ਼ਲਿਸਟ, ਪੂੰਜੀਪਤੀ ਅਤੇ ਕਮਿਊਨਿਸਟ (ਕੁਝ ਸੰਕਰੀਣਤਾਵਾਦੀ ਦੌਰਾਂ ਨੂੰ ਛੱਡ ਕੇ) ਨਿਮਨਲਿਖਿਤ ਏਜੰਡੇ ਤੇ ਕਰੀਬ ਕਰੀਬ ਸਹਿਮਤ ਸਨ;ਆਤਮ-ਨਿਰਭਰਤਾ ਤੇ ਆਧਾਰਿਤ ਆਰਥਿਕ ਵਿਕਾਸ ਦੀ ਬਹੁ-ਆਯਾਮੀ ਰਣਨੀਤੀ; ਮੂਲ ਉਦਯੋਗਾਂ ਸਹਿਤ ਆਯਾਤ ਦੇ ਵਿਕਲਪ ਵਿੱਚ ਤੇਜ਼ ਉਦਯੋਗਿਕੀਕਰਣ; ਸਾਮਰਾਜਵਾਦੀ ਅਤੇ ਵਿਦੇਸ਼ੀ ਪੂੰਜੀ ਦੇ ਪ੍ਰਭੁੱਤਵ ਉੱਤੇ ਰੋਕ; ਭੂਮੀ ਸੁਧਾਰ ਜਿਸ ਵਿੱਚ ਸ਼ਾਮਿਲ ਸਨ-ਜ਼ਮੀਦਾਰੀ ਉਨਮੂਲਨ, ਕਾਸ਼ਤਕਾਰੀ ਸੁਧਾਰ, ਸਹਿਕਾਰੀ ਸੰਸਥਾਵਾਂ ਦੀ ਸਥਾਪਨਾ, ਕਰਜ਼ਾ, ਵਿਕਰੀ ਆਦਿ ਦੇ ਲਈ ਸਹਿਕਾਰੀ ਸੇਵਾ ਸੰਸਥਾਵਾਂ, ਸਮਾਨ ਅਵਸਰ ਦੇ ਲਈ ਵਿਕਾਸ, ਅਰਥਾਤ ਗਰੀਬਾਂ ਅਤੇ ਕਲਿਆਣਕਾਰੀ ਕੰਮਾਂ ਤੱਕ ਵਿੱਚ ਸੁਧਾਰਵਾਦੀ ਵਿਕਾਸ ਮਾਡਲ; ਜਨ-ਜਾਤੀਆਂ ਅਤੇ ਆਦੀਵਾਸੀਆਂ ਜਿਹੇ ਸਭ ਤੋਂ ਪੀੜਿਤ ਤਬਕਿਆਂ ਲਈ ਕੁਝ ਅਵਧੀ ਦਾ ਸਕਾਰਾਤਮਕ ਆਰਕਸ਼ਣ; ਰਾਜ ਦੁਆਰਾ ਆਰਥਿਕ ਵਿਕਾਸ ਵਿੱਚ ਕੇਂਦਰੀ ਭੂਮਿਕਾ, ਵਿਸ਼ੇਸ਼ਕਰ ਸਾਰਵਜਨਿਕ ਖੇਤਰ ਦੇ ਜਰੀਏ ਉਤਪਾਦਨ ਪ੍ਰਕ੍ਰਿਆ ਵਿੱਚ ਹਿੱਸੇਦਾਰੀ ਆਦਿ।

ਨੋਟ

- **1938 ਵਿੱਚ ਨਿਯੋਜਿਤ ਆਰਥਿਕ ਵਿਕਾਸ ਦੇ ਸਭ ਤੋਂ ਵੱਡੇ ਪਹਿਲਕਰਤਾ ਜਵਾਹਰਲਾਲ ਨਹਿਰੂ ਦੀ ਅਗਵਾਈ ਵਿੱਚ ਰਾਸ਼ਟਰੀ ਯੋਜਨਾ ਕਮਿਸ਼ਨ (ਐਨ.ਪੀ.ਸੀ.) ਗਠਿਤ ਕੀਤੀ ਗਈ।** ਇਸ ਨੇ ਬਾਅਦ ਦੇ ਦਸ਼ਕ ਵਿੱਚ ਵਿਕਾਸ ਦੀ ਇੱਕ ਵਿਆਪਕ ਯੋਜਨਾ ਤਿਆਰ ਕੀਤੀ ਅਤੇ ਇਸ ਦੀਆਂ ਵਿਭਿੰਨ ਉਪਸਮਿਤੀਆਂ ਨੇ ਸੁਝਾਵਾਂ ਦੇ ਉੱਨਤੀ ਖੰਡ ਤਿਆਰ ਕੀਤੇ।
- ਅਖਿਲ ਭਾਰਤੀ ਕਾਂਗਰਸ ਕਮੇਟੀ ਦੁਆਰਾ ਸੰਸ਼ੋਧਿਤ 1931 ਦੇ ਕਾਂਗਰਸ ਦੇ ਕਰਾਚੀ ਪ੍ਰਸਤਾਵ ਵਿੱਚ ਕਿਹਾ ਗਿਆ ਕਿ 'ਰਾਜ ਪ੍ਰਮੁੱਖ ਉਦਯੋਗਾਂ, ਸੇਵਾਵਾਂ, ਖਣਿਜ ਸਰੋਤਾਂ, ਰੇਲਵੇ, ਜਲ-ਪਰਿਵਹਿਨ, ਜਹਾਜਰਾਣੀ ਅਤੇ ਦੂਜੇ ਯਾਤਾਯਾਤ ਸਾਧਨਾਂ ਤੇ ਨਿਯੰਤਰਣ ਰੱਖੇਗਾ।' ਨਹਿਰੂ ਅਤੇ ਐਨ.ਪੀ.ਸੀ. ਦੇ ਇਲਾਵਾ ਭਾਰਤੀ ਉੱਦਮਾਂ ਦੇ ਨੇਤਾ ਵੀ ਸਾਰਵਜਨਿਕ ਖੇਤਰ ਅਤੇ ਆਂਸ਼ਿਕ ਰਾਸ਼ਟਰੀਕਰਣ ਦੇ ਪੱਖਧਰ ਸਨ।
- 1947 ਵਿੱਚ ਨਹਿਰੂ ਦੀ ਅਗਵਾਈ ਵਿੱਚ ਅਖਿਲ ਭਾਰਤੀ ਕਾਂਗਰਸ ਕਮੇਟੀ ਨੇ ਇੱਕ ਆਰਥਿਕ ਪ੍ਰੋਗਰਾਮ ਸਮਿਤੀ ਗਠਿਤ ਕੀਤੀ। ਉਸਨੇ ਸਾਰਵਜਨਿਕ ਖੇਤਰ ਦੇ ਲਈ ਪ੍ਰਤੀਰੱਖਿਆ, ਪ੍ਰਮੁੱਖ ਉਦਯੋਗ ਅਤੇ ਜਨ-ਸੇਵਾਵਾਂ ਤੈਅ ਕੀਤੀਆਂ। ਇੰਨਾਂ ਹੀ ਨਹੀਂ, ਸਮਿਤੀ ਨੇ ਅੱਗੇ ਕਿਹਾ ਕਿ 'ਵਰਤਮਾਨ ਉੱਦਮਾਂ ਦੇ ਮਾਮਲੇ ਵਿੱਚ *ਨਿਜੀ ਤੋਂ ਸਾਰਵਜਨਿਕ ਸਵਾਮਿਤੱਵ ਵਿੱਚ ਹਸਤਾਂਤਰਣ ਪੰਜ ਸਾਲਾਂ ਬਾਅਦ ਸ਼ੁਰੂ ਹੋਵੇਗਾ।'*
- ਦਿਸੰਬਰ 1954 ਵਿੱਚ ਭਾਰਤੀ ਸੰਸਦ ਨੇ 'ਸਮਾਜ ਦੀ ਸਮਾਜਵਾਦੀ ਪ੍ਰਣਾਲੀ' ਨੂੰ ਆਪਣਾ ਸਮਾਜਿਕ ਅਤੇ ਆਰਥਿਕ ਉਦੇਸ਼ ਮੰਨਿਆ।
- ਯੋਜਨਾ ਕਮਿਸ਼ਨ ਨੇ ਇਸੇ ਵਿਚਾਰ ਨਾਲ ਕੰਮ ਸ਼ੁਰੂ ਕੀਤਾ। ਇਸ ਦੀ ਸਥਾਪਨਾ 15 ਮਾਰਚ 1950 ਨੂੰ ਹੋਈ ਸੀ। ਇਸ ਕੋਲ ਬੜੇ ਅਧਿਕਾਰ ਸਨ;ਇਸ ਵਿੱਚ ਕੋਈ ਸ਼ੱਕ ਨਹੀਂ; ਅਤੇ ਆਪ ਨਹਿਰੂ ਇਸ ਦੇ ਅਧਿਅਕਸ਼ ਬਣੇ। ਪ੍ਰਥਮ ਯੋਜਨਾ (1951–56) ਵਿੱਚ ਅਧੂਰੇ ਕੰਮ ਪੂਰੇ ਕਰਣ ਦਾ ਪ੍ਰਯਤਨ ਕੀਤਾ ਗਿਆ।
- ਦੂਜੀ ਯੋਜਨਾ (1956–61) ਵਿੱਚ ਪ੍ਰਸਿੱਧ ਨਹਿਰੂ-ਮਹਾਲਨੋਬਿਸ ਵਿਕਾਸ ਰਣਨੀਤੀ ਲਾਗੂ ਕੀਤੀ ਗਈ, ਜ਼ੋ ਤੀਜੀ ਯੋਜਨਾ (1961–66) ਵਿੱਚ ਵੀ ਜਾਰੀ ਰਹੀ।
- ਨਹਿਰੂ-ਮਹਾਲਨੋਬਿਸ ਰਣਨੀਤੀ ਦਾ ਇੱਕ ਹੋਰ ਮਹਤੱਵਪੂਰਣ ਅੰਗ ਵਿਕਾਸ ਅਤੇ ਸਮਾਨਤਾ ਤੇ ਜ਼ੋਰ ਸੀ। ਇਸ ਲਈ ਉਦਯੋਗ ਅਤੇ ਖੇਤੀ ਵਿੱਚ ਸੰਕੇਂਦਰਣ ਅਤੇ ਵਿਤਰਣ ਤੇ ਕਾਫੀ ਧਿਆਨ ਦਿੱਤਾ ਗਿਆ ਹਾਲਾਕਿ ਇਸ ਵਿੱਚ ਉਮੀਦੀ ਸਫਲਤਾ ਨਹੀਂ ਮਿਲੀ।
- **ਰਾਜ ਨਿਯੰਤਰਿਤ** ਸੁਨਿਯੋਜਿਤ ਵਿਕਾਸ, ਸਾਰਵਜਨਿਕ ਅਤੇ ਨਿਜੀ ਖੇਤਰਾਂ ਦੇ ਵਿੱਚ ਜ਼ਿੰਮੇਦਾਰੀ ਦਾ ਬੰਟਵਾਰਾ,ਇਜਾਰੇ ਦਾਰਾਂ ਅਤੇ ਸੰਕੇਂਦਰਣ ਦੇ ਵਿਕਾਸ ਤੇ ਰੋਕ, ਛੋਟੇ ਉਦਯੋਗਾਂ ਨੂੰ ਸੰਰੱਖਿਅਣ,ਖੇਤਰੀ ਸੰਤੁਲਨ ਬਣਾਏ ਰੱਖਣਾ, ਯੋਜਨਾਬੱਧ ਉਦੇਸ਼ਾਂ ਅਤੇ ਪ੍ਰਾਰਥਮਿਕਤਾਵਾ ਦੇ ਅਨੁਰੂਪ ਸਰੋਤਾਂ ਦਾ ਪ੍ਰਯੋਗ ਆਦਿ ਇਨਾਂ ਸਾਰੇ ਕੰਮਾਂ ਦੇ ਲਈ ਇੱਕ ਵਿਸਤ੍ਰਿਤ ਅਤੇ ਨਿਯੰਤਰਣਾਂ ਦੀ ਜਟਿਲ ਪ੍ਰਣਾਲੀ ਅਤ ਉਦਯੋਗਿਕ ਲਾਈਸੈਂਸਿੰਗ ਦੀ ਵਿਵਸਥਾ ਦੀ ਜ਼ਰੂਰਤ ਸੀ।
- ਭਾਰਤ ਦੇ ਲਈ ਵਿਸ਼ੇਸ਼ ਸ਼੍ਰੇਅ ਦੀ ਗੱਲ ਇਹ ਹੀ ਰਹੀ ਕਿ ਚੀਨ, ਜਾਪਾਨ, ਕੋਰੀਆ, ਤਾਈਵਾਨ, ਸੋਵਿਅਤ ਸੰਘ, ਬ੍ਰਿਟੇਨ ਆਦਿ ਜਿਹੇ ਅਧਿਕਤਰ ਹੋਰ ਦੇਸ਼ਾਂ ਦੇ ਉਲਟ ਉਸਨੇ ਭੂਮੀ ਸੁਧਾਰ ਅਤੇ ਵਿਕਾਸ ਆਧੁਨਿਕ ਜਨਤਾਂਤਰਿਕ ਢਾਂਚੇ ਅਤੇ ਨਾਗਰਿਕ ਅਧਿਕਾਰਾਂ ਦੀ ਪ੍ਰਣਾਲੀ ਦੇ ਤਹਿਤ ਹਾਸਿਲ ਕੀਤਾ।ਪ੍ਰੰਤੂ ਇਹ ਪ੍ਰਸ਼ੰਸਾਯੋਗ ਖੇਤੀ ਵਿਕਾਸ ਖੇਤੀ ਉਤਪਾਦ ਦੀ ਵਧਦੀ ਮੰਗ ਨੂੰ ਪੂਰਾ ਕਰਣ ਲਈ ਕਾਫੀ ਨਹੀਂ ਸੀ।
- 1991 ਤੋਂ ਦੇਸ਼ ਵਿੱਚ ਲਾਗੂ ਕੀਤੇ ਗਏ ਜ਼ਰੂਰੀ ਆਰਥਿਕ ਸੁਧਾਰਾਂ ਦੀ ਪ੍ਰਸ਼ੰਸਾ ਦੇ ਜ਼ੋਸ਼ ਵਿੱਚ ਵਿਸ਼ੇਸ਼ ਤੌਰ ਤੇ ਨਹਿਰੂ ਕਾਲ ਦੀਆਂ ਆਰਥਿਕ ਉਪਲਬਧੀਆਂ ਨੂੰ ਨੀਚਾ ਦਿਖਾਓਣਾ ਕੁਝ ਲੋਕਾਂ ਲਈ ਇੱਕ ਤਰਾਂ ਦਾ ਫੈਸ਼ਨ ਹੋ ਗਿਆ ਹੈ। ਅਦੂਰਦਰਸ਼ਿਤਾ ਅਤੇ ਅਇਤਿਹਾਸਿਕਤਾ ਦਾ ਇਸ ਤੋਂ ਵੱਡਾ ਉਦਾਹਰਣ ਹੋਰ ਕੋਈ ਨਹੀਂ ਹੋ ਸਕਦਾ। ਇਹ ਨਹਿਰੂਵਾਦੀ ਯੁਗ ਸੀ ਜਿਸਨੇ ਮੂਲ ਭੌਤਿਕ ਅਤੇ ਮਾਨਵ ਸੰਸਾਧਨਾਂ ਦਾ ਨਿਰਮਾਣ ਕੀਤਾ ਜੋ ਸੁਤੰਤਰ ਆਧੁਨਿਕ ਵਿਕਾਸ ਦੀਆਂ ਪੂਰਵ ਸ਼ਰਤਾਂ ਸਾਬਿਤ ਹੋਈਆਂ ।
- ਜਿਵੇਂ ਕਿ ਪ੍ਰਖਰ ਅਰਥਸ਼ਾਸਤਰੀ ਅਤੇ ਢਾਂਚਾਗਤ ਪੁਨਰਗਠਨ ਪ੍ਰੋਗਰਾਮ ਦੀ ਸ਼ੁਰੂਆਤ ਕਰਣ ਵਾਲੇ ਵਿੱਤਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ," ਜੇਕਰ 1960 ਵਿੱਚ ਤੁਸੀਂ ਕਿਸੇ ਤੋਂ ਵੀ ਪੁੱਛਦੇ ਕਿ 1996 ਜਾਂ 97 ਵਿੱਚ ਕਿਹੜਾ ਦੇਸ਼ ਦੁਨੀਆਂ ਦੇ ਸ਼ਿਖਰ ਤੇ ਹੋਵੇਗਾ, ਤਾਂ ਜਵਾਬ ਹੁੰਦਾ, ਭਾਰਤ।"

## 11.5 ਸ਼ਬਦਕੋਸ਼ (Keywords)

- ਸ਼ੀਤ ਯੁੱਧ-ਵਾਸਤਵਿਕ ਯੁੱਧ ਨਾ ਹੋ ਕੇ ਵਿਚਾਰਿਕ ਯੁੱਧ ਹੁੰਦਾ ਹੈ।
- ਗੁੱਟਨਿਰਪੱਖਤਾ-ਕਿਸੇ ਵੀ ਗੁੱਟ ਜਾਂ ਦਲ ਜਾਂ ਸੰਗਠਨ ਨਾਲ ਸੰਬੰਧਿਤ ਨਾ ਹੋਣਾ, ਪ੍ਰੰਤੂ ਓਹਨਾਂ ਦੀਆਂ ਗਤੀਵਿਧੀਆਂ ਉੱਤੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨਾ।

ਨੋਟ

## 11.6 ਅਭਿਆਸ ਪ੍ਰਸ਼ਨ (Review Questions)

1. ਭਾਰਤ ਦੀ ਸੰਸਦੀ ਵਿਵਸਥਾ ਦਾ ਵਰਣਨ ਕਰੋ।
2. ਧਰਮ ਨਿਰਪੱਖ ਜਨਵਾਦੀ ਗਣਤੰਤਰ ਤੋਂ ਤੁਸੀਂ ਕੀ ਸਮਝਦੇ ਹੋ? ਸਪਸ਼ਟ ਕਰੋ।
3. ਸਮਾਜਵਾਦੀ ਸਮਾਜ ਤੇ ਲਹਿਰੂ ਦਾ ਕੀ ਦਰਸ਼ਨ ਹੈ? ਵਿਸ਼ਲੇਸ਼ਣ ਕਰੋ।
4. ਰਾਜਨਿਯੰਤਰਿਤ ਉਦਯੋਗਿਕੀਕਰਣ ਅਤੇ ਯੋਜਨਾਵਾਂ ਤੇ ਪ੍ਰਕਾਸ਼ ਪਾਓ।

**ਉੱਤਰ : ਸਵ-ਮੁੱਲਾਂਕਣ (Answers: Self Assessment)**

1. (*a*) 2. (*c*) 3. (*d*) 4. (*b*)
5. (*b*)

## 11.7 ਸੰਦਰਭ ਪੁਸਤਕਾਂ (Further Readings)

ਬੁਕਸ

1. ਆਜ਼ਾਦੀ ਦੇ ਬਾਅਦ ਦਾ ਭਾਰਤ, ਵਿਪਿਨ ਚੰਦਰ, ਮ੍ਰਦੁਲਾ ਮੁਖਰਜੀ, ਆਦਿਤ ਮੁਖਰਜੀ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
2. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
3. ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗ੍ਰੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ

ਨੋਟ

# ਇਕਾਈ-12: ਚੀਨ ਦੇ ਨਾਲ ਸੀਮਾ ਵਿਵਾਦ ਅਤੇ ਚੀਨੀ ਆਕਰਾਮਕਤਾ (Border conflict with China and Chinese Agression)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
12.1 ਚੀਨ ਦੇ ਨਾਲ ਸੀਮਾ ਵਿਵਾਦ (Border Conflict with China)
12.2 ਚੀਨੀ ਆਕਰਾਮਕਤਾ ਅਤੇ ਚੀਨੀ ਹਮਲਾ (Chinese Aggression or Chinese Attack)
12.3 ਸਾਰ ਅੰਸ਼ (Summary)
12.4 ਸ਼ਬਦਕੋਸ਼ (Keywords)
12.5 ਅਭਿਆਸ-ਪ੍ਰਸ਼ਨ (Review Questions)
12.6 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਭਾਰਤ ਚੀਨ ਦੇ ਆਪਸੀ ਸੰਬੰਧਾਂ ਅਤੇ ਸੀਮਾ ਵਿਵਾਦ ਨੂੰ ਸਮਝਣ ਵਿੱਚ:

## ਜਾਣਕਾਰੀ (Introduction)

ਜਦੋਂ 1950 ਵਿੱਚ ਤਿੱਬਤ ਤੇ ਚੀਨ ਨੇ ਕਬਜ਼ਾ ਕਰ ਲਿਆ ਤਾਂ ਭਾਰਤ ਇਸ ਗੱਲ ਤੇ ਨਾਰਾਜ਼ ਹੋ ਗਿਆ ਕਿ ਵੁਸ ਨੂੰ ਵਿਸ਼ਵਾਸ ਵਿੱਚ ਨਹੀਂ ਲਿਆ ਗਿਆ। ਪ੍ਰੰਤੂ ਭਾਰਤ ਨੇ ਤਿੱਬਤ ਉੱਤੇ ਚੀਨ ਦੇ ਅਧਿਕਾਰ ਤੇ ਇਤਰਾਜ਼ ਨਹੀਂ ਕੀਤਾ ਕਿਉਂਕਿ ਇਤਿਹਾਸ ਵਿ!ਚ ਕਹੀ ਵਾਰ ਤਿੱਬਤ ਚੀਨ ਦ ਅੰਗ ਰਹਿ ਚੁਕਾ ਹੇ। 1954 ਵਿੱਚ ਪਾਰਤ ਅਤੇ ਚੀਲ ਲੇ ਇੱਕ ਸੰਧੀ ਤੇ ਹਸਤਾਖਰ ਕੀਤੇ , ਜਿਸਦੇ ਅਨੁਸਾਰ ਭਾਰਤ ਨੇ ਤਿੱਬਤ ਉੱਤੇ ਚੀਨ ਦੇ ਅਧਿਕਾਰ ਨੂੰ ਸਵੀਕਾਰ ਕਰ ਲਿਆ। ਦੋਵੇਂ ਦੇਸ਼ਾਂ ਨੇ ਪੰਚਸ਼ੀਲ ਦੇ ਆਧਾਰ ਤੇ ਆਪਸੀ ਸੰਬੰਧ ਨਿਯਮਿਤ ਕਰਨਾ ਤੈਅ ਕੀਤਾ। ਸੀਮਾ ਤੈਅ ਕਰਣ ਸੰਬੰਧੀ ਮਤਭੇਦਾਂ ਤੇ ਵਿਚਾਰ ਕੀਤਾ ਗਿਆ। ਪ੍ਰੰਤੂ ਚੀਨ ਦਾ ਕਹਿਣਾ ਸੀ ਕਿ ਉਸਨੇ ਅਜੇ ਪੁਰਾਣੇ ਕੁਓਮਿਲਾਂਗ ਲਕਸ਼ਿਆਂ ਦਾ ਅਧਿਯਯਨ ਲਹੀਂ ਕੀਤਾ ਹੈ, ਅਤੇ ਇਸ ਤੇ ਬਾਅਦ ਵਿੱਚ ਵਿਚਾਰ ਕੀਤਾ ਜਾ ਸਕਦਾ ਹੈ।

## 12.1 ਚੀਨ ਦੇ ਨਾਲ ਸੀਮਾ ਵਿਵਾਦ (Border conflict with China)

ਭਾਰਤ ਨੇ ਸ਼ੁਰੂ ਤੋਂ ਹੀ ਚੀਨ ਨਾਲ ਮਿੱਤਰਤਾ ਦੀ ਨੀਤੀ ਅਪਣਾਈ। ਸਾਮਰਾਜ ਦੇ ਵਿਰੁੱਧ ਚੀਨ ਦੇ ਸੰਘਰਸ਼ ਦੇ ਪ੍ਰਤੀ ਕਾਂਗਰਸ ਸਹਾਨੂੰਭੂਤੀ ਰੱਖਦੀ ਸੀ। ਇਸ ਨੇ 30ਦੇ ਦਸ਼ਕ ਵਿੱਚ ਇੱਕ ਮੈਡੀਕਲ ਮਿਸ਼ਨ ਚੀਨ ਭੇਜਿਆ ਸੀ। ਨਾਲ ਹੀ ਚੀਨ ਉੱਤੇ ਜਾਪਾਨ ਦੇ ਕਬਜ਼ਾ ਕਰਣ ਦੇ ਖਿਲਾਫ ਜਾਪਾਨੀ ਵਸਤੂਆਂ ਦੇ ਬਹਿਸ਼ਕਾਰ ਦਾ ਨਾਰਾ ਵੀ ਦਿੱਤਾ ਸੀ। ਚੀਨੀ ਜਨ-ਗਣਤੰਤਰ ਨੂੰ 1 ਜਨਵਰੀ, 1950 ਨੂੰ ਮਾਨਤਾ ਦੇਣ ਵਾਲਾ ਭਾਰਤ ਪਹਿਲਾ ਦੇਸ਼ ਸੀ। ਨਹਿਰੂ ਨੂੰ ਬੜੀਆਂ ਆਸ਼ਾਵਾਂ ਸਨ ਕਿ ਔਪਨਿਵੇਸ਼ ਤਾਕਤਾਂ ਦੇ ਹੱਥੋਂ ਉਤਪੀੜਨ ਦਾ ਸਮਾਨ ਅਨੁਭਵ ਰੱਖਣ ਵਾਲੇ ਅਤੇ ਗਰੀਬੀ ਅਤੇ ਨਿਮਨ ਵਿਕਾਸ ਦੀ ਸਮਾਨ ਸਮੱਸਿਆਵਾਂ ਵਾਲ਼ੇ ਇਹ ਦੋਵੇਂ ਦੇਸ਼ ਮਿਲ ਕੇ ਏਸ਼ੀਆ ਨੂੰ ਵਿਸ਼ਵ ਵਿੱਚ ਆਪਣਾ ਉਚਿਤ ਸਥਾਨ ਦਿਲਵਾਉਣਗੇ। ਨਹਿਰੂ ਨੇ ਸੁਰੱਖਿਆ ਪਰਿਸ਼ਦ ਵਿੱਚ ਕਮਿਊਨਿਸਟ ਚੀਨ ਨੂੰ ਉਚਿਤ ਸਥਾਨ ਦਿਲਵਾਓਣ ਤੇ ਜ਼ੋਰ ਦਿੱਤਾ, ਓਹਨਾਂ ਨੇ ਕੋਰਿਆਈ ਯੁੱਧ ਵਿੱਚ ਅਮਰੀਕੀ ਸਥਿਤੀ ਦਾ ਸਮਰਥਨ ਨਹੀਂ ਕੀਤਾ, ਅਤੇ ਕੋਰੀਆ ਨਾਲ ਸਮਝੌਤਾ ਕਰਵਾਓਣ ਦੀ ਪੂਰੀ ਕੋਸ਼ਿਸ਼ ਕੀਤੀ।

ਚੀਨ ਨਾਲ ਸੰਬੰਧ ਗਹਿਰੇ ਬਣੇ ਰਹਿਣ, ਇਸ ਲਈ ਨਹਿਰੂ ਨੇ ਚੀਨ ਅਤੇ ਚਾਊ ਐਨ.-ਲਾਈ ਦੀ ਬੋਡੁੰਗ ਸੰਮੇਲਨ ਵਿੱਚ ਬੜੀ ਪ੍ਰਸ਼ੰਸਾ ਕੀਤੀ। ਪ੍ਰੰਤੂ 1959 ਵਿੱਚ ਤਿੱਬਤ ਵਿੱਚ ਬੜਾ ਵਿਦਰੋਹ ਹੋਇਆ ਅਤੇ ਦਲਾਈ ਲਾਮਾ ਆਪਣੇ ਹਜ਼ਾਰਾਂ ਅਨੁਯਾਈਆਂ ਨਾਲ

ਤਿੱਬਤ ਤੋਂ ਭੱਜ ਨਿੱਕਲੇ। ਓਹਨਾਂ ਨੂੰ ਭਾਰਤ ਵਿੱਚ ਸ਼ਰਣ ਜ਼ਰੂਰ ਦਿੱਤੀ ਗਈ, ਪ੍ਰੰਤੂ ਨਿਰਵਾਸਣ ਵਿੱਚ ਸਰਕਾਰ ਬਣਾਓਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਅਤੇ ਨਾ ਹੀ ਰਾਜਨੀਤਿਕ ਗਤੀਵਿਧੀਆਂ ਦੀ ਇਜਾਜ਼ਤ ਦਿੱਤੀ ਗਈ। ਫਿਰ ਵੀ ਚੀਨ ਨਾਖ਼ੁਸ਼ ਸੀ। ਇਸਦੇ ਤੁਰੰਤ ਬਾਅਦ, ਅਕਤੂਬਰ 1959 ਵਿੱਚ ਚੀਨੀਆਂ ਨੇ ਲੱਦਾਖ ਵਿੱਚ ਕੋਂਗਰਾ ਦੱਰੇ ਵਿੱਚ ਭਾਰਤੀ ਸੁਰੱਖਿਆ ਦਲ ਤੇ ਗੋਲੀਆਂ ਚਲਾਈਆਂ, ਜਿਸ ਵਿੱਚ 5 ਭਾਰਤੀ ਪੁਲਿਸ ਵਾਲੇ ਮਾਰੇ ਗਏ ਅਤੇ ਇੱਕ ਦਰਜਨ ਗ੍ਰਿਫਤਾਰ ਕਰ ਲਏ ਗਏ। ਦੋਹਾਂ ਸਰਕਾਰਾਂ ਵਿੱਚ ਚਿੱਠੀਆਂ ਦਾ ਆਦਾਨ-ਪ੍ਰਦਾਨ ਹੋਇਆ, ਪ੍ਰੰਤੂ ਕੋਈ ਹਲ ਨਹੀਂ ਨਿੱਕਲਿਆ। ਫਿਰ ਚਾਊ ਐਨ.-ਲਾਈ ਨੂੰ ਗੱਲਬਾਤ ਲਈ ਅਪ੍ਰੈਲ 1960 ਵਿੱਚ ਦਿੱਲੀ ਬੁਲਾਇਆ ਗਿਆ ਪ੍ਰੰਤੂ ਕੋਈ ਵਿਸ਼ੇਸ਼ ਨਤੀਜਾ ਨਹੀਂ ਨਿੱਕਲਿਆ। ਇਸ ਲਹੀ ਇਹ ਤੈਅ ਕੀਤਾ ਗਿਆ ਕਿ ਅਫਸਰਾਂ ਨੂੰ ਪਹਿਲਾਂ ਵਿਸਤਾਰ ਵਿੱਚ ਗੱਲ ਤੈਅ ਕਰਣ ਦਿੱਤੀ ਜਾਵੇ।

## 12.2 ਚੀਨੀ ਆਕਰਾਮਕਤਾ ਅਤੇ ਚੀਨੀ ਹਮਲਾ

8 ਸਿਤੰਬਰ, 1962 ਨੂੰ ਚੀਨੀ ਫੌਜਾਂ ਨੇ ਥਾਗਲਾ ਪਹਾੜੀ ਉੱਤੇ ਹਮਲਾ ਕਰ ਕੇ ਭਾਰਤੀ ਫੌਜਾਂ ਨੂੰ ਹਰਾ ਦਿੱਤਾ, ਪ੍ਰੰਤੂ ਇਸ ਨੂੰ ਇੱਕ ਛੋਟੀ ਘਟਨਾ ਮੰਨ ਕੇ ਛੱਡ ਦਿੱਤਾ ਗਿਆ। ਨਹਿਰੂ ਇੱਕ ਸੰਮੇਲਨ ਲਈ ਲੰਦਨ ਚਲੇ ਗਏ, ਅਤੇ ਦੇਸ਼ ਵਾਪਿਸ ਆਓਣ ਤੋਂ ਬਾਅਦ 12 ਅਕਤੂਬਰ ਨੂੰ ਕੋਲੰਬੋ ਰਵਾਨਾ ਹੋ ਗਏ। ਇੱਕ ਹਫਤੇ ਬਾਅਦ ਚੀਨੀ ਫੌਜ ਨੇ ਬੜੇ ਪੈਮਾਨੇ ਤੇ ਹਮਲਾ ਬੋਲ ਦਿੱਤਾ ਅਤੇ ਪੂਰਬੀ ਸੈਕਟਰ ਨੇਫਾ ਜਿਸ ਨੂੰ ਬਾਅਦ ਵਿੱਚ ਅਰੂਣਾਚਲ ਪ੍ਰਦੇਸ਼ ਕਿਹਾ ਜਾਣ ਲੱਗਾ, ਵਿੱਚ ਭਾਰਤੀ ਚੌਕੀਆਂ ਉੱਤੇ ਕਬਜਾ ਕਰ ਲਿਆ। ਨੇਫਾ ਦਾ ਭਾਰਤੀ ਕਮਾਂਡਰ ਬਿਨਾਂ ਕਿਸੇ ਪ੍ਰਤੀਰੋਧ ਦੇ ਬਚ ਲਿਕਲਿਆ ਅਤੇ ਚੀਨੀਆਂ ਦੇ ਪ੍ਰਵੇਸ਼ ਲਈ ਰਸਤਾ ਖੁੱਲਾ ਛੱਡ ਦਿੱਤਾ। ਪੱਛਮੀ ਮੋਰਚੇ ਉੱਤੇ 20 ਅਕਤੂਬਰ ਨੂੰ ਚੀਨੀਆਂ ਨੇ ਗਲਵਾਨ ਘਾਟੀ ਵਿੱਚ 13 ਸੀਮਾਵਰਤੀ ਚੌਕੀਆਂ ਉੱਤੇ ਕਬਜ਼ਾ ਕਰ ਲਿਆ। ਚੁਸ਼ੂਲ ਹਵਾਈ ਪੱਟੀ ਉੱਤੇ ਖਤਰਾ ਵਧ ਗਿਆ। ਸਾਰੇ ਦੇਸ਼ ਵਿੱਚ ਗੁੱਸੇ ਦੀ ਲਹਿਰ ਦੌੜ ਗਈ ਅਤੇ ਚੀਨੀਆਂ ਦੇ ਇਰਾਦਿਆਂ ਉੱਤੇ ਪ੍ਰਸ਼ਨ ਚਿੰਨ ਲੱਗ ਗਿਆ। ਸਾਰੇ ਸੋਚਣ ਲੱਗੇ ਕਿ ਚੀਨੀ ਮੈਦਾਨ ਵਿੱਚ ਅਸਾਮ ਉੱਤੇ ਕਬਜ਼ਾ ਕਰ ਲੈਣਗੇ ਅਤੇ ਸ਼ਾਇਦ ਦੂਜੇ ਖੇਤਰਾਂ ਤੇ ਵੀ ਕਬਜ਼ਾ ਕਰ ਲੈਣ। ਨਹਿਰੂ ਨੇ ਰਾਸ਼ਟਰਪਤੀ ਕੈਨੇਡੀ ਨੂੰ 9 ਨਵੰਬਰ ਨੂੰ ਦੋ ਖਤ ਲਿਖੇ। ਓਹਨਾ ਵਿੱਚ ਚਹਨਾਂ ਨੇ ਹਾਲਾਤਾਂ ਨੂੰ 'ਸੰਕਟਗ੍ਰਸਤ' ਦੱਸਿਆ ਅਤੇ ਵਿਆਪਕ ਸੈਨਿਕ ਸਹਾਇਤਾ ਦੀ ਮੰਗ ਕੀਤੀ। ਓਹਨਾਂ ਨੇ ਬ੍ਰਿਟੇਨ ਤੋਂ ਵੀ ਮਦਦ ਮੰਗੀ। 24 ਘੰਟੇ ਬਾਅਦ ਚੀਨੀਆਂ ਨੇ ਵਾਪਿਸ ਜਾਣ ਦੀ ਇੱਕਤਰਫਾ ਘੋਸ਼ਣਾ ਕੀਤੀ। ਚੀਨੀ ਦੈਂਤ ਜਿੰਨੇ ਅਪ੍ਰਤਿਆਸ਼ਿਤ ਤਰੀਕੇ ਨਾਲ ਉਦੈ ਹੋਇਆ ਸੀ , ਓਸੇ ਤਰਾਂ ਲੁਪਤ ਵੀ ਹੋ ਗਿਆ। ਅਤੇ ਆਪਣੇ ਪਿੱਛੇ ਟੁੱਟੇ ਦਿਲ ਵਾਲ਼ਾ ਦੋਸਤ ਅਤੇ ਗਡਮਡ ਅਤੇ ਦਿਸ਼ਾਹੀਣ ਮਨੋਸਥਿਤੀ ਵਾਲੀ ਜਨਤਾ ਛੱਡ ਗਿਆ।

ਟਾਸਕ 'ਨੇਫਾ' ਤੋਂ ਤੁਸੀਂ ਕੀ ਸਮਝਦੇ ਹੋ?

**ਘਟਨਾਵਾਂ ਦੇ ਨਤੀਜੇ:** ਆਪਣੇ ਸਵਾਭਿਮਾਨ ਨੂੰ ਲੱਗੇ ਇਸ ਧੱਕੇ ਤੋਂ ਉਭੁਰਣ ਲਈ ਭਾਰਤ ਨੂੰ ਕਾਫੀ ਸਮਾਂ ਲੱਗਾ। ਸ਼ਾਇਦ ਬੰਗਲਾਦੇਸ਼ ਵਿੱਚ ਪਾਕਿਸਤਾਨ ਉੱਤੇ ਜਿੱਤ ਨੇ ਹੀ ਜਿਸ ਵਿੱਚ ਚੀਨ ਅਤੇ ਪਾਕਿਸਤਾਨ ਦਾ ਸਮਰਥਨ ਕਰ ਰਹੇ ਸਨ, ਭਾਰਤ ਨੂੰ ਆਪਣਾ ਆਤਮ-ਸੰਮਾਨ ਵਾਪਿਸ ਕਰਣ ਵਿੱਚ ਮਦਦ ਕੀਤੀ। ਨਹਿਰੂ ਇਸ ਚੋਟ ਤੋਂ ਕਦੇ ਵੀ ਪੂਰੀ ਤਰਾਂ ਉੱਭਰ ਨਹੀਂ ਸਕੇ। ਸ਼ਾਇਦ ਮਈ 1964 ਵਿੱਚ ਓਹਨਾਂ ਦੀ ਮੌਤ ਪਿੱਛੇ ਵੀ ਇਹ ਵੀ ਇੱਕ ਕਾਰਣ ਸੀ। ਸਭ ਤੋਂ ਬੁਰੀ ਗੱਲ ਇਹ ਸੀ ਕਿ ਆਪਣੇ ਮਹਾਨ ਕਾਰਜ-ਜੀਵਨ ਦੇ ਚਰਮ ਸ਼ਿਖਰ ਤੇ ਓਹਨਾਂ ਨੂੰ ਰਾਜਨੀਤਿਕ ਵਿਰੋਧੀਆਂ ਦੇ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਜੋ ਪਹਿਲਾਂ ਏਨੀ ਹਿੰਮਤ ਵੀ ਨਹੀਂ ਕਰ ਸਕਦੇ ਸਨ । ਓਹਨਾਂ ਨੂੰ ਕ੍ਰਿਬਨ ਮੇਨਨ ਦਾ ਬਲਿਦਾਨ ਦੇਣਾ ਪਿਆ ਜੋ ਓਹਨਾਂ ਦੇ ਲੰਬੇ ਕਾਲ ਤੱਕ ਸਹਿਯੋਗੀ ਰਹੇ ਸਨ ਅਤੇ ਬਾਅਦ ਵਿੱਚ ਰੱਖਿਆ ਮੰਤਰੀ ਵੀ। ਜਿਸ ਗੁੱਟ ਨਿਰਪੇਖਤਾ ਨੂੰ ਓਹਨਾਂ ਨੇ ਏਨੀ ਸਾਵਧਾਨੀ ਨਾਲ ਸਹੇਜ ਕੇ ਰੱਖਿਆ ਸੀ ਉਸ ਉੱਤੇ ਆਪਣੇ ਹੀ ਮਿੱਤਰ ਦੇ ਹਮਲਿਆਂ ਦੁਆਰਾ ਖਤਰਾ ਪੈਦਾ ਹੋ ਗਿਆ ਸੀ। ਚਿੰਤਾ ਦੀ ਗੱਲ ਇਹ ਸੀ ਕਿ ਇਸ ਉੱਤੇ ਇੱਕ ਸਮਾਜਵਾਦੀ ਦੇਸ਼ ਨੇ ਹਮਲਾ ਕੀਤਾ ਸੀ, ਨਾ ਕਿ ਪੂੰਜੀਵਾਦੀ ਦੇਸ਼ ਨੇ। ਦੱਖਣਪੰਥੀ ਤਾਕਤਾਂ ਅਤੇ ਪੱਛਮ-ਸਮਰਥਕ ਤੱਤਾਂ ਨੇ ਖੁੱਲਕੇ ਨਹਿਰੂ ਦੀ ਆਲੋਚਨਾ ਕੀਤੀ। ਇਸ ਮੌਕੇ ਦਾ ਫਾਇਦਾ ਉਠਾ ਕੇ ਓਹਨਾਂ ਨੇ ਭੂਮੀ ਹੱਦਬੰਧੀ ਕਾਨੂੰਨ ਸੰਬੰਧੀ ਇੱਕ ਸੰਵਿਧਾਨਿਕ ਸੰਸ਼ੋਧਨ ਰੋਕ ਦਿੱਤਾ। ਤੀਜੀ ਯੋਜਨਾ ਉੱਤੇ ਬੁਰਾ ਪ੍ਰਭਾਵ ਪਿਆ ਅਤੇ ਸੰਸਾਧਨਾਂ ਨੂੰ ਪ੍ਰਤੀਰੱਖਿਆ ਵੱਲ ਮੋੜਿਆ ਗਿਆ। ਫਲਸਰੂਪ ਕਾਂਗਰਸ ਤਿੰਨ ਸੰਸਦੀ ਉਪਚੁਨਾਵਾਂ ਵਿੱਚ ਲਗਾਤਾਰ ਹਾਰ ਗਈ।

ਕੀ ਤੁਸੀਂ ਜਾਣਦੇ ਹੋ ਅਗਸਤ 1963 ਵਿੱਚ ਨਹਿਰੂ ਨੂੰ ਆਪਣੇ ਜੀਵਨ ਵਿੱਚ ਪਹਿਲੀ ਵਾਰ ਅਵਿਸ਼ਵਾਸ ਪ੍ਰਸਤਾਵ ਦਾ ਸਾਹਮਣਾ ਕਰਨਾ ਪਿਆ।

ਨੋਟ

ਦੂਜੇ ਦੇਸ਼ਾਂ ਨਾਲ ਭਾਰਤ ਦੇ ਸੰਬੰਧਾਂ ਤੇ ਵੀ ਚੀਨੀ ਹਮਲੇ ਦਾ ਅਸਰ ਪਿਆ।ਵਿਦੇਸ਼ ਨੀਤੀ ਉੱਤੇ 'ਚੀਨੀ ਕਾਰਕ' ਦੀ ਛਾਂ ਪੈ ਗਈ। ਇਸ ਸੰਕਟ ਵਿੱਚ ਅਮਰੀਕਾ ਅਤੇ ਇੰਗਲੈਂਡ ਨੇ ਸਕਾਰਾਤਮਕ ਰੁਖ ਅਪਣਾਇਆ ਸੀ।ਇਸ ਤੋਂ ਓਹਨਾਂ ਨੂੰ ਆਸਾਨੀ ਨਾਲ ਦੂਰ ਨਹੀਂ ਰੱਖਿਆ ਜਾ ਸਕਦਾ ਸੀ।ਪ੍ਰੰਤੂ ਆਪਣੇ ਚਰਿੱਤਰ ਦੇ ਅਨੁਰੂਪ ਓਹਨਾਂ ਨੇ ਪਾਕਿਸਤਾਨ ਦੇ ਕਹਿਣ ਤੇ ਭਾਰਤ ਦੀ ਕਮਜ਼ੋਰੀ ਦਾ ਲਾਭ ਉਠਾ ਕੇ ਉਸ ਤੋਂ ਕਸ਼ਮੀਰ ਦੇ ਪ੍ਰਸ਼ਨ ਉੱਤੇ ਆਤਮਸਮਰਪਣ ਕਰਣ ਉੱਤੇ ਜ਼ੋਰ ਦਿੱਤਾ।ਇਸ ਸੰਦਰਭ ਵਿੱਚ ਓਹਨਾਂ ਨੇ ਸੈਨਿਕ ਸਹਾਇਤਾ ਪ੍ਰਯੋਗ ਕਰਣ ਦਾ ਵੀ ਸੰਕੇਤ ਦਿੱਤਾ।

ਪ੍ਰੰਤੂ ਨਹਿਰੂ ਕਿਸੇ ਤਰਾਂ ਇਸ ਦਬਾਵ ਦਾ ਸਾਹਮਣਾ ਕਰਣ ਵਿੱਚ ਸਫਲ ਰਹੇ।ਇਹ ਦੇਸ਼ ਗੁੱਟ ਨਿਰਪੇਖਤਾ ਦਾ ਤਿਆਗ ਕਰਣ ਦੇ ਬਦਲੇ ਭਾਰੀ ਮਦਦ ਦੇਣ ਨੂੰ ਵੀ ਤਿਆਰ ਨਹੀਂ ਸਨ।ਇਸ ਸੰਬੰਧ ਵਿੱਚ 6 ਕਰੋੜ ਤੋਂ 12 ਕਰੋੜ ਦੀ 'ਵਿਸ਼ਾਲ' ਰਾਸ਼ੀ ਦੀ ਗੱਲ ਕੀਤੀ ਜਾ ਰਹੀ ਸੀ।ਪ੍ਰੰਤੂ ਅਮਰੀਕੀ ਪ੍ਰਭਾਵ ਵਿੱਚ ਕਾਫੀ ਵਾਧਾ ਹੋਇਆ, ਵਿਸ਼ੇਸ਼ਕਰ ਸੈਨਿਕ ਮਾਮਲਿਆਂ ਵਿੱਚ।ਚੀਨੀ ਖਤਰੇ ਦੇ ਨਾਂ ਤੇ ਅਮਰੀਕੀ ਖੁਫੀਆ ਏਜੰਸੀਆਂ ਨੇ ਸੰਪਰਕ ਸਥਾਪਿਤ ਕੀਤੇ।ਓਹਨਾਂ ਨੇ ਹਿਮਾਲਿਆ ਵਿੱਚ ਚੀਨੀ ਸੈਨਿਕ ਗਤੀਵਿਧੀਆਂ ਉੱਤੇ ਨਜਰ ਰੱਖਣ ਲਈ ਇੱਕ ਨਿਊਕਲੀਅਰ ਯੰਤਰ ਵੀ ਸਥਾਪਿਤ ਕੀਤਾ।ਨਹਿਰੂ ਨੇ ਚਤੁਰਾਈ ਨਾਲ ਇਸ ਦਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ।ਓਹਨਾਂ ਨੇ ਸੋਵੀਅਤਾਂ ਨਾਲ ਸੈਨਿਕ ਸਮਝੌਤੇ ਕਰਨੇ ਜਾਰੀ ਰੱਖੇ । ਅਮਰੀਕਾ ਦੇ ਮੁਕਾਬਲੇ ਸੋਵੀਅਤ ਲੰਬੀ ਅਵਧੀ ਦੀ ਸੈਨਿਕ ਸਹਾਇਤਾ ਦੇਣ ਲਈ ਜ਼ਿਆਦਾ ਤਿਆਰ ਸਨ।ਅਮਰੀਕਾ ਨੇ ਛੋਟੀ ਰਾਸ਼ੀਆਂ ਲਈ ਅਸੰਭਵ ਸ਼ਰਤਾਂ ਪੇਸ਼ ਕੀਤੀਆਂ।ਪਾਕਿਸਤਾਨ ਚੀਨ ਵੱਲ ਝੁਕਣ ਲੱਗਾ, ਅਤੇ ਇਹ ਸੋਚ ਕੇ ਭਾਰਤ ਸੱਚਮੁੱਚ ਕਮਜ਼ੋਰ ਹੋ ਗਿਆ ਹੈ, ਉਸਨੇ 1965 ਦਾ ਯੁੱਧ ਛੇੜ ਦਿੱਤਾ।

ਹਮਲੇ ਦੇ ਦੌਰਾਨ ਅਤੇ ਬਾਅਦ ਵਿੱਚ ਪ੍ਰੇਮ ਅਤੇ ਵਿਦਵਾਨਾਂ ਦੇ ਲੇਖਾਂ ਵਿੱਚ ਚੀਨੀ ਘਟਨਾਕ੍ਰਮ ਦੇ ਵਿੱਚ ਹਾਰ ਦੇ ਲਈ ਨਹਿਰੂ ਨੂੰ ਜ਼ਿੰਮੇਦਾਰ ਠਹਿਰਾਓਣ ਦੀ ਕੋਸ਼ਿਸ਼ ਕੀਤੀ।ਕੁਝ ਲੋਕ ਓਹਨਾਂ ਨੂੰ ਨਿਰਾ ਮੂਰਖ ਮੰਨਦੇ ਸਨ ਜੋ ਭਾਵਨਾਵਾਂ ਵਿੱਚ ਅੰਨੇ ਹੋ ਗਏ ਸਨ, ਜੋ ਕਮਿਊਨਿਸਟ ਧੋਖਾਧੜੀ ਤੋਂ ਭਾਰਤੀ ਹਿੱਤਾਂ ਦੀ ਰੱਖਿਆ ਨਹੀਂ ਕਰ ਸਕੇ।ਇੱਕ ਹੋਰ ਵਿਚਾਰ ਨੇਵਿਲੇ ਮੈਸਵੇਲ ਦੁਆਰਾ ਇੰਡੀਅਨ ਚਾਈਨਾ ਵਾਰ ਵਿੱਚ ਪੇਸ਼ ਕੀਤਾ ਗਿਆ।ਇਸ ਵਿੱਚ ਨਹਿਰੂ ਨੂੰ ਹਠੀ ਰਾਸ਼ਟਰਵਾਦੀ ਦੇ ਰੂਪ ਵਿੱਚ ਪੇਸ਼ ਕੀਤਾ ਗਿਆ।ਇਸ ਦੇ ਅਨੁਸਾਰ ਓਹਨਾਂ ਉੱਤੇ ਅੰਨਰਾਸ਼ਟਰਵਾਦੀ ਦਬਾਵ ਪਿਆ।ਫਲਸਰੂਪ ਓਹਨਾ ਨੇ ਚੀਨੀਆਂ ਦੁਆਰਾ ਉਚਿਤ ਸ਼ਰਤਾਂ -ਸੀਮਾ ਵਿਵਾਦ ਹੱਲ ਕਰਣ ਵਾਲੀਆਂ ਸ਼ਰਤਾਂ - ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।ਇਸਦੇ ਵਿਪਰੀਤ ਓਹਨਾਂ ਨੇ 1959 ਤੋਂ ਅਜਿਹੀ 'ਆਕਰਾਮਕ ਨੀਤੀ' ਅਪਣਾਈ ਜਿਸ ਨੇ ਚੀਨੀਆਂ ਨੂੰ ਆਪਣੀ ਆਤਮ-ਰੱਖਿਆ ਵਿੱਚ ਹਮਲਾ ਕਰਣ ਤੇ ਮਜਬੂਰ ਕਰ ਦਿੱਤਾ।ਇਹ ਦੋਵੇਂ ਹੀ ਵਿਚਾਰ ਚੀਨ ਦੇ ਸੰਬੰਧ ਵਿੱਚ ਨਹਿਰੂ ਦੀ ਸਮਝ ਅਤੇ ਓਹਨਾ ਦੀ ਨੀਤੀ ਦੀ ਸੂਖਮਤਾ ਦੇ ਪ੍ਰਤੀ ਨਿਆਅ ਨਹੀਂ ਕਰਦੇ।

ਚੀਨੀ ਇਤਿਹਾਸ, ਕ੍ਰਾਂਤੀਆਂ ਦੇ ਇਤਿਹਾਸ ਅਤੇ ਰੂਸੀ ਕ੍ਰਾਂਤੀ ਦੀ ਨਹਿਰੂ ਦੀ ਸਮਝ ਨੇ ਓਹਨਾਂ ਵਿੱਚ ਇਹ ਵਿਸ਼ਵਾਸ ਪੈਦਾ ਕਰ ਦਿੱਤਾ ਕਿ ਚੀਨ ਨੂੰ ਅਲੱਗ ਅਲੱਗ ਕਰ ਕੇ ਇੱਕ ਪਾਸੇ ਖੜਾ ਨਹੀਂ ਕਰ ਦਿੱਤਾ ਜਾਣਾ ਚਾਹੀਦਾ, ਬਲਕਿ ਉਸਨੂੰ ਰਾਸ਼ਟਰਾਂ ਦੇ ਸਮੁਦਾਅ ਵਿੱਚ ਵਾਪਿਸ ਲਿਆ ਕੇ ਉਸਦੀ ਕ੍ਰਾਂਤੀ ਨੂੰ ਮਾਨਵਤਾਵਾਦੀ ਬਣਾਓਣਾ ਚਾਹੀਦਾ ਹੈ।ਓਹਨਾ ਨੇ ਕਿਹਾ, "ਅਸੀਂ ਇਤਿਹਾਸ ਦੇ ਅਨੁਭਵਾਂ ਤੋਂ ਜਾਣਦੇ ਹਾਂ ਕਿ ਇੱਕ ਮਜਬੂਤ ਚੀਨ ਆਮ ਤੌਰ ਤੇ ਇੱਕ ਵਿਸਤਾਰਵਾਦੀ ਚੀਨ ਰਿਹਾ ਹੈ।" ਪ੍ਰੰਤੂ ਓਹ ਚੀਨ ਦੇ ਨਾਲ ਕੋਈ ਟਕਰਾਵ ਪੈਦਾ ਨਹੀਂ ਕਰਨਾ ਚਾਹੁੰਦੇ ਸਨ ਕਿਓਂਕਿ ਇਹ ਦੋਵੇਂ ਦੇਸ਼ਾਂ ਲਈ ਉਸੇ ਪ੍ਰਕਾਰ ਵਿਨਾਸ਼ਕਾਰੀ ਹੁੰਦਾ ਜਿਵੇਂ ਕਿ ਫ਼੍ਰਾਂਸੀਸੀ-ਜਰਮਨ ਟਕਰਾਵ ਵਿੱਚ ਹੋਇਆ ਸੀ। 1962 ਦੇ ਹਮਲੇ ਤੋਂ ਪਹਿਲਾਂ ਓਹਨਾ ਨੇ 7 ਦਿਸੰਬਰ, 1961 ਨੂੰ ਲੋਕਸਭਾ ਵਿੱਚ ਕਿਹਾ ਸੀ -" ਇੱਕ ਦੇਸ਼ ਰੂਪੀ ਵਿਸ਼ਾਲ ਹਾਥੀ ਸਾਡੀ ਸੀਮਾ ਤੇ ਬੈਠਾ ਹੈ, ਅਤੇ ਇਸ ਵਾਸਤਵਿਕਤਾ ਦੀ ਅਸੀਂ ਉਪੇਖਿਆ ਨਹੀਂ ਕਰ ਸਕਦੇ।" ਓਹਨਾ ਨੇ ਅੱਗੇ ਕਿਹਾ ਕਿ ਚੀਨੀ ਕ੍ਰਾਂਤੀ ਦੇ ਤੁਰੰਤ ਬਾਅਦ ਹੀ ਓਹ "ਇਸ ਨਤੀਜੇ ਤੇ ਪਹੁੰਚ ਚੁਕੇ ਸਨ ਕਿ ਸਾਡੀ ਸੀਮਾ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਖਤਰਾ ਪੈਦਾ ਹੋਵੇਗਾ।" ਨਹਿਰੂ ਨੇ 3 ਦਿਸੰਬਰ, 1963 ਨੂੰ ਰਾਜ ਸਭਾ ਵਿੱਚ ਵਿਸਤ੍ਰਿਤ ਬਿਆਨ ਦਿੱਤਾ। ਇਸ ਵਿੱਚ ਓਹਨਾਂ ਨੇ ਸੈਨਾ ਉੱਤੇ ਬਹੁਤ ਅਧਿਕ ਖਰਚ ਨਾ ਕਰਣ ਅਤੇ ਆਪਣੀ ਹੀ ਤਾਕਤ ਉੱਤੇ ਰੱਖਿਆ ਦੇ ਲਈ ਭਰੋਸਾ ਕਰਣ ਤੇ ਜ਼ੋਰ ਦਿੱਤਾ।" ਜ਼ੋ ਦੇਸ਼ ਅੱਜ ਉਦਯੋਗੀਕ੍ਰਿਤ ਨਹੀਂ ਹੈ ਓਹ ਸੈਨਿਕ ਦ੍ਰਿਸ਼ਟੀ ਵਿੱਚ ਕਦੇ ਮਜ਼ਬੂਤ ਨਹੀਂ ਹੋ ਸਕਦਾ।" ਸਾਡੇ ਸਾਹਮਣੇ ਮੁੱਖ ਗੱਲ ਭਾਰਤ ਨੂੰ ਉਦਯਗਿਕ ਤੌਰ ਤੇ ਮਜ਼ਬੂਤ ਕਰਨਾ ਹੈ,ਨਾ ਕਿ ਸਤਹੀ ਤੌਰ ਤੇ ਕੋਈ ਪੁਰਾਣੀ ਬੰਦੂਕ ਜਾਂ ਬੇਕਾਰ ਪਏ ਜਹਾਜ ਨੂੰ ਲੈ ਕੇ।" ਪਾਕਿਸਤਾਨ ਦਾ ਪਹਿਲਾਂ ਤੋਂ ਹੀ ਦੁਸ਼ਮਣੀ ਭਰਿਆ ਰਵੱਈਆ ਸੀ। ਹੁਣ ਇੱਕ ਹੋਰ ਪੜੌਸੀ ਨੂੰ ਦੁਸ਼ਮਣ ਬਣਾਓਣਾ ਠੀਕ ਨਹੀਂ ਸੀ।ਦੋ ਮੋਰਚਿਆਂ ਤੇ ਯੁੱਧ ਦਾ ਮਤਲਬ ਸੀ, ਵਿਕਾਸ ਦਾ ਅੰਤ।ਇਸ ਲਈ ਟਕਰਾਵ ਜ਼ਰੂਰੀ ਹੋਣ ਤੇ ਵੀ, ਜਿੱਥੇ ਤੱਕ ਹੋ ਸਕੇ, ਟਾਲਿਆ ਜਾਣਾ ਚਾਹੀਦਾ ਹੈ।ਇਸ ਦੇ ਲਈ ਦੋਸਤਾਨਾ ਰੁਖ ਅਪਨਾਓਣਾ ਚਾਹੀਦਾ ਹੈ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਣ ਦਾ ਹੀ ਅਨੁਰੋਧ ਕਰਨਾ ਚਾਹੀਦਾ ਹੈ।ਉਦਾਹਰਣ ਲਈ ਚੀਨ ਨੂੰ ਸੰਯੁਕਤ ਰਾਸ਼ਟਰ ਸੰਘ ਵਿੱਚ ਸ਼ਾਮਿਲ ਕਰਵਾਓਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।"

ਨਹਿਰੂ ਸਮਝ ਚੁਕੇ ਸਨ ਕਿ ਚੀਨ ਦੁਆਰਾ ਤਿੱਬਤ ਉੱਤੇ ਕਬਜ਼ੇ ਦਾ ਅਰਥ ਸੀ ਲਗਾਤਾਰ ਝਗੜਿਆਂ ਵਾਲੀ ਸੀਮਾ ਦਾ ਹੋਣਾ।ਪ੍ਰੰਤੂ ਓਹ ਇਹ ਵੀ ਦੇਖ ਰਹੇ ਸਲ ਕਿ ਚੀਨ ਅਜੇ ਵਿਸਤਾਰਵਾਦ ਦੇ ਬਾਰੇ ਵਿੱਚ ਨਹੀਂ ਸੋਚ ਸਕਦਾ ਹੈ ਕਿਓਂਕਿ ਉਸ ਨੂੰ ਅਜੇ ਕਈ ਵੱਡੀਆਂ ਸਮੱਸਿਆਵਾਂ ਹੱਲ ਕਰਨੀਆਂ ਹਨ। ਤਿੱਬਤ ਵਿੱਚ ਵਿਦਰੋਹ ਅਤੇ ਦਲਾਈ ਲਾਮਾ ਦੇ ਆਗਮਨ ਅਤੇ ਸੀਮਾ ਤੇ ਝੜਪਾਂ ਤੋਂ ਬਾਅਦ ਚੀਨ ਨੂੰ ਧਮਕੀ ਦੇਣ ਨਾਲ ਕੀ ਫਾਇਦਾ?

ਨੋਟ

ਚੀਨੀਆਂ ਨੂੰ ਬੰਨੇ ਰੱਖਣ ਲਈ ਓਹਨਾਂ ਨੇ ਸੋਵੀਅਤਾਂ ਦੇ ਜ਼ਿਆਦਾ ਨਜ਼ਦੀਕ ਜਾਣ ਦੇ ਕਦਮ ਉਠਾਏ। ਓਹਨਾਂ ਨੇ ਕਦੇ ਇਹ ਨਹੀਂ ਮੰਨਿਆ ਕਿ ਕਮਿਊਨਿਸਟ ਚੀਨ ਅਤੇ ਕਮਿਊਨਿਸਟ ਸੋਵੀਅਤ ਸੰਘ ਕਦੇ ਇੱਕਠੇ ਹੋਣਗੇ, ਇਹ ਦੋਵੇਂ ਭਾਰਤੀ ਕਮਿਊਨਿਸਟਾਂ ਨਾਲ ਮਿਲਕੇ ਭਾਰਤੀ ਰਾਜ ਲਈ ਖਤਰਾ ਪੈਦਾ ਕਰਣਗੇ।ਓਹਨਾਂ ਨੂੰ ਇਹ ਵਿਸ਼ਵਾਸ ਨਹੀਂ ਸੀ ਕਿ ਚੀਨ ਸੋਵੀਅਤ ਦੇ ਹੱਥ ਦਾ ਪੁਤਲਾ ਸੀ, ਅਤੇ ਨਾ ਹੀ ਓਹ ਇਹ ਸਮਝਦੇ ਸਨ ਕਿ ਸੋਵੀਅਤ ਸੰਘ ਭਾਰਤੀ ਮਿੱਤਰਾਂ ਦੇ ਖਿਲਾਫ ਚੀਨੀ ਕਮਿਊਨਿਸਟ ਭਾਈਆਂ ਦੀ ਮਦਦ ਕਰੇਗਾ, ਜਿਵੇਂ ਕਿ ਭਾਰਤ ਵਿੱਚ ਕਈ ਲੋਕ ਸਮਝਦੇ ਸਨ।

ਹਮਲੇ ਦੀ ਵਿਸ਼ਾਲਤਾ ਨੂੰ ਵੇਖ ਕੇ ਨਹਿਰੂ ਨੂੰ ਬੜਾ ਧੱਕਾ ਲੱਗਾ। ਓਹਨਾਂ ਨੇ ਸੋਚਿਆ ਕਿ ਇਥੇ ਉੱਥੇ ਕੁਝ ਝਗੜੇ-ਟਕਰਾਵ ਹੋਣਗੇ, ਪ੍ਰੰਤੂ ਇੰਨੇ ਵੱਡੇ ਪੈਮਾਨੇ ਤੇ ਹਮਲਾ ਨਹੀਂ ਹੋਵੇਗਾ।ਹਮਲੇ ਦਾ ਸਰੂਪ ਸਮਝਣ ਵਿੱਚ ਓਹਨਾਂ ਨੇ ਭਾਰੀ ਗਲਤੀ ਕੀਤੀ ਨਾ ਕਿ ਵਿਦੇਸ਼ ਨੀਤੀ ਵਿੱਚ। ਇੱਕ ਹੋਰ ਗਲਤੀ ਘਬਰਾਹਟ ਵਿੱਚ ਅਮਰੀਕਾ ਅਤੇ ਬ੍ਰਿਟੇਨ ਤੋਂ ਮਦਦ ਦੀ ਅਪੀਲ ਸੀ, ਜਦੋਂ ਕਿ ਅਗਲੇ ਹੀ ਦਿਨ ਚੀਨ ਵਾਪਿਸ ਚਲਾ ਗਿਆ। ਪ੍ਰੈਸ, ਵਿਰੋਧੀ ਪਾਰਟੀਆ ਅਤੇ ਇੱਥੋਂ ਤਕ ਕਿ ਖੁਦ ਆਪਣੀ ਹੀ ਪਾਰਟੀ ਦੇ ਮੈਂਬਰਾਂ ਦੁਆਰਾ ਨਹਿਰੂ ਤੇ ਗੈਰਜ਼ਿੰਮੇਦਾਰਾਨਾ ਕਦਮ ਦਾ ਆਰੋਪ ਲਗਾਇਆ ਗਿਆ।ਯੁੱਧ ਭੂਮੀ ਵਿੱਚ ਹਾਰ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਗਹਿਰੀ ਹੋ ਗਈ ਕਿ ਚੀਨੀਆਂ ਦੀ ਬਜਾਇ ਆਪ ਨਹਿਰੂ ਹਮਲੇ ਦਾ ਨਿਸ਼ਾਨਾ ਬਣੇ।ਇਹ ਬੜੇ ਦੁਖ ਦੀ ਗੱਲ ਸੀ ਕਿ ਦੇਸ਼ ਨੇ ਬਹਾਦੁਰੀ ਨਾਲ ਵਿਰੋਧੀ ਦਾ ਸਾਹਮਣਾ ਕਰਣ ਅਤੇ ਆਪਣੇ ਨਿਰਵਿਵਾਦ ਨੇਤਾਵਾਂ ਵਿੱਚ ਆਸਥਾ ਰੱਖਣ ਵਿੱਚ ਅਸਮਰਥਤਾ ਦਾ ਪ੍ਰਦਰਸ਼ਨ ਕੀਤਾ। ਉਲਟੇ ਓਹ ਨਿਰਾਸ਼ਾ ਅਤੇ ਆਪਸੀ ਆਰੋਪ-ਪ੍ਰਤਿਆਰੋਪਣ ਵਿੱਚ ਫਸ ਗਿਆ।ਨਹਿਰੂ ਨੂੰ ਇਹ ਸ਼੍ਰੇਅ ਦਿੱਤਾ ਜਾਣਾ ਚਾਹੀਦਾ ਹੈ ਕਿ ਓਹਨਾਂ ਨੇ ਹਾਲਾਤਾਂ ਤੋਂ ਉੱਭਰਣ ਅਤੇ ਦੇਸ਼ ਨੂੰ ਰਸਤੇ ਤੇ ਲਿਆਓਣ ਦਾ ਪੂਰਾ ਪ੍ਰਯਤਨ ਕੀਤਾ।

ਅੱਜ ਅਧਿਕਤਰ ਟਿੱਪਣੀਕਾਰ ਸਵੀਕਾਰ ਕਰਦੇ ਹਨ ਕਿ 1962 ਵਿੱਚ ਚੀਨ ਦੇ ਹੱਥੋਂ ਭਾਰਤ ਦੀ ਹਾਰ ਚੀਨ ਦੇ ਨਾਲ ਦੋਸਤੀ ਵਿੱਚ ਨਹਿਰੂ ਦੀ ਬਚਕਾਨਾ ਅਵਸਥਾ ਅਤੇ ਯੂਰਪੀਆਈ ਸ਼ਾਂਤੀਵਾਦਤ ਵਿੱਚ ਓਹਨਾਂ ਦਾ ਵਿਸ਼ਵਾਸ ਅਤੇ ਇਹਨਾਂ ਦੇ ਫਲਸਰੂਪ ਭਾਰਤ ਦੀ ਪ੍ਰਤੀਰੱਖਿਆ ਕਮਜ਼ੋਰੀ ਦੇ ਕਾਰਣ ਨਹੀਂ ਹੋਈ। 1949-50 ਅਤੇ 1962 ਦੇ ਵਿੱਚ ਭਾਰਤੀ ਹਥਿਆਰਬੰਦ ਸੈਨਾ ਦੀ ਤਾਕਤ 2,80,000 ਤੋਂ ਦੁੱਗਣੀ ਹੋ ਕੇ 5,50,000 ਹੋ ਗਈ, ਅਤੇ 1947 ਦੇ ਭਾਰਤੀ ਵਾਯੂ ਸੈਨਾ ਦੇ 7 ਯੁੱਧ ਦਸਤਿਆਂ ਦੀ ਸੰਖਿਆ 1962 ਵਿੱਚ ਵਧ ਕੇ 19 ਹੋ ਗਈ। 1965 ਵਿੱਚ ਪਾਕਿਸਤਾਨ ਦੇ ਨਾਲ ਇਹਨਾਂ ਸਾਜੋ-ਸਾਮਾਨ ਨਾਲ ਹੀ ਲੜਾਈ ਹੋਈ ਸੀ ਅਤੇ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ।ਚੀਨ ਨਾਲ ਸੀਮਾ ਝੜਪਾਂ ਬਾਰੇ ਨਹਿਰੂ 1959 ਤੋਂ ਹੀ ਸਚੇਤ ਸਨ। ਅਤੇ ਇਨਾਂ ਸੰਭਾਵਨਾਂਵਾਂ ਬਾਰੇ ਓਹਨਾਂ ਨੂੰ ਦੱਸਿਆ ਵੀ ਗਿਆ ਸੀ, ਪ੍ਰੰਤੂ ਨਾ ਹੀ ਰਾਜਨੀਤਿਕ ਅਤੇ ਨਾ ਹੀ ਸੈਨਿਕ ਅਗਵਾਈ ਨੇ ਚੀਨੀ ਹਮਲੇ ਦਾ ਵਿਸ਼ੇਸ਼ ਸਰੂਪ ਪਛਾਣਿਆ , ਇਸ ਲਈ ਓਹ ਹੈਰਾਨ ਰਹਿ ਗਏ।ਸੈਨਾ ਦੀ ਕਮਾਨ ਨੇ ਜਾਂ ਤਾਂ ਸੀਮਾ ਉੱਤੇ ਝੜਪਾਂ ਜਾਂ ਅਸਾਮ ਦੇ ਮੈਦਾਨਾਂ ਵਿੱਚ ਬੜੇ ਪੈਮਾਨੇ ਤੇ ਯੁੱਧ ਦੇ ਬਾਰੇ ਸੋਚਿਆ, ਪ੍ਰੰਤੂ ਓਹ ਕਦੇ ਵੀ ਸੀਮਿਤ ਘੁਸਪੈਠ ਅਤੇ ਤੁਰੰਤ ਵਾਪਸੀ ਦੀ ਕਲਪਨਾ ਨਹੀਂ ਕਰ ਸਕੇ; ਚੀਫ ਓਫ ਸਟਾਫ ਜਨਰਲ ਥਿਮੈਯਾ ਦਾ ਵਿਚਾਰ ਸੀ ਕਿ ਚੀਨ ਦੇ ਨਾਲ ਵਿਆਪਕ ਲੜਾਈ ਲਹੀਂ ਕੀਤੀ ਜਾ ਸਕਦੀ ਸੀ ਕਿਓਂਕਿ ਉਸਨੂੰ ਪੂਰਾ ਸੋਵਿਅਤ ਸਮਰਥਨ ਮਿਲਦਾ ਲਗਦਾ ਸੀ, ਓਹ ਅਤੇ ਹੋਰ ਵਰਿਸ਼ਠ ਅਫਸਰ ਸੋਵਿਅਤ-ਚੀਨ ਮਤਭੇਦਾਂ ਤੋਂ ਜਾਣੂ ਨਹੀਂ ਸਨ।ਨਾ ਹੀ ਓਹ ਹਵਾਈ ਸੈਨਾ ਦੀ ਭੂਮਿਕਾ ਦੇ ਬਾਰੇ ਕੁਝ ਸੋਚ ਸਕੇ।ਓਹ ਵੀ ''ਅਜਿਹੇ ਸਮੇਂ ਜਦੋਂ ਭਾਰਤੀ ਹਵਾਈ ਸੈਨਾ ਅਰੁਣਾਚਲ ਪ੍ਰਦੇਸ਼ ਅਤੇ ਤਿੱਬਤ ਉੱਤੇ ਬਿਨਾਂ ਕਿਸੇ ਚੀਨੀ ਵਿਰੋਧ ਦੇ ਆਕਾਸ਼ ਉੱਤੇ ਛਾ ਜਾਂਦੀ।'' ਨਹਿਰੂ ਨੇ ਬਿਨਾਂ ਹਵਾਈ ਸੈਨਾ ਨਾਲ ਸਲਾਹ ਕੀਤੇ ਹੀ ਅਮਰੀਕਾ ਤੋਂ ਹਵਾਈ ਸੁਰੱਖਿਆ ਦੀ ਮੰਗ ਕੀਤੀ ਸੀ।

ਇਹ ਵੀ ਮਹਿਸੂਸ ਕੀਤਾ ਗਿਆ ਕਿ ਹਾਰ ਉੱਤਰ ਰੱਖਿਆ ਕਮਾਨ ਅਤੇ ਪ੍ਰਬੰਧਨ ਦੀ ਉਚਿਤ ਪ੍ਰਣਾਲੀ ਅਤੇ ਪ੍ਰਤੀਰੱਖਿਆ ਯੋਜਨਾ ਦੀ ਕਮੀ ਦੇ ਕਾਰਣ ਹੋਈ। ਨਾਲ ਹੀ ਨਾਗਰਿਕ-ਸੈਨਿਕ ਸੰਬੰਧ ਵੀ ਦੋਸ਼ਪੂਰਣ ਸਨ।ਸੈਨਿਕ ਕਮਾਨ ਨਾਗਰਿਕ ਨੀਤੀ ਨਿਰਧਾਰਣ ਦਾ ਹਿੱਸਾ ਨਹੀਂ ਬਣਾਏ ਗਏ।ਓਹ ਯੁੱਧ ਸਥਾਨਾਂ ਦੇ ਕਮਾਂਡਰ ਬਣੇ ਰਹੇ ਜੋ ਭਵਿੱਖ ਦੀਆਂ ਯੋਜਨਾਵਾਂ ਤਿਆਰ ਕਰਦੇ, ਨਾ ਕਿ ਦੂਰਗਾਮੀ ਭਵਿੱਖ ਦੀ ਪ੍ਰਤੀਰੱਖਿਆ ਸੰਬੰਧੀ। 1959 ਤੋਂ ਬਾਅਦ ਚੀਨ ਦੇ ਸੰਬੰਧ ਵਿੱਚ ਨਹਿਰੂ ਦੀਆ ਚੇਤਾਵਨੀਆਂ ਦੇ ਬਾਵਜੂਦ ਹਿਮਾਲਿਆ ਖੇਤਰ ਵਿੱਚ ਯੁੱਧ ਦੀਆਂ ਤਿਆਰੀਆਂ ਤੇ ਉਚਿਤ ਸਤਰ ਤੇ ਵਿਚਾਰ ਨਹੀਂ ਕੀਤਾ ਗਿਆ।ਇਹ ਹਾਰ ਸਾਮਾਨ-ਸਪਲਾਈ, ਖੁਫੀਆ ਕੰਮਾਂ, ਖੁਫੀਆ ਕੰਮਾਂ ਦੇ ਵਿਸ਼ਲੇਸ਼ਣ, ਹਥਿਆਰਬੰਦ ਫੌਜਾਂ ਦੇ ਵਿਭਿੰਨ ਅੰਗਾਂ ਦੇ ਵਿਚ ਆਪਸੀ ਸਮਝ-ਬੂਝ ਆਦਿ ਨਾਲ ਜੁੜੀ ਹੋਈ ਸੀ। ਸੈਨਾ ਦੇ ਕਮਾਂਡਰ ਆਪਣਾ ਸੰਤੁਲਨ ਖੋ ਬੈਠੇ ਅਤੇ ਬਿਨਾਂ ਹਮਲੇ ਦਾ ਸਾਹਮਣਾ ਕਰੇ ਪਿੱਛੇ ਹਟ ਗਏ, ਹਾਲਾਕਿ ਵਿਸ਼ਵਾਸ ਕੀਤਾ ਜਾਂਦਾ ਹੇ ਕਿ ਓਹ ਘੱਟ ਤੋਂ ਘੱਟ ਹੋਰ ਸੱਤ ਦਿਨ ਉੱਥੇ ਟਿਕੇ ਰਹਿ ਸਕਦੇ ਸਨ। ਇਨਾਂ ਕਮਾਂਡਰਾਂ ਦਾ ਪਿਛਲਾ ਰਿਕਾਰਡ ਕਾਫੀ ਚੰਗਾ ਰਿਹਾ ਹੈ ਅਤੇ ਓਹਨਾ ਨੂੰ ਉਸ ਦੇ ਲਈ ਤਮਗਾ ਵੀ ਭੇਂਟ ਕੀਤਾ ਗਿਆ ਸੀ। ਚੀਨੀ ਫੌਜਾਂ ਜਿੰਨੀ ਜਲਦੀ ਆਈਆਂ ਓਨੀ ਹੀ ਤੇਜ਼ੀ ਨਾਲ ਵਾਪਿਸ ਚਲੀਆਂ ਗਈਆਂ।ਓਹਨਾਂ ਦਾ ਉਦੇਸ਼ ਸੀ ਗਹਿਰੀ ਪ੍ਰੰਤੂ ਸੀਮਿਤ ਘੁਸਪੈਠ ਦੇ ਰਾਹੀਂ ਭਾਰਤ ਦਾ ਅਨਾਦਰ ਕਰਨਾ।ਭਾਰਤੀ ਪੱਖ ਇਸ ਗੱਲ ਦਾ ਅੰਦਾਜ਼ਾ ਨਾ ਲਗਾ ਸਕਿਆ ਕਿ ਚੀਨੀ ਵਾਪਿਸ ਚਲੇ ਜਾਣਗੇ, ਇਸ ਲਈ ਓਹਨਾਂ ਨੇ ਅਸਾਮ ਵਿੱਚ ਵੱਡੇ ਪੈਮਾਨੇ ਤੇ ਯੁੱਧ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ।

ਜ਼ਿਆਦਾਤਰ ਵਿਸ਼ੇਸ਼ੱਗ ਭਾਰਤ ਦੇ ਹਮਲਾਵਰ ਇਰਾਦਿਆ ਦੇ ਮੈਕਸਵੈਲ ਦੇ ਸਿਧਾਂਤ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਕਿਓਂਕਿ ਇਹ ਸਪਸ਼ਟ ਹੈ ਕਿ ਇਰਾਦਿਆਂ ਦੀ ਗੱਲ ਤਾਂ ਛੱਡੋ ਹੀ, ਭਾਰਤ ਨੂੰ ਯੁੱਧ ਛਿੜਣ ਤੱਕ ਦਾ ਅੰਦਾਜ਼ਾ ਨਹੀਂ ਸੀ।ਭਾਰਤ ਦੇ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਦੇਸ਼ ਤੋਂ ਬਾਹਰ ਸਨ, ਸੈਨਾ ਕਮਾਨ ਦੇ ਪ੍ਰਮੁੱਖ ਛੁੱਟੀ ਤੇ, ਇੱਕ ਵਰਿਸ਼ਠ ਕਮਾਂਡਰ ਸਮੁੰਦਰੀ ਯਾਤਰਾ ਤੇ ਅਤੇ ਵੈਸੇ ਵੀ ਯੁੱਧ ਛੇੜਣ ਨਾਲ ਭਾਰਤ ਨੂੰ ਮਿਲਣ ਕੀ ਵਾਲ਼ਾ ਸੀ, ਇਸ ਦੇ ਉਲਟ ਇਹ ਦਰਸਾਇਆ ਜਾ ਸਕਦਾ ਹੈ ਕਿ ਚੀਨੀਆਂ ਦੇ

ਨੋਟ

ਯੁੱਧ ਭੜਕਾਓਣ ਦੇ ਆਪਣੇ ਉਦੇਸ਼ ਸਨ। ਇਸ ਦੇ ਬਾਰੇ ਵਿੱਚ ਮੈਕਸਵੈਲ ਕੁਝ ਨਹੀਂ ਕਹਿੰਦੇ। ਚੀਨੀ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਭਾਰਤ ਵਿੱਚ ਘੁਸ ਆਏ, ਨਾ ਕਿ ਭਾਰਤੀ ਭੜਕਾਵੇ ਨਾਲ। ਅਤੇ ਇਹ ਕਾਰਦ ਨਹਿਰੂ ਦੇ ਨਿਯੰਤਰਣ ਤੋਂ ਬਾਹਰ ਸਨ।

ਤਿੱਬਤ ਨੂੰ ਹੀ ਲੈ ਲਓ। ਹਰ ਸ਼ਕਤੀਸ਼ਾਲੀ ਚੀਨੀ ਸਰਕਾਰ ਨੇ ਤਿੱਬਤ ਨੂੰ ਚੀਨ ਵਿੱਚ ਮਿਲਾਓਣ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਤਿੱਬਤ ਆਜ਼ਾਦੀ ਚਾਹੁੰਦਾ ਸੀ। ਫਿਰ ਵੀ ਨਹਿਰੂ ਨੇ 1954 ਵਿੱਚ ਪੰਚਸ਼ੀਲ ਸਮਝੌਤੇ ਵਿੱਚ ਤਿੱਬਤ ਸੰਬੰਧੀ ਚੀਨੀ ਸਥਿਤੀ ਨੂੰ ਬਿਨਾਂ ਸੀਮਾ ਤੇ ਗਾਰੰਟੀ ਨਾਲ ਸਵੀਕਾਰ ਕਰ ਲਿਆ, ਸ਼ਾਇਦ ਇਹੀ ਇੱਕ ਗਲਤੀ ਸੀ। 1959 ਵਿੱਚ ਹੀ ਚਾਊ ਐਨ ਲਾਈ ਨੇ ਲੱਦਾਖ ਅਤੇ ਨੇਫਾ ਵਿੱਚ ਭੂਮੀ ਤੇ ਦਾਵਾ ਕੀਤਾ ਸੀ। ਇਹ ਖਾਂਪਾ ਵਿਦਰੋਹ ਅਤੇ ਦਲਾਈ ਲਾਮਾ ਦੇ ਕਈ ਸ਼ਰਣਾਰਥੀਆਂ ਸਹਿਤ ਭਾਰਤ ਪਲਾਯਨ ਤੋਂ ਬਾਅਦ ਹੋਇਆ ਸੀ। ਚੀਨ ਨੇ ਭਾਰਤ ਤੇ ਦਲਾਈ ਲਾਮਾ ਨੂੰ ਭੜਕਾਓਣ ਦਾ ਆਰੋਪ ਲਗਾਇਆ ਅਤੇ ਓਹਨਾਂ ਨੂੰ ਸ਼ਰਣ ਦੇਣ ਤੇ ਇਤਰਾਜ਼ ਜਤਾਇਆ। ਕੋਈ ਵੀ ਭਾਰਤੀ ਸਰਕਾਰ ਸ਼ਰਣ ਦੇਣ ਤੋਂ ਇਨਕਾਰ ਨਹੀਂ ਕਰ ਸਕਦੀ ਸੀ। ਭਾਰਤ ਨੇ ਵਿਦਰੋਹ ਨਹੀਂ ਭੜਕਾਇਆ ਸੀ। ਨਹਿਰੂ ਨੇ ਤਿੱਬਤ ਨੂੰ ਨਿਰਵਾਸਿਤ ਸਰਕਾਰ ਚਲਾਓਣ ਦੀ ਆਗਿਆ ਨਹੀਂ ਦਿੱਤੀ ਅਤੇ ਨਾ ਹੀ ਕਿਸੇ ਗਤੀਵਿਧੀਆਂ ਦੀ। ਪ੍ਰੰਤੂ ਓਹ ਤਿੱਬਤ ਵਿਦਰੋਹ ਨੂੰ ਨਹੀਂ ਰੋਕ ਸਕਦੇ ਸਨ।

ਇੰਨਾ ਹੀ ਨਹੀਂ, ਨਹਿਰੂ ਨੇ ਚੀਨ ਦੇ ਪੱਖ ਵਿੱਚ ਅਮਰੀਕੀ ਨੀਤੀ ਨੂੰ ਪ੍ਰਭਾਵਿਤ ਕਰਣ ਦੀ ਕੋਸ਼ਿਸ਼ ਵੀ ਕੀਤੀ, ਪ੍ਰੰਤੂ ਓਹ ਸਫਲ ਨਹੀਂ ਹੋ ਸਕੇ। ਅਮਰੀਕਾ ਨੇ ਚੀਨ ਨੂੰ ਸਵੀਕਾਰ ਕਰਣ ਤੋਂ ਇਨਕਾਰ ਕਰ ਦਿੱਤਾ। ਉਸਨੇ ਫਾਰਮੋਸਾ(ਤਾਈਵਾਨ) ਨੂੰ ਹੀ ਅਸਲੀ ਚੀਨ ਦੇ ਰੂਪ ਵਿੱਚ ਮਾਨਤਾ ਦਿੱਤੀ। ਫਲਸਰੂਪ ਕਮਿਊਨਿਸਟ ਚੀਨ ਨੂੰ ਸੁਰੱਖਿਆ ਪਰਿਸ਼ਦ ਵਿੱਚ ਥਾਂ ਨਾ ਮਿਲੀ। ਅਮਰੀਕਾ ਨੇ ਕੋਰੀਆ ਅਤੇ ਇੰਡੋ ਚਾਈਨਾ ਵਿੱਚ ਚੀਨ ਨੂੰ ਮੁਸ਼ਕਿਲ ਵਿੱਚ ਪਾਓਣ ਦੀ ਕੋਸ਼ਿਸ਼ ਕੀਤੀ। ਅਮਰੀਕਾ ਨੇ ਲਗਾਤਾਰ ਦਬਾਓ ਪਾ ਕੇ ਚੀਨ ਨੂੰ ਇੱਕ ਆਕਰਾਮਕ ਰਵੱਈਆ ਅਪਨਾਓਣ ਤੇ ਮਜਬੂਰ ਕਰ ਦਿੱਤਾ । ਅਸਲ ਵਿੱਚ ਚੀਨ ਨੂੰ ਆਪਣੇ ਆਪ ਨੂੰ ਅਸੁਰੱਖਿਅਤ ਰੱਖਣ ਬਾਰੇ ਅਤੇ ਇਸ ਸੰਬੰਧ ਵਿੱਚ ਪੂਰਵਾਗ੍ਰਹਾਂ ਤੋਂ ਗ੍ਰਸਿਤ ਕਰਣ ਦੇ ਬਾਰੇ ਵਿੱਚ ਅਮਰੀਕਾ ਨੇ ਕੋਈ ਘੱਟ ਭੂਮਿਕਾ ਅਦਾ ਨਹੀਂ ਕੀਤੀ ਸੀ। ਇਸ ਤਰਾਂ ਉਸਨੇ ਚੀਨ ਵਿੱਚ ਵਾਮਪੰਥੀ ਤੱਤਾਂ ਨੂੰ ਉੱਪਰ ਆਓਣ ਵਿੱਚ ਮਦਦ ਕੀਤੀ।

ਨਹਿਰੂ ਸੋਵਿਅਤ-ਚੀਨ ਮਤਭੇਦਾਂ ਦਾ ਕਾਰਣ ਵੀ ਨਹੀਂ ਸਨ। ਇਨਾਂ ਮਤਭੇਦਾਂ ਨੇ ਚੀਨ ਦੀ ਅਸੁਰੱਖਿਆ ਦੀ ਭਾਵਨਾ ਵਧਾਓਣ ਵਿੱਚ ਆਪਣੀ ਭੂਮਿਕਾ ਅਦਾ ਕੀਤੀ ਅਤੇ ਉਸਨੂੰ ਦੁੱਸਾਹਸਿਕਤਾਵਾਦੀ ਦਿਸ਼ਾ ਵਿੱਚ ਧਕੇਲ ਦਿੱਤਾ। ਇਹ ਮਤਭੇਦ ਕੁਝ ਸਮੇਂ ਤੋਂ ਵਿਕਸਿਤ ਹੋ ਰਹੇ ਸਨ। ਅਤੇ 1959 ਵਿੱਚ ਖੁੱਲ ਕੇ ਸਾਹਮਣੇ ਆ ਗਏ। ਭਾਰਤ ਅਤੇ ਚੀਨ ਦੀ ਸੀਮਾ ਤੇ ਝੜਪਾਂ ਵਿੱਚ ਸੋਵਿਅਤ ਸੰਘ ਨੇ ਨਿਰਪੱਖ ਨੀਤੀ ਅਪਣਾਈ। ਉੱਧਰ ਅਪ੍ਰੈਲ-ਮਈ 1962 ਵਿੱਚ ਸਿੰਕਯਾਂਗ ਵਿੱਚ ਚੀਨੀ-ਸੋਵਿਅਤ ਸੀਮਾ ਤੇ ਕਈ ਘਟਨਾਵਾਂ ਘਟੀਆਂ। ਸੋਵਿਅਤ ਨੇ ਆਰੋਪ ਲਗਾਇਆ ਕਿ ਚੀਨੀਆਂ ਨੇ ਘੱਟ ਤੋਂ ਘੱਟ 5000 ਵਾਰ ਸੀਮਾ ਦਾ ਉਲੰਘਣ ਕੀਤਾ। ਦੂਜੇ ਪਾਸੇ ਚੀਨੀਆਂ ਨੇ ਸੋਵਿਅਤਾਂ ਉੱਤੇ ਦਸਿਓਂ ਹਜ਼ਾਰ ਵਾਰ ਚੀਨੀ ਨਾਗਰਿਕਾਂ ਨੂੰ ਆਪਣੇ ਵੱਲ ਆਓਣ ਦਾ ਲਾਲਚ ਦੇਣ ਦਾ ਆਰੋਪ ਲਗਾਇਆ। 1959 ਵਿੱਚ ਸੋਵਿਅਤਾਂ ਨੇ ਚੀਨ ਦੇ ਨਾਲ ਨਿਊਕਲੀਅਰ ਵਿਕਾਸ ਸੰਬੰਧੀ ਸੰਧੀ ਖਤਮ ਕਰ ਦਿੱਤੀ। ਅਗਸਤ 1962 ਦੇ ਪਹਿਲੇ ਹਫਤੇ ਵਿੱਚ ਸੋਵਿਅਤਾਂ ਨੇ ਭਾਰਤ ਦੇ ਨਾਲ ਮਿਗ ਵਿਮਾਨ ਦੇ ਉਤਪਾਦਨ ਸੰਬੰਧੀ ਸਮਝੌਤਾ ਕੀਤਾ। ਅਜਿਹਾ ਕੋਈ ਸਮਝੌਤਾ ਓਹਨਾਂ ਨੇ ਚੀਨ ਨਾਲ ਨਹੀਂ ਕੀਤਾ। ਅਗਸਤ ਦੇ ਆਖਰੀ ਹਫਤੇ ਵਿੱਚ ਸੋਵਿਅਤਾਂ ਨੇ ਚੀਨੀਆਂ ਨੂੰ ਦੱਸਿਆ ਕਿ ਓਹ ਆਂਸ਼ਿਕ ਪਰਮਾਣੂ ਨਿਰੀਖਣ ਸੰਧੀ ਤੇ ਹਸਤਾਖਰ ਕਰਣ ਦੀ ਗੱਲਬਾਤ ਅੱਗੇ ਵਧਾਓਣ ਜਾ ਰਹੇ ਹਨ। ਚੀਨੀਆਂ ਨੇ ਇਸ ਨੂੰ ਓਹਨਾਂ ਦੇ ਆਪਣੇ ਨਿਊਕਲੀਅਰ ਹਥਿਆਰਾਂ ਦੇ ਵਿਕਾਸ ਨੂੰ ਰੋਕਣ ਦੀ ਕੋਸ਼ਿਸ਼ ਮੰਨਿਆ। ਇਹ ਚੀਨੀਆਂ ਦੇ ਲਈ ਪਰੇਸ਼ਾਨੀ ਦੀ ਗੱਲ ਸੀ ਕਿਓਂਕਿ ਓਹਨਾਂ ਨੇ ਸਮਝਿਆ ਕਿ ਹੁਣ ਸੋਵਿਅਤ ਸੰਘ ਆਪਣੀ ਤਾਕਤ ਦਾ ਇਸਤੇਮਾਲ ਚੀਨੀਆਂ ਨੂੰ ਰੋਕਣ ਲਈ ਕਰੇਗਾ। ਚੀਨ ਅਤੇ ਵਿਦੇਸ਼ ਨੀਤੀ ਵਿਸ਼ੇਸ਼ੱਗ ਵੀ. ਪੀ. ਦੱਤ ਦੇ ਸ਼ਬਦਾਂ ਵਿੱਚ:

> ਚੀਨ ਆਪਣੇ ਰਾਸ਼ਟਰੀ ਹਿੱਤਾਂ ਦੇ ਬਾਰੇ ਵਿੱਚ ਆਪਣੀ ਅਲੱਗ ਨਵੀਂ ਸਿਧਾਂਤਿਕ ਸਮਝ ਤੇ ਪਹੁੰਚ ਚੁਕਾ ਸੀ। ਅਮਰੀਕਾ ਦੇ ਨਾਲ ਲੰਬੇ ਸਮੇਂ ਤੋਂ ਬਣੀਆਂ ਰਹੀਆਂ ਸਮੱਸਿਆਵਾਂ ਦੇ ਸ਼ਾਂਤੀਪੂਰਣ ਹੱਲ ਵਿਚ ਉਸ ਨੂੰ ਵਿਸ਼ਵਾਸ ਨਹੀਂ ਰਹਿ ਗਿਆ ਸੀ। ਇਹ ਸਮੱਸਿਅਵਾਂ ਸਨ ਤਾਈਵਾਨ ਦੀ ਵਾਪਸੀ.... ਹੁਣ ਓਹ ਇਸ ਨਤੀਜੇ ਤੇ ਪਹੁੰਚ ਚੁਕਾ ਸੀ ਕਿ ਵਿਸ਼ਵ ਸ਼ਕਤੀ ਸੁਦੂਰਤੁਲਨ ਸਮਾਜਵਾਦੀ ਖੇਮ ਦੇ ਪੱਖ ਵਿੱਚ ਬਦਲ ਰਿਹਾ ਸੀ, ਕਿਓਂਕਿ ਸੋਵਿਅਤ ਸੰਘ ਰਾਕੇਟ ਤਕਨੀਕ ਅਤੇ ਆਈ. ਸੀ. ਬੀ. ਐਮ. (ਅੰਤਰਮਹਾਦੇਸ਼ੀ ਮਿਸਾਈਲਾਂ ) ਵਿੱਚ ਕਾਫੀ ਵਿਕਾਸ ਕਰ ਚੁਕਾ ਸੀ। ਹੁਣ ਚੀਨ ਨੂੰ ਰਿਆਇਤਾਂ ਦੇਣ ਲਈ....... ਅਮਰੀਕਾ ਨੂੰ ਮਜਬੂਰ ਕਰਣ ਦੇ ਉਦੇਸ਼ ਨਾਲ ਸਮਝੌਤਾਵਿਹੀਣ ਜੁਝਾਰੂ ਨੀਤੀ ਅਪਨਾਓਣ ਦੀ ਜ਼ਰੂਰਤ ਪੈਦਾ ਹੋ ਚੁਕੀ ਸੀ।

ਚੀਨ ਇਸ ਗੱਲ ਤੋਂ ਵੀ ਚਿੰਤਿਤ ਸੀ ਕਿ ਐਫਰੋ-ਏਸ਼ਿਆਈ ਦੇਸ਼ ਸੋਵਿਅਤ ਸੰਘ ਅਤੇ ਅਮਰੀਕਾ, ਦੋਨਾਂ ਤੋਂ ਹੀ ਮਦਦ ਪ੍ਰਾਪਤ ਕਰਣ ਦੀ ਭਾਰਤ ਦੀ ਨੀਤੀ ਅਪਣਾ ਰਹੇ ਸਨ, ਨਾ ਕਿ ਚੀਨ ਦੇ ਸਮਾਨ ਦੋਹਾਂ ਤੋਂ ਦੂਰੀ ਬਣਾਏ ਰੱਖਣ ਦੀ। ਭਾਰਤ ਦਾ ਮਹੱਤਵ ਘੱਟ ਕਰਕੇ ਓਹ ਆਪਣੀ ਨੀਤੀ ਦੀ ਆਸ਼ਾ ਰੱਖਦੇ ਸਨ।

ਇਸੇ ਲਈ ਇਹ ਅਸੰਭਵ ਨਹੀਂ ਹੈ ਕਿ ਭਾਰਤ ਤੇ ਚੀਨ ਦਾ ਹਮਲਾ ਭਾਰਤ ਅਤੇ ਚੀਨ ਦੇ ਆਪਸੀ ਸੰਬੰਧਾਂ ਨਾਲ ਓਨਾ ਜੁੜਿਆ ਹੋਇਆ ਨਹੀਂ ਸੀ, ਜਿੰਨਾ ਕਿ ਅਲਗਾਵ, ਵਿਅਕਤ ਹੋਣ ਦੀ ਭਾਵਨਾ ਅਤੇ ਨਿਰਾਸ਼ਾ ਨਾਲ। ਭਾਰਤ ਤੇ ਹਮਲਾ ਕਰਕੇ ਸ਼ਾਇਦ

ਨੋਟ

ਓਹ ਨਹਿਰੂ ਨੂੰ ਗਿਰਾਓਣਾ ਚਾਉਂਦੇ ਸਨ ਜਾਂ ਘੱਟ ਤੋਂ ਘੱਟ ਭਾਰਤ ਨੂੰ ਪੱਛਮੀ ਖੇਮੇ ਵਿੱਚ ਧਕੇਲਣਾ ਚਾਹੁੰਦੇ ਸਨ। ਇਸ ਨਾਲ ਸੋਵਿਅਤ ਸੰਘ ਨੂੰ ਭਾਰਤ ਦੀ ਗੁੱਟ ਨਿਰਪੇਖਤਾ ਬਾਰੇ ਕੋਈ ਗਲਤਫਹਿਮੀ ਨਾ ਰਹਿ ਜਾਂਦੀ। ਤਾਂ ਓਹ ਸ਼ਾਂਤੀਪੂਰਣ ਸਹਿ–ਅਸਤਿੱਤਵ ਦੀ ਨੀਤੀ ਤਿਆਗ ਦਿੰਦਾ, ਜੋ ਚੀਨੀਆਂ ਦੀ ਸਮਝ ਦੇ ਅਨੁਸਾਰ ਓਹਨਾਂ ਨੂੰ ਅਲੱਗ–ਥਲੱਗ ਕਰ ਰਿਹਾ ਸੀ। ਓਹ ਇਨਾਂ ਦੋਹਾਂ ਮਾਮਲਿਆਂ ਵਿੱਚ ਅਸਫਲ ਰਹੇ। ਵਾਸਤਵ ਵਿੱਚ ਵੀ. ਪੀ. ਦੱਤ ਕਹਿੰਦੇ ਹਨ ਕਿ ਬਾਅਦ ਵਿੱਚ ਦੇਂਗ ਸ਼ਿਆਓਪਿੰਗ ਨੇ ਇੱਕ ਭਾਰਤੀ ਪ੍ਰਤੀਨਿਧੀ ਮੰਡਲ ਨੂੰ ਦੱਸਿਆ (ਜਿਸਦੇ ਦੱਤ ਮੈਂਬਰ ਸਨ) ਕਿ ਇਹ ਖੁਸ਼ਚੇਵ ਸੀ ਜ਼ੋ 1962 ਦੇ ਯੁੱਧ ਲਈ ਜ਼ਿੰਮੇਵਾਰ ਸੀ।

ਇਸ ਤਰਾਂ 1962 ਵਿੱਚ ਚੀਨ ਦੁਆਰਾ ਕੀਤਾ ਹਮਲਾ ਉਸਦੀ ਆਪਣੀ ਜ਼ਰੂਰਤਾਂ ਦਾ ਨਤੀਜਾ ਸੀ, ਨਾ ਕਿ ਨਹਿਰੂ ਜਾਂ ਭਾਰਤ ਦੇ ਕਿਸੇ ਕਦਮ ਦਾ। ਅਮਰੀਕਾ ਦੀ ਮਾਨਤਾ ਪ੍ਰਾਪਤ ਨਾ ਕਰ ਸਕਣ, ਸੰਯੁਕਤ ਰਾਸ਼ਟਰ ਸੰਘ ਵਿੱਚ ਸੀਟ ਨਾ ਮਿਲ ਪਾਓਣ, ਐਫਰੋ–ਏਸ਼ਿਆਈ ਅਗਵਾਈ ਹਾਸਿਲ ਨਾ ਕਰ ਸਕਣ ਅਤੇ ਨਿਊਕਲੀਅਰ ਪ੍ਰਸ਼ਨ ਜਾਂ ਭਾਰਤ ਦੇ ਨਾਲ ਸੀਮਾ ਵਿਵਾਦ ਉੱਤੇ ਸੋਵਿਅਤ ਸਮਰਥਨ ਨਾ ਪਾ ਸਕਣ ਕਾਰਣ ਚੀਨੀ ਰਾਜਨੀਤੀ ਵਿੱਚ ਵਾਮਪੰਥ ਮੋੜ ਆਇਆ। ਭਾਰਤ ਨੂੰ ਅਪਮਾਨਿਤ ਕਰ ਕੇ ਚੀਨ ਇਹ ਦਰਸਾਓਣਾ ਚਾਹੁੰਦਾ ਸੀ ਕਿ ਸ਼ਾਂਤੀ ਅਤੇ ਗੁੱਟ ਨਿਰਪੱਖਤਾ ਦੀ ਭਾਰਤ ਦੀ ਨੀਤੀ ਅਵਿਵਹਾਰਿਕ ਸੀ। ਨਾਲ ਹੀ ਸ਼ਾਂਤੀਪੂਰਣ ਸਹਿ–ਅਸਤਿੱਤਵ ਦੀ ਸੋਵਿਅਤ ਨੀਤੀ ਵੀ ਸਹੀ ਨਹੀਂ ਸੀ। ਦਬਾਅ ਵਿੱਚ ਆ ਕੇ ਭਾਰਤ ਗੁੱਟ ਨਿਰਪੱਖਤਾ ਦੀ ਨੀਤੀ ਛੱਡ ਦੇਵੇਗਾ ਅਤੇ ਫਿਰ ਏਸ਼ੀਆ ਅਤੇ ਅਫ਼ੀਕਾ ਦੇ ਹੋਰ ਦੇਸ਼ ਚੀਨ ਦੀ ਅਗਵਾਈ ਸਵੀਕਾਰ ਕਰ ਲੈਣਗੇ। ਇਸ ਲਈ, ਯੁੱਧ ਭੂਮੀ ਵਿੱਚ ਭਾਰਤ ਦੇ ਅਪਮਾਨ ਦਾ ਕਾਰਣ ਭਾਰਤ ਦੀ ਵਿਦੇਸ਼ ਨੀਤੀ ਦੀ ਵਿਫਲਤਾ ਨਹੀਂ ਹੈ। ਇਹ "ਮਾਤਰ ਇਤਿਹਾਸ ਦੀ ਅਪ੍ਰਤਿਆਸ਼ਿਤ ਆਕਸਕਿਮ ਘਟਨਾਵਾ ਵਿੱਚੋਂ ਇੱਕ ਹੈ।"

ਜੇਕਰ ਚੀਨ ਵੱਲ ਭਾਰਤ ਦੀ ਨੀਤੀ ਵਿਫਲ ਰਹੀ ਤਾਂ ਕਿਸ ਦੇਸ਼ ਦੀ ਸਫਲ ਰਹੀ? ਅਮਰੀਕਾ ਨੇ ਤਾਂ 1971 ਵਿੱਚ ਪੂਰਾ ਹੀ ਪਲਟਾ ਖਾਇਆ, ਅਤੇ ਖਾਸ ਕਰ ਸੋਵਿਅਤ ਸੰਘ ਲੇ ਵੀ 1959 ਤੋਂ ਬਾਅਦ।

ਭਾਰਤ ਚੀਨ ਯੁੱਧ ਵਿੱਚ ਹਾਰ ਕਿਸੇ ਵੀ ਰੂਪ ਵਿੱਚ ਨਹਿਰੂ ਦੀ ਮੂਲ ਵਿਦੇਸ਼ ਨੀਤੀ ਉੱਤੇ ਪ੍ਰਸ਼ਨ ਚਿੰਨ ਨਹੀਂ ਲਗਾਓਂਦੀ। ਉਦਾਹਰਣ ਲਈ, ਗੁੱਟ ਨਿਰਪੱਖਤਾ ਨੇ ਗਰੰਟੀ ਦਿੱਤੀ ਕਿ ਭਾਰਤ–ਚੀਨ ਯੁੱਧ ਵਿੱਚ ਵੀ ਅਮਰੀਕੀ ਅਤੇ ਸੋਵਿਅਤ ਗੁੱਟ ਇੱਕ ਦੂਜੇ ਦੇ ਖਿਲਾਫ ਨਹੀਂ ਖੜੇ ਸਨ, ਅਤੇ ਭਾਰਤ ਨੂੰ ਦੋਹਾਂ ਤੋਂ ਸਹਾਨੂਭੂਤੀ ਮਿਲੀ। ਸ਼ੀਤਯੁੱਧ ਦੇ ਦਿਨਾਂ ਵਿੱਚ ਇਹ ਬੜੀ ਅਸਾਧਾਰਣ ਗੱਲ ਸੀ। ਇਸ ਤਰਾਂ ਦਾ ਅੰਤ ਹੋਣ ਦੇ ਬਾਵਜੂਦ ਚੀਨ ਨਾਲ ਦੋਸਤੀ ਦੀ ਨੀਤੀ ਤੇ ਚੱਲਣ ਵਿੱਚ ਨਹਿਰੂ ਸਹੀ ਸਨ। ਪਾਕਿਸਤਾਲ ਨਾਲ ਸੰਬੰਧ ਬਹੁਤ ਕਟੁਤਾਪੂਰਣ ਸਨ। ਇਹ ਕਟੁਤਾ ਕਸ਼ਮੀਰ ਦੇ ਪ੍ਰਸ਼ਨ ਤੇ ਆਜ਼ਾਦੀ ਦੇ ਤੁਰੰਤ ਬਾਅਦ ਉੱਭਰ ਆਈ। 1954 ਵਿੱਚ ਅਮਰੀਕਾ ਦੁਆਰਾ ਪਾਕਿਸਤਾਨ ਨੂੰ ਸੈਨਿਕ ਸਹਾਇਤਾ ਦੇਣ ਦੇ ਨਿਰਣੇ ਤੋਂ ਬਾਅਦ ਇਹ ਗੰਭੀਰ ਖਤਰੇ ਵਿੱਚ ਬਦਲ ਗਈ। ਇਸ ਲਈ ਇੱਕ ਹੋਰ ਦੁਸ਼ਮਣ ਪੜੋਸੀ ਬਣਾਓਣ ਅਤੇ ਦੋ ਦਿਸ਼ਾਵਾਂ ਵਿੱਚ ਕੁਚਲੇ ਜਾਣ ਤੋਂ ਬਚਣਾ ਭਾਰਤ ਦੇ ਲਈ ਜ਼ਰੂਰੀ ਸੀ।

ਨੋਟਸ

ਭਾਰਤ ਚੀਨ ਯੁੱਧ ਵਿੱਚ ਹਾਰ ਕਿਸੇ ਵੀ ਰੂਪ ਵਿੱਚ ਨਹਿਰੂ ਦੀ ਮੂਲ ਵਿਦੇਸ਼ ਨੀਤੀ ਉੱਤੇ ਪ੍ਰਸ਼ਨ ਚਿੰਨ ਨਹੀਂ ਲਗਾਓਂਦੀ। ਉਦਾਹਰਣ ਲਈ, ਗੁੱਟ ਨਿਰਪੱਖਤਾ ਨੇ ਗਰੰਟੀ ਦਿੱਤੀ ਕਿ ਭਾਰਤ–ਚੀਨ ਯੁੱਧ ਵਿੱਚ ਵੀ ਅਮਰੀਕੀ ਅਤੇ ਸੋਵਿਅਤ ਗੁੱਟ ਇੱਕ ਦੂਜੇ ਦੇ ਖਿਲਾਫ ਨਹੀਂ ਖੜੇ ਸਨ, ਅਤੇ ਭਾਰਤ ਨੂੰ ਦੋਹਾਂ ਤੋਂ ਸਹਾਨੂਭੂਤੀ ਮਿਲੀ। ਸ਼ੀਤਯੁੱਧ ਦੇ ਦਿਨਾਂ ਵਿੱਚ ਇਹ ਬੜੀ ਅਸਾਧਾਰਣ ਗੱਲ ਸੀ। ਇਸ ਤਰਾਂ ਦਾ ਅੰਤ ਹੋਣ ਦੇ ਬਾਵਜੂਦ ਚੀਨ ਨਾਲ ਦੋਸਤੀ ਦੀ ਨੀਤੀ ਤੇ ਚੱਲਣ ਵਿੱਚ ਨਹਿਰੂ ਸਹੀ ਸਨ।

ਭਾਰਤ–ਚੀਨ ਯੁੱਧ ਤੋਂ ਬਾਅਦ ਵੀ ਸੰਯੁਕਤ ਰਾਸ਼ਟਰ ਸੰਘ ਵਿੱਚ ਚੀਨ ਨੂੰ ਸੀਟ ਦੇਣ ਦੀ ਭਾਰਤ ਦੁਆਰਾ ਵਕਾਲਤ ਨਹਿਰੂ ਨੇ ਨਹੀਂ ਛੱਡੀ। ਓਹਨਾਂ ਦਾ ਇਹ ਵਿਸ਼ਵਾਸ ਸਹੀ ਸੀ ਕਿ ਪੱਛਮੀ ਦੇਸ਼ਾਂ ਦੁਆਰਾ ਚੀਨ ਨੂੰ ਅਲਗ–ਥਲਗ ਕੀਤੇ ਜਾਣ ਤੇ ਚੀਨ ਹੋਰ ਵੀ ਗੈਰ ਜ਼ਿੰਮੇਦਾਰ ਬਣ ਜਾਵੇਗਾ। ਇਸ ਤੋਂ ਇਲਾਵਾ ਜਿਵੇਂ ਕਿ ਨਹਿਰੂ ਇਹ ਕਹਿਣਾ ਪਸੰਦ ਕਰਦੇ ਸਨ, ਪ੍ਰਤੀਰੱਖਿਆ ਮਾਤਰ ਹਥਿਆਰਾਂ ਦਾ ਪ੍ਰਸ਼ਨ ਨਹੀਂ ਸੀ। ਇਹ ਆਰਥਿਕ ਵਿਕਾਸ ਅਤੇ ਆਤਮ ਨਿਰਭਰਤਾ ਦਾ ਵੀ ਸਵਾਲ ਸੀ। ਨਹੀਂ ਤਾਂ ਪ੍ਰਤੀਰੱਖਿਆ ਸਿਰਫ ਸਤਹੀ ਸਾਬਿਤ ਹੁੰਦੀ। ਭਾਰਤ ਦੇ ਸਮਾਨ ਇੱਕ ਨਵ–ਸੁਤੰਤਰ ਗਰੀਬ ਦੇਸ਼ ਆਪਣੇ ਸੀਮਿਤ ਸਰੋਤ ਇੱਕ ਵਿਸ਼ਾਲ ਸੈਨਿਕ ਮਸ਼ੀਨ ਖੜੀ ਕਰਣ ਵਿੱਚ ਬਰਬਾਦ ਨਹੀਂ ਕਰ ਸਕਦਾ ਸੀ। ਭਾਰਤ ਨੂੰ ਆਰਥਿਕ ਰੂਪ ਤੋਂ ਮਜਬੂਤ ਕਰ ਕੇ ਹੀ, ਨਹਿਰੂ ਆਪਣੇ ਉੱਤਰਾਧਿਕਾਰੀਆਂ ਨੂੰ ਪ੍ਰਭਾਵਸ਼ਾਲੀ ਸੈਨਿਕ ਜਿੱਤਾਂ ਹਾਸਿਲ ਕਰਣ ਦੇ ਯੋਗ ਕਰ ਪਾਏ।

ਨੋਟ

**ਸਵ-ਮੁੱਲਾਂਕਣ (Self-Assessment)**

**ਖਾਲੀ ਸਥਾਨ ਭਰੋ (Fill in the Blanks) --**

1. ਚੀਨੀ ਜਨਗਣਤੰਤਰ ਨੂੰ ਮਾਨਤਾ ਦੇਣ ਵਾਲਾ ਪਹਿਲਾ ਦੇਸ਼ .............. ਸੀ।
2. ਚੀਨ ਨੇ ਤਿੱਬਤ ਤੇ ............ ਵਿੱਚ ਕਬਜਫ ਕਰ ਲਿਆ।
3. ਦਲਾਈ ਲਾਮਾ ਨੇ .................. ਵਿੱਚ ਤਿੱਬਤ ਵਿੱਚ ਵਿਦਰੋਹ ਹੋਣ ਕਾਰਣ ਭਾਰਤ ਵਿੱਚ ਸ਼ਰਣ ਲਈ।
4. ਅਕਤੂਬਰ 1959 ਵਿੱਚ ਚੀਨੀਆਂ ਨੇ ਲੱਦਾਖ ਵਿੱਚ ................. ਵਿੱਚ ਭਾਰਤੀ ਸੁਰੱਖਿਆ ਦਲ ਦੇ 5 ਸਿਪਾਹੀਆਂ ਨੂੰ ਮਾਰ ਦਿੱਤਾ।
5. ਪੱਛਮੀ ਮੋਰਚੇ ਉੱਤੇ 20 ਅਕਤੂਬਰ, 1962 ਨੂੰ ਚੀਨੀਆਂ ਨੇ ਗਲਵਾਨ ਘਾਟੀ ਵਿੱਚ ......... ਸੀਮਾਵਰਤੀ ਚੌਕੀਆਂ ਤੇ ਕਬਜ਼ਾ ਕਰ ਲਿਆ।

## 12.3 ਸਾਰ ਅੰਸ਼ (Summary)

- ਚੀਨੀ ਜਨ-ਗਣਤੰਤਰ ਨੂੰ 1 ਜਨਵਰੀ, 1950 ਨੂੰ ਮਾਨਤਾ ਦੇਣ ਵਾਲਾ ਭਾਰਤ ਪਹਿਲਾ ਦੇਸ਼ ਸੀ।
- 1954 ਵਿੱਚ ਪਾਰਤ ਅਤੇ ਚੀਲ ਲੇ ਇੱਕ ਸੰਧੀ ਤੇ ਹਸਤਾਖਰ ਕੀਤੇ , ਜਿਸਦੇ ਅਨੁਸਾਰ ਭਾਰਤ ਨੇ ਤਿੱਬਤ ਉੱਤੇ ਚੀਨ ਦੇ ਅਧਿਕਾਰ ਨੂੰ ਸਵੀਕਾਰ ਕਰ ਲਿਆ।
- 1959 ਵਿੱਚ ਤਿੱਬਤ ਵਿੱਚ ਬੜਾ ਵਿਦਰੋਹ ਹੋਇਆ ਅਤੇ ਦਲਾਈ ਲਾਮਾ ਆਪਣੇ ਹਜ਼ਾਰਾਂ ਅਨੁਯਾਈਆਂ ਨਾਲ ਤਿੱਬਤ ਤੋਂ ਭੱਜ ਨਿੱਕਲੇ। ਓਹਨਾਂ ਨੂੰ ਭਾਰਤ ਵਿੱਚ ਸ਼ਰਣ ਜ਼ਰੂਰ ਦਿੱਤੀ ਗਈ, ਪ੍ਰੰਤੂ ਨਿਰਵਾਸਣ ਵਿੱਚ ਸਰਕਾਰ ਬਣਾਓਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਅਤੇ ਨਾ ਹੀ ਰਾਜਨੀਤਿਕ ਗਤੀਵਿਧੀਆਂ ਦੀ ਇਜਾਜ਼ਤ ਦਿੱਤੀ ਗਈ।
- 8 ਸਿਤੰਬਰ, 1962 ਨੂੰ ਚੀਨੀ ਫੌਜਾਂ ਨੇ ਥਾਗਲਾ ਪਹਾੜੀ ਉੱਤੇ ਹਮਲਾ ਕਰ ਕੇ ਭਾਰਤੀ ਫੌਜਾਂ ਨੂੰ ਹਰਾ ਦਿੱਤਾ, ਪ੍ਰੰਤੂ ਇਸ ਨੂੰ ਇੱਕ ਛੋਟੀ ਘਟਨਾ ਮੰਨ ਕੇ ਛੱਡ ਦਿੱਤਾ ਗਿਆ। ਨਹਿਰੂ ਇੱਕ ਸੰਮੇਲਨ ਲਈ ਲੰਦਨ ਚਲੇ ਗਏ, ਅਤੇ ਦੇਸ਼ ਵਾਪਿਸ ਆਓਣ ਤੋਂ ਬਾਅਦ 12 ਅਕਤੂਬਰ ਨੂੰ ਕੋਲੰਬੋ ਰਵਾਨਾ ਹੋ ਗਏ। ਇੱਕ ਹਫਤੇ ਬਾਅਦ ਚੀਨੀ ਫੌਜ ਨੇ ਬੜੇ ਪੈਮਾਨੇ ਤੇ ਹਮਲਾ ਬੋਲ ਦਿੱਤਾ ਅਤੇ ਪੂਰਬੀ ਸੈਕਟਰ ਨੇਫਾ ਜਿਸ ਨੂੰ ਬਾਅਦ ਵਿੱਚ ਅਰੂਣਾਚਲ ਪ੍ਰਦੇਸ਼ ਕਿਹਾ ਜਾਣ ਲੱਗਾ, ਵਿੱਚ ਭਾਰਤੀ ਚੌਕੀਆਂ ਉੱਤੇ ਕਬਜਾ ਕਰ ਲਿਆ।
- ਨਹਿਰੂ ਨੇ ਰਾਸ਼ਟਰਪਤੀ ਕੈਨੇਡੀ ਨੂੰ 9 ਨਵੰਬਰ ਨੂੰ ਦੋ ਖਤ ਲਿਖੇ। ਓਹਨਾ ਵਿੱਚ ਚਹਨਾਂ ਨੇ ਹਾਲਾਤਾਂ ਨੂੰ 'ਸੰਕਟਗ੍ਰਸਤ' ਦੱਸਿਆ ਅਤੇ ਵਿਆਪਕ ਸੈਨਿਕ ਸਹਾਇਤਾ ਦੀ ਮੰਗ ਕੀਤੀ। ਓਹਨਾਂ ਨੇ ਬ੍ਰਿਟੇਨ ਤੋਂ ਵੀ ਮਦਦ ਮੰਗੀ। 24 ਘੰਟੇ ਬਾਅਦ ਚੀਨੀਆਂ ਨੇ ਵਾਪਿਸ ਜਾਣ ਦੀ ਇੱਕਤਰਫਾ ਘੋਸ਼ਣਾ ਕੀਤੀ।
- ਆਪਣੇ ਸਵਾਭਿਮਾਨ ਨੂੰ ਲੱਗੇ ਇਸ ਧੱਕੇ ਤੋਂ ਉਭਰਣ ਲਈ ਭਾਰਤ ਨੂੰ ਕਾਫੀ ਸਮਾਂ ਲੱਗਾ। ਸ਼ਾਇਦ ਬੰਗਲਾਦੇਸ਼ ਵਿੱਚ ਪਾਕਿਸਤਾਨ ਉੱਤੇ ਜਿੱਤ ਨੇ ਹੀ ਜਿਸ ਵਿੱਚ ਚੀਨ ਅਤੇ ਪਾਕਿਸਤਾਨ ਦਾ ਸਮਰਥਨ ਕਰ ਰਹੇ ਸਨ, ਭਾਰਤ ਨੂੰ ਆਪਣਾ ਆਤਮ-ਸੱਮਾਨ ਵਾਪਿਸ ਕਰਣ ਵਿੱਚ ਮਦਦ ਕੀਤੀ। ਨਹਿਰੂ ਇਸ ਚੋਟ ਤੋਂ ਕਦੇ ਵੀ ਪੂਰੀ ਤਰਾਂ ਉੱਭਰ ਨਹੀਂ ਸਕੇ। ਸ਼ਾਇਦ ਮਈ 1964 ਵਿੱਚ ਓਹਨਾਂ ਦੀ ਮੌਤ ਪਿੱਛੇ ਵੀ ਇਹ ਵੀ ਇੱਕ ਕਾਰਣ ਸੀ।
- ਹਮਲੇ ਦੀ ਵਿਸ਼ਾਲਤਾ ਨੂੰ ਵੇਖ ਕੇ ਨਹਿਰੂ ਨੂੰ ਬੜਾ ਧੱਕਾ ਲੱਗਾ। ਓਹਨਾਂ ਨੇ ਸੋਚਿਆ ਕਿ ਇਥੇ ਉੱਥੇ ਕੁਝ ਝਗੜੇ-ਟਕਰਾਵ ਹੋਣਗੇ, ਪ੍ਰੰਤੂ ਇੰਨੇ ਵੱਡੇ ਪੈਮਾਨੇ ਤੇ ਹਮਲਾ ਨਹੀਂ ਹੋਵੇਗਾ। ਹਮਲੇ ਦਾ ਸਰੂਪ ਸਮਝਣ ਵਿੱਚ ਓਹਨਾਂ ਨੇ ਭਾਰੀ ਗਲਤੀ ਕੀਤੀ ਨਾ ਕਿ ਵਿਦੇਸ਼ ਨੀਤੀ ਵਿੱਚ। ਇੱਕ ਹੋਰ ਗਲਤੀ ਘਬਰਾਹਟ ਵਿੱਚ ਅਮਰੀਕਾ ਅਤੇ ਬ੍ਰਿਟੇਨ ਤੋਂ ਮਦਦ ਦੀ ਅਪੀਲ ਸੀ, ਜਦੋਂ ਕਿ ਅਗਲੇ ਹੀ ਦਿਨ ਚੀਨ ਵਾਪਿਸ ਚਲਾ ਗਿਆ।

## 12.4 ਸ਼ਬਦਕੋਸ਼ (Keywords)

- ਸ਼ੀਤ ਯੁੱਧ-ਵਾਸਤਵਿਕ ਯੁੱਧ ਨਾ ਹੋ ਕੇ ਵਿਚਾਰਿਕ ਯੁੱਧ ਹੁੰਦਾ ਹੈ।
- ਗੁੱਟਨਿਰਪੱਖਤਾ-ਕਿਸੇ ਵੀ ਗੁੱਟ ਜਾਂ ਦਲ ਜਾਂ ਸੰਗਠਨ ਨਾਲ ਸੰਬੰਧਿਤ ਨਾ ਹੋਣਾ, ਪ੍ਰੰਤੂ ਓਹਨਾਂ ਦੀਆਂ ਗਤੀਵਿਧੀਆਂ ਉੱਤੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨਾ।

## 12.5 ਅਭਿਆਸ ਪ੍ਰਸ਼ਨ (Review Questions)

1. ਭਾਰਤ ਅਤੇ ਚੀਨ ਵਿੱਚ ਸੀਮਾ ਵਿਵਾਦ ਦੀ ਵਿਵੇਚਨਾ ਕਰੋ।

ਨੋਟ

2. ਚੀਨ ਦੁਆਰਾ 1962 ਵਿੱਚ ਭਾਰਤ ਦੇ ਖਿਲਾਫ ਆਕਰਾਮਕਤਾ ਦਾ ਰੁਖ ਅਪਨਾਉਣ ਦਾ ਕੀ ਕਾਰਣ ਸੀ ? ਸਪਸ਼ਟ ਕਰੋ।

**ਉੱਤਰ : ਸਵ-ਮੁੱਲਾਂਕਣ (Answers: Self Assessment)**

(1) ਭਾਰਤ (2) 1950 (3) 1959 (4) ਕੋਂਗਕਾ ਦੱਰੇ

(5) 13

## 12.6 ਸੰਦਰਭ ਪੁਸਤਕਾਂ (Further Readings)

ਬੁਕਸ
1. ਆਜ਼ਾਦੀ ਦੇ ਬਾਅਦ ਦਾ ਭਾਰਤ, ਵਿਪਿਨ ਚੰਦਰ, ਮ੍ਰਦੁਲਾ ਮੁਖਰਜੀ, ਆਦਿਤ ਮੁਖਰਜੀ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
2. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ
3. ਸੁਤੰਤਰਤਾ ਦਾ ਇਤਿਹਾਸ, ਬੀ. ਐਲ. ਗ੍ਰੋਵਰ ਅਤੇ ਯਸ਼ਪਾਲ, ਐਸ ਚੰਦ ਐਂਡ ਕੰਪਨੀ ਲਿ., ਰਾਮਨਗਰ ਦਿੱਲੀ

ਨੋਟ

# ਇਕਾਈ-13: ਮਾਨਚਿੱਤਰ-I (Maps)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
13.1 1857 ਦੇ ਵਿਦਰੋਹ ਦੇ ਮਹੱਤਵਪੂਰਣ ਕੇਂਦਰ (Important Centres of the Revolt 1857)
13.2 ਆਜ਼ਾਦੀ ਤੋਂ ਪਹਿਲਾਂ ਦਾ ਭਾਰਤ (India before Independence)
13.3 ਸਾਰ ਅੰਸ਼ (Summary)
13.4 ਸ਼ਬਦਕੋਸ਼ (Keywords)
13.5 ਅਭਿਆਸ-ਪ੍ਰਸ਼ਨ (Review Questions)
13.6 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਮਾਨਚਿੱਤਰ ਦੇ ਮਾਧਿਅਮ ਨਾਲ 1857 ਦੇ ਵਿਦਰੋਹ, ਆਜ਼ਾਦੀ ਤੋਂ ਪਹਿਲਾਂ ਦੀ ਭਾਰਤ ਦੀ ਭੂਗੋਲਿਕ, ਰਾਜਨੀਤਿਕ ਸਥਿਤੀ ਨੂੰ ਸਮਝਣ ਅਤੇ ਵਿਸ਼ਲੇਸ਼ਣ ਕਰਣ ਵਿੱਚ।

## ਜਾਣਕਾਰੀ (Introduction)

ਗਵਰਨਰ ਜਨਰਲ ਲਾਰਡ ਕੈਨਿੰਗ ਨੂੰ ਭਾਰਤ ਆਉਂਦੇ ਹੀ ਇੱਕ ਅਜਿਹੀ ਪਰਿਸਥਿਤੀ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਸਾਰੇ ਭਾਰਤਵਾਸੀ ਅੰਗਰੇਜੀ ਰਾਜ ਤੋਂ ਅਸੰਤੁਸ਼ਟ ਹੋ ਕੇ ਉਸਦਾ ਮੂਲਛੇਦਨ ਕਰਣ ਨੂੰ ਤਿਆਰ ਸਨ। ਅਤੇ ਜਦੋਂ 10 ਮਈ 1857 ਨੂੰ ਮੇਰਠ ਤੋਂ ਸੁਤੰਤਰਤਾ ਸੰਗਰਾਮ ਦਾ ਸ਼੍ਰੀਗਣੇਸ਼ ਹੋਇਆ ਤਾਂ ਅੰਗਰੇਜਾਂ ਨੇ ਇਸ ਨੂੰ "ਸੈਨਿਕ ਵਿਦਰੋਹ" ਦਾ ਨਾਂ ਦੇ ਕੇ ਆਪਣੀ ਸ਼ਕਤੀ ਨਾਲ ਬਰਬਰਤਾ ਅਤੇ ਕ੍ਰੂਰਤਾ ਨੂੰ ਵੀ ਸ਼ਿਖਰ ਤੱਕ ਪਹੁੱਚਾ ਦਿੱਤਾ। ਇਤਿਹਾਸ ਇਸ ਗੱਲ ਦਾ ਸਬੂਤ ਹੈ ਕਿ ਹਰ ਘਟਨਾ ਦੇ ਆਪਣੇ ਅਨੇਕ ਕਾਰਣ ਹੁੰਦੇ ਹਨ। ਇਸੇ ਤਰਾਂ ਭਾਰਤ ਦੀ ਇਸ ਕ੍ਰਾਂਤੀ ਦੇ ਵੀ ਅਨੇਕਾਂ ਕਾਰਣ ਸਨ। ਪ੍ਰੰਤੂ ਇਹ ਸੱਚ ਹੈ ਕਿ ਇਸ ਤੋਂ ਪਹਿਲਾਂ ਅੰਗਰੇਜਾਂ ਨੂੰ ਭਾਰਤ ਤੋਂ ਕੱਢਣ ਦੀਆਂ ਕੋਸ਼ਿਸ਼ਾਂ ਵਿਅਕਤੀ ਵਿਸ਼ੇਸ਼ ਹੀ ਕਰਿਆ ਕਰਦੇ ਸਨ, ਜਿਵੇਂ ਬੰਗਾਲ ਵਿੱਚ ਅਲੀਵਰਦੀ ਖਾਂ ਅਤੇ ਮੀਰ ਕਾਸਿਮ ਦੀਆਂ ਕੋਸ਼ਿਸ਼ਾਂ, ਦੱਖਣ ਵਿੱਚ ਹੈਦਰ ਅਲੀ ਅਤੇ ਟੀਪੂ ਸੁਲਤਾਨ-ਫਿਰ ਮਰਾਠਾ ਸੰਘ ਨੇ ਕੋਸ਼ਿਸ਼ ਕੀਤੀ। ਨਾਨਾ ਫੜਨਵੀਸ, ਸਿੰਧੀਆ, ਹੋਲਕਰ, ਪੇਸ਼ਵਾ, ਗਾਇਕਵਾੜ, ਭੌਂਸਲੇ ਸਭ ਚਾਹੁੰਦੇ ਸਨ ਕਿ ਅੰਗਰੇਜ਼ ਕਿਸੇ ਤਰਾਂ ਭਾਰਤ ਤੋਂ ਕੱਢ ਦਿੱਤੇ ਜਾਣ। ਸਿੱਖ ਸੈਨਾ ਨੇ 1849 ਤੱਕ ਇਹੀ ਕੋਸ਼ਿਸ਼ ਕੀਤੀ ਪ੍ਰੰਤੂ ਸਿੱਖਾਂ ਦਾ ਅੰਗਰੇਜਾਂ ਨੂੰ ਲੜ ਕੇ ਭਾਰਤ ਵਿੱਚੋਂ ਕੱਢਣ ਦੀ ਆਖਰੀ, ਏਕਾਕੀ ਕੋਸ਼ਿਸ਼ ਸੀ। ਹੁਣ ਤੱਕ ਭਾਰਤਵਾਸੀ ਇਹੀ ਸੋਚੇ ਬੈਠੇ ਸਨ ਕਿ ਸ਼ਾਇਦ ਕੋਈ ਤਾਂ ਅੰਗਰੇਜਾਂ ਨੂੰ ਭਾਰਤ ਤੋਂ ਬਾਹਰ ਕੱਢੇਗਾ। ਓਹਨਾਂ ਨੇ ਬਾਹਰੀ ਸ਼ਕਤੀਆਂ ਵੱਲ ਵੀ ਵੇਖਿਆ ਸੀ। ਨੇਪੋਲਿਅਨ, ਫਾਰਸ,ਅਫਗਾਨਿਸਤਾਨ ਅਤੇ ਰੂਸ ਦੀਆਂ ਸ਼ਕਤੀਆਂ ਨੂੰ ਪੂਰਬ ਵੱਲ ਅੰਗਰੇਜਾਂ ਦੇ ਵਿਰੁੱਧ ਪ੍ਰਸਾਰ ਕਰਦੇ ਹੋਏ ਦੇਖਿਆ ਸੀ ਪ੍ਰੰਤੂ ਕੋਈ ਵੀ ਹਿੰਦੂਕੁਸ਼ ਨੂੰ ਪਾਰ ਨਾ ਕਰ ਸਕਿਆ। ਅੰਤ ਵਿੱਚ ਰਾਸ਼ਟਰ ਨੇ ਆਪਣੇ ਆਪ ਅੰਗੜਾਈ ਲਈ, ਸਚੇਤ ਹੋਇਆ ਅਤੇ ਫਿਰ ਇੱਕ ਵਾਰ ਆਪਣੇ ਭਾਗ ਨੂੰ ਅਜਮਾਓਣ ਲਈ ਅੰਗਰੇਜਾਂ ਨਾਲ ਟਕਰਾ ਗਿਆ। ਪਹਿਲੀ ਵਾਰ ਭਾਰਤੀ ਇਤਿਹਾਸ ਵਿੱਚ ਇਹ ਜਨ-ਜਾਗਰਣ ਕ੍ਰਾਂਤੀ ਸੀ, ਆਪਣੀ ਸੁਤੰਤਰਤਾ ਨੂੰ ਸਥਾਪਿਤ ਕਰਣ ਲਈ, ਅਨਿਆਂ ਅਤੇ ਅੱਤਿਆਚਾਰ ਦੇ ਵਿਰੁੱਧ, ਵਿਦੇਸ਼ੀ ਸ਼ਾਸਨ ਨੂੰ ਖਤਮ ਕਰਣ ਲਈ। ਇਸ ਤੋਂ ਇਲਾਵਾ ਹੇਠਾਂ ਲਿਖੇ ਕਾਰਣ ਵੀ ਇਸ ਕ੍ਰਾਂਤੀ ਨੂੰ ਪ੍ਰਜੱਵਲਿਤ ਕਰਣ ਵਿੱਚ ਸਹਾਇਕ ਹੋਏ।

## 13.1 1857 ਦੀ ਮਹਾਨ ਰਾਸ਼ਟਰੀ ਕ੍ਰਾਂਤੀ (The Great Revolt of 1857)

ਨੋਟ

**ਰਾਜਨੀਤਿਕ ਕਾਰਣ**-(1) ਭਾਰਤ ਦੀ ਸੰਪੂਰਣ ਰਾਜਨੀਤਿਕ ਸੱਤਾ ਸਿਧਾਂਤਕ ਰੂਪ ਨਾਲ (De Jure) ਮੁਗਲ ਸਮਰਾਟ ਕੋਲ਼ ਅਤੇ ਵਾਸਤਵਿਕ ਰੂਪ (De Facto) ਨਾਲ਼ ਮਰਾਠਿਆਂ ਦੇ ਹੱਥ ਵਿੱਚ ਸੀ। ਪ੍ਰੰਤੂ ਇਲਾਹਾਬਾਦ ਦੀ ਸੰਧੀ ਨਾਲ ਮੁਗਲ ਸਮਰਾਟ ਅਤੇ 1818 ਈ. ਨੂੰ ਪੇਸ਼ਵਾ ਦੀ ਹਾਰ ਤੋਂ ਬਾਅਦ ਮਰਾਠੇ ਗਿਆ। (2) 1835 ਈ. ਨੂੰ ਅੰਗਰੇਜਾਂ ਨੇ ਕੰਪਨੀ ਦੇ ਸਿੱਕਿਆਂ




ਤੋਂ ਮੁਗਲ- ਸਮਰਾਟ ਦਾ ਨਾਂ ਹਟਾ ਵੀ ਸ਼ਕਤੀਹੀਣ ਕਰ ਦਿੱਤੇ ਗਏ। ਇਸ ਨਾਲ ਭਾਰਤ ਦਾ ਸ਼ਾਸਕ ਵਰਗ ਅੰਗਰੇਜਾਂ ਦਾ ਦੁਸ਼ਮਣ ਬਣਾ ਦਿੱਤਾ, ਇਸ ਨਾਲ ਜਨ- ਸਾਧਾਰਣ ਦੇ ਦਿਲ ਨੂੰ ਬੜੀ ਚੋਟ ਲੱਗੀ। ਹੁਣ ਤੋਂ ਕੰਪਨੀ ਦੇ ਸਿੱਕਿਆ ਤੇ ਇੰਗਲੈਂਡ ਦੇ ਰਾਜਾ ਦਾ ਨਾਂ ਅੰਕਿਤ ਹੋਣ ਲੱਗਾ। ਇਸ ਨੂੰ ਭਾਰਤੀਆਂ ਨੇ ਗੁਲਾਮੀ ਦਾ ਚਿੰਨ ਸਮਝਿਆ। (3) ਆਰੰਭ ਤੋਂ ਹੀ ਵਿਜੇਤਾ ਅੰਗਰੇਜਾਂ ਨੇ ਭਾਰਤੀ ਨਰੇਸ਼ਾਂ, ਬੰਗਾਲ ਦੇ ਨਵਾਬ, ਟੀਪੂ ਸੁਲਤਾਨ, ਹੈਦਰਾਬਾਦ ਦੇ ਨਵਾਬ, ਪੇਸ਼ਵਾ, ਭੌਂਸਲੇ, ਸਿੰਧੀਆ, ਗਾਇਕਵਾੜ, ਹੋਲਕਰ,ਝਾਂਸੀ ਦੀ ਰਾਣੀ,ਕਰਨਾਟਕ, ਤੰਜੌਰ,ਰਾਣੀ ਜ਼ਿੰਦਨ ਅਤੇ ਪੰਜਾਬ ਦੇ ਹੋਰ ਨੇਤਾਵਾਂ ਦੇ ਨਾਲ ਜਿਸ ਅਸ਼ਿਸ਼ਟਤਾ ਅਤੇ ਅਨੁਚਿਤ ਵਿਵਹਾਰ ਕੀਤਾ, ਇੱਕ ਤੋਂ ਬਾਅਦ ਦੂਜੇ ਨੂੰ ਸਿੰਘਾਸਣਹੀਣ ਅਤੇ ਅਪਮਾਨਿਤ ਕੀਤਾ, ਤਾਂ

ਨੋਟ

ਇਸ ਨਾਲ ਸੰਪੂਰਣ ਭਾਰਤੀ ਜਨਤਾ ਪ੍ਰਤੀਰੋਧ ਦੀ ਅੱਗ ਵਿੱਚ ਪ੍ਰਜਵੱਲਿਤ ਹੋ ਉੱਠੀ।ਡਲਹੌਜੀ ਨੇ ਭੂਤਪੂਰਵ ਪੇਸ਼ਵਾ ਬਾਜੀਰਾਓ ਦੂਜੇ ਦੇ ਦੱਤਕ ਪੁੱਤਰ ਨਾਨਾ ਸਾਹਿਬ ਦੀ ਪੈਂਸ਼ਨ ਬੰਦ ਕਰਕੇ ਸਾਰੀ ਹਿੰਦੂ ਜਾਤੀ ਨੂੰ ਕ੍ਰੋਧਿਤ ਕਰ ਦਿੱਤਾ , ਨਾਲ ਹੀ ਡਲਹੌਜੀ ਦੀ ਰਾਜ ਸੰਯੋਜਨ ਅਤੇ ਹੜੱਪਣ ਦੇ ਸਿਧਾਂਤ ਨੇ ਵੀ ਭਾਰਤੀ ਨਿਵਾਸੀਆਂ ਨੂੰ ਵੀ ਨਿਰਾਸ਼ ਕੀਤਾ। ਬੈਂਟਿੰਕ ਨੇ ਬੇਲਗਾਂਵ ਦੀਆਂ ਜ਼ਿਮੀਦਾਰੀਦਾਰੀਆਂ ਨੂੰ ਜ਼ਬਤ ਕਰ ਲਿਆ। 1852 ਈ. ਵਿੱਚ ਬੰਬਈ ਵਿੱਚ ਇਮਾਮ ਕਮਿਸ਼ਨ ਦੁਆਰਾ ਕਰੀਬ 20,000 ਜ਼ਿਮੀਦਾਰੀਆਂ ਖੋਹ ਲਈਆਂ ਗਈਆਂ ।ਅਵਧ, ਝਾਂਸੀ,ਨਾਗਪੁਰ, ਕਰਨਾਟਕ, ਤੰਜੌਰ ਅਤੇ ਬਰਾਰ ਬਲ ਦੁਆਰਾ ਬ੍ਰਿਟਿਸ਼ ਰਾਜ ਵਿੱਚ ਮਿਲਾ ਲਏ ਗਏ। ਇਸ ਨਾਲ ਭਾਰਤ ਦੇ ਜ਼ਿਮੀਦਾਰ ਅਤੇ ਤਾਲੁਕਦਾਰ ਅੰਗਰੇਜਾਂ ਦੇ ਵਿਰੁੱਧ ਹੋ ਗਏ ਅਤੇ ਫਿਰ ਡਲਹੌਜੀ ਦੀ ਇਸ ਘੋਸ਼ਣਾ ਨੇ ਕਿ ਬਹਾਦੁਰਸ਼ਾਹ ਦੀ ਮੌਤ ਤੋਂ ਬਾਅਦ ਮੁਗਲ ਸ਼ਹਿਜਾਦੇ ਕੁਤੁਬ ਜਾਣਗੇ, ਅਤੇ ਲਾਲ ਕਿਲਾ ਅੰਗਰੇਜਾਂ ਦੇ ਅਧਿਕਾਰ ਵਿੱਚ ਆ ਜਾਵੇਗਾ, ਅੱਗ ਵਿੱਚ ਘੀ ਦਾ ਕੰਮ ਕੀਤਾ।

**ਸਮਾਜਿਕ ਅਤੇ ਧਾਰਮਿਕ ਕਾਰਣ–**ਅੰਗਰੇਜਾਂ ਨੇ ਭਾਰਤੀਆਂ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਵਿੱਚ ਇੰਨਾ ਜ਼ਿਆਦਾ ਹਸਤਖੇਪ ਕੀਤਾ ਕਿ ਪੂਰੇ ਭਾਰਤ ਦੀ ਹਿੰਦੂ ਅਤੇ ਮੁਸਲਮਾਨ ਜਨਤਾ ਵਿਦਰੋਹੀ ਹੋ ਗਈ। ਭਾਰਤ ਵਿੱਚ ਪੱਛ ਮੀ ਸੱਭਿਅਤਾ ਦਾ ਪ੍ਰਚਾਰ ਆਰੰਭ ਹੋ ਚੁਕਾ ਸੀ।ਡੱਚ, ਪੁਰਤਗਾਲੀ ਅਤੇ ਫਿਰ ਅੰਗਰੇਜ਼ ਈਸਾਈ ਧਰਮ ਦਾ ਪ੍ਰਚਾਰ ਕਰਦ ਵਿੱਚ ਲੱਗੇ ਹੋਏ ਸਨ।1935 ਈ. ਤੋਂ ਅੰਗਰੇਜੀ ਭਾਸ਼ਾ ਸਿੱਖਿਆ ਦਾ ਮਾਧਿਅਮ ਬਣ ਚੁਕੀ ਸੀ। ਸਤੀ ਅਤੇ ਬਾਲ-ਵਿਵਾਹ ਪ੍ਰਥਾਵਾਂ ਕਾਨੂੰਨਨ ਬੰਦ ਕਰ ਦਿੱਤੀਆ ਗਈਆਂ ਸਨ।ਵਿਧਵਾ ਵਿਵਾਹ ਦਾ ਕਾਨੂੰਨ ਬਣ ਚੁਕਾ ਸੀ। ਈਸਾਈ ਹੋਣ ਵਾਲੇ ਵਿਅਕਤੀਆਂ ਨੂੰ ਅੰਗਰੇਜਾਂ ਵੱਲੋਂ ਪ੍ਰੋਤਸਾਹਨ ਅਤੇ ਸੱਮਾਨ ਮਿਲਦਾ ਸੀ। ਇਸ ਤਰਾਂ ਅੰਗਰੇਜਾਂ ਦੇ ਭਾਰਤ ਦੇ ਪੱਛਮੀਕਰਣ ਕਰਣ, ਪ੍ਰਚੱਲਿਤ ਸਮਾਜਿਕ ਅਤੇ ਧਾਰਮਿਕ ਪ੍ਰਥਾਵਾਂ ਨੂੰ ਬਦਲਣ ਅਤੇ ਈਸਾਈ ਧਰਮ ਨੂੰ ਪ੍ਰੋਤਸਾਹਨ ਦੇਣ ਦੇ ਕੰਮਾਂ ਨੇ ਭਾਰਤ ਦੇ ਧਾਰਮਿਕ ਵਿਚਾਰਾਂ ਨੂੰ ਬੜੀ ਚੋਟ ਪਹੁੰਚਾਈ। ਸਮੁੰਦਰ ਯਾਤਰਾ ਕਰਣ, ਰਲਗੱਡੀਆਂ ਚੱਲਣ, ਡਾਕ ਤਾਰ ਅਤੇ ਟੇਲੀਗ੍ਰਾਫ ਵਿਭਾਗਾਂ ਦੇ ਖੁੱਲਣ ਨਾਲ ਭਾਰਤੀ ਜਨਤਾ ਨੇ ਸਮਝਿਆ , ਕਿ ਇਹ ਸਭ ਸਾਡਾ ਧਰਮ ਵਿਗਾੜਣ ਲਈ ਕੀਤਾ ਗਿਆ ਹੈ।

**ਸੈਨਿਕ ਕਾਰਣ–** ਭਾਰਤੀ ਸਮਾਜ ਦੇ ਵਿਅਕਤੀ ਜੋ ਸਿੱਧੇ ਅੰਗਰੇਜੀ ਵਿਵਹਾਰ, ਸ਼ਾਸਨ ਅਤੇ ਨਿਯਮਾਂ ਤੋਂ ਪ੍ਰਭਾਵਿਤ ਹੋਏ ਅਤੇ ਸੰਪਰਕ ਵਿੱਚ ਆਏ ਓਹ ਸਨ ਜੋ ਅੰਗਰੇਜੀ ਸੈਨਾ ਵਿੱਚ ਭਰਤੀ ਸਨ। ਭਾਰਤੀ ਸੈਨਿਕ ਵਰਗ ਦਾ ਅੰਗਰੇਜਾਂ ਨਾਲ ਸਿੱਧਾ ਸੰਪਰਕ ਰਿਹਾ ਅਤੇ ਓਹ ਵੀ ਮਾਲਿਕ ਅਤੇ ਨੌਕਰ ਦੇ ਰੂਪ ਵਿੱਚ।ਭਾਰਤੀ ਸੰਸਕ੍ਰਿਤੀ, ਸੱਭਿਅਤਾ ਅਤੇ ਆਚਾਰ-ਵਿਚਾਰਾਂ ਦੀ ਪੁਸ਼ਠਭੂਮੀ ਵਿੱਚ ਲਾਲਿਤ-ਪਾਲਿਤ ਇਸ ਸੈਨਿਕ ਵਰਗ ਦੇ ਉੱਪਰ ਜਦੋਂ ਅੰਗਰੇਜਾਂ ਨੇ ਆਪਣੀ ਸੁਵਿਧਾ ਅਤੇ ਆਪਣੀ ਇੱਛਾਨੁਸਾਰ ਨਿਯਮਾਂ ਨੂੰ ਥੱਪ ਦਿੱਤਾ, ਤਾਂ ਆਪਣੇ ਆਪ ਹੀ ਭਾਰਤੀ ਸੈਨਾ ਬੇਚੈਨ ਹੋ ਉੱਠੀ। ਉਸਨੇ ਸ਼ਿਕਾਇਤ ਕੀਤੀ, ਪ੍ਰੰਤੂ ਜਦੋਂ ਅੰਗਰੇਜਾਂ ਨੇ ਉਸ ਨੂੰ ਨਹੀਂ ਸੁਣਆ ਤਾਂ ਓਹ ਵਿਦਰੋਹੀ ਬਣ ਗਈ। 1806 ਈ. ਵਿੱਚ ਵੈਲੋਰ ਵਿੱਚ ਸੈਨਾ ਨੇ ਵਿਦਰੋਹ ਕਰ ਦਿੱਤਾ, 1844 ਵਿੱਚ 34ਵੀਂ ਰੈਜੀਮੈਂਟ ਨੇ, 1949 ਵਿੱਚ 22ਵੀਂ ਰੈਜੀਮੈਂਟ ਨੇ, 1850 ਵਿੱਚ 66ਵੀਂ ਰੈਜੀਮੈਂਟ ਨੇ , 1852 ਵਿੱਚ 38ਵੀਂ ਰੈਜੀਮੈਂਟ ਨੇ ਵਿਦਰੋਹ ਦੁਆਰਾ ਵਿਰੋਧ ਪ੍ਰਗਟ ਕੀਤਾ। ਸਿੱਖ ਅਤੇ ਅਫਗਾਨ ਯੁੱਧਾਂ ਨੇ ਸੈਨਾ ਉੱਤੇ ਬੁਰਾ ਪ੍ਰਭਾਵ ਪਾਇਆ। ਬੰਗਾਲ ਸੈਨਾ ਵਿੱਚ ਜ਼ਿਆਦਾਤਰ ਅਵਧ ਅਤੇ ਉੱਤਰ-ਪੱਛਮੀ ਪ੍ਰਾਂਤਾਂ ਦੇ ਉੱਚ ਵਰਗ ਦੇ ਵਿਅਕਤੀ ਸਨ। 1857 ਦੇ ਸਮੇਂ ਭਾਰਤ ਵਿੱਚ ਭਾਰਤੀ ਸਿਪਾਹੀ 2,33,000 ਸਨ, ਜਦੋਂ ਕਿ ਬ੍ਰਿਟਿਸ਼ ਸਿਪਾਹੀ 45,322 ਸਨ।ਇੰਗਲੈਂਡ ਉਸ ਸਮੇਂ ਕ੍ਰੀਮੀਆ,ਫਾਰਸ ਅਤੇ ਚੀਨ ਦੇ ਯੁੱਧਾਂ ਵਿੱਚ ਫਸਿਆ ਹੋਇਆ ਸੀ। ਲਾਰਡ ਕੈਨਿੰਗ ਨੇ ਜਨਰਲ ਸਰਵਿਸ ਐਨਲਿਸਟਮੈਂਟ ਐਕਟ ਕੱਢਿਆ, ਜਿਸਦੇ ਅਨੁਸਾਰ ਭਾਰਤੀ ਸੈਨਾ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਕਿਤੇ ਵੀ ਭੇਜਿਆ ਜਾ ਸਕਦਾ ਸੀ। ਸੈਨਾ ਵਿੱਚ ਇਸ ਨਾਲ ਬੜਾ ਅਸੰਤੋਸ਼ ਫੈਲਿਆ। ਪ੍ਰੰਤੂ ਕ੍ਰਾਂਤੀ ਦਾ ਤਤਕਾਲ ਕਾਰਣ ਐਨਫੀਲਡ ਬੰਦੂਕਾਂ ਦੇ ਕਾਰਤੂਸ ਚਲਾਓਣਾ ਸੀ।ਇਨਾਂ ਕਾਰਤੂਸਾਂ ਨੂੰ ਚਲਾਓਣ ਲਈ ਮੂੰਹ ਨਾਲ ਉਸ ਵਿੱਚ ਲੱਗੀ ਚਰਬੀ ਕੱਟਣੀ ਪੈਂਦੀ ਸੀ।ਹਿੰਦੂਆਂ ਨੇ ਇਸ ਨੂੰ ਗਾਂ ਅਤੇ ਮੁਸਲਮਾਨਾਂ ਨੇ ਇਸ ਨੂੰ ਸੂਰ ਦੀ ਚਰਬੀ ਸਮਝਿਆ। ਬਸ, ਫੌਰਨ ਅੱਗ ਭੜਕ ਉੱਠੀ। 29 ਮਾਰਚ ਨੂੰ 34ਵੀਂ ਰੈਜੀਮੈਂਟ ਦੇ ਐਡਜਟੈਂਟ ਨੂੰ ਮੰਗਲ ਪਾਂਡੇ ਨੇ ਮਾਰ ਦਿੱਤਾ। 3 ਮਈ ਨੂੰ ਲਖਨਊ ਵਿੱਚ ਅਵਧ ਇਨਫੈਂਟਰੀ ਨੇ ਵਿਦਰੋਹ ਕਰ ਦਿਤਾ ਅਤੇ 9 ਮਈ ਨੂੰ ਮੇਰਠ ਦੀ ਛਾਵਣੀ ਵਿੱਚ ਵਿਦਰੋਹ ਹੋ ਗਿਆ।

ਓਧਰ ਮੁਗਲ ਸਮਰਾਟ ਬਹਾਦੁਰਸ਼ਾਹ , ਨਾਨਾ ਸਾਹਿਬ , ਪੇਸ਼ਵਾ ਅਤੇ ਓਹਨਾਂ ਦੇ ਵਕੀਲ ਅਜੀਮੁੱਲਾ, ਅਵਧ ਦੀਆਂ ਬੇਗਮਾਂ ਅਤੇ ਸਰਦਾਰ, ਝਾਂਸੀ ਦੀ ਰਾਣੀ ਲਕਸ਼ਮੀਬਾਈ, ਜਗਦੀਸ਼ਪੁਰ ਦੇ ਜ਼ਿਮੀਦਾਰ ਕੁਵੰਰਸਿੰਘ, ਤਾਂਤਿਆ ਟੋਪੇ, ਮੌਲਵੀ ਅਹਿਮਦਸ਼ਾਹ ਅਤੇ ਵਜੀਰ ਅਲੀ ਨਕੀ ਖ਼ਾਂ ਆਦਿ ਵਿਦਰੋਹ ਦਾ ਸੰਗਠਨ ਅਤੇ ਨਿਯੰਤਰਣ ਕਰ ਰਹੇ ਸਨ।

**1857 ਦੀ ਕ੍ਰਾਂਤੀ ਦੇ ਮਹੱਤਵਪੂਰਣ ਕੇਂਦਰ (Important Centres of the Revolt 1857)–** ਕ੍ਰਾਂਤੀ ਦੇ ਨੇਤਾ ਬਹਾਦੁਰਸ਼ਾਹ, ਨਾਨਾ ਸਾਹਿਬ ਅਤੇ ਓਹਨਾਂ ਦੇ ਵਕੀਲ ਅਜੀਮੁੱਲਾ ਖ਼ਾਂ ਅਤੇ ਤਾਂਤਿਆ ਟੋਪੇ ਨੇ ਕਾਂਤੀ ਦੀ ਤਾਰੀਖ 31 ਮਈ ਰੱਖੀ ਸੀ, ਪ੍ਰੰਤੂ ਪਹਿਲਾਂ 29 ਮਾਰਚ ਨੂੰ ਬੈਰਕਪੁਰ ਦੀ ਛਾਵਣੀ ਵਿੱਚ ਮੰਗਲ ਪਾਂਡੇ ਨੇ ਵਿਦਰੋਹ ਕੀਤਾ ਅਤੇ ਉਸ ਨੂੰ ਫਾਂਸੀ ਹੋ ਗਈ। ਫਿਰ 3 ਮਈ ਨੂੰ ਲਖਨਊ ਦੀ ਇਨਫੈਂਟਰੀ ਨੇ ਕੀਤਾ, ਓਹ ਵੀ ਜਲਦੀ ਹੀ ਦਬਾ ਦਿੱਤਾ ਗਿਆ ਅਤੇ ਫਿਰ

9 ਮਈ ਨੂੰ ਮੇਰਠ ਦੇ ਬਾਗੀ ਸਿਪਾਹੀਆਂ ਨੂੰ ਜਦੋਂ ਲੰਬੀਆਂ ਲੰਬੀਆਂ ਸਜ਼ਾਵਾਂ ਸੁਣਾਈਆਂ ਗਈਆਂ ਤਾਂ 10 ਮਈ ਨੂੰ ਮੇਰਠ ਦੀ ਸੈਨਾ ਨੇ ਵਿਦਰੋਹ ਕਰ ਦਿੱਤਾ ।ਓਹਨਾਂ ਨੇ ਜੇਲ ਤੋੜ ਦਿੱਤੀ, ਬੰਦੀ ਸਿਪਾਹੀਆਂ ਨੂੰ ਸੁਤੰਤਰ ਕਰ ਦਿੱਤਾ ਅਤੇ ਫਿਰ ਮੇਰਠ ਵਿੱਚ ਹਿੰਸਾਤਮਕ ਕਾਰਵਾਈ ਕਰ ਕੇ 11 ਮਈ ਨੂੰ ਬਲਵਈ ਦਿੱਲੀ ਚਲੇ ਗਏ।ਓਹਨਾਂ ਨੇ ਦਿੱਲੀ ਜਿੱਤ ਲਈ ਅਤੇ ਬਹਾਦੁਰਸ਼ਾਹ ਨੂੰ ਸਮਰਾਟ ਘੋਸ਼ਿਤ ਕਰ ਦਿੱਤਾ।ਇਸ ਸਮੇਂ ਤੱਕ ਦਿੱਲੀ, ਲਖਲਊ, ਕਾਨਪੁਰ, ਇਲਾਬਾਦ,ਝਾਂਸੀ, ਬਰੇਲੀ, ਨੀਮਚ, ਬਨਾਰਸ , ਬੁੰਦੇਲਖੰਡ, ਗਵਾਲਿਅਰ, ਆਰਾ ਅਤੇ ਮੱਧ ਭਾਰਤ ਵਿਦਰੋਹ ਦੇ ਕੇਂਦਰ ਬਣ ਗਏ।ਕਾਨਪੁਰ ਵਿੱਚ ਨਾਨਾ ਸਾਹਿਬ ਨੇ ਆਪਣੇ ਆਪ ਨੂੰ ਪੇਸ਼ਵਾ ਘੋਸ਼ਿਤ ਕਰ ਕੇ ਅੰਗਰੇਜਾਂ ਵਿਰੁੱਧ ਯੁੱਧ ਛੇੜ ਦਿੱਤਾ।ਲਖਨਊ ਵਿੱਚ ਹੇਨਰੀ ਲਾਰੇਂਸ ਦੀ ਮੌਤ ਹੋ ਗਈ।ਹੇਵਲਾਕ ਲਖਨਊ ਆਇਆ, ਫਿਰ ਜੇਮਸ ਆਓਟ੍ਰਮ ਆਇਆ: ਜਨਰਲ ਨੀਲ ਨੇ ਵਿਦਰੋਹੀਆਂ ਦਾ ਦਮਨ ਕੀਤਾ, ਪ੍ਰੰਤੂ ਉਸਦੀ ਮੌਤ ਹੋ ਗਈ।ਸਰ ਕੈਂਪਬੈਲ ਜੋ ਪ੍ਰਧਾਨ ਸੇਨਾਪਤੀ ਸੀ, ਨੇ ਲਖਨਊ ਦੁਬਾਰਾ ਜਿੱਤਿਆ।ਜਨਰਲ ਐਲਵਿਲਸਨ, ਨਿਕੋਲਸਨ, ਨੇਵਿਲ ਚੇਂਬਰਲੇਨ ਨੇ ਫਿਰ ਦਿੱਲੀ ਜਿੱਤੀ: ਬਹਾਦੁਰਸ਼ਾਹ ਬੰਦੀ ਬਣਾ ਕੇ ਰੰਗੂਨ ਭੇਜ ਦਿੱਤਾ ਗਿਆ।ਲੈਫਟੀਨੈਂਟ ਹਡਸਨ ਨੇ ਮੁਗਲ ਸ਼ਹਿਜ਼ਾਦਿਆਂ ਦਾ ਖਾਤਮਾ ਕਰ ਦਿੱਤਾ।ਕੈਂਪਬੈਲ ਨੇ ਤਾਂਤਿਆ ਟੋਪੇ ਅਤੇ ਵਿਦਰੋਹੀਆਂ ਨੂੰ ਕਾਲਪੀ ਵਿੱਚ ਹਰਾਇਆ। ਸਰ ਹਿਊ ਰੋਜ਼ ਨੇ ਝਾਂਸੀ ਦੀ ਰਾਣੀ ਨੂੰ ਹਰਾਇਆ। ਸਰ ਹਿਊ ਨੇ ਫਿਰ ਕਾਲਪੀ ਅਤੇ ਗਵਾਲਿਅਰ ਵੀ ਜਿੱਤੇ। ਝਾਂਸੀ ਦੀ ਰਾਣੀ ਲੜਦੇ ਲੜਦੇ ਮਰ ਗਈ। ਤਾਂਤਿਆ ਟੋਪੇ ਪਕੜ ਕੇ ਫਾਂਸੀ ਤੇ ਲਟਕਾ ਦਿ!ਤਾ ਗਿਆ। ਨਾਨਾ ਸਾਹਿਬ ਭੱਜ ਕੇ ਨੇਪਾਲ ਚਲੇ ਗਏ।

ਇਸ ਤਰਾ ਅੰਗਰੇਜਾਂ ਨੇ "ਸੁਤੰਤਰਤਾ ਦੇ ਦੀਵਾਨਿਆਂ" ਦਾ ਪੂਰੀ ਤਰਾਂ ਖਾਤਮਾ ਕਰ ਕੇ ਭਾਰਤ ਨੂੰ ਫਿਰ ਤੋਂ ਆਪਣੇ ਸ਼ਿਕੰਜੇ ਵਿੱਚ ਜਕੜ ਲਿਆ।


**ਨਤੀਜੇ-**ਕ੍ਰਾਂਤੀ ਤੋਂ ਬਾਅਦ ਇੰਗਲੈਂਡ ਪਾਰਲੀਆਮੈਂਟ ਨੇ ਕਾਨੂੰਨ ਪਾਸ ਕੀਤਾ, ਜਿਸ ਦੇ ਦੁਆਰਾ (1) ਕੰਪਨੀ ਦਾ ਭਾਰਤ ਵਿੱਚ ਸ਼ਾਸਨ ਖਤਮ ਕਰ ਦਿੱਤਾ ਗਿਆ। (2) ਭਵਿੱਖ ਵਿੱਚ ਸ਼ਾਸਨ ਪ੍ਰਬੰਧ ਮਹਾਰਾਣੀ ਵਿਕਟੋਰੀਆ ਦੇ ਨਾਂ ਨਾਲ ਇੰਗਲੈਂਡ ਦੀ ਪਾਰਲੀਆਮੈਂਟ ਦੇ ਹੱਥ ਵਿੱਚ ਚਲਾ ਗਿਆ। (3) ਭਾਰਤ ਦੇ ਲਈ ਇੰਗਲੈਂਡ ਵਿੱਚ ਇੱਕ ਸੈਕਰੇਟਰੀ ਓਫ ਸਟੇਟ ਦੀ ਨਿਯੁਕਤੀ ਹੋਈ। (4) 15 ਮੈਂਬਰਾਂ ਦੀ ਇੱਕ ਕੌਂਸਿਲ ਨਿਯੁਕਤ ਕੀਤੀ ਗਈ। (5) ਭਾਰਤ ਦੀ ਸੰਪੂਰਣ ਜਲ, ਥਲ ਸੇਨਾ ਉੱਤੇ ਇੰਗਲੈਂਡ ਦਾ ਅਧਿਕਾਰ ਘੋਸ਼ਿਤ ਕਰ ਦਿੱਤਾ ਗਿਆ। (6) ਨਵੰਬਰ 1858 ਵਿੱਚ ਇਲਾਹਾਬਾਦ ਦੇ ਦਰਬਾਰ ਵਿੱਚ ਲਾਰਡ ਕੈਨਿੰਗ ਨੇ ਮਹਾਰਾਣੀ ਵਿਕਟੋਰੀਆ ਦੀ ਘੋਸ਼ਣਾ ਸੁਣਾਈ, ਜਿਸ ਵਿੱਚ ਭਾਰਤਵਾਸੀਆਂ ਨੂੰ ਓਹਨਾਂ ਦੇ ਧਰਮ, ਪ੍ਰਥਾ ਅਤੇ ਵਿਸ਼ਵਾਸਾਂ ਵਿੱਚ ਹਸਤਖੇਪ ਨਾ ਕਰਣ ਦਾ ਆਸ਼ਵਾਸਨ ਦਿੱਤਾ ਗਿਆ। ਗੋਦ ਲੈਣ ਦਾ ਅਧਿਕਾਰ ਦਿੱਤਾ ਗਿਆ। ਸਾਰੀ ਸੰਧੀਆਂ ਦਾ ਪਾਲਣ ਕਰ ਕੇ ਭਵਿੱਖ ਵਿੱਚ ਸਾਮਰਾਜ ਨਾ ਵਧਾਓਣ ਦਾ ਵੀ ਵਚਨ ਦਿੱਤਾ ਗਿਆ।

## 13.2 ਆਜ਼ਾਦੀ ਤੋਂ ਪਹਿਲਾਂ ਦਾ ਭਾਰਤ (India Before Independence)

1857 ਦੀ ਮਹਾਨ ਰਾਸ਼ਟਰੀ ਕ੍ਰਾਂਤੀ ਤੋਂ ਬਾਅਦ ਭਾਰਤ ਵਿੱਚ ਰਾਸ਼ਟਰੀਅਤਾ ਦੀ ਭਾਵਨਾ ਬਹੁਤ ਤੇਜ਼ ਹੋ ਗਈ। ਭਾਰਤਵਾਸੀ ਆਪਸੀ ਭੇਦਭਾਵ ਭੁਲਾ ਕੇ ਇੱਕ ਜੁਟ ਹੋ ਗਏ।ਅਤੇ ਓਹਨਾਂ ਨੇ ਅੰਗਰੇਜਾਂ ਨਾਲ ਸੰਘਰਸ਼ ਕਰ ਕੇ ਦੇਸ਼ ਨੂੰ ਸੁਤੰਤਰ ਕਰਵਾਂਓਣ ਦਾ ਨਿਸ਼ਚਾ ਕਰ ਲਿਆ।ਭਾਰਤ ਵਿੱਚ ਰਾਸ਼ਟਰੀ ਜਾਗਰਣ ਅਤੇ ਸੁਤੰਤਰਤਾ ਅੰਦੋਲਨ ਤੇਜ਼ ਹੁੰਦਾ ਗਿਆ। ਪਹਿਲੇ ਵਿਸ਼ਵ ਯੁੱਧ ਵਿੱਚ ਭਾਰਤ ਨੇ ਸਵਰਾਜ ਦੀ ਮੰਗ ਕੀਤੀ, ਪ੍ਰੰਤੂ ਅੰਗਰੇਜਾਂ ਦੀ ਦਮਨ ਨੀਤੀ ਨਾਲ ਭਾਰਤ ਨੂੰ ਕੁਝ ਪ੍ਰਾਪਤ ਨਹੀਂ ਹੋਇਆ। ਦੂਜੇ ਵਿਸ਼ਵ ਯੁੱਧ ਦੇ ਦੌਰਾਨ ਭਾਰਤ ਵਿੱਚ ਰਾਸ਼ਟਰੀ ਅੰਦੋਲਨ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਗਿਆ। ਭਾਰਤ ਵਿੱਚ ਅੰਗਰੇਜਾਂ ਦੇ ਖਿਲਾਫ 'ਭਾਰਤ ਛੱਡੋ' ਦਾ ਨਾਰਾ ਬੁਲੰਦ ਹੋ ਗਿਆ।ਦੂਜੇ ਵਿਸ਼ਵ ਯੁੱਧ ਵਿੱਚ ਅੰਗਰੇਜਾਂ ਦੀ ਸਥਿਤੀ ਹੋਰ ਵੀ ਖਰਾਬ ਹੋ ਗਈ। ਓਹਨਾਂ ਨੇ ਸਮਝ ਲਿਆ ਕਿ ਭਾਰਤ ਨੂੰ ਜ਼ਿਆਦਾ ਸਮੇਂ ਤੱਕ ਗੁਲਾਮ ਰਖਣਾ ਅਸੰਭਵ ਸੀ।

ਭਾਰਤ ਦੇ ਜਨ ਜੀਵਨ ਵਿੱਚ ਉਸ ਸਮੇਂ ਤੱਕ ਚਾਰੇ ਪਾਸੇ ਅਸੰਤੋਸ਼ ਫੈਲ ਗਿਆ ਸੀ। ਭਾਰਤ ਵਿੱਚ ਧਾਰਮਿਕ ਪੁਨਰ ਜਾਗਰਣ ਦੀ ਲਹਿਰ ਆ ਗਈ ਸੀ।ਪੱਛਮੀ ਸਿੱਖਿਆ ਦੇ ਕਾਰਣ ਭਾਰਤਵਾਸੀ ਸਵਾਧੀਨਤਾ ਅਤੇ ਸੁਤੰਤਰਤਾ ਦਾ ਮਹੱਤਵ ਸਮਝਣ ਲੱਗੇ ਸਨ।ਸਮਾਚਾਰ ਪੱਤਰਾਂ ਅਤੇ ਤਤਕਾਲੀਨ ਸਾਹਿਤ ਨੇ ਰਾਸ਼ਟਰੀਅਤਾ ਦੀਆਂ ਭਾਵਨਾਵਾਂ ਨੂੰ ਹੋਰ ਵੀ ਉਜੱਵਲ ਕੀਤਾ। ਅੰਗਰੇਜਾਂ ਦੀ ਆਰਥਿਕ ਸ਼ੋਸ਼ਣ ਦੀ ਨੀਤੀ ਦੇ ਵਿਰੁਧ ਭਾਰਤੀ ਇੱਕਜੁੱਟ ਹੋ ਕੇ ਅੰਗਰੇਜਾਂ ਦੇ ਦੁਸ਼ਮਣ ਬਣ ਗਏ।ਯਾਤਾਯਾਤ ਦੇ ਸਾਧਨਾਂ ਅਤੇ ਆਧੁਨਿਕ ਅੰਤਰਰਾਸ਼ਟਰੀ ਵਿਚਾਰਾਂ ਨੇ ਭਾਰਤ ਦੇ ਮਾਨਸਿਕ ਸਤਰ ਨੂੰ ਵਿਦਰੋਹੀ ਬਣਾ ਦਿੱਤਾ। ਅੰਗਰੇਜਾਂ ਦੇ ਖਿਲਾਫ ਹਿੰਸਾ ਜਾਗ੍ਰਿਤ ਹੋ ਗਈ ਅਤੇ ਇੱਕ ਪ੍ਰਕਾਰ ਨਾਲ ਭਾਰਤ ਵਿੱਚ ਅੰਗਰੇਜਾਂ ਦੇ ਵਿਰੁੱਧ ਯੁੱਧ ਦੀ ਸਥਿਤੀ ਆ ਗਈ।ਗਾਂਧੀ ਜੀ ਦੀ ਅਗਵਾਈ ਵਿੱਚ ਭਾਰਤ ਦਾ ਰਾਸ਼ਟਰੀ ਅੰਦੋਲਲ ਚਲਦਾ ਰਿਹਾ ਅਤੇ ਏਨਾ ਤੇਜ਼ ਹੋ ਗਿਆ ਕਿ ਅੰਤ ਵਿੱਚ ਅੰਗਰੇਜਾਂ ਨੇ ਭਾਰਤ ਛੱਡਣ ਵਿਚ ਹੀ ਆਪਣੀ ਕੁਸ਼ਲਤਾ ਸਮਝੀ।

ਨੋਟ



**Hindustan 1947**

## 13.3 ਸਾਰ ਅੰਸ਼ (Summary)

- ਕ੍ਰਾਂਤੀ ਦੇ ਨੇਤਾ ਬਹਾਦੁਰਸ਼ਾਹ, ਨਾਨਾ ਸਾਹਿਬ ਅਤੇ ਓਹਨਾਂ ਦੇ ਵਕੀਲ ਅਜੀਮੁੱਲਾ ਖ਼ਾਂ ਅਤੇ ਤਾਂਤਿਆ ਟੋਪੇ ਨੇ ਕਾਂਤੀ ਦੀ ਤਾਰੀਖ 31 ਮਈ ਰੱਖੀ ਸੀ, ਪ੍ਰੰਤੂ ਪਹਿਲਾਂ 29 ਮਾਰਚ ਨੂੰ ਬੈਰਕਪੁਰ ਦੀ ਛਾਵਣੀ ਵਿੱਚ ਮੰਗਲ ਪਾਂਡੇ ਨੇ ਵਿਦਰੋਹ ਕੀਤਾ ਅਤੇ ਉਸ ਨੂੰ ਫਾਂਸੀ ਹੋ ਗਈ। ਫਿਰ 3 ਮਈ ਨੂੰ ਲਖਨਊ ਦੀ ਇਨਫੈਂਟਰੀ ਨੇ ਕੀਤਾ, ਓਹ ਵੀ ਜਲਦੀ ਹੀ ਦਬਾ ਦਿੱਤਾ ਗਿਆ ਅਤੇ ਫਿਰ 9 ਮਈ ਨੂੰ ਮੇਰਠ ਦੇ ਬਾਗੀ ਸਿਪਾਹੀਆਂ ਨੂੰ ਜਦੋਂ ਲੰਬੀਆਂ ਲੰਬੀਆਂ ਸਜ਼ਾਵਾਂ ਸੁਣਾਈਆਂ ਗਈਆਂ ਤਾਂ 10 ਮਈ ਨੂੰ ਮੇਰਠ ਦੀ ਸੈਨਾ ਨੇ ਵਿਦਰੋਹ ਕਰ ਦਿੱਤਾ ।ਓਹਨਾਂ ਨੇ ਜੇਲ ਤੋੜ ਦਿੱਤੀ, ਬੰਦੀ ਸਿਪਾਹੀਆਂ ਨੂੰ ਸੁਤੰਤਰ ਕਰ ਦਿੱਤਾ ਅਤੇ ਫਿਰ ਮੇਰਠ ਵਿੱਚ ਹਿੰਸਾਤਮਕ ਕਾਰਵਾਈ ਕਰ ਕੇ 11 ਮਈ ਨੂੰ ਬਲਵਈ ਦਿੱਲੀ ਚਲੇ ਗਏ।ਓਹਨਾਂ ਨੇ ਦਿੱਲੀ ਜਿੱਤ ਲਈ ਅਤੇ ਬਹਾਦੁਰਸ਼ਾਹ ਨੂੰ ਸਮਰਾਟ ਘੋਸ਼ਿਤ ਕਰ ਦਿੱਤਾ।ਇਸ ਸਮੇਂ ਤੱਕ ਦਿੱਲੀ, ਲਖਲਊ, ਕਾਨਪੁਰ, ਇਲਾਬਾਦ,ਝਾਂਸੀ, ਬਰੇਲੀ, ਨੀਮਚ, ਬਨਾਰਸ , ਬੁੰਦੇਲਖੰਡ, ਗਵਾਲਿਅਰ, ਆਰਾ ਅਤੇ ਮੱਧ ਭਾਰਤ ਵਿਦਰੋਹ ਦੇ ਕੇਂਦਰ ਬਣ ਗਏ।


## 13.4 ਸ਼ਬਦਕੋਸ਼ (Keywords)

- ਅੰਤਤੋਗਤਵਾ : ਨਿਸ਼ਕਰਸ਼ ਰੂਪ ਵਿੱਚ।
- ਮੂਲਛੇਦਨ : ਜੜ ਤੋਂ ਪੁੱਟ ਦੇਣਾ, ਨਿਰਮੂਲ ਕਰਨਾ।

ਨੋਟ

## 13.5 ਅਭਿਆਸ ਪ੍ਰਸ਼ਨ (Review Questions)

1. ਦਿੱਤੇ ਗਏ ਮਾਨ ਚਿੱਤਰ ਵਿੱਚ 1857 ਦੇ ਵਿਦਰੋਹ ਦੇ ਮਹੱਤਵਪੂਰਣ ਕੇਂਦਰਾਂ ਨੂੰ ਦਰਸਾਓ।



**India in 1857 Revolt**

ਨੋਟ

2. ਦਿੱਤੇ ਗਏ ਮਾਨਚਿੱਤਰ ਵਿੱਚ ਆਜ਼ਾਦੀ ਤੋਂ ਪਹਿਲਾਂ ਦੇ ਭਾਰਤ ਦੇ ਨਿਮਨਲਿਖਿਤ ਸਥਾਨਾਂ ਨੂੰ ਨਿਰਦਿਸ਼ਟ ਕਰੋ–
   (a) ਸਿੰਧ (b) ਬਲੂਚਿਸਤਾਨ (c) ਉੱਤਰ ਪ੍ਰਦੇਸ਼ (d) ਮੈਸੂਰ



## 13.6 ਸੰਦਰਭ ਪੁਸਤਕਾਂ (Further Readings)

ਬੁਕਸ

1. ਭਾਰਤ ਦੀ ਇਤਿਹਾਸਕ ਮਾਨਚਿਤਰ, ਡਾਕਟਰ ਹਰੀ ਪ੍ਰਸਾਦ ਥਪਲਿਆਲ, ਹਿੰਦੀ ਪ੍ਰਚਾਰਕ ਪਬਲੀਕੇਸ਼ਨਜ਼ ਪ੍ਰਾ. ਲਿ. ਵਾਰਾਣਸੀ
2. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ

ਨੋਟ

# ਇਕਾਈ-14: ਮਾਨਚਿੱਤਰ-II (Maps)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
14.1 1947 ਵਿੱਚ ਭਾਰਤ (India in 1947)
14.2 ਭਾਰਤੀ ਰਾਜ ਅਤੇ ਓਹਨਾਂ ਦੀਆਂ ਰਾਜਧਾਨੀਆਂ (Indian States and Capitals)
14.3 ਸਾਰ ਅੰਸ਼ (Summary)
14.4 ਸ਼ਬਦਕੋਸ਼ (Keywords)
14.5 ਅਭਿਆਸ-ਪ੍ਰਸ਼ਨ (Review Questions)
14.6 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- 1947 ਵਿੱਚ ਭਾਰਤ ਦੀ ਭੁਗ'ਲਿਕ ਮਾਨਚਿੱਤਰਾਵਲੀ ਨੂੰ ਸਮਝਣ ਵਿੱਚ।
- ਵਰਤਮਾਨ ਵਿੱਚ ਭਾਰਤ ਦੇ ਰਾਜ ਅਤੇ ਉਹਨਾਂ ਦੀਆਂ ਰਾਜਧਾਨੀਆਂ ਨੂੰ ਮਾਨਚਿੱਤਰ ਦੇ ਮਾਧਿਅਮ ਨਾਲ ਜਾਣਨ ਵਿੱਚ।

## ਜਾਣਕਾਰੀ (Introduction)

1857 ਦੀ ਹਥਿਆਰਬੰਦ ਕ੍ਰਾਂਤੀ ਦੇ ਅਸਫਲ ਹੋ ਜਾਣ ਦੇ ਫਲਸਰੂਪ ਭਾਰਤਵਾਸੀਆਂ ਨੂੰ ਵਿਸ਼ਵਾਸ ਹੋ ਗਿਆ ਕਿ ਅਧਿਕ ਚਾਲਾਕ ਅਤੇ ਸ਼ਕਤੀਸ਼ਾਲੀ ਅੰਗਰੇਜਾਂ ਨੂੰ ਸ਼ਕਤੀ ਦੇ ਬਲ ਤੇ ਭਾਰਤ ਵਿੱਚੋਂ ਖਦੇੜਨਾ ਸੰਭਵ ਨਹੀਂ ਸੀ। ਇਸਲਈ ਭਾਰਤਵਾਸੀਆਂ ਨੇ ਰਾਜਨੀਤਿਕ ਚੇਤਨਾ ਦੇ ਆਧਾਰ ਤੇ ਸੱਚ ਅਤੇ ਅਹਿੰਸਾ ਦੇ ਮਾਧਿਅਮ ਨਾਲ ਇੱਕ ਸ਼ਕਤੀਸ਼ਾਲੀ ਰਾਸ਼ਟਰੀ ਅੰਦੋਲਨ ਆਰੰਭ ਕੀਤਾ।ਇਸ ਦੇ ਫਲਸਰੂਪ ਭਾਰਤ ਵਿੱਚ 'ਇੰਡੀਅਨ ਐਸੋਸਿਏਸ਼ਨ', 'ਮਹਾਜਨ ਸਭਾ' ਅਤੇ 'ਬੰਬਈ ਪ੍ਰੈਜ਼ੀਡੈਂਸੀ ਐਸੋਸਿਏਸ਼ਨ' ਆਦਿ ਸੰਸਥਾਵਾਂ ਬਣੀਆਂ। ਇਨਾ ਸਭਨਾਂ ਦੇ ਸੰਮਲਿਤ ਪ੍ਰਯਾਸ ਦੁਆਰਾ 1884 ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦਾ ਜਨਮ ਹੋਇਆ।ਭਾਰਤ ਦਾ ਰਾਸ਼ਟਰੀ ਜਾਗਰਣ ਅਤੇ ਸੁਤੰਤਰਤਾ ਅੰਦੋਲਨ 1885 ਤੋਂ ਆਰੰਭ ਹੋਇਆ ਅਤੇ 14 ਅਗਸਤ, 1947 ਈ. ਤੱਕ ਚੱਲਿਆ।

## 14.1 1947 ਵਿੱਚ ਭਾਰਤ (India in 1947)

1857 ਦੀ ਹਥਿਆਰਬੰਦ ਕ੍ਰਾਂਤੀ ਦੇ ਅਸਫਲ ਹੋ ਜਾਣ ਦੇ ਫਲਸਰੂਪ ਭਾਰਤਵਾਸੀਆਂ ਨੂੰ ਵਿਸ਼ਵਾਸ ਹੋ ਗਿਆ ਕਿ ਅਧਿਕ ਚਾਲਾਕ ਅਤੇ ਸ਼ਕਤੀਸ਼ਾਲੀ ਅੰਗਰੇਜਾਂ ਨੂੰ ਸ਼ਕਤੀ ਦੇ ਬਲ ਤੇ ਭਾਰਤ ਵਿੱਚੋਂ ਖਦੇੜਨਾ ਸੰਭਵ ਨਹੀਂ ਸੀ। ਇਸਲਈ ਭਾਰਤਵਾਸੀਆਂ ਨੇ ਰਾਜਨੀਤਿਕ ਚੇਤਨਾ ਦੇ ਆਧਾਰ ਤੇ ਸੱਚ ਅਤੇ ਅਹਿੰਸਾ ਦੇ ਮਾਧਿਅਮ ਨਾਲ ਇੱਕ ਸ਼ਕਤੀਸ਼ਾਲੀ ਰਾਸ਼ਟਰੀ ਅੰਦੋਲਨ ਆਰੰਭ ਕੀਤਾ।ਇਸ ਦੇ ਫਲਸਰੂਪ ਭਾਰਤ ਵਿੱਚ 'ਇੰਡੀਅਨ ਐਸੋਸਿਏਸ਼ਨ', 'ਮਹਾਜਨ ਸਭਾ' ਅਤੇ 'ਬੰਬਈ ਪ੍ਰੈਜ਼ੀਡੈਂਸੀ ਐਸੋਸਿਏ ਸ਼ਨ' ਆਦਿ ਸੰਸਥਾਵਾਂ ਬਣੀਆਂ। ਇਨਾ ਸਭਨਾਂ ਦੇ ਸੰਮਲਿਤ ਪ੍ਰਯਾਸ ਦੁਆਰਾ 1884 ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦਾ ਜਨਮ ਹੋਇਆ।ਭਾਰਤ ਦਾ ਰਾਸ਼ਟਰੀ ਜਾਗਰਣ ਅਤੇ ਸੁਤੰਤਰਤਾ ਅੰਦੋਲਨ 1885 ਤੋਂ ਆਰੰਭ ਹੋਇਆ ਅਤੇ 14 ਅਗਸਤ, 1947 ਈ. ਤੱਕ ਚੱਲਿਆ।ਕਾਂਗਰਸ ਦੇ ਪ੍ਰਾਰੰਭਿਕ ਕਾਲ ਵਿੱਚ ਇਸ ਦੀ ਅਗਵਾਈ ਦਾਦਾ ਭਾਈ ਨੈਰੋਜੀ, ਮਹਾਦੇਵ ਗੋਬਿੰਦ ਰਾਣਾਡੇ, ਫਿਰੋਜ਼ਸ਼ਾਹ ਮੇਹਤਾ, ਗੋਪਾਲ ਕ੍ਰਿਸ਼ਣ ਗੋਖਲੇ, ਬਾਲ ਗੰਗਾਧਰ ਤਿਲਕ ਆਦਿ ਰਾਸ਼ਟਰੀ ਨੇਤਾਵਾਂ ਨੇ ਕੀਤੀ।ਸੰਨ 1905 ਈ. ਤੱਕ ਕਾਂਗਰਸ ਦਾ ਸੰਘਰਸ਼ ਸੰਵਿਧਾਨ ਸੰਬੰਧੀ ਮੰਗਾਂ ਤੱਕ ਸੀਮਿਤ ਰਿਹਾ। 1905 ਤੋਂ ਬਾਅਦ ਉਦਾਰਵਾਦ, ਉੱਗਰਵਾਦ, ਨਰਮ ਦਲ, ਗਰਮ ਦਲ ਅਤੇ ਕ੍ਰਾਂਤੀਕਾਰੀ ਭਾਵਨਾਵਾਂ ਵੀ ਮੁਖਰਿਤ ਹੋ ਗਈਆਂ ਸਨ। ਬੰਗਾਲ, ਪੰਜਾਬ ਅਤੇ ਮਹਾਰਾਸ਼ਟਰ ਵਿੱਚ ਕ੍ਰਾਂਤੀਕਾਰੀ ਅੰਦੋਲਨ ਬਹੁਤ ਤੇਜ਼ ਹੋ ਗਿਆ।ਇਨਾਂ ਵਿੱਚ ਭੁਪੇਂਦਰ ਨਾਥ, ਬਾਲ ਗੰਗਾਧਰ ਤਿਲਕ, ਖੁਦੀਰਾਮ ਬੋਸ, ਅਰਵਿੰਦ

ਨੋਟ

ਘੋਸ਼, ਲਾਲਾ ਲਾਜਪਤ ਰਾਏ, ਸਰਦਾਰ ਅਜੀਤ ਸਿੰਘ ਅਤੇ ਸਾਵਰਕਰ ਬੰਧੂਆਂ ਦਾ ਮੁੱਖ ਹੱਥ ਰਿਹਾ। ਅੰਗਰੇਜਾਂ ਨੇ ਕੜਾਈ ਲਾਲ ਅੰਦੋਲਨਕਾਰੀਆਂ ਦਾ ਦਮਨ ਕੀਤਾ। ਕ੍ਰਾਂਤੀਕਾਰੀ ਦਬਾਏ ਗਏ, ਪੰਜਾਬ ਵਿੱਚ ਜਲਿਆਂਵਾਲਾ ਬਾਗ ਕਾਂਡ ਹੋਇਆ, ਪ੍ਰੰਤੂ ਭਾਰਤ ਦਾ ਰਾਸ਼ਟਰੀ ਅੰਦੋਲਨ ਉੱਗਰ ਤੋਂ ਉੱਗਰ ਰੂਪ ਧਾਰਣ ਕਰਦਾ ਗਿਆ। 1919 ਤੋਂ 1930 ਤੱਕ ਕਾਂਗਰਸ ਨੇ ਅਸਹਿਯੋਗ ਅੰਦੋਲਨ, ਸੱਚ-ਅਹਿੰਸਾ ਅਤੇ ਤਿਆਗ-ਬਲਿਦਾਨ ਦੇ ਆਧਾਰ ਤੇ ਆਪਣਾ ਅੰਦੋਲਨ ਜਾਰੀ ਰੱਖਿਆ। 1919 ਵਿੱਚ ਕਾਂਗਰਸ ਦੀ ਵਾਗਡੋਰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਸਬਲ ਹੱਥਾਂ ਵਿੱਚ ਆ ਗਈ, ਓਸੇ ਸਮੇਂ ਪੰਡਿਤ ਜਵਾਹਰ ਲਾਲ ਨਹਿਰੂ ਵੀ ਰਾਸ਼ਟਰੀ ਅੰਦੋਲਨ ਵਿੱਚ ਸਕ੍ਰਿਅ ਹੋ ਗਏ ਸਨ ।

ਰਾਸ਼ਟਰੀ ਅੰਦੋਲਨ ਦੇ ਨਾਲ ਨਾਲ ਕ੍ਰਾਂਤੀਕਾਰੀ ਅੰਦੋਲਨ ਵੀ ਚਲ ਰਹਾ ਸੀ। ਚੰਦਰਸ਼ੇਖਰ ਆਜ਼ਾਦ, ਭਗਤ ਸਿੰਘ, ਸੁਖਦੇਵ, ਰਾਜਗੁਰੂ, ਇਸ਼ਫਾਕਉੱਲਾ ਖ਼ਾਂ ਆਦਿ ਸੁਤੰਤਰਤਾ ਦੇ ਲਈ ਸੰਘਰਸ਼ ਕਰਣ ਵਾਲੇ ਵਿਅਕਤੀਆਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਰਾਸ਼ਟਰੀ ਅੰਦੋਲਨ ਨੂੰ ਸਸ਼ਕਤੀਸ਼ਾਲੀ ਬਣਾਓਣ ਦਾ ਪੂਰਾ ਪ੍ਰਯਤਨ ਕੀਤਾ। ਸੁਭਾਸ਼ਚੰਦਰ ਬੋਸ ਨੇ ਆਜਾਦ ਹਿੰਦ ਫੌਜ਼ ਦੀ ਸਥਾਪਨਾ ਕੀਤੀ ਅਤੇ ਅੰਗਰੇਜਾਂ ਦੇ ਵਿਰੁੱਧ ਯੁੱਧ ਦੀ ਘੋਸ਼ਣਾ ਕਰ ਕੇ ਰਾਸ਼ਟਰੀ ਅੰਦੋਲਨ ਨੂੰ ਆਪਣਾ ਅਣਮੁੱਲਾ ਯੋਗਦਾਨ ਦਿੱਤਾ।




## ਲਾਰਡ ਮਾਂਊਂਟਬੇਟਨ (ਮਾਰਚ 1947 ਤੋਂ ਅਗਸਤ 1947)

ਜਦੋਂ ਬ੍ਰਿਟਿਸ਼ ਨੇ ਪੂਰਾ ਨਿਸ਼ਚਾ ਕਰ ਲਿਆ ਕਿ ਓਹ ਭਾਰਤ ਵਿੱਚ ਆਪਣੇ ਰਾਜ ਦੀ ਸਮਾਪਤੀ ਚਾਹੁੰਦੇ ਹਨ, ਤਾਂ ਓਹਨਾਂ ਨੇ ਲਾਰਡ ਮਾਂਊਂਟਬੇਟਨ ਨੂੰ ਭਾਰਤ ਦਾ ਵਾਈਸ ਰਾਏ ਬਣਾ ਕੇ ਭੇਜਿਆ ਤਾਕਿ ਸੱਤਾ ਹਸਤਾਂਤਰਣ ਅਤੇ ਹੋਰ ਕਠਿਨਾਈਆਂ ਯੁਕਤੀ ਨਾਲ ਸੁਲਝ ਜਾਣ। ਉਸਦੀ 3 ਜੂਨ, 1947 ਦੀ ਘੋਸ਼ਣਾ ਵਿੱਚ ਇਹ ਕਿਹਾ ਗਿਆ ਕਿ ਭਾਰਤ ਨੂੰ 15 ਅਗਸਤ ਤੱਕ ਸੁਤੰਤਰ ਕਰ ਦਿੱਤਾ ਜਾਵੇਗਾ। ਪ੍ਰੰਤੂ ਭਾਰਤ ਦਾ ਵਿਭਾਜਨ ਸੰਪ੍ਰਦਾਇਕ ਆਧਾਰ ਤੇ ਕੀਤਾ ਗਿਆ ਅਤੇ ਇਸ ਤਰਾਂ ਭਾਰਤ ਨੂੰ ਦੋ ਭਾਗਾਂ ਵਿੱਚ ਵੰਡ ਕੇ ਭਾਰਤ ਅਤੇ ਪਾਕਿਸਤਾਨ ਦੋ ਸੁਤੰਤਰ ਦੇਸ਼ ਬਣਾ ਦਿੱਤੇ ਗਏ। 4 ਅਗਸਤ 1947 ਈ. ਨੂੰ **ਭਾਰਤ ਸੁਤੰਤਰਤਾ ਐਕਟ** ਪਾਰਲੀਆਮੈਂਟ ਵਿੱਚ ਪੇਸ਼ ਕੀਤਾ ਗਿਆ ਅਤੇ ਇਸ ਤਰਾਂ 14 ਅਗਸਤ ਦੀ ਰਾਤ ਨੂੰ **12 ਵਜੇ ਵਾਈਸ ਰਾਏ ਲਾਰਡ ਮਾਂਊਂਟਬੇਟਨ ਨੇ ਭਾਰਤ ਨੂੰ ਸੁਤੰਤਰ ਘੋਸ਼ਿਤ ਕਰ ਦਿੱਤਾ।**

ਇਸ ਤਰਾਂ 1600 ਈ. ਵਿਚ ਵਪਾਰੀ ਦੇ ਰੂਪ ਵਿੱਚ ਅੰਗਰੇਜ਼ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ । ਹੋਲੀ ਹੋਲੀ ਕੰਪਨੀ ਨੇ ਆਪਣਾ ਰਾਜ ਸਥਾਪਿਤ ਕੀਤਾ । 1857 ਈ. ਤੋਂ ਬਾਅਦ ਭਾਰਤ ਵਿਧੀਪੂਰਵਕ ਬ੍ਰਿਟਿਸ਼ ਸਾਮਰਾਜ ਦਾ ਇੱਕ ਅੰਗ ਬਣ ਗਿਆ। ਉਸ ਅੰਗਰੇਜੀ ਸ਼ਾਸਨ ਦਾ ਆਖਿਰ ਵਿੱਚ 14 ਅਗਸਤ 1947 ਈ. ਨੂੰ 12 ਵਜੇ ਰਾਤ ਵਿੱਚ ਅੰਤ ਹੋ ਗਿਆ।

ਇਸ ਤਰਾਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਸਬਲ ਅਗਵਾਈ ਵਿੱਚ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਅਣਥੱਕ ਪ੍ਰਯਤਨਾਂ ਨਾਲ ਰਾਸ਼ਟਰੀ ਕਾਂਗਰਸ ਨੂੰ ਦੇਸ਼ ਦੀ ਆਜ਼ਾਦੀ ਦਿਲਵਾਓਣ ਵਿੱਚ ਸਫਲਤਾ ਮਿਲੀ। 15 ਅਗਸਤ, 1947 ਨੂੰ ਭਾਰਤ

ਨੋਟ

ਇੱਕ ਸੁਤੰਤਰ ਰਾਸ਼ਟਰ ਬਣ ਗਿਆ ਅਤੇ ਉਸ ਤੋਂ ਬਾਅਦ ਅੰਗਰੇਜ਼ ਭਾਰਤ ਨੂੰ ਪੂਰੀ ਸੁਤੰਤਰਤਾ ਦੇ ਕੇ ਆਪਣੇ ਦੇਸ਼ ਵਾਪਿਸ ਚਲੇ ਗਏ।

## 14.2 ਭਾਰਤੀ ਰਾਜ ਅਤੇ ਰਾਜਧਾਨੀਆਂ

ਵਰਤਮਾਨ ਭਾਰਤ ਵਿੱਚ 28 ਰਾਜ ਅਤੇ 7 ਕੇਂਦਰ ਸ਼ਾਸਿਤ ਰਾਜ ਹਨ।

**ਭਾਰਤ ਦੇ ਰਾਜ –** 1. ਆਂਧਰਾ ਪ੍ਰਦੇਸ਼ (ਹੈਦਰਾਬਾਦ) 2. ਅਸਮ (ਦਿਸਪੁਰ) 3. ਬਿਹਾਰ (ਪਟਨਾ) 4. ਗੁਜਰਾਤ (ਗਾਂਧੀਨਗਰ) 5. ਹਰਿਆਣਾ (ਚੰਡੀਗੜ) 6. ਹਿਮਾਚਲ ਪ੍ਰਦੇਸ਼ (ਸ਼ਿਮਲਾ) 7. ਜੰਮੂ ਅਤੇ ਕਸ਼ਮੀਰ (ਸ਼੍ਰੀ ਨਗਰ) 8. ਕਰਨਾਟਕ (ਬੰਗਲੌਰ) 9. ਕੇਰਲ (ਤ੍ਰਿਵੇਂਦਰਮ) 10. ਮੱਧ ਪ੍ਰਦੇਸ਼ (ਭੋਪਾਲ) 11. ਮਹਾਰਾਸ਼ਟਰ (ਮੁੰਬਈ) 12. ਮਣੀਪੁਰ (ਇੰਫਾਲ) 13. ਮੇਘਾਲਿਆ (ਸ਼ਿਲਾਂਗ) 14. ਨਾਗਾਲੈਂਡ (ਕੋਹਿਮਾ) 15. ਉੜੀਸਾ (ਭੁਵਨੇਸ਼ਵਰ) 16. ਪੰਜਾਬ (ਚੰਡੀਗੜ) 17. ਰਾਜਸਥਾਨ (ਜੈਪੁਰ) 18. ਸਿੱਕਿਮ (ਗੰਗਟੋਕ) 19. ਤਾਮਿਲਨਾਡੂ (ਚੇਨੰਈ) 20. ਤ੍ਰਿਪੁਰਾ (ਅਗਰਤਲਾ) 21. ਉੱਤਰ ਪ੍ਰਦੇਸ਼ (ਲਖਨਊ) 22. ਪੱਛਮੀ ਬੰਗਾਲ (ਕੋਲਕਾਤਾ) 23. ਮਿਜ਼ੋਰਮ (ਐਜ਼ਿਲ) 24. ਅਰੁਣਾਚਲ ਪ੍ਰਦੇਸ਼ (ਈਟਾ ਨਗਰ) 25. ਗੋਵਾ (ਪਣਜੀ) 26. ਛੱਤੀਸਗੜ (ਰਾਏਪੁਰ) 27. ਉੱਤਰਾਂਚਲ (ਦੇਹਰਾਦੂਨ) 28. ਝਾਰਖੰਡ (ਰਾਂਚੀ) ।




**ਕੇਂਦਰ ਸ਼ਾਸਿਤ ਰਾਜ –** 1. ਅੰਡਮਾਨ ਅਤੇ ਨਿਕੋਬਾਰ ਦੀਪ ਸਮੂਹ (ਪੋਰਟਬਲੇਅਰ) । 2. ਚੰਡੀਗੜ (ਚੰਡੀਗੜ)। 3. ਦਾਦਰ ਅਤੇ ਨਗਰ ਹਵੇਲੀ (ਸਿਲਵਾਲਾ)। 4. ਦਿੱਲੀ (ਦਿੱਲੀ)। 5. ਦਮਨ ਅਤੇ ਦੀਵ (ਦਮਨ)। 6. ਲਕਸ਼ਦੀਪ ਸਮੂਹ (ਕਾਵਾਰਾਤੀ)। 7. ਪਾਂਡੀਚੇਰੀ (ਪਾਂਡੀਚੇਰੀ)।

ਨੋਟ

## 14.3 ਸਾਰ ਅੰਸ਼ (Summary)



- ਭਾਰਤਵਾਸੀ ਆਪਸੀ ਭੇਦਭਾਵ ਭੁਲਾ ਕੇ ਇੱਕ ਜੁਟ ਹੋ ਗਏ।ਅਤੇ ਓਹਨਾਂ ਨੇ ਅੰਗਰੇਜਾਂ ਨਾਲ ਸੰਘਰਸ਼ ਕਰ ਕੇ ਦੇਸ਼ ਨੂੰ ਸੁਤੰਤਰ ਕਰਵਾਂਓਣ ਦਾ ਨਿਸ਼ਚਾ ਕਰ ਲਿਆ।ਭਾਰਤ ਵਿੱਚ ਰਾਸ਼ਟਰੀ ਜਾਗਰਣ ਅਤੇ ਸੁਤੰਤਰਤਾ ਅੰਦੋਲਨ ਤੇਜ਼ ਹੁੰਦਾ ਗਿਆ। ਪਹਿਲੇ ਵਿਸ਼ਵ ਯੁੱਧ ਵਿੱਚ ਭਾਰਤ ਨੇ ਸਵਰਾਜ ਦੀ ਮੰਗ ਕੀਤੀ, ਪ੍ਰੰਤੂ ਅੰਗਰੇਜਾਂ ਦੀ ਦਮਨ ਨੀਤੀ ਨਾਲ ਭਾਰਤ ਨੂੰ ਕੁਝ ਪ੍ਰਾਪਤ ਨਹੀਂ ਹੋਇਆ। ਦੂਜੇ ਵਿਸ਼ਵ ਯੁੱਧ ਦੇ ਦੌਰਾਨ ਭਾਰਤ ਵਿੱਚ ਰਾਸ਼ਟਰੀ ਅੰਦੋਲਨ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਗਿਆ। ਭਾਰਤ ਵਿੱਚ ਅੰਗਰੇਜਾਂ ਦੇ ਖਿਲਾਫ 'ਭਾਰਤ ਛੱਡੋ' ਦਾ ਨਾਰਾ ਬੁਲੰਦ ਹੋ ਗਿਆ।ਦੂਜੇ ਵਿਸ਼ਵ ਯੁੱਧ ਵਿੱਚ ਅੰਗਰੇਜਾਂ ਦੀ ਸਥਿਤੀ ਹੋਰ ਵੀ ਖਰਾਬ ਹੋ ਗਈ ।ਓਹਨਾਂ ਨੇ ਸਮਝ ਲਿਆ ਕਿ ਭਾਰਤ ਨੂੰ ਜ਼ਿਆਦਾ ਸਮੇਂ ਤੱਕ ਗੁਲਾਮ ਰਖਣਾ ਅਸੰਭਵ ਸੀ।
- ਜਦੋਂ ਬ੍ਰਿਟਿਸ਼ ਨੇ ਪੂਰਾ ਨਿਸ਼ਚਾ ਕਰ ਲਿਆ ਕਿ ਓਹ ਭਾਰਤ ਵਿੱਚ ਆਪਣੇ ਰਾਜ ਦੀ ਸਮਾਪਤੀ ਚਾਹੁੰਦੇ ਹਨ, ਤਾਂ ਓਹਨਾਂ ਨੇ ਲਾਰਡ ਮਾਂਊਂਟਬੇਟਨ ਨੂੰ ਭਾਰਤ ਦਾ ਵਾਈਸ ਰਾਏ ਬਣਾ ਕੇ ਭੇਜਿਆ ਤਾਕਿ ਸੱਤਾ ਹਸਤਾਂਤਰਣ ਅਤੇ ਹੋਰ ਕਠਿਨਾਈਆਂ ਯੁਕਤੀ ਨਾਲ ਸੁਲਝ ਜਾਣ। ਉਸਦੀ 3 ਜੂਨ, 1947 ਦੀ ਘੋਸ਼ਣਾ ਵਿੱਚ ਇਹ ਕਿਹਾ ਗਿਆ ਕਿ ਭਾਰਤ ਨੂੰ 15 ਅਗਸਤ ਤੱਕ ਸੁਤੰਤਰ ਕਰ ਦਿੱਤਾ ਜਾਵੇਗਾ।ਪ੍ਰੰਤੂ ਭਾਰਤ ਦਾ ਵਿਭਾਜਨ ਸੰਪ੍ਰਦਾਇਕ ਆਧਾਰ ਤੇ ਕੀਤਾ ਗਿਆ ਅਤੇ ਇਸ ਤਰਾਂ ਭਾਰਤ ਨੂੰ ਦੋ ਭਾਗਾਂ ਵਿੱਚ ਵੰਡ ਕੇ ਭਾਰਤ ਅਤੇ ਪਾਕਿਸਤਾਨ ਦੋ ਸੁਤੰਤਰ ਦੇਸ਼ ਬਣਾ ਦਿੱਤੇ ਗਏ।


## 14.4 ਸ਼ਬਦਕੋਸ਼ (Keywords)

- ਅੰਤਤੋਗਤਵਾ : ਨਿਸ਼ਕਰਸ਼ ਰੂਪ ਵਿੱਚ।
- ਮੂਲਛੇਦਣ : ਜੜ ਤੋਂ ਪੁੱਟ ਦੇਣਾ, ਨਿਰਮੂਲ ਕਰਨਾ।

## 14.5 ਅਭਿਆਸ ਪ੍ਰਸ਼ਨ (Review Questions)

1. ਦਿੱਤੇ ਗਏ ਮਾਨ ਚਿੱਤਰ ਵਿੱਚ 1947 ਵਿੱਚ ਸੁਤੰਤਰ ਪ੍ਰੰਤੂ ਵਿਭਾਜਿਤ ਭਾਰਤ ਦੀ ਸਥਿਤੀ ਨੂੰ ਨਿਰਦਿਸ਼ਟ ਕਰੋ।



2. ਦਿੱਤੇ ਗਏ ਮਾਨਚਿੱਤਰ ਵਿੱਚ ਸੁਤੰਤਰ ਭਾਰਤ ਦੇ ਰਾਜਾਂ ਅਤੇ ਓਹਨਾਂ ਦੀਆਂ ਰਾਜਧਾਨੀਆਂ ਨੂੰ ਦਰਸਾਓ। ਨੋਟ



ਨੋਟ

3. ਦਿੱਤੇ ਗਏ ਮਾਨਚਿੱਤਰ ਵਿੱਚ ਕੇਂਦਰਸ਼ਾਸਿਤ ਪ੍ਰਦੇਸ਼ਾਂ ਅਤੇ ਓਹਨਾਂ ਦੀਆਂ ਰਾਜਧਾਨੀਆਂ ਨੂੰ ਦਰਸਾਓ।



**Outline Map of India**

## 14.6 ਸੰਦਰਭ ਪੁਸਤਕਾਂ (Further Readings)

ਬੁਕਸ

1. ਭਾਰਤ ਦੀ ਇਤਿਹਾਸਕ ਮਾਨਚਿਤਰ, ਡਾਕਟਰ ਹਰੀ ਪ੍ਰਸਾਦ ਥਪਲਿਆਲ, ਹਿੰਦੀ ਪ੍ਰਚਾਰਕ ਪਬਲੀਕੇਸ਼ਨਜ਼ ਪ੍ਰਾ. ਲਿ. ਵਾਰਾਣਸੀ
2. ਸੁਤੰਤਰਤਾ ਸੰਗ੍ਰਾਮ, ਵਿਪਿਨ ਚੰਦਰ, ਹਿੰਦੀ ਮਾਧਿਅਮ ਕਾਰਜਵਤ, ਨਿਦੇਸ਼ਾਲਿਆ ਦਿੱਲੀ ਵਿਸ਼ਵਵਿਦਿਆਲਾ

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-300360
Fax.: +91-1824-506111
Email: odl@lpu.co.in